# ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ: ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ, ਪੀਐਚ.ਡੀ.

ਦੀ ਡਿਗਰੀ ਲਈ ਅਧਿਨਿਯਮਾਂ ਦੀ ਪੂਰਤੀ ਹਿਤ ਪ੍ਰਸਤੁਤ

**ਖੋਜ-ਪ੍ਰਬੰਧ**

**2020**


**ਨਿਗਰਾਨ:**

ਡਾ. ਗੁਰਮੀਤ ਸਿੰਘ ਸਿੱਧੂ

ਪ੍ਰੋਫ਼ੈਸਰ,

ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ:**

ਜਤਿੰਦਰ ਪਾਲ ਸਿੰਘ


(Established Under Punjab Act No. 35 of 1961)


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਜਤਿੰਦਰ ਪਾਲ ਸਿੰਘ ਨੇ **ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ: ਇਕ ਅਧਿਐਨ** ਵਿਸ਼ੇ 'ਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਅਧੀਨ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ, ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਵੀ ਉਪਾਧੀ ਲਈ ਕਿਤੇ ਵੀ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਯੋਗ ਸਮਝ ਕੇ ਮੁਲਾਂਕਣ ਲਈ ਸਿਫ਼ਾਰਿਸ਼ ਕਰਦਾ ਹਾਂ।

**ਮਿਤੀ:** 31.12.2020

**ਨਿਗਰਾਨ:**

**ਡਾ. ਗੁਰਮੀਤ ਸਿੰਘ ਸਿੱਧੂ**
ਪ੍ਰੋਫ਼ੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਜਾਣ-ਪਛਾਣ

ਧਾਰਮਿਕ ਅਨੁਭਵ ਦੀ ਸ਼ੁਰੂਆਤ ਬਾਰੇ ਕੋਈ ਸਮਾਂ ਨਿਸ਼ਚਿਤ ਕਰਨਾ ਔਖਾ ਹੈ। ਧਰਮ ਦੀ ਤਰ੍ਹਾਂ ਧਾਰਮਿਕ ਅਨੁਭਵ ਵੀ ਮਨੁੱਖੀ ਸੂਝ ਦੇ ਨਾਲ ਹੀ ਪੈਦਾ ਹੋਇਆ ਮੰਨਿਆ ਜਾ ਸਕਦਾ ਹੈ। ਧਾਰਮਿਕ ਅਨੁਭਵ ਹਰੇਕ ਵਿਅਕਤੀ ਲਈ ਆਪੋ-ਆਪਣਾ ਹੁੰਦਾ ਹੈ, ਭਾਵ ਵੱਖੋ-ਵੱਖਰਾ ਜਿਵੇਂ ਦੇ ਕਿਸੇ ਵਿਅਕਤੀ ਦੇ ਰੱਬ ਜਾਂ ਅੰਤਿਮ ਸਚਾਈ ਪ੍ਰਤੀ ਵਿਚਾਰ ਹੋਣਗੇ ਉਵੇਂ ਦਾ ਹੀ ਉਸ ਨੂੰ ਧਾਰਮਿਕ ਅਨੁਭਵ ਹੋਵੇਗਾ। ਧਾਰਮਿਕ ਅਨੁਭਵ ਵਿਚ ਵਿਅਕਤੀ ਆਪਣੇ ਇਸ਼ਟ ਜਾਂ ਰੱਬ ਦੀ ਹੋਂਦ ਨੂੰ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ ਜਿਸਨੂੰ ਅਸੀਂ ਸਚਾਈ ਜਾਂ ਰੱਬ ਨਾਲ ਸਾਹਮਣਾ (encounter with  Ultimate Reality or God) ਜਾਂ ਰੱਬੀ-ਮੇਲ ਕਹਿ ਸਕਦੇ ਹਾਂ। ਮਨੁੱਖ ਇਸ ਅਨੁਭਵ ਨੂੰ ਕਈ ਤਰ੍ਹਾਂ ਨਾਲ ਮਹਿਸੂਸ ਕਰਦਾ ਹੈ। ਧਾਰਮਿਕ ਅਨੁਭਵ ਨਿੱਜੀ ਹੋਣ ਦੇ ਨਾਲ-ਨਾਲ ਸਮੂਹਿਕ ਵੀ ਹੁੰਦਾ ਹੈ ਜਿਵੇਂ ਅਰਦਾਸ ਜਾਂ ਸਮਾਧੀ ਰਾਹੀਂ ਲੋਕ ਜੋ ਅਨੁਭਵ ਗ੍ਰਹਿਣ ਕਰਦੇ ਹਨ ਉਸਨੂੰ ਸਮੂਹਿਕ ਅਨੁਭਵ ਕਿਹਾ ਜਾਂਦਾ ਹੈ।

ਧਾਰਮਿਕ ਅਨੁਭਵ ਦਾ ਅਧਿਐਨ, ਧਰਮ ਅਧਿਐਨ ਵਿਚ ਪਰਮੁੱਖ ਮੰਨਿਆ ਜਾਂਦਾ ਹੈ। ਧਰਮ ਅਧਿਐਨ ਵਿਚ ਧਰਮ ਦੇ ਮੁੱਖ ਤੱਤਾਂ (main elements) ਦਾ ਅਧਿਐਨ ਕੀਤਾ ਜਾਂਦਾ ਹੈ। ਧਰਮ ਦੇ ਮੁੱਖ ਤੱਤ ਆਮ ਕਰਕੇ ਇਹ ਕਹੇ ਜਾ ਸਕਦੇ ਹਨ - ਧਰਮ ਦਾ ਪ੍ਰਵਤਕ (ਬਾਨੀ), ਧਾਰਮਿਕ ਸਿਧਾਂਤ ਜਾਂ ਫਲਸਫਾ (ਜਿਸ ਵਿਚ ਉਸ ਧਰਮ ਦੇ ਸਰਬ ਉਚ ਸੱਤਾ, ਪ੍ਰਭੂ, ਜਗਤ, ਕਰਮ ਸਿਧਾਂਤ, ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰ, ਆਵਾਗਉਣ ਤੇ ਮੁਕਤੀ ਸੰਬੰਧੀ ਵਿਚਾਰ ਸ਼ਾਮਿਲ ਹੁੰਦੇ ਹਨ), ਰੋਜ਼ਾਨਾ ਜੀਵਨ ਦੇ ਅਮਲੀ ਤੇ ਰਸਮੀ ਵਿਹਾਰ (ਪੂਜਾ ਵਿਧੀ, ਸਾਧਨਾ, ਕੁਰਬਾਨੀ ਆਦਿ) ਮਿੱਥਾਂ ਅਤੇ ਕਥਾ ਕਹਾਣੀਆਂ, ਧਰਮ ਪ੍ਰਵਤਕ ਦਾ ਧਾਰਮਿਕ ਅਨੁਭਵ, ਇਸੇ ਅਨੁਭਵ ਦੇ ਆਧਾਰ ਤੇ ਤਿਆਰ ਕੀਤੀਆਂ ਧਾਰਮਿਕ, ਨੈਤਿਕ ਸਿੱਖਿਆਵਾਂ ਅਤੇ ਸੰਸਥਾਵਾਂ ਆਦਿ ਵੀ ਜਰੂਰੀ ਤੱਤ ਹਨ। ਇਹ ਸਭ ਮਿਲ ਕੇ ਧਰਮ ਦਾ ਨਿਰਮਾਣ ਕਰਦੇ ਹਨ।

**ਖੋਜ-ਕਾਰਜ ਦੇ ਮੁੱਖ ਉਦੇਸ਼:** ਇਸ ਖੋਜ ਕਾਰਜ ਦੇ ਉਦੇਸ਼ ਨਿਮਨ ਲਿਖਤ ਹਨ:

1. ਧਾਰਮਿਕ ਅਨੁਭਵ ਦਾ ਅਰਥ, ਸਰੂਪ ਅਤੇ ਸਿਧਾਂਤ ਸਮਝਣਾ।
2. ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਰਾਹੀਂ ਉਨ੍ਹਾਂ ਦੇ ਧਾਰਮਿਕ ਅਨੁਭਵ ਨੂੰ ਸਮਝਣਾ।

3. ਭਾਈ ਰਣਧੀਰ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਧਾਰਮਿਕ ਅਨੁਭਵ ਦਾ ਅਧਿਐਨ ਕਰਨਾ।

4. ਭਾਈ ਰਣਧੀਰ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਧਾਰਮਿਕ ਅਨੁਭਵ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕਰਨਾ।

5. ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਰਾਹੀਂ ਸਿੱਖ ਅਨੁਭਵ ਦੇ ਸਰੂਪ ਨੂੰ ਸਮਝਣਾ।

**ਪੂਰਵ ਅਧਿਐਨ ਸਰਵੇਖਣ:** ਇਸ ਖੋਜ ਦੇ ਵਿਸ਼ੇ ਨਾਲ ਸੰਬੰਧਿਤ ਹੋ ਚੁੱਕੇ ਪੂਰਵ ਖੋਜ ਕਾਰਜਾਂ ਅਤੇ ਅਧਿਐਨ ਦਾ ਸਾਹਿਤਕ ਸਰਵੇਖਣ ਕੀਤਾ ਗਿਆ ਹੈ, ਜਿਸ ਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿਚ ਉਹ ਪੁਸਤਕਾਂ ਹਨ ਜੋ ਧਾਰਮਿਕ ਅਨੁਭਵ ਦੇ ਵਿਸ਼ੇ ਨਾਲ ਸੰਬੰਧਿਤ ਹਨ। ਦੂਜੇ ਹਿੱਸੇ ਵਿਚ ਭਾਈ ਰਣਧੀਰ ਸਿੰਘ ਜੀ ਉੱਪਰ ਪੀਐਚ.ਡੀ. ਦੀ ਉਪਾਧੀ ਲਈ ਅਤੇ ਹੋਰ ਹੋਏ ਖੋਜ-ਕਾਰਜ ਸ਼ਾਮਿਲ ਕੀਤੇ ਗਏ ਹਨ ਅਤੇ ਤੀਜੇ ਹਿੱਸੇ ਵਿਚ ਭਾਈ ਸਾਹਿਬ ਬਾਰੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ:

1. **ਧਾਰਮਿਕ ਅਨੁਭਵ ਸੰਬੰਧੀ ਪੁਸਤਕਾਂ:** ਇਹਨਾਂ ਵਿਚ *The Varieties of Religious Experience,* William James, (The Modern Library, New York, 1902.), *The Idea of the Holy,* Rudollf Otto, (John W. Harvey. (Trans.), Oxford University Press, New York, 1958.), *The Comparative Study of Religions,* Joachim Wach, (Joseph M. Kitgawa, (Ed.), Columbia University Press, New York, 1958.) *Patterns in Comparative Religion*, Mircea Eliade, (World Publishing Company, New York, 1963.) *The Sacred And Profane: The Nature of Religion,* Mircea Eliade, (A Harvest Harcourt, Inc, New York, 1987.), *Understanding Religion*, Anand Spencer, (Vision and Venture, Patiala, 1970.) ਐਸ. ਰਾਧਾਕ੍ਰਿਸ਼ਨਨ, *ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ*, ਪ੍ਰਭਜੋਤ ਕੌਰ (ਅਨੁ.), (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.) ਬਲਕਾਰ ਸਿੰਘ, *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.) ਬਲਕਾਰ ਸਿੰਘ, *ਸ਼ਬਦ ਗੁਰੂ ਦਾ ਸਿੱਖ ਸਿਧਾਂਤ*, (ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.)

ਇਹਨਾਂ ਤੋਂ ਇਲਾਵਾ ਕੁਝ ਹੋਰ ਪੁਸਤਕਾਂ ਵਿਚ ਵੀ ਧਾਰਮਿਕ ਅਨੁਭਵ ਦਾ ਜਿਕਰ ਨਾਮਾਤਰ ਰੂਪ ਵਿਚ ਸੰਖੇਪ ਜਿਹਾ ਝਲਕਦਾ ਹੈ ਜਿਵੇਂ ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.), *ਸਿੱਖ ਦਰਸ਼ਨਧਾਰਾ (ਭਾਗ ਦੂਜਾ)*, (ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.), *ਧਰਮ ਦਾ ਦਾਰਸ਼ਨਿਕ ਪੱਖ*, (ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999.) ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ*, (ਪੰਜਾਬੀ ਯੂਨੀਵਰਸਿਟੀ, ਪਟਿਆਲਾ,1999.) *ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ*, (ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1997.) ਆਦਿ।

ਧਾਰਮਿਕ ਅਨੁਭਵ ਦੇ ਸਿਧਾਂਤ ਧਰਮ ਦੇ ਅਕਾਦਮਿਕ ਅਧਿਐਨ ਨਾਲ ਜੁੜੇ ਹੋਏ ਹਨ। ਧਰਮ ਦਾ ਅਕਾਦਮਿਕ ਅਧਿਐਨ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਸ਼ੁਰੂ ਹੋਇਆ ਅਤੇ ਜਰਮਨ ਵਿਦਵਾਨ ਫਰੈਡਰਿਕ ਮੈਕਸਮੂਲਰ (1823-1900 ਈ.) ਨੇ ਧਰਮ ਦੇ ਅਕਾਦਮਿਕ ਅਧਿਐਨ ਦੀ ਸ਼ੁਰੂਆਤ ਕੀਤੀ। ਉਸ ਨੂੰ 'ਧਰਮ ਦੇ ਵਿਗਿਆਨ' ਦਾ ਪਿਤਾਮਾ ਕਿਹਾ ਜਾਂਦਾ ਹੈ। Religionswissenchaft ਪਦ ਸਭ ਤੋਂ ਪਹਿਲਾਂ ਮੈਕਸਮੂਲਰ ਨੇ 'chips from the German Workshop' ਦੀ ਪਹਿਲੀ ਜਿਲਦ ਦੀ ਭੂਮਿਕਾ ਵਿਚ 1867 ਵਿਚ ਵਰਤਿਆ, ਜੋ ਕਿ ਅੱਜ ਕੱਲ ਇਸ ਵਿਸ਼ੇ ਲਈ ਪ੍ਰਚਲਿਤ ਪਦ ਬਣ ਗਿਆ ਹੈ। ਇਹ ਉਹੀ ਸਮਾਂ ਸੀ ਜਦੋਂ ਤਾਰਕਿਕਤਾ (rationality) ਅਤੇ ਵਿਕਾਸਵਾਦ (evolution) ਦਾ ਅਧਿਐਨ ਦੇ ਸਭ ਖੇਤਰਾਂ ਤੇ ਪ੍ਰਭਾਵ ਸਿਖਰਾਂ ਤੇ' ਸੀ। ਅਜਿਹੇ ਬੌਧਿਕ ਅਤੇ ਆਧੁਨਿਕ ਮਾਹੌਲ ਦੇ ਧਰਮ ਦੇ ਅਧਿਐਨ ਉੱਤੇ ਵੀ ਪ੍ਰਭਾਵ ਪਏ। ਵਿਗਿਆਨਿਕ ਅਧਿਐਨ ਵੱਲੋਂ ਖੜ੍ਹੇ ਕੀਤੇ ਸਵਾਲਾਂ ਅਤੇ ਸ਼ੰਕਿਆਂ ਦਾ ਜੁਆਬ ਦੇਣ ਲਈ ਧਰਮ ਸ਼ਾਸਤਰੀਆਂ ਨੇ ਧਾਰਮਿਕ ਅਨੁਭਵ ਦਾ ਅਧਿਐਨ ਸ਼ੁਰੂ ਕੀਤਾ ਜਿਸ ਵਿਚ ਧਾਰਮਿਕ ਅਨੁਭਵ ਦੇ ਵਿਭਿੰਨ ਸਿਧਾਂਤ ਵਿਕਸਿਤ ਹੋਏ।

ਧਰਮ ਅਧਿਐਨ ਵਿਚ ਧਾਰਮਿਕ ਅਨੁਭਵ ਦਾ ਸਿਧਾਂਤਕ ਅਧਿਐਨ 20ਵੀਂ ਸਦੀ ਦੇ ਸ਼ੁਰੂ ਵਿਚ ਹੋਣ ਲੱਗਾ ਸੀ। ਹੁਣ ਧਰਮ ਅਧਿਐਨ ਵਿਚ ਧਾਰਮਿਕ ਅਨੁਭਵ ਦਾ ਅਧਿਐਨ ਕੇਂਦਰੀ ਤੇ ਮਹੱਤਵਪੂਰਨ ਬਣ ਚੁੱਕਾ ਹੈ। ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁੱਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੌਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਂਤਾਂ ਨੇ ਦੁਨੀਆ ਪੱਧਰ 'ਤੇ ਮਹੱਤਤਾ ਗ੍ਰਹਿਣ ਕੀਤੀ ਹੈ। ਧਾਰਮਿਕ ਅਨੁਭਵ ਦਾ ਸਿਧਾਂਤ ਸਮਝਣ ਲਈ ਇਨ੍ਹਾਂ ਚਿੰਤਕਾਂ ਦੇ ਸਿਧਾਂਤਾਂ ਨੂੰ ਸਮਝਿਆ ਗਿਆ ਹੈ।

ਭਾਵੇਂ ਧਾਰਮਿਕ ਸਿਧਾਂਤਾਂ ਅਤੇ ਵਿਚਾਰਾਂ ਨੂੰ ਧਾਰਮਿਕ ਅਨੁਭਵ ਦੇ ਅਰਥਾਂ ਵਿਚ ਸਦੀਆਂ ਤੋਂ ਹੀ ਵਰਤਿਆ ਜਾਂਦਾ ਰਿਹਾ ਪਰੰਤੂ ਤਕਨੀਕੀ ਤੌਰ ਤੇ ਇਸ ਸ਼ਬਦ ਦੀ ਵਰਤੋਂ ਅਮਰੀਕੀ ਮਨੋਵਿਗਿਆਨੀ ਅਤੇ ਫਿਲਾਸਫਰ ਵਿਲੀਅਮ ਜੇਮਜ਼ (William James, 1842-1910 ਈ.) ਦੀ ਪੁਸਤਕ *'The Varieties of Religious Experience'*, The Modern Library, New York, 1902. ਦੇ ਪ੍ਰਕਾਸ਼ਿਤ ਹੋਣ ਤੋਂ ਮੰਨੀ ਜਾਂਦੀ ਹੈ। ਵਿਲੀਅਮ ਜੇਮਜ਼ ਨੇ ਇਸ ਪੁਸਤਕ ਵਿਚ ਧਾਰਮਿਕ ਅਨੁਭਵ ਬਾਰੇ ਆਪਣਾ ਸਿਧਾਂਤ ਪੇਸ਼ ਕੀਤਾ ਜੋ ਪਿੱਛੋਂ ਧਰਮ ਅਧਿਐਨ ਲਈ ਕਾਫੀ ਮਹੱਤਵਪੂਰਨ ਕਾਰਜ ਵਜੋਂ ਸਵੀਕਾਰ ਕੀਤਾ ਗਿਆ। ਵਿਲੀਅਮ ਜੇਮਜ਼ ਨੇ ਧਾਰਮਿਕ ਅਨੁਭਵ ਦੀ ਜੜ੍ਹ ਅਤੇ ਕੇਂਦਰ ਰਹੱਸਵਾਦੀ ਹਾਲਤਾਂ ਦੀ ਸਥਿਤੀ ਵਿਚ ਦੱਸੀ ਹੈ। ਇਸ ਪੁਸਤਕ ਵਿਚ ਉਸਨੇ 20 ਲੈਕਚਰਾਂ ਵਿਚ ਇਸ ਵਿਸ਼ੇ ਉਤੇ ਚਰਚਾ ਕੀਤੀ ਹੈ। 16ਵੇਂ ਤੇ 17ਵੇਂ ਲੈਕਚਰ ਵਿਚ ਉਸਨੇ ਰਹੱਸਵਾਦ ਦੇ ਸਿਰਲੇਖ ਹੇਠਾਂ ਇਸ ਦੀ ਖੁੱਲ ਕੇ ਚਰਚਾ ਕੀਤੀ ਹੈ। ਉਸਨੇ ਰਹੱਸਮਈ ਅਨੁਭਵ ਦੇ ਚਾਰ ਮੁੱਖ ਲੱਛਣ ਦੱਸੇ ਹਨ ਜੋ ਲਗਭਗ ਸਾਰੇ ਚਿੰਤਕਾਂ ਨੇ ਸਹੀ ਮੰਨੇ ਹਨ ਜਿਵੇਂ 1. ਅਕੱਥਤਾ, 2. ਗਿਆਨਭਾਵੀ ਜਾਂ ਬੌਧਿਕ ਗੁਣ, 3. ਅਸਥਾਈਪੁਣਾ ਜਾਂ ਛਿਨਭੰਗੁਰਤਾ, 4. ਉਦਾਸੀਨਤਾ ਜਾਂ ਅਕਰਮਤਾ। ਸੋ ਧਾਰਮਿਕ ਅਨੁਭਵ ਨੂੰ ਸਮਝਣ ਲਈ ਇਹ ਪੁਸਤਕ ਅਹਿਮ ਸਥਾਨ ਰੱਖਦੀ ਹੈ। ਵਿਲੀਅਮ ਜੇਮਜ਼ ਦੇ ਅਨੁਸਾਰ ਸਿਰਫ ਉਹੀ ਅਨੁਭਵ ਹੀ ਰਹੱਸਮਈ ਅਨੁਭਵ ਕਹਾਉਣ ਦੇ ਯੋਗ ਹੁੰਦਾ ਹੈ ਜਿਸ ਵਿਚ ਉਪਰੋਕਤ ਚਾਰ ਲੱਛਣ ਮਿਲਦੇ ਹੋਣ।

ਰੂਡੋਲਫ ਔਟੋ (Rudolf Otto, 1869-1937 ਈ.) ਦੀ ਪੁਸਤਕ *'The Idea of The Holy'* 1917 ਈ. ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਉਸਨੇ ਧਰਮ ਨੂੰ ਸਮਝਣ ਲਈ ਨਵੀਂ ਦ੍ਰਿਸ਼ਟੀ ਪੇਸ਼ ਕਰਦਿਆਂ ਦੱਸਿਆ ਕਿ ਧਾਰਮਿਕ ਅਨੁਭਵ ਗੈਰ-ਤਾਰਕਿਕ ਹੁੰਦਾ ਹੈ। *'The Idea of the Holy'* ਪੁਸਤਕ ਧਾਰਮਿਕ ਅਨੁਭਵ ਦੀ ਪੜਚੋਲ ਅਤੇ ਇਸ ਨੂੰ ਸਮਝਣ ਦਾ ਯਤਨ ਹੈ। ਇਸ ਵਿਚ ਔਟੋ ਨੇ ਧਰਮ ਦੇ ਤਰਕ-ਅਤੀਤ ਭਾਵ supernatural ਪੱਖ ਨੂੰ ਉਭਾਰਿਆ ਹੈ। ਔਟੋ ਦਾ ਮੰਨਣਾ ਹੈ ਕਿ ਤਰਕ ਜਾਂ ਗਿਆਨ ਦੀ ਇਕ ਸੀਮਾ ਹੈ ਜਦ ਕਿ ਪਰਮ-ਸੱਤਾ ਜਾਂ ਪਵਿੱਤਰ ਦਾ ਅਨੁਭਵ ਤਾਂ ਉਸ ਤੋਂ ਵੀ ਅੱਗੇ ਦੀ ਅਵਸਥਾ ਦਾ ਨਾਮ ਹੈ। ਇਸ ਨੂੰ ਤਰਕ ਦੇ ਆਧਾਰ ਉਤੇ ਸਮਝਣਾ ਠੀਕ ਨਹੀਂ ਹੈ। ਔਟੋ ਅਜਿਹੇ ਘਟਾਉਵਾਦ ਦਾ ਸਖਤ ਵਿਰੋਧੀ ਹੈ। ਉਹ ਧਾਰਮਿਕ ਅਨੁਭਵ ਨੂੰ ਤਰਕ ਅਤੇ ਇੰਦ੍ਰੀ ਗਿਆਨ ਤੋਂ ਉਪਰ ਸਮਝਦਾ ਹੈ। ਇਸ ਨਿਵੇਕਲੇ ਅਨੁਭਵ ਲਈ

ਔਟੋ ਨੇ ਨਵੇਂ ਸ਼ਬਦ Numinous Experience (ਦੈਵੀ ਅਨੁਭਵ) ਦੀ ਵਰਤੋਂ ਕੀਤੀ ਹੈ। ਉਸਨੇ ਪਵਿੱਤਰ ਦੇ ਅਨੁਭਵ ਦੇ ਦੋ ਪੱਖ 1. Mysterium Tremendum ਅਤੇ 2. Mysterium Fascinan ਦੱਸੇ ਹਨ। ਔਟੋ ਅਨੁਸਾਰ ਇਸ ਦੈਵੀ ਅਨੁਭਵ ਵਿਚ ਸਭ ਤੋਂ ਪਹਿਲਾਂ ਇਕ ਭੈਅ ਮੌਜੂਦ ਰਹਿੰਦਾ ਹੈ। ਅਨੁਭਵ ਕਰਤਾ ਇਸ ਸੰਸਾਰ ਤੋਂ ਪਰ੍ਹੇ ਕਿਸੇ ਪਰਾ-ਭੌਤਿਕ ਸੰਸਾਰ ਅਤੇ ਪਰਾ-ਭੌਤਿਕ ਸ਼ੈਅ ਦੀ ਹੋਂਦ ਮਹਿਸੂਸ ਕਰਦਾ ਹੈ। ਇਹ ਅਲੌਕਿਕ ਹੋਂਦ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਅਨੁਭਵ ਕਰਤਾ ਨੂੰ ਇਹ ਪੱਕਾ ਯਕੀਨ ਹੁੰਦਾ ਹੈ ਕਿ ਉਸ ਦਾ ਸਾਹਮਣਾ ਇਕ ਅਤਿ ਸ਼ਕਤੀਸ਼ਾਲੀ, ਜਾਨਦਾਰ, ਤੇ ਕ੍ਰਿਆਸ਼ੀਲ ਹੋਂਦ ਨਾਲ ਹੁੰਦਾ ਹੈ। ਉਹ ਇਕ ਰਹੱਸ, ਇਕ ਅਚੰਭਾ ਮਹਿਸੂਸ ਕਰਦਾ ਹੈ। ਅਖੀਰ ਉਹ ਉਸ ਸ਼ਕਤੀਸ਼ਾਲੀ ਹੋਂਦ ਪ੍ਰਤੀ ਖਿੱਚਿਆ ਜਾਂਦਾ ਹੈ ਅਤੇ ਉਸ ਅੱਗੇ ਬਲਹੀਣ ਮਹਿਸੂਸ ਕਰਦਾ ਹੈ। ਰੂਡੋਲਫ ਔਟੋ ਦੁਆਰਾ ਉਪਰੋਕਤ ਧਾਰਮਿਕ ਅਨੁਭਵ ਦੇ ਸਿਧਾਂਤ ਦੇ ਆਧਾਰ 'ਤੇ ਧਾਰਮਿਕ ਅਨੁਭਵ ਦੇ ਹੇਠਾਂ ਲਿਖੇ ਵਿਸ਼ੇਸ਼ ਲੱਛਣ ਅਤੇ ਗੁਣ ਤੱਤ ਰੂਪ ਵਿਚ ਨਿਰਮਿਤ ਕੀਤੇ ਗਏ ਹਨ:

1. ਇਹ ਅਨੁਭਵ ਤਰਕ-ਅਤੀਤ ਭਾਵ ਤਰਕ ਦੀ ਪਹੁੰਚ ਤੋਂ ਪਰ੍ਹੇ ਹੁੰਦਾ ਹੈ। ਸਾਧਕ ਦੀਆਂ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰ ਹੁੰਦਾ ਹੈ। ਇਸ ਨੂੰ ਤਰਕ ਰਾਹੀਂ, ਬੁੱਧੀ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।
2. ਇਸ ਵਿਚ ਅਨੁਭਵਕਰਤਾ ਅਤੇ ਪਰਮਸੱਤਾ ਦੋਹਾਂ ਦਾ ਹੋਣਾ ਜ਼ਰੂਰੀ ਹੈ।
3. ਇਸ ਅਨੁਭਵ ਵਿਚ ਪਰਮਸੱਤਾ ਪ੍ਰਤੀ ਆਤਮ ਸਮਰਪਣ ਦੀ ਭਾਵਨਾ ਬੜੀ ਪ੍ਰਬਲ ਹੁੰਦੀ ਹੈ।
4. ਇਸ ਅਨੁਭਵ ਦੌਰਾਨ ਪਰਮਸੱਤਾ ਪ੍ਰਤੀ ਡਰ ਅਤੇ ਸਤਿਕਾਰ ਦੀ ਭਾਵਨਾ, ਦੋਵੇਂ ਇਕੋ ਵੇਲੇ ਇੱਕਠੀਆਂ ਹੀ ਮੌਜੂਦ ਰਹਿੰਦੀਆਂ ਹਨ।
5. ਅਨੁਭਵ ਕਰਤਾ ਕਮਜ਼ੋਰ, ਲਾਚਾਰ, ਬਲਹੀਨ ਅਤੇ ਘਬਰਾਹਟ ਮਹਿਸੂਸ ਕਰਦਾ ਹੈ।
6. ਪਰੰਤੂ ਡਰ ਦੀ ਭਾਵਨਾ ਦੇ ਬਾਵਜੂਦ ਪਰਮਸੱਤਾ ਪ੍ਰਤੀ ਇਕ ਆਕਰਸ਼ਣ ਵੀ ਲਗਾਤਾਰ ਬਣਿਆ ਰਹਿੰਦਾ ਹੈ।
7. ਇਸ ਅਨੁਭਵ ਦੌਰਾਨ ਅਨੁਭਵ ਕਰਤਾ ਵਿਸਮਾਦ ਵਿਚ ਹੁੰਦਾ ਹੈ। ਇਹ ਅਨੁਭਵ ਅਤਿ ਰਹੱਸਮਈ ਹੁੰਦਾ ਹੈ।

8. ਔਟੋ ਇਸ ਅਨੁਭਵ ਨੂੰ Numinous Experience ਦਾ ਨਾਮ ਦਿੰਦਾ ਹੈ।

ਜੋਕਿਮ ਵਾਕ (Joachim Wach, 1898-1955 ਈ.) ਪ੍ਰਸਿੱਧ ਜਰਮਨ ਚਿੰਤਕ ਹੋਇਆ ਹੈ। ਔਟੋ ਵਾਂਗ ਉਸ ਨੇ ਵੀ ਅਨੁਭਵ ਨੂੰ ਧਰਮ ਦਾ ਬਹੁਤ ਜ਼ਰੂਰੀ ਤੱਤ ਕਿਹਾ ਹੈ। ਜੋਕਿਮ ਵਾਕ ਵੀ ਔਟੋ ਵਾਂਗ ਇਹ ਕਹਿੰਦਾ ਹੈ ਕਿ ਧਰਮਾਂ ਪਿੱਛੇ ਇਕੋ ਰੱਬ ਹੈ ਜਿਸਦਾ ਅਨੁਭਵ ਕੀਤਾ ਜਾਂਦਾ ਹੈ। ਵਾਕ ਦਾ ਸਾਰਾ ਕੰਮ ਇਸੇ ਚੀਜ਼ ਤੇ ਹੈ ਕਿ ਧਰਮ ਇਕ ਰੱਬ ਦਾ ਅਨੁਭਵ ਕਰਦੇ ਹਨ। ਇਹੀ ਨਹੀਂ ਉਹ ਅਨੁਭਵ ਦੇ ਨਾਲ ਪ੍ਰਗਟਾਵੇ ਨੂੰ ਵੀ ਸਾਰੇ ਧਰਮਾਂ ਦੀ ਤੁਲਨਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਧਾਰਨਾ ਹੈ ਕਿ ਅਨੁਭਵੀ ਸਚਾਈ ਇਤਿਹਾਸ ਰਾਹੀਂ ਪ੍ਰਗਟ ਹੁੰਦੀ ਹੈ।

ਜੋਕਿਮ ਵਾਕ ਅਨੁਸਾਰ ਧਾਰਮਿਕ ਅਨੁਭਵ ਅੰਤਿਮ ਸੱਚ ਪ੍ਰਤੀ ਮਨੁੱਖੀ ਰਵੱਈਆ ਹੁੰਦਾ ਹੈ। ਇਹ ਮਨੁੱਖ ਅਤੇ ਮਨੁੱਖੀ ਜੀਵਨ ਦੀ ਸਮੁੱਚਤਾ ਨਾਲ ਸੰਬੰਧਿਤ ਹੁੰਦਾ ਹੈ। ਇਸ ਅਨੁਭਵ ਦੀ ਤੀਬਰਤਾ ਤੇ ਗਹਿਰਾਈ ਮਨੁੱਖ ਨੂੰ ਧੁਰ ਗਹਿਰਾਈਆਂ ਤਕ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ। ਭਾਵ ਸਮੁੱਚੀ ਮਨੁੱਖੀ ਸ਼ਖ਼ਸੀਅਤ ਹੀ ਇਸ ਵਿਚ ਸ਼ਾਮਿਲ ਹੁੰਦੀ ਹੈ। ਵਾਕ ਮੰਨਦਾ ਹੈ ਕਿ ਸਾਰੇ ਧਰਮਾਂ ਵਿਚ ਅਨੁਭਵ ਦੀਆਂ ਨਿਸ਼ਚਿਤ ਸਮਾਨਤਾਵਾਂ ਹੁੰਦੀਆਂ ਹਨ ਪਰੰਤੂ ਉਹਨਾਂ ਦੇ ਅਨੁਭਵਾਂ ਦੇ ਪ੍ਰਗਟਾਵੇ ਵੱਖੋ-ਵੱਖਰੇ ਹਨ। ਵਾਕ ਧਾਰਮਿਕ ਅਨੁਭਵ ਦੇ ਪ੍ਰਗਟਾਵੇ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਵਾਕ ਨੇ ਧਾਰਮਿਕ ਅਨੁਭਵ ਦੇ ਪ੍ਰਗਟਾਵੇ ਦੇ ਤਿੰਨ ਤਰੀਕੇ ਦੱਸੇ ਹਨ-1. ਵਿਚਾਰ (ਸਿਧਾਂਤਕ) 2. ਕਰਮ (ਅਮਲੀ) 3. ਸੰਗਤੀ (ਸਮਾਜਿਕ )। ਉਸਦੀ ਧਾਰਨਾ ਹੈ ਕਿ ਧਾਰਮਿਕ ਅਨੁਭਵ ਵਿਚ ਸਿਰਫ ਮਨ, ਆਤਮਾ ਜਾਂ ਬੁੱਧੀ ਹੀ ਨਹੀਂ ਬਲਕਿ ਸਮੁੱਚੀ ਸ਼ਖ਼ਸੀਅਤ ਹੀ ਸ਼ਾਮਲ ਹੁੰਦੀ ਹੈ। ਇਸ ਆਧਾਰ ਤੇ ਜੋਕਿਮ ਵਾਕ ਧਾਰਮਿਕ ਅਨੁਭਵ ਦੇ ਸਰੂਪ ਦੇ ਹੇਠ ਲਿਖੇ ਚਾਰ ਤੱਤ ਦੱਸਦਾ ਹੈ:

1. ਧਾਰਮਿਕ ਅਨੁਭਵ ਇਹ ਦੱਸਦਾ (ਸਾਬਤ ਕਰਦਾ ਹੈ) ਹੈ ਕਿ ਅੰਤਿਮ ਸੱਚ ਵਜੋਂ ਕੀ ਅਨੁਭਵ ਕੀਤਾ ਗਿਆ ਹੈ।
2. ਧਾਰਮਿਕ ਅਨੁਭਵ ਇਕ ਸੰਪੂਰਨ ਸਬੂਤ (response) ਹੁੰਦਾ ਹੈ ਜਿਸ ਵਿਚ ਕਿ ਅੰਤਿਮ ਸੱਚ ਦੀ ਸੰਪੂਰਨ ਹੋਂਦ ਸ਼ਾਮਿਲ ਹੁੰਦੀ ਹੈ।
3. ਧਾਰਮਿਕ ਅਨੁਭਵ ਬੜਾ ਤੇਜ ਤੇ ਸ਼ਕਤੀਸ਼ਾਲੀ ਅਨੁਭਵ ਹੈ।

੪. ਧਾਰਮਿਕ ਅਨੁਭਵ ਪ੍ਰੇਰਨਾ ਅਤੇ ਕਿਰਿਆ ਦਾ ਇਕ ਸੋਮਾ ਹੈ।

ਇਸੇ ਲੜੀ ਵਿਚ ਮਰਸੀ ਇਲਾਡੇ (Mircea Eliade, 1907-1986 ਈ.) ਨੇ ਪਵਿੱਤਰਤਾ ਦੇ ਸੰਕਲਪ ਅਤੇ ਇਸਦੀ ਰਚਨਾਤਮਕ ਵਿਆਖਿਆ ਕਰਕੇ ਧਰਮ ਅਧਿਐਨ ਨੂੰ ਇਕ ਕਦਮ ਅਗਾਂਹ ਤੋਰਦਿਆਂ ਦੱਸਿਆ ਕਿ ਧਾਰਮਿਕ ਅਨੁਭਵ ਗੈਰ ਤਾਰਕਿਕ ਨਹੀਂ ਹੁੰਦਾ ਸਗੋਂ ਇਹ ਪਵਿੱਤਰ ਅਨੁਭਵ ਹੁੰਦਾ ਹੈ ਜੋ ਆਪਣੇ ਆਪ ਵਿਚ ਪ੍ਰਗਟ ਹੁੰਦਾ ਹੈ। ਮਰਸੀ ਇਲਾਡੇ ਅਨੁਸਾਰ ਧਰਮ ਪਵਿੱਤਰ (Sacred) ਦਾ ਅਨੁਭਵ ਹੈ। ਉਹ ਪਵਿੱਤਰ ਦੀ ਵਿਆਖਿਆ ਵਿਚ ਚਿੰਨ੍ਹਾਂ ਨੂੰ ਮਹੱਤਵ ਦਿੰਦਾ ਹੈ। ਪਵਿੱਤਰ ਸੰਸਾਰ ਦੁਨਿਆਵੀ ਤੋਂ ਬਿਲਕੁਲ ਉਲਟ ਹੈ। ਪਵਿੱਤਰ ਨੂੰ ਸਮਝਣ ਲਈ ਪਹਿਲਾਂ ਆਪ ਪਵਿੱਤਰ ਬਣਨਾ ਪੈਂਦਾ ਹੈ। ਉਹ ਪਵਿੱਤਰ ਨੂੰ ਅਪਵਿੱਤਰ ਦੇ ਨਾਲ ਤੁਲਨਾਤਮਿਕ ਅਧਿਐਨ ਰਾਹੀਂ ਪ੍ਰਗਟ ਕਰਦਾ ਜਾਂ ਦੱਸਦਾ ਹੈ। ਇਲਾਡੇ ਅਨੁਸਾਰ ਜਿਹਨਾਂ ਕੋਲ ਧਾਰਮਿਕ ਅਨੁਭਵ ਹੈ ਉਹਨਾਂ ਦਾ ਮੰਨਣਾ ਹੈ ਕਿ ਪੂਰੀ ਦੁਨੀਆ ਜੋ ਨਿਯਮਬੱਧ ਢੰਗ ਨਾਲ ਚੱਲ ਰਹੀ ਹੈ, ਪਵਿੱਤਰ ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਇਲਾਡੇ ਦੁਨਿਆਵੀ ਤੇ ਧਾਰਮਿਕ ਗਿਆਨ ਨੂੰ ਇਕੱਠਾ ਕਰਕੇ ਵੇਖਦਾ ਹੈ ਇਸ ਨੂੰ ਅਸੀਂ ਨਵੀਂ ਵਿਆਖਿਆ ਜਾਂ ਰਚਨਾਤਮਕ ਵਿਆਖਿਆ (Creative hermeneutics) ਕਹਿ ਸਕਦੇ ਹਾਂ। ਉਸ ਨੇ ਇਸ ਨੂੰ ਰਹੱਸਮਈ ਚਿੰਨ੍ਹਵਾਦ (Mystic Symbolism) ਕਿਹਾ ਹੈ

ਉਪਰੋਕਤ ਵਿਸ਼ਵ ਪ੍ਰਸਿੱਧ ਚਿੰਤਕਾਂ ਦੇ ਧਾਰਮਿਕ ਅਨੁਭਵ ਦੇ ਸਿਧਾਂਤਾਂ ਦੇ ਵਿਸ਼ਲੇਸ਼ਣ ਕਰਨ ਉਪਰੰਤ ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਦੁਨੀਆ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਮੁੱਖ ਤੌਰ ਤੇ ਦੋ ਕਿਸਮਾਂ ਵਿਚ ਵੰਡਿਆ ਜਾਂਦਾ ਹੈ ਸਾਮੀ ਧਰਮ ਅਤੇ ਦੱਖਣੀ ਏਸ਼ੀਆ ਦੇ ਧਰਮ।

ਜਦੋਂ ਮੂਸਾ ਹੈਰੋਬ ਪਹਾੜ ਉਪਰ ਭੇਡਾਂ ਦਾ ਇੱਜੜ ਚਾਰ ਰਿਹਾ ਸੀ ਤਾਂ ਉਸ ਨੂੰ ਬਲਦੀ ਹੋਈ ਝਾੜੀ ਵਿਚੋਂ ਪ੍ਰਭੂ ਨੇ ਦਰਸ਼ਨ ਦਿੱਤੇ ਅਤੇ ਕਿਹਾ, 'ਮੈਂ ਹਾਂ ਜੋ ਮੈਂ ਹਾਂ (I Am that I Am)।' ਇਸ ਪ੍ਰਕਾਰ ਮੂਸਾ ਨੂੰ ਜੋ ਇਲਹਾਮ ਹੋਇਆ, ਉਹ ਪ੍ਰਭੂ ਦੀ ਹੋਂਦ ਦੀ ਤਾਕੀਦ ਹੈ ਕਿ ਉਹ ਹੀ ਇਕ ਸੱਚ ਹੈ, ਉਹ ਇਕ ਪ੍ਰਾਣੀ (being) ਦੀ ਤਰ੍ਹਾਂ ਰੱਬੀ ਤਾਕਤ ਹੈ ਪਰੰਤੂ ਉਸ ਦੀ ਸਿਰਜਣਾ, ਰਹੱਸ (mystery) ਹੈ ਕਿਉਂਕਿ ਆਪਣੇ ਰਹੱਸਮਈ ਢੰਗ ਨਾਲ ਖ਼ੁਦਾ ਆਪਣੀ ਖ਼ੁਦਾਈ ਬਾਰੇ ਦੱਸਦਾ ਹੈ।

ਈਸਾ ਮਸੀਹ ਦਾ ਈਸ਼ਵਰੀ ਅਨੁਭਵ ਈਸਾਈ ਧਰਮ ਦਾ ਬੁਨਿਆਦੀ ਆਧਾਰ ਜਾਂ ਤੱਥ ਹੈ। ਬਾਈਬਲ ਅਨੁਸਾਰ ਜਦੋਂ ਸਾਰੇ ਲੋਕ ਬਪਤਿਸਮਾ ਲੈ ਚੁੱਕੇ ਸਨ ਅਤੇ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਹੇ ਸਨ, ਤਾਂ ਉਸ ਵੇਲੇ ਆਕਾਸ਼ ਖੁੱਲ੍ਹ ਗਿਆ, ਅਤੇ ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿਚ ਉਨ੍ਹਾਂ ਉਤੇ ਉਤਰਿਆ। ਉਸ ਵੇਲੇ ਇਕ ਆਵਾਜ਼ ਵੀ ਆਕਾਸ਼ ਤੋਂ ਆਈ, 'ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੇਰੇ ਤੋਂ ਮੈਂ ਖੁਸ਼ ਹਾਂ'। ਈਸਾ ਨੇ ਇਸ ਆਤਮਿਕ ਅਨੁਭਵ ਦੀ ਆਨੰਦ ਅਵਸਥਾ ਦਾ 40 ਦਿਨ ਇਕਾਂਤ ਵਿਚ ਆਨੰਦ ਮਾਣਿਆ ਅਤੇ ਫਿਰ ਬਾਕੀ ਜ਼ਿੰਦਗੀ ਪਰਮੇਸ਼ਰ ਦੇ ਹੁਕਮਾਂ ਦਾ ਪ੍ਰਚਾਰ ਕੀਤਾ। ਈਸਾ ਮਸੀਹ ਦੀਆਂ ਸਿੱਖਿਆਵਾਂ ਬਾਈਬਲ ਰਾਹੀਂ ਸਾਡੇ ਤਕ ਪਹੁੰਚੀਆਂ ਹਨ।

ਇਸਲਾਮੀ ਪਰੰਪਰਾ ਵਿਚ ਇਲਹਾਮ ਅਤੇ ਵਹੀ ਦੁਆਰਾ ਖੁਦਾ ਨਾਲ ਸੰਪਰਕ, ਉਸਦਾ ਅਨੁਭਵ ਅਤੇ ਪ੍ਰਗਟਾਵਾ ਹੁੰਦਾ ਮੰਨਿਆ ਜਾਂਦਾ ਹੈ। ਵਹੀ ਦਾ ਕੋਸ਼ਗਤ ਅਰਥ ਹੈ- ਇਸ਼ਾਰਾ ਕਰਨਾ, ਲਿਖਣਾ, ਪ੍ਰੋਗਰਾਮ ਦੇਣਾ ਜਾਂ ਦਿਲ ਵਿਚ ਕੋਈ ਖਿਆਲ ਪਾਉਣਾ ਆਦਿ। ਇਸਲਾਮੀ ਮਤ ਅਨੁਸਾਰ ਵਹੀ ਦੀ ਵਿਧੀ ਰਾਹੀਂ ਖੁਦਾ ਆਪਣਾ ਸੰਦੇਸ਼ ਨਬੀ ਨੂੰ ਪਹੁੰਚਾਉਂਦਾ ਹੈ। ਅਜਿਹੀ ਵਹੀ ਦੋ ਪ੍ਰਕਾਰ ਦੀ ਮੰਨੀ ਜਾਂਦੀ ਹੈ: ਵਹੀ ਖ਼ਫੀ ਅਤੇ ਵਹੀ ਮਤੱਲੂ।

ਇਸ ਪ੍ਰਕਾਰ ਇਲਹਾਮ ਅਤੇ ਧਾਰਮਿਕ ਅਨੁਭਵ ਵਿਚ ਵੀ ਅੰਤਰ ਕੀਤਾ ਗਿਆ ਹੈ। ਇਲਹਾਮ (revelation) ਸ਼ਬਦ ਸਾਮੀ ਧਰਮਾਂ ਵਿਚ ਵਰਤਿਆ ਜਾਂਦਾ ਹੈ ਜਦੋਂ ਕਿ ਅਨੁਭਵ ਸ਼ਬਦ ਦੱਖਣੀ ਏਸ਼ੀਆ ਦੇ ਧਰਮਾਂ ਉਪਰ ਪੂਰੀ ਤਰ੍ਹਾਂ ਢੁੱਕਦਾ ਹੈ। ਸਾਮੀ ਧਰਮਾਂ ਵਿਚ ਇਲਹਾਮ ਜ਼ਿਬਰਾਇਲ ਫਰਿਸ਼ਤੇ ਰਾਹੀਂ ਹੁੰਦਾ ਮੰਨਿਆ ਜਾਂਦਾ ਹੈ। ਉਹੀ ਅੱਲ੍ਹਾ ਦਾ ਸੰਦੇਸ਼ ਵਾਹਕ (messenger of God) ਹੁੰਦਾ ਹੈ। ਉਹੀ ਅੱਲ੍ਹਾ ਦਾ ਸੰਦੇਸ਼ ਨਬੀ (ਰਸੂਲ) ਤਕ ਪਹੁੰਚਾਉਂਦਾ ਹੈ।

ਹਜ਼ਰਤ ਮੁਹੰਮਦ ਸਾਹਿਬ ਦੀ ਪਵਿੱਤਰ ਹਸਤੀ ਜੋ ਕਿਆਮਤ ਤਕ ਲਈ ਪੂਰੇ ਜਗਤ ਦੀ ਅਗਵਾਈ ਲਈ ਸਿਰਜੀ ਗਈ ਸੀ, ਦਾ ਪੂਰਾ ਜੀਵਨ ਅਸਾਧਾਰਨ ਘਟਨਾਵਾਂ ਨਾਲ ਭਰਪੂਰ ਹੈ। ਆਪ ਮੱਕਾ ਤੋਂ ਤਿੰਨ ਮੀਲ ਦੂਰ ਹਿਰਾ ਨਾਂ ਦੀ ਗੁਫ਼ਾ ਵਿਚ ਅਕਸਰ ਰੱਬ ਦੀ ਇਬਾਦਤ ਵਿਚ ਲੱਗੇ ਰਹਿੰਦੇ ਸਨ। ਰੋਜ਼ਿਆਂ ਦੇ ਮਹੀਨੇ ਵਿਚ ਖ਼ੁਦਾ ਦੇ ਭੇਜੇ ਜ਼ਿਬਰਾਈਲ ਨੇ ਜਦੋਂ ਆਪ ਨੂੰ ਸਾਹਮਣੇ ਪ੍ਰਗਟ ਹੋ ਕੇ ਆਖਿਆ ਕਿ

'ਪੜ੍ਹ' ਅਤੇ ਆਪ ਨੇ ਉੱਤਰ ਦਿੱਤਾ 'ਮੈਂ ਪੜ੍ਹਿਆ ਹੋਇਆ ਨਹੀਂ' ਤਾਂ ਇਹ ਸੁਣ ਕੇ ਹਜ਼ਰਤ ਜ਼ਿਬਰਾਈਲ ਨੇ ਆਪ ਨੂੰ ਫੜ ਕੇ ਇੰਨੀ ਜ਼ੋਰ ਦੀ ਘੁੱਟਿਆ ਕਿ ਆਪ ਥੱਕ ਗਏ। ਇਸ ਤਰ੍ਹਾਂ ਪਹਿਲੀ ਵਹੀ ਆਪ ਤੇ ਉਤਰੀ।

ਦੱਖਣੀ ਏਸ਼ੀਆ ਦੇ ਧਰਮਾਂ ਵਿਚੋਂ ਜੈਨ ਧਰਮ ਸਭ ਤੋਂ ਪੁਰਾਣਾ ਹੈ। 24ਵੇਂ ਤੀਰਥੰਕਰ ਮਹਾਂਵੀਰ ਦਾ ਜਨਮ 599 ਈ. ਪੂ. ਵੈਸ਼ਾਲੀ (ਬਿਹਾਰ) ਦੇ ਨੇੜੇ ਕੁੰਡਗਰਾਮ ਵਿਖੇ ਹੋਇਆ। ਆਪਣੇ ਮਾਤਾ ਪਿਤਾ ਦੀ ਮੌਤ ਪਿੱਛੋਂ ਰਾਜ ਕੁਮਾਰ ਮਹਾਂਵੀਰ ਆਪਣੇ ਭਰਾ ਨੰਦੀਵਰਗ ਤੋਂ ਆਗਿਆ ਲੈ ਕੇ ਘਰ ਬਾਰ ਤਿਆਗ ਕੇ 30 ਵਰ੍ਹਿਆਂ ਦੀ ਉਮਰ ਵਿਚ ਜੰਗਲਾਂ ਵਲ ਗਿਆਨ ਦੀ ਖੋਜ ਲਈ ਚਲੇ ਗਏ। ਉਨ੍ਹਾਂ ਨੇ 12 ਵਰ੍ਹਿਆਂ ਤਕ ਬੜਾ ਕਠੋਰ ਤਪ ਕੀਤਾ। ਅੰਤ ਉਨ੍ਹਾਂ ਨੂੰ ਰਿਜੁਪਾਲਿਕਾ ਨਦੀ ਦੇ ਨੇੜੇ ਜਰਿਮਥਿਕ ਗ੍ਰਾਮ ਵਿਖੇ ਕੈਵਲਯ ਗਿਆਨ (ਸਰਵਉੱਚ ਗਿਆਨ) ਪ੍ਰਾਪਤ ਹੋਇਆ। ਇਸ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ ਅਤੇ ਫਿਰ 30 ਵਰ੍ਹਿਆਂ ਤਕ ਆਪ ਨੇ ਗਿਆਨ ਦਾ ਸੱਚਾ ਮਾਰਗ ਪ੍ਰਚਾਰਿਆ।

ਮਹਾਤਮਾ ਗੌਤਮ ਬੁੱਧ (ਜਨਮ 567 ਈ. ਪੂ. - 487 ਈ. ਪੂ.) ਨੇ ਛੇ ਸਾਲ ਤਪੱਸਿਆ ਕੀਤੀ, ਪਰ ਗਿਆਨ ਪ੍ਰਾਪਤ ਨਾ ਹੋਇਆ। ਇਸ ਕਾਰਨ ਉਨ੍ਹਾਂ ਦੇ ਪੰਜ ਸਾਥੀ ਉਨ੍ਹਾਂ ਨੂੰ ਛੱਡ ਗਏ। ਫਿਰ ਆਪ ਗਯਾ (ਬੋਧ ਗਯਾ) ਵਿਖੇ ਗਏ। ਜਿੱਥੇ 48 ਦਿਨਾਂ ਦੀ ਸਮਾਧੀ ਮਗਰੋਂ ਵੈਸਾਖ ਦੀ ਪੂਰਨਮਾਸੀ ਵਾਲੇ ਦਿਨ ਆਪ ਨੂੰ ਸਰਵਉੱਚ ਗਿਆਨ ਦੀ ਪ੍ਰਾਪਤੀ ਹੋਈ। ਇਸ ਗਿਆਨ ਕਾਰਨ ਉਹ ਬੁੱਧ ਅਖਵਾਏ। ਇਸ ਸਮੇਂ ਆਪ ਦੀ ਉਮਰ 35 ਸਾਲ ਦੀ ਸੀ

ਹਿੰਦੂਮਤਿ ਦੇ ਮੁੱਖ ਸ੍ਰੋਤਾਂ ਵਜੋਂ ਵੇਦਾਂ, ਪੁਰਾਣਾਂ, ਛੇ ਦਰਸ਼ਨਾਂ ਅਤੇ ਸਿਮਰਤੀਆਂ ਆਦਿ ਸਾਹਿਤ ਨੂੰ ਮੰਨਿਆ ਜਾਂਦਾ ਹੈ। ਵੇਦਾਂ ਨੂੰ ਦੈਵੀ ਰਚਨਾ ਕਿਹਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਵਿਚ ਵੀ ਰਚਨਹਾਰੇ ਰਿਸ਼ੀਆਂ ਨੇ ਜੋ ਬ੍ਰਹਮ ਦਾ ਅਨੁਭਵ ਕੀਤਾ ਉਹੀ ਬਿਆਨਿਆ ਹੈ। ਇਨ੍ਹਾਂ ਵਿਚ ਬ੍ਰਹਮ, ਜਗਤ, ਮਾਇਆ ਆਦਿ ਸੰਬੰਧੀ ਅਨੁਭਵੀ ਬਿਆਨ ਦਰਜ਼ ਹਨ। ਹਿੰਦੂ ਰਿਸ਼ੀਆਂ ਨੇ ਸ਼ਾਸਤਰਾਂ ਵਿਚ ਈਸ਼ਵਰ, ਸ੍ਰਿਸ਼ਟੀ ਰਚਨਾ, ਜੀਵ-ਆਤਮਾ, ਕਰਮ ਗਿਆਨ ਤੇ ਯੋਗ ਆਦਿਕ ਤੇ ਵਿਚਾਰ ਕੀਤੀ ਹੈ। ਹਿੰਦੂ ਪਰੰਪਰਾ ਵਿਚ ਬ੍ਰਹਮ ਦੇ ਅਨੁਭਵ ਅਤੇ ਉਸਦੇ ਪ੍ਰਗਟਾਵੇ ਦੇ ਚਾਰ ਸਾਧਨ ਮੰਨੇ ਜਾਂਦੇ ਹਨ। ਵੇਦਾਂ ਨੂੰ ਰੱਬੀ ਗਿਆਨ ਅਤੇ ਉਸਦਾ ਪ੍ਰਗਟਾਵਾ ਮੰਨਿਆ ਜਾਂਦਾ ਹੈ।

ਸਿੱਖਮਤਿ ਵਿਚ ਜਨਮ ਸਾਖੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਪ੍ਰਵੇਸ਼ ਦੀ ਸਾਖੀ ਮਿਲਦੀ ਹੈ ਕਿ ਕਿਸ ਤਰ੍ਹਾਂ ਆਪ ਤਿੰਨ ਦਿਨ ਸਮਾਧੀ ਸਥਿਤ ਹੋ ਕੇ ਅਲੋਪ ਰਹੇ ਅਤੇ ਅੰਤਰੀਵ ਆਤਮੇ ਲੀਨ ਹੋ ਕੇ ਸਚਖੰਡ ਵਿਚ ਪੁੱਜ ਗਏ ਸਨ। ਸਚਖੰਡ ਵਿਚੋਂ ਗੁਰੂ ਜੀ ਨੇ ਦੋ ਚੀਜ਼ਾਂ ਪ੍ਰਾਪਤ ਕੀਤੀਆਂ 'ਨਾਮ' ਅਤੇ 'ਗਰੀਬੀ'। ਪਰਮਾਤਮਾ ਨਾਲ ਮਿਲਾਪ ਦੇ ਅਨੁਭਵ ਦੀ ਇਸ ਸਾਖੀ ਦੀ ਪੁਸ਼ਟੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਅਨੇਕਾਂ ਗੁਰਵਾਕਾਂ, ਸ਼ਬਦਾਂ ਵਿਚ ਹੁੰਦੀ ਹੈ।

ਸਿੱਖਮਤਿ ਵਿਚ ਧਾਰਮਿਕ ਅਨੁਭਵ ਨੂੰ ਆਤਮਾ ਦੇ ਪਰਮਾਤਮਾ ਨਾਲ ਮੇਲ ਦੇ ਸੰਦਰਭ ਵਿਚ ਸਮਝਿਆ ਗਿਆ ਹੈ। ਆਤਮਾ ਤੇ ਪਰਮਾਤਮਾ ਵਿਚ ਅੰਤਰ ਸਿਰਫ਼ ਹਉਮੈ ਦੀ ਕਾਈ (ਖਾਈ) ਕਰਕੇ ਹੀ ਹੈ। ਜੇਕਰ ਉਹ ਪਰਮ ਆਤਮਾ ਮਨੁੱਖੀ ਆਤਮਾ ਦੀ ਪਹੁੰਚ ਅਤੇ ਅਨੁਭਵ ਅਤੀਤ, ਨਾ ਜਾਣਨ ਯੋਗ ਹੁੰਦੀ ਤਾਂ ਕਦੇ ਵੀ ਉਸ ਨੂੰ ਜਾਨਣਾ ਅਨੁਭਵ ਕਰਨਾ ਅਤੇ ਉਸ ਵਿਚ ਅਭੇਦ ਹੋਣਾ ਸੰਭਵ ਨਾ ਹੁੰਦਾ। ਆਤਮਾ ਤੇ ਪਰਮਾਤਮਾ ਦੀ ਇਕਸੁਰਤਾ ਜਾਂ ਸੁਮੇਲ ਕੇਵਲ ਅਨੁਮਾਨ ਦਾ ਵਿਸ਼ਾ ਨਹੀਂ ਹੈ। ਧਾਰਮਿਕ ਅਨੁਭਵ ਵੇਲੇ ਆਤਮਾ ਤੇ ਪਰਮਾਤਮਾ ਵਿਚਲੀ ਕੰਧ ਟੁੱਟ ਜਾਂਦੀ ਹੈ। ਇਸ ਉੱਚ ਆਤਮਿਕ ਅਵਸਥਾ ਦੇ ਪਲਾਂ ਵਿਚ ਆਤਮਾ ਨੂੰ ਸਿਰਫ਼ ਆਪਣੀ ਸੱਤਾ ਜਾਂ ਹੋਂਦ ਦਾ ਹੀ ਨਹੀਂ, ਸਗੋਂ ਇਕ ਸਰਵ-ਵਿਆਪਕ ਪਰਮ-ਆਤਮਾ ਦਾ ਵੀ ਗਿਆਨ ਹੁੰਦਾ ਹੈ, ਜਿਸਦਾ ਕਿ ਉਹ ਪ੍ਰਤਿਬਿੰਬ ਹੈ। ਇਹ ਕੋਈ ਮਨ ਜਾਂ ਦਿਲ ਦਾ ਉਬਾਲ ਨਹੀਂ। ਧਾਰਮਿਕ ਅਨੁਭਵ ਦਾ ਅਰਥ ਹੈ ਆਤਮਾ ਦੀ ਪਰਮਾਤਮਾ ਵਿਚ ਲੀਨਤਾ। ਧਾਰਮਿਕ ਅਨੁਭਵ ਦਾ ਪ੍ਰਗਟਾਵਾ ਮੁੱਖ ਤੌਰ ਤੇ ਦੋ ਤਰ੍ਹਾਂ ਨਾਲ ਹੋ ਸਕਦਾ ਹੈ: ਸਿਧਾਂਤਕ ਪ੍ਰਗਟਾਵਾ (Theoretical Expression) ਅਤੇ ਵਿਵਹਾਰਕ ਜਾਂ ਅਮਲੀ ਪ੍ਰਗਟਾਵਾ (Practical Expression)।

2. **ਭਾਈ ਸਾਹਿਬ ਉੱਪਰ ਹੋਏ ਪੂਰਵ ਖੋਜ-ਕਾਰਜ** : *ਭਾਈ ਰਣਧੀਰ ਸਿੰਘ ਰਚਿਤ 'ਜੇਲ੍ਹ-ਚਿੱਠੀਆਂ' ਦਾ ਆਲੋਚਨਾਤਮਕ ਅਧਿਐਨ,* 1977-78; ਸਰਬਜੋਤ ਕੌਰ। ਇਸ ਵਿਸ਼ੇ ਉੱਪਰ ਇਸ ਖੋਜਾਰਥਣ ਨੇ ਐਮ. ਏ. ਪੰਜਾਬੀ ਭਾਗ ਦੂਜਾ ਲਈ ਇਹ ਖੋਜ-ਨਿਬੰਧ ਲਿਖਿਆ ਹੈ। ਖੋਜਾਰਥਣ ਨੇ 100 ਪੰਨਿਆਂ ਦੇ ਖੋਜ-ਨਿਬੰਧ ਦਾ ਆਧਾਰ *ਜੇਲ੍ਹ-ਚਿੱਠੀਆਂ* ਨੂੰ ਬਣਾਇਆ ਹੈ ਅਤੇ *ਜੇਲ੍ਹ-ਚਿੱਠੀਆਂ* ਦੇ ਧਾਰਮਿਕ, ਇਤਿਹਾਸਕ ਅਤੇ ਵਾਰਤਕ ਪੱਖ ਦੱਸੇ ਹਨ। ਇਹ ਅਧਿਐਨ ਇਸ ਪੁਸਤਕ ਦੇ ਸਾਹਿਤਕ ਗੁਣਾਂ ਤਕ ਸੀਮਤ ਹੈ ਪਰੰਤੂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਬਾਰੇ ਚਰਚਾ ਨਹੀਂ ਕੀਤੀ ਗਈ।

*ਸਿੱਖ ਥਿਆਲੋਜੀ ਦੇ ਸੰਦਰਭ ਵਿਚ ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਯੋਗਦਾਨ,* ਦਲਜੀਤ ਕੌਰ; 2008. ਇਸ ਖੋਜ-ਨਿਬੰਧ ਵਿਚ ਖੋਜਾਰਥਣ ਨੇ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਆਲੋਚਨਾਤਮਿਕ ਅਧਿਐਨ ਕੀਤਾ ਹੈ। ਖੋਜਾਰਥਣ ਨੇ ਭਾਈ ਸਾਹਿਬ ਦੀਆਂ ਰਚਨਾਵਾਂ ਦੇ ਕਾਵਿਕ ਤੇ ਵਾਰਤਕ ਪੱਖਾਂ ਦਾ ਅਧਿਐਨ ਕੀਤਾ ਹੈ ਅਤੇ ਨਾਲ ਹੀ ਭਾਈ ਸਾਹਿਬ ਦੇ ਸਮਕਾਲੀ ਲੇਖਕਾਂ ਦਾ ਵੇਰਵਾ ਦਰਜ਼ ਕੀਤਾ ਹੈ। ਸੋ ਇਹ ਦੋਵੇਂ ਥੀਸਸ ਭਾਈ ਸਾਹਿਬ ਦੀ ਪੁਸਤਕ *ਜੇਲ੍ਹ-ਚਿੱਠੀਆਂ* ਅਤੇ ਹੋਰ ਰਚਨਾਵਾਂ ਦੇ ਆਲੋਚਨਾਤਮਿਕ ਅਧਿਐਨ ਉਪਰ ਲਿਖੇ ਜਾ ਚੁੱਕੇ ਹਨ।

3. **ਭਾਈ ਸਾਹਿਬ ਬਾਰੇ ਹੋਰ ਲੇਖਕਾਂ ਦੀਆਂ ਰਚਨਾਵਾਂ** : ਇਸ ਖੋਜ ਵਿਸ਼ੇ ਦੇ ਉਦੇਸ਼ਾਂ ਵਿਚ ਇਕ ਉਦੇਸ਼ ਭਾਈ ਰਣਧੀਰ ਸਿੰਘ ਜਿਹੇ ਅਨੁਭਵੀ ਸਿੱਖ ਦੇ ਧਾਰਮਿਕ ਅਨੁਭਵ ਨੂੰ ਉਹਨਾਂ ਦੀਆਂ ਰਚਨਾਵਾਂ, ਜੀਵਨੀ ਅਤੇ ਕੀਤੀ ਵਿਆਖਿਆ ਦੇ ਆਧਾਰ ਉੱਤੇ ਸਮਝਣਾ ਅਤੇ ਸਿੱਖ ਜਗਤ ਅੰਦਰ ਉਹਨਾਂ ਦੀ ਦੇਣ ਉਪਰ ਝਾਤ ਮਾਰਨੀ ਸੀ। ਸ਼ੁਰੂਆਤੀ ਖੋਜ ਦੌਰਾਨ ਇਹ ਤੱਥ ਇਹ ਸਾਹਮਣੇ ਆਇਆ ਕਿ ਭਾਈ ਰਣਧੀਰ ਸਿੰਘ ਜੀ ਵਰਗੇ ਬਹੁ-ਪੱਖੀ ਇਨਸਾਨ ਦੇ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਨੇ ਲੇਖ ਹੀ ਲਿਖੇ ਹਨ ਪਰੰਤੂ ਬਹੁਤਾ ਵਿਸਥਾਰ ਕਿਤੇ ਵੇਖਣ ਨੂੰ ਨਹੀਂ ਮਿਲਦਾ। ਇਹਨਾਂ ਵਿਦਵਾਨਾਂ ਵਿਚ ਗਿਆਨੀ ਗੁਰਦਿੱਤ ਸਿੰਘ, ਗਿਆਨੀ ਨਾਹਰ ਸਿੰਘ ਆਦਿ ਸ਼ਾਮਿਲ ਹਨ। ਡਾ. ਬਲਬੀਰ ਸਿੰਘ 'ਦਿਲ' ਨੇ ਇਕ ਲੇਖ ਆਪਣੀ ਪੁਸਤਕ *'ਅਣਪਰਖੇ ਹੀਰੇ',* (ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲੀ ਵਾਰ, 1964.) ਵਿਚ ਲਿਖਿਆ ਹੈ। ਇਸ ਤਰ੍ਹਾਂ ਹੀ ਡਾ. ਤ੍ਰਿਲੋਚਨ ਸਿੰਘ ਨੇ ਭਾਈ ਰਣਧੀਰ ਸਿੰਘ ਜੀ ਦੀ ਸੰਖੇਪ ਜੀਵਨੀ ਲਿਖੀ ਅਤੇ ਅੰਗਰੇਜ਼ੀ ਵਿਚ ਇਕ ਪੁਸਤਕ *Autobiography Of Bhai Sahib Randhir Singh*, (Bhai Sahib Randhir Singh Trust, Ludhiana, 2011.) ਲਿਖੀ ਜੋ ਕਿ ਭਾਈ ਸਾਹਿਬ ਦੀ ਸਵੈ ਜੀਵਨੀ *'ਜੇਲ੍ਹ-ਚਿੱਠੀਆਂ'* ਦਾ ਹੀ ਅੰਗਰੇਜ਼ੀ ਅਨੁਵਾਦ ਹੈ। ਡਾ. ਗੁਲਜ਼ਾਰ ਸਿੰਘ ਕੰਗ ਨੇ *ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ,* (ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.) ਨਾਮਕ ਸੰਖੇਪ ਜਿਹੀ ਪੁਸਤਕ ਲਿਖੀ ਹੈ। ਪ੍ਰਿੰ. ਨਿਹਾਲ ਸਿੰਘ ਰਸ, *ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ,* (ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010.) ਇਹ ਬਹੁਤ ਛੋਟਾ ਜਿਹਾ ਇਤਿਹਾਸਿਕ ਨਾਵਲ ਹੈ। *ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ,* (ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਲ ਟ੍ਰਸਟ, ਚੰਡੀਗੜ੍ਹ, 2012.) ਇਸ ਗ੍ਰੰਥ ਦਾ ਸੰਪਾਦਨ ਜੈਤੇਗ ਸਿੰਘ

ਅਨੰਤ ਨੇ ਕੀਤਾ ਹੈ (ਜਿਸ ਵਿਚ ਇਕ ਲੇਖ ਖੋਜਾਰਥੀ ਦਾ ਵੀ ਹੈ)। ਇਸ ਤੋਂ ਇਲਾਵਾ ਸਰਦੂਲ ਸਿੰਘ ਕਵੀਸ਼ਰ ਨੇ *ਸਿੱਖ ਧਰਮ ਦਰਸ਼ਨ,* (ਵਜ਼ੀਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1969.) ਦੇ ਪੰਨੇ 328-329 ਉਪਰ ਇਕ ਹਵਾਲਾ ਭਾਈ ਰਣਧੀਰ ਸਿੰਘ ਜੀ ਦੀ ਆਤਮ ਆਨੰਦ ਦੀ ਅਵਸਥਾ ਦਾ ਦਿੱਤਾ ਹੈ। ਇਸੇ ਹਵਾਲੇ ਦਾ ਇਕ ਪੈਰਾ ਵਜ਼ੀਰ ਸਿੰਘ ਨੇ *ਸਿੱਖ ਦਰਸ਼ਨਧਾਰਾ-ਭਾਗ ਦੂਜਾ,* (ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.) ਦੇ ਪੰਨਾ 8 ਉਪਰ ਦਰਜ਼ ਕੀਤਾ ਹੈ।

ਗ਼ਦਰ ਲਹਿਰ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਨੇ ਗ਼ਦਰੀਆਂ ਉਪਰ ਜੇਲ੍ਹਾਂ ਅੰਦਰ ਢਾਹੇ ਗਏ ਜ਼ੁਲਮਾਂ ਬਾਰੇ ਕਾਫੀ ਲਿਖਿਆ ਹੈ ਪਰ ਹਜ਼ਾਰੀਬਾਗ ਜੇਲ੍ਹ ਬਾਰੇ ਜਿਥੇ ਭਾਈ ਸਾਹਿਬ ਨੂੰ ਲੰਮਾ ਸਮਾਂ ਇਨ੍ਹਾਂ ਦੇ ਜਥੇ ਦੇ ਮੈਂਬਰਾਂ ਸਮੇਤ ਕਸ਼ਟ ਦਿੱਤੇ ਜਾਂਦੇ ਰਹੇ, ਦਾ ਵਰਣਨ ਕਰਨ ਤੋਂ ਪ੍ਰਹੇਜ਼ ਕੀਤਾ ਹੈ। ਕਿਉਂਕਿ ਗ਼ਦਰ ਲਹਿਰ ਬਾਰੇ ਲਿਖਣ ਵਾਲੇ ਵਧੇਰੇ ਕਮਿਊਨਿਸਟ ਲੇਖਕ ਹਨ ਇਹ ਪਰਤੀਤ ਹੁੰਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਭਾਈ ਰਣਧੀਰ ਸਿੰਘ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਜਦ ਕਿ ਅੰਡੇਮਾਨ ਦੀ ਸੈਲੂਲਰ ਜੇਲ੍ਹ ਤੋਂ ਬਾਦ ਦੂਜੇ ਨੰਬਰ ਤੇ ਹਜ਼ਾਰੀਬਾਗ ਜੇਲ੍ਹ ਨਰਕ ਰੂਪੀ ਜੇਲ੍ਹ ਕਹੀ ਜਾਂਦੀ ਰਹੀ ਹੈ। ਅਜਿਹੇ ਇਤਿਹਾਸਾਕਾਰਾਂ ਦੇ ਲਿਖੇ ਇਤਿਹਾਸ ਤੋਂ ਕੋਈ ਇਹ ਅਨੁਮਾਨ ਨਹੀਂ ਲਗਾ ਸਕਦਾ ਕਿ ਭਾਈ ਰਣਧੀਰ ਸਿੰਘ ਨੇ ਆਪਣੇ ਜਥੇ ਦੇ ਮੈਂਬਰਾਂ ਸਮੇਤ 15 ਸਾਲਾਂ ਤੋਂ ਵੱਧ ਸਮੇਂ ਤਕ ਨਰਕ-ਰੂਪੀ ਜੇਲ੍ਹਾਂ ਵਿਚ ਜੀਵਨ ਬਿਤਾਇਆ ਸੀ।

ਗੁਰਚਰਨ ਸਿੰਘ ਸੈਂਸਰਾ ਨੇ ਗ਼ਦਰ ਲਹਿਰ ਨਾਲ ਮਾਮੂਲੀ ਵਾਸਤਾ ਰੱਖਣ ਵਾਲੇ ਵਿਅਕਤੀਆਂ ਦੀਆਂ ਸਵੈ-ਜੀਵਨੀਆਂ ਤਾਂ ਪੂਰੀ ਨੀਝ ਲਾ ਕੇ ਪੜ੍ਹੀਆਂ ਹਨ ਪਰਤੂੰ ਗ਼ਦਰ ਦੀ ਯੋਜਨਾ ਵਿਚ ਅਹਿਮ ਸਥਾਨ ਰੱਖਣ ਵਾਲੇ ਤੇ ਇਸ ਦੇ ਬਦਲੇ ਭਾਰੀ ਕਸ਼ਟ ਭੋਗਣ ਵਾਲੇ ਭਾਈ ਰਣਧੀਰ ਸਿੰਘ ਦੇ ਅਨੁਭਵਾਂ (*ਜੇਲ੍ਹ ਚਿੱਠੀਆਂ*) ਨੂੰ ਪੜ੍ਹਨ ਦੀ ਲੋੜ ਨਹੀਂ ਸਮਝੀ। ਇਹੀ ਹਾਲ ਡਾ. ਹਰੀਸ਼ ਪੁਰੀ ਦਾ ਹੈ। ਸੋਹਨ ਸਿੰਘ ਜੋਸ਼ ਨੇ ਤਾਂ ਹੱਦ ਹੀ ਮੁਕਾ ਦਿੱਤੀ ਹੈ। ਉਸ ਦੀ 600 ਤੋਂ ਵੱਧ ਪੰਨਿਆਂ ਦੀ ਕਿਤਾਬ ਵਿਚ ਭਾਈ ਸਾਹਿਬ ਦਾ ਨਾਂ ਪੂਰੀ ਤਰ੍ਹਾਂ ਗ਼ਾਇਬ ਹੈ। ਇਤਿਹਾਸਕਾਰਾਂ ਨੂੰ ਏਨਾਂ ਵਿਤਕਰਾ ਸੋਭਾ ਨਹੀਂ ਦਿੰਦਾ।

ਅਸਲ ਵਿਚ ਗ਼ਦਰ ਲਹਿਰ ਵਿਚ ਭਾਈ ਸਾਹਿਬ ਦੇ ਯੋਗਦਾਨ ਬਾਰੇ ਜਾਨਣਾ ਹੋਵੇ ਤਾਂ ਸਭ ਤੋਂ ਅਹਿਮ ਖ਼ੁਦ ਗ਼ਦਰੀਆਂ ਦੀਆਂ ਮੌਲਿਕ ਲਿਖਤਾਂ ਹਨ ਜਿਨ੍ਹਾਂ ਵਿਚ ਸਮੁੱਚੇ ਵਾਕਿਆਤ ਦਰਜ਼ ਹਨ। ਇਨ੍ਹਾਂ

ਗ਼ਦਰੀਆਂ ਨੇ ਆਪਣੀਆਂ ਹੱਡ-ਬੀਤੀਆਂ ਕਵਿਤਾ ਤੇ ਵਾਰਤਕ ਰੂਪ ਵਿਚ ਬਿਆਨੀਆਂ ਹਨ। ਤਕਰੀਬਨ ਸਾਰੇ ਗ਼ਦਰੀਆਂ ਦੀਆਂ ਲਿਖਤਾਂ ਵਿਚ ਭਾਈ ਸਾਹਿਬ ਦਾ ਜ਼ਿਕਰ ਮਿਲਦਾ ਹੈ ਜਿਵੇਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸੀਤਾ ਰਾਮ ਬਾਂਸਲ, (ਸੰਪਾ.), *ਆਤਮ ਕਥਾ ਬਾਬਾ ਸੱਜਣ ਸਿੰਘ ਨਾਰੰਗਵਾਲ,* (ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.), *ਆਤਮ ਕਥਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਗਿਆਂ (ਕਪੂਰਥਲਾ),* (ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.), *ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਤੇ ਸਵੈ ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ,* (ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.) ਆਦਿ।

ਇਹਨਾਂ ਪੁਸਤਕਾਂ ਤੋਂ ਇਲਾਵਾ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਅਤੇ ਗ਼ਦਰ ਲਹਿਰ ਦੀ ਸ਼ਤਾਬਦੀ ਸਮੇ ਸਿੱਖ ਇਤਿਹਾਸਕਾਰਾਂ ਅਜਮੇਰ ਸਿੰਘ ਨੇ ਪੁਸਤਕ *ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਹਵਿਆਂ ਦਾ ਖੰਡਨ,* (ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.) ਅਤੇ ਰਾਜਵਿੰਦਰ ਸਿੰਘ ਰਾਹੀ ਨੇ *ਕਾਮਾਗਾਟਾ ਮਾਰੂ ਦਾ ਅਸਲੀ ਸੱਚ,* (Unistar Books Pvt. Ltd, Chandigarh, 2017.), ਰਾਜਵਿੰਦਰ ਸਿੰਘ ਰਾਹੀ (ਸੰਪਾ.), *ਗ਼ਦਰ ਲਹਿਰ ਦੀ ਅਸਲੀ ਗਾਥਾ-1,* (ਸੰਗਮ ਪਬਲਿਕੇਸ਼ਨਜ਼, ਸਮਾਣਾ, 2013.) ਵਿਚ ਧਾਰਮਿਕ ਪੱਖ ਪੇਸ਼ ਕਰਕੇ ਸ਼ਲਾਘਾਯੋਗ ਯਤਨ ਕੀਤੇ ਮਿਲਦੇ ਹਨ। ਫਿਰ ਵੀ ਉਪਰੋਕਤ ਕਾਰਜ ਅਤੇ ਪੁਸਤਕਾਂ ਕੇਵਲ ਗ਼ਦਰ ਲਹਿਰ ਵਿਚ ਭਾਈ ਸਾਹਿਬ ਦੇ ਯੋਗਦਾਨ ਬਾਰੇ ਸੀਮਤ ਜਾਣਕਾਰੀ ਉਪਲੱਬਧ ਕਰਾਉਂਦੀਆਂ ਹਨ। ਭਾਈ ਰਣਧੀਰ ਸਿੰਘ ਜੀ ਗ਼ਦਰ ਲਹਿਰ ਵਿਚ ਇਸ ਕਰਕੇ ਸ਼ਾਮਿਲ ਹੋਏ ਕਿਉਂਕਿ ਉਨ੍ਹਾਂ ਨੂੰ ਧਾਰਮਿਕ ਅਨੁਭਵ ਰਾਹੀਂ ਗਿਆਨ ਅਤੇ ਪ੍ਰੇਰਨਾ ਹੋ ਚੁੱਕੀ ਸੀ। ਇਸ ਮੰਤਵ ਨਾਲ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦਾ ਸੰਜੀਦਗੀ ਨਾਲ ਅਧਿਐਨ ਹੋਣਾ ਚਾਹੀਦਾ ਹੈ।

**ਧਾਰਮਿਕ ਅਨੁਭਵ:** ਧਾਰਮਿਕ ਅਨੁਭਵ ਦੇ ਅਰਥ ਸਮਝਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਆਮ ਅਨੁਭਵ ਨੂੰ ਸਮਝਣ ਲਈ ਯਤਨ ਕੀਤਾ ਜਾਵੇ। ਸਾਧਾਰਨ ਅਨੁਭਵ ਤਾਂ ਆਮ ਵਿਅਕਤੀ ਹਰ ਵਕਤ ਕਰਦਾ ਰਹਿੰਦਾ ਹੈ ਜਿਸ ਵਿਚ ਅੱਖਾਂ, ਕੰਨ, ਜੀਭ ਆਦਿ ਹੋਰ ਗਿਆਨ ਇੰਦਰੀਆਂ ਦੀ ਮਦਦ ਲਈ ਜਾਂਦੀ ਹੈ। ਪਰੰਤੂ ਧਾਰਮਿਕ ਅਨੁਭਵ ਨਿਰੋਲ-ਸ਼ੁੱਧ ਆਪਣੇ ਆਪ ਵਿਚ ਸੰਪੂਰਣ ਹੁੰਦਾ ਹੈ। ਇਹ ਤਰਕ ਅਤੇ ਬੁੱਧੀ ਦੀ ਸੀਮਾ ਤੋਂ ਅਤੀਤ (ਪਰ੍ਹੇ) ਭਾਵ ਤਰਕ-ਅਤੀਤ ਹੁੰਦਾ ਹੈ। ਬੁੱਧੀ ਦੇ ਯਤਨਾਂ ਰਾਹੀਂ ਇਸ ਦੀ ਪ੍ਰਾਪਤੀ ਜਾਂ ਵਿਆਖਿਆ ਨਹੀਂ ਹੋ ਸਕਦੀ।

ਧਰਮ ਵਿਚ ਜਿਸ ਪਰਮ ਸੱਤਾ ਦੀ ਹੋਂਦ ਮੰਨੀ ਜਾਂਦੀ ਹੈ ਉਸ ਨੂੰ ਧਾਰਮਿਕ ਅਨੁਭਵ ਰਾਹੀਂ ਪ੍ਰਤੱਖ ਵੇਖਿਆ ਜਾਂਦਾ ਹੈ। ਹਜ਼ਰਤ ਮੂਸਾ, ਈਸਾ ਮਸੀਹ, ਮੁਹੰਮਦ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਾਰਮਿਕ ਅਨੁਭਵ ਇਸ ਦੇ ਉਦਾਰਹਣ ਹਨ। ਇੱਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਭਾਵੇਂ ਨਾਸਤਿਕ ਧਰਮ; ਜੈਨਮਤਿ ਰੱਬ ਦੀ ਹੋਂਦ ਨਹੀਂ ਮੰਨਦਾ ਅਤੇ ਬੁੱਧਮਤਿ ਰੱਬ ਦੀ ਹੋਂਦ ਪ੍ਰਤੀ ਖਾਮੋਸ਼ ਹੈ ਫਿਰ ਵੀ ਮਹਾਂਵੀਰ ਜੈਨ ਤੇ ਮਹਾਤਮਾ ਗੌਤਮ ਬੁੱਧ ਜੀ ਨੂੰ ਤਪੱਸਿਆ ਪਿੱਛੋਂ ਜੋ ਗਿਆਨ (ਸੱਚਾਈ ਦਾ ਅਨੁਭਵ) ਪ੍ਰਾਪਤ ਹੋਇਆ ਉਹ ਉਹਨਾਂ ਦਾ ਧਾਰਮਿਕ ਅਨੁਭਵ ਹੀ ਕਿਹਾ ਜਾ ਸਕਦਾ ਹੈ। ਇਸੇ ਅਨੁਭਵੀ ਗਿਆਨ ਦਾ ਪ੍ਰਚਾਰ ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਨੇ ਸਾਰੀ ਲੋਕਾਈ ਵਿਚ ਕੀਤਾ।

ਧਾਰਮਿਕ ਅਨੁਭਵ ਰਾਹੀਂ ਅਨੁਭਵੀ ਵਿਅਕਤੀ ਦੀ ਕਾਇਆ ਪਲਟ ਜਾਂਦੀ ਹੈ। ਜਿਵੇਂ ਚੰਦ, ਤਾਰੇ ਅਸੀਂ ਸਾਰੇ ਵੇਖ ਸਕਦੇ ਹਾਂ ਪਰ ਉਸਦਾ (ਅਨੁਭਵੀ ਦਾ) ਨਜ਼ਰੀਆ ਇਨ੍ਹਾਂ ਪ੍ਰਤੀ ਸਾਡੇ ਤੋਂ ਭਿੰਨ ਹੋਵੇਗਾ। ਪੱਥਰ ਸਭ ਲਈ ਮਜ਼ਬੂਤ ਹੈ, ਆਕਾਸ਼ ਸਭ ਲਈ ਨੀਲਾ ਹੈ, ਪਰ ਰੱਬ ਕਿਹੋ ਜਿਹਾ ਹੈ ਇਹ ਉਹੀ ਜਾਣ ਸਕਦਾ ਹੈ ਜਿਸਦਾ ਉਸ ਨਾਲ ਮੇਲ ਹੁੰਦਾ ਹੈ। ਸ਼ਾਇਦ ਇਸ ਕਰਕੇ ਉਸ ਸਚਾਈ ਬਾਰੇ ਲੋਕਾਂ ਦੇ ਨਜ਼ਰੀਏ ਵੱਖੋ-ਵੱਖਰੇ ਹੋ ਜਾਂਦੇ ਹਨ ਕਿਉਂਕਿ ਹਰ ਕੋਈ ਆਪਣੇ ਚਿਤਵੇ ਗਿਆਨ ਨਾਲ ਉਸ ਨਾਲ ਮੇਲ ਕਰਨ ਦਾ ਯਤਨ ਕਰਦਾ ਹੈ ਇਸ ਕਰਕੇ ਰੱਬ ਕੁਝ ਦੀਆਂ ਨਜ਼ਰਾਂ ਵਿਚ ਗੌਤਮ ਬੁੱਧ ਹੈ ਅਤੇ ਕੁਝ ਦੀਆਂ ਨਜ਼ਰਾਂ ਵਿਚ ਈਸਾ ਹੈ। ਧਾਰਮਿਕ ਅਨੁਭਵ ਦੀ ਵੱਖਰੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ ਵਿਚ ਵਿਅਕਤੀ ਸੰਸਾਰਕ ਚੀਜ਼ਾਂ ਤੇ ਪਸਾਰੇ ਤੋਂ ਵੱਖਰੀ ਕਿਸੇ ਹੋਰ ਅੰਤਿਮ ਸਚਾਈ ਦੇ ਸੰਪਰਕ ਵਿਚ ਆਉਂਦਾ ਹੈ। ਇਸ ਅਨੁਭਵ ਸਮੇਂ ਮਨੁੱਖ ਸੰਸਾਰ ਦੇ ਬਾਹਰੀ ਬੰਧਨਾਂ ਤੋਂ ਮੁਕਤ ਹੋ ਕੇ ਅਨੰਤ ਤੇ ਸਦੀਵੀ ਅਸਲੀਅਤ ਵਿਚ ਕੁਝ ਸਮੇਂ ਲਈ ਸਮਾ ਜਾਂਦਾ ਹੈ। ਪਾਠ ਕਰਨਾ, ਅਰਦਾਸ ਕਰਨਾ, ਸਮਾਧੀ, ਧਿਆਨ ਆਦਿ ਇਸ ਦੇ ਸਾਧਨ ਹੋ ਸਕਦੇ ਹਨ ਪਰੰਤੂ ਅੰਤਿਮ ਲਕਸ਼ ਜਾਂ ਕੇਂਦਰੀ ਤੱਤ ਨਹੀਂ। ਪਰਮਾਤਮਾ ਨੂੰ ਬੁੱਧੀ ਰਾਹੀਂ ਨਹੀਂ ਸਗੋਂ ਅਨੁਭਵ ਰਾਹੀਂ ਪਾਇਆ ਜਾ ਸਕਦਾ ਹੈ।

ਇੱਥੇ ਸਮੱਸਿਆ ਇਹ ਹੈ ਕਿ ਅਸੀਂ ਧਾਰਮਿਕ ਅਨੁਭਵ ਲਈ ਅਹਿਮ ਲੱਛਣ ਨਹੀਂ ਦੱਸ ਸਕਦੇ। ਜੇਕਰ ਕੁਝ ਨਿਯਮ ਦੱਸੇ ਵੀ ਜਾਣ ਤਾਂ ਇਹ ਜ਼ਰੂਰੀ ਨਹੀਂ ਕਿ ਉਹਨਾਂ ਸਾਧਨਾਂ ਰਾਹੀਂ ਧਾਰਮਿਕ ਅਨੁਭਵ ਵਾਪਰ ਜਾਵੇ। ਕਈ ਅਜਿਹੇ ਹਨ ਜੋ ਨਾਮ ਰੰਗ ਵਿਚ ਸਾਰੀ ਉਮਰ ਬਿਤਾ ਦਿੰਦੇ ਹਨ ਪਰਤੂੰ ਧਾਰਮਿਕ ਅਨੁਭਵ ਤੋਂ ਵਾਂਝੇ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਨ ਅਤੇ ਕਈ ਬਗੈਰ ਯਤਨ ਕੀਤਿਆਂ ਹੀ ਉਸਦੀ ਕ੍ਰਿਪਾ

ਦ੍ਰਿਸ਼ਟੀ ਦੇ ਪਾਤਰ ਬਣ ਜਾਂਦੇ ਹਨ। ਧਾਰਮਿਕ ਅਨੁਭਵ ਸਮੇਂ ਪਰਮ ਸਦੀਵੀ ਸੱਤਾ ਦੀ ਜੋਤਿ ਵਿਚ ਜੋਤਿ ਜਦੋਂ ਮਿਲਦੀ ਹੈ ਤਾਂ ਮਨੁੱਖ ਅਕਹਿ ਅਤੇ ਅਦਭੁਤ ਅਨੰਦ ਮਹਿਸੂਸ ਕਰਦਾ ਹੈ। ਅਨੰਦ ਸ਼ਬਦ ਵੀ ਉਸ ਅਨੰਦ ਨੂੰ ਬਿਆਨ ਕਰਨ ਤੋਂ ਅਸਮਰੱਥ ਹੈ। ਇਹ ਸਿਰਫ਼ ਪ੍ਰਤੀਕ ਵਜੋਂ ਵਰਤਿਆ ਜਾ ਸਕਦਾ ਹੈ। ਇਸ ਵਿਸਮਾਦ ਦੀ ਅਵਸਥਾ ਦੌਰਾਨ ਪੈਦਾ ਹੋਏ ਪ੍ਰਭਾਵ ਨੂੰ ਮਗਰੋਂ ਵਿਅਕਤੀ ਸਿਮਰਤੀ ਵਿਚੋਂ ਉਜਾਗਰ ਕਰਕੇ ਲਿੱਪੀਬੱਧ ਕਰ ਸਕਦਾ ਹੈ ਪਰੰਤੂ ਹੂਬਹੂ ਨਕਸ਼ਾ ਬਿਆਨ ਕਰਨਾ ਕਠਿਨ ਕਾਰਜ ਹੈ। ਹਾਂ ਇਹ ਅਨੁਭਵ ਆਪਣੇ ਆਪ ਵਿਚ ਪੂਰਨ ਹੁੰਦਾ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਘਾਟ ਜਾਂ ਉਕਾਈ ਨਹੀਂ ਹੁੰਦੀ। ਇੱਥੇ ਪਹੁੰਚ ਕੇ ਸੁੱਖ-ਦੁੱਖ, ਆਸ਼ਾ-ਨਿਰਾਸ਼ਾ ਦਾ ਅਭਾਵ ਹੋ ਜਾਂਦਾ ਹੈ। ਵਿਅਕਤੀ ਦੁਨਿਆਵੀ ਦੁੱਖਾਂ, ਸੁੱਖਾਂ, ਰੋਗਾਂ, ਕਲੇਸ਼ਾਂ, ਖੁਸ਼ੀਆਂ-ਗਮੀਆਂ ਤੋਂ ਉਪਰ ਉੱਠ ਜਾਂਦਾ ਹੈ। ਉਸਦਾ ਆਪਾ ਗਿਆਨਮਈ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਹੈ।

**ਖੋਜ ਵਿਧੀ ਵਿਗਿਆਨ:** ਖੋਜ-ਕਾਰਜ ਦੌਰਾਨ ਅਧਿਐਨ ਲਈ ਪਹਿਲਾਂ ਧਾਰਮਿਕ ਅਨੁਭਵ ਦੇ ਵਿਸ਼ੇ ਨਾਲ ਸੰਬੰਧਿਤ ਕੁਝ ਪੁਸਤਕਾਂ ਦਾ ਗਹਿਨ ਅਧਿਐਨ ਕਰਕੇ ਧਾਰਮਿਕ ਅਨੁਭਵ ਦੇ ਸਿਧਾਂਤ ਸਮਝੇ ਗਏ ਹਨ। ਫਿਰ ਭਾਈ ਸਾਹਿਬ ਬਾਰੇ ਵਿਦਵਾਨਾਂ ਅਤੇ ਮਿਲਦੇ ਹੋਰ ਸ੍ਰੋਤਾਂ ਤੋਂ ਵੇਰਵੇ ਪ੍ਰਾਪਤ ਕੀਤੇ ਗਏ ਹਨ। ਤੱਥਾਂ ਦਾ ਵਿਸ਼ਲੇਸ਼ਣ ਕਰਨ ਲਈ ਅੰਤਰ ਅਨੁਸ਼ਾਸ਼ਨੀ ਵਿਧੀ ਵਰਤੀ ਗਈ ਹੈ। ਇੰਜ ਹੀ ਭਾਈ ਸਾਹਿਬ ਦੁਆਰਾ ਖੁਦ ਲਿਖੀਆਂ ਪੁਸਤਕਾਂ ਨੂੰ ਵੀ ਆਧਾਰ ਬਣਾਇਆ ਗਿਆ ਹੈ। ਇਸ ਕਾਰਜ ਵਿਚ ਭਾਈ ਰਣਧੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਮੁੱਢਲੇ ਸ੍ਰੋਤਾਂ ਵਜੋਂ ਵਰਤਿਆ ਗਿਆ ਹੈ। ਭਾਈ ਸਾਹਿਬ ਦੀ ਸਵੈ-ਜੀਵਨੀ ਅਤੇ ਆਪ ਦੁਆਰਾ ਕੀਤੀ ਗਈ ਗੁਰਬਾਣੀ ਦੀ ਵਿਆਖਿਆ ਰਾਹੀਂ ਆਪ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ। ਇਸ ਤੁਲਨਾਤਮਿਕ ਅਧਿਐਨ ਦੌਰਾਨ ਅਸੀਂ ਇਹ ਵੀ ਵੇਖਿਆ ਹੈ ਕਿ ਆਪ ਦਾ ਅਨੁਭਵ ਸਿੱਖ ਅਨੁਭਵ ਨਾਲ ਕਿੰਨਾ ਮੇਲ ਖਾਂਦਾ ਹੈ। ਖੋਜ ਕਾਰਜ ਨੂੰ ਮੁੱਖ ਰੂਪ ਵਿਚ ਪੰਜ ਪੱਧਰਾਂ ਦੇ ਅਧਿਆਇ ਬਣਾ ਕੇ ਥੀਸਿਸ ਦੇ ਖੋਜ ਵਿਸ਼ੇ ਨੂੰ ਪੜਾਅ ਵਾਰ ਸਮਝਿਆ ਗਿਆ ਹੈ। ਸਮੁੱਚਾ ਯਤਨ ਇਹ ਰਿਹਾ ਹੈ ਕਿ ਕੋਈ ਵੀ ਗੱਲ ਬਿਨਾ ਆਧਾਰ ਦੇ ਨਾ ਕਹੀ ਜਾਵੇ। ਇਸ ਲਈ ਗੁਰਬਾਣੀ ਅਤੇ ਵਿਦਵਾਨਾਂ ਦੇ ਕਥਨਾਂ ਦੇ ਵੱਧ ਤੋਂ ਵੱਧ ਹਵਾਲੇ ਦੇ ਕੇ ਖੋਜ ਕਾਰਜ ਨੂੰ ਸਾਰਥਕ ਅਤੇ ਸੰਪੂਰਨ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਹੇਠਾਂ ਫੁਟਨੋਟਾਂ ਵਿਚ ਨਹੀਂ ਦਰਸਾਈ ਗਈ। ਭਾਈ ਗੁਰਦਾਸ ਜੀ ਦੀ ਰਚਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਦਾ

ਸਤਿਕਾਰ ਧਿਆਨ ਵਿਚ ਰੱਖਦਿਆਂ ਗੁਰਬਾਣੀ ਦੇ ਹਵਾਲੇ ਵਜੋਂ ਵਰਤੇ ਗੁਰਸ਼ਬਦਾਂ, ਗੁਰਵਾਕਾਂ ਦਾ ਵੇਰਵਾ ਅੰਗ (ਪੰਨਾ) ਨੰਬਰ ਆਦਿ ਚਲੰਤ ਰੂਪ ਵਿਚ ਨਾਲ ਹੀ ਦਿੱਤਾ ਗਿਆ ਹੈ।

ਇਸ ਖੋਜ ਕਾਰਜ ਵਿਚ ਭਾਈ ਸਾਹਿਬ ਦੀ ਜੀਵਨੀ ਦੇ ਘਟਨਾ ਕ੍ਰਮ ਨੂੰ ਪ੍ਰਬੰਧ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਯਤਨ ਵਿਚ ਉਹਨਾਂ ਦੇ ਜੀਵਨ ਨਾਲ ਜੁੜੀਆਂ ਸਿੱਖੀ ਜੀਵਨ ਲਈ ਪ੍ਰੇਰਨਾਵਾਂ ਅਤੇ ਉਹਨਾਂ ਦੀਆਂ ਰਚਨਾਵਾਂ ਰਾਹੀਂ ਗੁਰਬਾਣੀ ਦੀ ਵਿਆਖਿਆ ਵੀ ਪੜਨ ਨੂੰ ਮਿਲੀ ਹੈ। ਇਸ ਯੋਗਦਾਨ ਨੂੰ ਪੇਸ਼ ਕਰਦਿਆਂ ਧਾਰਮਿਕ ਅਨੁਭਵ ਸੰਬੰਧੀ ਗੁਰਬਾਣੀ ਅਤੇ ਹੋਰ ਮਿਲਦੇ-ਜੁਲਦੇ ਪ੍ਰਾਪਤ ਸ੍ਰੋਤਾਂ ਦੇ ਵੱਧ ਤੋਂ ਵੱਧ ਹਵਾਲੇ ਦੇ ਕੇ ਸਮੱਗਰੀ ਇੱਕਠੀ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਖੋਜ-ਕਾਰਜ ਵਿਚ ਚਾਹੇ ਭਾਈ ਰਣਧੀਰ ਸਿੰਘ ਜੀ ਦੇ ਜੀਵਨ-ਬ੍ਰਿਤਾਂਤ ਅਤੇ ਰਚਨਾਵਾਂ ਰਾਹੀਂ ਕਾਫ਼ੀ ਇਤਿਹਾਸਿਕ ਸਮੱਗਰੀ ਵੀ ਆ ਗਈ ਹੈ ਪਰਤੂੰ ਸਮੁੱਚਾ ਅਧਿਐਨ ਇਤਿਹਾਸਿਕ ਤੇ ਵਿਆਖਿਆਤਮਿਕ ਲੇਖ ਤੋਂ ਕੁਝ ਵਧੇਰੇ ਹੈ ਸ਼ਾਇਦ ਸਾਡੇ ਉਪਰੋਕਤ ਧਾਰਮਿਕ ਅਨੁਭਵ ਨੂੰ ਸਮਝਣ ਦੇ ਮਸਲੇ ਦਾ ਹੀ ਇਕ ਹੋਰ ਪੱਖ ਤੋਂ ਉਭਰਿਆ ਉੱਤਰ ਹੈ। ਇਸ ਖੋਜ ਕਾਰਜ ਦੇ ਅਧਿਐਨ ਵਿਚ ਮੂਲ ਦ੍ਰਿਸ਼ਟੀਕੋਣ ਤਾਂ ਇਤਿਹਾਸਿਕ, ਤੇ ਧਰਮ-ਸ਼ਾਸਤਰੀ ਹੀ ਹੈ ਪਰ ਜਿਥੇ ਕਿਤੇ ਲੋੜ ਪਈ ਅਤੇ ਵਰਤਿਆ ਜਾ ਸਕਿਆ ਉੱਥੇ ਤੁਲਨਾਤਮਿਕ ਧਰਮ ਦਾ ਦ੍ਰਿਸ਼ਟੀਕੋਣ ਅਪਨਾਉਣ ਤੋਂ ਸੰਕੋਚ ਨਹੀਂ ਕੀਤਾ ਗਿਆ। ਇਸ ਲਈ ਭਾਈ ਰਣਧੀਰ ਸਿੰਘ ਜੀ ਦੀ ਰਚਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋ ਸਮੱਗਰੀ ਲਈ ਗਈ ਹੈ। ਮੂਲ ਸ੍ਰੋਤਾਂ ਵਜੋਂ ਭਾਈ ਸਾਹਿਬ ਦੀ ਸਵੈ-ਜੀਵਨੀ, ਰਚਨਾਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲਿਆ ਹੈ। ਗੌਣ ਸ੍ਰੋਤਾਂ ਵਿਚ ਸਮਕਾਲੀ ਵਿਦਵਾਨਾਂ ਦੀਆਂ ਰਚਨਾਵਾਂ ਵਰਤੀਆਂ ਗਈਆਂ ਹਨ।

**ਅਧਿਆਇ ਵੰਡ:** ਅਧਿਐਨ ਦੀ ਵਿਧੀ ਨੂੰ ਮੁੱਖ ਰੱਖਦਿਆਂ ਅਸੀਂ ਇਸ ਖੋਜ-ਨਿਬੰਧ ਦੇ ਪੰਜ ਮੁਖ ਅਧਿਆਇ ਬਣਾਏ ਹਨ। ਇਹਨਾਂ ਅਧਿਆਵਾਂ ਦੇ ਅੱਗੋਂ ਫਿਰ ਉਪ ਸਿਰਲੇਖ ਤੇ ਉਪ-ਉਪ ਸਿਰਲੇਖ ਬਣਾਏ ਹਨ।

ਪਹਿਲੇ ਅਧਿਆਇ ਦਾ ਸਿਰਲੇਖ 'ਧਾਰਮਿਕ ਅਨੁਭਵ: ਅਰਥ ਅਤੇ ਸਿਧਾਂਤ' ਹੈ। ਇਸ ਵਿਚ ਧਾਰਮਿਕ ਅਨੁਭਵ ਦਾ ਅਰਥ, ਸੰਕਲਪ, ਅਤੇ ਸਰੂਪ ਦੱਸਣ ਪਿੱਛੋਂ ਇਸਦੇ ਸਿਧਾਂਤਾਂ 'ਤੇ ਚਾਨਣਾ ਪਾਇਆ ਗਿਆ ਹੈ। ਇਸ ਲਈ ਮੁੱਖ ਤੌਰ ਤੇ ਵਿਲੀਅਮ ਜ਼ੇਮਜ਼, ਰੂਡੋਲਫ ਔਟੋ, ਜੋਕਿਮ ਵਾਕ ਅਤੇ ਮਰਸੀ ਇਲਾਡੇ ਆਦਿ ਵਿਸ਼ਵ ਪ੍ਰਸਿੱਧ ਵਿਦਵਾਨਾਂ ਤੇ ਚਿੰਤਕਾਂ ਦੇ ਵਿਚਾਰ ਜਾਨਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ

ਉਪਰੰਤ ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਦੀ ਚਰਚਾ ਕੀਤੀ ਗਈ ਹੈ। ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਤਹਿਤ ਵਿਭਿੰਨ ਧਰਮਾਂ ਜਿਵੇਂ – ਯਹੂਦੀਮਤਿ, ਈਸਾਈਮਤਿ, ਇਸਲਾਮ ਅਤੇ ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ। ਧਾਰਮਿਕ ਅਨੁਭਵ ਦਾ ਵਿਸ਼ਲੇਸ਼ਣ ਕਰਦਿਆਂ ਆਤਮਾ ਅਤੇ ਪਰਮਾਤਮਾ ਦਾ ਸੰਬੰਧ ਜਾਣਨ ਲਈ ਸਿੱਖ ਧਰਮ ਵਿਚ ਧਾਰਮਿਕ ਅਨੁਭਵ ਦੇ ਸਰੂਪ ਬਾਰੇ ਵਿਚਾਰ ਸ਼ਾਮਿਲ ਕੀਤੇ ਗਏ ਹਨ। ਅਖੀਰ ਵਿਚ ਧਾਰਮਿਕ ਅਨੁਭਵ ਦੇ ਪ੍ਰਗਟਾਵੇ ਬਾਰੇ ਦੱਸਿਆ ਗਿਆ ਹੈ।

ਦੂਜਾ ਅਧਿਆਇ 'ਗੁਰੂ ਸਾਹਿਬ ਦਾ ਧਾਰਮਿਕ ਅਨੁਭਵ' ਦੇ ਸਿਰਲੇਖ ਤਹਿਤ ਰੱਖਿਆ ਗਿਆ ਹੈ। ਦੂਜੇ ਅਧਿਆਇ ਵਿਚ ਅਸੀਂ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਦਾ ਦੁਨੀਆ ਦੇ ਧਰਮਾਂ ਦੇ ਧਾਰਮਿਕ ਅਨੁਭਵ ਨਾਲ ਅੰਤਰ ਅਤੇ ਸੁਮੇਲ ਵਧੇਰੇ ਵਿਸਥਾਰ ਵਿਚ ਅਤੇ ਨਿਰਪੱਖ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਇਸ ਮੰਤਵ ਤਹਿਤ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਵਿਚ ਬ੍ਰਹਿਮੰਡ ਦੀ ਰਚਨਾ ਸੰਬੰਧੀ ਨੁਕਤਿਆਂ ਨੂੰ ਵਾਚਿਆ ਗਿਆ ਹੈ। ਇਥੇ ਅਸੀਂ ਹਿੰਦੂਮਤਿ ਅਤੇ ਸਾਮੀ ਧਰਮਾਂ ਵਿਚ ਬ੍ਰਹਿਮੰਡ ਪਸਾਰੇ ਸੰਬੰਧੀ ਨੁਕਤੇ ਪੇਸ਼ ਕਰਕੇ ਇਹਨਾਂ ਦਾ ਤੁਲਨਾਤਮਿਕ ਵਿਧੀ ਰਾਹੀਂ ਅੰਤਰ ਸਮਝਣ ਦਾ ਯਤਨ ਕੀਤਾ ਹੈ। ਇਸ ਉਦੇਸ਼ ਤਹਿਤ ਭਾਰਤੀ ਵੈਦਿਕ ਚਿੰਤਨ ਅਤੇ ਗੁਰਮਤਿ ਵਿਚ ਅੰਤਰ, ਯੋਗਮਤਿ ਅਤੇ ਗੁਰਮਤਿ ਵਿਚ ਅੰਤਰ ਵਾਚਿਆ ਗਿਆ ਹੈ। ਉਪਰੰਤ ਸ੍ਰਿਸ਼ਟੀ ਰਚਨਾ ਸੰਬੰਧੀ ਗੁਰਬਾਣੀ ਦਾ ਸਿਧਾਂਤ ਅਤੇ ਵਿਗਿਆਨ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਅੰਤ ਵਿਚ ਸ੍ਰਿਸ਼ਟੀ ਰਚਨਾ ਅਤੇ ਧਰਮ, ਬ੍ਰਹਿਮੰਡ ਅਤੇ ਧਰਮ, ਮਨੁੱਖੀ ਰਚਨਾ ਅਤੇ ਇਹਨਾਂ ਵਿਸ਼ਿਆਂ ਪ੍ਰਤੀ ਬਾਈਬਲ, ਕੁਰਾਨ, ਗੁਰਬਾਣੀ ਅਤੇ ਵਿਗਿਆਨ ਵਿਚ ਵਿਵਹਾਰਕ ਅੰਤਰ ਅਤੇ ਸੁਮੇਲ ਨਿਰਪੱਖ ਤੌਰ ਤੇ ਪੇਸ਼ ਕੀਤਾ ਗਿਆ ਹੈ।

ਆਧੁਨਿਕ ਚਿੰਤਕ ਤੇ ਆਲੋਚਕ ਪੱਛਮੀ ਜਾਂ ਸਾਮੀ ਧਰਮਾਂ ਦੀਆਂ ਚਿੰਤਨ ਧਾਰਨਾਵਾਂ ਨੂੰ ਹਿੰਦੂਮਤਿ, ਬੁੱਧਮਤਿ ਦੇ ਨਾਲ ਹੀ ਗੁਰਬਾਣੀ ਦੇ ਵਿਆਖਿਆ ਮਾਡਲਾਂ ਉਪਰ ਢੁਕਾਉਣ ਲਈ ਯਤਨ ਕਰਦੇ ਹਨ। ਜਦੋਂ ਚਰਚ/ ਬਾਈਬਲ ਦਾ ਵਿਗਿਆਨ ਨਾਲ ਵਿਰੋਧ ਸਾਹਮਣੇ ਆਇਆ ਤਾਂ ਉਸ ਵਿਰੋਧ ਦੇ ਸਿੱਟੇ ਵਜੋਂ ਜ਼ਿਆਦਾਤਰ ਅਧਿਆਤਮਿਕ ਕਾਵਿ ਤੇ ਗਿਆਨ ਦਾ ਅਧਿਐਨ ਕਰਨ ਨਾਲ ਪੱਛਮੀ ਚਿੰਤਨ ਦੀ ਸ਼ੁਰੂਆਤ ਤੇਜੀ ਨਾਲ ਹੋਈ। ਅਜਿਹੇ ਪੱਛਮੀ ਚਿੰਤਨ ਦੀਆਂ ਧਾਰਨਾਵਾਂ ਨੂੰ ਗੁਰਬਾਣੀ ਦੇ ਵਿਆਖਿਆ

ਮਾਡਲਾਂ ਉਤੇ ਕਾਹਲੀ ਨਾਲ ਢੁਕਾਉਣ ਦੀ ਪ੍ਰਵਿਤੀ ਵੀ ਵੇਖਣ ਵਿਚ ਆਉਂਦੀ ਹੈ। ਜਿਸ ਦਾ ਅਸੀਂ ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਵਿਸ਼ਲੇਸ਼ਣ ਕੀਤਾ ਹੈ।

ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਸ਼ੁੱਧ, ਨਿਰੋਲ ਨਿੱਜੀ ਅਤੇ ਵਿਲੱਖਣ ਹੈ। ਇਸ ਨੂੰ ਕਿਸੇ ਧਰਮ ਪਰੰਪਰਾ ਦੀ ਨਕਲ, ਨਿਰੰਤਰਤਾ ਜਾਂ ਮੇਲ ਖਾਂਦਾ ਕਹਿਣਾ ਇਕ ਭੁਲੇਖਾ ਪਾਊ ਧਾਰਨਾ ਹੈ। ਗੁਰੂ ਸਾਹਿਬ ਤਾਂ ਕੁਦਰਤ ਅਤੇ ਬ੍ਰਹਿਮੰਡ ਦੇ ਅਣਗਿਣਤ ਪਸਾਰਾਂ, ਪਰਪੰਚਾਂ, ਪ੍ਰਗਟਾਵਿਆਂ ਅਤੇ ਵਰਤਾਰਿਆਂ ਨੂੰ ਵਿਸਮਾਦੀ ਦ੍ਰਿਸ਼ਟੀ ਨਾਲ ਨਿਹਾਰਦੇ ਹਨ। ਅਜਿਹੀ ਦ੍ਰਿਸ਼ਟੀ ਵਿਚ ਪੇਖੇ ਅਤੇ ਅਨੁਭਵ ਕੀਤੇ ਯਥਾਰਥ ਨੂੰ ਕਿਸੇ ਤਰਕ ਜਾਂ ਬੌਧਿਕਤਾ ਦੀ ਮੁਹਤਾਜ਼ਗੀ ਨਹੀਂ ਹੈ। ਮਨੁੱਖੀ ਦ੍ਰਿਸ਼ਟੀ ਅਤੇ ਬੁੱਧੀ ਦੀ ਸੀਮਾ ਹੈ ਪਰ ਬ੍ਰਹਮ ਦੀ, ਉਸਦੀ ਕੁਦਰਤ ਦੀ ਕੋਈ ਸੀਮਾ ਨਹੀਂ ਹੈ। ਇਸੇ ਤਰ੍ਹਾਂ ਬ੍ਰਹਿਮੰਡ ਵੀ ਅਸੀਮ ਹੈ। ਗੁਰਬਾਣੀ ਨੇ ਅਕਾਲ ਪੁਰਖ ਭਾਵ ਅਤਿੰਮ ਸੱਚ ਨੂੰ ਕਿਸੇ ਤਰਕ, ਦਲੀਲਾਂ, ਸੰਕਲਪਾਂ ਦੇ ਚੌਖਟੇ ਵਿਚ ਬੰਨਣ ਜਾਂ ਸਮਝਣ ਦੇ ਦਾਵਿਆਂ ਦੀ ਨਿਖੇਧੀ ਕੀਤੀ ਹੈ।

ਗੁਰਬਾਣੀ ਦਾ ਗੰਭੀਰ ਅਧਿਐਨ ਤੇ ਵਿਵੇਚਨ ਕਰ ਕੇ ਵੇਖਿਆ ਜਾਵੇ ਤਾਂ ਇਹ ਨੁਕਤਾ ਸਪੱਸ਼ਟ ਹੋ ਜਾਂਦਾ ਹੈ ਕਿ ਯੋਗੀ, ਯੋਗਮਤਿ ਅਤੇ ਇਸ ਦੀ ਕਿਰਿਆਵਾਂ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ। ਗੁਰਮਤਿ ਅਨੁਸਾਰ ਸਤਿਗੁਰੂ ਨੂੰ ਭੇਟੇ ਬਾਝੌਂ ਪਰਮਪਦ, ਬਿਸਮਾਦ ਜਾਂ ਸਹਿਜ ਪਦ ਦੀ ਅਵਸਥਾ/ਪਦਵੀ ਗੱਲੀਂ-ਬਾਤੀਂ ਕਦੇ ਵੀ ਭੇਖੀ ਬਣ ਕੇ ਹਾਸਲ ਨਹੀਂ ਹੋ ਸਕਦੀ, ਜਦੋਂ ਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਦੁਆਰਾ ਦਿੱਤੇ ਸ਼ਬਦ ਤੇ ਨਾਮ ਦੇ ਅਭਿਆਸ ਕਰਨ ਪਿੱਛੋਂ ਮਨ ਦੇ ਵਸ ਵਿਚ ਆ ਜਾਣ ਸਦਕਾ, ਹਉਮੈ ਮਿਟ ਜਾਣ ਪਿੱਛੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੀ ਅਵਸਥਾ ਹਾਸਲ ਹੁੰਦੀ ਹੈ। ਯੋਗਮਤਿ ਨੂੰ ਗੁਰਮਤਿ ਪ੍ਰਵਾਨ ਨਹੀਂ ਕਰਦੀ ਬਲਕਿ ਸਹਿਜ ਮਾਰਗ ਦੇ ਲੱਛਣਾਂ ਰਾਹੀਂ ਸੱਚਾ ਯੋਗ ਕਮਾਉਣ ਦੀ ਤਾਕੀਦ ਕਰਦੀ ਹੈ। ਗੁਰੂ ਸਾਹਿਬ ਨੂੰ ਭੇਖੀ ਕਰਾਮਾਤੀ, ਹਠ ਅਭਿਆਸੀ, ਹਉਮੈ ਗ੍ਰਸਤ ਯੋਗੀ ਕਦੇ ਵੀ ਪ੍ਰਵਾਨ ਨਹੀਂ। ਯੋਗਮਤਿ ਨੂੰ ਸਹੀ ਦਿਸ਼ਾ ਤੇ ਸੇਧ ਦਿੰਦੀ ਹੈ ਗੁਰਬਾਣੀ।

ਬੁੱਧਮਤਿ ਵੀ ਸੁੰਨ ਨੂੰ ਮੰਨਦਾ ਹੈ ਅਤੇ ਯੋਗੀ ਵੀ ਸੁੰਨ ਦੀ ਗੱਲ ਕਰਦੇ ਹਨ। ਬੁੱਧਮਤਿ ਸੁੰਨ ਤੋਂ ਅੱਗੇ ਨਹੀਂ ਜਾਂਦਾ ਇਸ ਉਪਰ ਮੋਨ ਧਾਰ ਲੈਂਦਾ ਹੈ, ਚੁੱਪ ਹੋ ਜਾਂਦਾ ਹੈ। ਉਹਨਾਂ ਅਨੁਸਾਰ ਸੁੰਨ ਕਝ ਵੀ ਨਹੀਂ ਹੈ।

ਪਰੰਤੂ ਗੁਰਬਾਣੀ ਇਸ ਕੁਝ ਵੀ ਨਹੀਂ ਦੀ ਅਵਸਥਾ ਵੇਲੇ ਵੀ ਅਕਾਲ ਪੁਰਖ ਨੂੰ ਹਾਜ਼ਰ ਮੰਨਦੀ ਹੈ। ਸੁੰਨ ਤੋਂ ਅੱਗੇ ਰੱਬ ਮੰਨਦੀ ਹੈ।

ਇਥੇ ਇਕ ਹੋਰ ਤੱਥ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਆਧੁਨਿਕ ਚਿੰਤਨ ਦੇ ਪ੍ਰਭਾਵ ਅਧੀਨ ਗੁਰਬਾਣੀ ਨੂੰ ਵਿਗਿਆਨ ਨਾਲ ਮੇਲ ਕੇ ਜਾਂ ਤੁਲਨਾ ਕਰਕੇ ਵੇਖਣ ਦੀ ਪ੍ਰਵਿਰਤੀ ਪੈਦਾ ਹੋਈ ਹੈ। ਵਾਸਤਵ ਵਿਚ ਅਸੀਂ ਗੁਰਬਾਣੀ ਦੀ ਰੌਸ਼ਨੀ ਵਿਚ ਤਾਂ ਵਿਗਿਆਨ ਨੂੰ ਵੇਖ ਤੇ ਪਰਖ ਸਕਦੇ ਹਾਂ ਪਰੰਤੂ ਵਿਗਿਆਨ ਦੀ ਰੌਸ਼ਨੀ ਵਿਚ ਗੁਰਬਾਣੀ ਨੂੰ ਘੋਖਣ ਤੇ ਪਰਖਣ ਦੀ ਕੋਈ ਮਜ਼ਬੂਰੀ ਨਹੀਂ ਬਣਦੀ। ਵਿਗਿਆਨ ਜਦੋਂ ਚਾਹੇ ਗੁਰਬਾਣੀ ਤੋਂ ਸੇਧ ਅਤੇ ਦਿਸ਼ਾ ਹਾਸਲ ਕਰ ਸਕਦੀ ਹੈ।

ਤੀਜਾ ਅਧਿਆਇ 'ਭਾਈ ਰਣਧੀਰ ਸਿੰਘ ਜੀ ਦਾ ਜੀਵਨ-ਬ੍ਰਿਤਾਂਤ ਅਤੇ ਧਾਰਮਿਕ ਅਨੁਭਵ' ਉੱਪਰ ਆਧਾਰਿਤ ਹੈ। ਇਸ ਅਧਿਆਇ ਵਿਚ ਥੀਸਿਸ ਲਈ ਆਧਾਰ ਸ੍ਰੋਤ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਹੈ। ਕਿਉਂਕਿ ਧਾਰਮਿਕ ਅਨੁਭਵ ਜੀਵਨ ਵਿਚ ਵਾਪਰਦਾ ਹੈ ਇਸ ਲਈ ਉਨ੍ਹਾਂ ਦੇ ਜੀਵਨ ਨੂੰ ਸਮਝਣਾ ਅਤਿ ਜ਼ਰੂਰੀ ਹੈ। ਭਾਈ ਰਣਧੀਰ ਸਿੰਘ ਜੀ ਵੀਹਵੀਂ ਸਦੀ ਦੇ ਪੂਰਨ ਗੁਰਸਿੱਖ, ਕਥਨੀ ਕਰਨੀ ਦੇ ਪੂਰੇ ਭਾਣਾ ਮੰਨਣਹਾਰ, ਅਨੇਕਾਂ ਜੇਲ੍ਹ ਤਸੀਹੇ ਚੱਲਣ ਵਾਲੇ, ਗੁਰਮਤਿ ਬਿਬੇਕੀ, ਨਾਮ ਰਸੀਏ, ਗੁਰਬਾਣੀ ਦੇ ਵਿਆਖਿਆਕਾਰ ਅਤੇ ਉੱਘੇ ਚਿੰਤਕ ਹੋਏ ਹਨ। ਇਸ ਸੰਬੰਧੀ ਮੂਲ ਸਰੋਤ ਵਜੋਂ ਭਾਈ ਸਾਹਿਬ ਰਚਿਤ *'ਜੇਲ੍ਹ-ਚਿੱਠੀਆਂ'* ਨੂੰ ਵਰਤਿਆ ਗਿਆ ਹੈ ਅਤੇ ਵੱਖ-ਵੱਖ ਵਿਦਵਾਨਾਂ ਦੇ ਭਾਈ ਸਾਹਿਬ ਦੇ ਜੀਵਨ ਤੇ ਸ਼ਖ਼ਸੀਅਤ ਸੰਬੰਧੀ ਵਿਚਾਰ ਵੀ ਸ਼ਾਮਿਲ ਕੀਤੇ ਗਏ ਹਨ। ਜੀਵਨ-ਬ੍ਰਿਤਾਂਤ ਵਿਚ ਜਨਮ, ਬਚਪਨ ਤੋਂ ਲੈ ਕੇ ਪੜ੍ਹਾਈ, ਰਹੱਸਮਈ ਘਟਨਾਵਾਂ, ਨਾਇਬ ਤਹਿਸੀਲਦਾਰ ਵਜੋਂ ਨਿਯੁਕਤੀ, ਨੌਕਰੀ ਛੱਡਣੀ, ਅੰਮ੍ਰਿਤ ਛਕਣ ਦੌਰਾਨ ਹੋਇਆ ਧਾਰਮਿਕ ਅਨੁਭਵ ਸ਼ਾਮਿਲ ਕੀਤਾ ਗਿਆ ਹੈ। ਫਿਰ ਐਬਟਾਬਾਦ ਜਾਣ ਦਾ ਪ੍ਰਸੰਗ ਅਤੇ ਉੱਥੇ ਨਿਵਾਸ ਦੌਰਾਨ ਹੋਏ ਧਾਰਮਿਕ ਅਨੁਭਵ, ਵਾਹਿਗੁਰੂ ਗੁਰਮੰਤਰ ਦ੍ਰਿੜ ਹੋਣਾ, ਨਿਰੰਕਾਰੀ ਜੋਤਿ ਦਾ ਪ੍ਰਤੱਖ ਧਾਰਮਿਕ ਅਨੁਭਵ ਦਰਜ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਭਾਈ ਸਾਹਿਬ ਦੇ ਸਿੱਖ ਸੰਸਥਾਵਾਂ ਵਿਚ ਯੋਗਦਾਨ, ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ ਅਤੇ ਭਾਈ ਸਾਹਿਬ ਦੇ ਗ਼ਦਰ ਲਹਿਰ ਵਿਚ ਯੋਗਦਾਨ ਦੀ ਨਵੇਂ ਸਿਰੇ ਤੋਂ ਭਾਵ ਧਾਰਮਿਕ ਅਨੁਭਵ ਦੇ ਪੱਖ ਤੋਂ ਘੋਖ ਪੜਤਾਲ ਵੀ ਕੀਤੀ ਗਈ ਹੈ।

ਇਸ ਉਪਰੰਤ ਵੱਖ-ਵੱਖ ਜੇਲ੍ਹਾਂ ਵਿਚ ਕੈਦ ਅਤੇ ਤਸ਼ੱਦਦ, ਸੈਂਟਰਲ ਜੇਲ੍ਹ ਲਾਹੌਰ ਵਿਚ, ਮੁਲਤਾਨ ਜੇਲ੍ਹ ਵਿਚ ਤਸੀਹੇ, ਹਜ਼ਾਰੀ ਬਾਗ ਜੇਲ੍ਹ ਵਿਚ, ਰਾਜਮੰਦਰੀ ਜੇਲ੍ਹ ਵਿਚ, ਨਾਗਪੁਰ ਜੇਲ੍ਹ ਦੀਆਂ ਤਕਲੀਫਾਂ/ਤਸ਼ੱਦਦ, ਲਾਹੌਰ ਜੇਲ੍ਹ ਅੰਦਰ ਭਗਤ ਸਿੰਘ ਨਾਲ ਮੁਲਾਕਾਤ ਤੇ ਰਿਹਾਈ ਅਤੇ ਜੇਲ੍ਹ ਯਾਤਰਾ ਪਿੱਛੋਂ ਦਾ ਜੀਵਨ ਦਰਸਾਇਆ ਗਿਆ ਹੈ। ਆਪ ਨੇ ਬੇਅੰਤ ਗੁਰਦੁਆਰਿਆਂ ਦੇ ਦਰਸ਼ਨ ਕੀਤੇ, ਅਖੰਡ ਪਾਠਾਂ ਤੇ ਰੈਣ ਸਬਾਈ ਅਖੰਡ ਕੀਰਤਨੀ ਸਮਾਗਮਾਂ ਦਾ ਪ੍ਰਵਾਹ ਜਾਰੀ ਰੱਖਿਆ। ਇਸ ਅਧਿਆਇ ਦੇ ਅਖੀਰੀ ਹਿੱਸੇ ਵਿਚ ਭਾਈ ਸਾਹਿਬ ਦੇ ਜਥੇ ਦੇ ਸਾਥੀ ਸਿੰਘਾਂ ਨਾਲ ਮਾਣੇ ਅਨੁਭਵ ਸਮਝੇ ਗਏ ਹਨ। ਇਸੇ ਤਰ੍ਹਾਂ ਭਾਈ ਸਾਹਿਬ ਨੂੰ ਵੱਖ-ਵੱਖ ਜੇਲ੍ਹਾਂ ਵਿਚ ਬੈਠਿਆਂ ਨੂੰ ਗੁਰਮੁਖ ਵਡਭਾਗੀਆਂ ਰੂਹਾਂ ਆਪਣੇ ਅਕਾਲ ਚਲਾਣੇ ਸਮੇਂ ਦਰਸ-ਦੀਦਾਰ ਦੇ ਕੇ ਗਈਆਂ। ਇਹ ਅਨੁਭਵ ਵੀ ਭਾਈ ਸਾਹਿਬ ਨੇ ਸਪੱਸ਼ਟ ਬਿਆਨੇ ਹਨ। 16 ਅਪ੍ਰੈਲ 1961 ਈ. ਆਪ ਨੇ ਸਭ ਨੂੰ ਆਖਰੀ ਫਤਿਹ ਬੁਲਾਈ ਅਤੇ ਵੇਖਦਿਆਂ ਹੀ ਤਿੰਨ ਵਾਰ ਵਾਹਿਗੁਰੂ ਸ਼ਬਦ ਉਚਾਰ ਕੇ ਸਵੇਰੇ ਸਾਢੇ ਸੱਤ ਵਜੇ ਆਪ 83 ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਭਾਈ ਰਣਧੀਰ ਸਿੰਘ ਜੀ ਨਾਮ ਰੰਗ ਵਿਚ ਰੰਗੀ ਹੋਈ ਅਨੁਭਵੀ ਸ਼ਖ਼ਸੀਅਤ ਸਨ। ਭਾਈ ਸਾਹਿਬ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਰਾਹੀਂ ਉਨ੍ਹਾਂ ਦੇ ਧਾਰਮਿਕ ਅਨੁਭਵ ਨੂੰ ਸਮਝਣ ਦਾ ਨਿਰਮੂਲ ਜਿਹਾ ਯਤਨ ਕੀਤਾ ਗਿਆ ਹੈ।

ਚੌਥਾ ਅਧਿਆਇ 'ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ' ਸਿਰਲੇਖ ਹੇਠ ਲਿਖਿਆ ਗਿਆ ਹੈ ਜੋ ਇਸ ਖੋਜ ਕਾਰਜ ਦਾ ਮੁੱਖ ਅਧਿਆਇ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਗੁਰਮਤਿ ਨਾਮ ਨਾਲ ਰੰਗਿਆ ਧਾਰਮਿਕ ਅਨੁਭਵ ਡੁੱਲ-ਡੁੱਲ ਪੈਂਦਾ ਹੈ। ਆਪ ਜੀ ਦੇ ਧਾਰਮਿਕ ਅਨੁਭਵ ਵਿਚੋਂ ਉਪਜੀ ਲਿਖਤ ਨੂੰ ਵਿਸਤਾਰ ਵਿਚ ਜਾਨਣ ਲਈ ਆਪ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਨੂੰ ਸਮਝਣਾ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਆਪਣਾ ਧਾਰਮਿਕ ਅਨੁਭਵ ਵੀ ਬਿਆਨ ਕੀਤਾ ਹੈ ਜਿਸ ਨੂੰ ਅਸੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਇਸ ਅਧਿਆਇ ਵਿਚ ਅਸੀਂ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਉਹਨਾਂ ਦੇ ਧਾਰਮਿਕ ਅਨੁਭਵ ਦੇ ਆਧਾਰ ਉਪਰ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ

ਦਰਗਾਹ, ਨਰਕ-ਸੁਰਗ, ਧਰਮਰਾਇ ਦੀ ਹਸਤੀ, ਧਰਮਰਾਇ ਦੀ ਦਰਗਾਹ, ਜਮਦੂਤਾਂ ਅਤੇ ਜਮਪੁਰੀ ਦੀ ਹੋਂਦ ਬਾਰੇ ਅਧਿਐਨ ਕੀਤਾ ਹੈ। ਇਸੇ ਤਰ੍ਹਾਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣਾ, ਜਮ ਅਤੇ ਮੌਤ ਵਿਚ ਅੰਤਰ, ਗੁਰਮਤਿ ਦੇ ਵਿਸ਼ੇ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ, ਦਸਮ ਦੁਆਰ ਅਤੇ ਦਸਮ ਦੁਆਰ ਖੁੱਲ੍ਹਣ ਦੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਵਿਚਾਰਾਂ ਰਾਹੀਂ ਉਹਨਾਂ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ। ਅਖੀਰ ਵਿਚ ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਰਾਹੀਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦਾ ਅਧਿਐਨ ਕੀਤਾ ਹੈ।

ਜਿਹੜੇ ਸਿੱਖਾਂ ਅੰਦਰ ਅਜੇ ਅਗਲੀ ਦੁਨੀਆ ਸੰਬੰਧੀ ਈਮਾਨ ਜਾਂ ਯਕੀਨ ਨਹੀਂ ਬੱਝਾ ਉਹਨਾਂ ਨੂੰ ਭਾਈ ਸਾਹਿਬ ਨੇ ਗੁਰਬਾਣੀ ਦੇ ਪ੍ਰਮਾਣਾਂ ਦੇ ਆਧਾਰ ਤੇ ਸਾਫ਼ ਕੀਤਾ ਹੈ ਕਿ ਅਗਲਾ ਜਹਾਨ ਹੈ। ਅਕਾਲ ਪੁਰਖ ਦੀ ਦਰਗਾਹ ਹੈ। ਧਰਮਰਾਇ ਦੀ ਕਚਹਿਰੀ ਵਿਚ ਲੇਖਾ ਵੀ ਦੇਣਾ ਪੈਂਦਾ ਹੈ। ਸੋ ਚੰਗੇ ਕਰਮ ਕਰਨੇ ਚਾਹੀਦੇ ਹਨ ਅਤੇ ਨਾਮ ਜਪਣਾ ਚਾਹੀਦਾ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਅਤੇ ਪੂਰੀ ਸ਼ਰਧਾ ਤੇ ਯਕੀਨ ਰੱਖਦੇ ਹੋਇਆਂ ਇਹ ਦੱਸਿਆ ਹੈ ਕਿ ਅਕਾਲ ਪੁਰਖ ਦੀ ਦਰਗਾਹ ਹੈ। ਅਗਲਾ ਜਹਾਨ ਭਾਵ ਅੱਗਾ ਹੈ ਅਤੇ ਸਾਨੂੰ ਇਸ ਸਚਾਈ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ ਤਾਂ ਜੋ ਇਹ ਮਨੁੱਖਾ ਜੀਵਨ ਸਫਲ ਹੋ ਸਕੇ। ਭਾਈ ਸਾਹਿਬ ਅਨੁਸਾਰ ਕੁਦਰਤ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ-ਮੰਡਲ ਭੀ ਸਾਜਨਹਾਰੇ ਨੇ ਸਾਜ ਰੱਖਿਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ-ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ ਦਾ ਥਾਪਿਆ ਧਰਮ ਰਾਜ ਬੈਠ ਕੇ ਨਿਆਉਂ ਬੀਚਾਰਦਾ ਹੈ। ਇਸ ਸੱਚੀ ਧਰਮਸਾਲ ਵਿਚ ਧਰਮ ਰਾਇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਕਰਦਾ ਹੈ। ਇਥੇ ਸੱਚਾ ਤੇ ਪੂਰਾ ਨਿਆਂ-ਨਿਬੇੜਾ (ਫੈਸਲਾ) ਹੁੰਦਾ ਹੈ। ਗੁਰਮੁਖਾਂ ਨੂੰ ਵਡਿਆਈ ਤੇ ਆਦਰ-ਮਾਨ ਮਿਲਦਾ ਹੈ ਪਰੰਤੂ ਮਨਮੁਖਾਂ ਨੂੰ ਦੰਡ ਤੇ ਸਜਾਵਾਂ ਮਿਲਦੀਆਂ ਹਨ।

ਇਹ ਠੀਕ ਹੈ ਕਿ ਗੁਰਬਾਣੀ ਦਾ ਜ਼ੋਰ ਕਰਮਵਾਦ ਉੱਤੇ ਐਨਾ ਨਹੀਂ ਜਿੰਨਾ ਦੈਵੀ ਹੁਕਮ ਅਤੇ ਭਾਣੇ ਉੱਤੇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।' (ਵਾਰ ਆਸਾ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473) ਦੇ ਸ਼ਬਦ ਰਾਹੀਂ ਇਹ ਮੁਹਰ ਲਾਈ ਹੈ ਕਿ ਜੀਵ ਹੁਕਮ ਅਨੁਸਾਰ ਸੰਸਾਰ ਅੰਦਰ ਆਉਂਦਾ ਹੈ ਤੇ ਹੁਕਮ ਅਨੁਸਾਰ ਹੀ ਦੁੱਖ-ਸੁੱਖ ਭੋਗ ਕੇ ਚਲਾ ਜਾਂਦਾ ਹੈ ਪਰੰਤੂ ਜਿਹੜੇ ਪ੍ਰਾਣੀ ਇਹ ਹੁਕਮ ਨਹੀਂ ਸਮਝਦੇ ਜਾਂ ਗੁਰੂ ਦੀ ਸਿੱਖਿਆ ਧਾਰਨ ਨਹੀਂ ਕਰਦੇ ਉਹ ਮਨਮੁਖੀ ਕਰਮ ਕਮਾਉਂਦੇ

ਹਨ। ਉਹਨਾਂ ਦਾ ਆਵਾਗਵਨ ਮਿਟਦਾ ਨਹੀਂ। ਅਜਿਹੇ ਨਿਗੁਰੇ ਮਨਮੁਖ ਜੋ ਨਾਮ ਨਹੀਂ ਜਪਦੇ ਸਗੋਂ ਦੂਜੇ ਭਾਇ ਦੀ ਮੋਹ ਮਾਇਆ ਵਿਚ ਉਲਝੇ ਰਹਿੰਦੇ ਹਨ ਉਹ ਅੱਗੇ ਜਾ ਕੇ ਪਛਤਾਉਂਦੇ ਹਨ ਅਤੇ ਜਮਦਰ ਵਿਖੇ ਬੱਧੇ ਜਾਂਦੇ ਹਨ। ਉਹਨਾਂ ਦੇ ਸਿਰ ਤੇ ਜਮਕਾਲ ਚੜ੍ਹਿਆ ਰਹਿੰਦਾ ਹੈ। ਵਾਰ-ਵਾਰ ਜਮਪੁਰੀ ਵਿਚ ਜਾ ਕੇ ਜਮਾਂ ਦੀਆਂ ਚੋਟਾਂ ਖਾਂਦੇ ਹਨ।

ਭਾਈ ਸਾਹਿਬ ਨੇ ਆਪਣੇ ਦ੍ਰਿੜ ਵਿਸ਼ਵਾਸ ਤੇ ਧਾਰਮਿਕ ਅਨੁਭਵ ਸਦਕਾ ਗੁਰਬਾਣੀ ਵਿਚੋਂ ਹੀ ਅਨੇਕਾਂ ਪ੍ਰਮਾਣਾਂ ਰਾਹੀਂ ਇਹ ਸਿੱਧ ਕੀਤਾ ਹੈ ਕਿ ਧਰਮ ਰਾਇ ਵਾਂਗ ਜਮਦੂਤ ਤੇ ਜਮਪੁਰੀ ਵੀ ਅਸਲ ਵਿਚ ਹਨ। ਇਹ ਕੋਈ ਮਹਿਜ਼ ਦ੍ਰਿਸ਼ਟਾਂਤ ਵਜੋਂ ਵਰਤੇ ਪ੍ਰਤੀਕ ਨਹੀਂ। ਜਿਨ੍ਹਾਂ ਗੁਰੂ ਪਿਆਰਿਆਂ ਨੂੰ ਇਹ ਦਿੱਬ-ਦ੍ਰਿਸ਼ਟੀ ਗੁਰੂ ਦੀ ਮਿਹਰ ਸਦਕਾ ਮਿਲੀ ਤਿਨ੍ਹਾਂ ਨੇ ਸਾਖਾਸ਼ਾਤ ਆਪਣੀ ਅੱਖੀਂ ਇਹ ਅਸਥਾਨ ਵੇਖੇ ਹਨ। ਭਾਈ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ ਵਿਚ ਨਾਮ ਦੇ ਪ੍ਰਤਾਪ ਨਾਲ, ਜਮਾਂ ਤੋਂ ਦੁਖੀ ਦੋ-ਤਿੰਨ ਵਿਅਕਤੀਆਂ ਦੀ ਖਲਾਸੀ ਕਰਵਾਈ ਸੀ। ਭਾਈ ਸਾਹਿਬ ਨੇ ਇਸ ਬਾਰੇ ਨਿੱਜੀ ਅਨੁਭਵ ਵੀ ਪ੍ਰਗਟ ਕੀਤਾ ਹੈ ਜਿਸ ਵਿਚ ਉਹਨਾਂ ਨੇ ਜਮਾਂ ਨੂੰ ਦੇਖ ਕੇ ਦੁਹਾਈਆਂ ਦਿੰਦੇ ਅਤੇ ਥਰ-ਥਰ ਕੰਬਦੇ ਕੁਝ ਪ੍ਰਾਣੀ ਦੇਖੇ ਸਨ।

ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਦੇ ਵਿਸ਼ਿਆਂ ਸੰਬੰਧੀ ਅਨੁਭਵੀ ਵਿਆਖਿਆ ਕੀਤੀ ਹੈ। ਆਪਣੀਆਂ ਰਚਨਾਵਾਂ ਵਿਚ ਗੁਰਮੰਤਰ ਕੀ ਹੈ? ਗੁਰਮੰਤਰ ਦੇ ਸਿਮਰਨ ਦੀ ਲੋੜ, ਗੁਰਮੰਤਰ ਸਿਮਰਨ ਦੇ ਗੁੱਝੇ ਭੇਦ, ਗੁਰਮੰਤਰ ਦੀ ਪਾਰਸ ਕਲਾ, ਅਜਪਾ ਜਾਪ, ਰਿਧੀਆਂ ਸਿਧੀਆਂ, ਮੰਨ ਦੀਆਂ ਮੁਰਾਦਾਂ ਤੇ ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ?, ਦੁਨਿਆਵੀ ਗਿਆਨ ਅਤੇ ਤੱਤ ਗਿਆਨ ਆਦਿ ਵਿਸ਼ਿਆਂ ਉਤੇ ਗੁਰਬਾਣੀ ਦੇ ਹਵਾਲੇ ਨਾਲ ਚਾਨਣਾ ਪਾਇਆ ਹੈ। ਵੱਡਾ ਨੁਕਤਾ ਇਹ ਹੈ ਕਿ ਗੁਰਬਾਣੀ ਦੇ ਫੁਰਮਾਨਾਂ ਦੇ ਜੋ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਕੇਵਲ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ।

ਭਾਈ ਸਾਹਿਬ ਦੱਸਦੇ ਹਨ ਕਿ ਦਸਮ ਦੁਆਰ ਪਰਮ ਪੁਰਖ ਦੀ ਘਾਟੀ ਹੈ। ਇਹ ਦਸਮ ਦੁਆਰ ਅਗਮ ਅਪਾਰ ਹੈ, ਇਸ ਨੂੰ ਗੁਰ-ਗੰਮ ਗਿਆਨ ਦੁਆਰਾ ਕੋਈ ਵਿਰਲਾ ਹੀ ਚੀਨਦਾ ਹੈ। ਦਸਮ ਦੁਆਰ ਵਿਚ ਦੀ ਹੋ ਕੇ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਪਰਮ ਪੁਰਖ ਦੀ ਘਾਟੀ ਇਹ ਦਸਮ ਦੁਆਰ ਇਸ ਕਰਕੇ ਹੈ ਕਿ ਇਸ ਰਾਹੀਂ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਸਰੀਰ ਰੂਪੀ ਹਾਟ(ਹਟੜੀ) ਦੇ ਉਪਰ

ਸਿਖਰ ਦਸਮ ਦੁਆਰ ਰੂਪੀ ਬਜਰ ਕਪਾਟੀ ਗੁਫ਼ਾ ਹੁਜਰਾ ਹੈ। ਬਜਰ ਕਪਾਟ ਦੇ ਖੁੱਲ੍ਹਣ ਨਾਲ ਦਸਮ ਦੁਆਰ ਦਾ ਉਘਾੜ ਹੋ ਜਾਂਦਾ ਹੈ।

ਭਾਈ ਸਾਹਿਬ ਅਨੁਸਾਰ ਮਨ ਇਕਾਗਰ ਹੋਣ ਸਾਰ ਅੰਮ੍ਰਿਤ ਨਾਮ ਦੀ ਫੁਹਾਰ ਅੰਤਰਿ-ਆਤਮੇ ਪੈਣ ਲੱਗ ਪੈਂਦੀ ਹੈ ਅਤੇ ਦਸਮ ਦੁਆਰ ਵਿਖੇ ਅਨਹਤ ਧੁਨੀਆਂ ਵਾਲੇ ਵਾਜੇ ਵੱਜਣ ਲੱਗ ਪੈਂਦੇ ਹਨ। ਇਸ ਦੇ ਨਾਲ ਹੀ ਦਸਮ ਦੁਆਰ ਤੋਂ ਅੰਮ੍ਰਿਤ ਦੀ ਧਾਰ ਚੋਣ ਲੱਗ ਪੈਂਦੀ ਹੈ, ਜਿਸ ਨੂੰ ਕਿ ਰਸੀਏ ਜਨ ਪੀਂਦੇ ਰਹਿੰਦੇ ਹਨ। ਇਹ ਸਭ ਕੁੱਝ ਗੁਰਮਤਿ ਨਾਮ ਦੇ ਅਖੰਡ ਜਾਪ ਦਾ ਪਰਤਾਪ ਹੈ। ਸਤਿਗੁਰੂ ਦੁਆਰਾ ਹੀ ਇਹ ਨਾਮ ਗੁਰਮੰਤ੍ਰ ਪ੍ਰਾਪਤ ਹੋ ਸਕਦਾ ਹੈ। ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ।

ਪੰਜਵੇਂ ਅਧਿਆਇ ਦਾ ਸਿਰਲੇਖ 'ਸਾਰ ਅਤੇ ਮੁੱਖ ਖੋਜ ਲੱਭਤਾਂ' ਹੈ ਇਸ ਵਿਚ ਖੋਜ ਕਾਰਜ ਦੇ ਚਾਰ ਅਧਿਆਇਆਂ ਦੀ ਖੋਜ ਦਾ ਸਾਰ ਪੇਸ਼ ਕੀਤਾ ਗਿਆ ਹੈ। ਭਾਈ ਸਾਹਿਬ ਸੱਚ ਨੂੰ ਸੱਚ ਕਹਿਣ ਦੀ ਜੁਰਅੱਤ (ਹਿੰਮਤ) ਵੀ ਰੱਖਦੇ ਸਨ। ਆਪ ਜੇਲ੍ਹ ਅਧਿਕਾਰੀਆਂ ਦੇ ਕੁਕਰਮਾਂ ਤੇ ਪਾਪਾਂ ਨੂੰ ਸਭਨਾਂ ਦੇ ਸਾਹਮਣੇ ਬੇਖੌਫ ਦੱਸ ਦਿੰਦੇ ਸਨ ਜਿਸ ਤੋਂ ਆਪ ਦੇ ਚੱਟਾਨ ਵਰਗੇ ਅਡੋਲ ਹੌਂਸਲੇ ਤੇ ਇਰਾਦੇ ਦਾ ਪਤਾ ਲੱਗਦਾ ਹੈ। ਆਪ ਨੇ ਸਦਾ ਹੱਕ, ਸੱਚ ਤੇ ਇਨਸਾਫ਼ ਦੀ ਗੱਲ ਕੀਤੀ, ਕਦੇ ਝੁਕੇ ਨਹੀਂ। ਜੇਲ੍ਹ ਅੰਦਰ ਵੀ 'ਸਲਾਮ' ਕਹਿਣ ਤੋਂ, ਅਣਮਤੀਆਂ, ਬੀੜੀ ਪੀਣੇ ਤੇ ਪਤਿਤਾਂ ਦੇ ਹੱਥੋਂ ਅੰਨ੍ਹ-ਪਾਣੀ ਲੈਣ ਤੋਂ ਇਨਕਾਰ ਕੀਤਾ ਜਿਸ ਕਾਰਨ ਆਪ ਨੂੰ ਕਈ ਵਾਰ ਫਾਕੇ ਵੀ ਕੱਟਣੇ ਪਏ।

ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਗੁਰਮਤਿ ਨਾਮ ਨਾਲ ਰੰਗੇ ਹੋਏ ਧਾਰਮਿਕ ਅਨੁਭਵ ਦੇ ਦਰਸ਼ਨ ਹੁੰਦੇ ਹੈ। ਇਨ੍ਹਾਂ ਰਚਨਾਵਾਂ ਵਿਚ ਭਾਈ ਸਾਹਿਬ ਨੇ ਆਪਣੇ ਨਿੱਜੀ ਅਨੁਭਵ ਨਿਰੰਕਾਰੀ ਜੋਤਿ (ਪਰਮਾਤਮਾ) ਸੰਬੰਧੀ ਕਈ ਥਾਈਂ ਪ੍ਰਗਟ ਕੀਤੇ ਹਨ। ਆਪ ਨੇ ਚੁੰਚ ਗਿਆਨੀ ਤੇ ਤੱਤ ਗਿਆਨੀ ਦਾ ਨਿਖੇੜਾ ਕਰਦਿਆਂ ਦੱਸਿਆ ਹੈ ਕਿ ਅਨੁਭਵ ਤੋਂ ਬਿਨਾਂ ਫਲਸਫਾ ਝਾੜਨਾ ਬੇਕਾਰ ਹੈ। ਜਿਨ੍ਹਾਂ ਨੂੰ ਗੁਰਮਤਿ ਨਾਮ ਦਾ ਰੰਗ ਨਹੀਂ ਚੜ੍ਹਿਆ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ ਬਚਨਾਂ, ਕਥਨਾਂ ਅਤੇ ਗੁਰੂ ਦੀਆਂ ਸਿੱਖਿਆਵਾਂ ਉਪਰ ਸ਼ੰਕਾ ਉੱਠਦਾ ਹੈ। ਇਸ ਦੇ ਉਲਟ ਨਾਮ ਵਿਚ ਭਿੱਜੀ ਰੂਹ ਤਾਂ ਗੁਰੂ ਦੀ ਬਾਣੀ ਨੂੰ ਅੱਖਰ ਅੱਖਰ ਸਤਿ ਸਤਿ ਕਰ ਕੇ ਮੰਨਦੀ ਹੈ।

ਆਪ ਦੀ ਪ੍ਰਾਪਤੀ ਇਹ ਹੈ ਕਿ ਆਪ ਨੇ ਅਕਾਲ ਪੁਰਖ, ਗੁਰੂ ਤੇ ਨਾਮ ਸੰਬੰਧੀ ਸਿਧਾਂਤਾਂ ਉੱਤੇ ਗੁਰਬਾਣੀ ਆਸ਼ੇ ਅਨੁਸਾਰ ਚਾਨਣਾ ਪਾਉਣ ਦੇ ਨਾਲ-ਨਾਲ ਮਰਨ ਪਿੱਛੋਂ ਅਗਲੀ ਦੁਨੀਆ ਦਾ ਜ਼ਿਕਰ ਵੀ ਕੀਤਾ ਹੈ ਜਿਸ ਵਿਚ ਨਰਕ, ਸਵਰਗ, ਧਰਮ ਰਾਇ, ਅਕਾਲ ਪੁਰਖ ਦੀ ਦਰਗਾਹ, ਪੁੰਨ ਪਾਪ ਦਾ ਨਿਬੇੜਾ, ਜਮਾਂ ਦੀ ਝਾਕੀ ਪਾਪੀ ਪੁਰਸ਼ਾਂ ਨੂੰ ਦਿਸਣੀ ਅਤੇ ਜਮਦੂਤਾਂ ਆਦਿ ਦੀ ਹੋਂਦ ਸਿੱਧ ਕੀਤੀ ਹੈ। ਇਸੇ ਤਰ੍ਹਾਂ ਜਪੁ ਜੀ ਸਾਹਿਬ ਦੇ ਪੰਜ ਖੰਡਾਂ, ਅਨਹਦ ਸ਼ਬਦ ਤੇ ਦਸਮ ਦੁਆਰ, ਵਾਹਿਗੁਰੂ, ਗੁਰਮੰਤ੍ਰ, ਅੰਮ੍ਰਿਤ ਛਕਣ ਉਪਰੰਤ ਵਾਪਰੀ ਕਲਾ, ਅਜਪਾ-ਜਾਪ ਤੇ ਨਾਮ ਅਭਿਆਸ ਕਮਾਈ ਕਰਨ ਸੰਬੰਧੀ ਸਿਧਾਂਤਾਂ ਅਤੇ ਤਰੀਕਿਆਂ ਉੱਤੇ ਵੀ ਚਾਨਣਾ ਪਾਇਆ ਹੈ। ਉਪਰੋਕਤ ਸਿਧਾਂਤਾਂ ਸੰਬੰਧੀ ਵਿਚਾਰਾਂ ਰਾਹੀਂ ਆਪ ਜੀ ਦਾ ਧਾਰਮਿਕ ਅਨੁਭਵ ਜ਼ਾਹਰ ਹੁੰਦਾ ਹੈ।

# ਅਧਿਆਇ - ਪਹਿਲਾ

# ਧਾਰਮਿਕ ਅਨੁਭਵ: ਅਰਥ ਅਤੇ ਸਿਧਾਂਤ

**ਜਾਣ-ਪਛਾਣ:** ਧਾਰਮਿਕ ਅਨੁਭਵ ਤੋਂ ਭਾਵ ਹੈ ਪਰਮਾਤਮਾ ਦਾ ਅਨੁਭਵ। ਧਾਰਮਿਕ ਅਨੁਭਵ ਦਾ ਇਹ ਵਿਸ਼ੇਸ ਲੱਛਣ ਹੈ ਕਿ ਇਹ ਸਮਝਣ ਵਾਲਾ ਵਰਤਾਰਾ ਨਹੀਂ ਹੈ ਕਿਉਂਕਿ ਇਸਨੂੰ ਸਮਝਣ ਲਈ ਬੌਧਿਕ ਕਸਰਤਾਂ ਛੋਟੀਆਂ ਰਹਿ ਜਾਂਦੀਆਂ ਹਨ। ਇਸਨੂੰ ਸਮਝਣ ਲਈ ਸਾਧਕ ਨੂੰ ਇਸਦੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਵਿਗਿਆਨਕ ਅਧਿਐਨ ਵੱਲੋਂ ਖੜ੍ਹੇ ਕੀਤੇ ਸਵਾਲਾਂ ਅਤੇ ਸ਼ੰਕਿਆਂ ਦਾ ਜਵਾਬ ਦੇਣ ਲਈ ਧਰਮ ਸ਼ਾਸਤਰੀਆਂ ਨੇ ਧਾਰਮਿਕ ਅਨੁਭਵ ਦਾ ਅਧਿਐਨ ਸ਼ੁਰੂ ਕੀਤਾ ਜਿਸ ਵਿਚ ਧਾਰਮਿਕ ਅਨੁਭਵ ਦੇ ਵਿਭਿੰਨ ਸਿਧਾਂਤ ਵਿਕਸਿਤ ਹੋਏ ਹਨ। ਇਸ ਅਧਿਆਇ ਵਿਚ ਧਾਰਮਿਕ ਅਨੁਭਵ ਦਾ ਅਰਥ, ਸੰਕਲਪ ਅਤੇ ਸਰੂਪ ਸਮਝਣ ਦਾ ਯਤਨ ਕੀਤਾ ਗਿਆ ਹੈ। ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁੱਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੋਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਤਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਤਹਿਤ ਵਿਭਿੰਨ ਧਰਮਾਂ ਜਿਵੇਂ-ਯਹੂਦੀ ਮਤਿ, ਈਸਾਈ ਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ।

**ਧਾਰਮਿਕ ਅਨੁਭਵ ਦਾ ਅਰਥ:** ਅਨੁਭਵ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਵੇਖਣ, ਸੁਣਨ, ਸੁੰਘਣ, ਚੱਖਣ, ਛੂਹਣ (ਸਪਰਸ਼) ਆਦਿ ਦੇ ਅਹਿਸਾਸ ਜਾਂ ਅਨੁਭਵ ਸ਼ਾਮਿਲ ਹੁੰਦੇ ਹਨ। ਅੰਗਰੇਜ਼ੀ ਸ਼ਬਦ Experience ਯੂਨਾਨੀ ਭਾਸ਼ਾ ਦੇ ਸ਼ਬਦ Emperia ਤੋਂ ਲਿਆ ਗਿਆ ਹੈ ਜਿਸਦਾ ਲਾਤੀਨੀ ਅਨੁਵਾਦ Experientia ਬਣਦਾ ਹੈ। ਅਜਿਹੇ ਅਨੁਭਵ ਆਮ ਜਾਂ ਹਰ ਸਾਧਾਰਨ ਮਨੁੱਖ ਕਰ ਸਕਦਾ ਹੈ ਇਸ ਲਈ ਇਹਨਾਂ ਅਨੁਭਵਾਂ ਨੂੰ ਆਮ ਜਾਂ ਸਾਧਾਰਨ ਅਨੁਭਵ ਕਿਹਾ ਜਾਂਦਾ ਹੈ। ਆਮ ਅਨੁਭਵ ਸੰਬੰਧੀ ਵੀ ਇਹ ਕਿਹਾ ਜਾ ਸਕਦਾ ਹੈ ਕਿ ਇਕੋ ਚੀਜ਼ ਦਾ ਅਨੁਭਵ ਦੋ ਵਿਅਕਤੀਆਂ ਨੂੰ ਵੱਖੋ-ਵੱਖਰਾ ਜਾਂ ਆਪੋ ਆਪਣਾ ਹੁੰਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਦੋ ਵਿਅਕਤੀ ਇਕ ਚੀਜ਼ ਨੂੰ ਇਕੋ ਜਿਹਾ ਬਰਾਬਰ ਅਨੁਭਵ ਕਰਨ। ਫਿਰ ਵੀ ਇਹ ਅਨੁਭਵ ਜਾਂ ਵੱਖੋ-ਵੱਖਰੇ ਅਹਿਸਾਸ ਇਸ ਭੌਤਿਕ ਸੰਸਾਰ ਤੋਂ ਪਾਰ ਕਿਸੇ ਉਚੇਰੀ ਦਸ਼ਾ/ਅਵਸਥਾ ਸੰਬੰਧੀ ਇਸ਼ਾਰਾ ਨਹੀਂ ਕਰ ਰਹੇ ਹੁੰਦੇ। ਜਦੋਂ ਕਿ ਧਾਰਮਿਕ ਅਨੁਭਵ ਵਿਚ ਹਮੇਸ਼ਾ ਇਸ ਦਿਸਦੇ-ਅਣਦਿਸਦੇ ਸੰਸਾਰ ਤੋਂ ਪਾਰ ਦੀ ਅਵਸਥਾ ਜਾਂ ਅੰਤਿਮ ਸਚਾਈ ਨੂੰ ਸਾਖਿਆਤ ਜਾਂ ਅਨੁਭਵ ਕੀਤਾ ਜਾਂਦਾ ਹੈ।

ਮਨੁੱਖੀ ਗਿਆਨ ਇੰਦਰੀਆਂ ਦੇ ਵਸਤਾਂ ਦੇ ਸੰਪਰਕ ਵਿਚ ਆਉਣ ਨਾਲ ਮਨ ਵਿਚ ਪੈਦਾ ਹੋਣ ਵਾਲੀਆਂ ਝਰਨਾਟਾਂ ਨੂੰ ਅਨੁਭਵ ਕਿਹਾ ਜਾਂਦਾ ਹੈ। ਹਰ ਇਕ ਅਨੁਭਵ ਕਿਸੇ ਨਾ ਕਿਸੇ ਸੰਚਾਰ ਸਾਧਨ; ਭਾਸ਼ਾ; ਸੰਕੇਤਾਂ ਜਾਂ ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਅਜਿਹਾ ਅਨੁਭਵ ਜਿਸ ਨੂੰ ਭਾਸ਼ਾ, ਸੰਕੇਤਾਂ ਜਾਂ ਕਿਸੇ ਕ੍ਰਿਆ ਰਾਹੀਂ ਪ੍ਰਗਟ ਨਾ ਕੀਤਾ ਜਾ ਸਕਦਾ ਹੋਵੇ ਉਸ ਨੂੰ ਅਨੁਭਵ ਨਹੀਂ ਕਿਹਾ ਜਾਂਦਾ। ਅੰਤਿਮ ਸੱਤਾ ਜੋ ਅਗਮ ਅਤੇ ਅਪਹੁੰਚ ਹੈ ਉਸ ਤਾਈਂ ਬੁੱਧੀ ਜਾਂ ਗਿਆਨ ਇੰਦਰੀਆਂ ਅਤੇ ਤਰਕ ਰਾਹੀਂ ਨਹੀਂ ਪਹੁੰਚਿਆ ਜਾ ਸਕਦਾ ਕਿਉਂਕਿ ਇਹਨਾਂ ਸਭਨਾਂ ਦੀਆਂ ਸੀਮਾਵਾਂ ਹੁੰਦੀਆਂ ਹਨ ਜਦੋਂ ਕਿ ਅੰਤਿਮ ਸੱਤਾ ਅਸੀਮ ਹੈ। ਇਸ ਲਈ ਇੱਥੇ ਧਾਰਮਿਕ ਅਨੁਭਵ ਨੂੰ ਵਿਸ਼ਾਲ ਅਰਥਾਂ ਵਿਚ ਸਮਝਣ ਦੀ ਲੋੜ ਹੈ।

*Encyclopaedia of Religion* ਅਨੁਸਾਰ, "ਧਾਰਮਿਕ ਅਨੁਭਵ ਦਾ ਸੰਕਲਪ ਅਨੁਭਵ ਦੇ ਵਿਸ਼ਾਲ ਪਰਿਪੇਖ ਵਿਚ ਹੀ ਸਮਝਿਆ ਜਾ ਸਕਦਾ ਹੈ ਜਿਸ ਦੇ ਸਿਧਾਂਤ ਵਿਸ਼ੇਸ਼ ਕਰਕੇ ਅਨੁਭਵ ਦੀ ਧਾਰਮਿਕਤਾ ਨਾਲ ਹੀ ਸੰਬੰਧਿਤ ਹੁੰਦੇ ਹਨ।"[1] ਜੋਕਿਮ ਵਾਕ ਨੇ ਰੱਬੀ ਅਨੁਭਵ ਦੇ ਜੋ ਮੁੱਖ ਲੱਛਣ ਬਿਆਨ ਕੀਤੇ ਹਨ, ਉਹ ਇਸ ਤਰ੍ਹਾਂ ਹਨ:

"ਇਹ ਪਰਮ ਸਤਿ ਪ੍ਰਤੀ ਮਨੁੱਖੀ ਰਵੱਈਆ ਹੁੰਦਾ ਹੈ ਅਤੇ ਮਨੁੱਖ ਅਤੇ ਮਨੁੱਖੀ ਜੀਵਨ ਦੀ ਸਮੁੱਚਤਾ ਨਾਲ ਸੰਬੰਧਿਤ ਹੁੰਦਾ ਹੈ। ਇਸ ਦੀ ਤੀਬਰਤਾ ਅਤੇ ਗਹਿਰਾਈ ਮਨੁੱਖ ਨੂੰ ਧੁਰ ਗਹਿਰਾਈਆਂ ਤਕ ਆਵੇਸ਼ਿਤ ਤੇ ਪ੍ਰੇਰਿਤ ਕਰਨ ਵਾਲੀ ਹੁੰਦੀ ਹੈ। ਅਜਿਹਾ ਅਨੁਭਵ ਕਿਸੇ ਨਾ ਕਿਸੇ ਭਾਂਤ ਦੇ ਮਨੁੱਖੀ ਕਰਮ ਵਿਚ ਵੀ ਪ੍ਰਗਟ ਹੁੰਦਾ ਹੈ।"[2]

"ਇਥੇ ਗਿਆਤਾ ਅਤੇ ਗੇਯ ਦਾ ਦਵੈਤ ਕੋਈ ਨਹੀਂ ਹੁੰਦਾ, ਅਰਥਾਤ ਇਹ ਅਭੇਦਤਾ ਦੁਆਰਾ ਪ੍ਰਾਪਤ ਗਿਆਨ ਹੁੰਦਾ ਹੈ। ਬੁੱਧੀ ਦੁਆਰਾ ਪ੍ਰਾਪਤ ਸਿਧਾਂਤਕ ਗਿਆਨ ਦੇ ਟਾਕਰੇ ਤੇ ਇਹ ਅਵੇਸ਼ਪੂਰਣ ਅਤੇ ਪ੍ਰੇਰਨਾਮਈ ਹੁੰਦਾ ਹੈ। ਇਸ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਵੀ ਬੌਧਿਕ ਅਤੇ ਮਨੁੱਖੀ ਯਤਨਾਂ ਦੀ ਥਾਂ ਰੱਬੀ

---

[1] James Alfred Martin Jr., Religious Experience, *Encyclopaedia of Religion,* Vol. 12, Mircea Eliade, (ed.), Macmillan Publishing Company, New York, 1987, p. 323, "The concept of religious experience is rooted in broader concepts of experience as such and in theories of what, if anything, is distinctively religious in experience."

[2] Joachm Wach (Joseph M. Kitgawa, Ed.), *The Comparative Study of Religions,* New York: Columbia University Press, 1958, pp 30-36. (ਹਵਾਲਾ; ਦਰਸ਼ਨ ਸਿੰਘ, *ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰ. 87).

ਮਿਹਰ ਤੇ ਚੋਣ ਦੁਆਰਾ ਸੰਭਵ ਹੁੰਦੀ ਹੈ। ਇਸ ਪ੍ਰਕਾਰ ਦੇ 'ਗਿਆਨ', 'ਅਨੁਭਵ' ਨੂੰ ਵੱਖ-ਵੱਖ ਧਾਰਮਿਕ ਪਰੰਪਰਾਵਾਂ ਦੇ ਪ੍ਰਸੰਗ ਵਿਚ ਰਿਵੀਲੀਸ਼ਨ, ਇਲਹਾਮ, ਸ਼ਰੁਤੀ ਗਿਆਨ, ਬੋਧ, ਕੇਵਲਯ, ਨਾਮ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ।"[3]

ਧਾਰਮਿਕ ਅਨੁਭਵ ਆਮ ਅਨੁਭਵ ਤੋਂ ਵਿਲੱਖਣ ਅਤੇ ਰਹੱਸਮਈ ਹੁੰਦਾ ਹੈ ਅਤੇ ਜਿਹੜਾ ਕਿਸੇ ਅਜਿਹੇ ਸੱਚ ਨੂੰ ਉਜਾਗਰ ਕਰਦਾ ਹੈ ਜੋ ਅਧਿਆਤਮਿਕਤਾ ਦੇ ਖੇਤਰ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਅਨੁਭਵ ਆਸਤਿਕ ਵੀ ਹੋ ਸਕਦਾ ਹੈ ਅਤੇ ਨਾਸਤਿਕ ਵੀ। ਭਾਵ ਧਾਰਮਿਕ ਅਨੁਭਵ ਵਿਚ ਮਨੁੱਖ ਈਸ਼ਵਰ ਦੀ ਹੋਂਦ ਨੂੰ ਮਹਿਸੂਸ ਵੀ ਕਰ ਸਕਦਾ ਹੈ ਅਤੇ ਈਸ਼ਵਰ ਤੋਂ ਬਗੈਰ ਕਿਸੇ ਹੋਰ ਨੈਤਿਕ ਜਾਂ ਅੰਤਿਮ ਸੱਚ ਨੂੰ ਵੀ ਅਨੁਭਵ ਕਰ ਸਕਦਾ ਹੈ।

"ਸਾਧਾਰਣ ਅਨੁਭਵ ਦੀ ਅਨੁਭੂਤੀ ਮਨ ਤੇ ਬੁੱਧੀ ਵਿਚ 'ਅਹੰ' ਰੂਪੀ ਗਿਆਨ ਨੂੰ ਬਲ ਦਿੰਦੀ ਹੈ। ਇਸ ਦੇ ਵਿਪਰੀਤ ਅਧਿਆਤਮਿਕ ਅਨੁਭਵ ਨਿਸ਼ਕ੍ਰਿਯਤਾ, ਆਪਾਸਮਰਪਣ, ਪੂਰਣ ਰੂਪਾਂਤਰਣ, ਆਤਮ ਗਿਆਨ ਦੀ ਪ੍ਰਾਪਤੀ ਕਰਵਾਉਂਦਾ ਹੈ।"[4]

ਵਜ਼ੀਰ ਸਿੰਘ ਅਨੁਸਾਰ, "ਮਨ ਵਿਚੋਂ ਸਾਰੀ ਸੋਚ ਨੂੰ ਡੋਬਣ ਦੇ ਤਜ਼ਰਬੇ ਭਾਰਤੀ ਯੋਗੀਆਂ, ਸਿੱਧ-ਪੁਰਸ਼ਾਂ ਨੇ ਕੀਤੇ ਹਨ; ਮਨ ਨੂੰ ਕੁਲ ਬਿੰਬਾਂ ਤੇ ਸੰਕਲਪਾਂ ਤੋਂ ਖਾਲੀ ਕਰ ਲੈਣਾ, ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਸ਼ਾਇਦ ਅਸੰਭਵ ਜਾਪੇ, ਪਰ ਰਹੱਸਵਾਦੀਆਂ ਦੇ ਦਾਅਵਿਆਂ ਦੇ ਰੂਬਰੂ ਮਨ ਦੀ ਸੁੰਨ-ਮਸੁੰਨਤਾ ਤੇ ਖਾਲੀਪਣ ਦੀ ਸੰਭਾਵਨਾ ਚਿਤਵੀ ਜਾ ਸਕਦੀ ਹੈ। ਨਿਰਵਿਕਲਪ ਸਮਾਧੀ ਦੇ ਤਜ਼ਰਬਿਆਂ ਵਿਚ ਉਚਤਮ ਹਕੀਕਤ ਸੰਬੰਧੀ ਸਭ ਸੰਕਲਪ ਤਿਆਗ ਕੇ, ਚੇਤਨਾ ਵਿਚੋਂ ਸਭ ਸੋਚਾਂ ਤੇ ਬਿੰਬ ਕੱਢ ਕੇ, ਅਤੇ ਭਾਸ਼ਾ ਨੂੰ ਭੁਲਾ ਕੇ, ਅਰੂਪ ਤੱਤ ਦਾ ਅਨੁਭਵ ਮਾਣਿਆ ਗਿਆ ਹੈ। 'ਅਨੁਭਵ' ਨੂੰ ਸ਼ਾਇਦ ਮਾਨਸਿਕਤਾ ਵਿਚੋਂ ਬੇਦਖਲ ਨਹੀਂ ਕੀਤਾ ਜਾ ਸਕਿਆ। ਸੁੰਨ ਦਾ ਅਨੁਭਵ ਵੀ ਆਖ਼ਿਰ ਅਨੁਭਵ ਹੈ; ਜਿਸ ਨੂੰ ਅਨੁਭਵਹੀਨਤਾ ਕਿਹਾ ਜਾ ਸਕਦਾ ਹੈ, ਉਹ ਵੀ ਆਖ਼ਿਰ ਕਿਸੇ-ਨਾ-ਕਿਸੇ ਪ੍ਰਕਾਰ ਦਾ ਅਨੁਭਵ ਹੀ ਹੈ।"[5]

---

[3] ਦਰਸ਼ਨ ਸਿੰਘ, *ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰ. 87.

[4] ਅੰਮ੍ਰਿਤਪਾਲ ਕੌਰ, *ਗੁਰਬਾਣੀ: ਸੰਚਾਰ ਵਿਗਿਆਨ,* ਹਰ ਆਨੰਦ ਪਬਲਿਕੇਸ਼ਨਜ਼, ਦਿੱਲੀ, 1995, ਪੰ. 49.

[5] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 105.

ਅਸਲ ਵਿਚ ਇਸ ਅਵਸਥਾ ਨੂੰ ਸਾਧਕਾਂ ਨੇ ਸੁੰਨ-ਸਮਾਧ ਦੀ ਅਵਸਥਾ ਮੰਨਿਆ ਹੈ ਜਿੱਥੇ 'ਅਨਹਦ ਨਾਦ' ਦਾ ਵਾਸਾ ਹੈ ਅਤੇ ਜਿਸ ਦੇ ਅਚਰਜ, ਵਿਸਮਾਦੀ ਸਰੂਪ ਨੂੰ ਵਰਣਨ ਕਰਨਾ ਅਤਿ ਕਠਿਨ ਹੈ। ਅਨੁਭਵ ਦੀ ਇਸ ਅਵਸਥਾ ਦੌਰਾਨ ਨਿੰਰਕਾਰੀ ਜੋਤਿ ਦਾ ਪ੍ਰਕਾਸ਼ ਸਾਧਕਾਂ ਨੂੰ ਨਿਰੰਕਾਰ ਪ੍ਰਭੂ ਨਾਲ ਰੌਸ਼ਨ ਕਰ ਦਿੰਦਾ ਹੈ ਜਿਸ ਦੀ ਸਾਧਕਾਂ ਨੇ ਗੂੰਗੇ ਦੀ ਗੁੜ ਖਾ ਕੇ ਦੱਸਣ ਵਾਲੀ ਅਸਮਰੱਥਾ ਨਾਲ ਤੁਲਨਾ ਕੀਤੀ ਹੈ।

**ਧਾਰਮਿਕ ਅਨੁਭਵ ਦਾ ਸੰਕਲਪ** : ਧਾਰਮਿਕ ਅਨੁਭਵ ਬਾਰੇ ਵਰਨਣ ਸਭ ਧਰਮਾਂ ਵਿਚ ਥੋੜੇ ਬਹੁਤ ਫਰਕ ਨਾਲ ਵੇਖਣ ਨੂੰ ਮਿਲਦੇ ਹਨ ਕਿਉਂਕਿ ਧਾਰਮਿਕ ਅਨੁਭਵ ਹਰੇਕ ਵਿਅਕਤੀ ਦਾ ਆਪਣਾ ਅਤੇ ਵੱਖਰਾ ਅਨੁਭਵ ਹੁੰਦਾ ਹੈ ਅਤੇ ਆਪਣੇ ਅਸਤਿਤਵ ਨਾਲ ਹਰ ਕੋਈ ਅਨੁਭਵ ਗ੍ਰਹਿਣ ਕਰਦਾ ਹੈ। ਅਨੁਭਵਵਾਦੀ ਪਹਿਲਾਂ ਆਪਣੇ ਮਨ ਵਿਚ ਆਪਣੇ ਰੱਬ ਦਾ ਕੋਈ ਨਾ ਕੋਈ ਅਕਸ ਤਿਆਰ ਕਰਦਾ ਹੈ। ਜਿਵੇਂ ਦੇ ਕਿਸੇ ਵਿਅਕਤੀ ਦੇ ਰੱਬ ਪ੍ਰਤੀ ਵਿਸ਼ਵਾਸ ਹੋਣਗੇ ਉਵੇਂ ਦਾ ਹੀ ਉਸ ਨੂੰ ਧਾਰਮਿਕ ਅਨੁਭਵ ਹੋਵੇਗਾ। ਇਸ ਅਨੁਭਵ ਵਿਚ ਆਪਣੇ ਵਿਸ਼ਵਾਸ ਭਾਵ ਉਸ ਅੰਤਿਮ ਸੱਤਾ ਦੀ ਹੋਂਦ/ਅਹਿਸਾਸ ਵਿਅਕਤੀ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ। ਇਸ ਸਭ ਵਿਚ ਵਿਅਕਤੀ ਦਾ ਆਲਾ-ਦੁਆਲਾ, ਧਾਰਮਿਕ ਵਿਸ਼ਵਾਸ, ਸੱਭਿਆਚਾਰ ਮਾਹੌਲ ਆਦਿ ਕਈ ਹੋਰ ਤੱਤ ਵੀ ਸਹਾਈ ਹੁੰਦੇ ਹਨ। ਧਾਰਮਿਕ ਅਨੁਭਵ ਨਿੱਜੀ ਹੋਣ ਦੇ ਨਾਲ-ਨਾਲ ਸਮੂਹਿਕ ਵੀ ਹੁੰਦਾ ਹੈ ਜਿਵੇਂ ਅਰਦਾਸ, ਸਮਾਧੀ, ਪੂਜਾ ਜਾਂ ਸੰਗਤ ਰਾਹੀਂ ਇਕੱਠੇ ਹੋਏ ਲੋਕ ਜੋ ਅਨੁਭਵ ਗ੍ਰਹਿਣ ਕਰਦੇ ਹਨ ਉਸ ਨੂੰ ਸਮੂਹਿਕ ਅਨੁਭਵ ਕਿਹਾ ਜਾਂਦਾ ਹੈ।

ਧਾਰਮਿਕ ਅਨੁਭਵ ਦਾ ਇਕ ਹੋਰ ਜ਼ਰੂਰੀ ਤੱਤ ਇਸਦਾ ਰਹੱਸਮਈ ਹੋਣਾ ਹੈ ਕਿਉਂਕਿ ਧਾਰਮਿਕ ਦੈਵੀ-ਅਨੁਭਵ ਪ੍ਰਾਪਤ ਕਰਨ ਵਾਲੇ ਇਹ ਨਹੀਂ ਦੱਸ ਸਕਦੇ ਕਿ ਇਹ ਕਿਹੋ ਜਿਹਾ ਹੁੰਦਾ ਹੈ। ਉਨ੍ਹਾਂ ਦਾ ਇਹ ਅਨੁਭਵ ਕਿਸੇ ਅਵਸਥਾ ਨੂੰ ਮਹਿਸੂਸ ਕਰਨ ਦਾ ਮਹਿਜ ਇਕ ਗੁੱਝਾ ਭੇਦ ਸੀ, ਜਾਂ ਸੱਚਮੁਚ ਕੋਈ ਚਮਤਕਾਰੀ ਘਟਨਾ ਸੀ ਜਿਸ ਨਾਲ ਉਨ੍ਹਾਂ ਦਾ ਆਪਾ (ਅੰਦਰ-ਬਾਹਰ) ਰੁਸ਼ਨਾ ਗਿਆ, ਇਸ ਦੀ ਜਾਂਚ-ਪਰਖ ਜਾਂ ਪੜਤਾਲ ਕਰਨ ਲਈ ਕੋਈ ਨਿਯਮ ਪੱਕੇ ਤੌਰ ਤੇ ਨਹੀਂ ਮਿਲਦੇ। ਜਿਨ੍ਹਾਂ ਨੂੰ ਇਹ ਅਨੁਭਵ ਹੋਇਆ ਹੈ ਉਹ ਵੀ ਪੂਰੀ ਤਰ੍ਹਾਂ ਨਹੀਂ ਦੱਸ ਸਕੇ ਕਿ ਇਹ ਕਿਸ ਤਰ੍ਹਾਂ ਦਾ ਹੁੰਦਾ ਹੈ। ਜਦੋਂ ਇਹ ਪ੍ਰਾਪਤ ਹੋ ਜਾਵੇ ਤਾਂ ਇਸ ਨੂੰ 'ਕਥਨਾ ਕਰੜਾ ਸਾਰ' ਹੋ ਜਾਂਦਾ ਹੈ ਅਤੇ ਜੇਕਰ ਇਸ ਅਨੁਭਵ ਬਾਰੇ ਕਥਨ ਕੀਤਾ ਵੀ ਜਾਵੇ ਤਾਂ ਇਸ ਨੂੰ ਸਮਝਣਾ ਬੜਾ ਔਖਾ ਹੈ। ਸੁਣਨ ਵਾਲਾ ਭਾਵ ਦੂਸਰਾ ਵਿਅਕਤੀ ਉਸ 'ਤੇ ਘੱਟ ਵਿਸ਼ਵਾਸ ਕਰਦਾ ਹੈ

ਕਿਉਂਕਿ ਉਸ ਕੋਲ ਅਨੁਭਵ ਨਹੀਂ ਹੁੰਦਾ। ਆਮ ਅਨੁਭਵ ਦੀ ਹਰ ਕੋਈ ਪਰਖ ਕਰ ਸਕਦਾ ਹੈ ਪਰ ਧਾਰਮਿਕ ਅਨੁਭਵ ਸਾਡੇ ਪਰਖੇ ਗਿਆਨ ਨਾਲੋਂ ਉਚੱਤਮ ਹੁੰਦਾ ਹੈ ਜਿਸ ਕਰਕੇ ਇਸ ਨੂੰ ਬਿਆਨ ਜਾਂ ਪੇਸ਼ ਕਰਨਾ ਮੁਸ਼ਕਿਲ ਹੁੰਦਾ ਹੈ। ਪਰੰਤੂ ਇਸ ਸਭ ਦੇ ਬਾਵਜੂਦ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮਹਿਜ ਕਪੋਲ-ਕਲਪਨਾ ਜਾਂ ਮਨੁੱਖੀ ਦਾਇਰੇ ਦੇ ਵਸੋਂ ਬਾਹਰੀ ਹੈ। ਇਹ ਤਾਂ ਬੱਸ ਗੂੰਗੇ ਦੇ ਮਠਿਆਈ ਖਾ ਕੇ ਸਵਾਦ ਦੱਸਣ ਵਾਲੀ ਉਲਝਣ ਹੈ। ਫਿਰ ਵੀ ਇਸ ਦੀ ਹੋਂਦ ਜਾਂ ਵਾਪਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹ ਪਰਮ ਸੱਤਾ ਜੋ ਗਿਆਨ ਤੇ ਅਨੁਭਵ ਤੋਂ ਪਾਰ (beyond) ਹੈ, ਉਸ ਨੂੰ ਬਿਆਨ ਕਰਨ ਲਈ ਆਮ ਭਾਸ਼ਾ ਸੀਮਤ ਰਹਿ ਜਾਂਦੀ ਹੈ। ਇਸ ਕਰਕੇ ਰਹੱਸਮਈ ਲੋਕ ਆਪਣੇ ਅਨੁਭਵ ਨੂੰ ਪ੍ਰਤੀਕਾਂ (symbols) ਤੇ ਅੰਲਕਾਰਾਂ ਰਾਹੀਂ ਬਿਆਨ ਕਰਨ ਦੇ ਯਤਨ ਕਰਦੇ ਹਨ।

ਧਾਰਮਿਕ ਅਨੁਭਵ ਭਾਵੇਂ ਮੂਲ ਰੂਪ ਵਿਚ ਧਾਰਮਿਕ ਵਿਅਕਤੀ ਨਾਲ ਪ੍ਰਤੱਖ ਰੂਪ ਵਿਚ ਸੰਬੰਧਿਤ ਹੁੰਦਾ ਹੈ, ਪਰੰਤੂ ਅਪ੍ਰਤੱਖ ਰੂਪ ਵਿਚ ਇਹ ਉਨ੍ਹਾਂ ਲੋਕਾਂ ਨਾਲ ਵੀ ਸੰਬੰਧਿਤ ਹੈ ਜੋ ਆਪ ਇਸ ਅਨੁਭਵ ਤੋਂ ਭਾਵੇਂ ਕੋਰੇ ਹਨ ਪਰੰਤੂ ਇਸ ਅਨੁਭਵ ਦੇ ਅਸਲੀ ਹੋਣ ਉੱਤੇ ਵਿਸ਼ਵਾਸ ਕਰਦੇ ਹਨ ਅਤੇ ਇਸ ਨੂੰ ਭਰਮ ਜਾਂ ਮਾਇਆ ਨਹੀਂ ਮੰਨਦੇ। ਕਈ ਵਿਰਲੇ ਪੁਰਸ਼ ਅਜਿਹੇ ਹਨ ਜਿਨ੍ਹਾਂ ਨੂੰ ਉਹ ਪਰਮ ਹਸਤੀ ਇਤਨੀ ਪ੍ਰਤੱਖ ਤੇ ਸਾਖਸ਼ਾਤ ਦਿੱਸਦੀ ਹੈ, ਜਿਤਨੀ ਆਮ ਸੰਸਾਰੀ ਪੁਰਸ਼ਾਂ ਨੂੰ ਬਾਹਰਮੁਖੀ ਦੁਨੀਆ ਦਿਸਦੀ ਹੈ। ਪਰਮ-ਆਤਮਾ ਨਾਲ ਆਤਮਾ ਦਾ ਸੰਜੋਗ ਹੋਣਾ ਅਤੇ ਉਸ ਤੋਂ ਉਪਜੇ ਗਿਆਨ ਤੇ ਸ਼ਰਧਾ ਆਦਿ ਜੋ ਸਾਡੇ ਲਈ ਮੰਨਣਯੋਗ ਤੇ ਅਨੁਭਵ ਦੇ ਸਿਰਫ ਪਲ ਭਰ ਦੇ ਝਲਕਾਰੇ ਮਾਤਰ ਹਨ, ਉਹ ਅਨੁਭਵੀ ਪੁਰਸ਼ਾਂ ਲਈ ਬਿਲਕੁਲ ਆਮ ਤੇ ਸਰਵ-ਵਿਆਪੀ ਗੱਲਾਂ ਹਨ। ਇਸ ਅਨੁਭਵ ਨੂੰ ਆਤਮਿਕ ਪੱਧਰ ’ਤੇ ਮਹਿਸੂਸ ਕੀਤਿਆਂ ਹੀ ਜਾਣਿਆ ਜਾ ਸਕਦਾ ਹੈ।

ਧਾਰਮਿਕ ਅਨੁਭਵ ਰਾਹੀਂ ਵਿਅਕਤੀ ਦੀ ਕਾਇਆ ਪਲਟ ਜਾਂਦੀ ਹੈ। ਜਿਵੇਂ ਚੰਦ, ਤਾਰੇ ਅਸੀਂ ਸਾਰੇ ਵੇਖ ਸਕਦੇ ਹਾਂ ਪਰ ਉਸਦਾ (ਅਨੁਭਵੀ ਦਾ) ਨਜ਼ਰੀਆ ਇਨ੍ਹਾਂ ਪ੍ਰਤੀ ਸਾਡੇ ਤੋਂ ਭਿੰਨ ਹੋਵੇਗਾ। ਪੱਥਰ ਸਭ ਲਈ ਮਜ਼ਬੂਤ ਹੈ, ਆਕਾਸ਼ ਸਭ ਲਈ ਨੀਲਾ ਹੈ, ਪਰ ਰੱਬ ਕਿਹੋ ਜਿਹਾ ਹੈ ਇਹ ਉਹੀ ਜਾਣ ਸਕਦਾ ਹੈ ਜਿਸਦਾ ਉਸ ਨਾਲ ਮੇਲ ਹੁੰਦਾ ਹੈ। ਸ਼ਾਇਦ ਇਸ ਕਰਕੇ ਉਸ ਸਚਾਈ ਬਾਰੇ ਲੋਕਾਂ ਦੇ ਨਜ਼ਰੀਏ ਵੱਖੋ-ਵੱਖਰੇ ਹੋ ਜਾਂਦੇ ਹਨ ਕਿਉਂਕਿ ਹਰ ਕੋਈ ਆਪਣੇ ਚਿਤਵੇ ਗਿਆਨ ਨਾਲ ਉਸ ਨਾਲ ਮੇਲ ਕਰਨ ਦਾ ਯਤਨ ਕਰਦਾ

ਹੈ ਇਸ ਕਰਕੇ ਰੱਬ ਕੁਝ ਦੀਆਂ ਨਜ਼ਰਾਂ ਵਿਚ ਗੌਤਮ ਬੁੱਧ ਹੈ ਅਤੇ ਕੁਝ ਦੀਆਂ ਨਜ਼ਰਾਂ ਵਿਚ ਈਸਾ ਹੈ। ਧਾਰਮਿਕ ਅਨੁਭਵ ਦੀ ਵੱਖਰੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਇਸ ਵਿਚ ਵਿਅਕਤੀ ਸੰਸਾਰਕ ਚੀਜ਼ਾਂ ਤੇ ਪਸਾਰੇ ਤੋਂ ਵੱਖਰੀ ਕਿਸੇ ਹੋਰ ਅੰਤਿਮ ਸਚਾਈ ਦੇ ਸੰਪਰਕ ਵਿਚ ਆਉਂਦਾ ਹੈ।

ਸਰਦੂਲ ਸਿੰਘ ਕਵੀਸ਼ਰ ਨੇ ਇਸ ਉਲਝਣ ਨੂੰ ਸਮਝਣ ਦਾ ਯਤਨ ਕਰਦਿਆਂ ਲਿਖਿਆ ਹੈ ਕਿ, "ਅਪਰੰਪਾਰ ਨਿਰੰਕਾਰ ਨੂੰ ਵਰਣਨ ਕਰਨ ਲਈ ਸਭ ਤੋਂ ਸੌਖਾ ਤਰੀਕਾ 'ਬੇਅੰਤ' ਜਾਂ 'ਅਕਾਲ' ਦੇ ਪਦ ਵਰਤਣ ਦਾ ਹੈ। ਅਸਲ ਗੱਲ ਇਹ ਹੈ ਕਿ ਮਨੁੱਖ ਦੇਸ ਤੇ ਕਾਲ ਦੀਆਂ ਹੱਦਾਂ ਵਿਚ ਹੈ, ਇਸ ਲਈ ਅਕਾਲ ਪੁਰਖ ਨੂੰ ਕਥਨ ਕਰਨ ਲਈ ਸਾਡੇ ਪਾਸ ਇਕੋ ਹੀ ਤਰੀਕਾ ਹੈ, ਅਰਥਾਤ ਇਹ ਕਹਿਣਾ ਕਿ ਉਹ ਸਾਡੇ ਮਨ ਦੇ ਵਿਚਾਰਾਂ ਤੋਂ ਪਰ੍ਹੇ ਹੈ। ਹਰ ਵਸਤੂ ਚਾਹੇ ਦ੍ਰਿਸ਼ਟੀਮਾਨ, ਰੂਪਮਾਨ ਪਦਾਰਥ ਹੋਵੇ, ਜਾਂ ਜਿਸ ਦਾ ਮਨ ਅਨੁਭਵ ਕਰੇ, ਦੇਸ਼ ਦੇ ਕਾਲ ਦੀ ਹੱਦਬੰਦੀ ਵਿਚ ਹੁੰਦਾ ਹੈ। ਸਾਰਾ ਸੰਸਾਰ ਇਨ੍ਹਾਂ ਦੋਹਾਂ ਹੱਦਾਂ ਦੇ ਘੇਰੇ ਵਿਚ ਹੀ ਹੈ। ਸਾਡਾ ਮਨ ਇਨ੍ਹਾਂ ਹੱਦਾਂ ਨੂੰ ਟਪ ਨਹੀਂ ਸਕਦਾ।"[6] ਇਸ ਕਰਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਉਸ ਹਸਤੀ ਨੂੰ, ਜੋ ਮਨ ਦੀ ਪਹੁੰਚ ਤੋਂ ਪਰ੍ਹੇ ਹੈ, ਬਿਆਨ ਕਰਨ ਲਈ ਭਾਵੇਂ ਕਿਤਨਾ ਵੀ ਯਤਨ ਕਰੀਏ, ਫੇਰ ਵੀ ਉਸ ਨੂੰ ਕਥਨਾ ਔਖਾ ਹੈ ਅਤੇ ਧਾਰਮਿਕ ਅਨੁਭਵ ਨੂੰ ਸ਼ਬਦਾਂ ਦੇ ਘੇਰੇ ਵਿਚ ਬੰਨਣਾ ਮੁਸ਼ਕਿਲ ਹੈ।

**ਧਾਰਮਿਕ ਅਨੁਭਵ ਦਾ ਸਰੂਪ** : ਧਾਰਮਿਕ ਅਨੁਭਵ ਦਾ ਅਧਿਐਨ ਕਰਨ ਵਾਂਗ ਇਸਦਾ ਸਰੂਪ ਨਿਸ਼ਚਿਤ ਕਰਨਾ ਵੀ ਔਖਾ ਕਾਰਜ ਹੈ। ਅਸਲ ਵਿਚ ਧਾਰਮਿਕ ਅਨੁਭਵ ਕਿਸੇ ਵਿਸ਼ੇਸ ਧਰਮ ਦਾ ਵਿਸ਼ੇਸ ਪੱਖ ਨਾ ਹੋ ਕੇ ਧਰਮ ਵਿਚ ਵਿਆਪਕ ਮਨੁੱਖੀ ਆਤਮਾ ਦੀ ਅਧਿਆਤਮਿਕ ਪ੍ਰਵਿਰਤੀ ਦਾ ਸੂਚਕ ਹੈ। ਇਸ ਅਨੁਭਵ ਸਮੇਂ ਮਨੁੱਖ ਸੰਸਾਰ ਦੇ ਬਾਹਰੀ ਬੰਧਨਾਂ ਤੋਂ ਮੁਕਤ ਹੋ ਕੇ ਅਨੰਤ ਤੇ ਸਦੀਵੀ ਅਸਲੀਅਤ ਵਿਚ ਕੁਝ ਸਮੇਂ ਲਈ ਸਮਾ ਜਾਂਦਾ ਹੈ। ਪਾਠ ਕਰਨਾ, ਅਰਦਾਸ ਕਰਨਾ, ਸਮਾਧੀ, ਧਿਆਨ ਆਦਿ ਇਸ ਦੇ ਸਾਧਨ ਹੋ ਸਕਦੇ ਹਨ ਪਰੰਤੂ ਅੰਤਿਮ ਲਕਸ਼ ਜਾਂ ਕੇਂਦਰੀ ਤੱਤ ਨਹੀਂ।

ਪਰਮਾਤਮਾ ਨੂੰ ਬੁੱਧੀ ਰਾਹੀਂ ਨਹੀਂ ਸਗੋਂ ਅਨੁਭਵ ਰਾਹੀਂ ਪਾਇਆ ਜਾ ਸਕਦਾ ਹੈ। ਇੱਥੇ ਸਮੱਸਿਆ ਇਹ ਹੈ ਕਿ ਅਸੀਂ ਅਨੁਭਵ ਲਈ ਜ਼ਰੂਰੀ ਸ਼ਰਤਾਂ ਨਹੀਂ ਦੱਸ ਸਕਦੇ। ਜੇਕਰ ਕੁਝ ਨਿਯਮ ਦੱਸੇ ਵੀ ਜਾਣ ਤਾਂ

[6] ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਵਜ਼ੀਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰ. 12.

ਵੀ ਜਰੂਰੀ ਨਹੀਂ ਕਿ ਉਹਨਾਂ ਸਾਧਨਾਂ ਰਾਹੀਂ ਧਾਰਮਿਕ ਅਨੁਭਵ ਵਾਪਰ ਜਾਏ। ਕਈ ਅਜਿਹੇ ਹਨ ਜੋ ਨਾਮ ਰੰਗ ਵਿਚ ਸਾਰੀ ਉਮਰ ਬਿਤਾ ਦਿੰਦੇ ਹਨ ਪਰ ਅਨੁਭਵ ਤੋਂ ਵਾਂਝੇ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਨ ਅਤੇ ਕਈ ਬਗੈਰ ਯਤਨ ਕੀਤਿਆਂ ਹੀ ਉਸਦੀ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ ਬਣ ਜਾਂਦੇ ਹਨ।

ਸੰਸਾਰਕ ਮਨੁੱਖ ਮੈਂ ਅਤੇ ਤੂੰ ਦੇ ਸੰਵਾਦ ਵਿਚ ਜੀਵਨ ਬਤੀਤ ਕਰਦਾ ਹੈ ਪਰੰਤੂ ਸਾਧਕ ਲਈ ਮਨੁੱਖੀ ਵੰਡੀਆਂ ਦੀ ਅਹਿਮੀਅਤ ਖਤਮ ਹੋ ਜਾਂਦੀ ਹੈ। ਧਾਰਮਿਕ ਅਨੁਭਵ ਵਿਚ ਮਨੁੱਖ ਦਾ ਸਾਰਾ ਆਪਾ ਸ਼ਾਮਿਲ ਹੁੰਦਾ ਹੈ। ਤੋਹੀ-ਮੋਹੀ ਮੋਹੀ-ਤੋਹੀ ਦਾ ਅੰਤਰ ਨਹੀਂ ਰਹਿੰਦਾ। ਉਸ ਪ੍ਰੀਤਮ ਪਿਆਰੇ ਦੇ ਦੀਦਾਰੇ ਦੀ, ਦਰਸ ਮਿਲਾਪ ਦੀ ਤਾਂਘ ਸਦਾ ਬਣੀ ਰਹਿੰਦੀ ਹੈ। ਹਉਂ-ਮੈਂ ਵਾਲੀ ਭਾਵਨਾ ਮਿੱਟ ਜਾਂਦੀ ਹੈ। ਇਹ ਅਜਿਹੀ ਅਵਸਥਾ ਹੁੰਦੀ ਹੈ ਜਿਸ ਵਿਚ ਮਨੁੱਖੀ ਪ੍ਰਕ੍ਰਿਤੀ/ਸ਼ਖ਼ਸੀਅਤ ਦਾ ਇਹ ਜਾਂ ਉਹ ਪੱਖ ਨਹੀਂ ਸਗੋਂ ਉਸਦੀ ਸਾਰੀ ਦੀ ਸਾਰੀ ਹਸਤੀ ਸ਼ਾਮਿਲ ਹੁੰਦੀ ਹੈ। ਇਥੇ ਸਾਰੀਆਂ ਭਾਵਨਾਵਾਂ ਤੇ ਵਿਚਾਰ ਆਪਸ ਵਿਚ ਘੁਲ ਮਿਲ ਜਾਂਦੇ ਹਨ। ਇਹ ਇਕ ਅਜਿਹਾ ਅਨੁਭਵ ਹੈ ਜਿਸ ਵਿਚ ਸਮੇਂ ਤੇ ਸਥਾਨ ਦੇ ਭੇਦ ਮਿੱਟ ਜਾਂਦੇ ਹਨ। ਵਰਤਮਾਨ ਤੇ ਭੂਤਕਾਲ ਅਲੋਪ ਹੋ ਜਾਂਦੇ ਹਨ। ਉਹ ਪਰਮ ਸਦੀਵੀ ਸੱਤਾ ਮਨੁੱਖੀ ਆਤਮਾ ਨਾਲ ਇਕਸੁਰ ਹੁੰਦੀ ਹੈ ਅਤੇ ਵਿਅਕਤੀ/ਸਾਧਕ ਉਸ ਪ੍ਰਤੀ ਅਭੇਦਤਾ ਮਹਿਸੂਸ ਕਰਦਾ ਹੈ। ਉਸਦੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ।

ਧਾਰਮਿਕ ਅਨੁਭਵ ਸਮੇਂ ਪਰਮ ਸਦੀਵੀ ਸੱਤਾ ਦੀ ਜੋਤਿ ਵਿਚ ਜੋਤਿ ਜਦੋਂ ਰਲਦੀ ਹੈ ਤਾਂ ਮਨੁੱਖ ਇਕ ਅਕਹਿ ਤੇ ਅਦਭੁਤ ਅਨੰਦ ਮਹਿਸੂਸ ਕਰਦਾ ਹੈ। ਅਨੰਦ ਸ਼ਬਦ ਵੀ ਉਸ ਅਨੰਦ ਨੂੰ ਬਿਆਨ ਕਰਨ ਤੋਂ ਅਸਮਰੱਥ ਹੈ। ਇਹ ਸਿਰਫ਼ ਪ੍ਰਤੀਕ ਵਜੋਂ ਵਰਤਿਆ ਜਾ ਸਕਦਾ ਹੈ। ਇਸ ਵਿਸਮਾਦ ਦੀ ਅਵਸਥਾ ਦੌਰਾਨ ਪੈਦਾ ਹੋਏ ਪ੍ਰਭਾਵ ਨੂੰ ਮਗਰੋਂ ਵਿਅਕਤੀ ਸਿਮਰਤੀ ਵਿਚੋਂ ਉਜਾਗਰ ਕਰਕੇ ਲਿੱਪੀਬੱਧ ਕਰ ਸਕਦਾ ਹੈ ਪਰੰਤੂ ਹੂਬਹੂ ਨਕਸ਼ਾ ਬਿਆਨ ਕਰਨਾ ਕਠਿਨ ਕਾਰਜ ਹੈ। ਹਾਂ ਇਹ ਅਨੁਭਵ ਆਪਣੇ ਆਪ ਵਿਚ ਪੂਰਨ ਹੁੰਦਾ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਘਾਟ ਜਾਂ ਉਕਾਈ ਨਹੀਂ ਹੁੰਦੀ। ਇੱਥੇ ਪਹੁੰਚ ਕੇ ਸੁੱਖ ਦੁੱਖ, ਆਸਾ-ਨਿਰਾਸ਼ਾ ਦਾ ਅਭਾਵ ਹੋ ਜਾਂਦਾ ਹੈ। ਵਿਅਕਤੀ ਦੁਨਿਆਵੀ ਦੁੱਖਾਂ, ਸੁੱਖਾਂ, ਰੋਗਾਂ, ਕਲੇਸ਼ਾਂ, ਖੁਸ਼ੀਆਂ-ਗਮੀਆਂ ਤੋਂ ਉਪਰ ਉੱਠ ਜਾਂਦਾ ਹੈ। ਉਸਦਾ ਆਪਾ ਗਿਆਨਮਈ ਪ੍ਰਕਾਸ਼ ਨਾਲ ਭਰ ਜਾਂਦਾ ਹੈ।

ਸਰਦੂਲ ਸਿੰਘ ਕਵੀਸ਼ਰ ਇਸ ਅਨੁਭਵ ਦੇ ਸਰੂਪ ਬਾਰੇ ਲਿਖਦੇ ਹਨ, "ਕਈਆਂ ਨੂੰ ਆਤਮ-ਗਿਆਨ ਹੁੰਦਾ ਹੈ। ਅਰਥਾਤ ਸਤਿ ਦਾ ਉਹਨਾਂ ਨੂੰ ਸੁਤੇ ਹੀ ਅਨੁਭਵ ਹੋ ਜਾਂਦਾ ਹੈ। ਇਹ ਇਵੇਂ ਜਿਵੇਂ ਹੀ ਹੈ ਜਿਵੇਂ ਅੰਨ੍ਹੇ ਨੂੰ ਨਜ਼ਰੀਂ ਆਉਣਾ ਜਾਂ ਹਨੇਰੇ ਵਿਚ ਝੱਟ ਚਾਨਣ ਹੋ ਜਾਣਾ। ਜਿਵੇਂ ਅਸੀਂ ਹਨੇਰੇ ਵਿਚ ਕਿਸੇ ਚੀਜ਼ ਨੂੰ ਵੇਖ ਨਹੀਂ ਸਕਦੇ ਤੇ ਚਾਨਣ ਵਿਚ ਸਾਡੇ ਲਈ ਸਾਰਾ ਨਕਸ਼ਾ ਹੋਰ ਦਾ ਹੋਰ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਜਿਨ੍ਹਾਂ ਦੇ ਭਾਗਾਂ ਵਿਚ ਦਿੱਬ ਦ੍ਰਿਸ਼ਟੀ ਜਾਂ ਆਤਮ ਗਿਆਨ ਦੀ ਬਖਸ਼ਿਸ਼ ਹੈ ਉਹ, ਉਹ ਕੁਝ ਵੇਖ ਲੈਂਦੇ ਹਨ ਜੋ ਦੂਜੇ ਨਹੀਂ ਵੇਖ ਸਕਦੇ ਤੇ ਉਹਨਾਂ ਨੂੰ ਉਹਨਾਂ ਗੱਲਾਂ ਦੀ ਸੋਝੀ ਹੋ ਜਾਂਦੀ ਹੈ ਜਿਨ੍ਹਾਂ ਦੀ ਸਾਨੂੰ ਨਹੀਂ ਹੁੰਦੀ।"[7]

ਧਾਰਮਿਕ ਅਨੁਭਵ ਅਤੇ ਉਸ ਤੋਂ ਪ੍ਰਾਪਤ ਆਤਮ-ਗਿਆਨ ਜਾਂ ਦਿੱਬ ਦ੍ਰਿਸ਼ਟੀ ਹਰ ਕੋਈ ਹਾਸਲ ਨਹੀਂ ਕਰ ਸਕਦਾ। ਇਹ ਤਾਂ ਕਰਮਾਂ ਭਾਗਾਂ ਵਾਲੇ ਭਗਤਾਂ ਨੂੰ ਨਸੀਬ ਹੁੰਦੀ ਹੈ। ਅਜਿਹੇ ਅਨੁਭਵ ਕਦੇ ਕਦਾਈਂ ਹੁੰਦੇ ਹਨ, ਸਦਾ ਨਹੀਂ। ਇਸ ਵਿਚ ਸਾਧਕ ਦੀ ਮਰਜੀ ਨਹੀਂ ਚਲਦੀ ਅਤੇ ਨਾ ਹੀ ਆਪਣੀ ਇੱਛਾ ਅਨੁਸਾਰ ਉਹ ਅਨੁਭਵ ਕਰ ਸਕਦਾ ਹੈ ਅਤੇ ਨਾ ਹੀ ਜਾਰੀ ਰੱਖ ਸਕਦਾ ਹੈ। ਇਹ ਕੌਤਕ ਤਾਂ ਰੱਬੀ ਭਾਣੇ ਅੰਦਰ ਹੀ ਵਰਤਦਾ ਹੈ।

ਭਾਵੇਂ ਇਹ ਗੱਲ ਮੰਨੀ ਹੋਈ ਹੈ ਕਿ ਧਾਰਮਿਕ ਅਨੁਭਵ ਹਰ ਇਕ ਦਾ ਆਪੋ ਆਪਣਾ ਤੇ ਵੱਖਰਾ ਹੁੰਦਾ ਹੈ ਪਰ ਇਸ ਦਾ ਕਾਰਨ ਹੈ ਕਿ ਜਿਹੜੇ ਸੰਤ ਮਹਾਂਪੁਰਸ਼ ਉਸ ਕਰਤਾਰ ਦੀ ਸਿਫਤ ਵਿਚ ਜੁੜੇ ਅਤੇ ਅਭੇਦ ਹੁੰਦੇ ਹਨ ਉਹਨਾਂ ਨੂੰ ਉਸ ਅਵਸਥਾ ਨੂੰ ਬਿਆਨ ਕਰਨ ਲਈ ਢੁੱਕਵੇਂ ਲਫ਼ਜ ਨਹੀਂ ਮਿਲਦੇ ਅਤੇ ਜਦੋਂ ਉਹ ਅਨੁਭਵ ਨੂੰ ਬਿਆਨਦੇ ਹਨ ਤਾਂ ਥੋੜ੍ਹਾ ਬਹੁਤ ਵਖਰੇਵਾਂ ਆ ਹੀ ਜਾਂਦਾ ਹੈ। ਪਰੰਤੂ ਜੇ ਮੂਲ ਰੂਪ ਵਿਚ ਇਹਨਾਂ ਅਨੁਭਵਾਂ ਦੀ ਸੰਵੇਦਨਾ ਨੂੰ ਸਮਝਿਆ ਜਾਵੇ ਤਾਂ ਉਹਨਾਂ ਦੀ ਮੁੱਖ ਵਿਸ਼ੇ ਉਪਰ ਆਮ ਸਹਿਮਤੀ ਹੁੰਦੀ ਹੈ।

ਧਰਮ ਜਦੋਂ ਤਕ ਪਰੰਪਰਾਗਤ ਵਿਚਾਰਾਂ ਦੀ ਬਜਾਏ ਖ਼ੁਦ ਅਨੁਭਵ ਨਹੀਂ ਕਰਦਾ ਤਦ ਤਕ ਸਹੀ ਅਰਥਾਂ ਵਿਚ ਉਹ ਸੱਚਾ ਧਰਮ ਨਹੀਂ ਕਹਾ ਸਕਦਾ। ਇਸੇ ਕਰਕੇ ਸਾਰੇ ਧਰਮ ਥੋੜੇ ਬਹੁਤ ਫਰਕ ਨਾਲ ਇਨਸਾਨ ਨੂੰ ਆਪਾ ਸੋਧਣ ਅਤੇ ਉਸ ਪਰਮਸੱਤਾ ਵਿਚ ਵਿਲੀਨ ਹੋਣ ਦੇ ਢੰਗ ਅਤੇ ਰਸਤੇ ਦੱਸਦੇ ਹਨ। ਉਸ ਪਰਮਸੱਤਾ ਦਾ ਧਾਰਮਿਕ ਅਨੁਭਵ ਕਰਨ ਦੀ ਤ੍ਰਿਪਤੀ ਤਦ ਤਕ ਨਹੀਂ ਬੁੱਝਦੀ ਜਦ ਤਕ ਉਸ ਨੂੰ ਅਨੁਭਵ

[7] *ਉਹੀ,* ਪੰ. 32.

ਵਿਚ ਉਤਾਰ ਨਾ ਲਿਆ ਜਾਵੇ। ਜੇਕਰ ਧਾਰਮਿਕ ਅਨੁਭਵ ਧਰਮ ਦੀ ਆਤਮਾ ਹੈ ਤਾਂ ਪ੍ਰਗਟਾਵਾ ਉਸਦਾ ਸਰੀਰ ਹੈ ਜਿਸ ਰਾਹੀਂ ਉਹ ਆਪਣੇ ਉਦੇਸ਼ ਨੂੰ ਪੂਰਾ ਕਰਦਾ ਹੈ। ਕੋਈ ਧਰਮ ਜਦੋਂ ਸ਼ੁਰੂ ਹੁੰਦਾ ਹੈ ਤਾਂ ਉਸ ਦਾ ਰੂਪ ਸ਼ੁੱਧ ਹੁੰਦਾ ਹੈ। ਪਰੰਤੂ ਕਈ ਵਾਰ ਸਮੇਂ ਦੇ ਬਦਲਣ ਨਾਲ ਉਸ ਦੀਆਂ ਸਿੱਖਿਆਵਾਂ ਤੇ ਅਮਲ ਵਿਚ ਦੂਰੀ ਵੱਧ ਜਾਂਦੀ ਹੈ। ਵਿਆਖਿਆਵਾਂ ਰਾਹੀਂ ਅਸਲੀ ਸਰੂਪ ਗਵਾਚਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਮੂਲ ਰੂਪ ਨਵੇਂ ਤੱਥਾਂ ਦੀ ਜਾਣਕਾਰੀ ਨਾਲ ਬਦਲਣ ਲੱਗੇ ਜਾਂ ਵਿਆਖਿਆਵਾਂ ਉਤੇ ਸ਼ੰਕੇ ਪੈਦਾ ਹੋਣ ਲੱਗਣ, ਤਾਂ ਮੁੜ ਤੋਂ ਅਨੁਭਵ ਰਾਹੀਂ ਉਸ ਨੂੰ ਅਸਲ ਸ਼ੁੱਧ ਰੂਪ ਦਿੱਤਾ ਜਾਂਦਾ ਹੈ। ਧਾਰਮਿਕ ਅਨੁਭਵ ਰਾਹੀਂ ਰਹੱਸਮਈ ਸੱਤਾ ਮੁੜ ਸੁਰਜੀਤ ਹੁੰਦੀ ਹੈ।

ਰਹੱਸਮਈ ਸੱਤਾ ਨੂੰ ਸਮਝਣ ਲਈ ਬੌਧਿਕ ਕਿਰਿਆਵਾਂ ਹੀ ਕਾਫੀ ਨਹੀਂ ਹੁੰਦੀਆਂ। "ਫਿਲਾਸਫਰ ਤਾਂ ਪਰਮ ਸਤਿ ਜਾਂ ਰੱਬ ਨੂੰ ਕੇਵਲ ਇਕ ਜ਼ਿਹਨੀ ਖਿਆਲ ਜਾਣਦੇ ਹਨ, ਭਗਤਾਂ ਲਈ ਇਹ ਖਿਆਲ ਨਹੀਂ, ਸਤਿ ਹੈ, ਪ੍ਰਤੱਖ ਸਰੂਪ ਹੈ, ਸੱਚੀ ਹਸਤੀ ਹੈ, ਜਿਹੜੀ ਦਿਲ ਨੂੰ ਗਰਮਾਂਦੀ ਤੇ ਉੱਚਾ ਕਰਦੀ ਹੈ। ਫਿਲਾਸਫਰ ਦੀ ਅੰਦਰਲੀ ਅੱਖ ਹੈ ਨਹੀਂ, ਤੇ ਉਹ ਹਨੇਰੇ ਵਿਚ ਭੰਬਲ-ਭੂਸੇ ਖਾਂਦਾ ਹੈ, ਭਗਤ ਪਰਮ ਤੱਤ ਨੂੰ ਇਉਂ ਵੇਖਦਾ ਹੈ ਜਿਵੇਂ ਕੋਈ ਪਹੁ ਫੁੱਟਣ ਵੇਲੇ ਚੜ੍ਹਦੇ ਸੂਰਜ ਨੂੰ ਵੇਖਦਾ ਹੈ ਤੇ ਉਸ ਦੇ ਚਾਨਣ ਤੇ ਜਿੰਦ ਦੇ ਅਸਰ ਨਾਲ ਨੂਰੋ ਨੂਰ ਹੁੰਦਾ ਹੈ।"[8]

ਧਾਰਮਿਕ ਅਨੁਭਵ ਸੁਪਨੇ ਵਾਂਗ ਥੋੜਾ ਚਿਰ ਹੁੰਦਾ ਹੈ। ਜਿਵੇਂ ਅਸੀਂ ਸੁਪਨੇ ਵਿਚ ਕਈ ਅਸਥਾਨਾਂ ਦੀ ਸੈਰ ਸੁੱਤੇ ਪਏ ਹੀ ਕਰ ਆਉਂਦੇ ਹਾਂ ਫਿਰ ਜਾਗ ਉੱਠਣ ਤੋਂ ਪਿੱਛੋਂ ਪਤਾ ਲੱਗਦਾ ਹੈ ਕਿ ਇਹ ਤਾਂ ਸੁਪਨਾ ਸੀ। ਪਰੰਤੂ ਧਾਰਮਿਕ ਅਨੁਭਵ ਦੀ ਵਾਸਤਵਿਕਤਾ ਉਪਰ ਸ਼ੱਕ ਨਹੀਂ ਕੀਤਾ ਜਾ ਸਕਦਾ। ਜਿੰਨੀ ਦੇਰ ਇਹ ਅਨੁਭਵ ਵਾਪਰਦਾ ਹੈ ਉੰਨੀ ਦੇਰ ਅਨੁਭਵ ਕਰਤਾ ਇਸ ਨੂੰ ਮਾਣਦਾ ਤੇ ਆਨੰਦਿਤ ਹੁੰਦਾ ਹੈ। ਕਿਉਂਕਿ ਜ਼ਿਆਦਾ ਦੇਰ ਇਹ ਟਿਕਿਆ ਨਹੀਂ ਰਹਿੰਦਾ ਸੋ ਜਿਉਂ ਹੀ ਇਹ ਕੌਤਕ ਵਾਪਰਦਾ ਹੈ ਤੇ ਆਨੰਦ ਆ ਹੀ ਰਿਹਾ ਹੁੰਦਾ ਹੈ ਕਿ ਉਸਦੀ ਅਵਸਥਾ ਟੁੱਟ ਜਾਂਦੀ ਹੈ। ਜਿਸ ਨਾਲ ਉਹ ਬਿਹਬਲ ਤੇ ਵਿਆਕੁਲ ਹੋ ਉੱਠਦਾ ਹੈ। ਇਸ ਪਿੱਛੋਂ ਅਨੁਭਵ ਕਰਤਾ ਫਿਰ ਤੋਂ ਉਹੀ ਅਵਸਥਾ ਲੱਭਣ ਦੀ ਕੋਸ਼ਿਸ਼ ਕਰਦਾ ਹੈ ਪਰ ਫਿਰ ਕਿੱਥੇ? ਫਿਰ ਤਾਂ ਬੱਸ ਉਹਨਾਂ ਮਹਾਨ ਪਲਾਂ ਨੂੰ ਯਾਦ ਕਰ ਕਰ ਕੇ ਬੇਨਤੀ ਕਰਦਾ ਹੈ। ਇਸ ਵਾਰ ਉਸਦੀ ਗੋਦ ਦਾ ਅਨੰਦ ਮਾਣ ਚੁੱਕਾ ਸਾਧਕ ਉਸ ਅਵਸਥਾ ਨੂੰ ਪਾਉਣ ਲਈ ਬਿਹਬਲ ਹੋ ਉਠਦਾ ਹੈ ਉਸਦੀ ਹਾਲਤ ਅਮਲੀ

8 *ਉਹੀ,* ਪੰ. ੪੦.

ਵਰਗੀ ਬਣ ਜਾਂਦੀ ਹੈ ਜੋ ਅਮਲ ਤੋਂ ਬਿਨ੍ਹਾਂ, ਤਾਂਘਦਾ ਹੈ, ਤਿਲਮਿਲਾਉਂਦਾ ਜਾਂ ਉਸ ਪ੍ਰਤੀ ਖਿੱਚਿਆ ਮਹਿਸੂਸ ਕਰਦਾ ਹੈ। ਭਾਈ ਵੀਰ ਸਿੰਘ ਵੀ ਸ਼ਾਇਦ ਇਸ ਤਰ੍ਹਾਂ ਹੀ ਕੁਝ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ:

ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ

ਅਸਾਂ ਧਾ ਗਲਵੱਕੜੀ ਪਾਈ

ਨਿਰਾ ਨੂਰ ਤੁਸੀਂ ਹੱਥ ਨਾ ਆਏ

ਸਾਡੀ ਕੰਬਦੀ ਰਹੀ ਕਲਾਈ।[9]

ਧਾਰਮਿਕ ਅਨੁਭਵ (ਹਰੇਕ ਵਿਅਕਤੀ ਨੂੰ) ਸਿੱਧਾ ਆਮੋ-ਸਾਹਮਣੇ ਹੁੰਦਾ ਹੈ ਪਰ ਉਸਦੀ ਵਿਆਖਿਆ ਹਰੇਕ ਵਿਅਕਤੀ ਆਪੋ ਆਪਣੇ ਪਿਛੋਕੜ ਤੇ ਸੰਸਕਾਰਾਂ ਅਨੁਸਾਰ ਕਰਦਾ ਹੈ। ਅਸਲ ਵਿਚ ਧਾਰਮਿਕ ਅਨੁਭਵ ਸਿੱਧਾ ਬਿਆਨਣਾ ਔਖਾ ਹੁੰਦਾ ਹੈ ਪਰ ਜਦੋਂ ਇਸ ਦੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਉਹੀ ਵਿਆਖਿਆ ਇਸ ਵਿਚ ਘੁਲ ਮਿਲ ਜਾਂਦੀ ਹੈ। ਇਸ ਦੀ ਸਪੱਸ਼ਟਤਾ ਤੇ ਸ਼ੁੱਧਤਾ ਪ੍ਰਤੀ ਸ਼ੰਕੇ ਪੈਦਾ ਹੋ ਜਾਂਦੇ ਹਨ। ਇਸ ਕਰਕੇ ਸ਼ੁੱਧ ਵਿਆਖਿਆ ਲਈ ਸਿਧਾਂਤ ਘੜੇ ਜਾਂਦੇ ਹਨ। ਹੁਣ ਅਸੀਂ ਧਾਰਮਿਕ ਅਨੁਭਵ ਦੇ ਸਿਧਾਂਤਾਂ ਦੀ ਚਰਚਾ ਕਰਾਂਗੇ।

**ਧਾਰਮਿਕ ਅਨੁਭਵ ਦੇ ਸਿਧਾਂਤ** : ਧਰਮ ਦਾ ਅਕਾਦਮਿਕ ਅਧਿਐਨ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਸ਼ੁਰੂ ਹੋਇਆ ਅਤੇ ਜਰਮਨ ਵਿਦਵਾਨ ਫਰੈਡਰਿਕ ਮੈਕਸਮੂਲਰ (1823-1900 ਈ.) ਨੇ ਧਰਮ ਦੇ ਅਕਾਦਮਿਕ ਅਧਿਐਨ ਦੀ ਸ਼ੁਰੂਆਤ ਕੀਤੀ। ਇਹ ਉਹੀ ਸਮਾਂ ਸੀ ਜਦੋਂ ਤਾਰਕਿਕਤਾ (rationality) ਅਤੇ ਵਿਕਾਸਵਾਦ (evolution) ਦਾ ਅਧਿਐਨ ਦੇ ਸਭ ਖੇਤਰਾਂ ਤੇ ਪ੍ਰਭਾਵ ਸਿਖਰਾਂ ‘ਤੇ ਸੀ। ਅਜਿਹੇ ਬੌਧਿਕ ਅਤੇ ਆਧੁਨਿਕ ਮਾਹੌਲ ਦੇ ਧਰਮ ਦੇ ਅਧਿਐਨ ਉੱਤੇ ਵੀ ਪ੍ਰਭਾਵ ਪਏ। ਵਿਗਿਆਨਕ ਅਧਿਐਨ ਵੱਲੋਂ ਖੜ੍ਹੇ ਕੀਤੇ ਸਵਾਲਾਂ ਅਤੇ ਸ਼ੰਕਿਆਂ ਦਾ ਜਵਾਬ ਦੇਣ ਲਈ ਧਰਮ ਸ਼ਾਸਤਰੀਆਂ ਨੇ ਧਾਰਮਿਕ ਅਨੁਭਵ ਦਾ ਅਧਿਐਨ ਸ਼ੁਰੂ ਕੀਤਾ ਜਿਸ ਵਿਚ ਧਾਰਮਿਕ ਅਨੁਭਵ ਦੇ ਵਿਭਿੰਨ ਸਿਧਾਂਤ ਵਿਕਸਿਤ ਹੋਏ।

ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁੱਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੌਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਂਤਾਂ ਨੇ ਦੁਨੀਆ ਪੱਧਰ ’ਤੇ ਮਹੱਤਤਾ ਗ੍ਰਹਿਣ ਕੀਤੀ ਹੈ। ਧਾਰਮਿਕ ਅਨੁਭਵ ਸਮਝਣ ਲਈ ਇਨ੍ਹਾਂ ਚਿੰਤਕਾਂ ਦੇ ਸਿਧਾਂਤਾਂ ਨੂੰ ਸਮਝਣਾ ਜ਼ਰੂਰੀ ਹੈ।

---

9 ਭਾਈ ਵੀਰ ਸਿੰਘ, *ਕੰਬਦੀ ਕਲਾਈ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1963, ਪੰ. 1.

**ਵਿਲੀਅਮ ਜੇਮਜ਼ (William James, 1842-1910):** ਵਿਲੀਅਮ ਜੇਮਜ਼ ਨੇ ਆਪਣੀ ਪੁਸਤਕ '*The Varieties of Religious Experience*, The Modern Library, New York, 1902.' ਵਿਚ ਧਾਰਮਿਕ ਅਨੁਭਵ ਬਾਰੇ ਆਪਣਾ ਸਿਧਾਂਤ ਪੇਸ਼ ਕੀਤਾ ਜੋ ਪਿੱਛੋਂ ਧਰਮ ਅਧਿਐਨ ਲਈ ਕਾਫੀ ਮਹੱਤਵਪੂਰਨ ਕਾਰਜ ਵਜੋਂ ਸਵੀਕਾਰ ਕੀਤਾ ਗਿਆ। ਵਿਲੀਅਮ ਜੇਮਜ਼ ਨੇ ਧਾਰਮਿਕ ਅਨੁਭਵ ਦੀ ਜੜ੍ਹ ਅਤੇ ਕੇਂਦਰ ਰਹੱਸਵਾਦੀ ਹਾਲਤਾਂ ਦੀ ਸਥਿਤੀ ਵਿਚ ਦੱਸੀ ਹੈ। ਇਸ ਪੁਸਤਕ ਵਿਚ ਉਸਨੇ ਵੀਹ ਲੈਕਚਰਾਂ ਵਿਚ ਇਸ ਵਿਸ਼ੇ ਉਤੇ ਚਰਚਾ ਕੀਤੀ ਹੈ। 16ਵੇਂ ਤੇ 17ਵੇਂ ਲੈਕਚਰ ਵਿਚ ਉਸਨੇ ਰਹੱਸਵਾਦ ਦੇ ਸਿਰਲੇਖ ਹੇਠਾਂ ਇਸ ਦੀ ਖੁੱਲ੍ਹ ਕੇ ਚਰਚਾ ਕੀਤੀ ਹੈ। ਧਾਰਮਿਕ ਅਨੁਭਵ ਨੂੰ ਸਮਝਣ ਲਈ ਇਹ ਪੁਸਤਕ ਅਹਿਮ ਸਥਾਨ ਰੱਖਦੀ ਹੈ। ਵਿਲੀਅਮ ਜੇਮਜ਼ ਰਹੱਸਵਾਦ ਦੀ ਗੱਲ ਕਰਦਿਆਂ ਦੱਸਦਾ ਹੈ ਕਿ ਵਿਅਕਤੀਗਤ ਧਾਰਮਿਕ ਅਨੁਭਵ ਦੀ ਜੜ੍ਹ ਅਤੇ ਕੇਂਦਰ ਰਹੱਸਵਾਦੀ ਹਾਲਾਤਾਂ ਦੀ ਸੂਰਤ ਵਿਚ ਹੁੰਦੀ ਹੈ। ਉਸ ਨੇ ਰਹੱਸਮਈ ਅਨੁਭਵ ਦੇ ਕੁੱਲ ਚਾਰ ਲੱਛਣ ਦੱਸੇ ਹਨ[10] ਜਿਵੇਂ:

1. **ਅਕੱਥਤਾ:** ਇਸਦਾ ਪਹਿਲਾ ਲੱਛਣ ਤਾਂ ਅਪਹੁੰਚ ਹੋਣਾ ਹੀ ਹੈ। ਇਸ ਨੂੰ ਬਿਆਨ ਕਰਨਾ ਜਾਂ ਪ੍ਰਗਟਾਉਣਾ ਔਖਾ ਹੈ ਅਤੇ ਇਸਦੇ ਤੱਤਾਂ ਦੀ ਸਹੀ ਪੇਸ਼ਕਾਰੀ ਸ਼ਬਦਾਂ ਵਿਚ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਹੀ ਭਾਵ ਨਿਕਲਦਾ ਹੈ ਕਿ ਇਸ ਨੂੰ ਸਿੱਧਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਇਕ ਤੋਂ ਦੂਜੇ ਨੂੰ ਨਹੀਂ ਦਿੱਤਾ ਜਾ ਸਕਦਾ। ਇਸਤਰ੍ਹਾਂ ਰਹੱਸਮਈ ਹਾਲਾਤ ਬੌਧਿਕ ਅਵਸਥਾ ਨਾਲੋਂ ਮਹਿਸੂਸ ਕਰਨ ਦੀ ਅਵਸਥਾ ਦੇ ਵਧੇਰੇ ਨੇੜੇ ਹੁੰਦੀ ਹੈ। ਕੋਈ ਵਿਅਕਤੀ ਕਿਸੇ ਅਜਿਹੇ ਵਿਅਕਤੀ ਨੂੰ ਇਹ ਅਨੁਭਵ ਸਮਝਾ ਨਹੀਂ ਸਕਦਾ ਜਿਸਨੂੰ ਕਿ ਅਜਿਹਾ ਅਨੁਭਵ ਕਦੇ ਹੋਇਆ ਹੀ ਨਾ ਹੋਵੇ। ਸੰਗੀਤ ਦੀਆਂ ਸੁਰਾਂ ਦੇ ਮੇਲ ਨੂੰ ਜਾਨਣ ਲਈ ਸੰਗੀਤ ਸਮਝਣ ਵਾਲੇ ਕੰਨ ਸਹਾਈ ਹੋ ਸਕਦੇ ਹਨ ਅਤੇ ਪ੍ਰੇਮੀ ਦੇ ਮਨ ਨੂੰ ਉਹੀ ਜਾਣ ਸਕਦਾ ਹੈ ਜਿਹੜਾ ਆਪ ਕਦੀ ਪਿਆਰ ਵਿਚ ਪਿਆ ਹੋਵੇ।[11]

2. **ਗਿਆਨ ਭਾਵੀ ਜਾਂ ਬੌਧਿਕ ਗੁਣ** : ਭਾਵੇਂ ਇਹ ਅਵਸਥਾ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ ਤਾਂ ਵੀ ਇਸ ਦਾ ਬੌਧਿਕ ਅਵਸਥਾ ਨਾਲ ਕੋਈ ਵਿਰੋਧ ਨਹੀਂ ਹੁੰਦਾ। ਅਸਲ ਵਿਚ ਇਹ ਅੰਤਰ

---

[10] William James, *The Varieties of Religious Experience*, The Modern Library, New York, 1929, pp. 371-372.

[11] "No one can make clear to another who has never had a certain feeling, in what the quality or worth of it consists. One must have musical ears to know the value of a symphony; one must have been in love one's self to understand a lover's state of mind" William James, *ibid,* p. 371.

ਦ੍ਰਿਸ਼ਟੀ ਨਾਲ ਪ੍ਰਾਪਤ ਅਵਸਥਾ ਹੁੰਦੀ ਹੈ ਜਿਹੜੀ ਕਿ ਕੇਵਲ ਬੌਧਿਕ ਪਰਕਿਰਿਆ ਨਾਲ ਨਹੀਂ ਜਾਣੀ ਜਾ ਸਕਦੀ। ਭਾਵੇਂ ਇਸ ਅੰਤਰ-ਦ੍ਰਿਸ਼ਟੀ ਆਸਰੇ ਪ੍ਰਾਪਤ ਅਵਸਥਾ ਨੂੰ ਬੁੱਧੀ ਨਾਲ ਪੂਰਨ ਰੂਪ ਵਿਚ ਬਿਆਨਿਆ ਨਹੀਂ ਜਾ ਸਕਦਾ, ਫਿਰ ਵੀ ਇਸ ਪ੍ਰਕਾਸ਼ ਦੁਆਰਾ ਪ੍ਰਾਪਤ ਗਿਆਨ ਦਾ ਬੌਧਿਕ ਅਵਸਥਾ ਲਈ ਮਹੱਤਵ ਘੱਟ ਨਹੀਂ ਹੁੰਦਾ। ਇਸ ਅਵਸਥਾ ਦੀ ਪ੍ਰਾਪਤੀ ਤੋਂ ਬਾਅਦ ਬੁੱਧੀ ਵੀ ਇਸ ਦੇ ਅਧਿਕਾਰੀ ਪ੍ਰਭਾਵ ਤੋਂ ਮੁਨਕਰ ਨਹੀਂ ਹੁੰਦੀ।[12]

3. **ਅਸਥਾਈਪਣਾ ਜਾਂ ਛਿਨਭੰਗਰੁਤਾ** : ਰਹੱਸਮਈ ਅਨੁਭਵ ਦੀ ਮਿਆਦ ਜਾਂ ਅਵਧੀ ਜ਼ਿਆਦਾ ਲੰਮੀ ਨਹੀਂ ਹੁੰਦੀ ਭਾਵ ਇਸ ਨੂੰ ਬਹੁਤੀ ਦੇਰ ਤਕ ਕਾਇਮ ਨਹੀਂ ਰੱਖਿਆ ਜਾ ਸਕਦਾ।[13] ਇਹ ਅਸਥਿਰ, ਅਸਥਾਈ ਅਨੁਭਵ ਥੋੜ-ਚਿਰਾ ਹੁੰਦਾ ਹੈ। ਇਹ ਕੁਝ ਪਲਾਂ ਮਿੰਟਾਂ ਤਕ ਵਾਪਰਦਾ ਹੈ। ਰਹੱਸਵਾਦੀਆਂ ਅਨੁਸਾਰ ਇਸ ਅਨੁਭਵ ਵਿਚ ਅਨੁਭਵਕਰਤਾ ਨਾ ਸਿਰਫ ਅਲੌਕਿਕ ਸ਼ਕਤੀ ਨਾਲ ਇਕਮਿਕ ਹੋ ਜਾਂਦਾ ਹੈ ਸਗੋਂ ਉਸਨੂੰ ਇਕ ਬਹੁਤ ਤੇਜ ਅਤੇ ਚਕਾਚੌਂਧ ਕਰ ਦੇਣ ਵਾਲੇ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ। ਉਹ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਹੈ। ਇਸ ਤਰ੍ਹਾਂ ਅਨੁਭਵਕਰਤਾ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ ਹੈ ਅਤੇ ਅਨੰਦਮਈ ਦਸ਼ਾ ਵਿਚ ਪਹੁੰਚ ਜਾਂਦਾ ਹੈ।

ਇਹ ਅਨੰਦਮਈ ਅਵਸਥਾ ਹੁੰਦੀ ਹੈ ਅਤੇ ਇਸ ਪਿੱਛੋਂ ਅਨੁਭਵਕਰਤਾ ਮੁੜ ਆਪਣੀ ਪਹਿਲੀ ਅਵਸਥਾ ਵਿਚ ਆ ਜਾਂਦਾ ਹੈ। ਭਾਵੇਂ ਇਹ ਅਵਸਥਾ ਆਉਂਦੀ ਤੇ ਚਲੀ ਜਾਂਦੀ ਹੈ ਪਰ ਇਸ ਦੀ ਤੀਬਰ ਗਹਿਰਾਈ ਦੇ ਅਹਿਸਾਸ ਤੇ ਮਹੱਤਵ ਨੂੰ ਛੇਤੀ ਕੀਤੇ ਭੁਲਾਇਆ ਨਹੀਂ ਜਾ ਸਕਦਾ ਬਾਅਦ ਵਿਚ ਇਸ ਦੇ ਕੁਝ ਕੁ ਗੁਣਾਂ ਨੂੰ ਸਿਮਰਤੀ ਵਿਚੋਂ ਉਜਾਗਰ ਕੀਤਾ ਜਾ ਸਕਦਾ ਹੈ।

4. **ਉਦਾਸੀਨਤਾ ਜਾਂ ਅਕਰਮਤਾ** : ਰਹੱਸਮਈ ਅਨੁਭਵ ਵਿਚੋਂ ਗੁਜ਼ਰਨ ਵਾਲਾ ਵਿਅਕਤੀ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਕੋਈ ਬਲਵਾਨ, ਉਚੇਰੀ ਸ਼ਕਤੀਸ਼ਾਲੀ ਤਾਕਤ ਉਸ ਤੇ ਭਾਰੂ ਹੋ ਗਈ ਹੋਵੇ। ਮਨੁੱਖੀ ਸ਼ਖ਼ਸੀਅਤ ਦੇ ਗਿਆਨ ਇੰਦਰੇ ਤੇ ਯਤਨ ਨਿੱਸਲ ਹੋ ਜਾਂਦੇ ਹਨ। ਉਸ ਦੀ ਆਪਣੀ ਇੱਛਾ-ਸ਼ਕਤੀ ਰੁੱਕ ਜਾਂਦੀ ਹੈ ਅਤੇ ਉਹ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਕਿਸੇ ਬਲਸ਼ਾਲੀ ਸ਼ਕਤੀ ਦੀ ਪਕੜ

---

12 ਦਰਸ਼ਨ ਸਿੰਘ, *ਉਹੀ,* ਪੰ. 12.

13 "Mystical states cannot be sustained for long." William James, *ibid,* p. 372.

ਵਿਚ ਹੋਵੇ।[14] ਇਸ ਅਵਸਥਾ ਵਿਚ ਉਸ ਦੀਆਂ ਇੱਛਾਵਾਂ, ਸਰੀਰਕ ਹਰਕਤਾਂ ਤੇ ਹੋਰ ਮਨੋਵੇਗ ਕਾਰਜਹੀਣ ਹੋ ਜਾਂਦੇ ਹਨ ਅਤੇ ਵਿਅਕਤੀ ਅਕ੍ਰਿਆਸ਼ੀਲ ਹੋ ਜਾਂਦਾ ਹੈ। ਅਕਰਮਕ ਰੂਪ ਵਿਚ ਉਹ ਉਹੋ ਕੁਝ ਭਾਂਪਦਾ ਤੇ ਕਰਦਾ ਹੈ ਜੋ ਉਚੇਰੀ ਸ਼ਕਤੀ ਉਸ ਕੋਲੋਂ ਕਰਵਾਉਂਦੀ ਹੈ। ਸਕਰਮਕ ਰੂਪ ਵਿਚ ਉਹ ਕੋਈ ਕ੍ਰਿਆ ਨਹੀਂ ਕਰਦਾ, ਪਰੰਤੂ ਰਹੱਸਮਈ ਅਵਸਥਾ ਵਿਚ ਉਹ ਕਈ ਵਾਰੀ ਭਵਿੱਖ-ਬਾਣੀ ਕਰ ਜਾਂਦਾ ਹੈ, ਆਪਣੇ ਆਪ ਕੁਝ ਲਿਖ ਜਾਂਦਾ ਹੈ, ਉਲੀਕ ਜਾਂਦਾ ਹੈ ਜਾਂ ਸਮਾਧੀ ਦੇ ਕਿਸੇ ਆਸਣ ਵਿਚ ਸਥਿਤ ਹੋ ਜਾਂਦਾ ਹੈ।

**ਰੂਡੋਲਫ ਔਟੋ (Rudolf Otto, 1869-1937)** : ਰੂਡੋਲਫ ਔਟੋ ਦੀ ਪੁਸਤਕ *'The Idea of The Holy'* 1917 ਈ. ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਉਸਨੇ ਧਰਮ ਨੂੰ ਸਮਝਣ ਲਈ ਨਵੀਂ ਦ੍ਰਿਸ਼ਟੀ ਪੇਸ਼ ਕਰਦਿਆਂ ਦੱਸਿਆ ਕਿ ਧਾਰਮਿਕ ਅਨੁਭਵ ਗੈਰ-ਤਾਰਕਿਕ ਹੁੰਦਾ ਹੈ।[15]

ਮੱਧਕਾਲ ਦੇ ਸਮੇਂ ਨੂੰ ਧਰਮ ਜਾਗ੍ਰਿਤੀ ਕਾਲ (enlightenment) ਦਾ ਸਮਾਂ ਕਿਹਾ ਜਾਂਦਾ ਸੀ। ਉਸ ਸਮੇਂ ਧਰਮ ਨੂੰ ਪਰਖਣ ਦੀ ਸਿਰਫ ਇਕੋ ਇਕ ਕਸੌਟੀ ਸੀ ਤਰਕ। ਜਿਸ ਅਨੁਸਾਰ ਸੱਚਾ ਗਿਆਨ ਉਹੀ ਹੈ ਜਿਸ ਨੂੰ ਅਕਲ ਪਰਵਾਨ ਕਰਦੀ ਹੈ। ਇਸ ਤਾਰਕਿਕਤਾ (rationality) ਦੇ ਆਧਾਰ ਤੇ ਸਿਧਾਂਤ ਬਣਾ ਲਏ ਗਏ। ਇਹ ਸਾਰਾ ਵਿਗਿਆਨਿਕ ਗਿਆਨ ਸੀ ਇਸ ਵਿਚ ਮਨੁੱਖ ਦੇ ਅਨੁਭਵ ਲਈ ਕੋਈ ਸਥਾਨ ਨਹੀਂ ਸੀ। ਉਸ ਦੀਆਂ ਅੰਦਰਲੀਆਂ ਭਾਵਨਾਵਾਂ ਜਾਂ ਇੱਛਾਵਾਂ ਨੂੰ ਦਬਾਇਆ ਜਾਂ ਅਪ੍ਰਵਾਨਿਤ ਕੀਤਾ ਜਾ ਰਿਹਾ ਸੀ।

ਅਜਿਹੇ ਸਮੇਂ ਵਿਚ ਔਟੋ ਨੇ ਧਰਮ ਦੇ ਤਰਕ-ਅਤੀਤ (non-rational ਜਾਂ super-rational) ਪੱਖ ਨੂੰ ਉਭਾਰਿਆ। ਉਸ ਨੇ ਧਾਰਮਿਕ ਅਨੁਭਵ ਤੇ ਵਿਸ਼ਵਾਸ ਵਿਚ ਪਏ ਪਾੜੇ ਨੂੰ ਦੂਰ ਕੀਤਾ। ਤਰਕ-ਅਤੀਤ ਦਾ ਭਾਵ ਤਰਕਹੀਣ ਨਹੀਂ ਸਗੋਂ ਅਜਿਹਾ ਸੁਝਾਅ/ਵਿਚਾਰ ਹੈ ਜੋ ਤਰਕ ਭਾਵ logic ਦੇ ਖੇਤਰ ਤੋਂ ਉੱਪਰ ਹੈ। ਔਟੋ ਦਾ ਮੰਨਣਾ ਹੈ ਕਿ ਤਰਕ ਜਾਂ ਗਿਆਨ ਦੀ ਇਕ ਸੀਮਾ ਹੈ ਜਦ ਕਿ ਪਰਮ ਸੱਤਾ, ਪਵਿੱਤਰ (Holy) ਦਾ ਅਨੁਭਵ ਤਾਂ ਉਸ ਤੋਂ ਵੀ ਪਰ੍ਹੇ ਤੇ ਅੱਗੇ ਦੀ ਅਵਸਥਾ ਦਾ ਨਾਮ ਹੈ। ਇਸ ਨੂੰ ਤਰਕ ਦੇ ਆਧਾਰ ਤੇ

---

[14] "Yet when the characteristic sort of consciousness once has set in, the mystic feels as if his own will were in abeyance, and indeed sometimes as if he were grasped and held by a superior power." William James, *ibid,* p. 372.

[15] ਗੁਰਮੀਤ ਸਿੰਘ ਸਿੱਧੂ, *ਧਰਮ: ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, 2014, ਪੰ. 15.

ਸਮਝਣਾ ਠੀਕ ਨਹੀਂ ਹੈ। ਅਜਿਹਾ ਕਰਦਿਆਂ ਉਹ ਘਟਾਓਵਾਦ ਨੂੰ ਪਵਿੱਤਰ ਦੇ ਅਰਥਾਂ ਦਾ ਅਨਰਥ ਮੰਨਦਾ ਹੈ।

ਧਾਰਮਿਕ ਅਨੁਭਵ ਦੇ ਮੂਲ ਸਰੂਪ ਨੂੰ ਅਸੀਂ ਆਮ ਮਨੁੱਖੀ ਜੀਵਨ ਦੇ ਅਨੁਭਵਾਂ ਵਿਚੋਂ ਨਹੀਂ ਲੱਭ ਸਕਦੇ, ਸਗੋਂ ਇਹ ਉਹ ਅਨੁਭਵ ਹੈ ਜਿਹੜਾ ਅਤਿ ਵਿਸ਼ੇਸ ਨਿਵੇਕਲਾ ਤੇ ਆਪਣੇ ਵਰਗਾ ਆਪ ਹੀ (Unique) ਹੈ। ਤਾਰਕਿਰਤਾ (rationality) ਤੋਂ ਅੱਗੇ ਲੰਘਦਿਆਂ ਉਹ ਇਸ ਗੱਲ ਉੱਤੇ ਜੋਰ ਦਿੰਦਾ ਹੈ ਕਿ ਇਸ ਨਿਵੇਕਲੇ ਤਰਕ-ਅਤੀਤ ਅਨੁਭਵ ਲਈ ਜ਼ਰੂਰੀ ਨਹੀਂ ਕਿ ਇਸ ਨੂੰ ਸ਼ਬਦਾਂ, ਸੰਦਰਭਾਂ ਵਿਚ ਪ੍ਰਗਟ ਕੀਤਾ ਜਾਵੇ, ਜਾਂ ਕੀਤਾ ਜਾ ਸਕੇ। ਉਹ ਧਾਰਮਿਕ ਅਨੁਭਵ ਉਪਰ ਜਬਰਦਸਤੀ ਨੈਤਿਕਤਾ (morality) ਅਤੇ ਤਾਰਕਿਕਤਾ (rationality) ਠੋਸਣ ਦਾ ਸਖ਼ਤ ਵਿਰੋਧੀ ਹੈ।

"ਧਰਮ ਦੇ ਪਰਾ-ਸਦਾਚਾਰਕ (non-moral) ਤੇ ਪਰਾ-ਤਾਰਕਿਕ (non-rational) ਤੱਤ 'ਤੇ ਬਲ ਰਾਹੀਂ ਉਹ ਧਾਰਮਿਕ ਅਨੁਭਵ ਦੇ ਵਿਲੱਖਣ ਤੇ ਬੁਨਿਆਦੀ ਸਰੂਪ ਦਾ ਨਿਖੇੜਾ ਕਰਨ ਦਾ ਯਤਨ ਕਰਦਾ ਹੈ। ਉਸ ਦੀ ਧਾਰਨਾ ਅਨੁਸਾਰ ਅਜਿਹਾ ਅਨੁਭਵ ਸਮੁੱਚੇ ਧਾਰਮਿਕ ਅਨੁਭਵ ਦਾ ਤੱਤ ਰੂਪ ਹੁੰਦਾ ਹੈ। ਕਿਉਂਕਿ ਅਜਿਹੇ ਬੁਨਿਆਦੀ ਅਤੇ ਤਾਤਵਿਕ ਅਨੁਭਵ ਨੂੰ ਤਾਰਕਿਕ ਵਿਸ਼ਲੇਸ਼ਣ ਦੀ ਵਿਧੀ ਨਾਲ ਵਰਣਨ ਨਹੀਂ ਕੀਤਾ ਜਾ ਸਕਦਾ ਇਸ ਲਈ ਇਸ ਨੂੰ ਚਿੰਨ੍ਹਾਤਮਿਕ (symbolic) ਅਤੇ ਦ੍ਰਿਸ਼ਟਾਂਤੀ (analogical) ਵਿਧੀਆਂ ਰਾਹੀਂ ਪ੍ਰੋਖ ਰੂਪ ਵਿਚ ਮਨੁੱਖ ਦੇ ਅੰਦਰ ਜਗਾਇਆ ਜਾ ਸਕਦਾ ਹੈ। ਅਸੀਂ ਪਵਿੱਤਰ ਦੇ ਧਾਰਮਿਕ ਅਨੁਭਵ ਨੂੰ ਆਪਣੇ ਅੰਦਰ ਵਰਤਮਾਨ Sensus Numinous ਦੀ ਮਦਦ ਨਾਲ ਜਾਣ ਸਕਦੇ ਹਾਂ।"[16] ਅਨੰਦ ਸਪੈਂਸਰ ਅਨੁਸਾਰ, "ਔਟੋ ਪਵਿੱਤਰ ਦੇ ਅਨੁਭਵ ਨੂੰ ਬਿਆਨ ਕਰਨ ਲਈ ਨਵਾਂ ਸ਼ਬਦ 'Numinous Experience' ਵਰਤਦਾ ਹੈ। ਉਹ ਧਾਰਮਿਕ ਅਨੁਭਵ ਨੂੰ ਤਰਕ ਅਤੇ ਇੰਦ੍ਰੀ ਗਿਆਨ ਤੋਂ ਉੱਪਰ ਜਾਂ ਤਰਕ ਅਤੀਤ ਸਮਝਦਾ ਹੈ।"[17]

---

[16] ਦਰਸ਼ਨ ਸਿੰਘ, *ਉਹੀ,* ਪੰਨੇ 43-44.

[17] "Otto uses a new term that is 'numinous experience' to explain Experience of the Holy. He considers religious experience above reason and sense perception or as non-rational." Anand Spencer, *Understanding Religion: Theories and Methodology,* Vision and Venture, Patiala, 1997, p. 37.

Numinous ਸ਼ਬਦ Latin ਭਾਸ਼ਾ ਦੇ ਸ਼ਬਦ Numen ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਪਰਮਾਤਮਾ। ਇਸ ਦੀ ਹੋਰ ਅੱਗੇ ਵਿਆਖਿਆ ਕਰਦਿਆਂ ਔਟੋ ਕਹਿੰਦਾ ਹੈ ਕਿ ਇਹ ਆਤਮ-ਸਮਰਪਣ ਦੀ ਭਾਵਨਾ ਪੈਦਾ ਕਰਦਾ ਹੈ। ਧਾਰਮਿਕ ਅਨੁਭਵ ਦੌਰਾਨ ਮਨੁੱਖ ਆਪਣੇ ਆਪ ਨੂੰ ਉਸ ਪਰਮਾਤਮਾ ਦੇ ਚਰਨਾਂ ਦੀ ਧੂੜ ਸਮਾਨ ਸਮਝਦਾ ਹੈ। ਇਹ ਆਪਣੇ ਆਪੇ ਦੀ ਅਣਹੋਂਦ ਅਤੇ ਬੇਅੰਤ ਸੋਚ, ਗਿਆਨ ਦੇ ਭੰਡਾਰ ਦੇ ਜਾਗ ਉੱਠਣ ਦੀ ਭਾਵਨਾ ਜਾਂ ਅਵਸਥਾ ਹੈ। ਔਟੋ ਇਸ ਲਈ wholly other ਸ਼ਬਦ ਵਰਤਦਾ ਹੈ।

**ਪਵਿੱਤਰ ਦੇ ਅਨੁਭਵ ਦੇ ਦੋ ਪੱਖ** :

1. **ਮਿਸਟਰੀਅਮ ਟਰੀਮੈਂਡਮ (Mysterium Tremendum) :** ਇਸ ਪੱਖ ਬਾਰੇ ਗੱਲ ਕਰਦਿਆਂ ਔਟੋ ਦੱਸਦਾ ਹੈ ਕਿ ਇਸ ਵਿਚ ਪਰਮਾਤਮਾ ਪ੍ਰਤੀ ਸਤਿਕਾਰ ਦੇ ਨਾਲ ਡਰ ਦੀ ਭਾਵਨਾ ਵੀ ਜੁੜੀ ਹੁੰਦੀ ਹੈ। ਇਹ ਅਨੋਖੀ ਕਿਸਮ ਦਾ ਡਰ ਪੈਦਾ ਕਰਦੀ ਹੈ, ਜਿਸ ਨੂੰ ਦੱਸਣ ਲਈ ਅਸੀਂ aweful ਤੇ dread (ਡਰਾਉਣਾ) ਸ਼ਬਦ ਸਿਰਫ ਸੰਕੇਤ ਮਾਤਰ ਹੀ ਵਰਤ ਸਕਦੇ ਹਾਂ। ਇਹ ਡਰ ਮਨੁੱਖੀ ਡਰ ਨਾਲੋਂ ਨਿਆਰਾ ਹੁੰਦਾ ਹੈ। ਇਸ ਹਾਲਤ ਵਿਚ ਮਨੁੱਖ ਨੂੰ ਇਕ ਅਜੀਬ ਕਿਸਮ ਦੀ ਕੰਬਣੀ ਛਿੜਦੀ ਹੈ। ਉਸ ਨੂੰ ਆਤਮਾ ਦੇ ਅਮਰ ਅਤੇ ਸਰੀਰ ਦੇ ਨਾਸ਼ਵਾਨ ਹੋਣ ਦਾ ਪਤਾ ਲੱਗਦਾ ਹੈ। ਉਹ ਬਲਹੀਣ ਮਹਿਸੂਸ ਕਰਦਾ ਹੈ, ਘਬਰਾ ਜਾਂਦਾ ਹੈ ਅਤੇ ਉਸ ਪਵਿੱਤਰ, ਸ਼ਕਤੀਸ਼ਾਲੀ ਤੇ ਮੁਕਤੀ ਦਾਤਾ ਸਾਹਮਣੇ ਆਪਣਾ ਆਪ ਮਹਿਸੂਸ ਕਰਦਾ ਹੈ।

2. **ਮਿਸਟਰੀਅਮ ਫੈਸੀਨੈਨ (Mysterium Fasinan) :** ਔਟੋ ਅਨੁਸਾਰ ਦੈਵੀ ਅਨੁਭਵ ਡਰਾਉਣਾ ਹੀ ਨਹੀਂ ਬਣਦਾ ਸਗੋਂ ਜਦੋਂ ਉਸਦਾ ਅਨੁਭਵ ਕੋਈ ਕਰਦਾ ਹੈ ਤਾਂ ਉਸ ਪ੍ਰਤੀ ਅਜੀਬ ਕਿਸਮ ਦਾ ਆਕਰਸ਼ਣ ਵੀ ਮਹਿਸੂਸ ਕਰਦਾ ਹੈ। ਇਸ ਆਕਰਸ਼ਕ ਰੂਪ ਕਰਕੇ ਮਨੁੱਖ ਉਸ ਪ੍ਰਤੀ ਅਚੰਭੇ ਵਿਚ ਹੁੰਦਾ ਹੈ ਅਤੇ ਵੱਧ ਤੋਂ ਵੱਧ ਉਸਦੀ ਨੇੜਤਾ ਹਾਸਿਲ ਕਰਨਾ ਚਾਹੁੰਦਾ ਹੈ। ਆਕਰਸ਼ਨ ਦੀ ਇਹ ਭਾਵਨਾ ਬਿਆਨ ਅਤੇ ਤਰਕ ਤੋਂ ਪਰ੍ਹੇ ਦੀ ਹੈ।[18]

---

[18] "This feeling of attraction towards the mysterium is inexpressible and non-rational." Anand Spencer, *ibid,* p. 38.

ਔਟੋ ਇਨ੍ਹਾਂ ਦੋਵਾਂ ਸਥਿਤੀਆਂ ਲਈ ਲਾਤੀਨੀ ਸ਼ਬਦ Diemonic Dread ਵਰਤਦਾ ਹੈ। Diemonic ਇਕ ਯੂਨਾਨੀ ਦੇਵਤਾ ਹੈ ਜੋ ਅੱਧਾ ਦੇਵਤਾ ਤੇ ਅੱਧਾ ਮਨੁੱਖ ਹੈ। ਭਾਵ ਉਹ ਡਰ ਪੈਦਾ ਕਰਨ ਵਾਲਾ ਸ਼ਕਤੀਸ਼ਾਲੀ ਅਤੇ ਆਕਰਸ਼ਣ ਪੈਦਾ ਕਰਨ ਵਾਲਾ ਸੁੰਦਰ ਵੀ ਹੈ।

ਔਟੋ ਦੁਆਰਾ ਦੱਸਿਆ ਇਹ 'Numinous Experience' ਤਾਰਕਿਕ ਢੰਗ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਹ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ ਪਰਤੂੰ ਇਸ ਨੂੰ ਸਮਾਨਤਾ, ਅਲੰਕਾਰਾਂ ਤੇ ਚਿੰਨ੍ਹਾਂ ਦੀ ਸਹਾਇਤਾ ਨਾਲ ਸੰਕੇਤ ਮਾਤਰ ਸਮਝਿਆ ਜਾ ਸਕਦਾ ਹੈ।

ਔਟੋ ਦੀ ਧਾਰਨਾ ਹੈ ਕਿ ਧਾਰਮਿਕ ਅਨੁਭਵ ਧਰਮ ਦਾ ਅਹਿਮ ਤੱਤ ਹੈ। ਉਹ ਇਸ ਮਨੌਤ ਨੂੰ ਲੈ ਕੇ ਤੁਰਦਾ ਹੈ ਕਿ ਧਾਰਮਿਕਤਾ ਦਾ ਆਧਾਰ ਮਨੁੱਖ ਦੀ ਮਾਨਸਿਕ ਬਣਤਰ ਵਿਚ ਸੁਭਾਵਿਕ ਹੀ ਮੌਜੂਦ ਹੈ। ਧਰਮ ਨੂੰ ਮਨੁੱਖੀ ਮਨ ਦੇ ਅਨੁਭਵਾਂ, ਮਨੋਭਾਵਾਂ ਤੇ ਫੁਰਨਿਆਂ ਵਿਚੋਂ ਉਜਾਗਰ ਕੀਤਾ ਜਾ ਸਕਦਾ ਹੈ।

ਔਟੋ ਨੇ ਇਸ ਨਿਵੇਕਲੇ ਅਨੁਭਵ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ ਹੈ। ਔਟੋ ਦੀ ਮੂਲ ਰਚਨਾ ਜਰਮਨੀ ਭਾਸ਼ਾ ਵਿਚ ਸੀ ਜਿਸਦਾ 1933 ਈ. ਵਿਚ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਜਰਮਨੀ ਭਾਸ਼ਾ ਵਿਚ ਰਚੇ ਤੇ ਵਰਤੇ ਪ੍ਰਤੀਕਾਂ ਅਤੇ ਸ਼ਬਦਾਂ ਦੀ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਵਿਚ ਵਿਆਖਿਆ ਕਰਨ ਨਾਲ ਇਸਦੇ ਅਰਥਾਂ ਦੇ ਅਨਰਥ ਹੋ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਬੁੱਧੀ ਅਤੇ ਤਰਕ ਦੀ ਸਮਝ ਤੋਂ ਪਰ੍ਹੇ ਹੋਣ ਦੇ ਬਾਵਜੂਦ ਵੀ ਔਟੋ ਨੇ ਧਾਰਮਿਕ ਅਨੁਭਵ ਨੂੰ ਸਮਝਾਉਣ ਲਈ ਸੰਕੇਤ ਅਤੇ ਪ੍ਰਤੀਕ ਵਰਤੇ ਹਨ। ਪਰਮਸੱਤਾ ਜੋ ਕਿ ਬੜੀ ਵਿਰਾਟ, ਬਲਵਾਨ ਅਤੇ ਕਿਰਿਆਸ਼ੀਲ ਹੋਂਦ ਹੈ, ਉਸਦਾ ਸਾਹਮਣਾ (Encounter) ਹੋਣ ਦੇ ਪਲਾਂ ਵਿਚ ਅਨੁਭਵਕਰਤਾ ਭੈ-ਭੀਤ ਤੇ ਘਬਰਾਹਟ ਮਹਿਸੂਸ ਕਰਦਾ ਹੈ। ਉਹ ਆਪਣੀ ਹੋਂਦ ਤੋਂ ਵੱਖਰੀ ਤੇ ਉਚੇਰੀ ਹੋਂਦ ਜਾਣ ਕੇ ਪਰਮਸੱਤਾ ਪ੍ਰਤੀ ਸਤਿਕਾਰ ਨਾਲ ਭਿੱਜ ਜਾਂਦਾ ਹੈ। ਰੂਡੋਲਫ ਔਟੋ ਦੁਆਰਾ ਉਪਰੋਕਤ ਧਾਰਮਿਕ ਅਨੁਭਵ ਦੇ ਸਿਧਾਂਤ ਦੇ ਆਧਾਰ ਤੇ ਧਾਰਮਿਕ ਅਨੁਭਵ ਦੇ ਹੇਠਾਂ ਲਿਖੇ ਵਿਸ਼ੇਸ ਲੱਛਣ ਅਤੇ ਗੁਣ ਤੱਤ ਰੂਪ ਵਿਚ ਕੱਢੇ ਜਾ ਸਕਦੇ ਹਨL

1. ਧਾਰਮਿਕ ਅਨੁਭਵ ਤਰਕ-ਅਤੀਤ ਭਾਵ ਤਰਕ ਦੀ ਪਹੁੰਚ ਤੋਂ ਪਰ੍ਹੇ ਹੁੰਦਾ ਹੈ। ਸਾਧਕ ਦੀਆਂ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰ ਹੁੰਦਾ ਹੈ। ਇਸ ਨੂੰ ਤਰਕ ਰਾਹੀਂ, ਬੁੱਧੀ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।
2. ਧਾਰਮਿਕ ਅਨੁਭਵ ਵਿਚ ਅਨੁਭਵਕਰਤਾ ਅਤੇ ਪਰਮਸੱਤਾ ਦੋਹਾਂ ਦਾ ਹੋਣਾ ਜ਼ਰੂਰੀ ਹੈ।
3. ਧਾਰਮਿਕ ਅਨੁਭਵ ਵਿਚ ਪਰਮਸੱਤਾ ਪ੍ਰਤੀ ਆਤਮ ਸਮਰਪਣ ਦੀ ਭਾਵਨਾ ਬੜੀ ਪ੍ਰਬਲ ਹੁੰਦੀ ਹੈ।
4. ਧਾਰਮਿਕ ਅਨੁਭਵ ਦੌਰਾਨ ਪਰਮਸੱਤਾ ਪ੍ਰਤੀ ਡਰ ਅਤੇ ਸਤਿਕਾਰ ਦੀ ਭਾਵਨਾ, ਦੋਵੇਂ ਇਕੋ ਵੇਲੇ ਇੱਕਠੀਆਂ ਹੀ ਮੌਜੂਦ ਰਹਿੰਦੀਆਂ ਹਨ।
5. ਧਾਰਮਿਕ ਅਨੁਭਵ ਦੌਰਾਨ ਅਨੁਭਵਕਰਤਾ ਕਮਜ਼ੋਰ, ਲਾਚਾਰ, ਬਲਹੀਨ ਅਤੇ ਘਬਰਾਹਟ ਮਹਿਸੂਸ ਕਰਦਾ ਹੈ।
6. ਧਾਰਮਿਕ ਅਨੁਭਵ ਵਿਚ ਡਰ ਦੀ ਭਾਵਨਾ ਦੇ ਬਾਵਜੂਦ ਪਰਮਸੱਤਾ ਪ੍ਰਤੀ ਇਕ ਆਕਰਸ਼ਣ ਵੀ ਲਗਾਤਾਰ ਬਣਿਆ ਰਹਿੰਦਾ ਹੈ।
7. ਧਾਰਮਿਕ ਅਨੁਭਵ ਦੌਰਾਨ ਅਨੁਭਵਕਰਤਾ ਵਿਸਮਾਦ ਵਿਚ ਹੁੰਦਾ ਹੈ। ਇਹ ਅਨੁਭਵ ਅਤਿ ਰਹੱਸਮਈ ਹੁੰਦਾ ਹੈ।
8. ਔਟੋ ਇਸ ਧਾਰਮਿਕ ਅਨੁਭਵ ਨੂੰ Numinous Experience ਦਾ ਨਾਮ ਦਿੰਦਾ ਹੈ।

ਵਜ਼ੀਰ ਸਿੰਘ ਅਨੁਸਾਰ, "ਔਟੋ ਦਾ ਮਤ ਹੈ ਕਿ ਜੋ ਧਰਮ ਸਿਧਾਂਤ ਨਿੱਜੀ ਅਨੁਭਵ ਦੀ ਬੁਨਿਆਦ ਉੱਤੇ ਉਸਾਰਿਆ ਗਿਆ ਹੈ, ਉਹੀ ਸਾਰਥਕ ਹੈ। ਕੇਵਲ-ਮਾਤਰ ਸੰਕਲਪਾਂ ਦੇ ਆਧਾਰ ਉਤੇ ਖੜ੍ਹਾ ਸਿਧਾਂਤ ਥੋਥਾ ਹੈ। ਆਤਮਕ ਅਨੁਭਵ ਰਹੱਸਮਈ ਅਨੁਭਵ ਹੈ, ਜਿਸ ਵਿਚ ਕਰਾਮਾਤੀ ਅੰਸ਼ ਸ਼ਾਮਿਲ ਹੈ। ਇਸ ਦੀ ਸੰਪੂਰਨ ਤੇ ਸਰਬ-ਪੱਖੀ ਵਿਆਖਿਆ ਸੰਭਵ ਨਹੀ; 'ਸੁੰਨ' (ਸ਼ੂਨਯ) ਦੇ ਭਾਰਤੀ ਸੰਕਲਪ ਵਾਂਗ ਇਹ ਰਹੱਸਮਈ ਤੇ ਅਕੱਥ ਵਿਸ਼ਾ ਹੈ। ਪਰ, ਜਿਵੇਂ ਅਕੱਥ ਨੂੰ ਕਥਿਆ ਗਿਆ ਹੈ, ਰਹੱਸਵਾਦੀਆਂ ਨੇ ਰਹੱਸਮਈ ਅਨੁਭਵ ਨੂੰ ਸ਼ਬਦਾਂ ਤੇ ਸੰਕੇਤਾਂ ਰਾਹੀਂ ਪ੍ਰਗਟਾਣ ਦੇ ਯਤਨ ਕੀਤੇ ਹਨ, ਔਟੋ ਨੇ ਅੰਤਰੀਵਤਾ ਦੇ ਅਨੁਭਵ ਨੂੰ ਨੈਤਿਕ, ਸੁਹਜਾਤਮਕ ਤੇ ਦਾਰਸ਼ਨਿਕ ਵਿਉਤਾਂ ਵਿਚ ਢਾਲਣ ਦਾ ਬੌਧਿਕ ਉਪਰਾਲਾ ਕੀਤਾ ਹੈ।"[19]

[19] ਵਜ਼ੀਰ ਸਿੰਘ, *ਉਹੀ,* ਪੰਨੇ 86-87.

**ਜੋਕਿਮ ਵਾਕ (Joachim Wach, 1898-1955) :** ਜੋਕਿਮ ਵਾਕ ਪ੍ਰਸਿੱਧ ਜਰਮਨ ਚਿੰਤਕ ਹੋਇਆ ਹੈ। ਔਟੋ ਵਾਂਗ ਉਸ ਨੇ ਵੀ ਅਨੁਭਵ ਨੂੰ ਧਰਮ ਦਾ ਬਹੁਤ ਜ਼ਰੂਰੀ ਤੱਤ ਕਿਹਾ ਹੈ। ਜੋਕਿਮ ਵਾਕ ਵੀ ਔਟੋ ਵਾਂਗ ਇਹ ਕਹਿੰਦਾ ਹੈ ਕਿ ਸਾਰੇ ਧਰਮਾਂ ਪਿੱਛੇ ਇਕੋ ਰੱਬ ਹੈ ਜਿਸਦਾ ਅਨੁਭਵ ਕੀਤਾ ਜਾਂਦਾ ਹੈ। ਉਸ ਦਾ ਸਾਰਾ ਕੰਮ ਇਸ ਪੱਖ ਉੱਤੇ ਹੈ ਕਿ ਵਿਭਿੰਨ ਧਰਮ ਇਕ ਰੱਬ ਦਾ ਅਨੁਭਵ ਕਰਦੇ ਹਨ। ਇਹੀ ਨਹੀਂ ਉਹ ਅਨੁਭਵ ਦੇ ਨਾਲ ਪ੍ਰਗਟਾਵੇ ਨੂੰ ਵੀ ਸਾਰੇ ਧਰਮਾਂ ਦੀ ਤੁਲਨਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਧਾਰਨਾ ਹੈ ਕਿ ਅਨੁਭਵੀ ਸਚਾਈ ਇਤਿਹਾਸ ਰਾਹੀਂ ਪ੍ਰਗਟ ਹੁੰਦੀ ਹੈ।

ਉਹ ਧਾਰਮਿਕ ਅਨੁਭਵ ਰਾਹੀਂ ਧਰਮ ਨੂੰ ਸਮਝਣ ਦੇ ਯਤਨ ਲਈ ਧਰਮਾਂ ਦੇ ਤੁਲਨਾਤਮਿਕ ਅਧਿਐਨ ਲਈ ਸਿਧਾਂਤ ਪੇਸ਼ ਕਰਦਾ ਹੈ। ਜਿਸ ਵਿਚ ਉਸ ਨੇ ਇਤਿਹਾਸਿਕ ਗਿਆਨ ਨੂੰ ਕਾਫ਼ੀ ਮਹੱਤਵ ਦਿੱਤਾ ਹੈ। ਆਪਣੇ ਉਸਤਾਦ ਰੂਡੋਲਫ਼ ਔਟੋ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਇਹ ਗੱਲ ਮਨ ਵਿਚ ਵਸਾਈ ਕਿ 'ਧਾਰਮਿਕ ਅਨੁਭਵ ਪਵਿੱਤਰ (Holy) ਦਾ ਅਨੁਭਵ ਹੈ' ਅਤੇ ਸਾਰੀ ਉਮਰ ਇਸ ਗੱਲ ਦਾ ਪੱਲਾ ਨਹੀਂ ਛੱਡਿਆ।

ਉਸਦੇ ਅਧਿਐਨ ਦੇ ਦੋ ਮੁੱਖ ਉਦੇਸ਼ ਹਨ: (1) ਇਤਿਹਾਸਕ (2) ਸਿਧਾਂਤਕ। ਪਰੰਤੂ ਇਨ੍ਹਾਂ ਦੋਹਾਂ ਦੇ ਕੇਂਦਰ ਵਿਚ ਧਾਰਮਿਕ ਅਨੁਭਵ ਨੂੰ ਰੱਖ ਕੇ ਉਸ ਨੇ ਧਰਮ ਦੇ ਤਿੰਨ ਪੱਖਾਂ ਸਿਧਾਂਤਕ, ਅਮਲੀ ਤੇ ਸਮਾਜਿਕ ਨੂੰ ਸਮਝਣ ਦਾ ਯਤਨ ਕੀਤਾ ਹੈ।[20]

ਵਜ਼ੀਰ ਸਿੰਘ ਅਨੁਸਾਰ, "ਅਨੁਭਵ ਅਤੇ ਇਸ ਦਾ ਪ੍ਰਗਟਾਵਾ, ਦੋਵੇਂ ਮਨੋਵਿਗਿਆਨਿਕ ਕ੍ਰਿਆਵਾਂ ਹਨ। ਔਟੋ ਨੇ ਅਨੁਭਵ ਨੂੰ ਵਧੇਰੇ ਮਹੱਤਵ ਦਿੱਤਾ ਹੈ: ਇਹ ਪਵਿੱਤਰਤਾ ਦਾ ਧਰਮ ਦੀ ਵਾਸਤਵਿਕਤਾ ਦਾ ਅਨੁਭਵ ਹੈ, ਜੋ ਨਾ ਤਾਂ ਵਿਅਕਤੀ ਦੇ ਗਿਆਨ-ਇੰਦਰੀਆਂ ਉੱਤੇ ਨਿਰਭਰ ਹੈ ਨਾ ਹੀ ਉਸ ਦੀ ਬੁੱਧੀ ਉੱਤੇ। ਇਸ ਅੰਤਰਬੋਧੀ, ਰਹੱਸਮਈ ਅਨੁਭਵ ਦਾ ਪ੍ਰਗਟਾਵਾ ਬੌਧਿਕ ਸੰਕੇਤਾਂ ਰਾਹੀਂ ਕੀਤਾ ਜਾਂਦਾ ਹੈ, ਜਿਸ ਨੂੰ ਔਟੋ ਨੇ ਦੂਸਰੇ ਸਥਾਨ ਉੱਤੇ ਰੱਖਿਆ ਹੈ। ਕੁਝ ਹੋਰ ਚਿੰਤਕਾਂ ਨੇ ਜਿਨ੍ਹਾਂ ਵਿਚ ਜੋਕਿਮ ਵਾਕ ਵੀ ਸ਼ਾਮਿਲ ਹੈ, ਅਨੁਭਵ ਦੇ ਪ੍ਰਗਟਾਵਿਆਂ ਨੂੰ ਵਧੇਰੇ ਅਹਿਮੀਅਤ ਦਿੱਤੀ ਹੈ। ਇਹ ਪ੍ਰਗਟਾਵੇ ਮਿੱਥ, ਸਿਧਾਂਤ ਅਤੇ ਕਟੱੜਪੰਥੀ ਵਿਸ਼ਵਾਸਾਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਵਾਕ ਦਾ ਯਕੀਨ ਹੈ ਕਿ ਸਮਾਜ-ਵਿਗਿਆਨੀਆਂ ਦਾ

---

[20] "In Wach's opinion religious experience is expressed in three basic ways- (1) Thought (theoretical) (2) Action (Practical) (3) Fellowship (Sociological)." Anand Spencer, *ibid*, p. 44.

ਅਧਿਐਨ ਧਰਮ ਦੇ ਕੇਂਦਰੀ ਤੱਤ ਨੂੰ ਨਹੀਂ ਉਘਾੜ ਸਕਦਾ (ਚਾਹੇ ਉਹ ਆਪ ਉਸ ਖੇਤਰ ਨਾਲ ਸੰਬੰਧਿਤ ਰਿਹਾ ਹੈ)। ਅੰਤਿਮ ਹਕੀਕਤ ਦਾ ਅਨੁਭਵ ਸਭ ਧਰਮਾਂ ਵਿਚ ਸਾਂਝਾ ਹੈ। ਇਸ ਸੰਬੰਧ ਵਿਚ ਵਾਕ ਨੂੰ ਧਰਮ ਦੀ ਔਟੋ ਦੁਆਰਾ ਪ੍ਰਸਤੁਤ ਭਾਸ਼ਾ ਪ੍ਰਵਾਨ ਹੈ।"[21]

ਜੋਕਿਮ ਵਾਕ ਦੀ ਪਹੁੰਚ ਵਿਧੀ ਬਾਰੇ ਵਿਚਾਰ ਕਰਦਿਆਂ ਅਨੰਦ ਸਪੈਂਸਰ ਲਿਖਦੇ ਹਨ, "In his approach Wach follows Otto, that experience is the most important element of religion. Otto did not deal very thoroughly with the way religous experience is expressed. He focused all his emphasis on the experience as an essential factor, But Wach tries to deal with both, experience and its expression."[22]

ਵਾਕ ਦੀ ਧਾਰਨਾ ਕਿ ਸਾਰੇ ਧਰਮਾਂ ਵਿਚ ਇਕ ਹੀ ਰੱਬ ਦਾ ਅਨੁਭਵ ਕੀਤਾ ਜਾਂਦਾ ਹੈ। ਪਰ ਕੀ ਸਾਰੇ ਧਰਮਾਂ ਵਿਚ ਉਸ ਇਕ ਰੱਬ ਦਾ ਅਨੁਭਵ ਇਕ ਸਮਾਨ, ਇਕੋ ਜਿਹਾ ਹੈ ਜਾਂ ਵਖਰੇਵੇਂ ਸਹਿਤ ਹੈ? ਵਾਕ ਦਾ ਸਾਰਾ ਕਾਰਜ ਤੇ ਅਧਿਐਨ ਇਸ ਮਸਲੇ ਉਪਰ ਹੈ ਕਿ ਸਾਰੇ ਧਰਮ ਇਕ ਹੀ ਰੱਬ ਦਾ ਅਨੁਭਵ ਕਰਦੇ ਹਨ। ਵਾਕ ਇਹਨਾਂ ਧਰਮਾਂ ਵਿਚ ਕੀਤੇ ਇਕ ਰੱਬ ਦੇ ਅਨੁਭਵਾਂ ਦੀ ਤੁਲਨਾ ਆਪਸ ਵਿਚ ਕਰਕੇ ਵੇਖਦਾ ਹੈ। ਉਹ ਇਹ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ ਕਿ ਕੀ ਕੋਈ ਸਮਾਨਤਾ ਇਹਨਾਂ ਅਨੁਭਵਾਂ ਦੇ ਪ੍ਰਗਟਾਵੇ ਵਿਚ ਹੈ ਜਾਂ ਨਹੀਂ? ਇਸ ਤਰ੍ਹਾਂ ਅਜਿਹੇ ਪ੍ਰਗਟਾਵਿਆ ਨੂੰ ਵਾਚਣ ਤੇ ਉਸਦਾ ਜਿਆਦਾ ਬਲ ਹੈ।

ਵਾਕ ਮੰਨਦਾ ਹੈ ਕਿ ਧਾਰਮਿਕ ਅਨੁਭਵ ਦੇ ਸਿਧਾਂਤਾ ਵਿਚ ਜਿਆਦਾ ਧਿਆਨ ਸਿਰਫ ਭਾਵਨਾਤਮਕ (emotional) ਪੱਖ ਉੱਤੇ ਦਿੱਤਾ ਗਿਆ ਹੈ। ਇਸ ਇਕ ਪੱਖ ਤੇ ਆਧਾਰਿਤ ਧਾਰਮਿਕ ਅਨੁਭਵ ਦਾ ਸਰੂਪ ਵੀ ਇਕ ਪੱਖੀ ਸਰੂਪ ਹੀ ਕਿਹਾ ਜਾ ਸਕਦਾ ਹੈ। ਉਸਦੀ ਧਾਰਨਾ ਹੈ ਕਿ ਧਾਰਮਿਕ ਅਨੁਭਵ ਸਿਰਫ ਮਨ, ਆਤਮਾ ਜਾਂ ਬੁੱਧੀ ਹੀ ਨਹੀਂ ਬਲਕਿ ਸਮੁੱਚੀ ਸ਼ਖ਼ਸੀਅਤ ਹੀ ਸ਼ਾਮਿਲ ਹੁੰਦੀ ਹੈ। ਇਸ ਅਧਾਰ ਤੇ ਜੋਕਿਮ ਵਾਕ ਧਾਰਮਿਕ ਅਨੁਭਵ ਦੇ ਸਰੂਪ ਦੇ ਹੇਠ ਲਿਖੇ ਚਾਰ ਤੱਤ ਦੱਸਦਾ ਹੈ:[23]

---

[21] ਵਜ਼ੀਰ ਸਿੰਘ, *ਉਹੀ,* ਪੰ. 87.

[22] Anand Spencer, *ibid,* p. 42.

[23] Anand Spencer, *ibid*, p. 42.

1. ਧਾਰਮਿਕ ਅਨੁਭਵ ਇਹ ਦੱਸਦਾ (ਸਾਬਤ ਕਰਦਾ ਹੈ) ਹੈ ਕਿ ਅੰਤਿਮ ਸੱਚ ਵਜੋਂ ਕੀ ਅਨੁਭਵ ਕੀਤਾ ਗਿਆ ਹੈ। (Religious Experience is a response to what is experienced as Ultimate Reality).
2. ਧਾਰਮਿਕ ਅਨੁਭਵ ਇਕ ਸੰਪੂਰਨ ਸਬੂਤ (response) ਹੁੰਦਾ ਹੈ ਜਿਸ ਵਿਚ ਕਿ ਅੰਤਿਮ ਸੱਚ ਦੀ ਸੰਪੂਰਨ ਹੋਂਦ ਸ਼ਾਮਲ ਹੁੰਦੀ ਹੈ। (Religious experience is a total response of the total being to what is apprehended as Ultimate Reality).
3. ਧਾਰਮਿਕ ਅਨੁਭਵ ਬੜਾ ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਅਨੁਭਵ ਹੈ। (Religious Experience is the most intense and powerful experience)
4. ਧਾਰਮਿਕ ਅਨੁਭਵ ਪ੍ਰੇਰਨਾ ਅਤੇ ਕਿਰਿਆ ਦਾ ਇਕ ਸੋਮਾ ਹੈ। (Religious experience is a source of motivation and action)

ਵਾਕ ਦੀ ਧਾਰਨਾ ਹੈ ਕਿ ਅਸਲੀ ਧਾਰਮਿਕ ਅਨੁਭਵ ਵਿਚ ਅੰਤਿਮ ਸੱਚ ਜਾਂ ਪਰਮਸ਼ਕਤੀ ਨਾਲ ਸਾਧਕ ਦਾ ਸਾਹਮਣਾ ਹੁੰਦਾ ਹੈ। ਇਹ ਸਾਹਮਣਾ ਸਕਾਰਤਮਕ ਰੂਪ ਵਿਚ ਹੁੰਦਾ ਹੈ। ਪਦਾਰਥਕ ਵਸਤਾਂ ਦੇ ਅਨੁਭਵ ਨੂੰ ਧਾਰਮਿਕ ਨਹੀਂ ਕਿਹਾ ਜਾ ਸਕਦਾ। ਪਰਮਸ਼ਕਤੀ ਦਾ ਅਨੁਭਵ ਹੀ ਧਾਰਮਿਕ ਅਨੁਭਵ ਹੁੰਦਾ ਹੈ।

ਅਨੁਭਵਕਰਤਾ ਜਦੋਂ ਪਰਮਸੱਤਾ ਦਾ ਸਾਹਮਣਾ ਕਰਦਾ ਹੈ ਤਾਂ ਇਹ ਸਾਹਮਣਾ ਸਕਰਮਕ ਰੂਪ (ਹਾਲਤ) ਵਿਚ ਹੁੰਦਾ ਹੈ। ਇਸ ਅਨੁਭਵ ਦੌਰਾਨ ਅਨੁਭਵਕਰਤਾ ਦੀ ਸਮੁੱਚੀ ਸ਼ਖ਼ਸੀਅਤ ਹਾਜ਼ਰ ਹੁੰਦੀ ਹੈ, ਨਾ ਕਿ ਮਨ, ਭਾਵਨਾ ਜਾਂ ਆਤਮਾ। ਜੇਕਰ ਧਾਰਮਿਕ ਅਨੁਭਵ ਦੌਰਾਨ ਸਿਰਫ ਅਹਿਸਾਸ, ਸੋਚ, ਇੱਛਾ ਜਾਂ ਆਤਮਾ ਹੀ ਮੌਜੂਦ ਰਹਿਣ ਤਾਂ ਇਹ ਅੰਸ਼ਿਕ ਅਨੁਭਵ ਮੰਨਿਆ ਜਾਵੇਗਾ। ਇਸ ਨੂੰ ਅਸਲ ਧਾਰਮਿਕ ਅਨੁਭਵ ਨਹੀਂ ਕਿਹਾ ਜਾ ਸਕਦਾ। ਧਾਰਮਿਕ ਅਨੁਭਵ ਸਿਰਫ ਅਹਿਸਾਸ, ਭਾਵਨਾ, ਮਨੋਦਸ਼ਾ ਆਦਿ ਦਾ ਮਸਲਾ ਨਹੀਂ, ਨਾ ਹੀ ਇਹ ਬੁੱਧੀ ਦੇ ਅਨੁਭਵ ਦਾ ਹੀ ਵਿਸ਼ਾ ਹੈ। ਇਸ ਕਰਕੇ ਅਸਲੀ (ਸ਼ੁੱਧ) ਧਾਰਮਿਕ ਅਨੁਭਵ ਵਿਚ ਦਾ ਮਨ, ਬੁੱਧੀ ਸਰੀਰ, ਆਤਮਾ, ਹਿਰਦਾ, ਤਾਣ-ਬਲ ਭਾਵ ਸਾਰੀ ਮਨੁੱਖੀ ਸਖ਼ਸ਼ੀਅਤ ਹੀ ਸ਼ਾਮਲ ਰਹਿੰਦੀ ਹੈ। ਉਹ ਸਕਾਰਤਮਕ ਰੂਪ ਵਿਚ ਹਾਜ਼ਰ ਹੁੰਦਾ ਹੈ।

ਜੋਕਿਮ ਵਾਕ ਨੇ ਧਾਰਮਿਕ ਅਨੁਭਵ ਦਾ ਸਰੂਪ ਬਿਆਨ ਕਰਦੇ ਹੋਏ ਇਸ ਨੂੰ ਬਹੁਤ ਤੇਜ, ਚਕਚੌਂਧ ਕਰਨ ਵਾਲਾ ਤੇ ਸ਼ਕਤੀਸ਼ਾਲੀ ਅਨੁਭਵ ਦੱਸਿਆ ਹੈ। ਇਸ ਪ੍ਰਭਾਵਸ਼ਾਲੀ ਅਨੁਭਵ ਦੌਰਾਨ ਅਨੁਭਵਕਰਤਾ ਸ਼ਰਧਾ ਨਾਲ ਭਰਪੂਰ ਹੋ ਜਾਂਦਾ ਹੈ। ਉਸਦੇ ਜੀਵਨ ਵਿਚ ਬਦਲਾਅ ਆ ਜਾਂਦਾ ਹੈ। ਉਸਦੇ ਨਜ਼ਰੀਏ ਵਿਚ ਪਰਮਸੱਤਾ ਦਾ ਦਰਜਾ ਪਹਿਲਾਂ ਨਾਲੋਂ ਵੀ ਵਿਸ਼ੇਸ ਤੇ ਉਤਮ ਹੋ ਜਾਂਦਾ ਹੈ। ਉਸਦਾ ਵਿਸ਼ਵਾਸ ਹੋਰ ਵੀ ਗਹਿਰਾ ਹੋ ਜਾਂਦਾ ਹੈ।

ਧਾਰਮਿਕ ਅਨੁਭਵ ਦੇ ਸਰੂਪ ਦਾ ਇਕ ਹੋਰ ਲੱਛਣ ਇਸਦਾ ਪ੍ਰੇਰਨਾਦਾਇਕ ਅਤੇ ਕਿਰਿਆਤਮਿਕ ਹੋਣਾ ਹੈ। ਜੋਕਿਮ ਵਾਕ ਦੱਸਦਾ ਹੈ ਕਿ ਅਮਲ ਧਾਰਮਿਕ ਅਨੁਭਵ ਦੌਰਾਨ ਅਨੁਭਵ ਕਰਤਾ ਕਿਰਿਆਤਮਿਕ ਰੂਪ ਵਿਚ ਕੁਝ ਕਰਨਾ ਲੋਚਦਾ ਹੈ। ਉਹ ਇਸ ਅਨੁਭਵ ਨੂੰ ਮਾਣਦਾ ਹੀ ਨਹੀਂ ਸਗੋਂ ਕਿਰਿਆਤਮਿਕ ਰੂਪ ਵਿਚ ਕਿਸੇ ਕਾਰਜ ਜਾਂ ਸੰਕੇਤ ਰਾਹੀਂ ਇਸ ਨੂੰ ਪ੍ਰਗਟ ਵੀ ਕਰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਧਾਰਮਿਕ ਕਿਰਿਆਵਾਂ (Practicies) ਉਸ ਕਿਰਿਆ ਦਾ ਨਤੀਜਾ ਹੁੰਦੀਆਂ ਹਨ ਜਿਹੜੀ ਕਿਰਿਆ (ਹਾਲਤ) ਧਾਰਮਿਕ ਅਨੁਭਵ ਰਾਹੀਂ ਵਾਪਰੀ ਹੁੰਦੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਜੋਕਿਮ ਵਾਕ ਨੇ ਔਟੋ ਵਾਂਗ ਧਾਰਮਿਕ ਅਨੁਭਵ ਨੂੰ ਧਰਮ ਦਾ ਜ਼ਰੂਰੀ ਤੱਤ ਜਾਂ ਆਧਾਰ ਮੰਨਿਆ ਹੈ। ਪਰ ਵਾਕ ਨੇ ਸਿਰਫ ਧਾਰਮਿਕ ਅਨੁਭਵ ਦੇ ਸਰੂਪ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਸਗੋਂ ਇਹ ਵੀ ਦੱਸਿਆ ਹੈ ਧਾਰਮਿਕ ਅਨੁਭਵ ਕਿਵੇਂ ਸਿਧਾਂਤ, ਕਿਰਿਆ ਜਾਂ ਸੰਗਤ ਰੂਪ ਵਿਚ ਵੱਖ ਵੱਖ ਧਰਮਾਂ ਵਿਚ ਪ੍ਰਗਟ ਹੁੰਦਾ ਹੈ। ਸਾਰੇ ਧਰਮਾਂ ਵਿਚ ਧਾਰਮਿਕ ਅਨੁਭਵ ਬਾਰੇ ਨਿਸ਼ਚਿਤ ਸਮਾਨਤਾਵਾਂ ਹੋ ਸਕਦੀਆਂ ਹਨ ਪਰ ਜਦੋਂ ਇਸ ਅਨੁਭਵ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਤਾਂ ਇਸ ਵਿਚ ਵਖਰੇਵਾਂ ਆ ਜਾਂਦਾ ਹੈ।

**ਮਰਸੀ ਇਲਾਡੇ (Mircea Eliade 1907-1986) :** ਇਸ ਲੜੀ ਵਿਚ ਮਰਸੀ ਇਲਾਡੇ ਨੇ ਪਵਿੱਤਰਤਾ ਦੇ ਸੰਕਲਪ ਅਤੇ ਇਸਦੀ ਰਚਨਾਤਮਿਕ ਵਿਆਖਿਆ ਕਰਕੇ ਧਰਮ ਅਧਿਐਨ ਨੂੰ ਇਕ ਕਦਮ ਅਗਾਂਹ ਤੋਰਦਿਆਂ ਕਿਹਾ ਸੀ ਕਿ ਧਾਰਮਿਕ ਅਨੁਭਵ ਗੈਰ ਤਾਰਕਿਕ ਨਹੀਂ ਹੁੰਦਾ ਸਗੋਂ ਇਹ ਪਵਿੱਤਰ ਅਨੁਭਵ ਹੁੰਦਾ ਹੈ ਜੋ ਆਪਣੇ ਆਪ ਵਿਚ ਪ੍ਰਗਟ ਹੁੰਦਾ ਹੈ।[24] ਮਰਸੀ ਇਲਾਡੇ ਦੀ ਬੁਨਿਆਦੀ ਧਾਰਨਾ ਅਨੁਸਾਰ ਧਰਮ ਪਵਿੱਤਰ (sacred) ਦਾ ਅਨੁਭਵ ਹੈ। ਉਹ ਪਵਿੱਤਰ ਦੀ ਵਿਆਖਿਆ ਵਿਚ ਚਿੰਨ੍ਹਾਂ (symbols) ਨੂੰ ਮਹੱਤਵ

---

24 ਗੁਰਮੀਤ ਸਿੰਘ ਸਿੱਧੂ, *ਉਹੀ,* ਪੰ. 16.

ਦਿੰਦਾ ਹੈ। ਔਟੋ ਜਿਸਨੂੰ Holy ਕਹਿੰਦਾ ਹੈ ਇਲਾਡੇ ਉਸ ਨੂੰ sacred ਕਹਿੰਦਾ ਹੈ। ਉਹ ਧਰਮ ਦੀ ਵਿਆਖਿਆ ਕਰਦਿਆਂ ਕਹਿੰਦਾ ਹੈ ਕਿ ਇਹ ਪਵਿੱਤਰ ਸੰਸਾਰ ਪਰਾ-ਭੌਤਿਕ ਹੈ। ਪਵਿੱਤਰ ਸੰਸਾਰ ਦੇ ਉਲਟ ਇਹ ਦੁਨਿਆਵੀ ਸੰਸਾਰ ਹੈ। ਸੋ ਪਵਿੱਤਰ ਦੀ ਪਹਿਲੀ ਵਿਆਖਿਆ ਇਹ ਹੈ ਕਿ ਪਵਿੱਤਰ ਸੰਸਾਰ ਦੁਨਿਆਵੀ ਸੰਸਾਰ ਦੇ ਬਿਲਕੁਲ ਉਲਟ ਹੈ। ਪਵਿੱਤਰ ਨੂੰ ਸਮਝਣ ਲਈ ਪਹਿਲਾਂ ਆਪ ਪਵਿੱਤਰ ਬਣਨਾ ਪੈਂਦਾ ਹੈ। ਪਵਿੱਤਰਤਾ ਸਾਰੇ ਧਰਮਾਂ ਵਿਚ ਸਾਂਝੀ ਹੈ।

ਪ੍ਰਤੀਕ ਇਤਿਹਾਸ ਵਿਚ ਮੌਜੂਦ ਹੁੰਦੇ ਹਨ। ਪਵਿੱਤਰ ਆਪਣੇ ਆਪ ਨੂੰ ਭੌਤਿਕ ਸੰਸਾਰ ਰਾਹੀਂ ਪੇਸ਼ ਕਰਦਾ ਹੈ। ਧਰਮਾਂ ਵਿਚ ਚਿੰਨ੍ਹ, ਮਿਥ, ਰੀਤੀ-ਰਿਵਾਜ਼, ਰਸਮਾਂ ਆਦਿ ਪਵਿੱਤਰ ਤਕ ਪਹੁੰਚਣ ਵਿਚ ਮਦਦ ਕਰਦੇ ਹਨ। ਪਰੰਤੂ ਇਹ ਸਭ ਇਕ-ਦਮ ਹੋਂਦ ਵਿਚ ਨਹੀਂ ਆਉਂਦੇ ਸਗੋਂ ਲੰਮੇ ਸਮੇਂ, ਤਜ਼ਰਬੇ ਵਿਚੋਂ ਹੌਲੀ-ਹੌਲੀ ਬਣਦੇ ਹਨ।

ਮਰਸੀ ਇਲਾਡੇ ਪਵਿੱਤਰ (sacred) ਨੂੰ ਅਪਵਿੱਤਰ (profane) ਨਾਲ ਤੁਲਨਾਤਮਿਕ ਅਧਿਐਨ ਰਾਹੀਂ ਪ੍ਰਗਟ ਕਰਦਾ ਹੈ ਅਤੇ ਇਸ ਲਈ ਉਹ ਦੁਨਿਆਵੀ ਸੰਸਾਰ ਵਿਚਲੇ ਚਿੰਨ੍ਹਾਂ ਜਿਵੇਂ - ਪੱਥਰ, ਦਰਖ਼ਤ ਆਦਿ ਰਾਹੀਂ ਉਸ ਪਵਿੱਤਰ ਨੂੰ ਸਮਝਣ ਦਾ ਯਤਨ ਕਰਦਾ ਹੈ। ਇਨ੍ਹਾਂ ਚਿਨ੍ਹਾਂ ਨੂੰ ਉਹ hierophany ਆਖਦਾ ਹੈ। ਮਰਸੀ ਇਲਾਡੇ ਅਨੁਸਾਰ ਜਿਨ੍ਹਾਂ ਕੋਲ ਧਾਰਮਿਕ ਅਨੁਭਵ ਹੈ ਉਨ੍ਹਾਂ ਦਾ ਮੰਨਣਾ ਹੈ ਕਿ ਪੂਰੀ ਕੁਦਰਤ ਜੋ ਨਿਯਮਬੱਧ ਢੰਗ ਨਾਲ ਚੱਲ ਰਹੀ ਹੈ, ਪਵਿੱਤਰ (sacred) ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਦੂਜੇ ਸ਼ਬਦਾਂ ਵਿਚ ਅਸੀਂ ਪਵਿੱਤਰ ਦੇ ਹਰੇਕ ਪ੍ਰਗਟਾਵੇ ਨੂੰ ਉਸ ਵਿਅਕਤੀ ਦੇ ਮਾਨਸਿਕ ਸੰਸਾਰ ਵਿਚ ਵੇਖ ਸਕਦੇ ਹਾਂ ਜੋ ਇਸ ਵਿਚ ਯਕੀਨ ਕਰਦਾ ਹੈ।[25] ਇਲਾਡੇ ਦੁਨਿਆਵੀ ਤੇ ਧਾਰਮਿਕ ਗਿਆਨ ਨੂੰ ਇਕੱਠਾ ਕਰਕੇ ਵੇਖਦਾ ਹੈ ਇਸ ਨੂੰ ਅਸੀਂ ਨਵੀਂ ਵਿਆਖਿਆ ਜਾਂ ਰਚਨਾਤਮਕ ਵਿਆਖਿਆ (creative hermeneutics) ਕਹਿ ਸਕਦੇ ਹਾਂ। ਉਸ ਨੇ ਇਸ ਨੂੰ ਰਹੱਸਮਈ ਚਿੰਨ੍ਹਵਾਦ (mystic symbolism) ਕਿਹਾ ਹੈ।

ਮਰਸੀ ਇਲਾਡੇ ਦੇ ਸ਼ਬਦਾਂ ਵਿਚ, "ਇਕ ਧਾਰਮਿਕ ਪਰਪੰਚ ਤਾਂ ਹੀ ਪਛਾਣਿਆ ਜਾ ਸਕੇਗਾ ਜੇਕਰ ਇਸਦੇ ਆਪਣੇ ਪੱਧਰ ਤੇ ਇਸ ਨੂੰ ਪਕੜਿਆ ਜਾਵੇ, ਭਾਵ ਕਿ ਇਸ ਨੂੰ ਧਾਰਮਿਕਤਾ ਨਾਲ ਜਾਂ ਵਾਂਗ ਪੜ੍ਹਿਆ

---

25 "In other words, we shall see each as a manifestation of Sacred in the mental world of those who believed in it". Mirciea Eliade, *Patterns in Comparative Religion*, World Publishing Company, New York, p. 10.

ਜਾਵੇ। ਅਜਿਹੇ ਧਾਰਮਿਕ ਪਰਪੰਚ ਦਾ ਸਾਰ ਤੱਤ ਪਕੜ ਵਿਚ ਲਿਆਉਣ ਲਈ ਸਰੀਰ ਵਿਗਿਆਨ, ਮਨੋਵਿਗਿਆਨ, ਸਮਾਜ ਵਿਗਿਆਨ, ਅਰਥ ਸ਼ਾਸਤਰ, ਭਾਸ਼ਾ ਵਿਗਿਆਨ, ਕਲਾ ਜਾਂ ਹੋਰ ਦੂਜੇ ਅਧਿਐਨ ਦੇ ਸਾਧਨਾਂ ਰਾਹੀਂ ਕੋਸ਼ਿਸ਼ ਕਰਨਾ ਗਲਤ ਹੈ। ਇਸ ਨਾਲ ਵਿਲੱਖਣ ਤੇ ਅਖੰਡ ਤੱਤ ਜੋ ਕਿ ਪਵਿੱਤਰ ਦਾ ਤੱਤ ਹੈ ਗਵਾਚ ਜਾਂਦਾ ਹੈ।"[26]

ਸੋ ਧਾਰਮਿਕ ਅਨੁਭਵ ਨੂੰ ਇਨ੍ਹਾਂ ਉਪਰੋਕਤ ਵਿਸ਼ਿਆਂ ਜਾਂ ਤਰਕ ਸ਼ਾਸਤਰ ਜਾਂ ਦਰਸ਼ਨ ਸ਼ਾਸਤਰ ਦੇ ਨਿਯਮਾਂ (ਪੈਮਾਨਿਆਂ) ਅਨੁਸਾਰ ਨਹੀਂ ਸਮਝਿਆ ਜਾ ਸਕਦਾ। ਇਹ ਆਪਣੇ ਆਪ ਵਿਚ ਮੁਕੰਮਲ ਤੇ ਅਰਥ ਭਰਪੂਰ ਹੁੰਦਾ ਹੈ। ਇਹ ਆਪਣਾ ਕਾਰਨ ਤੇ ਆਪਣੀ ਵਿਆਖਿਆ ਆਪ ਹੀ ਹੁੰਦਾ ਹੈ। ਇਸ ਨੂੰ ਕਿਸੇ ਬਾਹਰੀ ਸਹਾਇਤਾ ਦੀ ਲੋੜ ਨਹੀਂ। ਇਹ ਬਾਹਰੀ ਸਿਧਾਂਤ ਜਾਂ ਵਿਸ਼ੇ ਇਸ ਦੀ ਸ਼ੁੱਧਤਾ ਵਿਗਾੜ ਦੇਂਦੇ ਹਨ ਅਤੇ ਸਾਰ ਤੱਤ ਸਮਝਾਉਣ ਤੋਂ ਅਸਮਰੱਥ ਹੁੰਦੇ ਹਨ। ਕਿਉਂਕਿ ਇਹ ਸੱਚ ਹੈ ਅਤੇ ਸੱਚ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ ਹੁੰਦੀ।

ਮਰਸੀ ਇਲਾਡੇ ਦਾ ਮੰਨਣਾ ਹੈ ਕਿ ਪਵਿੱਤਰ ਨੂੰ ਬਿਆਨ ਕਰਨਾ ਔਖਾ ਹੈ। ਰਹੱਸਮਈ ਹੋਣ ਕਾਰਨ ਇਸ ਨਾਲ ਜੁੜਕੇ ਜਾਂ ਇਸ ਵਿਚ ਸ਼ਾਮਲ ਹੋਣ ਉਪਰੰਤ ਹੀ ਇਹ ਸਮਝ ਵਿਚ ਆ ਸਕਦਾ ਹੈ। ਇਸ ਨੂੰ ਵਧੇਰੇ ਸੌਖੇ ਤਰੀਕੇ ਰਾਹੀਂ ਸਮਝਾਉਣ ਲਈ ਉਹ ਪਵਿੱਤਰ ਅਤੇ ਅਪਵਿੱਤਰ ਵਿਚ ਅੰਤਰ ਦੱਸਦਾ ਹੈ।

ਇਸ ਵਿਚ ਕੋਈ ਹੈਰਾਨੀ ਨਹੀਂ ਕਿ ਮਰਸੀ ਇਲਾਡੇ ਨੇ ਇਹ ਪਵਿੱਤਰ (sacred) ਅਤੇ ਅਪਵਿੱਤਰ (profane) ਦੇ ਸੰਕਲਪ ਦੁਰਖਾਇਮ ਤੋਂ ਲਏ ਹਨ। ਇਲਾਡੇ ਦੀ ਮੁੱਢਲੀ ਅਕਾਦਮਿਕਤਾ ਫਰਾਂਸ ਦੀ ਚਿੰਤਨ ਪ੍ਰੰਪਰਾ ਨਾਲ ਜੁੜੀ ਸੀ। ਦੁਰਖਾਇਮ ਕਰਕੇ ਹੀ ਉਸਨੇ ਧਰਮ ਦੀ ਵਿਆਖਿਆ ਇਸ ਤਰੀਕੇ ਸਵੀਕਾਰ ਕੀਤੀ। ਪਰੰਤੂ ਗਹੁ ਨਾਲ ਵਿਚਾਰਿਆਂ ਪਤਾ ਲੱਗਦਾ ਹੈ ਕਿ ਇਹ ਵਿਆਖਿਆ ਅਸਲ ਵਿਚ ਵੱਖਰੀ ਅਤੇ ਵਿੱਲਖਣ ਹੈ। ਜਦੋਂ ਦੁਰਖਾਇਮ ਪਵਿੱਤਰ (Sacred) ਅਤੇ ਅਪਵਿੱਤਰ (profane) ਦੀ ਗੱਲ ਕਰਦਾ ਹੈ ਤਾਂ

---

[26] "A Religious phenomenon will only be recognized as such if it is grasped at its own level, that is to say, if it is studied as something religious. To try to grasp the essence of such a phenomonen by means of physiology, psychology, sociology, economics, linguistics, art or any other study is false, it misses the one unique and irrudicible element in it - the element of sacred." Mirciea Eliade, *ibid,* p. 12.

ਉਹ ਹਮੇਸ਼ਾ ਪਵਿੱਤਰ ਨੂੰ ਸਮਾਜ ਅਤੇ ਇਸ ਦੀਆਂ ਲੋੜਾਂ ਸਮਝਦਾ ਹੈ। ਉਸ ਲਈ ਪਵਿੱਤਰ ਸਮਾਜਕ ਹੈ ਅਤੇ ਇਸਦੇ ਉਲਟ ਅਪਵਿੱਤਰ ਨਿੱਜੀ ਹੈ।[27] ਪਰੰਤੂ ਮਰਸੀ ਇਲਾਡੇ ਨੇ ਪਵਿੱਤਰ ਅਤੇ ਅਪਵਿੱਤਰ ਨੂੰ ਵੱਖਰੇ ਪ੍ਰਸੰਗ ਅਤੇ ਅਨੁਭਵ ਦੀ ਨਿਵੇਕਲੀ ਵਿਆਖਿਆ ਦੇ ਉਦੇਸ਼ ਹਿਤ ਵਰਤਿਆ ਹੈ।

ਗੁਰਮੀਤ ਸਿੰਘ ਸਿੱਧੂ ਅਨੁਸਾਰ, "ਦੁਰਖਾਇਮ ਮੁਤਾਬਕ ਟੋਟਮ ਸਮਾਜਕ ਇੱਕਜੁਟਤਾ ਦੀ ਪ੍ਰਤਿਨਿਧਤਾ ਕਰਦਾ ਹੈ ਇਸ ਕਰਕੇ ਉਹ ਪਵਿੱਤਰ ਹੁੰਦਾ ਹੈ ਪਰੰਤੂ ਮਰਸੀ ਇਲਾਡੇ ਪਵਿੱਤਰਤਾ ਦੇ ਸੰਕਲਪ ਨੂੰ ਵਧੇਰੇ ਵਿਸ਼ਾਲ ਪ੍ਰਸੰਗ ਵਿਚ ਵਰਤਦਾ ਹੈ, ਉਸ ਅਨੁਸਾਰ ਧਰਮ ਹੀ ਪਵਿੱਤਰ ਹੈ। ਉਸਦਾ ਪਵਿੱਤਰਤਾ ਦਾ ਸੰਕਲਪ ਰੂਡੋਲਫ ਔਟੋ ਨਾਲ ਵੀ ਮਿਲਦਾ ਜਾਪਦਾ ਹੈ ਪਰ ਉਸ ਨਾਲੋਂ ਵੱਖਰੇ ਧਰਾਤਲ ਤੋਂ ਉਹ ਪਵਿੱਤਰਤਾ ਨੂੰ ਸਮਝਦਾ ਅਤੇ ਇਸਦੀ ਵਿਆਖਿਆ ਕਰਦਾ ਹੈ। ਇਸ ਲਈ ਉਹ ਇਹ ਵੀ ਮੰਨਦਾ ਹੈ ਕਿ ਆਮ ਅਤੇ ਅਰਥਹੀਣ ਅਨੁਭਵ ਦੇ ਮੁਕਾਬਲੇ ਪਵਿੱਤਰਤਾ ਦੇ ਅਨੁਭਵ ਵਿਚ ਅਜੀਬ, ਗਤੀਸ਼ੀਲ, ਮਹਾਨ ਅਤੇ ਸੱਚੀ ਸ਼ਕਤੀ ਹੁੰਦੀ ਹੈ। ਇਸ ਅਨੁਭਵ ਦਾ ਪ੍ਰਗਟਾਵਾ ਆਪਣੇ ਆਪ ਹੁੰਦਾ ਹੈ। ਪਵਿੱਤਰਤਾ ਦਾ ਅਹਿਸਾਸ ਬੇਹੱਦ ਊਰਜਾ ਭਰਪੂਰ ਅਤੇ ਸ਼ਕਤੀਸ਼ਾਲੀ ਹੁੰਦਾ ਹੈ।"[28]

ਇਲਾਡੇ ਦਾ ਮੰਨਣਾ ਹੈ ਕਿ ਪਵਿੱਤਰ ਆਪਣੇ ਬਾਰੇ ਖ਼ੁਦ ਦੱਸਦਾ ਹੈ। ਪਵਿੱਤਰ ਦਾ ਅਪਵਿੱਤਰ ਨਾਲੋਂ ਬੁਨਿਆਦੀ ਫਰਕ ਇਹ ਹੁੰਦਾ ਹੈ ਕਿ ਪਵਿੱਤਰ ਦੀ ਪਵਿੱਤਰਤਾ ਆਪਣਾ ਪ੍ਰਗਟਾਵਾ ਆਪ ਕਰਦੀ ਹੈ ਕਿਉਂਕਿ ਇਹ ਪਵਿੱਤਰਤਾ ਅਸਲ ਹੁੰਦੀ ਹੈ। ਕਈ ਵਾਰ ਇਹ ਪ੍ਰਗਟਾਵਾ ਆਮ ਦੁਨਿਆਵੀ ਵਸਤਾਂ ਜਿਵੇਂ ਪਹਾੜਾਂ, ਪੱਥਰਾਂ, ਰੁੱਖਾਂ ਆਦਿ ਵਿਚ ਵੀ ਵੇਖਣ ਨੂੰ ਮਿਲਦਾ ਹੈ। ਕਈ ਵਾਰ ਇਹਨਾਂ ਤੋਂ ਵੀ ਵੱਖਰੇ ਜਾਂ ਵਿਸ਼ੇਸ ਪ੍ਰਤੀਕ ਇਸ ਪਵਿੱਤਰਤਾ ਨੂੰ ਪ੍ਰਗਟ ਕਰਦੇ ਹਨ।

ਆਮ ਵਸਤਾਂ, ਰੁੱਖਾਂ ਜਾਂ ਪੱਥਰਾਂ ਨਾਲੋਂ ਪਵਿੱਤਰ ਵਸਤਾਂ ਰੁੱਖ ਜਾਂ ਪੱਥਰ ਵਿਸ਼ੇਸ਼ ਇਸ ਕਰਕੇ ਮੰਨੇ ਜਾਂਦੇ ਹਨ ਕਿਉਂਕਿ ਉਹਨਾਂ ਨਾਲ ਉਹ ਪਵਿੱਤਰਤਾ ਜੁੜੀ ਹੁੰਦੀ ਹੈ ਜਿਸਦਾ ਉਹ ਪ੍ਰਗਟਾਵਾ ਕਰ ਰਹੇ ਹੁੰਦੇ

---

[27] Dariel, L. Pals, *Seven Theories of Religion*, Oxford University Press, New York, 1996, p. 164. "Eliade was educated in the French intellectual tradition, where, largely becuse of Durkheim, this way of delining religion came to be widely accetped. A Closer look, lowever, will show that, in fact, there is difference. As we saw before, when Durkkeim speaks of the sacred and profane, he is always thinking of society and its needs. The sacred for him is the social that which matters to the clan; the profene is the opposite-that which matters only to the individual."

[28] ਗੁਰਮੀਤ ਸਿੰਘ ਸਿੱਧੂ, *ਉਹੀ,* ਪੰ. 145.

ਹਨ। ਫਿਰ ਇਹ ਆਮ ਵਸਤਾਂ, ਰੁੱਖ ਤੇ ਪੱਥਰ ਨਹੀਂ ਰਹਿੰਦੇ। ਇਹਨਾਂ ਵਿਚ ਪਵਿਤੱਰਤਾ ਦੇ ਪ੍ਰਗਟ ਹੋਣ ਸਦਕਾ ਇਹ ਪਰਮਸੱਤਾ ਨੂੰ ਪ੍ਰਗਟ ਕਰਨ ਵਾਲੇ ਸਾਧਨ ਬਣ ਜਾਣ ਕਾਰਨ ਇਹ ਪੂਜਣਯੋਗ ਬਣ ਜਾਂਦੇ ਹਨ। ਇਸੇ ਮਹਾਨਤਾ ਸਦਕਾ ਸਾਰੀ ਕੁਦਰਤ ਹੀ ਪੂਜਣਯੋਗ ਬਣ ਜਾਂਦੀ ਹੈ। ਇਸ ਤਰੀਕੇ ਪੂਜੇ ਜਾਣ ਵਾਲੇ ਇਹ ਸਾਧਨ ਵਸਤਾਂ, ਰੁੱਖ, ਪੱਥਰ, ਚੰਨ, ਆਸਮਾਨ, ਧਰਤੀ, ਪਾਣੀ ਆਦਿ ਹੋ ਸਕਦੇ ਹਨ। ਇਹਨਾਂ ਵਿਚੋਂ ਪਵਿੱਤਰਤਾ ਅਤੇ ਪਰਮਸੱਤਾ ਦਾ ਪ੍ਰਗਟਾਵਾ ਹੋਣ ਸਦਕਾ ਇਹਨਾਂ ਦਾ ਮਹੱਤਵ ਖਾਸ ਬਣ ਜਾਂਦਾ ਹੈ।

ਇਲਾਡੇ ਦੀ ਧਾਰਨਾ ਹੈ ਕਿ ਧਾਰਮਿਕ ਮਨੁੱਖ ਲਈ ਹਰ ਜਗ੍ਹਾ ਇਕੋ ਜਿਹੀ ਨਹੀਂ ਹੁੰਦੀ। ਅਨੁਭਵੀ ਆਪਣੇ ਅਨੁਭਵ ਰਾਹੀਂ ਜਗ੍ਹਾ ਨੂੰ ਨਿਖੇੜਦਾ ਹੈ ਅਤੇ ਉਸਨੂੰ ਕੁਝ ਖਾਸ ਥਾਵਾਂ ਦੂਸਰੀਆਂ ਥਾਵਾਂ ਨਾਲੋਂ ਬੁਨਿਆਦੀ ਤੌਰ 'ਤੇ ਅਤੇ ਵਿੱਲਖਣ ਜਾਪਦੀਆਂ ਹਨ। ਜਦੋਂ ਪਵਿੱਤਰਤਾ ਕਿਸੇ ਆਪਣੇ ਅੰਦਾਜ ਵਿਚ ਪ੍ਰਗਟ ਹੁੰਦੀ ਹੈ ਤਾਂ ਇਸ ਨਾਲ ਕੇਵਲ ਜਗ੍ਹਾ ਦੀ ਇਕਸਾਰਤਾ ਹੀ ਨਹੀਂ ਟੁੱਟਦੀ ਸਗੋਂ ਇਹ ਪਰਮਸੱਤਾ ਨੂੰ ਪ੍ਰਗਟ ਹੋ ਰਹੀ ਹੁੰਦੀ ਹੈ ਜੋ ਵਿਆਪਕ ਫੈਲੇ ਅਸੱਤ ਦੇ ਵਿਪਰੀਤ ਹੁੰਦੀ ਹੈ। ਪਵਿੱਤਰਤਾ ਦਾ ਪ੍ਰਗਟਾਵਾ ਤੱਤ ਰੂਪ ਵਿਚ ਆਪਣੇ ਜਗਤ ਵਿਚ ਹੀ ਆਪਣੀ ਜਗ੍ਹਾ ਖੋਜਦਾ ਹੈ। ਵਿਆਪਕ ਅਤੇ ਇਕਸਾਰ ਪਸਾਰੇ ਵਿਚ ਕੋਈ ਖਾਸ ਜਗ੍ਹਾ ਹਵਾਲੇ ਵਜੋਂ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।[29]

ਕੋਈ ਸਥਾਨ, ਜਗ੍ਹਾ, ਵਸਤੂ, ਪੱਥਰ, ਆਦਿ ਜਦੋਂ ਕਿਸੇ ਧਰਮ ਨਾਲ ਸੰਬੰਧਿਤ ਕਿਸੇ ਅਨੁਭਵ ਜਾਂ ਘਟਨਾ ਦੀ ਗਵਾਹੀ ਦੇਵੇ ਤਾਂ ਉਹ ਪਵਿੱਤਰ ਬਣ ਜਾਂਦਾ ਹੈ। ਫਿਰ ਇਹਨਾਂ ਸਥਾਨਾਂ ਤੇ ਵਸਤਾਂ ਨਾਲ ਸਬੰਧਤ ਰੀਤਾਂ, ਰਸਮਾਂ, ਯਕੀਨ, ਸੰਸਕਾਰ ਅਤੇ ਮਨੌਤਾਂ ਦੇ ਸਮੁੱਚ ਪਵਿੱਤਰਤਾ ਦਾ ਨਿਰਮਾਣ ਕਰਦੇ ਹਨ।

ਇਲਾਡੇ ਨੇ ਵੱਖ-ਵੱਖ ਸਭਿਆਚਾਰਾਂ ਅਤੇ ਇਤਿਹਾਸਾਂ ਵਿਚੋਂ ਉਦਾਹਰਣਾਂ ਅਤੇ ਹਵਾਲੇ ਦੇ ਕੇ ਪਵਿੱਤਰ ਜਗ੍ਹਾ ਦੇ ਅਨੁਭਵ ਦੀ ਤਸਵੀਰ ਪੇਸ਼ ਕੀਤੀ ਹੈ। ਇਸ ਦੇ ਨਾਲ ਹੀ ਉਸ ਨੇ ਧਾਰਮਿਕ ਮਨੁੱਖਾਂ ਅਤੇ ਗੈਰ-ਧਾਰਮਿਕ ਮਨੁੱਖਾਂ ਦੇ ਪਵਿੱਤਰ ਜਗ੍ਹਾ ਪ੍ਰਤੀ ਵਤੀਰੇ ਵਿਚਲੇ ਫਰਕ ਨੂੰ ਸਮਝਣ ਦਾ ਵੀ ਉਪਰਾਲਾ ਕੀਤਾ ਹੈ। ਮਨੁੱਖੀ ਜੀਵਨ ਪਵਿੱਤਰਤਾ ਦੀ ਲੜੀ ਵਿਚ ਹੈ। ਇਲਾਡੇ ਪਹਾੜਾਂ ਨੂੰ ਪਵਿੱਤਰ ਜਗ੍ਹਾ ਨੂੰ ਸੰਸਾਰ ਦਾ ਕੇਂਦਰ ਦੱਸਦਾ ਹੈ ਉਸ ਮੁਤਾਬਕ, "ਸਵਰਗ ਅਤੇ ਧਰਤੀ ਦਾ ਮਿਲਾਪ ਸਥਾਨ ਹੋਣ ਕਰਕੇ ਪਹਾੜ

---

[29] *ਉਹੀ,* ਪੰ. 149.

ਸੰਸਾਰ ਦੇ ਕੇਂਦਰ ਵਿਖੇ ਸਥਿਤ ਹੈ ਅਤੇ ਇਸ ਕਰਕੇ ਇਹ ਧਰਤੀ ਦਾ ਉਤਮ ਸਥਾਨ ਹੈ।"[30] ਇਲਾਡੇ ਬ੍ਰਹਿਮੰਡੀ ਪਹਾੜ ਦੀ ਉਦਾਹਰਣ ਈਸਾਈ ਧਰਮ ਅਤੇ ਇਸਲਾਮ ਵਿਚੋਂ ਦਿੰਦਾ ਹੈ ਕਿ, "ਈਸਾਈਆਂ ਲਈ ਗੋਲਗੋਥਾ (golgotha) ਦਾ ਪਹਾੜ ਸੰਸਾਰ ਦਾ ਕੇਂਦਰ ਹੈ। ਇਹ ਬ੍ਰਹਿਮੰਡੀ ਪਹਾੜ ਉਤਮ ਹੈ ਜਿਸ ਸਥਾਨ ਉੱਤੇ ਆਦਮ (adam) ਰਚਿਆ ਅਤੇ ਦਫਨਾਇਆ ਗਿਆ ਸੀ। ਇਸਲਾਮੀ ਪ੍ਰੰਪਰਾ ਮੁਤਾਬਕ ਧਰਤੀ ਦਾ ਉਤਮ ਕੇਂਦਰ (ਸਥਾਨ) ਕਾਬਾ ਹੈ।"[31] ਇਸ ਤਰ੍ਹਾਂ ਇਲਾਡੇ ਵਿਭਿੰਨ ਸਭਿਆਚਾਰਾਂ ਅਤੇ ਧਰਮਾਂ ਦੇ ਇਤਿਹਾਸ ਰਾਹੀਂ ਪਵਿੱਤਰ ਜਗ੍ਹਾ ਦੇ ਅਨੁਭਵਾਂ ਦੀ ਵਿਆਖਿਆ ਕਰਦਾ ਹੈ।

ਆਮ ਤੌਰ ਤੇ ਪਵਿੱਤਰ ਜਗ੍ਹਾ ਨੂੰ ਦੋ ਅਰਥਾਂ ਵਿਚ ਬਿਆਨ ਕੀਤਾ ਜਾਂਦਾ ਹੈ। ਪਹਿਲੇ ਅਰਥ ਅਨੁਸਾਰ ਪਵਿੱਤਰ ਥਾਂ ਮਨੁੱਖੀ ਹਿਰਦਾ ਹੈ। ਜਦੋਂ ਧਾਰਮਿਕ ਮਨੁੱਖ ਅੰਤਰ ਧਿਆਨ ਹੋ ਕੇ ਆਪਣੇ ਇਸ਼ਟ ਨੂੰ ਸਿਮਰਦਾ ਹੈ ਤਾਂ ਹਿਰਦੇ ਵਿਚੋਂ ਹੀ ਉਸ ਨੂੰ ਪਵਿੱਤਰਤਾ ਦਾ ਅਹਿਸਾਸ ਸ਼ਾਂਤੀ ਪ੍ਰਦਾਨ ਕਰਦਾ ਹੈ। ਦੂਜੇ ਅਰਥ ਅਨੁਸਾਰ ਬਾਹਰ ਭੌਤਿਕ ਤਲ ਤੇ ਕੋਈ ਭੂਗੋਲਿਕ ਸਥਾਨ ਵੀ ਪਵਿੱਤਰ ਹੋ ਸਕਦਾ ਹੈ। ਇੱਥੇ ਅਸੀਂ ਕਿਸੇ ਚਰਚ, ਗੁਰਦਵਾਰੇ, ਮੰਦਰ, ਮਸਜਿਦ, ਤਪ-ਅਸਥਾਨ, ਸ਼ਹੀਦੀ ਯਾਦਗਾਰ, ਨਦੀ, ਸਰੋਵਰ, ਬਾਉਲੀ ਆਦਿ ਦੀ ਉਦਾਹਰਣ ਲੈ ਸਕਦੇ ਹਾਂ। ਅਜਿਹੀ ਪਵਿੱਤਰ ਜਗ੍ਹਾ ਉੱਤੇ ਪਹੁੰਚ ਕੇ ਜਗਿਆਸੂ ਆਪਣੇ ਪੂਜਯ ਇਸ਼ਟ ਨਾਲ ਸ਼ਰਧਾ ਅਤੇ ਪ੍ਰੇਮ ਸਹਿਤ ਪਵਿੱਤਰਤਾ ਮਹਿਸੂਸ ਕਰਦਾ ਹੈ।

ਗੁਰਮੀਤ ਸਿੰਘ ਸਿੱਧੂ ਅਨੁਸਾਰ, "ਧਾਰਮਿਕ ਸਥਾਨਾਂ ਅਤੇ ਯਾਦਗਾਰਾਂ ਨੂੰ ਸੰਸਾਰ ਦਾ ਕੇਂਦਰ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਹ ਪਵਿੱਤਰਤਾ ਦੇ ਕੇਂਦਰ ਹੁੰਦੇ ਹਨ। ਪਵਿੱਤਰਤਾ ਦੇ ਕੇਂਦਰ ਵਜੋਂ ਇਹ ਧਾਰਮਿਕ ਵਿਸ਼ਵਾਸਾਂ ਨੂੰ ਦ੍ਰਿੜ ਕਰਾਉਂਦੇ ਅਤੇ ਪਵਿੱਤਰ ਯਾਦਾਂ ਨੂੰ ਤਾਜ਼ਾ ਰੱਖਦੇ ਹਨ। ਇਹਨਾਂ ਦੇ ਵਿਸ਼ਵਾਸਾਂ ਰਾਹੀਂ ਲੋਕ ਸੁਰੱਖਿਅਤ ਮਹਿਸੂਸ ਕਰਦੇ ਹਨ ਕਿ ਪਵਿੱਤਰਤਾ ਉਹਨਾਂ ਦੇ ਸੰਸਾਰ ਦੇ ਕੇਂਦਰ ਵਿਚ ਸਥਿਤ ਹੈ।"[32]

---

[30] "The mountain, because it is the meeting place of heaven and earth, is situated at the centre of the world, and is of curage the highest point of the earth".Mirciea Eliade, *Ibid,* p. 100.

[31] "To chiristians, Golgotha is the centre of the world, for it is the peak of the cosmic mountain and the spot where Adam was created and buried. According to the traditions of Islam, the highest spot on the earth is Kaaba." *ibid,* p. *ibid.*

[32] ਗੁਰਮੀਤ ਸਿੰਘ ਸਿੱਧੂ, *ਉਹੀ,* ਪੰ. 150.

ਪਵਿੱਤਰ ਜਗ੍ਹਾ ਵਾਂਗ ਪਵਿੱਤਰ ਸਮਾਂ ਵੀ ਮੰਨਿਆ ਗਿਆ ਹੈ। ਜਿਵੇਂ ਪਵਿੱਤਰ ਜਗ੍ਹਾ ਅਤੇ ਅਪਵਿੱਤਰ ਜਗ੍ਹਾ ਵਿਚ ਅੰਤਰ ਹੁੰਦਾ ਹੈ ਇਵੇਂ ਹੀ ਸਮੇਂ ਨੂੰ ਵੀ ਸ਼ੁਭ ਅਤੇ ਅਸ਼ੁਭ ਸਮੇਂ ਵਿਚ ਵੰਡ ਕੇ ਵੇਖਿਆ ਜਾਂਦਾ ਹੈ। ਧਰਮ ਦੀ ਦੁਨੀਆ ਵਿਚ ਚੰਗਾ ਸਮਾਂ ਮੁੜ ਪਰਤਣ ਯੋਗ ਹੁੰਦਾ ਹੈ। ਹਰ ਧਰਮ ਦੇ ਅਨੁਯਾਈ ਆਪਣੇ ਪੀਰਾਂ, ਗੁਰੂਆਂ, ਸ਼ਹੀਦਾਂ ਦੇ ਜਨਮ ਤੇ ਸ਼ਹੀਦੀ ਦਿਹਾੜੇ ਨਿਸ਼ਚਿਤ ਦਿਵਸ ਅਤੇ ਸਮੇਂ ਅਨੁਸਾਰ ਮਨਾਉਂਦੇ ਹਨ।

ਪਵਿੱਤਰ ਸਮੇਂ ਦੀ ਵਿਚਾਰ ਕਰਦਿਆਂ ਅਸੀਂ ਇਸਲਾਮ ਦੀ ਉਦਾਹਰਣ ਲੈ ਸਕਦੇ ਹਾਂ। ਮੁਸਲਮਾਨਾਂ ਲਈ ਰਮਜ਼ਾਨ ਦਾ ਮਹੀਨਾ, ਨਮਾਜ਼ ਦੇ ਪੰਜੇ ਵਕਤ ਪਵਿੱਤਰ ਸਮਾਂ ਕਹੇ ਜਾ ਸਕਦੇ ਹਨ। ਸਿੱਖ ਧਰਮ ਵਿਚ ਚਾਹੇ ਪਰਮਾਤਮਾ ਦਾ ਨਾਮ ਦਿਨ ਰਾਤ, ਹਰ ਸੁਆਸ ਨਾਲ ਸਿਮਰਨ ਲਈ ਕਿਹਾ ਗਿਆ ਹੈ ਫਿਰ ਵੀ ਸਿੱਖ ਲਈ ਅੰਮ੍ਰਿਤ ਵੇਲੇ ਦੌਰਾਨ ਨਿੱਤਨੇਮ ਦਾ ਪਾਠ ਅਤੇ ਸਿਮਰਨ ਦਾ ਅਭਿਆਸ ਕਰਨ ਚੰਗਾ ਮੰਨਿਆ ਜਾਂਦਾ ਹੈ। ਹਿੰਦੂ ਧਰਮ ਅੰਦਰ ਵੀ ਸ਼ੁਭ ਘੜੀ, ਮੁਹਰਤ, ਸ਼ੁਭ ਦਿਨ ਤੇ ਤਿਉਹਾਰਾਂ ਦੀ ਵਿਚਾਰ ਕੀਤੀ ਜਾਂਦੀ ਹੈ। ਪਰੰਤੂ ਗੁਰਬਾਣੀ ਅਨੁਸਾਰ ਉਹੀ ਘੜੀ, ਪਲ, ਮੁਹਰਤ ਜਾਂ ਸਮਾਂ ਪਵਿੱਤਰ ਹੈ ਜਦੋਂ ਪਿਆਰਾ ਪ੍ਰਭੂ ਚੇਤੇ ਕੀਤਾ ਜਾਵੇ ਜਾਂ ਜਿਸ ਘੜੀ ਗੁਰੂ ਦੇ ਦਰਸ਼ਨ ਨਸੀਬ ਹੋਣ ਜਿਵੇ:

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥14॥1॥

(ਮਾਂਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 136)

ਥਿਤੀ ਵਾਰ ਸੇਵਹਿ ਮੁਗਧ ਗਵਾਰ॥...10॥2॥

(ਬਿਲਾਵਲੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 843)

ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥...1॥

(ਵਡਹੰਸੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 562)

ਮਰਸੀ ਇਲਾਡੇ ਪਵਿੱਤਰ ਸਮੇਂ ਨੂੰ ਇਤਿਹਾਸਿਕ ਸਮੇਂ ਨਾਲੋਂ ਨਿਖੇੜਦਾ ਹੈ। ਇਤਿਹਾਸਕਾਰਾਂ ਲਈ ਆਮ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਅਤੇ ਇਹਨਾਂ ਨਾਲ ਸੰਬੰਧਿਤ ਕਾਲ ਮਹੱਤਵਪੂਰਨ ਹੁੰਦਾ ਹੈ। ਧਾਰਮਿਕ ਮਨੁੱਖਾਂ ਲਈ ਉਹਨਾਂ ਦੁਆਰਾ ਅਨੁਭਵ ਕੀਤੇ ਪਵਿੱਤਰ ਪਲ ਆਮ ਸਮੇਂ ਨਾਲੋਂ ਵਧੇਰੇ ਮਹੱਤਵ

ਰੱਖਦੇ ਹਨ। ਇਸ ਕਰਕੇ ਇਲਾਡੇ ਦੇ ਸਿਧਾਂਤ ਵਿਚ ਪਵਿੱਤਰ ਸਮਾਂ ਸਵਰਗ ਦੇ ਛੂਟੇ ਦਾ ਵੇਰਵਾ ਹੈ ਜੋ ਧਾਰਮਿਕ ਮਨੁੱਖਾਂ ਦੇ ਜੀਵਨ ਦਾ ਸੁਖਦ ਜਾਂ ਆਨੰਦਦਾਇਕ ਸਮਾਂ ਕਿਹਾ ਜਾ ਸਕਦਾ ਹੈ।

ਇਲਾਡੇ ਨੇ ਪਵਿੱਤਰਤਾ ਦੇ ਸਿਧਾਂਤ ਨੂੰ ਸਮਝਣ ਲਈ ਪਵਿੱਤਰ ਜਗ੍ਹਾ, ਪਵਿੱਤਰ ਸਮਾਂ, ਮਿਥ, ਸੰਸਕਾਰ ਅਤੇ ਇਹਨਾਂ ਸਭ ਨਾਲ ਜੁੜੇ ਪ੍ਰਤੀਕਾਂ ਦੇ ਮਹੱਤਵ ਉੱਤੇ ਵਿਸ਼ੇਸ ਜੋਰ ਦਿੱਤਾ ਹੈ। ਉਹ ਪਵਿੱਤਰ ਅਤੇ ਅਪਵਿੱਤਰ ਜਗ੍ਹਾ ਵਾਂਗ ਪਵਿੱਤਰ ਅਤੇ ਅਪਵਿੱਤਰ ਸਮੇਂ ਵਿਚਕਾਰ ਵੀ ਅੰਤਰ ਕਰਦਾ ਹੈ। ਉਸ ਅਨੁਸਾਰ ਪਵਿੱਤਰ ਸਮਾਂ ਨਿਖੇੜਿਆ ਜਾ ਸਕਦਾ ਹੈ। ਪਵਿੱਤਰ ਸਮਾਂ ਦੁਹਰਾਇਆ ਜਾ ਸਕਦਾ ਹੈ। ਜਿਵੇਂ ਹਰੇਕ ਧਾਰਮਿਕ ਉਤਸਵ, ਤਿਉਹਾਰ ਜਾਂ ਰਸਮ ਦਾ ਸਮਾਂ ਪਹਿਲਾਂ ਪਿਛਲੇ ਸਮੇਂ ਵਿਚ ਬੀਤ ਚੁੱਕੀਆਂ ਪਵਿੱਤਰ ਘਟਨਾਵਾਂ ਦੀ ਅਸਲ ਤਸਵੀਰ ਮੁੜ ਤੋਂ ਤਾਜਾ ਕਰਦਾ ਹੈ। ਇਹਨਾਂ ਤਿਉਹਾਰਾਂ ਜਾਂ ਰਸਮਾਂ ਦੇ ਪਵਿੱਤਰ ਪਲਾਂ ਦੌਰਾਨ ਧਾਰਮਿਕ ਵਿਅਕਤੀ ਉਹਨਾਂ ਮਿਥਿਹਾਸਿਕ ਪਲਾਂ ਦੀ ਪੁਨਰ ਅਸਲੀਅਤ ਵਿਚ ਮੁੜ ਚਲਾ ਜਾਂਦਾ ਹੈ। ਇਸ ਵਿਧੀ ਨਾਲ ਪਵਿੱਤਰ ਸਮਾਂ ਕਦੇ ਗਵਾਚਦਾ ਨਹੀਂ। ਇਹ ਪੱਕੇ ਤੌਰ ਤੇ ਮੁੜ ਸਿਰਜਿਆ ਅਤੇ ਮੁੜ ਦੁਹਰਾਇਆ ਜਾ ਸਕਦਾ ਹੈ। ਧਾਰਮਿਕ ਮਨੁੱਖ ਇਸ ਪਵਿੱਤਰ ਸਮੇਂ ਦੀ ਪੁਨਰ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ।

**ਕੁਦਰਤ ਪਵਿੱਤਰਤਾ ਵਜੋਂ ਅਤੇ ਬ੍ਰਹਿਮੰਡੀ ਧਰਮ** : ਇਲਾਡੇ ਨੇ ਦੈਵੀ ਰਚਨਾ ਦੇ ਸਮਾਜਕ ਅਤੇ ਧਾਰਮਿਕ ਪੱਖਾਂ ਉੱਤੇ ਵੀ ਧਿਆਨ ਕੇਂਦਰਤ ਕੀਤਾ ਹੈ। ਕੁਦਰਤ ਦੀ ਸਿਰਜਨ ਕਲਾ ਵਿਚ ਉਹ ਪਵਿੱਤਰਤਾ ਦਾ ਦਰਸ਼ਨ ਕਰਦਾ ਹੈ ਅਤੇ ਇਸ ਨੂੰ ਬ੍ਰਹਿਮੰਡੀ ਧਰਮ ਕਹਿੰਦਾ ਹੈ। ਧਾਰਮਿਕ ਵਿਅਕਤੀ ਪਵਿੱਤਰਤਾ ਦੇ ਵਿਭਿੰਨ ਪਸਾਰਾਂ ਨੂੰ ਖੋਜਦਾ ਹੈ ਜਿਸ ਵਿਚ ਉਹ ਬ੍ਰਹਿਮੰਡ ਨੂੰ ਖੁਦ ਸਿਰਜਣਾ ਦੇ ਤੌਰ ਤੇ ਦੈਵੀ ਕਾਰਜ ਵਜੋਂ ਪ੍ਰਗਟ ਹੁੰਦਿਆਂ ਵੇਖਦਾ ਹੈ। ਇੱਥੇ ਇਲਾਡੇ ਧਰਤੀ, ਆਸਮਾਨ, ਜਲ ਅਤੇ ਪਹਾੜਾਂ ਦੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ।

ਆਸਮਾਨ ਕੁਦਰਤੀ ਤੌਰ ਤੇ ਦੇਵਤੇ (ਪਰਮਸੱਤਾ) ਦੀ ਅਨੰਤ ਦੂਰੀ ਜਾਂ ਫਾਸਲੇ ਦੀ ਤਸਵੀਰ ਪੇਸ਼ ਕਰਦਾ ਹੈ। ਆਸਮਾਨ ਦਾ ਪ੍ਰਤੀਕ ਇਹ ਵੀ ਦੱਸਦਾ ਹੈ ਕਿ ਸੱਚ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਹੈ। ਜਲ ਨੂੰ ਸਾਰੇ ਧਰਮਾਂ ਵਿਚ ਪਵਿੱਤਰਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਜਲ ਦੀ ਸ਼ੁੱਧਤਾ ਦੇ ਨਾਲ-ਨਾਲ ਜਲ ਸਿਰਜਨਾ

ਅਤੇ ਉਤਪਤੀ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਇਹ ਬ੍ਰਹਿਮੰਡੀ ਧਰਮ ਜਿਉਂਦਾ ਜਾਗਦਾ ਸੱਚਾ ਅਤੇ ਪਵਿੱਤਰ ਹੈ।

ਧਰਤੀ ਵੀ ਮਾਤਾ ਦੇ ਰੂਪ ਵਿਚ ਸਭ ਦੀ ਪ੍ਰਤਿਪਾਲਨਾ ਕਰਦੀ ਹੈ। ਧਰਤੀ ਅਤੇ ਮਨੁੱਖ ਦਾ ਸੰਬੰਧ ਮਾਂ-ਪੁੱਤ ਦੇ ਸੰਬੰਧ ਵਾਂਗ ਹੈ। ਕਈ ਧਰਮਾਂ ਨਵ-ਜਗਤ (ਜਨਮੇ) ਬੱਚੇ ਧਰਤੀ-ਮਾਤਾ ਦਾ ਜਾਇਆ ਮੰਨਿਆ ਜਾਂਦਾ ਹੈ। ਜਨਮ ਸਮੇਂ ਬੱਚੇ ਨੂੰ ਪਹਿਲਾਂ ਧਰਤੀ ਉੱਤੇ ਲਿਟਾਇਆ ਜਾਂਦਾ ਹੈ। ਫਿਰ ਇਸ਼ਨਾਨ ਕਰਾ ਕੇ ਨਵੇਂ ਬਸਤਰ ਪਵਾਏ ਜਾਂਦੇ ਹਨ। ਇਸ ਪਿੱਛੇ ਇਹੀ ਭਾਵਨਾ ਕੰਮ ਕਰਦੀ ਹੈ ਕਿ ਧਰਤੀ-ਮਾਤਾ ਸਮੇਂ-ਸਮੇਂ ਉੱਤੇ ਉਸਦੀ ਰੱਖਿਆ ਕਰੇਗੀ। ਪ੍ਰਦੇਸ ਗਿਆ ਵਿਅਕਤੀ ਵੀ ਸਦਾ ਆਪੇ ਦੇਸ਼ ਦੀ ਧਰਤੀ ਤੇ ਜਾ ਕੇ ਆਖਰੀ ਸਾਹ ਲੈਣ ਦਾ ਇਛੁੱਕ ਹੁੰਦਾ ਹੈ। ਇਹੀ ਨਹੀਂ ਫਿਰ ਤੋਂ ਉਸੇ ਧਰਤੀ ਤੇ ਹੀ ਜਨਮ ਲੈਣਾ ਵੀ ਉਸਦੀ ਤਮੰਨਾ ਹੁੰਦੀ ਹੈ। ਇਲਾਡੇ ਅਨੁਸਾਰ, "ਜਿਹੜੇ ਲੋਕਾਂ ਅੰਦਰ ਮਰੇ ਹੋਏ ਪ੍ਰਾਣੀ ਦਾ ਸਸਕਾਰ ਕਰਨ ਦਾ ਆਮ ਰਿਵਾਜ਼ ਹੁੰਦਾ ਹੈ, ਉਹਨਾਂ ਦੁਆਰਾ ਵੀ ਬੱਚਿਆਂ ਨੂੰ ਦਫਨਾਇਆ ਜਾਂਦਾ ਹੈ। ਇਹ ਇਸ ਆਸ ਨਾਲ ਕੀਤਾ ਜਾਂਦਾ ਹੈ ਕਿ ਧਰਤੀ ਦੀ ਕੁੱਖ ਉਹਨਾਂ ਨੂੰ ਨਵਾਂ ਜੀਵਨ ਦਿੰਦੀ ਹੈ।"[33]

ਧਰਮ ਅਧਿਐਨ ਸੰਬੰਧੀ ਉਪਰੋਕਤ ਵਿਦਵਾਨਾਂ ਦੇ ਵਿਚਾਰ ਅਤੇ ਸਿਧਾਂਤਾਂ ਬਾਰੇ ਵਿਚਾਰ ਕਰਨ ਉਪਰੰਤ ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਸੰਬੰਧੀ ਪ੍ਰਚਲਤ ਧਾਰਨਾਵਾਂ ਦਾ ਇੱਥੇ ਉਲੇਖ ਕਰਨਾ ਜਰੂਰੀ ਹੈ।

**ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ** : ਦੁਨੀਆ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਮੁੱਖ ਤੌਰ ਤੇ ਦੋ ਕਿਸਮਾਂ ਵਿਚ ਵੰਡਿਆ ਜਾਂਦਾ ਹੈ ਸਾਮੀ ਪਰੰਪਰਾ ਅਤੇ ਦੱਖਣੀ ਏਸ਼ੀਆ ਦੇ ਧਰਮ।

**ਸਾਮੀ ਪਰੰਪਰਾ** : ਸਾਮੀ ਪਰੰਪਰਾ ਵਿਚ ਯਹੂਦੀਮਤਿ, ਈਸਾਈਮਤਿ, ਅਤੇ ਇਸਲਾਮ ਆਦਿ ਧਰਮ ਸ਼ਾਮਿਲ ਕੀਤੇ ਜਾਂਦੇ ਹਨ। *ਪਵਿੱਤਰ ਬਾਈਬਲ* ਦਾ *ਪੁਰਾਣਾ ਨੇਮ (Old Testament)* ਜਿਸ ਨੂੰ ਯਹੂਦੀ *ਹੈਬਰੂ ਗ੍ਰੰਥ* ਕਹਿੰਦੇ ਹਨ, ਯਹੂਦੀਆਂ ਦਾ ਪਵਿੱਤਰ ਗ੍ਰੰਥ ਹੈ। ਇਸ ਗ੍ਰੰਥ ਵਿਚ ਭਾਵੇਂ ਇਬਰਾਹੀਮ ਦੇ ਪੂਰਵਜ ਨੂਹ ਬਾਰੇ ਵੀ ਸੰਕੇਤ ਮਿਲਦੇ ਹਨ ਪਰੰਤੂ ਯਹੂਦੀ ਇਬਰਾਹੀਮ ਨੂੰ ਆਪਣਾ ਮੋਢੀ ਪੈਗ਼ੰਬਰ ਮੰਨਦੇ ਹਨ। ਯਹੂਦੀ

---

[33] "Children are buried, even by people whose normal custom is to cremate their dead; this is in the hope that the womb of the earth will give them new life." Mircea Eliade, *ibid*, p. 252.

ਪਰੰਪਰਾ ਮੁਤਾਬਿਕ ਸਭ ਤੋਂ ਪਹਿਲਾਂ ਪ੍ਰਭੂ ਨੇ ਇਬਰਾਹੀਮ ਨੂੰ ਆਪਣੇ ਪਾਸ ਸੱਦਿਆ ਤੇ ਉਸ ਨਾਲ ਆਪਣਾ ਪਹਿਲਾ ਵਾਅਦਾ ਸਾਂਝਾ ਕੀਤਾ। ਰੱਬ ਨੇ ਉਸ ਨੂੰ ਆਪਣੀਆਂ ਨਿਸ਼ਾਨੀਆਂ ਵੀ ਦੱਸੀਆਂ।

ਇਬਰਾਹੀਮ ਨੂੰ ਦੱਸੀ ਰੱਬ ਦੀ ਪਛਾਣ ਦੇ ਆਧਾਰ 'ਤੇ ਉਸ ਤੋਂ ਪਿੱਛੋਂ ਮੂਸਾ ਨੇ ਉਸ (ਰੱਬ) ਦੀ ਪਛਾਣ ਕੀਤੀ।[34] ਪੁਰਾਣੇ ਨੇਮ ਮੁਤਾਬਿਕ ਰੱਬ ਨੇ ਦਸ ਪਾਕਿ ਆਦੇਸ਼ ਮੂਸਾ ਨੂੰ ਦਿੱਤੇ। *ਪਵਿੱਤਰ ਬਾਈਬਲ* ਵਿਚ ਕੂਚ ਦੀ ਪੁਸਤਕ ਵਿਚ ਦਰਜ ਹੈ ਕਿ ਜਦੋਂ ਮੂਸਾ ਹੋਰੇਬ ਪਹਾੜ ਉਪਰ ਭੇਡਾਂ ਦਾ ਇੱਜੜ ਚਾਰ ਰਿਹਾ ਸੀ ਤਾਂ ਉਸ ਨੂੰ ਬਲਦੀ ਹੋਈ ਝਾੜੀ ਵਿਚੋਂ ਪ੍ਰਭੂ ਨੇ ਦਰਸ਼ਨ ਦਿੱਤੇ ਅਤੇ ਕਿਹਾ, "ਮੈਂ ਹਾਂ ਜੋ ਮੈਂ ਹਾਂ"[35] (I Am that I Am)। ਇਸ ਪ੍ਰਕਾਰ ਮੂਸਾ ਨੂੰ ਜੋ ਇਲਹਾਮ ਹੋਇਆ, ਉਹ ਉਸ ਦੀ ਹੋਂਦ ਦੀ ਤਾਕੀਦ ਹੈ ਕਿ ਉਹ ਹੀ ਇਕ ਸੱਚ ਹੈ, ਉਹ ਇਕ ਪ੍ਰਾਣੀ (being) ਦੀ ਤਰ੍ਹਾਂ ਰੱਬੀ ਤਾਕਤ ਹੈ ਪਰੰਤੂ ਉਸ ਦੀ ਸਿਰਜਣਾ, ਰਹੱਸ (mystery) ਹੈ ਕਿਉਂਕਿ ਆਪਣੇ ਰਹੱਸਮਈ ਢੰਗ ਨਾਲ ਖ਼ੁਦਾ ਆਪਣੀ ਖ਼ੁਦਾਈ ਬਾਰੇ ਦੱਸਦਾ ਹੈ।[36]

ਈਸਾ ਦਾ ਈਸ਼ਵਰੀ ਅਨੁਭਵ ਈਸਾਈ ਧਰਮ ਦਾ ਬੁਨਿਆਦੀ ਆਧਾਰ ਜਾਂ ਤੱਥ ਹੈ। "ਜਦੋਂ ਸਾਰੇ ਲੋਕ ਬਪਤਿਸਮਾ ਲੈ ਚੁੱਕੇ ਅਤੇ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਹੇ ਸਨ, ਤਾਂ ਉਸ ਵੇਲੇ ਆਕਾਸ਼ ਖੁੱਲ੍ਹ ਗਿਆ, ਅਤੇ ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿਚ ਉਨ੍ਹਾਂ ਉਤੇ ਉਤਰਿਆ। ਉਸ ਵੇਲੇ ਇਕ ਅਵਾਜ਼ ਵੀ ਅਕਾਸ਼ ਤੋਂ ਆਈ, 'ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੇਰੇ ਤੋਂ ਮੈਂ ਖੁਸ਼ ਹਾਂ'।"[37] ਈਸਾ ਨੇ ਇਸ ਆਤਮਿਕ ਅਨੁਭਵ ਦੀ ਅਨੰਦ ਅਵਸਥਾ ਦਾ 40 ਦਿਨ ਇਕਾਂਤ ਵਿਚ ਅਨੰਦ ਮਾਣਿਆ ਅਤੇ ਫਿਰ ਬਾਕੀ ਜ਼ਿੰਦਗੀ ਪਰਮੇਸ਼ਰ ਦੇ ਹੁਕਮਾਂ ਦਾ ਪ੍ਰਚਾਰ ਕੀਤਾ। ਉਸ ਦੀਆਂ ਸਿੱਖਿਆਵਾਂ ਬਾਈਬਲ ਰਾਹੀਂ ਸਾਡੇ ਤਕ ਪਹੁੰਚੀਆਂ ਹਨ।

ਈਸਾਈ ਧਰਮ ਵਿਚ ਤ੍ਰੈ ਮੂਰਤੀ ਦਾ ਸਿਧਾਂਤ ਪ੍ਰਮੁੱਖ ਹੈ। ਇਸ ਵਿਚ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ (Holy Ghost) ਤਿੰਨਾਂ ਰੂਪਾਂ ਦੀ ਮਾਨਤਾ ਹੈ। ਇਸ ਸਿਧਾਂਤ ਅਨੁਸਾਰ ਪਿਤਾ ਰੱਬ ਹੈ। ਈਸਾ ਮਸੀਹ ਰੱਬ ਦਾ ਪਿਆਰਾ ਪੁੱਤਰ ਹੈ ਅਤੇ ਉਸ ਵਿਚ ਰੱਬ ਦੀ ਪਵਿੱਤਰ ਆਤਮਾ ਦਾ ਨਿਵਾਸ ਹੈ। ਇਹ ਤਿੰਨੇ

---

34 ਗੁਰਮੀਤ ਸਿੰਘ ਸਿੱਧੂ, *ਸਿੱਖੀ ਅਤੇ ਸਿੱਖਾਂ ਦਾ ਭਵਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015, ਪੰ. 16.

35 *ਪਵਿੱਤਰ ਬਾਈਬਲ, ਕੂਚ ਦੀ ਪੁਸਤਕ,* 3: 14, The Bible Society of India, Bangalor, ਪੰ. 83.

36 ਗੁਰਮੀਤ ਸਿੰਘ ਸਿੱਧੂ, *ਉਹੀ,* ਪੰ. 18.

37 *ਪਵਿੱਤਰ ਬਾਈਬਲ, ਸੰਤ ਲੂਕਾ,* 3: 21, ਪੰ. 105.

ਵੇਖਣ ਵਿਚ ਭਾਵੇਂ ਵੱਖਰੀ ਹੋਂਦ ਹਨ ਪਰ ਅੰਦਰੂਨੀ ਤੌਰ ਇਹ ਇਕੋ ਹੀ ਹਨ। ਇੱਥੇ ਤਿੰਨ ਮੁੱਖ ਕਾਰਨ ਈਸਾ ਮਸੀਹ ਨੂੰ ਰੱਬ ਦਾ ਪੁੱਤਰ ਕਹੇ ਜਾਣ ਬਾਰੇ ਦੱਸੇ ਜਾ ਸਕਦੇ ਹਨ:

1) ਕਿ ਉਹ ਕੁਆਰੀ ਮਰੀਅਮ ਦੇ ਰੂਹਲ-ਕੁਦਸ (ਪਵਿੱਤਰ ਆਤਮਾ) ਰਾਹੀਂ ਗਰਭਵਤੀ ਹੋਣ ਨਾਲ ਪੈਦਾ ਹੋਇਆ ਸੀ।
2) ਯਹੂਨਾ ਕੋਲੋਂ ਯਾਰੂਨ ਨਦੀ ਦੇ ਪਾਣੀ ਨਾਲ ਬਪਤਿਸਮਾ ਲੈਣ ਸਮੇ ਈਸਾ ਦੇ ਅੰਦਰ ਰੱਬ ਦੀ ਰੂਹਲ-ਕੁਦਸ (ਪਵਿੱਤਰ ਆਤਮਾ) ਨੇ ਕਬੂਤਰ ਦੇ ਰੂਪ ਵਿਚ ਪ੍ਰਵੇਸ਼ ਕੀਤਾ ਸੀ।
3) ਬਪਤਿਸਮਾ ਲੈਣ ਸਮੇਂ ਈਸਾ ਪ੍ਰਤੀ ਰੱਬ ਦੀ ਇਹ ਆਕਾਸ-ਬਾਣੀ ਹੋਈ ਮੰਨੀ ਜਾਂਦੀ ਹੈ ਕਿ 'ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੇਰੇ ਤੋਂ ਮੈਂ ਬੜਾ ਖੁਸ਼ ਹਾਂ।'

ਈਸਾਈ ਧਰਮ ਵਿਚ ਧਾਰਮਿਕ ਅਨੁਭਵ ਦੀ ਪੁਸ਼ਟੀ ਕਰਦੇ ਹੋਏ ਦਰਸ਼ਨ ਸਿੰਘ ਲਿਖਦੇ ਹਨ, "ਈਸਾਈ ਮਤ ਅਨੁਸਾਰ ਇਹ ਇਕ ਅਤਿ ਵਿਸਮਾਦ ਭਰੀ ਅਵਸਥਾ ਹੈ ਜਿਸ ਵਿਚ ਸਦਾ ਸਲਾਮਤ ਨਿਰੰਕਾਰੀ ਜੋਤਿ ਮਨੁੱਖੀ ਆਤਮਾ ਵਿਚ ਸਾਖਿਅਤ ਹੁੰਦੀ ਹੈ। ਇਸ ਅਲੌਕਿਕ ਅਨੰਦ ਨੂੰ ਮਾਣਿਆ ਤਾਂ ਜਾ ਸਕਦਾ ਹੈ ਪਰ ਹੂਬਹੂ ਚਿਤਰਿਆ ਨਹੀਂ ਜਾ ਸਕਦਾ।"[38]

ਹਜ਼ਰਤ ਮੁਹੰਮਦ ਸਾਹਿਬ ਦੀ ਪਵਿੱਤਰ ਹਸਤੀ ਜੋ ਕਿਆਮਤ ਤਕ ਲਈ ਪੂਰੇ ਜਗਤ ਦੀ ਅਗਵਾਈ ਲਈ ਸਿਰਜੀ ਗਈ ਸੀ, ਉਨ੍ਹਾਂ ਦਾ ਜੀਵਨ ਅਸਾਧਾਰਨ ਘਟਨਾਵਾਂ ਨਾਲ ਭਰਪੂਰ ਹੈ। ਆਪ ਮੱਕਾ ਤੋਂ ਤਿੰਨ ਮੀਲ ਦੂਰ ਹਿਰਾ ਨਾਂ ਦੀ ਗੁਫ਼ਾ ਵਿਚ ਅਕਸਰ ਰੱਬ ਦੀ ਇਬਾਦਤ ਵਿਚ ਲੱਗੇ ਰਹਿੰਦੇ ਸਨ। ਰੋਜ਼ਿਆਂ ਦੇ ਮਹੀਨੇ ਵਿਚ ਖ਼ੁਦਾ ਦੇ ਭੇਜੇ ਜ਼ਿਬਰਾਈਲ ਨੇ ਜਦੋਂ ਆਪ ਨੂੰ ਸਾਹਮਣੇ ਪ੍ਰਗਟ ਹੋ ਕੇ ਆਖਿਆ ਕਿ 'ਪੜ੍ਹ' ਅਤੇ ਆਪ ਨੇ ਉੱਤਰ ਦਿੱਤਾ 'ਮੈਂ ਪੜ੍ਹਿਆ ਹੋਇਆ ਨਹੀਂ' ਤਾਂ ਇਹ ਸੁਣ ਕੇ ਹਜ਼ਰਤ ਜ਼ਿਬਰਾਈਲ ਨੇ ਆਪ ਨੂੰ ਫੜ ਕੇ ਇੰਨੀ ਜੋਰ ਦੀ ਘੁੱਟਿਆ ਕਿ ਆਪ ਥੱਕ ਗਏ।[39] ਇਸ ਤਰ੍ਹਾਂ ਪਹਿਲੀ ਵਹੀ ਆਪ ਤੇ ਉਤਰੀ। ਪਰੰਤੂ ਜਦੋਂ ਆਪ ਘਰ ਪਰਤੇ ਤਾਂ ਬਹੁਤ ਘਬਰਾਏ ਹੋਏ ਸੀ ਆਪ ਨੇ ਆਪਣੀ ਬੀਵੀ ਹਜ਼ਰਤ ਖਦੀਜ਼ਾ ਹੋਰਾਂ

---

[38] ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 109.

[39] ਮੁਹੰਮਦ ਅਬਦੁਲ ਹਈ, *ਹਜ਼ਰਤ ਮੁਹੰਮਦ: ਜੀਵਨ ਤੇ ਸੰਦੇਸ਼,* ਡਾ. ਤਾਰਿਕ ਕਿਫ਼ਾਇਤ (ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 2010, ਪੰ. 25.

ਨੂੰ ਆਖਿਆ, "ਮੇਰੇ ਉਤੇ ਕੰਬਲ ਪਾ ਦਿਓ! ਮੇਰੇ ਉਤੇ ਕੰਬਲ ਪਾ ਦਿਓ।"[40] ਥੋੜਾ ਸਕੂਨ ਹੋਣ ਪਿੱਛੋਂ ਆਪ ਨੇ ਸਾਰੀ ਘਟਨਾ ਹਜ਼ਰਤ ਖਦੀਜ਼ਾ ਨੂੰ ਦੱਸੀ ਅਤੇ ਕਿਹਾ ਕਿ ਮੈਨੂੰ ਆਪਣੀ ਜਾਨ ਦਾ ਖਤਰਾ ਹੈ। ਹਜ਼ਰਤ ਖਦੀਜ਼ਾ ਨੇ ਆਖਿਆ, "ਨਹੀਂ ਹਰਗਿਜ਼ ਨਹੀਂ, ਆਪ ਦੀ ਜਾਨ ਨੂੰ ਕੋਈ ਖਤਰਾ ਨਹੀਂ।"[41] ਰੱਬ ਆਪ ਨੂੰ ਸ਼ਰਮਿੰਦਾ ਨਹੀਂ ਕਰੇਗਾ। ਆਪ ਨੇੜੇ ਵਾਲਿਆਂ ਦਾ ਹੱਕ ਅਦਾ ਕਰਦੇ ਹੋ। ਲੋਕਾਂ ਦਾ ਭਾਰ ਚੁੱਕਦੇ ਹੋ। ਇਹ ਸਾਰੀ ਵਾਰਤਾਲਾਪ ਇਕ ਸੁਭਾਵਿਕ ਅਵਸਥਾ ਸੀ ਹੋਰ ਕੁਝ ਨਹੀਂ। ਇਸ ਪਿੱਛੋਂ ਆਪ ਉੱਤੇ ਹਜ਼ਰਤ ਜ਼ਿਬਰਾਈਲ ਰਾਹੀਂ ਕੁਰਾਨ ਦੀਆਂ ਆਇਤਾਂ ਉਤਰਦੀਆਂ ਰਹੀਆਂ। ਹਜ਼ਰਤ ਮੁਹੰਮਦ ਜੋ ਕਿ ਰਹਿੰਦੀ ਦੁਨੀਆ ਤਕ ਦੇ ਆਖਰੀ ਰਸੂਲ ਮੰਨੇ ਜਾਂਦੇ ਹਨ, ਨੇ ਅੱਲ੍ਹਾ ਦਾ ਸੰਦੇਸ਼ ਸਮੂਹ ਜਗਤ ਲਈ ਦੱਸਿਆ।

ਮਨੁੱਖ ਦਾ ਪਰਮਾਤਮਾ (ਪਰਮਸੱਤਾ) ਤਕ ਦਾ ਸਫ਼ਰ ਜਿਸ ਵਿਚ ਉਸ ਦਾ ਸਾਰਾ ਆਪਾ ਸ਼ਾਮਿਲ ਹੁੰਦਾ ਹੈ, ਨੂੰ ਇਲਹਾਮ ਕਹਿੰਦੇ ਹਨ। ਇਹ ਮਨੁੱਖ ਨੂੰ ਦੈਵੀ-ਇੱਛਾ ਦਾ ਸੰਚਾਰ ਹੈ। ਸਾਰੇ ਧਰਮਾਂ ਦੇ ਪ੍ਰਵਤਕਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਇਹ ਇਲਹਾਮ ਜਾਂ ਧਾਰਮਿਕ ਅਨੁਭਵ ਹੋਇਆ ਹੈ।

ਇੱਥੇ ਇਲਹਾਮ ਅਤੇ ਅਨੁਭਵ ਵਿਚ ਫਰਕ ਕਰਨਾ ਲਾਜ਼ਮੀ ਬਣ ਜਾਂਦਾ ਹੈ। ਇਲਹਾਮ (revelation) ਸ਼ਬਦ ਸਾਮੀ ਧਰਮਾਂ ਵਿਚ ਵਰਤਿਆ ਜਾਂਦਾ ਹੈ। ਜਦੋਂ ਕਿ ਅਨੁਭਵ ਸ਼ਬਦ ਦੱਖਣੀ ਏਸ਼ੀਆ ਧਰਮਾਂ ਉਪਰ ਪੂਰੀ ਤਰ੍ਹਾਂ ਢੁੱਕਦਾ ਹੈ। ਸਾਮੀ ਧਰਮਾਂ ਵਿਚ ਇਲਹਾਮ ਜ਼ਿਬਰਾਇਲ ਫਰਿਸ਼ਤੇ ਰਾਹੀਂ ਹੁੰਦਾ ਮੰਨਿਆ ਜਾਂਦਾ ਹੈ। ਉਹੀ ਅੱਲ੍ਹਾ ਦਾ ਸੰਦੇਸ਼ ਵਾਹਕ (messenger of God) ਹੁੰਦਾ ਹੈ। ਉਹ ਅੱਲ੍ਹਾ ਦਾ ਸੰਦੇਸ਼ ਨਬੀ (ਰਸੂਲ) ਤਕ ਪਹੁੰਚਾਉਂਦਾ ਹੈ।

"ਇਲਹਾਮ (revelation) ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ 'ਅਪਾਕਲਿਸ' (apocalypse) ਦਾ ਲਾਤੀਨੀ ਅਨੁਵਾਦ ਹੈ ਜਿਸ ਦਾ ਅਰਥ ਹੈ 'ਜ਼ਾਹਰ ਕਰਨਾ' ਜਾਂ 'ਪ੍ਰਗਟ ਕਰਨਾ' (to unveil)। ਇਸ ਤਰ੍ਹਾਂ ਇਲਹਾਮ ਦਾ ਅਰਥ ਕਿਸੇ ਅਜਿਹੇ ਸੱਚ ਨੂੰ ਜ਼ਾਹਰ ਜਾਂ ਪ੍ਰਗਟ ਕਰਨਾ ਹੈ ਜਿਹੜਾ ਕਿ ਪਹਿਲਾਂ ਗੁਪਤ ਅਵਸਥਾ ਵਿਚ ਹੁੰਦਾ ਹੈ ਅਤੇ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਰਹਿੰਦਾ ਹੈ। ਇਸ ਸੱਚ ਨੂੰ ਮਨੁੱਖ ਦੀ ਬੁੱਧੀ ਦੁਆਰਾ ਜਾਂ ਗਿਆਨ ਦੇ ਕਿਸੇ ਹੋਰ ਸੋਮੇ ਰਾਹੀਂ ਨਹੀਂ ਜਾਣਿਆ ਜਾ ਸਕਦਾ। ਇਸ ਸੱਚ ਤਕ ਪਹੁੰਚਣ ਦਾ ਹਰ ਮਨੁੱਖੀ ਯਤਨ ਅਸਫਲਤਾ ਨੂੰ ਪ੍ਰਾਪਤ ਹੁੰਦਾ ਹੈ। ਇਹ ਸੱਚ ਜਾਂ ਗਿਆਨ ਕਿਸੇ ਅਭੌਤਿਕ ਮਾਧਿਅਮ ਜਾਂ ਈਸ਼ਵਰ

---

[40] *ਉਹੀ,* ਪੰ. 26.

[41] *ਉਹੀ,* ਪੰ. *ਉਹੀ.*

ਦੁਆਰਾ ਮਨੁੱਖ ਕੋਲ ਜ਼ਾਹਰ ਕੀਤਾ ਜਾਂਦਾ ਹੈ। ਇਲਹਾਮ ਈਸ਼ਵਰ ਦਾ ਮਨੁੱਖ ਨੂੰ ਆਦੇਸ਼ ਹੈ। ਇਸ ਨੂੰ ਈਸ਼ਵਰੀ ਬਾਣੀ ਜਾਂ ਅੱਲਾਹੀ ਬਾਣੀ ਵੀ ਕਹਿੰਦੇ ਹਨ।"[42]

ਇਸਲਾਮੀ ਪਰੰਪਰਾ ਵਿਚ ਇਲਹਾਮ ਅਤੇ ਵਹੀ ਦੁਆਰਾ ਖ਼ੁਦਾ ਨਾਲ ਸੰਪਰਕ, ਉਸਦਾ ਅਨੁਭਵ ਅਤੇ ਪ੍ਰਗਟਾਵਾ ਹੁੰਦਾ ਮੰਨਿਆ ਜਾਂਦਾ ਹੈ। ਵਹੀ ਦਾ ਕੋਸ਼ਗਤ ਅਰਥ ਹੈ- ਇਸ਼ਾਰਾ ਕਰਨਾ, ਲਿਖਣਾ, ਪ੍ਰੋਗਰਾਮ ਦੇਣਾ ਜਾਂ ਦਿਲ ਵਿਚ ਕੋਈ ਖਿਆਲ ਪਾਉਣਾ ਆਦਿ। ਇਸਲਾਮੀ ਮਤ ਅਨੁਸਾਰ ਵਹੀ ਦੀ ਵਿਧੀ ਰਾਹੀਂ ਖ਼ੁਦਾ ਆਪਣਾ ਸੰਦੇਸ਼ ਨਬੀ ਨੂੰ ਪਹੁੰਚਾਉਂਦਾ ਹੈ। ਅਜਿਹੀ ਵਹੀ ਦੋ ਪ੍ਰਕਾਰ ਦੀ ਮੰਨੀ ਜਾਂਦੀ ਹੈ:

1) ਵਹੀ ਖ਼ਫ਼ੀ।
2) ਵਹੀ ਮਤੱਲੂ।

ਵਹੀ ਖ਼ਫ਼ੀ ਤੋਂ ਭਾਵ ਹੈ ਤੁਰੰਤ ਪ੍ਰੇਰਣਾ ਦੇਣਾ। ਨਬੀਆਂ ਨੂੰ ਵਹੀ ਖ਼ਫ਼ੀ ਦਾ ਅਨੁਭਵ ਹਮੇਸ਼ਾ ਫਰਿਸ਼ਤੇ ਰਾਹੀਂ ਹੀ ਹੁੰਦਾ ਹੈ। ਇਹ ਅਨੁਭਵ ਮਨੁੱਖ ਅਤੇ ਖ਼ੁਦਾ ਵਿਚਕਾਰ ਅਜਿਹੇ ਵਾਰਤਾਲਾਪ ਦੀ ਸੂਰਤ ਵਿਚ ਹੁੰਦਾ ਹੈ ਜਿਸ ਵਿਚ ਖ਼ੁਦਾ ਦਾ ਨੂਰੀ ਜਲਵਾ ਪ੍ਰਤੱਖ ਰੂਪ ਵਿਚ ਤਾਂ ਨਹੀਂ ਦਿੱਸਦਾ ਪਰੰਤੂ ਅਨੁਭਵਕਰਤਾ ਦੇ ਮਨ ਅੰਦਰ ਕੋਈ ਖਿਆਲ ਜਾਂ ਵਿਚਾਰ ਕਿਸੇ ਰੂਪ ਵਿਚ ਪ੍ਰਗਟ ਕਰ ਦਿੱਤਾ ਜਾਂਦਾ ਹੈ। ਅਜਿਹਾ ਅਨੁਭਵ ਨਬੀਆਂ ਨੂੰ ਅਤੇ ਉਹਨਾਂ ਲੋਕਾਂ ਨੂੰ ਵੀ ਪ੍ਰਾਪਤ ਹੋ ਸਕਦਾ ਹੈ ਜੋ ਭਾਵੇਂ ਨਬੀ ਨਾ ਵੀ ਹੋਣ।

ਵਹੀ ਮੱਤਲੂ ਵਿਚ ਜ਼ਿਬਰਾਇਲ ਫਰਿਸ਼ਤਾ ਖ਼ੁਦਾ ਦਾ ਸੰਦੇਸ਼ ਸ਼ਬਦੀ ਰੂਪ ਵਿਚ ਦਿੰਦਾ ਹੈ। ਅਜਿਹਾ ਅਨੁਭਵ ਪ੍ਰਤੱਖ ਅਤੇ ਪ੍ਰਮਾਣਿਕ ਹੁੰਦਾ ਹੈ। ਮੁਹੰਮਦ ਸਾਹਿਬ ਨੂੰ ਜ਼ਿਬਰਾਇਲ ਫਰਿਸ਼ਤੇ ਰਾਹੀਂ ਅਜਿਹਾ ਅਨੁਭਵ ਕਈ ਵਾਰੀ ਹੋਇਆ ਸੀ ਜੋ ਕਿ 'ਕੁਰਾਨ' ਦੇ ਰੂਪ ਵਿਚ ਮੌਜੂਦ ਹੈ। ਵਹੀ ਮਤੱਲੂ ਰਾਹੀਂ ਫਰਿਸ਼ਤੇ ਤੋਂ ਮਿਲਿਆ ਸੰਦੇਸ਼ ਸਾਰੀ ਲੋਕਾਈ ਦੇ ਵਾਸਤੇ ਸਾਂਝਾ ਹੁੰਦਾ ਹੈ।

ਇਲਹਾਮ ਬੌਧਿਕ ਗਿਆਨ ਅਤੇ ਤਰਕ ਤੋਂ ਉਚੇਰੀ ਅਵਸਥਾ ਦਾ ਨਾਮ ਹੈ। ਤਰਕ ਰਾਹੀਂ ਇਸ ਦੀ ਪ੍ਰਾਪਤੀ ਜਾਂ ਪੁਸ਼ਟੀ ਕਰਨੀ ਔਖੀ ਹੀ ਨਹੀਂ ਅਸੰਭਵ ਹੈ। ਇਹ ਤਾਂ ਦੈਵੀ ਮਿਹਰ ਦਾ ਫਲ ਹੈ। ਜਦੋਂ ਸਾਧਕ ਦਾ ਮਨ ਸਾਫ ਤੇ ਪਵਿੱਤਰ ਹੋ ਜਾਵੇ ਤਾਂ ਖ਼ੁਦਾ ਆਪ ਹੀ ਉਸਨੂੰ ਗਿਆਨ ਦੀ ਸੋਝੀ ਇਲਹਾਮ ਦੇ ਰੂਪ ਵਿਚ ਦਿੰਦਾ ਹੈ। ਇਸਲਾਮ ਵਿਚ ਵਹੀ ਤੋਂ ਇਲਾਵਾ ਇਲਹਾਮ ਨੂੰ ਅਨੁਭਵ ਦਾ ਸਾਧਨ ਕਿਹਾ ਜਾਂਦਾ ਹੈ। ਇਲਹਾਮ

---

[42] ਮਨਜੀਤ ਸਿੰਘ, *ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨੇ 105-106.

ਦੇ ਕੋਸ਼ਗਤ ਅਰਥ ਹਨ ਨਿਗਲਣਾ, ਹੜਪ ਕਰਨਾ ਅਤੇ ਅਲਕਾ (ਭਾਵ ਦਿਲ ਵਿਚ ਕਿਸੇ ਚੀਜ਼ ਦਾ ਪਾਉਣਾ) ਵਹੀ ਅਤੇ ਇਲਹਾਮ ਵਿਚ ਜਿੱਥੇ ਕੁਝ ਸਮਾਨਤਾਵਾਂ ਹਨ ਉੱਥੇ ਹੀ ਕੁਝ ਫਰਕ ਵੀ ਵੇਖਣ ਨੂੰ ਮਿਲਦਾ ਹੈ।

ਇਲਹਾਮ ਸਮੇਂ ਸਮਾਧੀ ਦੀ ਅਵਸਥਾ ਵਿਚ ਗੈਬੀ ਪਸਾਰਾਂ ਤੋਂ ਕੁਝ ਆਵਾਜਾਂ ਸੁਣਾਈ ਦਿੰਦੀਆਂ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ ਨਾ ਤਾਂ ਸੁੱਤਾ ਹੀ ਹੁੰਦਾ ਹੈ ਅਤੇ ਨਾ ਹੀ ਜਾਗ੍ਰਿਤ ਅਵਸਥਾ ਵਿਚ। ਸ਼ਬਦ (ਅਨੁਭਵ) ਦਾ ਇਹ ਰੂਪ ਵਹੀ ਨਾਲੋਂ ਇਸ ਕਰਕੇ ਵੱਖਰਾ ਹੈ ਕਿ ਵਹੀ ਵਿਚ ਪੈਗਾਮ ਲਿਆਉਣ ਵਾਲਾ ਫਰਿਸ਼ਤਾ ਕਦੀ-ਕਦੀ ਨਬੀ ਨੂੰ ਦਿਖਾਈ ਵੀ ਦਿੰਦਾ ਹੈ ਪਰ ਇਲਹਾਮ ਵਿਚ ਅਜਿਹਾ ਨਹੀਂ ਹੁੰਦਾ। ਇਸ ਤੋਂ ਇਲਾਵਾ ਵਹੀ ਵਿਚ ਫਰਿਸ਼ਤੇ ਦੁਆਰਾ ਲਿਆਂਦਾ ਹੋਇਆ ਇਹ ਪੈਗਾਮ ਸਾਰੀ ਮਨੁੱਖਤਾ ਲਈ ਹੀ ਹੁੰਦਾ ਹੈ। ਜਦ ਕਿ ਇਲਹਾਮ ਕੇਵਲ ਪ੍ਰਾਪਤ ਕਰਤੇ ਦੇ ਹੀ ਨਿੱਜੀ ਨਿਰਦੇਸ਼ਨ ਲਈ ਹੁੰਦਾ ਹੈ।[43] ਇਸ ਤੋਂ ਇਲਾਵਾ ਇਸਲਾਮੀ ਮਤ ਅਨੁਸਾਰ ਇਲਹਾਮ ਤੇ ਵਹੀ ਦੀ ਤਰ੍ਹਾਂ, ਖ਼ੁਦਾ ਦਾ ਅਨੁਭਵ ਸੁਪਨਿਆਂ ਅਤੇ ਦ੍ਰਿਸ਼ਾਂ ਦੇ ਰੂਪ ਵਿਚ ਵੀ ਹੋ ਸਕਦਾ ਹੈ। ਪਵਿੱਤਰ ਕੁਰਾਨ ਵਿਚ ਅਜਿਹੇ ਸੁਪਨਿਆਂ ਦਾ ਜ਼ਿਕਰ ਮਿਲਦਾ ਹੈ। ਇਸੇ ਤਰੀਕੇ ਅਨੁਭਵ ਕਰਤਾ ਨੂੰ ਕੋਈ ਅਜਿਹਾ ਦ੍ਰਿਸ਼ ਵੀ ਵਿਖਾਇਆ ਜਾਂਦਾ ਸੀ ਜਿਸ ਦੇ ਡੂੰਘੇ ਅਰਥ ਮੰਨੇ ਜਾਂਦੇ ਸਨ।

ਇਸਲਾਮੀ ਸਾਹਿਤ ਵਿਚ ਵਹੀ ਦੇ ਨਾਜ਼ਲ ਹੋਣ ਦੇ ਕਈ ਤਰੀਕੇ ਦੱਸੇ ਗਏ ਹਨ। ਇਹਨਾਂ ਵਿਚੋਂ ਇਕ ਪ੍ਰਮੁੱਖ ਤਰੀਕਾ 'ਸਿਲਸਲਤਾ ਅਲਹਜਰਸ' ਵਜੋਂ ਜਾਣਿਆ ਜਾਂਦਾ ਹੈ। ਦਰਸ਼ਨ ਸਿੰਘ ਅਨੁਸਾਰ, "ਇਸ ਵਹੀ ਦੇ ਸਮੇਂ ਮੁਹੰਮਦ ਸਾਹਿਬ ਉੱਤੇ ਬੜੀ ਕਰੜੀ ਘੜੀ ਬੀਤਦੀ ਸੀ। ਉਸ ਸਮੇਂ ਉਹ ਆਪਣੇ ਉੱਤੇ ਇੰਨਾ ਭਾਰ ਮਹਿਸੂਸ ਕਰਦੇ ਸਨ ਕਿ ਸਰਦੀਆਂ ਵਿਚ ਵੀ ਉਨ੍ਹਾਂ ਨੂੰ ਪਸੀਨਾ ਛੁੱਟ ਪੈਂਦਾ ਸੀ ਅਤੇ ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਸੀ। ਜੇ ਉਹ ਕਿਸੇ ਸਵਾਰੀ ਤੇ ਬੈਠੇ ਹੋਏ ਹੁੰਦੇ ਤਾਂ ਉਹ ਵੀ ਭਾਰ ਦੇ ਕਾਰਣ ਧਰਤੀ ਤੇ ਬੈਠ ਜਾਂਦੀ ਸੀ। ਇਸ ਅਵਸਥਾ ਵਿਚ ਮੁਹੰਮਦ ਸਾਹਿਬ ਮਾਦੀ ਦੁਨੀਆ ਤੋਂ ਬੇਲਾਗ ਹੋ ਕੇ ਖ਼ੁਦਾ ਦੇ ਨਜ਼ਦੀਕ ਪੁੱਜ ਜਾਂਦੇ ਸਨ। ਜੋ ਕੁਝ ਵੀ ਵਹੀ ਵਿਚ ਉਨ੍ਹਾਂ ਨੂੰ ਸੁਣਾਈ ਦਿੰਦਾ ਸੀ ਉਹ ਸਭ ਕੁਝ ਉਹਨਾਂ ਨੂੰ ਯਾਦ ਹੋ ਜਾਂਦਾ ਸੀ।"[44]

---

[43] A.J. Wensink, *Encyclopaedia of Islam,* London, 1936, Vol.II, p. 467.

[44] ਦਰਸ਼ਨ ਸਿੰਘ, *ਉਹੀ,* ਪੰ. 100.

ਭਾਵੇਂ ਸੂਫ਼ੀਮਤਿ ਇਸਲਾਮ ਦੀ ਇਕ ਸ਼ਾਖਾ ਹੀ ਸੀ। ਪਰ ਇਹ ਸੁਭਾਅ ਪੱਖੋਂ ਇਸਲਾਮੀ ਕਟੱੜਵਾਦੀ ਮੁਲਾਣੇ ਵਰਗ ਤੋਂ ਵੱਖਰਾ ਰਾਹ ਅਖ਼ਤਿਆਰ ਕਰ ਗਿਆ। ਮੁਲਾਣਾ ਵਰਗ ਮਜ਼ਬੀ ਜਾਬਤੇ ਨੂੰ ਮੰਨਣ ਤੇ ਪਾਲਣ ਕਰਨ ਉੱਤੇ ਵਧੇਰੇ ਜੋਰ ਦਿੰਦਾ ਸੀ। ਪਰੰਤੂ ਸੂਫ਼ੀ ਇਸ਼ਕ ਮਾਰਗ ਨੂੰ ਪਹਿਲ ਦਿੰਦੇ ਸਨ। ਮੁਲਾਣੇ ਅਨੁਸਾਰ ਖ਼ੁਦਾ ਦੀ ਪ੍ਰਾਪਤੀ ਲਈ ਕਿਸੇ ਮੁਰਸ਼ਿਦ ਦੀ ਲੋੜ ਨਹੀਂ ਪਰ ਸੂਫ਼ੀ ਮੁਰਸ਼ਿਦ ਨੂੰ ਇਸ ਸੰਸਾਰ ਸਾਗਰ ਤੋਂ ਪਾਰ ਕਰਾਉਣ ਲਈ ਇਸ਼ਕ ਦੀ ਬੇੜੀ ਦਾ ਮਲਾਹ ਸਮਝਦੇ ਸਨ। ਇਸੇ ਤਰ੍ਹਾਂ ਕੱਟੜ ਵਰਗ ਇਸਲਾਮ ਦੇ ਮੁੱਖ ਨਿਯਮਾਂ ਰੋਜ਼ੇ, ਨਮਾਜ਼ਾਂ, ਜ਼ਕਾਤ ਤੇ ਹੱਜ਼ ਕਰਨ ਉੱਤੇ ਜ਼ੋਰ ਦਿੰਦਾ ਸੀ ਪਰ ਸੂਫ਼ੀਆਂ ਅਨੁਸਾਰ ਜੇਕਰ ਕਿਸੇ ਇਨਸਾਨ ਦੀ ਬਿਰਤੀ ਤਨੋਂ-ਮਨੋਂ ਰੱਬ ਨਾਲ ਨਹੀਂ ਜੁੜੀ ਤਾਂ ਬਾਹਰੀ ਨਿਯਮਾਂ ਦੀ ਸਹਾਇਤਾ ਨਾਲ ਰੱਬ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਵਿਚਾਰਧਾਰਕ ਵਿਰੋਧ ਕਾਰਨ ਮਨਸੂਰ ਤੇ ਸਮਸਤਰਬੇਜ਼ ਵਰਗੇ ਸੂਫ਼ੀਆਂ ਨੂੰ ਕੱਟੜ ਵਰਗ ਨੇ ਹਕੂਮਤ ਰਾਹੀਂ ਕਤਲ ਕਰਵਾ ਦਿੱਤਾ। ਕਿਉਂਕਿ ਇਸ਼ਕ ਦੇ ਰੰਗ ਵਿਚ ਰੰਗੇ ਉਹ 'ਹਾਲ' ਦੀ ਅਵਸਥਾ ਦੌਰਾਨ (ਅਨਹਲਹਕ) ਕਹਿ ਉੱਠੇ ਸਨ ਭਾਵ ਕਿ 'ਮੈਂ ਹੀ ਰੱਬ ਹਾਂ'। ਇੱਥੇ ਸੂਫ਼ੀਮਤਿ ਵਿਚ ਅਦਵੈਤਵਾਦ ਦਾ ਅੰਸ਼ ਵੇਖਣ ਨੂੰ ਮਿਲਦਾ ਹੈ। ਅਦਵੈਤਵਾਦ ਭਾਵੇਂ ਗੁਰਮਤਿ ਵਿਚ ਵੀ ਹੈ ਪਰ ਥੋੜੇਂ ਜਿਹੇ ਫਰਕ ਨਾਲ ਹੈ। ਜਿਵੇਂ ਕਿ ਉਪਨਿਸ਼ਦਾਂ ਵਿਚ ਕਿਹਾ ਜਾਂਦਾ ਹੈ ਕਿ ਮੈਥੋਂ ਛੁਟ ਹੋਰ ਕੋਈ ਨਹੀਂ, ਮੈਂ ਹੀ ਬ੍ਰਹਮ ਹਾਂ ਪਰੰਤੂ ਗੁਰਮਤਿ ਕਹਿੰਦੀ ਹੈ ਕਿ ਸਭ ਕੁਝ ਤੂੰ ਹੀ ਹੈਂ, ਤੇਰੇ ਤੋਂ ਬਾਹਰ ਕੁਝ ਵੀ ਨਹੀਂ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥203॥
ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥204॥

(ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1375)

**ਜੈਨਮਤਿ**: ਦੱਖਣੀ ਏਸ਼ੀਆ ਧਰਮਾਂ ਵਿਚੋਂ ਜੈਨਮਤਿ ਸਭ ਤੋਂ ਪੁਰਾਣਾ ਹੈ। 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਦਾ ਜਨਮ 599 ਈ. ਪੂ. ਵੈਸ਼ਾਲੀ (ਬਿਹਾਰ) ਦੇ ਨੇੜੇ ਕੁੰਡਗਰਾਮ ਵਿਖੇ ਹੋਇਆ। ਆਪਣੇ ਮਾਤਾ ਪਿਤਾ ਦੀ ਮੌਤ ਪਿੱਛੋਂ ਰਾਜ ਕੁਮਾਰ ਮਹਾਂਵੀਰ ਆਪਣੇ ਭਰਾ ਨੰਦੀਵਰਗ ਤੋਂ ਆਗਿਆ ਲੈ ਕੇ ਘਰ ਬਾਰ

ਤਿਆਗ ਕੇ 30 ਵਰ੍ਹਿਆਂ ਦੀ ਉਮਰ ਵਿਚ ਜੰਗਲਾਂ ਵਲ ਗਿਆਨ ਦੀ ਖੋਜ ਲਈ ਚਲੇ ਗਏ। ਉਨ੍ਹਾਂ ਨੇ 12 ਵਰ੍ਹਿਆਂ ਤਕ ਬੜਾ ਕਠੋਰ ਤਪ ਕੀਤਾ। ਅੰਤ ਉਨ੍ਹਾਂ ਨੂੰ ਰਿਜੁਪਾਲਿਕਾ ਨਦੀ ਦੇ ਨੇੜੇ ਜਰਿਮਥਿਕ ਗ੍ਰਾਮ ਵਿਖੇ ਕੈਵਲਯ ਗਿਆਨ (ਸਰਵਉੱਚ ਗਿਆਨ) ਪ੍ਰਾਪਤ ਹੋਇਆ। ਇਸ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ ਅਤੇ ਫਿਰ 30 ਵਰ੍ਹਿਆਂ ਤਕ ਆਪ ਨੇ ਗਿਆਨ ਦਾ ਸੱਚਾ ਮਾਰਗ ਪ੍ਰਚਾਰਿਆ। ਉਹ ਚੌਂਕੜੀ ਮਾਰ ਕੇ ਇਸ ਤਰ੍ਹਾਂ ਬੈਠਾ ਕਿ ਪੈਰਾਂ ਦੀਆਂ ਅੱਡੀਆਂ ਜੁੜ ਗਈਆਂ ਅਤੇ ਸੂਰਜ ਦੀ ਧੁੱਪ ਸਿੱਧੀ ਉਸ ਉੱਤੇ ਪੈਣ ਲੱਗ ਪਈ। ਢਾਈ ਦਿਨਾਂ ਤਕ ਬਿਨਾਂ ਕੁਝ ਖਾਧੇ ਪੀਤੇ ਡੂੰਘੀ ਭਗਤੀ ਵਿਚ ਲੀਨ ਰਿਹਾ ਤੇ ਇਸ ਤਰ੍ਹਾਂ ਪ੍ਰਮੁੱਖ ਗਿਆਨ ਅਤੇ ਅੰਤਰ ਦ੍ਰਿਸ਼ਟੀ ਨੂੰ, ਜਿਸਨੂੰ 'ਕੈਵਲਯ' ਕਹਿੰਦੇ ਹਨ, ਪ੍ਰਾਪਤ ਕੀਤਾ। ਕੈਵਲਯ ਇਕ ਅਜਿਹੀ ਅਵਸਥਾ ਹੈ ਜਿਹੜੀ ਅਪਾਰ ਅਤੇ ਸਰਵਉਚ ਹੈ। ਇਸ ਅਵਸਥਾ ਦੇ ਰਾਹ ਵਿਚ ਕੋਈ ਰੁਕਾਵਟ ਜਾਂ ਅੜਿਕਾ ਨਹੀਂ। ਇਥੇ ਪੁੱਜ ਕੇ ਗਿਆਨ ਸੰਪੂਰਨ ਅਤੇ ਮੁਕੰਮਲ ਹੋ ਜਾਂਦਾ ਹੈ।[45]

ਜੈਨਮਤ ਦੇ ਅਨੁਭਵ ਦੇ ਆਧਾਰ ਉਤੇ ਸਥਾਪਤ ਕੀਤੀਆਂ ਗਈਆਂ ਇਸ ਮਤ ਦੀਆਂ ਮੁਢੱਲੀਆਂ ਸਿੱਖਿਆਵਾਂ ਇਸ ਪ੍ਰਕਾਰ ਹਨ :

1. ਤ੍ਰੈ ਰਤਨ: ਜੈਨਮਤ ਦੇ ਉਪਦੇਸ਼ਾਂ ਨੂੰ ਸੰਖੇਪ ਰੂਪ ਵਿਚ ਇਹਨਾਂ ਤਿੰਨ ਰਤਨਾਂ ਰਾਹੀਂ ਸਮਝਿਆ ਜਾ ਸਕਦਾ ਹੈ:

   (A) ਸੱਚਾ ਧਰਮ (B) ਸੱਚਾ ਗਿਆਨ (C) ਸੱਚਾ ਆਚਾਰ।

   (A) ਸੱਚਾ ਧਰਮ (ਸਮਯਗ-ਦਰਸ਼ਨ) ਦਾ ਭਾਵ ਹੈ ਸੱਚ (ਤੱਤ੍ਵਾਂ)

   (B) ਸੱਚਾ ਗਿਆਨ ਇਸ ਵਿਚ ਨੌਂ ਸਚਾਈਆਂ ਬਾਰੇ ਸਿੱਧਾ ਜਾਂ ਅਸਿੱਧਾ ਗਿਆਨ ਹੈ।

   (C) ਸੱਚਾ ਆਚਾਰ ਉਹ ਹੈ ਜੋ ਜੈਨਮਤ ਦੀ ਪ੍ਰਤਿਗਿਆ ਅਤੇ ਸਿੱਖਿਆ ਅਨੁਸਾਰ ਹੋਵੇ।

ਇਸ ਤਰੀਕੇ ਜੈਨਮਤ ਨੌਂ ਤੱਤਾਂ ਦੀ ਸਿੱਖਿਆ ਵੀ ਦਿੰਦਾ ਹੈ ਜਿਸ ਨੂੰ ਨੌ ਸਚਾਈਆਂ ਵੀ ਕਿਹਾ ਜਾਂਦਾ ਹੈ। ਇਹ ਨੌ ਸਚਾਈਆਂ ਅੱਗੇ ਲਿਖੇ ਅਨੁਸਾਰ ਹਨ: (1) ਜੀਵ (2) ਅਜੀਵ (3) ਪੁੰਨ (4) ਪਾਪ (5) ਅਸ੍ਰਵ (6) ਸੰਵਰ (7) ਬੰਧ (8) ਨਿਰਜਰ ਅਤੇ (9) ਮੋਕਸ਼।

---

[45] ਪ੍ਰੋ. ਹਰਬੰਸ ਸਿੰਘ ਤੇ ਡਾ. ਐਲ. ਐਮ. ਜੋਸ਼ੀ, *ਸੰਸਾਰ ਦੇ ਧਰਮ, ਭਾਗ-ਪਹਿਲਾ,* ਡਾ. ਭਗਤ ਸਿੰਘ,(ਅਨੁ.), ਡਾ. ਪਿਆਰ ਸਿੰਘ, (ਸੋਧਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰ. 53.

**ਬੁੱਧਮਤਿ**: ਮਹਾਤਮਾ ਗੌਤਮ ਬੁੱਧ (ਜਨਮ 567 ਈ. ਪੂ. - 487 ਈ.ਪੂ.) ਨੇ ਛੇ ਸਾਲ ਤਪੱਸਿਆ ਕੀਤੀ, ਪਰ ਗਿਆਨ ਪ੍ਰਾਪਤ ਨਾ ਹੋਇਆ। ਇਸ ਕਾਰਨ ਉਨ੍ਹਾਂ ਦੇ ਪੰਜ ਸਾਥੀ ਉਨ੍ਹਾਂ ਨੂੰ ਛੱਡ ਗਏ। ਫਿਰ ਆਪ ਗਯਾ (ਬੋਧ ਗਯਾ) ਵਿਖੇ ਗਏ। ਜਿੱਥੇ 48 ਦਿਨਾਂ ਦੀ ਸਮਾਧੀ ਮਗਰੋਂ ਵੈਸਾਖ ਦੀ ਪੂਰਨਮਾਸੀ ਵਾਲੇ ਦਿਨ ਆਪ ਨੂੰ ਸਰਵਉੱਚ ਗਿਆਨ ਦੀ ਪ੍ਰਾਪਤੀ ਹੋਈ। ਇਸ ਗਿਆਨ ਕਾਰਨ ਉਹ ਬੁੱਧ ਅਖਵਾਏ। ਇਸ ਸਮੇਂ ਆਪ ਦੀ ਉਮਰ 35 ਸਾਲ ਦੀ ਸੀ। ਮਹਾਤਮਾ ਬੁੱਧ ਦੇ ਅਨੁਭਵ ਤੇ ਗਿਆਨ ਪ੍ਰਾਪਤੀ ਬਾਰੇ ਪ੍ਰੋ. ਹਰਬੰਸ ਸਿੰਘ ਲਿਖਦੇ ਹਨ, "ਵੈਸਾਖ ਦੀ ਪੂਰਨਮਾਸੀ ਨੂੰ ਉਹ ਇਹ ਧਾਰ ਕੇ ਬੋਧੀ ਦਰਖਤ ਦੇ ਥੱਲੇ ਬੈਠ ਗਿਆ ਕਿ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਉਹ ਉਥੋਂ ਨਹੀਂ ਉਠੇਗਾ। ਉਸੇ ਰਾਤ ਮਨੁੱਖੀ ਕਾਮਨਾਵਾਂ ਅਤੇ ਆਤਮਿਕ ਸ਼ਕਤੀਆਂ ਦੇ ਵਿਚਕਾਰ ਸੰਘਰਸ਼ ਦਾ ਅੰਤਿਮ ਨਿਰਣਾ ਹੋਇਆ। ਮਨੁੱਖੀ ਕਾਮਨਾਵਾਂ 'ਮਾਰ' (ਅੰਧਾਰ ਜਾਂ ਅਗਿਆਨ) ਦੁਆਰਾ ਪ੍ਰਗਟ ਹੋਈਆਂ ਅਤੇ ਅਧਿਆਤਮਿਕ ਸ਼ਕਤੀਆਂ ਬੋਧ (ਗਿਆਨ) ਦੁਆਰਾ ਪ੍ਰਗਟ ਹੋਈਆਂ। ... ਸੰਪੂਰਨਤਾ ਦੀ ਇਸ ਅਵਸਥਾ ਵਿਚ ਹੀ ਬੋਧੀਸੱਤ੍ਵ ਨੇ ਉਹ ਸਚਾਈਆਂ ਦੇਖੀਆਂ ਜਿਨ੍ਹਾਂ ਨੇ ਉਸ ਅੰਦਰ ਜਾਗ੍ਰਤੀ ਅਤੇ ਗਿਆਨ ਪੈਦਾ ਕੀਤਾ। ਹੁਣ ਉਹ ਬੁੱਧ ਬਣ ਗਿਆ ਅਤੇ ਸਭ ਚੀਜਾਂ ਦਾ ਗਿਆਤਾ ਹੋ ਗਿਆ।"[46] ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਸਭ ਤੋਂ ਪਹਿਲਾਂ ਬਨਾਰਸ ਕੋਲ ਸਾਰਨਾਥ ਵਿਖੇ ਪਹੁੰਚੇ। ਇਥੇ ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਆਪਣੇ ਪੁਰਾਣੇ ਪੰਜਾਂ ਸਾਥੀਆਂ ਨੂੰ ਦਿੱਤਾ। ਇਸ ਘਟਨਾ ਨੂੰ ਧਰਮ ਚੱਕਰ ਪਰਿਵਰਤਨ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਜੀ ਨੇ ਇਸ ਤਰ੍ਹਾਂ ਲਗਾਤਾਰ ਆਪਣੇ ਅਨੁਭਵ ਤੇ ਗਿਆਨ ਦਾ ਪ੍ਰਚਾਰ 45 ਸਾਲਾਂ ਤਕ ਥਾਂ-ਥਾਂ ਜਾ ਕੇ ਕੀਤਾ ਅਤੇ 80 ਸਾਲ ਦੀ ਉਮਰ ਵਿਚ ਕੁਸ਼ੀਨਗਰ ਵਿਖੇ ਆਪ ਨੇ ਮਹਾਂ ਪਰੀ ਨਿਰਵਾਣ ਪ੍ਰਾਪਤ ਕੀਤਾ।

ਬੁੱਧ ਧਰਮ ਅਨੁਸਾਰ ਮਹਾਤਮਾ ਬੁੱਧ ਨੂੰ ਕਾਲ ਰਹਿਤ ਮੰਨਿਆ ਜਾਂਦਾ ਹੈ। ਭਾਵ ਉਹ ਜਨਮ ਮਰਨ ਤੋਂ ਰਹਿਤ ਹੈ। ਗਿਆਨ ਪ੍ਰਾਪਤ ਕਰਕੇ ਉਹ ਸੰਸਾਰੀ ਬੰਧਨਾਂ ਜਿਵੇਂ ਦੁੱਖ-ਸੁੱਖ, ਕਲੇਸ਼, ਮਾਨ-ਅਪਮਾਨ, ਹਰਖ-ਸੋਗ ਆਦਿ ਤੋਂ ਉਪਰ ਉਠ ਚੁੱਕਾ ਸੀ। ਭਾਵੇਂ ਬੁੱਧ ਸਰੀਰਕ ਤੌਰ ਉੱਤੇ ਨਹੀਂ ਰਿਹਾ ਪਰ ਜਿਸ ਸੱਚਾਈ ਦਾ ਗਿਆਨ ਉਸਨੂੰ ਹੋਇਆ ਉਹ ਸਦੀਵੀ ਹੈ। ਇਹ ਸਚਾਈ ਉਸ ਦੇ ਸਮੇਂ ਤੋਂ ਪਹਿਲਾਂ ਵੀ

---

[46] *ਉਹੀ,* ਪੰ. 71.

ਮੌਜੂਦ ਸੀ ਅਤੇ ਰਹਿੰਦੀ ਦੁਨੀਆ ਤਕ ਵੀ ਉਸੇ ਤਰ੍ਹਾਂ ਸਚਾਈ ਹੀ ਰਹੇਗੀ। ਇਹ ਸਚਾਈ ਸਦੀਵੀ ਤੇ ਕਾਲ ਰਹਿਤ ਹੈ।

ਜਦੋਂ ਇੱਕ ਬੋਧੀ 'ਬੁਧ ਸ਼ਰਨੰ ਗਛਮਿ' (ਮੈਂ ਬੁੱਧ ਦੀ ਸ਼ਰਨ ਲੈਂਦਾ ਹਾਂ) ਕਹਿੰਦਾ ਹੈ ਤਾਂ ਉਸ ਦਾ ਭਾਵ ਮਨੁੱਖੀ ਗੁਰੂ ਤੋਂ ਨਹੀਂ, ਕਾਲ ਰਹਿਤ ਪਰਿਪੂਰਣ ਬੁੱਧ ਤੋਂ ਹੁੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਤਿਹਾਸਿਕ ਅਤੇ ਮਨੁੱਖ ਰੂਪੀ ਬੁੱਧ ਮਹੱਤਵਪੂਰਨ ਨਹੀਂ ਸਗੋਂ ਬੁੱਧ ਨੂੰ ਉਸਦੇ ਸ਼ਿਸ਼ ਇਕ ਮਨੁੱਖ ਅਧਿਆਤਮਿਕ ਵਜੋਂ ਵੀ ਸਨਮਾਨਦੇ ਰਹੇ ਹਨ। ਉਸ ਤੋਂ ਬਿਨਾਂ ਸੰਸਾਰ ਨੂੰ ਇਹ ਪਤਾ ਨਹੀਂ ਸੀ ਲੱਗਣਾ ਕਿ ਨਿਰਵਾਣ ਕੀ ਹੈ।[47] ਇਸ ਗਿਆਨ ਪ੍ਰਾਪਤ ਕਰ ਲੈਣ ਵਾਲੇ ਮਨੁੱਖ ਬੁੱਧ ਨੂੰ ਤਥਾਗਤ ਵੀ ਕਿਹਾ ਜਾਂਦਾ ਹੈ।

**ਮੱਧ-ਮਾਰਗ:** ਗਿਆਨ ਪ੍ਰਾਪਤ ਤੋਂ ਬਾਅਦ ਸਾਰਨਾਥ ਵਿਖੇ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਦਿੱਤਾ ਜਿਸ ਨੂੰ ਮੱਧ-ਮਾਰਗ ਕਹਿੰਦੇ ਹਨ। ਬੁੱਧ ਨੇ ਪਹਿਲਾਂ ਚਲੇ ਆ ਰਹੇ ਦੋ ਮਾਰਗਾਂ (1) ਪਰਵਿਰਤੀ ਮਾਰਗ (ਸੰਸਾਰ ਵਿਚ ਖਚਿਤ ਹੋਣ ਵਾਲਾ) ਅਤੇ (2) ਨਵਿਰਤੀ ਮਾਰਗ (ਸੰਸਾਰ ਤੋਂ ਨਿਰਲੇਪਤਾ ਦਾ ਰਾਹ) ਦਾ ਖੰਡਨ ਕੀਤਾ। ਇਹ (ਵਿਚਕਾਰਲਾ) ਮੱਧ-ਮਾਰਗ ਸ਼ਾਂਤੀ, ਆਨੰਦ ਅਤੇ ਮੋਕਸ਼ ਪ੍ਰਦਾਨ ਕਰਾਉਣ ਵਾਲਾ ਮਾਰਗ ਸੀ। ਇਸ ਮਾਰਗ ਦੇ ਅੱਠ ਅੰਗ (ਭਾਗ) ਹੋਣ ਕਾਰਨ ਇਸ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ ਜਿਵੇ:-

1) ਸੱਚਾ ਵਿਚਾਰ (ਸਮਯਕ ਦ੍ਰਿਸ਼ਟੀ)
2) ਸੱਚੀ ਨੀਯਤ (ਸਮਯਕ ਸੰਕਲਪ)
3) ਸੱਚਾ ਬੋਲ (ਸਮਯਕ ਵਾਕ)
4) ਸੱਚਾ ਵਿਹਾਰ (ਸਮਯਕ ਕਰਮ)
5) ਸੱਚੀ ਰੋਜ਼ੀ (ਸਮਯਕ ਆਜੀਵਕਾ)
6) ਸੱਚਾ ਯਤਨ (ਸਮਯਕ ਵਿਆਯਾਮ)
7) ਸੱਚਾ ਮਨੋਯੋਗ (ਸਮਯਕ ਸਮ੍ਰਿਤੀ)
8) ਸੱਚਾ ਗਿਆਨ (ਸਮਯਕ ਸਮਾਧੀ)

ਮਹਾਤਮਾ ਬੁੱਧ ਜੀ ਨੇ ਆਪਣੇ ਅਨੁਭਵ ਦੇ ਆਧਾਰ ਉਤੇ ਚਾਰ ਪਾਵਨ ਸੱਚਾਈਆਂ ਬਿਆਨੀਆਂ ਹਨ:

---

[47] *ਉਹੀ,* ਪੰ. 77.

1) ਜੀਵਨ ਦੁੱਖਾਂ ਦਾ ਘਰ ਹੈ।

2) ਦੁੱਖਾਂ ਦਾ ਕਾਰਨ ਹੈ (ਤ੍ਰਿਸ਼ਨਾ)।

3) ਦੁੱਖਾਂ ਦਾ ਅੰਤ ਕੀਤਾ ਜਾ ਸਕਦਾ ਹੈ (ਨਿਰੋਧ)।

4) ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਇਕ ਮਾਰਗ (ਅਸ਼ਟ-ਮਾਰਗ) ਹੈ।

*Encyclopaedia of Religion* ਅਨੁਸਾਰ, "ਬੁੱਧਮਤ ਵਿਚ ਧਾਰਮਿਕ ਅਨੁਭਵ ਨੂੰ ਧਿਆਨ ਦੀ ਅੰਤਰ ਦ੍ਰਿਸ਼ਟੀ ਰਾਹੀਂ ਰੂਪਾਂਤਰਣ ਵਜੋਂ ਹੋਣ ਵਾਲਾ ਬੁਨਿਆਦੀ ਅਨੁਭਵ ਸਮਝਿਆ ਜਾ ਸਕਦਾ ਹੈ। ਇਹ ਗੌਤਮ ਦਾ ਬੁਨਿਆਦੀ ਅਨੁਭਵ ਹੈ, ਜਿਸ ਰਾਹੀਂ ਉਹਨਾਂ ਨੇ ਚਾਰ ਮਹਾਨ ਸੱਚਾਈਆਂ ਅਤੇ ਅਸ਼ਟ-ਪੱਧਰੀ ਮਾਰਗ ਨਿਰਵਾਣ ਦੀ ਮੰਜ਼ਿਲ ਲਈ ਸਾਕਾਰ ਕੀਤੇ (ਦੱਸੇ) ਜਿਵੇਂ ਬੁੱਧਮਤ ਦਾ ਵਿਕਾਸ ਤੇ ਫੈਲਾਅ ਹੋਇਆ ਧਾਰਮਿਕ ਅਨੁਭਵ ਅਤੇ ਅਭਿਆਸ ਦੇ ਕਈ ਹੋਰ ਤੱਤ ਇਸ ਵਿਚ ਸ਼ਾਮਿਲ ਕੀਤੇ ਗਏ। ਪਰੰਤੂ ਧਿਆਨ ਜਾਂ ਸਮਾਧੀ (ਚਿੰਤਨ) ਵਾਲਾ ਤੱਤ ਇਸਦੇ ਇਤਿਹਾਸ ਵਿਚ ਕੇਂਦਰੀ ਮਹੱਤਤਾ ਵਾਲਾ ਤੱਤ ਰਿਹਾ ਹੈ।"[48]

**ਹਿੰਦੂਮਤਿ:** ਹਿੰਦੂਮਤਿ ਵਿਚ ਪਰਮਸੱਤਾ ਲਈ ਬ੍ਰਹਮ, ਪਰਮਾਤਮਾ, ਈਸ਼ਵਰ, ਭਗਵਾਨ ਆਦਿ ਅਨੇਕਾਂ ਨਾਮ ਵਰਤੇ ਜਾਂਦੇ ਹਨ। ਇਸ ਤਰ੍ਹਾਂ ਪਰਮਾਤਮਾ ਦੇ ਗੁਣਾਂ ਨੂੰ ਯਾਦ ਕਰਾਉਣ ਵਾਲੇ ਈਸ਼ਵਰੀ ਗੁਣਾਂ ਦੇ ਨਾਮ ਜਿਵੇਂ ਗੋਪਾਲ, ਕ੍ਰਿਸ਼ਨ, ਹਰੀ, ਰਾਮ ਆਦਿ ਹਨ। ਹਿੰਦੂਮਤਿ ਦੇ ਮੁੱਖ ਸ੍ਰੋਤਾਂ ਵਜੋਂ ਵੇਦਾਂ, ਪੁਰਾਣਾਂ, ਛੇ ਦਰਸ਼ਨਾਂ ਅਤੇ ਸਿਮਰਤੀਆਂ ਆਦਿ ਸਾਹਿਤ ਨੂੰ ਮੰਨਿਆ ਜਾਂਦਾ ਹੈ।

ਵੇਦਾਂ ਨੂੰ ਦੈਵੀ ਰਚਨਾ ਕਿਹਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਵਿਚ ਵੀ ਰਚਨਹਾਰੇ ਰਿਸ਼ੀਆਂ ਨੇ ਜੋ ਬ੍ਰਹਮ ਦਾ ਅਨੁਭਵ ਕੀਤਾ ਉਹੀ ਬਿਆਨਿਆ ਹੈ। ਇਨ੍ਹਾਂ ਵਿਚ ਬ੍ਰਹਮ, ਜਗਤ, ਮਾਇਆ ਆਦਿ ਸੰਬੰਧੀ ਅਨੁਭਵੀ ਬਿਆਨ ਦਰਜ਼ ਹਨ। "ਹਿੰਦੂ ਰਿਸ਼ੀਆਂ ਨੇ ਸ਼ਾਸਤਰਾਂ ਵਿਚ ਈਸ਼ਵਰ, ਸ੍ਰਿਸ਼ਟੀ ਰਚਨਾ, ਜੀਵ-

---

48 "Religious Experience as transformation through meditational insight may be considered foundational for the Buddhist tradition. The founding experience of Gautma, through whom came the realization of the Four Noble Truths and the Eight Fold Path to the goal of nirvana. As Buddhism developed and spread, many other elements of religious experience and practice were embraced in the tradition, but the meditational element has been of central importance throughout the history of the tradition." James Alfred Martin Jr., Religious Experience, *Encyclopaedia of Religion, Vol. 12,* Mirciea Eliade, ed., p. 326.

ਆਤਮਾ, ਕਰਮ ਗਿਆਨ ਤੇ ਯੋਗ ਆਦਿਕ ਤੇ ਵਿਚਾਰ ਕੀਤੀ ਹੈ। ਨਿਆਇ ਸ਼ਾਸਤਰ ਦਾ ਮਤ ਸੀ ਕਿ ਈਸ਼ਵਰ, ਜੀਵ ਅਤੇ ਪ੍ਰਕ੍ਰਿਤੀ ਤਿੰਨੇ ਚੀਜ਼ਾਂ 'ਅਨਾਦੀ' ਹਨ। ਈਸ਼ਵਰ ਘੁਮਿਆਰ ਵਾਂਗੂ ਭਾਂਡੇ ਬਣਾਂਦਾ ਹੈ ਪਰ ਚੱਕ ਤੇ ਮਿੱਟੀ ਉਸ ਤੋਂ ਵੱਖਰੇ ਹਨ।"[49] ਸਾਂਖ ਦਾ ਮਤ ਸੀ - "ਈਸ਼ਵਰ ਦੀ ਕੋਈ ਹਸਤੀ ਨਹੀਂ। ਜੀਵ ਅਤੇ ਪ੍ਰਕਿਰਤੀ ਹੀ ਹਨ। ਜਦ ਤੀਕ ਦੋਵੇਂ ਨਾ ਮਿਲਣ ਜੀਵਨ ਦਾ ਫਲ ਨਹੀਂ ਖਾ ਸਕਦੇ। ਸਾਂਖ ਦਾ ਅਰਥ ਹੈ - ਸੰਖਿਆ। ਇਸ ਸ਼ਾਸਤਰ ਨੇ ਬੜੀ ਗਿਣਤੀ ਮਿਣਤੀ ਕੀਤੀ ਹੈ।"[50]

"ਸ਼ਾਸਤਰਾਂ ਵਿਚੋਂ ਜਿਸ ਮਤ ਦਾ ਭਾਰਤ ਦੀਆਂ ਸੰਪਰਦਾਵਾਂ ਤੇ ਬਹੁਤ ਅਸਰ ਪਿਆ ਹੈ, ਉਹ ਹੈ ਵੇਦਾਂਤ। ਵੇਦਾਂਤ ਦਾ ਅਰਥ ਹੈ - ਗਿਆਨ ਦਾ ਨਚੋੜ। ਵੇਦਾਂਤ ਕੀ ਹੈ? ਬ੍ਰਹਮ ਸੱਤ ਹੈ, ਜਗਤ ਮਿਥਿਆ ਅਤੇ ਇੰਦਰੀਆਂ ਦੇ ਅਗਯਾਨ ਕਰਕੇ ਪ੍ਰਤੀਤ ਹੁੰਦਾ ਹੈ। ਜਿਵੇਂ ਰਸੀ ਵਿਚ ਸੱਪ ਅਤੇ ਮਾਰੂਥਲ ਵਿਚ ਮ੍ਰਿਗ ਤ੍ਰਿਸ਼ਨਾ ਦਾ ਜਲ ਹੁੰਦਾ ਹੈ। ਸ੍ਵੈ-ਸਰੂਪ ਦੇ ਗਿਆਨ ਵਿਚ ਮੁਕਤੀ ਹੈ। 'ਮੈਂ ਬ੍ਰਹਮ ਹਾਂ' ਇਹ ਵੇਦਾਂਤ ਦਾ ਸਾਰੰਸ ਹੈ। ਰਿਸ਼ੀ ਬਿਆਸ ਤੇ ਸ਼ੰਕਰਾਚਾਰਯ ਇਸ ਦੇ ਪ੍ਰਚਾਰਕ ਸਨ।"[51]

ਹਿੰਦੂਮਤਿ ਵਿਚ ਬ੍ਰਹਮ ਦੇ ਅਨੁਭਵ ਅਤੇ ਉਸਦੇ ਪ੍ਰਗਟਾਵੇ ਦੇ ਚਾਰ ਸਾਧਨ ਮੰਨੇ ਜਾਂਦੇ ਹਨ। ਵੇਦਾਂ ਨੂੰ ਰੱਬੀ ਗਿਆਨ ਅਤੇ ਉਸਦਾ ਪ੍ਰਗਟਾਵਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਛੇ ਦਰਸ਼ਨਾਂ ਵਿਚ ਵੀ ਅਜਿਹੇ ਸਿਧਾਂਤ ਸ਼ਾਮਲ ਹਨ। ਅਦਵੈਤ ਵੇਦਾਂਤ ਅਨੁਸਾਰ ਇਹ ਚਾਰ ਤਰ੍ਹਾਂ ਵੇਖਿਆ ਜਾ ਸਕਦਾ ਹੈ:

1) ਆਮ ਅਨੁਭਵ ਵਜੋਂ ਬ੍ਰਹਮ ਦਾ ਅਨੁਭਵ ਤੇ ਪ੍ਰਗਟਾਵਾ: ਬ੍ਰਹਮ ਨੇ ਆਪਣੇ ਸਰਗੁਣ ਸਰੂਪ ਵਿਚ ਸੰਸਾਰ ਦੇ ਰੂਪ ਵਿਚ ਆਪਣਾ ਆਪ ਪ੍ਰਗਟ ਕੀਤਾ ਹੋਇਆ ਹੈ। ਉਹ ਕੁਦਰਤ ਤੇ ਜੀਵਾਂ ਅੰਦਰ ਚੇਤਨ ਰੂਪ ਵਿਚ ਵਿਚਰ ਰਿਹਾ ਹੈ। ਸਮੂਹ ਜਗਤ ਦੇ ਕਣ-ਕਣ, ਘਟ-ਘਟ ਵਿਚ ਭਾਵ ਹਰ ਥਾਂ ਮੌਜੂਦ ਹੈ। ਸਾਰੀ ਸ੍ਰਿਸ਼ਟੀ ਹੀ ਉਸ ਬ੍ਰਹਮ ਦੀ ਉਪਜ ਤੇ ਪਸਾਰਾ ਹੈ।
2) ਮਨੁੱਖ ਦੇ ਅਨੁਭਵ ਵਿਚ: ਇਸ ਅਨੁਸਾਰ ਮਨੁੱਖੀ ਆਤਮਾ ਉਸ ਪਰਮਤਮਾ ਦੀ ਜੋਤ ਹੈ। ਮਨੁੱਖ ਆਪਣੇ ਅੰਦਰੋਂ ਉਸ ਦੇ ਦੀਦਾਰ ਕਰ ਸਕਦਾ ਹੈ। ਇਹ ਅਨੁਭਵ ਉਸ ਦੁਆਰਾ ਉਪਨਿਸ਼ਦਾਂ ਦੇ ਨਿਧਿਆਸਨ, ਮਨਨ ਅਤੇ ਧਿਆਨ ਮਗਨ ਹੋ ਕੇ ਪ੍ਰਾਪਤ ਹੋ ਸਕਦਾ ਹੈ। ਇਸ ਅਨੁਭਵ ਰਾਹੀਂ ਮਨੁੱਖ ਬ੍ਰਹਮ ਦਾ ਅਨੁਭਵ ਕਰ ਸਕਦਾ ਹੈ।

---

[49] ਪ੍ਰਤਾਪ ਸਿੰਘ, *ਗੁਰਮਤਿ ਲੈਕਚਰ,* ਗਿਆਨ ਅੰਮ੍ਰਿਤ ਪੁਸਤਕਮਾਲਾ, ਅੰਮ੍ਰਿਤਸਰ, 1949, ਪੰ. 35.

[50] *ਉਹੀ,* ਪੰ. *ਉਹੀ*।

[51] *ਉਹੀ,* ਪੰਨੇ 35-36.

3) ਅਵਤਰਣ ਰਾਹੀਂ ਅਨੁਭਵ ਤੇ ਪ੍ਰਗਟਾਵਾ: ਹਿੰਦੂਮਤਿ ਅਵਤਾਰਵਾਦ ਦੀ ਹਿਮਾਇਤੀ ਹੈ। ਇਸ ਵਿਚਾਰ ਤਹਿਤ ਜਦੋਂ ਕਦੇ ਵੀ ਧਰਤੀ ਉਪਰ ਅਧਰਮ, ਜ਼ੁਲਮ, ਪਾਪ ਵੱਧ ਜਾਣ ਅਤੇ ਲੋਕ ਗਿਆਨ ਦੇ ਮਾਰਗ ਤੋਂ ਭਟਕ ਜਾਣ ਤਾਂ ਬ੍ਰਹਮ ਅਵਤਾਰ ਧਾਰ ਕੇ ਸ੍ਰਿਸ਼ਟੀ ਨੂੰ ਸੋਧਦਾ ਹੈ। ਉਹ ਵੇਦਾਂ ਦੇ ਗਿਆਨ ਦਾ ਪ੍ਰਚਾਰ ਕਰਦਾ ਹੋਇਆ ਜਨ ਸਾਧਾਰਣ ਦੀ ਅਗਵਾਈ ਕਰਦਾ ਹੈ।

4) ਵੇਦਾਂ ਦੇ ਅਨੁਭਵ ਵਜੋਂ: ਅਦਵੈਦ ਵੇਦਾਂਤ ਵਿਚ ਵੇਦਾਂ ਨੂੰ ਪਰਮਾਤਮਾ ਦੇ ਅਨੁਭਵ ਦਾ ਸਰੋਤ ਅਤੇ ਪ੍ਰਗਟਾਵਾ ਮੰਨਿਆ ਜਾਂਦਾ ਹੈ। ਵੇਦ ਰੱਬੀ ਰਚਨਾ ਹੋਣ ਕਰਕੇ ਪਰਮਾਤਮਾ ਦੇ ਅਮਰ, ਅਗੰਮ ਗਿਆਨ ਦਾ ਪ੍ਰਗਟਾਵਾ ਕਰਦੇ ਹਨ। ਵੇਦ ਉਸ ਗਿਆਨ ਦਾ ਪ੍ਰਕਾਸ਼ਨ ਹਨ ਜਿਹੜਾ ਗਿਆਨ ਪ੍ਰਤੱਖ ਅਤੇ ਅਨੁਮਾਨ ਦੁਆਰਾ ਮਨੁੱਖ ਨੂੰ ਹਾਸਲ ਨਹੀਂ ਹੋ ਸਕਦਾ।

ਭਾਵੇਂ ਵੇਦਾਂ ਨੂੰ ਉਤਮ ਮੰਨਿਆ ਜਾਂਦਾ ਹੈ ਪਰੰਤੂ ਵੈਦਿਕ ਸਾਹਿਤ ਵਿਚ ਦੋ ਵਿਚਾਰਧਾਰਾਵਾਂ ਵੇਖਣ ਨੂੰ ਮਿਲਦੀਆਂ ਹਨ। ਪਹਿਲੀ ਅਨੁਸਾਰ ਵੇਦ ਸਦੀਵੀ ਅਤੇ ਰੱਬੀ ਰਚਨਾ ਹਨ। ਦੂਜੀ ਅਨੁਸਾਰ ਵੇਦ ਅਸਦੀਵੀ ਅਤੇ ਮਨੁੱਖੀ ਰਚਨਾ ਹਨ। ਇਹੋ ਮਤਭੇਦ ਛੇ ਦਰਸ਼ਨਾਂ ਵਿਚੋਂ ਵੀ ਵਿਦਮਾਨ ਹੁੰਦਾ ਹੈ। ਮੀਮਾਂਸਾ ਅਨੁਸਾਰ ਵੇਦਾਂ ਦਾ ਕੋਈ ਸੰਕਲਨ ਕਰਤਾ ਨਹੀਂ; ਨਿਆਇ ਇਨ੍ਹਾਂ ਦਾ ਸੰਕਲਨ ਕਰਤਾ ਪ੍ਰਾਕ੍ਰਿਤਕ ਉਪਜ ਮੰਨਦਾ ਹੈ; ਵੈਸ਼ੇਸ਼ਿਕ ਸਪੱਸ਼ਟ ਤੌਰ ਤੇ ਵੇਦਾਂ ਨੂੰ ਮਨੁੱਖੀ ਕਿਰਤ ਸਵੀਕਾਰ ਕਰਦਾ ਹੈ; ਯੋਗ ਸ਼ਾਸਤਰ ਅਨੁਸਾਰ ਵੇਦ ਈਸ਼ਵਰ ਦੇ ਸੰਪੂਰਨ ਵਿਚਾਰ ਤੇ ਆਧਾਰਿਤ ਹਨ।[52] ਸਾਰੀ ਵਿਚਾਰ ਤੇ ਵਿਵੇਚਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਵੇਦਾਂ ਦੀ ਰਚਨਾ ਰਿਸ਼ੀਆਂ ਨੇ ਹੀ ਕੀਤੀ ਸੀ ਭਾਵੇਂ ਈਸ਼ਵਰ ਹੀ ਉਹਨਾਂ ਨੂੰ ਇਹ ਪ੍ਰੇਰਨਾ ਤੇ ਗਿਆਨ ਦਾ ਅਨੁਭਵ ਬਖਸ਼ਣ ਵਾਲਾ ਸੀ। ਸੋ ਰਿਸ਼ੀਆਂ ਦਾ ਦਿਬ ਗਿਆਨ ਮੂਲਕ ਅਨੁਭਵ ਹੀ ਵੇਦ ਕਹੇ ਜਾ ਸਕਦੇ ਹਨ।

**ਸਿੱਖਮਤਿ ਵਿਚ ਧਾਰਮਿਕ ਅਨੁਭਵ ਦਾ ਸਰੂਪ :** ਸਿੱਖਮਤਿ ਵਿਚ ਗੁਰੂ ਦਾ ਸਥਾਨ ਮਹੱਤਵਪੂਰਨ ਹੈ। ਗੁਰੂ ਸਾਹਿਬ ਨੇ ਅਵਤਾਰਵਾਦ ਦਾ ਖੰਡਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ.) ਨੇ ਸ਼ਬਦ ਨੂੰ ਗੁਰੂ ਮੰਨਿਆ ਹੈ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥...॥44॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 943)

---

[52] ਦਰਸ਼ਨ ਸਿੰਘ, *ਉਹੀ*, ਪੰ. 91.

ਸੱਚਾ ਸਤਿਗੁਰੂ ਉਹ ਹੈ ਜਿਸ ਨੇ ਪਰਮਾਤਮਾ ਨੂੰ ਜਾਣ ਲਿਆ ਹੈ। ਅਜਿਹਾ ਸਤਿਗੁਰੂ ਆਪਣੇ ਨਾਲ ਸਿੱਖ ਦਾ ਵੀ ਉਧਾਰ ਤੇ ਪਾਰ ਨਿਸਤਾਰਾ ਕਰ ਸਕਦਾ ਹੈ। ਗੁਰੂ ਜੀ ਨੂੰ ਸਤਿ ਦਾ ਸਿੱਧਾ ਅਨੁਭਵ ਹੋਇਆ ਅਤੇ ਇਸੇ ਨੂੰ ਉਨ੍ਹਾਂ ਗੁਰਬਾਣੀ ਵਿਚ ਪ੍ਰਗਟ ਕੀਤਾ। ਇਸਦੇ ਸੰਕੇਤ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਵਿਚ ਮਿਲਦੇ ਹਨ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਾਰਮਿਕ ਅਨੁਭਵ ਦੀ ਪ੍ਰਾਪਤੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਪਹਿਲਾ ਬਾਬੇ ਪਾਯਾ ਬਖਸੁ ਦਰੁ ਪਿਛੋਦੇ ਫਿਰਿ ਘਾਲਿ ਕਮਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।...
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।

(ਭਾਈ ਗੁਰਦਾਸ, ਵਾਰ 1, ਪਉੜੀ 24)

ਜਨਮ ਸਾਖੀਆਂ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਪ੍ਰਵੇਸ਼ ਦੀ ਸਾਖੀ ਮਿਲਦੀ ਹੈ ਕਿ ਕਿਸ ਤਰ੍ਹਾਂ ਆਪ ਤਿੰਨ ਦਿਨ ਸਮਾਧੀ ਸਥਿਤ ਹੋ ਕੇ ਅਲੋਪ ਰਹੇ। "ਕਹਿਣ ਲਈ ਤਾਂ ਗੁਰੂ ਜੀ ਨੇ ਵੇਈਂ ਵਿਚ ਟੁਭੀ ਲਾਈ ਸੀ, ਪਰ ਅਸਲ ਵਿਚ ਉਹ ਅੰਤਰੀਵ ਆਤਮੇਂ ਲੀਨ ਹੋ ਕੇ ਸਚ ਖੰਡ ਵਿਚ ਪੁੱਜ ਗਏ ਸਨ। ਆਪ ਦੀ ਆਤਮਾ ਰੱਬ ਦੀ ਹਜ਼ੂਰੀ ਵਿਚ ਜਾਂ ਖਲੋਤੀ ਸੀ। ਸਚ ਖੰਡ ਵਿਚੋਂ ਗੁਰੂ ਜੀ ਨੇ ਦੋ ਚੀਜ਼ਾਂ ਪ੍ਰਾਪਤ ਕੀਤੀਆਂ 'ਨਾਮ' ਅਤੇ 'ਗਰੀਬੀ'। ਇਹ ਹਜ਼ੂਰ ਦੇ ਜੀਵਨ ਦਾ ਤਤ੍ਵ ਹਨ।"[53]

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਈਂ ਪ੍ਰਵੇਸ਼ ਸਮੇਂ ਹੋਏ ਪਰਮਾਤਮਾ ਦੇ ਮਿਲਾਪ ਦਾ ਅਨੁਭਵ ਪੁਰਾਤਨ ਜਨਮਸਾਖੀ ਵਿਚ ਇਉਂ ਦਰਜ਼ ਹੈ, "ਆਗਿਆ ਪਰਮੇਸਰ ਕੀ ਹੋਈ, ਜੋ 'ਨਾਨਕ ਭਗਤੁ ਹਾਜ਼ਰ, ਹੋਆ, ਤਾਂ ਅਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ।' ਹੁਕਮ ਹੋਆ: 'ਨਾਨਕ! ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਉ।' ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬ ਮਿਹਰਵਾਨੁ ਹੋਆ: 'ਨਾਨਕ ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈਂ ਨਿਹਾਲੁ ਕੀਤੇ ਹੈਨ। ਤੂ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾਂ ਥੀ ਭੀ ਜਪਾਇ। ਅਰ ਸੰਸਾਰ ਥੀਂ ਨਿਰਲੇਪੁ

[53] ਪ੍ਰਤਾਪ ਸਿੰਘ, *ਉਹੀ,* ਪੰ. 28.

ਰਹੁ। ਨਾਮੁ, ਦਾਨੁ, ਇਸਨਾਨੁ, ਸੇਵਾ, ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਈ ਆਪਣਾ ਨਾਮ ਦੀਆ ਹੈ। ਤੂ ਏਹਾ ਕਿਰਤ ਕਰਿ'।"[54]

ਉਪਰੋਕਤ ਸਾਖੀ ਦੀ ਪੁਸ਼ਟੀ ਖ਼ੁਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਨੇਕਾਂ ਥਾਵਾਂ ਉੱਤੇ ਹੁੰਦੀ ਹੈ ਜਿਵੇਂ:

ਹਉ ਢਾਢੀ ਵੇਕਾਰ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰੁ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥...27॥

(ਵਾਰ ਮਾਝ, ਮ. 1, ਪਉੜੀ 27, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 150)

"ਨਾਨਕ ਜੋਤਿ ਦਾ ਇਹੀ ਇਲਾਹੀ ਕਰਮ, ਰੱਬੀ ਗਿਆਨ, ਦੈਵੀ ਅਨੁਭਵ, ਸ਼ਬਦ ਰੂਪ ਵਿਚ ਪ੍ਰਗਟ ਹੋਇਆ ਹੈ। ਇਨ੍ਹਾਂ ਅਰਥਾਂ ਵਿਚ ਨਾਮ, ਗੁਰੂ, ਬਾਣੀ ਸ਼ਬਦ ਇਸੇ ਦੈਵੀ ਗਿਆਨ ਲਈ ਪ੍ਰਾਯਾਵਾਚੀ ਸ਼ਬਦ ਹੀ ਹਨ।"[55] ਅਗਲੇ ਗੁਰਵਾਕ ਇਹੀ ਭਾਵ ਦਰਸਾਉਂਦੇ ਹਨ:

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥...2॥

(ਰਾਗੁ ਸੋਰਠਿ ਵਾਰ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 646)

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ॥23॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ॥24॥

(ਰਾਮਕਲੀ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 908)

ਗੁਰੂ ਸਾਹਿਬ ਨੇ ਸਤਿ ਦੇ ਅਨੁਭਵ ਨੂੰ ਸਾਰੀ ਲੋਕਾਈ ਅੰਦਰ ਪ੍ਰਚਾਰਿਆ। ਸਤਿ ਜਾਂ ਸ਼ਬਦ ਦਾ ਸੰਚਾਰ ਗੁਰੂ ਜੀ ਨੂੰ ਅਕਾਲ ਪੁਰਖ ਵਲੋਂ ਹੋਇਆ:

---

[54] ਭਾਈ ਵੀਰ ਸਿੰਘ, (ਸੰਪਾ.), *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016, ਪੰ. 39.

[55] ਦਰਸ਼ਨ ਸਿੰਘ, *ਉਪਰੋਕਤ,* ਪੰ. 92.

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥...1॥

(ਤਿਲੰਗ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 722)

ਭਾਵ ਗੁਰੂ ਜੀ ਨੇ ਆਪਣੇ ਕੋਲੋਂ ਕੁਝ ਨਹੀਂ ਕਿਹਾ ਸਭ ਹੁਕਮੀ ਪ੍ਰਭੂ ਦੇ ਹੁਕਮ ਅਨੁਸਾਰ ਕਿਹਾ ਹੈ ਵੇਖੋ:

ਹਉ ਆਪਹੁ ਬੋਲਿ ਨ ਜਾਣਦਾ

ਮੈ ਕਹਿਆ ਸਭੁ ਹੁਕਮਾਉ ਜੀਉ॥...3॥

(ਸੂਹੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 763)

ਸਿੱਖ ਲਈ ਬਾਣੀ ਗੁਰੂ ਅਤੇ ਗੁਰੂ ਬਾਣੀ ਹੈ। ਇਸ ਵਿਚ ਸਾਰੇ ਅੰਮ੍ਰਿਤ ਹਨ। ਕਿਉਂ ਕਿ ਇਹ ਬਾਣੀ ਧੁਰੋਂ ਆਈ ਹੈ:

ਧੁਰ ਕੀ ਬਾਣੀ ਆਈ॥

ਤਿਨਿ ਸਗਲੀ ਚਿੰਤ ਮਿਟਾਈ॥...2॥13॥77॥

(ਸੋਰਠਿ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 628)

ਸਿੱਖਮਤਿ ਵਿਚ ਧਾਰਮਿਕ ਅਨੁਭਵ ਨੂੰ ਆਤਮਾ ਦੇ ਪਰਮਾਤਮਾ ਨਾਲ ਮੇਲ ਦੇ ਸੰਦਰਭ ਵਿਚ ਸਮਝਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭ੍ਹਾ ਆਤਮਾ ਦੇ ਅਰਥ ਇੰਜ ਕਰਦੇ ਹਨ, "ਜਿਸ ਦੁਆਰਾ ਜਾਣੀਏ, ਗਯਾਨ ਦਾ ਆਧਾਰ ਰੂਪ ਅਥਵਾ - ਜਿਸ ਨੂੰ ਗੁਰਉਪਦੇਸ਼ ਅਤੇ ਉੱਤਮ ਗ੍ਰੰਥਾਂ ਤੋਂ ਜਾਣੀਏ, ਜੀਵਾਤਮਾ ਰੂਹ ਇਹ ਪ੍ਰਾਣੀਆਂ ਵਿਚ ਤਤ੍ਵ ਹੈ, ਜੋ ਅਨੇਕ ਚੇਸਟਾ ਦਾ ਕਾਰਣ ਹੈ, ਮਨੁੱਖਾਂ ਵਿਚ ਇਹ ਉਹ ਹਸਤੀ ਹੈ ਜਿਸ ਤੋਂ ਮੈਂ ਮੇਰੀ ਦਾ ਬੋਧ ਹੁੰਦਾ ਹੈ, ਕਿਸੇ ਨੇ ਇਸ ਦਾ ਨਿਵਾਸ ਰਿਦੇ ਵਿਚ ਕਿਸੇ ਨੇ ਦਿਮਾਗ ਵਿਚ ਅਤੇ ਕਿਸੇ ਨੇ ਸਰਵਾਂਗ ਪੂਰਣ ਮੰਨਿਆ ਹੈ।"[56]

ਵਜ਼ੀਰ ਸਿੰਘ ਅਨੁਸਾਰ, "ਜਿਨ੍ਹਾਂ ਸਾਧਕਾਂ, ਭਗਤਾਂ, ਮਹਾਂਪੁਰਖਾਂ ਨੇ ਦਿੱਬ-ਦ੍ਰਿਸ਼ਟੀ ਵਿਕਸਿਤ ਕਰ ਲਈ ਹੈ, ਉਨ੍ਹਾਂ ਨੂੰ ਆਤਮਾ-ਪਰਮਾਤਮਾ ਦੇ ਕੇਵਲ ਦਰਸ਼ਨ ਹੀ ਨਹੀਂ, ਉਸ ਦੀ 'ਛੋਹ' ਦਾ ਅਨੁਭਵ ਵੀ ਹੁੰਦਾ ਹੈ; ਉਹ ਉਸ ਦਾ 'ਨਾਦ' ਵੀ ਸੁਣਦੇ ਹਨ, ਸੁਆਦ ਵੀ ਮਾਣਦੇ ਹਨ। ਉਨ੍ਹਾਂ ਨੂੰ ਵਿਸਮਾਦੀ ਝਰਨਾਟ ਦਾ

[56] ਭਾਈ ਕਾਨ੍ਹ ਸਿੰਘ ਨਾਭ੍ਹਾ, *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1981, ਪੰ. 98.

ਅਨੁਭਵ ਹੁੰਦਾ ਹੈ। ਜਿਸ ਬਾਰੇ ਅਧਿਆਤਮਿਕ ਬਿਰਤੀ ਵਾਲੇ ਕਵੀਆਂ, ਸੰਤਾਂ, ਸਿੱਧ ਪੁਰਸ਼ਾਂ ਨੇ ਸਾਖੀ ਭਰੀ ਹੈ।"[57]

ਆਤਮਾ ਤੇ ਪਰਮਾਤਮਾ ਵਿਚ ਅੰਤਰ ਸਿਰਫ਼ ਹਉਮੈ ਦੀ ਕਾਈ (ਖਾਈ) ਕਰਕੇ ਹੀ ਹੈ। ਤੀਜੇ ਗੁਰੂ ਅਮਰਦਾਸ ਜੀ ਕਹਿੰਦੇ ਹਨ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥...5॥

(ਆਸਾ, ਮ. 3, ਛੰਤ ਘਰੁ 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 441)

ਭਾਵ ਮੂਲ ਨੂੰ ਪਛਾਣ ਕੇ ਉਸ ਵਿਚ ਅਭੇਦ ਹੋਇਆ ਜਾ ਸਕਦਾ ਹੈ। ਪਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਜੇਕਰ ਉਹ ਪਰਮ ਆਤਮਾ ਮਨੁੱਖੀ ਆਤਮਾ ਦੀ ਪਹੁੰਚ ਅਤੇ ਅਨੁਭਵ ਅਤੀਤ, ਨਾ ਜਾਣਨ ਯੋਗ ਹੁੰਦੀ ਤਾਂ ਕਦੇ ਵੀ ਉਸ ਨੂੰ ਜਾਨਣਾ ਅਨੁਭਵ ਕਰਨਾ ਅਤੇ ਉਸ ਵਿਚ ਅਭੇਦ ਹੋਣਾ ਸੰਭਵ ਨਾ ਹੁੰਦਾ। ਆਤਮਾ ਪਰਮਾਤਮਾ ਦੀ ਜੋਤਿ ਹੈ:

ਸਭਿ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥...3॥

(ਰਾਗੁ ਧਨਾਸਰੀ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 13)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥...2॥

(ਧਨਾਸਰੀ ਬਾਣੀ ਭਗਤਾਂ ਕੀ, ਪੀਪਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 695)

ਆਤਮਾ ਤੇ ਮਨ ਵਿਚ ਭੇਦ ਨਹੀਂ ਹੈ। ਸਰਦੂਲ ਸਿੰਘ ਕਵੀਸ਼ਰ ਅਨੁਸਾਰ, "ਇਹ ਤਾਂ ਠੀਕ ਹੈ ਕਿ ਮਨੁੱਖੀ ਮਨ ਅਥਵਾ ਮਨੁੱਖੀ ਆਤਮਾ ਬਾਰੇ ਮਾਨਸਿਕ ਵਿਦਿਆ ਤੇ ਧਰਮ ਦਾ ਦ੍ਰਿਸ਼ਟੀਕੋਣ ਇਕੋ ਨਹੀਂ ਪਰ ਇਥੇ ਅਸੀਂ ਇਹ ਦੱਸਣਾ ਹੈ ਕਿ ਜਿਵੇਂ ਮੌਜੂਦਾ ਮਾਨਸਿਕ ਵਿਦਿਆ ਮਨੁੱਖੀ ਮਨ ਤੇ ਆਤਮਾ ਨੂੰ ਇਕੋ ਕੁਝ ਗਿਣਦੀ ਹੈ ਤਿਵੇਂ ਸਾਹਿਬਾਂ ਨੇ ਮਨੁੱਖੀ ਮਨ ਤੇ ਆਤਮਾ ਨੂੰ ਇਕੋ ਗਿਣਿਆ ਹੈ। 'ਆਤਮਾ' ਸੰਸਕ੍ਰਿਤੀ ਸ਼ਬਦ 'ਆਤਮਨ' ਤੋਂ ਨਿਕਲਿਆ ਹੈ, ਤੇ mind ਲਈ 'ਮਨ' ਦਾ ਸ਼ਬਦ ਹੈ ਜੋ 'ਮਨਸ' ਤੋਂ ਨਿਕਲਿਆ ਹੈ, ਕਿਤੇ ਕਿਤੇ ਚਿਤ ਅਥਵਾ ਹਿਰਦਾ ਸ਼ਬਦ ਵੀ ਮਨ ਲਈ ਵਰਤਿਆ ਗਿਆ ਹੈ। ਲਗਭਗ ਸਭ ਆਰੀਅਨ ਭਾਖਾਂ

[57] ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ (ਭਾਗ ਦੂਜਾ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰ. 8.

ਵਿਚ ਹਿਰਦੇ ਤੇ ਮਨ ਨੂੰ ਇਕੋ ਅਰਥਾਂ ਵਿਚ ਵਰਤਿਆ ਗਿਆ ਹੈ, ਕਿਉਂਕਿ ਕਿਸ ਸਮੇਂ ਹਿਰਦਾ ਹੀ ਆਤਮਾ ਦਾ ਸਥਾਨ ਸਮਝਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਆਤਮਾ ਤੇ ਮਨ ਨੂੰ ਇਕੋ ਅਰਥਾਂ ਵਿਚ ਵਰਤਿਆ ਗਿਆ ਹੈ।"[58] ਸ੍ਰੀ ਗੁਰੂ ਅਰਜਨ ਦੇਵ ਜੀ ਆਤਮਾ ਦੇ ਸਰੂਪ ਬਾਰੇ ਆਪਣਾ ਅਨੁਭਵ ਦੱਸਦੇ ਹਨ:

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥1॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ। ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥2॥
ਨਾ ਇਸੁ ਬਾਪੁ ਨਹੀ ਇਸੁ ਮਾਇਆ। ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੁੰਨ ਕਾ ਇਸੁ ਲੇਪੁ ਨਾ ਲਾਗੈ। ਘਟ ਘਟ ਅੰਤਰਿ ਸਦ ਹੀ ਜਾਗੈ॥3॥

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 868)

ਇਸ ਉਪਰੋਕਤ ਗੁਰਵਾਕ ਰਾਹੀਂ ਗੁਰੂ ਸਾਹਿਬ ਨੇ ਹੈਰਾਨੀ ਭਰੀ ਗੱਲ ਦੱਸੀ ਹੈ ਕਿ ਆਤਮਾ ਪਾਰਬ੍ਰਹਮ ਪਰਮੇਸ਼ਵਰ ਦਾ ਰੂਪ ਹੀ ਹੈ। ਇਸ ਪੂਰੇ ਵਾਕ ਦੇ ਅਰਥ ਸਰਲ ਹੋਣ ਕਰਕੇ ਬਹੁਤਾ ਵਿਸਥਾਰ ਵਿਚ ਜਾਣ ਦੀ ਇੱਥੇ ਲੋੜ ਨਹੀਂ ਹੈ। ਜਦੋਂ ਜੋਤਿ ਸਰੂਪੀ ਮਨ ਆਪਣਾ ਮੂਲ ਪਛਾਣਦਾ ਹੈ ਤਾਂ ਉਸ ਨੂੰ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ। ਇਹ ਮਨ ਈਸ਼ਵਰ ਦੀ ਉਸਾਰੂ ਸ਼ਕਤੀ ਹੈ ਤੇ ਵਿਨਾਸ਼ ਕਰਨ ਵਾਲੀ ਸ਼ਕਤੀ ਵੀ ਹੈ। ਇਹ ਮਨ ਪੰਜ ਤੱਤਾਂ ਦਾ ਬਣਿਆ ਜੀਵ ਹੈ। ਭਗਤ ਕਬੀਰ ਜੀ ਅਨੁਸਾਰ ਜਦੋਂ ਇਹ ਮਨ ਉੱਚੀ ਗਿਆਨ ਅਵਸਥਾ ਵਿਚ ਜਾਂ ਟਿਕੇ ਤਾਂ ਤਿੰਨਾਂ ਲੋਕਾਂ ਦੇ ਰਹੱਸ ਦੱਸ ਸਕਦਾ ਹੈ:

ਇਹੁ ਮਨੁ ਸਕਤੀ ਇਹੁ ਮਨੁ ਸੀਉ॥
ਇਹੁ ਮਨੁ ਪੰਚ ਤਤ ਕੋ ਜੀਉ॥
ਇਹੁ ਮਨੁ ਲੇ ਜਉ ਉਨਮਨਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥33॥

(ਰਾਗੁ ਗਉੜੀ ਪੂਰਬੀ, ਬਾਵਨ ਅਖਰੀ ਕਬੀਰ ਜੀਉ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 342)

---

58 ਸਰਦੂਲ ਸਿੰਘ ਕਵੀਸ਼ਰ, *ਉਹੀ,* ਪੰ. 200.

ਆਤਮਾ ਤੇ ਪਰਮਾਤਮਾ ਦੀ ਇਕਸੁਰਤਾ ਜਾਂ ਸੁਮੇਲ ਕੇਵਲ ਅਨੁਮਾਨ ਦਾ ਵਿਸ਼ਾ ਨਹੀਂ ਹੈ। ਧਾਰਮਿਕ ਅਨੁਭਵ ਵੇਲੇ ਆਤਮਾ ਤੇ ਪਰਮਾਤਮਾ ਵਿਚਲੀ ਕੰਧ ਟੁੱਟ ਜਾਂਦੀ ਹੈ। ਇਸ ਉੱਚ ਆਤਮਿਕ ਅਵਸਥਾ ਦੇ ਪਲਾਂ ਵਿਚ ਆਤਮਾ ਨੂੰ ਸਿਰਫ਼ ਆਪਣੀ ਸੱਤਾ ਜਾਂ ਹੋਂਦ ਦਾ ਹੀ ਨਹੀਂ, ਸਗੋਂ ਇੱਕ ਸਰਵ-ਵਿਆਪਕ ਪਰਮ-ਆਤਮਾ ਦਾ ਵੀ ਗਿਆਨ ਹੁੰਦਾ ਹੈ, ਜਿਸਦਾ ਕਿ ਉਹ ਪ੍ਰਤਿਬਿੰਬ ਹੈ। ਇਹ ਕੋਈ ਮਨ ਜਾਂ ਦਿਲ ਦਾ ਉਬਾਲ ਨਹੀਂ। ਧਾਰਮਿਕ ਅਨੁਭਵ ਦਾ ਅਰਥ ਹੈ ਆਤਮਾ ਦੀ ਪਰਮਾਤਮਾ ਵਿਚ ਲੀਨਤਾ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

ਕਨਕ ਕਟਿਕ ਜਲ ਤਰੰਗ ਜੈਸਾ॥1॥

(ਸਿਰੀਰਾਗੁ, ਰਵਿਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 93)

ਭਾਵ ਤੇਰੇ ਮੇਰੇ ਵਿਚ ਮੇਰੇ ਤੇਰੇ ਵਿਚ ਕੀ ਭਿੰਨ-ਭੇਦ (ਅੰਤਰ) ਹੈ, ਉਹੋ ਜੋ ਸੋਨੇ ਤੇ ਸੋਨੇ ਦੇ ਕੜੇ ਵਿਚ ਜਾਂ ਪਾਣੀ ਤੇ ਪਾਣੀ ਦੀ ਲਹਿਰ ਵਿਚ। ਅਜਿਹੇ ਪਰਮ ਜੋਤਿ ਨਾਲ ਅਭੇਦ ਹੋਏ ਜੀਵਨ ਮੁਕਤ ਜੋ ਪਰਮਾਤਮਾ ਵਿਚੋਂ ਲੀਨ ਹੁੰਦੇ ਹਨ, ਆਪਣਾ ਨਿੱਜ ਆਪਾ ਮਾਰ ਦਿੰਦੇ ਹਨ। ਉਹ ਸੁਆਰਥ ਲਈ ਨਹੀਂ ਪਰਉਪਕਾਰ (ਪਰ ਸੁਆਰਥ) ਲਈ ਜੀਵਨ ਬਤੀਤ ਕਰਦੇ ਹਨ। ਅਜਿਹੇ ਜੀਵਨ ਮੁਕਤ ਅਕਾਲ ਪੁਰਖ ਵਿਚ ਲੀਨ ਹੋ ਕੇ ਜੀਵਨ ਬਤੀਤ ਕਰਦੇ ਹਨ। ਇਹਨਾਂ ਦੀ ਤਾਂ ਇਹ ਦਸ਼ਾ ਹੁੰਦੀ ਹੈ:

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥

ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥1॥

(ਵਾਰ ਮਾਝ, ਸਲੋਕੁ ਮ. 2, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 139)

ਭਗਤ ਰਵਿਦਾਸ ਜੀ ਆਪਣਾ ਅਨੁਭਵ ਦੱਸਦੇ ਹਨ ਕਿ ਪਰਮਾਤਮਾ, ਜਦ ਮੇਰੇ ਵਿਚ ਹਉਮੈ ਸੀ, ਤਾਂ ਤੂੰ ਮੇਰੇ ਅੰਦਰ ਪ੍ਰਤੀਤ ਨਹੀਂ ਹੁੰਦਾ ਸੀ ਤੇ ਹੁਣ ਜਦ ਤੂੰ ਅੰਦਰ ਵੱਸਦਾ ਹੈ ਤਾਂ ਹਉਮੈ ਨਹੀਂ ਰਹੀ। ਜਿਵੇਂ ਸਮੁੰਦਰ ਵਿਚ ਹਵਾ ਲਹਿਰਾਂ ਪੈਦਾ ਕਰਦੀ ਹੈ, ਪਰ ਲਹਿਰਾਂ ਦਾ ਪਾਣੀ ਤੇ ਸਮੁੰਦਰ ਦਾ ਪਾਣੀ ਇਕੋ ਕੁਝ ਹੈ।

ਹੇ ਪਰਮਾਤਮਾ, ਜਿਵੇਂ ਚੀਜ਼ਾਂ ਨੂੰ ਖਿਆਲ ਕਰੀਦਾ ਹੈ, ਅਸਲ ਵਿਚ ਉਸ ਤਰ੍ਹਾਂ ਨਹੀਂ ਹੁੰਦਾ, ਭਰਮ ਅਜਿਹੀ ਚੀਜ਼ ਹੈ:

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥...

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥

ਜੈਸਾ ਮਾਨੀਐ ਹੋਇ ਨ ਤੈਸਾ॥1॥

(ਰਾਗੁ ਸੋਰਠਿ, ਬਾਣੀ ਭਗਤ ਰਵਿਦਾਸ ਜੀ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 657)

"ਕਿਸੇ ਜਜ਼ਬੇ ਕਿਸੇ ਅਹਿਸਾਸ ਦਾ ਗਿਆਨ ਹੋਣਾ ਕਿ ਮਾਨੋ ਅਸੀਂ ਉਹਨੂੰ ਸਾਹਮਣੇ ਬਾਹਰਵਾਰ ਵੇਖ ਰਹੇ ਹਾਂ, ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਆਪ ਉਸ ਜਜ਼ਬੇ ਨੂੰ ਵਾਰ ਵਾਰ ਮਹਿਸੂਸ ਕੀਤਾ ਹੋਵੇ ਤੇ ਇਸ ਪ੍ਰਕਾਰ ਸਾਨੂੰ ਬਾਹਰ ਦਾ ਕਿਸੇ ਵਸਤੂ ਵਾਂਗ ਉਸਨੂੰ ਵੇਖਣ ਭਾਲਣ, ਜਾਣਨ ਦਾ ਮੌਕਾ ਮਿਲਿਆ ਹੋਵੇ, ਜਾਂ ਇਹ ਵੀ ਹੋ ਸਕਦਾ ਹੈ ਕਿ ਕਈ ਆਦਮੀਆਂ ਨੂੰ ਇਹੋ ਜਿਹੀ ਦਸ਼ਾ, ਇਸ ਪ੍ਰਕਾਰ ਦੀ ਅਵਸਥਾ ਵਾਪਰੀ ਹੋਵੇ ਤੇ ਉਨ੍ਹਾਂ ਨੂੰ ਇਹ ਇਹਸਾਸ ਇਵੇਂ ਜਿਵੇਂ ਕਿ ਮਾਨੋ ਕੋਈ ਬਾਹਰ ਪ੍ਰਤੱਖ ਦਿਸਦੀ, ਵੱਖਰੀ ਦੀ ਵੱਖਰੀ ਵਸਤੂ ਹੈ, ਕਥਨ ਕਰਨ ਦਾ, ਦਰਸਾਣ ਦਾ ਮੌਕਾ ਮਿਲਿਆ ਹੋਵੇ। ਚੂੰਕਿ ਅਕਾਲ ਪੁਰਖ ਨਾਲ ਅਭੇਦਤਾ ਦਾ ਤਜ਼ਰਬਾ ਆਮ ਨਹੀਂ, ਇਸ ਲਈ ਇਸ ਨੂੰ ਪ੍ਰਤੱਖ ਦਿਸਦੀ ਵਸਤੂ ਵਾਂਗ ਕਥਨ ਕਰਨਾ ਕਠਿਨ ਹੈ। ਮਨੁੱਖੀ ਭਾਸ਼ਾ ਅਜੇ ਇੰਨੀ ਉੱਨਤ ਨਹੀਂ ਕਿ ਇਸ ਪਰਤਾਵੇ ਨੂੰ ਵਿਸ਼ੇਸ਼ ਅੱਖਰਾਂ ਜਾਂ ਚਿੰਨ੍ਹਾਂ ਦੁਆਰਾ ਵਰਨਣ ਕਰ ਸਕੇ, ਕਿਉਂਕਿ ਟਾਂਵੇ-ਟਾਂਵੇ ਵਿਰਲੇ ਮਨੁੱਖਾਂ ਤੇ ਹੀ ਇਹ ਦਸ਼ਾ ਵਾਪਰੀ ਹੈ।"[59]

"ਪਰਮਾਤਮਾ ਤੇ ਉਸ ਦੇ ਅਨੇਕ ਰੰਗਾਂ ਕ੍ਰਿਸ਼ਮਿਆਂ ਬਾਬਤ ਜੋ ਵੀ ਵਿਸ਼ੇਸ਼ ਗਿਆਨ ਸਾਨੂੰ ਹੈ, ਉਹ ਉਹਨਾਂ ਮਹਾਤਮਾਂ ਦੇ ਰਾਹੀਂ ਪ੍ਰਾਪਤ ਹੋਇਆ ਹੈ ਜੋ ਅਕਾਲ ਪੁਰਖ ਨਾਲ ਅਭੇਦ ਸਨ। ਉਹਨਾਂ ਦਾ ਕਥਨ ਹੈ ਕਿ ਇਨਸਾਨ ਨੂੰ ਇਸ ਤੋਂ ਵੱਧ ਪਤਾ ਨਹੀਂ ਲੱਗ ਸਕਦਾ ਕਿ ਉਹ ਅਕਾਲ ਪੁਰਖ ਵਿੱਚੋਂ ਉਪਜਿਆ ਹੈ ਤੇ ਉਸ ਦੀ ਮਿਹਰ ਦੁਆਰਾ ਮੁੜ ਉਸ ਵਿਚ ਸਮਾਏਗਾ।"[60]

**ਧਾਰਮਿਕ ਅਨੁਭਵ ਦਾ ਪ੍ਰਗਟਾਅ** : ਆਮ ਲੋਕਾਂ ਅਤੇ ਮਹਾਂਪੁਰਸ਼ਾਂ ਦੇ ਧਾਰਮਿਕ ਅਨੁਭਵ ਦੇ ਪ੍ਰਗਟਾਅ ਵਿਚ ਫਰਕ ਹੁੰਦਾ ਹੈ। ਉੱਚ ਅਵਸਥਾ ਤਕ ਪਹੁੰਚਣ ਵਾਲੇ ਮਹਾਂਪੁਰਸ਼ਾਂ ਦਾ ਅਨੁਭਵ ਅਜੀਬ ਤੇ ਨਿਰਾਲਾ

---

[59] *ਉਹੀ,* ਪੰ. 309.

[60] *ਉਹੀ,* ਪੰ. 308.

ਹੁੰਦਾ ਹੈ ਜਦੋਂ ਕਿ ਆਮ ਲੋਕ ਉਸ ਅਨੁਭਵ ਦੇ ਸਹਾਰੇ ਆਪਣੀਆਂ ਰੂਹਾਨੀ ਇੱਛਾਵਾਂ ਦੀ ਪੂਰਤੀ ਲਈ ਇੱਛਾਵਾਂ ਰੱਖਦੇ ਹਨ। ਧਾਰਮਿਕ ਅਨੁਭਵ ਦਾ ਪ੍ਰਗਟਾਵਾ ਮੁੱਖ ਤੌਰ ਤੇ ਦੋ ਤਰ੍ਹਾਂ ਨਾਲ ਹੋ ਸਕਦਾ ਹੈ:

**ੳ. ਸਿਧਾਂਤਕ ਪ੍ਰਗਟਾਵਾ (Theoretical Expression)**

**ਅ. ਵਿਵਹਾਰਕ ਜਾਂ ਅਮਲੀ ਪ੍ਰਗਟਾਵਾ (Practical Expression)**

**ੳ ਸਿਧਾਂਤਕ ਪ੍ਰਗਟਾਵਾ** : ਸੰਤ, ਮਹਾਂਪੁਰਸ਼ਾਂ, ਗੁਰੂਆਂ, ਪੀਰਾਂ ਤੇ ਪੈਗੰਬਰਾਂ ਨੂੰ ਜੋ ਧਾਰਮਿਕ ਅਨੁਭਵ ਹੁੰਦਾ ਹੈ ਉਸ ਦਾ ਪ੍ਰਗਟਾਵਾ ਉਹ ਸ਼ਬਦਾਂ ਰਾਹੀਂ, ਭਾਵ ਕਿਸੇ ਬਚਨ ਜਾਂ ਵਾਕ ਰਾਹੀਂ ਕਰਦੇ ਹਨ।

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥...1॥

(ਸਲੋਕੁ ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 647)

ਧਾਰਮਿਕ ਅਨੁਭਵ ਭਾਵੇਂ ਰੱਬੀ ਮਿਹਰ, ਭਗਤੀ, ਕਠਿਨ ਸਾਧਨਾਂ ਆਦਿ ਰਾਹੀਂ ਪ੍ਰਾਪਤ ਹੋਵੇ ਪਰ ਉਸ ਨੂੰ ਬਿਆਨ ਕਰਨ ਲਈ ਭਾਸ਼ਾ ਦਾ ਸਹਾਰਾ ਲਿਆ ਜਾਂਦਾ ਹੈ। ਅਨੁਭਵ ਦੇ ਪ੍ਰਗਟਾਵੇ ਲਈ ਮਨੁੱਖ ਭਾਸ਼ਾ ਵਿਚ ਹੀ ਸੋਚਦਾ ਹੈ ਅਤੇ ਭਾਸ਼ਾ ਰਾਹੀਂ ਹੀ ਇਸਨੂੰ ਪ੍ਰਗਟਾਉਂਦਾ ਹੈ। ਪਰੰਤੂ ਧਾਰਮਿਕ ਅਨੁਭਵ ਜੋ ਅਸੀਮ ਸੱਤਾ ਸੰਬੰਧੀ ਹੁੰਦਾ ਹੈ ਉਸ ਨੂੰ ਮਨੁੱਖੀ ਭਾਸ਼ਾ ਵਿਚ ਪ੍ਰਗਟਾਉਣਾ ਵੀ ਅਸਮਰੱਥ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਕਈ ਵਾਰੀ ਇਸ ਰਹੱਸਮਈ ਭਾਸ਼ਾ ਵਿਚ ਵਿਰੋਧਾਭਾਸੀ ਅਵਸਥਾ (paradoxical situation) ਵੇਖਣ ਨੂੰ ਮਿਲਦੀ ਹੈ:

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥

(ਰਾਗੁ ਧਨਾਸਰੀ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 13)

ਕਿਉਂਕਿ ਇਸਦਾ ਵਰਨਣ ਕਰਨ ਲਈ ਆਲੇ-ਦੁਆਲੇ ਦੇ ਸੱਭਿਆਚਾਰ, ਸੰਸਕ੍ਰਿਤੀ ਵਿਚੋਂ ਪ੍ਰਤੀਕ ਤੇ ਬਿੰਬ ਵਰਤੇ ਜਾਂਦੇ ਹਨ। ਇਸ ਅਨੁਭਵ ਨੂੰ ਪ੍ਰਗਟਾਉਣ ਲਈ ਰਚੀ ਗਈ ਬਾਣੀ ਨੂੰ ਇਕੱਠੀ ਕਰਕੇ ਕਈ ਵਾਰੀ ਮਹਾਂਪੁਰਸ਼ ਆਪ ਤਰਤੀਬ ਦੇ ਦਿੰਦੇ ਜਾਂ ਕਈ ਵਾਰੀ ਮਗਰੋਂ ਉਹਨਾਂ ਦੇ ਅਨੁਯਾਈ ਸੰਭਾਲ ਕੇ ਧਰਮ ਗ੍ਰੰਥ ਦੇ ਰੂਪ ਵਿਚ ਇਕੱਠੀ ਕਰ ਲੈਂਦੇ ਹਨ।

ਇਨ੍ਹਾਂ ਵਿਚੋਂ ਪਹਿਲੀ ਪ੍ਰਕਾਰ ਦੇ ਧਰਮ ਗ੍ਰੰਥਾਂ ਵਿਚ ਅਸੀਂ 'ਗੁਰੂ ਗ੍ਰੰਥ ਸਾਹਿਬ' ਅਤੇ 'ਕੁਰਾਨ' ਦਾ ਨਾਮ ਗਿਣਾ ਸਕਦੇ ਹਾਂ ਜਿਨ੍ਹਾਂ ਵਿਚ ਬਹੁਤ ਸਮੱਗਰੀ ਗੁਰੂ ਸਾਹਿਬਾਨ ਤੇ ਪੈਗੰਬਰ ਨੂੰ ਪ੍ਰਾਪਤ ਮੂਲ ਬਾਣੀ

ਹੀ ਸ਼ਾਮਿਲ ਹੈ। ਦੂਜੀ ਪ੍ਰਕਾਰ ਦੇ ਧਰਮ ਗ੍ਰੰਥਾਂ ਵਿਚ ਅਸੀਂ 'ਪੁਰਾਤਨ ਨੇਮ' (Old Testament) ਬਾਈਬਲ, ਵੇਦ, ਬੁੱਧਮਤਿ ਦੇ ਮੂਲ ਤਿੰਨ ਗ੍ਰੰਥਾਂ ਦੇ ਨਾਮ ਗਿਣਾ ਸਕਦੇ ਹਾਂ।[61] ਇਨ੍ਹਾਂ ਧਰਮ ਗ੍ਰੰਥਾਂ ਵਿਚਲੇ ਮੂਲ ਅਨੁਭਵ ਦੇ ਆਧਾਰ ਤੇ ਸਿਧਾਂਤ ਘੜ ਲਏ ਜਾਂਦੇ ਹਨ ਅਤੇ ਮਗਰੋਂ ਧਰਮ ਦੇ ਅਨੁਯਾਈ ਉਸੇ ਮੂਲ ਸਿਧਾਂਤਕ ਪ੍ਰਗਟਾਵੇ ਦੀ ਪ੍ਰਾਪਤੀ ਲਈ ਯਤਨ ਕਰਦੇ ਰਹਿੰਦੇ ਹਨ।

ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਉੱਚ ਅਵਸਥਾ ਕਾਰਨ ਪਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨਿਆ। ਗੁਰੂ ਜੀ ਨਿਡਰਤਾ ਸਹਿਤ ਤੱਤੀ ਤਵੀ ਉੱਤੇ ਅਡੋਲ ਬੈਠ ਗਏ ਅਤੇ ਅਨੇਕਾਂ ਕਸ਼ਟਾਂ, ਤਸੀਹਿਆਂ ਨੂੰ ਝੱਲਦਿਆਂ ਸ਼ਹੀਦੀ ਪ੍ਰਾਪਤ ਕੀਤੀ। ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਨੇ ਮੁਗ਼ਲ ਸਮਰਾਟ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਵਿਰੁੱਧ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪ ਪਹੁੰਚ ਕੇ ਸੀਸ ਕਟਵਾਉਣ ਉਪਰੰਤ ਸ਼ਹੀਦੀ ਪ੍ਰਾਪਤ ਕੀਤੀ। ਆਪ ਦਾ ਫੁਰਮਾਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥...16॥

(ਸਲੋਕ ਮ. 9, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1427)

ਇਹ ਫੁਰਮਾਨ ਸਾਰੀ ਮਨੁੱਖਤਾ ਵਾਸਤੇ ਸੱਚੀ ਆਜ਼ਾਦੀ ਦਾ ਸੁਨੇਹਾ ਅਤੇ ਪਰਾਈ ਆਜ਼ਾਦੀ ਦੇ ਹੱਕ ਦੀ ਗਵਾਹੀ ਹੈ।[62] ਇਹੀ ਕਾਰਨ ਹੈ ਕਿ ਜਦੋਂ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਿਆ ਜਾ ਰਿਹਾ ਸੀ ਤਾਂ ਵੀ ਆਪ ਉਸ ਬੰਦ-ਬੰਦ ਕੱਟਣ ਵਾਲੇ ਜਲਾਦ ਨੂੰ ਮਿਹਰ ਭਰੀ ਨਜ਼ਰ ਨਾਲ ਵੇਖ ਰਹੇ ਸਨ। ਆਪ ਦੇ ਰੋਮ ਰੋਮ ਵਿਚੋਂ ਵਾਹਿਗੁਰੂ ਦੀ ਝਰਨਾਹਟ ਛਿੜ ਪਈ ਸੀ। ਭਗਤ ਕਬੀਰ ਜੀ ਇਸ ਅਨੁਭਵ ਵਿਚ ਰੰਗੇ ਹੋਏ ਕਹਿੰਦੇ ਹਨ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥22॥

(ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1365)

---

[61] ਦਰਸ਼ਨ ਸਿੰਘ, *ਉਹੀ*, ਪੰ. 90.

[62] ਅਵਤਾਰ ਸਿੰਘ, ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਡਾ. ਬਲਕਾਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰ. 26.

ਧਾਰਮਿਕ ਅਨੁਭਵ ਦੀ ਪ੍ਰਾਪਤੀ ਪਿੱਛੋਂ ਵਿਅਕਤੀ ਇਕੱਲਾ ਤੇ ਆਪਣੇ ਆਪ ਜੋਗਾ ਹੀ ਨਹੀਂ ਰਹਿ ਜਾਂਦਾ। ਇਹ ਕੋਈ ਅਜਿਹਾ ਗਿਆਨ ਪ੍ਰਾਪਤ ਕਰਨਾ ਨਹੀਂ ਜਿਸ ਨਾਲ ਵਿਅਕਤੀ ਆਪਣਾ ਹੀ ਭਲਾ ਲੋੜੇ ਤੇ ਆਤਮ-ਕੇਂਦਰਿਤ ਹੋ ਕੇ ਰਹਿ ਜਾਵੇ। ਸਗੋਂ ਉਹ ਤਾਂ ਉਸ ਗਿਆਨ ਰਾਹੀਂ ਲੋਕਾਂ ਨੂੰ ਸੁਧਾਰਨ ਲਈ ਲੋਕ ਭਲਾਈ, ਪਰਉਪਕਾਰ ਦਾ ਰਸਤਾ ਅਖਤਿਆਰ ਕਰਦਾ ਹੈ। ਧਾਰਮਿਕ ਅਨੁਭਵ ਰਾਹੀਂ ਵਿਅਕਤੀ ਦਾ ਅੰਦਰਲਾ ਆਪ ਨੂਰੋ ਨੂਰ ਹੋ ਜਾਂਦਾ ਹੈ। ਉਹ ਸਮਾਜ ਵਿਚ ਹੋਣ ਵਾਲੇ ਅਨਿਆਂ, ਜ਼ੁਲਮ ਤੋਂ ਅੱਖਾਂ ਨਹੀਂ ਮੀਟ ਲੈਂਦਾ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਮਨਾਬਾਦ ਵਿਖੇ ਬਾਬਰ ਦੇ ਹਮਲੇ ਦੀ ਲੁੱਟ-ਖਸੁੱਟ ਤੇ ਮਾਰਾਮਾਰੀ ਦੌਰਾਨ ਲੋਕ-ਦਰਦ ਵਿਚ ਭਿੱਜ ਕੇ ਪਰਮਾਤਮਾ ਨੂੰ ਇਸ ਦਰਦ ਭਰੀ ਕੂਕ ਰਾਹੀਂ ਸੰਬੋਧਨ ਕੀਤਾ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥1॥

(ਆਸਾ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 360)

"ਜਦ ਸਿੱਖ ਪਰਮਾਤਮਾ ਨਾਲ ਮੇਲ ਦਾ ਯਤਨ ਕਰਦਾ ਹੈ ਤਾਂ ਉਸ ਦਾ ਆਦਰਸ਼ ਤੇ ਪਰਮ ਪ੍ਰਯੋਜਨ ਇਹ ਨਹੀਂ ਹੁੰਦਾ ਕਿ ਕੇਵਲ ਵਿਸਮਾਦੀ ਆਨੰਦ ਪ੍ਰਾਪਤ ਹੋਵੇ ਜਾਂ ਯੋਗੀਆਂ ਵਾਲੀ ਸਮਾਧੀ ਲੱਗੀ ਰਹੇ। ਪਰਮਾਤਮਾ ਦੀ ਪ੍ਰਾਪਤੀ ਬਾਰੇ ਸਿੱਖ ਦਾ ਵਿਚਾਰ ਕੇਵਲ ਇਹ ਨਹੀਂ ਕਿ ਮਨ ਗੱਦ-ਗੱਦ ਹੋਵੇ, ਬਲਕਿ ਉਸ ਦਾ ਪ੍ਰਯੋਜਨ ਇਹ ਹੈ ਕਿ ਅਕਾਲ ਪੁਰਖ ਮਨੁੱਖ-ਮਾਤਰ ਵਿਚ ਤੇ ਸੰਸਾਰ ਵਿਚ ਵਿਆਪਿਆ ਦਿੱਸੇ। ਸਿੱਖ ਆਪਣਾ ਆਪਾ ਮੇਟ ਅੰਤਰ ਆਤਮੇ ਪਰਮਾਤਮਾ ਦੀ ਸ੍ਰਿਸ਼ਟੀ ਨਾਲ ਇਕ-ਮਿਕਤਾ ਦਾ ਸੰਬੰਧ ਮਹਿਸੂਸ ਕਰਦਾ ਹੈ। ਗੁਰੂ ਨਾਨਕ ਸਾਹਿਬ ਦੀ ਜੀਵਨ ਕਥਾ ਦੇ ਲਿਖਾਰੀਆਂ ਦਾ ਕਥਨ ਹੈ ਕਿ ਜਦ ਉਹਨਾਂ ਨੂੰ ਅਕਾਲ ਪੁਰਖ ਦੇ ਦਰਸ਼ਨ ਹੋਏ ਤਾਂ ਉਹਨਾਂ ਨੂੰ ਅਕਾਲ ਪੁਰਖ ਨੇ ਵਿਸ਼ੇਸ਼ ਸਿੱਖਿਆ ਇਹ ਦਿੱਤੀ ਕਿ ਇਸ ਪ੍ਰਕਾਰ ਦੀ ਵਿਸਮਾਦ ਸਮਾਧੀ ਨੂੰ ਤਿਆਗ ਕੇ ਜਗਤ ਵਿਚ ਇਸ ਮੱਤ ਦਾ ਪ੍ਰਚਾਰ ਕਰਨ ਕਿ ਅਕਾਲ ਪੁਰਖ ਜਗਤ ਦਾ ਪਰਮ-ਪਿਤਾ ਹੈ ਤੇ ਮਨੁੱਖ ਮਾਤਰ ਭਾਈ-ਭਾਈ ਹਨ, ਅਰਥਾਤ ਪ੍ਰੇਮ ਤੇ ਸੇਵਾ ਦੇ ਮੱਤ ਦਾ ਪ੍ਰਚਾਰ ਕਰਨਾ।"[63]

**ਅ. ਵਿਵਹਾਰਕ ਜਾਂ ਅਮਲੀ ਪ੍ਰਗਟਾਵਾ** : ਸਿਧਾਂਤਕ ਪ੍ਰਗਟਾਵਾ ਜਦੋਂ ਕਾਰਜ ਰੂਪ ਲੈਂਦਾ ਹੈ ਤਾਂ ਉਹ ਵਿਵਹਾਰਕ ਜਾਂ ਅਮਲੀ ਪ੍ਰਗਟਾਵਾ ਹੋ ਨਿਬੜਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਰਾਹੀਂ ਬਾਣੀ

---

[63] ਸਰਦੂਲ ਸਿੰਘ ਕਵੀਸ਼ਰ, *ਉਹੀ*, ਪੰ. 330.

ਅਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਆਖਰੀ ਦਿਨਾਂ ਵਿਚ ਕਰਤਾਰਪੁਰ ਵਿਖੇ ਖੇਤੀ ਕਰ ਕੇ ਵਿਖਾਈ। ਜਦੋਂ ਅਨੁਭਵੀ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਹ ਉਸ ਦਾ ਪ੍ਰਚਾਰ ਲੋਕ ਭਲਾਈ ਲਈ ਕਰਨਾ ਸ਼ੁਰੂ ਕਰਦਾ ਹੈ। ਸ਼ਬਦ ਰੂਪ ਵਿਚ ਅਧਿਆਤਮਿਕ ਅਨੁਭਵੀ ਦੁਆਰਾ ਪ੍ਰਗਟ ਕੀਤੀ ਗਈ ਵਿਚਾਰਧਾਰਾ ਨੂੰ ਪ੍ਰਮਾਣਿਕ ਬਣਾਉਣ ਤੇ ਪਹਿਰਾ ਦੇਣ ਲਈ ਸਭ ਤੋਂ ਪਹਿਲਾਂ ਸਾਧਕ ਕਰਮ ਦੇ ਵਿਵਹਾਰਕ ਰੂਪ ਨੂੰ ਪੇਸ਼ ਕਰਦਾ ਹੈ। ਇਸ ਕਰਕੇ ਮਹਾਂਪੁਰਖਾਂ ਦਾ ਸਮੁੱਚਾ ਜੀਵਨ ਉਸ ਪਰਾਲੌਕਿਕ ਜਗਤ ਦੇ ਅਲੌਕਿਕ ਵਿਸਮਾਦੀ ਮੰਡਲ ਨਾਲ ਤੇ ਇਸ ਲੌਕਿਕ ਜਗਤ ਦੇ ਅਸਤਿ ਨਾਲ ਇਕੋ ਵੇਲੇ ਜੁੜਿਆ ਹੁੰਦਾ ਹੈ। ਸਾਧਕ ਲੋਕਾਈ ਨੂੰ ਇਸ ਲੌਕਿਕ ਜਗਤ ਦੀ ਵਾਸਤਵਿਕਤਾ ਆਪਣੇ ਅਨੁਭਵ ਦੇ ਆਧਾਰ ਤੇ ਸਮਝਾਉਂਦਾ ਤੇ ਦ੍ਰਿੜ੍ਹਾਉਂਦਾ ਹੈ।

# ਅਧਿਆਇ - ਦੂਜਾ

# ਗੁਰੂ ਸਾਹਿਬ ਦਾ ਧਾਰਮਿਕ ਅਨੁਭਵ

**ਜਾਣ-ਪਛਾਣ:** ਇਸ ਅਧਿਆਇ ਵਿਚ ਅਸੀਂ ਸਿੱਖ ਗੁਰੂ ਸਾਹਿਬਾਨ ਦੇ ਧਾਰਮਿਕ ਅਨੁਭਵ ਦਾ ਵਿਵੇਚਨ ਕਰਾਂਗੇ। ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਸ਼ੁੱਧ, ਨਿਰੋਲ ਨਿੱਜੀ ਅਤੇ ਵਿਲੱਖਣ ਹੈ। ਇਸ ਨੂੰ ਕਿਸੇ ਧਰਮ ਪਰੰਪਰਾ ਦੀ ਨਕਲ, ਨਿਰੰਤਰਤਾ ਜਾਂ ਮੇਲ ਖਾਂਦਾ ਕਹਿਣਾ ਇਕ ਭੁਲੇਖਾ ਪਾਊ ਧਾਰਨਾ ਹੈ। ਗੁਰਮਤਿ ਵਿਚ ਕੁਦਰਤ ਅਤੇ ਬ੍ਰਹਿਮੰਡ ਦੇ ਅਣਗਿਣਤ ਪਸਾਰਾਂ, ਪਰਪੰਚਾਂ, ਪ੍ਰਗਟਾਵਿਆਂ ਅਤੇ ਵਰਤਾਰਿਆਂ ਨੂੰ ਵਿਸਮਾਦੀ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਅਜਿਹੀ ਦ੍ਰਿਸ਼ਟੀ ਵਿਚ ਪੇਖੇ ਅਤੇ ਅਨੁਭਵ ਕੀਤੇ ਯਥਾਰਥ ਨੂੰ ਕਿਸੇ ਤਰਕ ਜਾਂ ਬੌਧਿਕਤਾ ਦੀ ਮੁਹਤਾਜ਼ਗੀ ਨਹੀਂ ਹੈ। ਮਨੁੱਖੀ ਦ੍ਰਿਸ਼ਟੀ ਅਤੇ ਬੁੱਧੀ ਦੀ ਸੀਮਾ ਹੈ ਪਰ ਬ੍ਰਹਮ ਦੀ, ਉਸਦੀ ਕੁਦਰਤ ਦੀ ਕੋਈ ਸੀਮਾ ਨਹੀਂ ਹੈ। ਇਸੇ ਤਰ੍ਹਾਂ ਬ੍ਰਹਿਮੰਡ ਵੀ ਅਸੀਮ ਹੈ। ਗੁਰਬਾਣੀ ਨੇ ਅਕਾਲ ਪੁਰਖ ਭਾਵ ਅਤਿੰਮ ਸੱਚ ਨੂੰ ਕਿਸੇ ਤਰਕ, ਦਲੀਲਾਂ, ਸੰਕਲਪਾਂ ਦੇ ਚੌਖਟੇ ਵਿਚ ਬੰਨਣ ਜਾਂ ਸਮਝਣ ਦੇ ਦਾਵਿਆਂ ਦੀ ਨਿਖੇਧੀ ਕੀਤੀ ਹੈ।

ਸਿੱਖ ਦਾ ਅੰਤਿਮ ਮਨੋਰਥ ਪਰਮਾਤਮਾ ਨੂੰ ਮਿਲਣਾ ਹੈ। ਇਸ ਮੇਲ ਦੀਆਂ ਨਿਸ਼ਾਨੀਆਂ ਵਿਚ ਇਕ ਰੱਬ ਪ੍ਰਤੀ ਵਿਸ਼ਵਾਸ, ਸੱਚੇ ਪ੍ਰਭੂ ਦੇ ਹੁਕਮ ਦੀ ਪਛਾਣ, ਸਹਜ ਅਵਸਥਾ, ਸਦਾ ਸੰਤੋਖੀ ਰਹਿਣਾ, ਖਸਮ ਦੇ ਭਾਣੇ ਵਿਚ ਆਨੰਦਤ (ਖੁਸ਼) ਰਹਿਣਾ ਹੈ :

ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਿਜ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥3॥

(ਮਾਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 106)

ਇਹ ਸਹਿਜ ਅਵਸਥਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਪਰਮਾਤਮਾ ਦੀ ਹੋਂਦ ਤੇ ਜ਼ੋਰ ਦਿੱਤਾ ਹੈ ਜਿਸ ਨੂੰ ਉਹਨਾਂ ਨੇ '੧ਓ' ਆਖਿਆ ਹੈ। ਇਹ '੧ਓ' ਵਿੱਲਖਣ ਹੈ। ਇਸ ਨੂੰ ਅਮਰ, ਅਜੋਨੀ, ਜਾਤ-ਵਿਹੂਣ, ਅਗਮ, ਅਗੋਚਰ, ਰੂਪ ਅਤੇ ਰੇਖ ਰਹਿਤ ਕਿਹਾ ਹੈ। ਫਿਰ ਵੀ ਇਸ ਨੂੰ ਸਾਡੇ ਸਰੀਰਾਂ ਅੰਦਰ ਵੇਖਿਆ ਜਾ ਸਕਦਾ ਹੈ :

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨਾ ਜਾਲਾ॥

ਅਗਮ ਅਗੋਚਰੁ ਰੂਪੁ ਨ ਰੇਖਿਆ।। ਖੋਜਤ ਖੋਜਤ ਘਟਿ ਘਟਿ ਦੇਖਿਆ।।...1।।

(ਬਿਲਾਵਲੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 838)

ਸਿੱਖ ਧਰਮ ਵਿਚ ਅਜਿਹੇ ਪਰਮਾਤਮਾ ਦੇ ਅਨੁਭਵ ਅਤੇ ਪ੍ਰਾਪਤੀ ਦਾ ਮੁੱਖ ਸਾਧਨ ਗੁਰੂ ਨੂੰ ਦੱਸਿਆ ਹੈ। ਗੁਰੂ ਦੀ ਕ੍ਰਿਪਾ ਬਿਨਾਂ ਪਰਮਾਤਮਾ ਦਾ ਪਾ ਸਕਣਾ ਅਸੰਭਵ ਹੈ। ਇਸ ਦੇ ਨਾਲ ਹੀ ਗੁਰੂ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ, ਨਾਮ ਸਿਮਰਨ, ਭਾਣਾ ਮੰਨਣਾ, ਸੰਸਾਰ ਵਿਚ ਵਿਚਰਦਿਆਂ ਹੋਇਆ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿਣਾ ਆਦਿ ਜ਼ਰੂਰੀ ਗੱਲਾਂ ਹਨ। ਅਵਤਾਰ ਸਿੰਘ ਅਨੁਸਾਰ, "ਸਾਰੇ ਧਰਮਾਂ ਦੇ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਸਿੱਖੀ ਵਿਚ ਜੋ ਰੂਪ ਤੇ ਸਥਾਨ ਗੁਰੂ ਦਾ ਹੈ ਉਹ ਹੋਰ ਕਿਸੇ ਧਰਮ ਵਿਚ ਨਹੀਂ ਹੈ।"[1]

ਸਿੱਖ ਧਾਰਮਿਕ ਅਨੁਭਵ ਵਿਚ ਬ੍ਰਹਿਮੰਡ ਦੀ ਰਚਨਾ ਸੰਬੰਧੀ ਸੰਕਲਪਾਂ ਦੇ ਨਾਲ-ਨਾਲ ਇਥੇ ਅਸੀਂ ਹਿੰਦੂਮਤਿ ਅਤੇ ਪੱਛਮੀ ਧਰਮਾਂ ਵਿਚ ਬ੍ਰਹਿਮੰਡ ਪਸਾਰੇ ਸੰਬੰਧੀ ਨੁਕਤੇ ਪੇਸ਼ ਕਰਕੇ ਇਹਨਾਂ ਦਾ ਤੁਲਨਾਤਮਿਕ ਵਿਧੀ ਰਾਹੀਂ ਅੰਤਰ ਸਮਝਣ ਦਾ ਯਤਨ ਕਰ ਰਹੇ ਹਾਂ। ਆਧੁਨਿਕ ਚਿੰਤਕ ਤੇ ਆਲੋਚਕ ਪੱਛਮੀ ਧਰਮਾਂ ਦੀਆਂ ਚਿੰਤਨ ਧਾਰਨਾਵਾਂ ਨੂੰ ਹਿੰਦੂਮਤਿ, ਬੁੱਧਮਤਿ ਦੇ ਨਾਲ ਹੀ ਗੁਰਬਾਣੀ ਦੇ ਵਿਆਖਿਆ ਮਾਡਲਾਂ ਉਪਰ ਢੁਕਾਉਣ ਲਈ ਯਤਨ ਕਰਦੇ ਹਨ।

**ਭਾਰਤੀ ਵੈਦਿਕ ਚਿੰਤਨ ਅਤੇ ਗੁਰਮਤਿ** : ਸਿੱਖ ਚਿੰਤਕਾਂ ਦੀਆਂ ਲਿਖਤਾਂ ਵਿਚ ਵੀ ਸੁਭਾਵਿਕ ਰੂਪ ਵਿਚ ਭਾਰਤੀ ਪਰੰਪਰਾ ਦਾ ਪਿਛੋਕੜ ਪੇਸ਼ ਕੀਤਾ ਜਾਂਦਾ ਹੈ ਚਾਹੇ ਇਹ ਜਰੂਰੀ ਵੀ ਹੈ। ਪਰ ਇਸ ਤੋਂ ਵੀ ਵੱਧ ਜ਼ਰੂਰੀ ਹੈ ਇਹਨਾਂ ਸੰਕਲਪਾਂ ਸੰਬੰਧੀ ਭਾਰਤੀ ਪਰੰਪਰਾ ਅਤੇ ਸਿੱਖ ਧਰਮ ਦੇ ਸੰਕਲਪਾਂ ਦਾ ਬੁਨਿਆਦੀ ਨਿਖੇੜਾ ਕਰਨਾ, ਜੋ ਕਿ ਅਕਸਰ ਨਾਮਾਤਰ ਹੀ ਕੀਤਾ ਜਾਂਦਾ ਹੈ।

ਵਜੀਰ ਸਿੰਘ ਲਿਖਦੇ ਹਨ, "ਸਿੱਖ ਧਰਮ ਦੇ ਸੰਚਾਲਕਾਂ ਤੇ ਰਾਹਬਰਾਂ ਨੇ ਜੋ ਵਿਸ਼ਵ-ਸਿਧਾਂਤੀ ਵਿਚਾਰਧਾਰਾ ਪ੍ਰਸਤੁਤ ਕੀਤੀ ਹੈ, ਉਸ ਦਾ ਕੁਝ ਮੇਲ ਭਾਰਤੀ ਵੈਦਿਕ ਚਿੰਤਨ ਨਾਲ ਅਤੇ ਕੁਝ ਸਾਮੀ ਧਰਮ-ਚਿੰਤਨ ਨਾਲ ਪ੍ਰਾਪਤ ਹੈ। ਕਈ ਨੁਕਤਿਆਂ ਉਤੇ ਇਸਦੀ ਆਧੁਨਿਕ ਵਿਗਿਆਨ ਦੀਆਂ ਲੱਭਤਾਂ ਨਾਲ

---

[1] ਅਵਤਾਰ ਸਿੰਘ, *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* ਡਾ. ਬਲਕਾਰ ਸਿੰਘ, (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰ. 8.

ਸਾਂਝ ਵੀ ਦੇਖਣ ਵਿਚ ਆਉਂਦੀ ਹੈ। ਸਿੱਖ ਵਿਆਖਿਆਕਾਰ ਇਸ ਸਾਂਝ ਨੂੰ ਹੱਕੀ ਤੇ ਪਕੇਰੀ ਸਿੱਧ ਕਰਨ ਵਿਚ ਰੁਚੀ ਦਿਖਾ ਰਹੇ ਹਨ।"[2]

ਵਜ਼ੀਰ ਸਿੰਘ ਨੇ ਗੁਰੂ ਸਾਹਿਬ ਦੀ ਵਿਸ਼ਵ-ਸਿਧਾਂਤੀ ਵਿਚਾਰਧਾਰਾ ਦਾ ਕੁਝ ਮੇਲ ਭਾਰਤੀ ਵੈਦਿਕ ਚਿੰਤਨ ਨਾਲ ਅਤੇ ਕੁਝ ਸਾਮੀ ਧਰਮ ਚਿੰਤਨ ਨਾਲ ਪ੍ਰਾਪਤ ਦੱਸਿਆ ਹੈ। ਜੋ ਵਿਸ਼ਵ-ਸਿਧਾਂਤੀ ਵਿਚਾਰਧਾਰਾ ਗੁਰੂ ਸਾਹਿਬ ਨੇ ਪੇਸ਼ ਕੀਤੀ ਹੈ ਉਹ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਵਿਚੋਂ ਉਪਜੀ ਹੈ। ਇਸਨੂੰ ਭਾਰਤੀ ਵੈਦਿਕ ਅਤੇ ਸਾਮੀ ਧਰਮਾਂ ਨਾਲ ਮੇਲ ਖਾਂਦਾ ਕਿਹਾ ਜਾਣਾ ਸਹੀ ਨਹੀਂ ਹੈ। ਵਜ਼ੀਰ ਸਿੰਘ ਜੀ ਨੇ ਇਹ ਵੀ ਕਿਹਾ ਹੈ ਕਿ ਕਈ ਨੁਕਤਿਆਂ ਤੇ ਆਧੁਨਿਕ ਵਿਗਿਆਨ ਦੀਆਂ ਲੱਭਤਾਂ ਨਾਲ ਸਾਂਝ ਵੀ ਵੇਖਣ ਵਿਚ ਆਉਂਦੀ ਹੈ। ਜਿਸ ਨੂੰ ਸਿੱਖ ਵਿਆਖਿਆਕਾਰ ਹੱਕੀ ਤੇ ਪਕੇਰੀ ਸਿਧ ਕਰਨ ਵਿਚ ਰੁਚੀ ਦਿਖਾ ਰਹੇ ਹਨ। ਵਜ਼ੀਰ ਸਿੰਘ ਵੀ ਇਹਨਾਂ ਸਿੱਖ ਵਿਆਖਿਆਕਾਰਾਂ ਨਾਲ ਸਹਿਮਤ ਦਿੱਸਦੇ ਹਨ।

ਸਿੱਖ ਧਰਮ ਦੀ ਵਿਲੱਖਣਤਾ ਪ੍ਰਤੀ ਅਵਤਾਰ ਸਿੰਘ ਲਿਖਦੇ ਹਨ, "ਸਿੱਖ ਧਰਮ ਨੂੰ ਇਕ ਸੁਤੰਤਰ ਧਰਮ ਸਮਝਣ ਵਾਸਤੇ ਇਹ ਸਹਾਈ ਹੋਵੇਗਾ ਜੇਕਰ ਅਸੀਂ ਕੁੱਝ ਇਤਿਹਾਸਿਕ ਘਟਨਾਵਾਂ ਨੂੰ ਯਾਦ ਰੱਖੀਏ। ਸਾਨੂੰ ਪਤਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਸਰੀ ਜੋਤਿ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਤਾਂ ਉਨ੍ਹਾਂ ਦੇ ਮਨ ਵਿਚ ਇੱਕ ਨਵੀਂ ਧਰਮ ਪਰੰਪਰਾ ਨੂੰ ਸਥਾਪਿਤ ਕਰਨ ਦਾ ਮੰਤਵ ਨਜ਼ਰ ਆਉਂਦਾ ਹੈ। ਜਿਸ ਸਪੱਸ਼ਟਤਾ ਨਾਲ ਪਹਿਲੇ ਤੋਂ ਲੈ ਕੇ ਦਸਵੇਂ ਗੁਰੂ ਤੱਕ ਇਹ ਪਰੰਪਰਾ ਚੱਲੀ, ਉਸ ਨੇ ਸਿੱਖ ਧਰਮ ਨੂੰ ਕਿਸੇ ਗੁਰੂ ਚੇਲੇ ਦੇ ਵਿਅਕਤੀਗਤ ਤੇ ਸੰਕੀਰਣ ਸੰਬੰਧ ਦੇ ਘੇਰੇ ਚੋਂ ਕੱਢ ਕੇ ਇੱਕ ਸੁਤੰਤਰ ਤੇ ਵਿਲੱਖਣ ਧਰਮ ਦਾ ਰੂਪ ਧਾਰਨ ਕਰ ਲਿਆ ਹੈ।"[3]

ਪ੍ਰਾਚੀਨ ਭਾਰਤੀ ਪ੍ਰਣਾਲੀ ਅਨੁਸਾਰ 'ਪੁਰਸ਼' ਅਤੇ 'ਪ੍ਰਕ੍ਰਿਤੀ' ਨੂੰ ਅਨਾਦੀ ਸ਼ਕਤੀਆਂ ਪਰਵਾਨ ਕਰਕੇ, ਇਨ੍ਹਾਂ ਤੋਂ ਸੰਸਾਰ ਦੀ ਉਤਪਤੀ ਹੁੰਦੀ ਪਰਵਾਨ ਕੀਤੀ ਹੈ। ਈਸ਼ਵਰ ਨੂੰ ਇਹਨਾਂ ਦੋਹਾਂ ਦੇ ਨਾਲ ਤੀਜੀ ਸ਼ਕਤੀ ਪਰਵਾਨ ਕਰਨ ਦੇ ਪਰਮਾਣ ਵੀ ਮਿਲਦੇ ਹਨ। ਇਨ੍ਹਾਂ ਤਿੰਨਾਂ ਤੋਂ ਉਤਪਤੀ ਦੀ ਸਾਰੀ ਖੇਡ ਦਾ ਆਰੰਭ ਹੋਇਆ ਦੱਸਿਆ ਗਿਆ ਹੈ।[4] ਭਾਰਤੀ ਧਰਮਾਂ ਜਾਂ ਪੂਰਵੀ ਪਰੰਪਰਾ ਵਿਚਲੇ ਬ੍ਰਹਮ, ਨਿਰਗੁਣ,

---

2 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ. 27.

3 ਅਵਤਾਰ ਸਿੰਘ, *ਉਹੀ,* ਪੰ. 7.

4 ਬਲਕਾਰ ਸਿੰਘ, *ਸਿੱਖ ਰਹੱਸਵਾਦ ਅਨੁਭੂਤੀ ਅਤੇ ਅਭਿਵਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 49.

ਸਰਗੁਣ, ਈਸ਼ਵਰ ਆਦਿ ਸ਼ਬਦਾਂ ਦਾ ਪ੍ਰਯੋਗ ਗੁਰਬਾਣੀ ਵਿਚ ਵੀ ਅਨੇਕਾਂ ਵਾਰ ਕੀਤਾ ਗਿਆ ਹੈ। ਪਰ ਇਹਨਾਂ ਸ਼ਬਦਾਂ ਦੇ ਆਧਾਰ ਤੇ ਪੂਰਵੀ ਪਰੰਪਰਾ ਦੀ ਲੜੀ ਵਜੋਂ ਸਿੱਖ ਚਿੰਤਨ ਨੂੰ ਪੂਰਵੀ ਜਾਂ ਭਾਰਤੀ ਧਰਮਾਂ ਦੀ ਚਿੰਤਨ ਪ੍ਰਣਾਲੀ ਦੇ ਨੇੜੇ ਮੰਨਣ ਦੀ ਧਾਰਨਾ ਠੀਕ ਨਹੀਂ ਕਹੀ ਜਾ ਸਕਦੀ। ਨਾ ਹੀ ਇਸ ਨੂੰ ਇਸੇ ਲੜੀ ਦਾ ਸੁਧਰਿਆ ਹੋਇਆ ਰੂਪ ਕਹਿਣਾ ਉਚਿਤ ਹੈ ਕਿਉਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਲਸਫਾ, ਅਨੁਭਵ ਅਤੇ ਸਿਧਾਂਤ ਨਿਰੋਲ ਸ਼ੁੱਧ, ਨਿਵੇਕਲੇ ਅਤੇ ਵਿਲੱਖਣ ਹਨ। ਅੱਗੇ ਚਲ ਕੇ ਇਸ ਧਾਰਨਾ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

ਵੈਦਿਕ ਚਿੰਤਨ ਵਿਚ ਸੁੰਨ ਦਾ ਸੰਕੇਤ ਪੁਰਾਣਾ ਹੈ। ਇਹ ਵੇਦਾਂ ਤਕ ਜਾਂਦਾ ਹੈ। ਰਿਗਵੇਦ ਦੇ ਨਾਸਦੀਯ ਸੂਕਤ ਵਿਚ ਬ੍ਰਹਿਮੰਡ ਦੇ ਜਨਮ ਤੋਂ ਪਹਿਲਾਂ ਇਕ ਵਿਸ਼ੇਸ ਕਿਸਮ ਦੀ ਸੁੰਨ ਦਾ ਵਿਸਥਾਰਪੂਰਵਕ ਜ਼ਿਕਰ ਹੈ। ਉਸ ਸਮੇਂ ਨਾ ਸਤਿ ਸੀ, ਨਾ ਅਸਤਿ, ਨਾ ਅੰਤਰਿਕਸ਼, ਨਾ ਆਕਾਸ਼, ਨਾ ਰਾਤ ਸੀ, ਨਾ ਦਿਨ। ਹਨੇਰੇ ਨੂੰ ਹਨੇਰੇ ਨੇ ਢੱਕ ਰੱਖਿਆ ਸੀ। ਕੁਲਦੀਪ ਸਿੰਘ ਧੀਰ ਅਨੁਸਾਰ, "ਰਿਗਵੇਦ ਦਾ ਨਾਸਦੀਅ ਸੂਕਤ ਇਸ ਬ੍ਰਹਿਮੰਡ ਦੀ ਸਿਰਜਣਾ ਦੀ ਪ੍ਰਕਿਰਿਆ ਦੀ ਜਾਣਕਾਰੀ ਪਰਮਾਤਮਾ ਨੂੰ ਵੀ ਨਾ ਹੋਣ ਦੀ ਕਲਪਨਾ ਕਰਦਾ ਹੈ। ਇਸਦਾ ਸਿਰਜਕ ਪਰਮਾਤਮਾ ਹੈ ਜਾ ਕੋਈ ਹੋਰ, ਇਸ ਬਾਰੇ ਵੀ ਇਹ ਸੂਕਤ ਸੰਦੇਹ ਪ੍ਰਗਟ ਕਰਦਾ ਹੈ। ਪਰਮਾਤਮਾ ਦੇ ਇਸ ਸਿਰਜਣਾ ਤੋਂ ਵੱਖ ਕਿਸੇ ਵਖਰੇ ਉਚ ਸਥਾਨ 'ਤੇ ਬੈਠਣ ਦੀ ਕਲਪਨਾ ਕਰਦਾ ਹੈ, ਇਹ ਸੂਤਰ।"[5] ਸੁੰਨ ਸੰਬੰਧੀ ਨਾਸਦੀਯ ਸੂਕਤ ਅਤੇ ਗੁਰਬਾਣੀ ਦੀ ਮੂਲ ਧਾਰਨਾ ਵਿਚ ਮੁਢੱਲਾ ਸਿਧਾਂਤਕ ਵੱਖਰਾਪਣ ਧਿਆਨ ਦੀ ਮੰਗ ਕਰਦਾ ਹੈ। ਇਹ ਸੁੰਨ ਗੁਰਬਾਣੀ ਦੇ *'ਮਾਰੂ ਸੋਲਹੇ'* ਦੇ 'ਅਰਬਦ ਨਰਬਦ ਧੁੰਧੂਕਾਰਾ' (ਮਾਰੂ ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1035) ਵਾਲੇ ਸ਼ਬਦ ਨਾਲ ਮੇਲ ਖਾਂਦਾ ਜਾਪਦਾ ਹੈ। ਇਸ ਨੁਕਤੇ ਪੱਖੋਂ ਗੁਰਬਾਣੀ ਦੀ ਧਾਰਨਾ ਤਾਂ ਸਾਫ ਤੇ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਦੀ ਅਫੁਰ ਅਵਸਥਾ ਵਿਚ ਹੀ ਇਹ ਸੁੰਨ ਮੌਜੂਦ ਸੀ। ਉਸ ਨਿਰਗੁਣ ਨੇ ਹੀ ਸਰਗੁਣ ਪਸਾਰਾ ਖੁਦ ਕੀਤਾ ਹੈ। ਇਹ ਸਾਰਾ ਪਸਾਰਾ ਕਰਤੇ ਪੁਰਖ ਦੀ ਲੀਲਾ ਹੈ। ਇਥੇ ਨਾਸਦੀਯ ਸੂਕਤ ਜਿਹੀ ਅਸਪੱਸ਼ਟਤਾ ਨਹੀਂ। ਗੁਰਬਾਣੀ ਅਨੁਸਾਰ ਪਰਮਾਤਮਾ ਦੇ ਸਿਰਜਣ ਪ੍ਰਕਿਰਿਆ ਤੋਂ ਬੇਖ਼ਬਰ ਜਾਂ ਅਣਜਾਣ ਹੋਣ ਦੀ ਗੱਲ ਹੀ ਨਹੀਂ ਬਣਦੀ। ਉਹੀ ਬ੍ਰਹਮ ਗੁਪਤ ਤੋਂ ਪ੍ਰਗਟ, ਅਫੁਰ ਤੋਂ ਸਫੁਰ ਹੋਇਆ ਹੈ।

---

[5] ਕੁਲਦੀਪ ਸਿੰਘ ਧੀਰ, *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਗਿਆਨ ਅੰਤਰ-ਦ੍ਰਿਸ਼ਟੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰ. 124.

ਵਜ਼ੀਰ ਸਿੰਘ ਅਨੁਸਾਰ, "ਵਿਸ਼ਵ ਰਚਨਾ ਤੋਂ ਪੂਰਬਲੀ, ਬ੍ਰਹਮ ਦੀ ਅਫੁਰ ਅਵਸਥਾ ਦਾ ਨਿਰੂਪਣ ਜੋ ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਹੈ, ਉਸਦਾ ਟਾਕਰਾ ਰਿਗ-ਵੇਦ ਦੇ ਪੁਰਸ਼-ਸੂਕਤ ਨਾਲ ਸੰਭਵ ਹੈ, ਜਿਸ ਵਿਚ ਸ੍ਰਿਸ਼ਟੀ ਰਚਨਾ ਨਾਲ ਸੰਬੰਧਿਤ ਮੰਤਰਾਂ ਦਾ ਉਲੇਖ ਹੈ।"[6]

ਸਿੱਖ ਚਿੰਤਕ ਵਜ਼ੀਰ ਸਿੰਘ ਨੇ ਗੁਰੂ ਨਾਨਕ ਬਾਣੀ ਦੀ ਗੱਲ ਕਰਦਿਆਂ ਇਸਦਾ ਟਾਕਰਾ ਰਿਗਵੇਦ ਦੇ ਪੁਰਸ਼-ਸੂਕਤ ਨਾਲ ਕੀਤਾ ਹੈ। ਇਹ ਟਾਕਰਾ ਗੈਰ-ਵਾਜਿਬ ਪ੍ਰਤੀਤ ਹੁੰਦਾ ਹੈ। ਅਜਿਹਾ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਚੇ, *ਮਾਰੂ ਸੋਲਹਿਆਂ* ਦੀ ਮੂਲ ਭਾਵਨਾ ਦੇ ਅਨੁਕੂਲ ਨਹੀਂ ਕਿਹਾ ਜਾ ਸਕਦਾ। ਹਿੰਦੂ ਮਿਥਿਹਾਸ ਬ੍ਰਹਮਾ ਦੇਵਤੇ ਤੋਂ ਜਗਤ ਦੀ ਉਤਪਤੀ ਅਤੇ ਸ੍ਰਿਸ਼ਟੀ ਰਚਨਾ ਮੰਨਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਦੀ ਤ੍ਰਿਮੂਤੀ ਨੂੰ ਹੀ ਵਿਸ਼ਵ ਦੀਆਂ ਪੈਦਾ ਕਰਨ, ਪਾਲਣ ਕਰਨ ਅਤੇ ਵਿਨਾਸ਼ ਕਰਨ ਵਾਲੀਆਂ ਸ਼ਕਤੀਆਂ ਮੰਨਦਾ ਹੈ ਪਰੰਤੂ ਸ੍ਰੀ ਗੁਰੂ ਨਾਨਕ ਦੀ ਨਜ਼ਰ ਵਿਚ ਤਾਂ 'ਕੇਤੇ ਬ੍ਰਹਮੇ ਘਾੜਤ ਘੜੀਐ ਕੇਤੇ ਕਾਨ ਮਹੇਸ਼' ਹਨ। ਇਸੇ ਤਰ੍ਹਾਂ ਕੇਤੇ ਇੰਦਰ ਹਨ। ਇਹ ਸਾਰੇ ਤਾਂ ਆਪ ਪਰਮਾਤਮਾ ਦੇ ਦਰ ਤੇ ਗਾ ਰਹੇ ਹਨ। ਅਜਿਹੇ ਕਿੰਨੇ ਹੋਰ ਹਨ ਜੋ ਗੁਰੂ ਜੀ ਦੇ ਚੇਤੇ ਵਿਚ ਨਹੀਂ ਆ ਰਹੇ ਭਾਵ ਅਣਗਿਣਤ ਹਨ:

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥14॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1022)

ਗੁਰਬਾਣੀ ਕਿਸੇ ਮਿਥਿਹਾਸਕ ਪਾਤਰ ਜਾਂ ਸਿਰਫ ਧਰਤੀ, ਸੂਰਜ, ਹਵਾ, ਪਾਣੀ, ਅਕਾਸ਼ ਦੀ ਹੋਂਦ ਤੋਂ ਬ੍ਰਹਿਮੰਡ ਰਚਨਾ ਦੀ ਸ਼ੁਰੂਆਤ ਨਹੀਂ ਕਰਦੀ। ਸੁੰਨ ਦਾ ਭਾਵ ਤਾਂ ਜਦੋਂ 'ਕੁਛ ਵੀ ਨਹੀਂ ਸੀ' ਲਿਆ ਜਾਂਦਾ ਹੈ। ਪਰ ਗੁਰਬਾਣੀ ਇਸ ਸੁੰਨ ਤੋਂ ਵੀ ਪੂਰਵ ਦੀ ਅਵਸਥਾ ਦੀ ਗੱਲ ਦਸੱਦੀ ਹੈ ਕਿਉਂ ਕਿ ਉਦੋਂ ਅਜੇ ਸਮਾਂ ਵੀ ਨਹੀਂ ਸੀ ਰਚਿਆ ਗਿਆ। ਜੇਕਰ ਸਮਾਂ ਅਜੇ ਬਣਿਆ ਹੀ ਨਹੀਂ ਸੀ ਤਾਂ ਉਸਦੀ ਸਮੇਂ ਜਾਂ ਕਾਲ ਅਨੁਸਾਰ ਕੀ ਗਿਣਤੀ ਮਿਣਤੀ ਹੋ ਸਕਦੀ ਹੈ? ਇਸ ਲਈ ਮਨੁੱਖੀ ਭਾਸ਼ਾ ਵਿਚ ਸਮਝਾਉਣ ਦੀ ਵਿਧੀ ਲਈ ਗੁਰੂ ਸਾਹਿਬ ਨੇ ਅਸੀਮਤ ਸਮੇਂ ਲਈ 'ਕੇਤੜਿਆ ਜੁਗ ਲਈ ਤਾੜੀ ਲਾਈ ਸਿਰਜਣਹਾਰੈ' ਦੇ ਮੁਹਾਵਰੇ ਵਿਚ ਗੱਲ ਕੀਤੀ ਹੈ। ਇਹ 'ਤਾੜੀ' ਨਿਰਾਕਾਰ ਬ੍ਰਹਮ ਦੀ 'ਅਫੁਰ' ਅਵਸਥਾ ਸੀ, 'ਸੁੰਨ-ਸਮਾਧੀ' ਦੀ ਅਵਸਥਾ ਸੀ। ਉਸਨੂੰ

---

[6] ਵਜ਼ੀਰ ਸਿੰਘ, *ਉਹੀ,* ਪੰ. 27.

'ਅਫੁਰ' ਤਾਂ ਕਿਹਾ ਗਿਆ ਹੈ ਕਿ ਅਜੇ 'ਸਫੁਰ' ਹੋਣ ਦਾ ਫੁਰਨਾ ਵੀ ਨਹੀਂ ਫੁਰਿਆ ਸੀ। ਕਿੰਨੇ ਹੀ ਜੁਗਾਂ ਤਕ ਅਫੁਰ ਅਵਸਥਾ ਇੰਝ ਹੀ ਬਣੀ ਰਹੀ। ਕੇਤੇ ਜੁਗ ਵਰਤੇ ਗੁਬਾਰੈ ਤਾੜੀ ਲਾਈ ਅਪਰ ਅਪਾਰੈ॥' (ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1026) ਦਾ ਗੁਰਵਾਕ ਦੱਸਦਾ ਹੈ ਕਿ ਕਿੰਨੇ ਹੀ ਭਾਵ ਅਣਗਿਣਤ ਜੁਗਾਂ ਤਕ ਅਪਰੰਪਰ ਬ੍ਰਹਮ ਦੀ ਸੁੰਨ ਸਮਾਧੀ ਨਿਵਿਕਲਪ ਲੱਗੀ ਹੀ ਰਹੀ।

ਜਿਵੇਂ ਸੁੰਨ ਦੀ ਅਵਸਥਾ ਸਪੱਸ਼ਟ ਨਹੀਂ ਉਵੇਂ ਹੀ ਭਾਰਤੀ ਪਰੰਪਰਾ ਵਿਚ ਬ੍ਰਹਮ (ਅੰਤਿਮ ਹੋਂਦ) ਪ੍ਰਤੀ ਵੀ ਸਪੱਸ਼ਟਤਾ ਨਜ਼ਰ ਨਹੀਂ ਆਉਂਦੀ । ਵੈਦਿਕ ਕਾਲ ਵਿਚ ਦੇਵਤਿਆਂ ਦੀ ਪੂਜਾ ਤੇ ਤ੍ਰਿਮੂਤੀ ਅਨੁਸਾਰ ਬ੍ਰਹਮਾ, ਵਿਸ਼ਨੂੰ, ਮਹੇਸ਼ (ਸ਼ਿਵ ਜੀ) ਦੇ ਤਿੰਨ ਵੱਖੋ-ਵੱਖਰੇ ਮਹਿਕਮੇ ਹਨ। ਹਰ ਦੇਵਤਾ ਕੋਈ ਨਾ ਕੋਈ ਸਪੈਸ਼ਲ ਕਾਰਜ ਸਾਂਭੀ ਬੈਠਾ ਹੈ। ਇੰਦਰ (ਮੀਹ) ਵਰਖਾ ਦਾ ਦੇਵਤਾ, ਸੂਰਜ ਦੇਵ, ਸ਼ਨੀ ਦੇਵ, ਇਨ੍ਹਾਂ ਤੋਂ ਇਲਾਵਾ ਕਿੰਨੀ ਤਰ੍ਹਾਂ ਦੀਆਂ ਦੇਵੀਆਂ ਮੰਤਰਾਂ, ਯੱਗਾਂ ਅਤੇ ਹੋਰ ਕਰਮ ਕਾਂਡ ਦੀ ਭਰਮਾਰ ਹੈ। ਇਹ ਠੀਕ ਹੈ ਕਿ ਭਾਰਤੀ ਪਰੰਪਰਾ ਵਿਚ ਬ੍ਰਹਮ ਸ਼ਬਦ ਦੀ ਵਰਤੋਂ ਹੋਈ ਹੈ। ਇਹ ਬ੍ਰਹਮ ਦੀ ਅੰਤਿਮ ਹੋਂਦ ਬਾਰੇ ਕਈ ਥਾਈਂ ਜ਼ਿਕਰ ਵੀ ਕਰਦੀ ਹੈ ਪਰ ਆਮ ਤੌਰ ਤੇ ਅਖੀਰ ਵਿਚ ਇਹ ਗੱਲ ਬਹੁਦੇਵ ਵਾਦ ਵਿਚ ਲੁਪਤ ਹੋ ਜਾਂਦੀ ਹੈ ਜਾਂ ਗਵਾਚ ਜਾਂਦੀ ਹੈ।

ਭਵਿਖ ਪੁਰਾਣ ਅਨੁਸਾਰ ਜਗਤ ਰਚਨਾ ਤੋਂ ਪਹਿਲਾਂ ਹਨੇਰਾ ਸੀ ਜਿਸ ਨੂੰ ਸਭ ਤੋਂ ਪਹਿਲਾਂ ਸੂਰਜ ਭਗਵਾਨ ਨੇ ਦੂਰ ਕੀਤਾ। ਹੁਣ ਇਸ ਦੇ ਮੁਕਾਬਲੇ ਵਿਚ ਸ੍ਰੀ ਮਦ ਭਗਵਦ ਪੁਰਾਣ ਲਓ ਜੋ ਬ੍ਰਹਮ ਦੀ ਸਰਬ ਸ਼ਕਤੀਮਾਨ ਹੋਂਦ ਦੀ ਗੱਲ ਕਰਦਾ ਹੈ। ਇਸ ਅਨੁਸਾਰ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਕੇਵਲ ਬ੍ਰਹਮ ਸੀ। ਨਾ ਭਾਵ ਸੀ, ਨਾ ਅਭਾਵ। ਨਾ ਦੋਹਾਂ ਦਾ ਕਾਰਨ ਅਗਿਆਨ। ਨਾ ਸਥੂਲ ਜਗਤ ਸੀ, ਨਾ ਸੂਖਮ ਜਗਤ। ਨਾ ਪ੍ਰਕਿਰਤੀ। ਜਿਥੇ ਇਹ ਬ੍ਰਹਿਮੰਡ ਨਹੀਂ ਸੀ, ਉਥੇ ਵੀ ਕੇਵਲ ਬ੍ਰਹਮ ਸੀ। ਜੋ ਪਸਾਰਾ ਦਿਸ ਰਿਹਾ ਹੈ, ਉਹ ਵੀ ਬ੍ਰਹਮ ਹੈ। ਇਸ ਪਸਾਰੇ ਦੀ ਅਣਹੋਂਦ ਉਪਰੰਤ ਜੋ ਕੁਝ ਬਾਕੀ ਬਚੇਗਾ, ਉਹ ਵੀ ਬ੍ਰਹਮ ਹੀ ਹੋਵੇਗਾ। ਨਿਸ਼ਚੇ ਹੀ ਉਪਰੋਕਤ ਧਾਰਨਾ ਗੁਰਬਾਣੀ ਨਾਲ ਇਕਸੁਰ ਹੈ ਪਰੰਤੂ ਸਾਰੇ ਸ੍ਰੀ ਮਦ ਭਗਵਦ ਪੁਰਾਣ ਵਿਚ ਇਸੇ ਧਾਰਨਾ ਉਤੇ ਇਕਾਗਰਤਾ ਨਾਲ ਪਹਿਰਾ ਦਿਤਾ ਗਿਆ ਹੋਵੇ, ਇਹ ਕਹਿਣਾ ਸੰਭਵ ਨਹੀਂ।[7] ਗੁਰਬਾਣੀ ਦੀ ਧਾਰਨਾ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਸੁੰਨ-ਸਮਾਧੀ ਵਿਚ ਗੁਪਤ ਬੈਠਾ ਸੀ, ਫਿਰ ਪ੍ਰਗਟ ਹੋਇਆ। ਉਸ

---

[7] ਕੁਲਦੀਪ ਸਿੰਘ ਧੀਰ, *ਉਹੀ,* ਪੰਨੇ 124-125.

ਪ੍ਰਭੂ ਨੇ ਹੀ ਬਹੁ ਬਿਧ ਅਨਿਕ ਪ੍ਰਕਾਰ ਦੀ ਰਚਨਾ ਰਚੀ ਹੈ। ਉਹ ਕਿੰਨੇ ਹੀ ਜੁਗਾਂ ਤਕ ਤਾੜੀ ਲਾਈ ਬੈਠਾ ਸੀ। ਉਸਨੇ ਹੀ ਪਉਣ, ਪਾਣੀ, ਧਰਤੀ, ਆਕਾਸ਼, ਲੱਖਾਂ ਦਰੀਆਉ ਪੈਦਾ ਕੀਤੇ ਹਨ।

ਪ੍ਰਿੰ. ਤੇਜਾ ਸਿੰਘ ਨੇ ਭਾਰਤੀ ਧਰਮਾਂ ਅਤੇ ਗੁਰਮਤਿ ਦੇ ਅੰਤਰ ਨੂੰ ਹੋਰ ਸਪੱਸ਼ਟ ਕੀਤਾ ਹੈ। ਵਾਹਿਗੁਰੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਗੱਲ ਕਰਦਿਆਂ ਆਪ ਲਿਖਦੇ ਹਨ ਕਿ, "ਗੁਰੂ ਜੀ ਨੇ ਸਿੱਖ ਧਰਮ ਨੂੰ ਉਸ ਭੁੱਲ ਤੋਂ ਬਚਾ ਲਿਆ ਜਿਸ ਵਿਚ ਪੂਰਬ ਅਤੇ ਪੱਛਮ ਦੇ ਲੋਕ ਪੈ ਗਏ ਸਨ। ਇਕ ਆਰੀਆ ਕੌਮਾਂ (ਹਿੰਦੂ ਯੂਨਾਨੀ ਆਦਿ) ਦਾ ਖਿਆਲ ਕਿ ਵਾਹਿਗੁਰੂ ਕੁਦਰਤ ਦੇ ਅੰਦਰ ਹੀ ਅੰਦਰ ਹੈ, ਦੂਜਾ ਸਾਮੀ ਜਾਂ ਸੈਮਿਟਿਕ ਕੌਮਾਂ (ਯਹੂਦੀ,ਮੁਸਲਮਾਨ ਆਦਿ) ਦਾ ਖਿਆਲ ਕਿ ਰੱਬ ਕੁਦਰਤ ਤੋਂ ਬਾਹਰ ਤੇ ਦੂਰ ਅਰਸ਼ਾਂ ਉਤੇ ਬੈਠਾ ਹੈ।"[8] ਪਰੰਤੂ ਗੁਰਮਤਿ ਤਾਂ ਇਕੋ ਰੱਬ ਦੀ ਹਸਤੀ ਪਰਵਾਨ ਕਰਦੀ ਹੈ ਗੁਰੂ ਨਾਨਕ ਦੀ ਵਿਚਾਰਧਾਰਾ ਇਕੋ ਪਰਮਾਤਮਾ ਦੀ ਟੇਕ ਰੱਖਦੀ ਹੈ। ਉਹੀ ਅੰਦਰ ਬਾਹਰ ਸਭ ਥਾਂ ਵਿਆਪਕ ਹੈ। ਪ੍ਰਿੰ. ਤੇਜਾ ਸਿੰਘ ਹੋਰ ਸਪੱਸ਼ਟ ਕਰਦੇ ਹਨ, "ਆਰੀਆ ਖਿਆਲ ਵਾਲੇ ਲੋਕ ਕਦੇ ਵੀ ਪੂਰੀ ਤਰ੍ਹਾਂ ਰੱਬ ਦੀ ਏਕਤਾ ਨੂੰ ਨਹੀਂ ਮੰਨ ਸਕੇ। ਕਦੀ ਤਾਂ ਰੱਬ ਦੀਆਂ ਪੈਦਾ ਕਰਨ, ਪਾਲਣ ਤੇ ਮਾਰਨ ਵਾਲੀਆਂ ਸ਼ਕਤੀਆਂ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਰੂਪ ਦੇ ਕੇ ਆਪਣੇ ਆਪਣੇ ਮਹਿਕਮੇ ਦੇ ਸੁਤੰਤਰ ਰੱਬ ਜਾਂ ਦੇਵਤੇ ਮਿਥ ਲਏ, ਯਾ ਇਸ ਤੋਂ ਵਧੀਕ ਕਈ ਕਰੋੜ ਦੇਵਤੇ ਮੰਨ ਲਏ ਤੇ ਕਦੀ ਸਾਰੀ ਸ੍ਰਿਸ਼ਟੀ ਨੂੰ ਹੀ ਰੱਬ ਮੰਨ ਲਿਆ(ਜਿਵੇਂ ਵੇਦਾਤੀਂ ਲੋਕ ਕਰਦੇ ਹਨ)।"[9] ਪਰ ਗੁਰਬਾਣੀ ਅਨੁਸਾਰ ਇਕੋ ਪਹਿਲੀ ਹਸਤੀ ਆਦਿ ਵਿਚ ਪ੍ਰਭੂ ਹੀ ਸੀ। ਉਹੀ ਅੰਦਰ ਅਤੇ ਬਾਹਰ ਹੈ। ਸਾਰੀ ਸ੍ਰਿਸ਼ਟੀ ਤੇ ਪਸਾਰਾ ਉਸ ਤੋਂ ਹੋਇਆ ਹੈ:

ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥
ਆਪੇ ਗੁਪਤ ਵਰਤਦਾ ਆਪੇ ਹੀ ਜਾਹਰਿ॥...18॥

(ਬਿਹਾਗੜੇ ਕੀ ਵਾਰ, ਮ. 3, ਪਉੜੀ 18, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 555)

ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥...3॥

(ਰਾਗੁ ਸੂਹੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 784-785)

---

8 ਪ੍ਰਿੰ. ਤੇਜਾ ਸਿੰਘ ਐਮ. ਏ., *ਉਹੀ*, ਪੰ. *ਉਹੀ*।

9 *ਉਹੀ*, ਪੰ. *ਉਹੀ*।

ਸਗਲੀ ਬਣਤ ਬਣਾਈ ਆਪੇ॥

ਆਪੇ ਕਰੇ ਕਰਾਏ ਥਾਪੇ ॥...9॥

(ਮਾਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 131)

ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ॥...19॥105॥

(ਬਿਲਾਵਲੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 825)

ਸੁਤੰਤਰ ਧਰਮ ਚਿੰਤਨ ਧਰਮ ਚਿੰਤਨ ਕਿਸੇ ਹੋਰ ਧਰਮ ਚਿੰਤਨ ਦੀ ਨਿਰੰਤਰਤਾ ਵਿਚ ਵੀ ਨਹੀਂ ਹੋ ਸਕਦਾ ਅਤੇ ਪ੍ਰਾਪਤ ਧਰਮ ਚਿੰਤਨ ਦੀਆਂ ਚੋਣਵੀਆਂ ਗੱਲਾਂ ਦਾ ਮਿਲਗੋਭਾ ਕਿਸੇ ਸੁਤੰਤਰ ਧਰਮ ਚਿੰਤਨ ਨੂੰ ਨਹੀਂ ਮੰਨਣਾ ਚਾਹੀਦਾ।[10] ਸਿੱਖ ਧਾਰਮਿਕ ਅਨੁਭਵ ਗੁਰੂ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਨਿਰੋਲ ਆਪਣਾ ਅਨੁਭਵ ਹੈ। ਬਾਣੀਕਾਰਾਂ ਨੇ ਉਹੀ ਬੋਲਿਆ ਹੈ ਜੋ ਪਰਮਾਤਮਾ ਨੇ ਆਪ ਤੋਂ ਬੁਲਵਾਇਆ ਹੈ। ਇਹ ਖਸਮ ਕੀ ਬਾਣੀ ਤਾਂ ਧੁਰੋਂ ਪਰਮਾਤਮਾ ਦੀ ਦਰਗਾਹ ਤੋਂ ਉਤਰੀ ਹੈ। ਇਸ ਨੂੰ ਕਿਸੇ ਵੀ ਅਧਾਰ ਤੇ ਪੂਰਵੀ ਜਾਂ ਪੱਛਮੀ, ਹਿੰਦੂ ਧਰਮ ਜਾਂ ਇਸਲਾਮ ਧਰਮ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਨਹੀਂ ਮੰਨਿਆ ਜਾ ਸਕਦਾ। ਵੇਖੋ ਨਿਰਮਲ ਪ੍ਰਭੂ ਵਿਚ ਲੀਨ ਹੋ ਚੁੱਕੇ ਭਗਤ ਕਬੀਰ ਜੀ ਨੂੰ ਕਿਵੇਂ ਸਭ ਕੁਝ ਮੈਲਾ ਭਾਸਦਾ ਹੈ:

ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ ॥1॥

ਮੈਲਾ ਮਲਤਾ ਇਹੁ ਸੰਸਾਰੁ॥

ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨਾ ਪਾਰੁ॥1॥ ਰਹਾਉ॥

(ਭੈਰਉ, ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1158)

ਹਿੰਦੂ ਪਰੰਪਰਾ ਵਿਚ ਪੂਜਣਯੋਗ ਚਾਰੇ ਦੇਵਤੇ ਬ੍ਰਹਮਾ, ਇੰਦਰ, ਸੂਰਜ ਅਤੇ ਚੰਨ ਮੈਲੇ ਹਨ। ਫਿਰ ਇਹਨਾਂ ਨੂੰ ਪੂਜਣ ਵਾਲੇ ਕਿਵੇ ਪਵਿੱਤਰ ਹੋ ਸਕਦੇ ਹਨ। ਸਾਰਾ ਸੰਸਾਰ ਹੀ ਮੈਲਾ ਹੈ ਜੋ ਇਹਨਾਂ ਨੂੰ ਦੇਵਤੇ ਸਮਝ ਕੇ ਪੂਜਦਾ ਹੈ। ਗੁਰਮਤਿ ਨਾ ਤਾਂ ਦੇਵਤੇ ਪੂਜਦੀ ਹੈ ਨਾ ਹੀ ਸੂਰਜ ਤੇ ਚੰਨ ਨੂੰ ਦੇਵਤੇ ਮੰਨਦੀ ਹੈ। ਸਿਰਫ ਵਾਹਿਗੁਰੂ ਹੀ ਨਿਰਮਲ ਹੈ ਜਿਸ ਦਾ ਅੰਤ ਤੇ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਗੁਰਮਤਿ ਹਿੰਦੂ ਤੇ ਇਸਲਾਮ ਦੋਹਾਂ ਦਾ ਖੰਡਨ ਕਰਦੀ ਹੈ:

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥1॥

---

10 ਅਵਤਾਰ ਸਿੰਘ, *ਉਹੀ,* ਬਲਕਾਰ ਸਿੰਘ (ਸੰਪਾ.) ਦੀ ਭੂਮਿਕਾ, ਪੰ. lx.

ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥3॥

ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ਆਪੁ ਖੋਜਿ ਖੋਜਿ ਮਿਲੇ ਕਬੀਰਾ॥4॥

(ਭੈਰਉ, ਕਬੀਰ ਜੀਉ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1158-1159)

ਦੱਸੋ ਹੁਣ ਝਗੜਾ ਕਿਥੇ ਰਹਿ ਗਿਆ ਗਿਆ। 'ਪੰਡਿਤ ਮੁਲਾਂ ਛਾਡੇ ਦੋਊ' ਵਾਲੀ ਪੰਕਤੀ ਨੇ ਸਾਫ ਨਿਬੇਰਾ ਕੀਤਾ ਹੈ ਕਿ ਗੁਰਮਤਿ ਦੇ ਪਾਧੀਆਂ ਨੇ ਹਿੰਦੂਆਂ ਦੇ ਮੋਹਰੀ ਪੰਡਿਤਾਂ ਅਤੇ ਇਸਲਾਮ ਦੇ ਮੁਖੀ ਕਾਜ਼ੀਆਂ, ਮੁਲਾਣਿਆਂ ਨੂੰ ਪਰ੍ਹੇ ਧੱਕ ਕੇ ਝਗੜਾ ਹੀ ਮੁਕਾ ਦਿੱਤਾ ਹੈ। ਗੁਰਮਤਿ ਨੇ ਹਿੰਦੂਮਤ ਤੇ ਮੁਸਲਮਾਨੀ ਮਤ ਨਹੀਂ ਮੰਨੀ, ਨਾ ਹੀ ਇਸ ਦਾ ਅਨੁਕਰਣ ਕੀਤਾ ਹੈ ਬਲਕਿ ਛੱਡ ਦਿੱਤਾ ਹੈ। ਕਬੀਰ ਜੀ ਆਪਣੇ ਹਿਰਦੇ ਅੰਦਰ ਖਾਲਸ ਪ੍ਰਭੂ ਮੀਰ ਸੁਲਤਾਨ ਵਾਹਿਗੁਰੂ ਨੂੰ ਨਿਰਖ ਪਰਖ ਕੇ ਅਨੰਦ ਵਿਚ ਰਹਿੰਦੇ ਹਨ। ਵਾਹਿਗੁਰੂ ਦਾ ਸਿਮਰਨ ਕਰ ਕੇ ਅੰਦਰੋਂ ਪ੍ਰਭੂ ਨੂੰ ਕਬੀਰ ਜੀ ਨੇ ਖੋਜ ਲਿਆ ਹੈ।

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥

ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥1॥

ਮਨ ਰੇ ਸੰਸਾਰੁ ਅੰਧ ਗਹੇਰਾ॥

ਚਹੁ ਦਿਸ ਪਸਰਿਓ ਹੈ ਜਮ ਜੇਵਰਾ॥1॥ ਰਹਾਉ॥

(ਸੋਰਠਿ, ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 654)

ਗੁਰਬਾਣੀ ਨੇ ਤਾਂ ਫੋਕਟ ਦੇ ਕਰਮ-ਕਾਡਾਂ ਵਿਚੋਂ ਕੱਢ ਕੇ ਇਕ ਪ੍ਰਭੂ ਦੀ ਭਗਤੀ ਦੱਸੀ ਹੈ ਜਦ ਕਿ ਪੂਰਵੀ ਤੇ ਪੱਛਮੀ ਧਰਮ ਤਾਂ ਕਰਮ-ਕਾਡਾਂ ਅਤੇ ਬੁੱਤ ਪ੍ਰਸਤੀ ਵਿਚ ਉਲਝੇ ਹਨ। ਇਸ ਦੀ ਪ੍ਰੋੜਤਾ ਭਾਈ ਰਣਧੀਰ ਸਿੰਘ ਜੀ ਉਪਰੋਕਤ ਗੁਰਵਾਕ ਦੀ ਵਿਆਖਿਆ ਵਿਚ ਕਰਦੇ ਹਨ, "ਹਿੰਦੂ ਲੋਕ ਬੁੱਤਾਂ ਨੂੰ ਪੂਜ ਪੂਜ ਮਰ ਗਏ, ਅਤੇ ਤੁਰਕ ਲੋਕ ਸਿਰ ਨਿਵਾਉਂਦੇ ਨਿਵਾਉਂਦੇ ਹੀ ਮਰ ਖਪੋਤੇ। ਹਰੇਕ ਹਿੰਦੂ ਘਰਾਣੇ ਦਾ ਵਖਰਾ ਪੱਥਰ ਘੜ ਕੇ ਵਖਰਾ ਦੇਵਤਾ ਬਣਾਇਆ ਹੋਇਆ ਹੈ, ਇਸੇ ਕਰਕੇ ਹਿੰਦੂਆਂ ਦੇ ਤੇਤੀ ਕਰੋੜ ਦੇਵਤੇ ਮਸ਼ਹੂਰ ਹਨ। ਤਿਨ੍ਹਾਂ ਬੁੱਤਾਂ ਦੀ ਪੂਜਾ ਕਰਿ ਕਰਿ, ਸਾਰੀ ਉਮਰ ਹੀ ਏਹ ਹਿੰਦੂ ਮਨਮਤੀ ਮਰ ਰਹਿੰਦੇ ਹਨ। ਤੁਰਕ ਲੋਕਾਂ ਦੇ (ਮੁਸਲਮਾਨਾਂ ਦੇ) ਮੱਕੇ ਅੰਦਰ ਭੀ ਸੰਗੇ ਅਸਵਦ ਕਾਲੇ ਨੀਲੇ ਪੱਥਰ ਬਿਨਾ ਹੋਰ ਕੁਛ ਨਹੀਂ, ਜਿਸ ਦੀ ਵਲ ਸਿਰ ਨਿਵਾਇ ਨਿਵਾਇ ਕੇ ਤੁਰਕ ਲੋਕ ਨਮਾਜ਼ ਪੜ੍ਹਨ ਸਮੇਂ ਇਕ ਪ੍ਰਕਾਰ ਦੀ ਬੁੱਤ ਪ੍ਰਸਤੀ ਹੀ

ਸਾਰੀ ਉਮਰ ਕਰਦੇ ਹਨ ਅਤੇ ਕਰਿ ਕਰਿ ਮਰਦੇ ਰਹਿੰਦੇ ਹਨ। ਹਿੰਦੂ ਲੋਕ ਮੁਰਦੇ ਨੂੰ ਜਾਲਣ ਵਿਚ ਹੀ ਉਸ ਦੀ ਸਦਗਤੀ ਸਮਝਦੇ ਹਨ ਅਤੇ ਤੁਰਕ ਲੋਕ ਮੁਰਦੇ ਨੂੰ ਦਬਾਉਣ ਵਿਚ ਹੀ ਸਵਾਬ ਸਮਝਦੇ ਹਨ।... ਸਾਰਾ ਹੀ ਸੰਸਾਰ ਇਸ ਅੰਨ੍ਹੇ ਖਾਤੇ ਵਿਚ ਡਿਗਿਆ ਹੋਇਆ ਹੈ।"[11]

**ਯੋਗਮਤਿ ਅਤੇ ਗੁਰਮਤਿ ਵਿਚ ਅੰਤਰ** : ਨਾਥ ਯੋਗੀ ਸੁੰਨ ਨੂੰ ਸਮਾਧੀ ਦੀ ਅਵਸਥਾ ਮੰਨਦੇ ਹਨ। ਨਾਥ ਪੰਥ ਦੇ ਮੋਢੀ ਆਦਿ ਨਾਥ ਮੰਨੇ ਜਾਂਦੇ ਹਨ। ਮਤਸਯੇਂਦ੍ਰ ਨਾਥ ਦਾ ਗੁਰੂ ਇਹ ਆਦਿ ਨਾਥ ਸੀ। ਮਤਸਯੇਂਦ੍ਰ ਨਾਥ ਦੇ ਕਈ ਚੇਲੇ ਹੋਏ ਜਿਨ੍ਹਾਂ ਵਿਚੋਂ ਮੁੱਖ ਚੇਲੇ ਗੋਰਖਨਾਥ ਜੀ ਮੰਨੇ ਜਾਂਦੇ ਹਨ। ਇਹਨਾਂ ਦੀ ਪਰੰਪਰਾ ਇਸ ਤਰ੍ਹਾਂ ਮੰਨੀ ਜਾਂਦੀ ਹੈ: ਆਦਿ ਨਾਥ, ਮਤਸਯੇਂਦ੍ਰ ਨਾਥ, ਗੋਰਕਸ਼ (ਗੋਰਖ) ਨਾਥ, ਗਾਹਿਨੀ (ਗੈਨੀ) ਨਾਥ, ਨਿਵ੍ਰਿਤੀ ਨਾਥ, ਗਿਆਨ ਨਾਥ ਆਦਿ।

ਮਤਸਯੇਂਦ੍ਰ ਨਾਥ ਦੇ ਸਿਖ ਗੋਰਖ ਨਾਥ ਇਸ ਮਤ ਦੇ ਸਭ ਤੋਂ ਵੱਡੇ ਪ੍ਰਚਾਰਕ ਹਨ। ਉਨ੍ਹਾਂ ਦਾ ਇਹ ਬਾਰਹ ਪੰਥੀ ਮਾਰਗ ਨਾਥ ਸੰਪਰਦਾ ਨਾਲ ਪ੍ਰਸਿੱਧ ਹੋਇਆ। ਇਹ ਮਤ ਬਾਰਾਂ ਸਾਖਾਵਾਂ ਵਿਚ ਵੰਡਿਆ ਗਿਆ ਇਸ ਲਈ ਇਸ ਨੂੰ 'ਬਾਰਹ ਪੰਥੀ ਯੋਗੀ ' ਵੀ ਕਿਹਾ ਜਾਂਦਾ ਹੈ।[12] ਯੋਗ ਕਮਾਉਣ ਵਾਲਾ ਯੋਗੀ ਕਹਾਉਂਦਾ ਹੈ। ਯੋਗ ਤੋਂ ਭਾਵ ਸੰਬੰਧ ਹੁੰਦਾ ਹੈ। ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਯੋਗ ਕਰਕੇ ਵੀ ਜਾਣਿਆ ਜਾਂਦਾ ਹੈ। ਯੋਗ ਸ਼ਬਦ ਨੂੰ ਮਾਰਗ ਜਾਂ ਰਸਤਾ ਵੀ ਕਿਹਾ ਜਾਂਦਾ ਹੈ। ਜਿਵੇਂ ਭਗਤੀ ਯੋਗ, ਗਿਆਨ ਯੋਗ, ਕਰਮ ਯੋਗ, ਹਠ ਯੋਗ, ਆਦਿ। ਅਜਿਹੇ ਕਈ ਹੋਰ ਅਰਥ ਵੀ ਯੋਗ ਦੇ ਕੀਤੇ ਜਾਂਦੇ ਹਨ। ਛੇ ਦਰਸ਼ਨਾਂ ਵਿਚੋਂ ਇਕ ਯੋਗ ਸਾਸ਼ਤਰ ਹੈ।

ਪਤੰਜਲੀ ਦੇ ਯੋਗ ਨੂੰ ਰਾਜ ਯੋਗ ਵੀ ਕਿਹਾ ਜਾਂਦਾ ਹੈ ਜਿਸ ਦਾ ਮੂਲ ਤੰਤਰ ਗ੍ਰੰਥਾਂ ਵਿਚ ਹੈ। ਕੁਝ ਲੋਕ ਯੋਗ ਨੂੰ ਵੇਦ ਮੂਲਕ ਤੇ ਕੁਝ ਇਸ ਨੂੰ ਜੈਨ ਆਗਮਾਂ ਤੋਂ ਨਿਕਲਿਆ ਹੋਇਆ ਮੰਨਦੇ ਹਨ। ਕਿਸੇ ਨੇ ਇਸਦਾ ਸੰਬੰਧ ਬੁੱਧ ਦਰਸ਼ਨ ਨਾਲ ਜੋੜਿਆ ਹੈ ਤੇ ਕਿਸੇ ਨੇ ਇਸ ਨੂੰ ਪਰਾਚੀਨ ਕਾਲ ਤੋਂ ਹੀ ਮੰਨਿਆ ਹੈ। ਇਸ ਦੀਆਂ ਦੋ ਪ੍ਰਮੁੱਖ ਧਾਰਨਾਵਾਂ ਹਨ ਰਾਜ ਯੋਗ ਅਤੇ ਹਠ ਯੋਗ। ਹਠ ਯੋਗ ਦਾ ਸੰਬੰਧ ਕਾਇਆ ਕਲਪ ਨਾਲ ਹੈ ਤੇ ਰਾਜ ਯੋਗ ਦਾ ਸ਼ਕਤੀ ਨਾਲ।[13]

---

11 ਭਾਈ ਰਣਧੀਰ ਸਿੰਘ, *ਗੁਰਮਤਿ ਬਿਬੇਕ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2006, ਪੰ. 400.

12 ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 28.

13 *ਉਹੀ,* ਪੰ. 29.

ਯੋਗ ਦੇ ਅਸ਼ਟਮਾਰਗ (ਪੜਾਅ) ਹਨ ਜਿਵੇਂ ਯਮ, ਨਿਯਮ, ਆਸਣ, ਪ੍ਰਾਣਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਅਤੇ ਸਮਾਧੀ। ਸਮਾਧੀ ਨੂੰ ਉਚੇਰੀ ਮੰਜ਼ਿਲ ਜਾਂ ਅਵਸਥਾ ਮੰਨਿਆ ਜਾਂਦਾ ਹੈ। ਜਦੋਂ ਯੋਗੀ ਦੀ ਕੁੰਡਲਿਨੀ ਸ਼ਕਤੀ ਜਾਗ੍ਰਿਤ ਹੋ ਜਾਂਦੀ ਹੈ ਤਾਂ ਉਹ ਅਨਾਹਤ ਨਾਦ ਨੂੰ ਸੁਣਨ ਲੱਗ ਜਾਂਦਾ ਹੈ। ਯੋਗੀ ਛੇ ਚੱਕਰਾਂ (ਮੂਲਾਧਾਰ, ਸਵਾਧਿਸਠਾਨ, ਮਣਿਪੁਰ ਚੱਕ੍ਰ, ਅਨਾਹਤ ਚੱਕ੍ਰ, ਵਿਸ਼ੁੱਧ ਚੱਕ੍ਰ ਅਤੇ ਆਗਿਆ ਚੱਕ੍ਰ) ਵਾਲੀ ਦੇਹੀ ਨੂੰ ਮੰਨਦੇ ਹਨ। ਇਸ ਦੇਹੀ ਵਿਚ ਰਹਿਣ ਵਾਲਾ ਬੈਰਾਗੀ, ਮਨ ਹੈ। ਉਸ ਦੇ ਅੰਦਰ ਆਤਮਿਕ ਸੋਝੀ ਵਾਲਾ ਸ਼ਬਦ ਗੂੰਜਦਾ ਹੈ।[14]

ਯੋਗੀ ਮਨ ਦੀ ਇਕਾਗਰਤਾ ਵਾਸਤੇ ਪ੍ਰਤਯਾਹਾਰ ਕਰਦਾ ਹੈ। ਕਿਸੇ ਨੁਕਤੇ ਤੇ ਧਿਆਨ ਲਾਉਣ ਦਾ ਅਭਿਆਸ ਕਰਦਾ ਹੈ। ਇਸ ਤਰ੍ਹਾਂ ਉਹ ਨਿਉਲੀ ਆਦਿ ਕਠਨ ਕਰਮ ਕਰਨ ਦੀ ਸਮਰੱਥਾ ਰੱਖਦਾ ਹੈ। ਉਹ ਯੋਗ ਅਭਿਆਸ ਦੁਆਰਾ ਆਪਣੇ ਸੁਆਸ ਦਸਮ ਦੁਆਰ ਵਿਚ ਚੜ੍ਹਾ ਲੈਂਦਾ ਮੰਨਿਆ ਜਾਂਦਾ ਹੈ। ਦਰਸ਼ਨ ਸਿੰਘ ਅਨੁਸਾਰ, "ਅਜੇਹੀ ਸਥਿਤੀ ਵਿਚ ਮਨ ਸ਼ੁੱਧ ਹੋ ਕੇ ਸਥਿਰ ਹੋ ਜਾਂਦਾ ਹੈ ਅਤੇ ਅਲੌਕਿਕ ਅਨੁਭਵ ਕਰਦਾ ਹੈ। ਯੋਗੀ ਇਸ ਨੂੰ 'ਲਯ', 'ਮਨੌਮਨੀ' ਜਾਂ ਸਹਜ ਅਵਸਥਾ ਕਹਿੰਦੇ ਹਨ। ਇਹੀ ਯੋਗੀਆਂ ਦੀ ਸਹਿਜ ਸਮਾਧੀ ਹੈ।"[15]

ਯੋਗ ਮਾਰਗ ਬਾਰੇ ਉਪਰੋਕਤ ਸੰਖੇਪ ਜਿਹੀ ਜਾਣਕਾਰੀ ਤੋਂ ਬਾਅਦ ਇੱਥੇ ਯੋਗਮਤਿ ਅਤੇ ਗੁਰਮਤਿ ਦੇ ਪਰਸਪਰ ਵਖਰੇਵੇਂ ਬਾਰੇ ਵਿਸ਼ਲੇਸ਼ਣ ਗੁਰਬਾਣੀ ਦੇ ਆਧਾਰ ਤੇ ਕੀਤਾ ਜਾਣਾ ਜ਼ਰੂਰੀ ਹੈ। ਯੋਗ ਦੀ ਮੂਲ ਭਾਵਨਾ ਤਾਂ ਮਨ ਅਤੇ ਇੰਦਰੀਆਂ ਨੂੰ ਬੁਰਾਈਆਂ ਵੱਲੋਂ ਹੋੜ (ਰੋਕ) ਕੇ ਨਿਰੰਜਨ ਪ੍ਰਭੂ ਨਾਲ ਜੋੜਨਾ ਮੰਨਿਆ ਜਾਂਦਾ ਹੈ ਪਰ ਗੁਰੂ ਸਾਹਿਬ ਦੇ ਸਮਕਾਲੀ ਯੋਗੀ ਇਸ ਉੱਚਤਮ ਲਕਸ਼ ਤੋਂ ਭਟਕੇ ਤੇ ਗਿਆਨ ਵਿਹੂਣੇ ਸਨ। ਯੋਗੀ ਸਿਰਫ ਸੁਆਹ ਮਲਣ, ਸਰੀਰਕ ਅਭਿਆਸ, ਬਾਹਰੀ ਚਿੰਨ੍ਹਾਂ, ਭਿਖਿਆ ਮੰਗਣ, ਇਸਤਰੀ ਨਿੰਦਾ ਅਤੇ ਭੇਖ ਨੂੰ ਹੀ ਯੋਗ ਮਾਰਗ ਸਮਝ ਰਹੇ ਸਨ ਜਿਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਾਰਾ ਕਰਦੇ ਹਨ:

ਜੋਗੀ ਜੁਗਤਿ ਨ ਜਾਣੈ ਅੰਧੁ ॥...2॥

(ਧਨਾਸਰੀ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 662)

ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਏ ਛਾਰਾ।

---

[14] ਬਲਕਾਰ ਸਿੰਘ, *ਸ਼ਬਦ ਗੁਰੂ ਦਾ ਸਿੱਖ ਸਿਧਾਂਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰ. 127.

[15] ਦਰਸ਼ਨ ਸਿੰਘ, *ਉਹੀ,* ਪੰ. 30.

(ਭਾਈ ਗੁਰਦਾਸ, ਵਾਰ 1, ਪਉੜੀ 29)

ਸਿਧ ਗੋਸਟਿ ਬਾਣੀ ਵਿਚ ਸਿੱਧਾਂ ਨੇ ਗੁਰੂ ਜੀ ਨੂੰ ਗੁਰੂ, ਸ਼ਬਦ, ਸੁੰਨ, ਸੰਸਾਰ, ਉਦਾਸੀ ਭੇਖ ਦਾ ਕਾਰਨ ਆਦਿ ਬਾਬਤ ਅਨੇਕਾਂ ਸਵਾਲ ਪੁੱਛੇ। ਗੁਰੂ ਜੀ ਨੇ ਸਾਰੇ ਪ੍ਰਸ਼ਨਾਂ ਦਾ ਉਤਰ ਬੜੀ ਹਲੀਮੀ, ਨਿਮਰਤਾ ਅਤੇ ਪ੍ਰੇਮ ਨਾਲ ਦਿੱਤਾ। ਯੋਗੀਆਂ ਨੇ ਪ੍ਰਸ਼ਨ ਕੀਤਾ:

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥

ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥43॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 942-943)

ਸਿਧਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੇਰਾ ਮੂਲ ਕਿਥੋਂ ਹੋਇਆ ਹੈ? ਤੇਰੇ ਧਰਮ ਦੇ ਅਰੰਭ ਦਾ ਵੇਲਾ ਕੀ ਹੈ? ਕਿਸ ਗੁਰੂ ਦਾ ਤੂੰ ਚੇਲਾ ਹੈਂ? ਕਿਹੜੀ ਕਥਾ (ਵੀਚਾਰ) ਨਾਲ ਤੂੰ ਸੰਸਾਰ ਤੋਂ ਵੱਖਰਾ ਹੈਂ, ਨਿਰਾਲਾ ਹੈਂ? ਜਿਸ ਸ਼ਬਦ ਰਾਹੀਂ ਤੂੰ ਸੰਸਾਰ ਦੇ ਭਵਜਲ ਸਾਗਰ ਨੂੰ ਪਾਰ ਕਰਨ ਯੋਗ ਮੰਨਦਾ ਹੈਂ ਉਸਦੀ ਵਿਆਖਿਆ ਕਰ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਤਰ ਸੀ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥

ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥44॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 943)

ਗੁਰੂ ਜੀ ਨੇ ਪਵਨ ਤੋਂ ਆਪਣਾ ਆਰੰਭ ਦੱਸਿਆ, ਸ਼ਬਦ ਨੂੰ ਗੁਰੂ ਦੱਸਿਆ ਜਿਸਦੀ ਧੁਨ ਵਿਚ ਉਹ ਸੁਰਤੀ ਰੂਪੀ ਚੇਲਾ ਬਣ ਕੇ ਜੁੜੇ ਰਹਿੰਦੇ ਹਨ। ਅਕਥ ਕਥਾ ਵਾਲਾ ਸ਼ਬਦ ਗੁਰੂ ਹੀ ਜੁਗਾਂ ਜੁਗਾਂ ਤੋਂ ਧਰਤੀ ਅਤੇ ਸਭ ਦਾ ਪਾਲਣਹਾਰ ਗੁਰੂ (ਪਰਮਾਤਮਾ) ਹੈ। ਜਿਸਨੇ ਵੀ ਅਜਿਹੇ ਅਕਥ ਸ਼ਬਦ ਗੁਰੂ ਦੀ ਕਥਾ ਵੀਚਾਰੀ ਹੈ ਉਸ ਨੇ ਗੁਰੂ ਰਾਹੀਂ ਆਪਣੀ ਹਉਮੈ ਰੂਪੀ ਅੱਗ ਨੂੰ ਖਤਮ (ਸ਼ਾਂਤ) ਕਰ ਲਿਆ ਹੈ।

ਯੋਗੀ ਲੋਕ ਕਰਾਮਾਤਾਂ ਵਿਚ ਵਿਸ਼ਵਾਸ ਰੱਖਦੇ ਸਨ ਜਿਸ ਕਰਕੇ ਭੋਲੀ-ਭਾਲੀ ਜਨਤਾ ਵੀ ਮਗਰ ਲੱਗ ਤੁਰਦੀ ਸੀ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਕੇਵਲ ਨਾਮ ਮੁੱਖ ਹੈ। ਸ੍ਰੀ ਗੁਰੂ ਨਾਨਕ ਦੇਵ ਜੀ

ਜਦੋਂ ਸੁਮੇਰ ਪਰਬਤ ਉਤੇ ਜਾ ਚੜ੍ਹੇ ਤਾਂ ਸਿਧਾਂ ਨੇ ਉਹਨਾਂ ਨੂੰ ਸ਼ਕਤੀ ਵਾਲਾ ਕਰਾਮਾਤੀ ਜਾਣ ਕੇ, ਉਨ੍ਹਾਂ ਤੋਂ ਕਰਾਮਾਤ ਵਿਖਾਉਣ ਦੀ ਮੰਗ ਕੀਤੀ। ਜਿਸ ਬਾਰੇ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ:

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।

ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।

(ਭਾਈ ਗੁਰਦਾਸ, ਵਾਰ 1, ਪਉੜੀ 43)

ਗੁਰਬਾਣੀ ਵਿਚ ਯੋਗ ਮਾਰਗ ਬਾਰੇ ਉਹਨਾਂ ਦੀ ਸ਼ਬਦਾਵਲੀ ਵਿਚ ਚਰਚਾ ਤੇ ਅਸਲ ਮਾਰਗ ਦਾ ਉਪਦੇਸ਼ ਕਈ ਵਾਰ ਕੀਤਾ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਉਹਨਾਂ ਦੀ ਸ਼ਬਦਾਵਲੀ ਵਿਚ ਸ਼ਬਦ ਵਰਤੇ ਜਿਵੇਂ ਮੁੰਦਾ, ਸੰਤੋਖ, ਝੋਲੀ, ਖਿੰਥਾ, ਕਾਇਆ, ਸਿੰਙੀ, ਖੈਪਰ (ਪਾਤਰ), ਬਿਭੂਤ (ਸੁਆਹ), ਨਿਰੰਜਨ, ਅੰਜਨ, ਅਲਖ, ਗੋਰਖ, ਧੁਨ, ਅਨਾਹਤ, ਅਨਹਦ, ਦਸਮ ਦੁਆਰ, ਬਾਰਾਂ ਪੰਥ, ਆਈ ਪੰਥ, ਮਨਿ ਜੀਤੈ ਜਗੁ ਜੀਤ ਆਦਿ। ਇਹਨਾਂ ਸਬਦਾਂ ਦਾ ਪ੍ਰਯੋਗ ਕਰਦਿਆਂ ਯੋਗੀਆਂ ਨੂੰ ਆਤਮ ਉਪਦੇਸ਼ ਦਿੱਤਾ। ਗੁਰਬਾਣੀ ਭੇਖ ਅਤੇ ਕਰਮ-ਕਾਂਡਾਂ ਦਾ ਸਦਾ ਖੰਡਨ ਕਰਦੀ ਹੈ। ਗੁਰੂ ਜੀ ਨੇ ਜਪੁ ਜੀ ਵਿਚ ਯੋਗਮਤਿ ਦਾ ਅਸਲ ਅਰਥਾਂ ਵਿਚ ਨਿਸ਼ਾਨਾ ਦੱਸਿਆ ਹੈ ਕਿ ਯੋਗੀ ਕੈਸਾ ਹੋਣਾ ਚਾਹੀਦਾ ਹੈ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।।

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।।

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।।

ਆਦੇਸੁ ਤਿਸੈ ਆਦੇਸੁ।।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।।28।।

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 6)

ਯੋਗਮਤਿ ਵਾਲੇ ਵੀ ਸੁੰਨ ਮੰਨਦੇ ਹਨ। ਸਿਧ ਗੋਸਟਿ ਬਾਣੀ ਵਿਚ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸੁੰਨ ਦੀ ਅਵਸਥਾ ਅਤੇ ਸੁੰਨ ਤੋਂ ਪਹਿਲਾਂ ਸ਼ਬਦ ਨਾਲ ਸੁੰਨ ਦੇ ਅਭੇਦ ਹੋਣ ਸੰਬੰਧੀ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਅਤੇ ਉੱਤਰ ਸੁਣ ਕੇ ਤ੍ਰਿਪਤ ਹੋਏ। ਗੁਰਮਤਿ ਅਨੁਸਾਰ ਸੁੰਨ ਅਵਸਥਾ ਦਾ ਵਰਣਨ ਇਸ ਪ੍ਰਕਾਰ ਹੈ:

ਸੁੰਨੋ ਸੁੰਨੁ ਕਹੈ ਸਭੁ ਕੋਈ।। ਅਨਹਤ ਸੁੰਨੁ ਕਹਾ ਤੇ ਹੋਈ।।

ਅਨਹਤ ਸੁੰਨਿ ਰਤੇ ਸੇ ਕੈਸੈ।। ਜਿਸ ਤੇ ਉਪਜੇ ਤਿਸ ਹੀ ਜੈਸੇ।।

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ।।

ਨਾਨਕ ਗੁਰਮੁਖਿ ਮਨੁ ਸਮਝਾਹਿ।।52।।

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 943)

ਕਹਿਣ ਮਾਤਰ ਤਾ ਸੁੰਨੋ-ਸੁੰਨ ਹਰ ਕੋਈ ਕਹਿੰਦਾ ਫਿਰਦਾ ਹੈ ਪਰੰਤੂ ਅਨਹਦ ਸੁੰਨ ਦੀ ਅਸਲ ਅਵਸਥਾ ਹਰ ਕੋਈ ਨਹੀਂ ਬਿਆਨ ਕਰ ਸਕਦਾ। ਭਾਈ ਰਣਧੀਰ ਸਿੰਘ ਅਨੁਸਾਰ, "ਗੁਰਮਤਿ ਅਨੁਸਾਰ ਅਨਹਦ ਸੁੰਨ ਬਿਵਸਥਾ ਕੋਈ ਬੇਜਾਨ (lifeless) ਜੀਵਨ-ਤੱਤ ਬਿਹੂਨ ਸੂਨ ਖ਼ਾਲੀ ਸੁੰਨਾ ਪੁਲਾੜ ਨਹੀਂ, ਸਗੋਂ ਐਸੀ ਅਲੋਕਿਕ ਉਚ ਆਤਮ ਅਵਸਥਾ ਹੈ ਜਿਥੇ ਅਨੰਦ-ਮੰਗਲੀ ਕੀਰਤਨ ਧੁਨੀਆਂ ਦੇ ਅਨਹਦ ਆਖਾੜੇ ਲਗੇ ਰਹਿੰਦੇ ਹਨ, ਜਿਨ੍ਹਾਂ ਤੋਂ ਇਕ ਛਿਨ ਭੀ ਸੁਰਤੀ ਬਿਰਤੀ ਬਿਸਰਜਤ ਨਹੀਂ ਹੁੰਦੀ ਅਤੇ ਜਿਥੇ ਆਲੂਦਾ ਖਿਆਲੀਏ ਸੰਕਲਪ ਵਿਕਲਪ ਕਦੇ ਫੁਰਦੇ ਹੀ ਨਹੀਂ, ਸਦਾ ਲਈ, ਬੇ-ਹੱਦ ਸਮੇਂ ਲਈ ਅਫੁਰ ਦਸ਼ਾ ਬਣੀ ਰਹਿੰਦੀ ਹੈ।"[16] ਫਿਰ ਤਾਂ ਅੰਦਰ ਬਾਹਰ ਇਹੀ ਸੁੰਨ ਦੀ ਅਵਸਥਾ ਹਰ ਵੇਲੇ ਬਣੀ ਰਹਿੰਦੀ ਹੈ। ਇਹ ਪਾਪ ਤੇ ਪੁੰਨ ਤੋਂ ਵੀ ਨਿਰਲੇਪ ਅਵਸਥਾ ਹੈ:

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।।

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ।।51।।

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 943)

ਇਸ ਦੇ ਨਾਲ ਹੀ ਜੇਕਰ ਗੁਰਬਾਣੀ ਦਾ ਗੰਭੀਰ ਅਧਿਐਨ ਕਰ ਕੇ ਵੇਖਿਆ ਜਾਵੇ ਤਾਂ ਇਹ ਸਹਿਜੇ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਯੋਗੀ, ਯੋਗਮਤਿ ਅਤੇ ਇਸ ਦੀ ਕਿਰਿਆਵਾਂ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ। ਇਸ ਨੂੰ ਫੋਕਟ ਕਰਮ ਸਮਝ ਕੇ ਇਸ ਦਾ ਖੰਡਨ ਕਾਫੀ ਜਗ੍ਹਾ ਤੇ ਕੀਤਾ ਮਿਲਦਾ ਹੈ ਕਿਉਂ ਕਿ ਗੁਰਮਤਿ ਅਨੁਸਾਰ ਸਤਿਗੁਰੂ ਨੂੰ ਭੇਟੇ ਬਾਝੋਂ ਪਰਮਪਦ, ਵਿਸਮਾਦ ਜਾਂ ਸਹਿਜ ਪਦ ਦੀ ਅਵਸਥਾ/ਪਦਵੀ ਗੱਲੀਂ-ਬਾਤੀਂ ਕਦੇ ਵੀ ਭੇਖੀ ਬਣ ਕੇ ਹਾਸਲ ਨਹੀਂ ਹੋ ਸਕਦੀ, ਜਦੋਂ ਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਦੁਆਰਾ

---

[16] ਭਾਈ ਰਣਧੀਰ ਸਿੰਘ, *ਅਨਹਦ ਸ਼ਬਦ ਦਸਮ ਦੁਆਰ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004, ਪੰ. 22.

ਦਿੱਤੇ ਸ਼ਬਦ ਤੇ ਨਾਮ ਦੇ ਅਭਿਆਸ ਕਰਨ ਪਿੱਛੋਂ ਮਨ ਦੇ ਵਸ ਵਿਚ ਆ ਜਾਣ ਸਦਕਾ, ਹਉਮੈ ਮਿਟ ਜਾਣ ਪਿਛੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੀ ਅਵਸਥਾ ਹਾਸਲ ਹੁੰਦੀ ਹੈ। ਗੁਰਬਾਣੀ ਵਿਚ ਯੋਗਮਤਿ ਸੰਬੰਧੀ ਹੇਠ ਲਿਖੇ ਗੁਰਵਾਕ ਖਾਸ ਧਿਆਨ ਦੀ ਮੰਗ ਕਰਦੇ ਹਨ:

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥1॥

ਗਲੀ ਜੋਗੁ ਨ ਹੋਈ॥...1॥

(ਸੂਹੀ, ਮ. 1 ਘਰੁ 7, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 730)

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥

ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥6॥

(ਸੋਰਠਿ, ਮ. 5 ਘਰੁ 2, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 642)

ਸਿਧ ਸਾਧਿਕ ਜੇ ਕੋ ਕਹੈ ਕਹਾਏ॥ ਭਰਮੇ ਭੂਲਾ ਆਵੈ ਜਾਏ॥2॥2॥

(ਬਿਲਾਵਲੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 842)

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥2॥॥1॥

(ਵਡਹੰਸੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 558)

ਉਪਰੋਕਤ ਵਿਚਾਰ ਚਰਚਾ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੇ ਆਧਾਰ ਉਤੇ ਇਹ ਧਾਰਨਾ ਸਪੱਸ਼ਟ ਹੋ ਜਾਂਦੀ ਹੈ ਕਿ ਯੋਗਮਤਿ ਨੂੰ ਗੁਰਮਤਿ ਪ੍ਰਵਾਨ ਨਹੀਂ ਕਰਦੀ ਬਲਕਿ ਵਾਰ-ਵਾਰ ਗੁਰਮਤਿ ਅਨੁਸਾਰ ਸਹਿਜ ਮਾਰਗ ਦੇ ਲੱਛਣਾਂ ਰਾਹੀਂ ਸੱਚਾ ਯੋਗ ਕਮਾਉਣ ਦੀ ਤਾਕੀਦ ਕਰਦੀ ਹੈ। ਗੁਰੂ ਸਾਹਿਬ ਨੂੰ ਭੇਖੀ ਕਰਾਮਾਤੀ, ਹਠ ਅਭਿਆਸੀ, ਹਉਮੈ ਗ੍ਰਸਤ ਯੋਗੀ ਕਦੇ ਵੀ ਪ੍ਰਵਾਨ ਨਹੀਂ। ਗੁਰਬਾਣੀ ਯੋਗਮਤਿ ਨੂੰ ਸਹੀ ਦਿਸ਼ਾ ਤੇ ਸੇਧ ਦਿੰਦੀ ਹੈ। ਅਖੀਰ ਵਿਚ ਵੇਖੋ ਭਗਤ ਕਬੀਰ ਜੀ ਦੀ ਯੋਗਮਤਿ ਨੂੰ ਹਿਦਾਇਤ ਰੂਪੀ ਨਸੀਹਤ:

ਐਸਾ ਜੋਗ ਕਮਾਵਹੁ ਜੋਗੀ॥

ਜਪ ਤਪ ਸੰਜਮੁ ਗੁਰਮੁਖਿ ਭੋਗੀ॥1॥ ਰਹਾਉ॥

(ਰਾਮਕਲੀ, ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 970)

ਭਾਵ ਹੇ ਯੋਗੀ ਐਸਾ ਯੋਗ ਕਮਾ ਕਿ ਗੁਰੂ ਦੁਆਰਾ ਸਿੱਖਿਆ ਲੈ ਕੇ ਸੰਸਾਰੀ (ਭੋਗਾਂ) ਕਰਤੱਵਾਂ ਨੂੰ ਨਿਭਾਉਂਦੇ ਹੋਏ ਤੇਰੇ ਜਪ, ਤਪ ਸੰਜਮ ਨਿਭਣ। ਇਹੀ ਅਸਲ ਯੋਗ ਹੈ। ਗੁਰਮਤਿ ਨੇ ਨਾਮ ਮਾਰਗ ਨੂੰ ਪਹਿਲ ਦਿੱਤੀ ਹੈ। ਯੋਗੀ ਮੰਨਦੇ ਹਨ ਕਿ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਹਨ ਜਿਨ੍ਹਾਂ ਦੇ ਆਸਰੇ ਇਹ ਬਟੂਆ (ਸਰੀਰ) ਖੜੋਤਾ ਹੈ। (ਬਟੂਆ ਉਹ ਥੈਲੀ ਹੈ ਜਿਸ ਵਿਚ ਜੋਗੀ ਭਸਮ ਰੱਖਦੇ ਹਨ)। ਸਰੀਰ ਨੂੰ ਯੋਗੀ ਨੌਂ ਖੰਡਾਂ (ਚਾਰ ਟੋਟੇ ਬਾਹਵਾਂ ਦੇ, ਚਾਰ ਲੱਤਾਂ ਦੇ ਅਤੇ ਇਕ ਧੜ) ਦੀ ਪ੍ਰਿਥਵੀ ਆਖਦੇ ਹਨ। ਗੁਰਮਤਿ ਨੇ ਯੋਗੀਆਂ ਦੀ ਸ਼ਬਦਾਵਲੀ ਵਿਚ ਹੀ ਉਨ੍ਹਾਂ ਨੂੰ ਉਪਦੇਸ਼ ਕੀਤਾ ਹੈ ਭਗਤ ਕਬੀਰ ਜੀ ਯੋਗੀ ਨੂੰ ਇਸ ਸਰੀਰ ਵਿਚ ਹੀ ਭਿੱਖਿਆ ਮੰਗਣ ਲਈ ਕਹਿੰਦੇ ਹਨ। ਅਜਿਹਾ ਯੋਗੀ ਨੌਂ ਨਿਧੀਆਂ ਪਾ ਲੈਂਦਾ ਹੈ ਜਿਹੜਾ ਆਪਣੇ ਪ੍ਰਾਣਾਂ ਨੂੰ ਹੇਠੋਂ ਰੋਕ ਕੇ ਉਪਰ ਦਸਮ ਦੁਆਰ ਵਿਚ ਲੈ ਜਾਵੇ। ਜਿਵੇ :

ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ॥

ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ॥1॥

ਐਸਾ ਜੋਗੀ ਨਉ ਨਿਧਿ ਪਾਵੈ॥

ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥1॥ ਰਹਾਉ ॥

(ਆਸਾ, ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 477)

ਰਾਜ ਯੋਗ, ਹਠ ਯੋਗ, ਭਗਤੀ ਮਾਰਗ ਆਦਿ ਸਾਰੇ ਮਨ ਨੂੰ ਇਕਾਗਰ ਕਰਨਾ ਮੁਖ ਤੇ ਆਵਸ਼ਕ ਮੰਨਦੇ ਹਨ ਪਰ ਮਨ ਤਾਂ ਚੰਚਲ ਹੋਣ ਕਾਰਣ ਦਸਾਂ ਦਿਸ਼ਾਵਾਂ ਵਿਚ ਭਟਕਦਾ ਰਹਿੰਦਾ ਹੈ। ਜਿੰਨੀ ਦੇਰ ਮਨ ਵਸ ਵਿਚ ਨਾ ਹੋਵੇ ਸੁਰਤੀ ਟਿਕ ਸਕਣਾ ਔਖਾ ਹੈ। ਨਾਮ ਵਿਚ ਸੁਰਤੀ ਟਿਕਾਉਣ ਲਈ ਮਨ ਦਾ ਟਿਕਣਾ ਜਰੂਰੀ ਹੈ। ਸਤਿਗੁਰੂ ਹੀ ਮਨ ਵਸ ਕਰਨ ਵਿਚ ਸਹਾਇਤਾ ਕਰ ਸਕਦਾ ਹੈ। ਜੋਧ ਸਿੰਘ ਅਨੁਸਾਰ, "ਯੋਗ ਵਿਚ ਮਨ ਦੀ ਇਕਾਗ੍ਰਤਾ ਪੁਰਸ਼ ਦੇ ਆਪਣੇ ਸਰੂਪ ਨੂੰ ਜਾਣਨ ਲਈ ਕੀਤੀ ਜਾਂਦੀ ਹੈ। ਜੋਗ ਅਨੁਸਾਰ; ਈਸ਼ਵਰ, ਪੁਰਸ਼ ਅਤੇ ਪ੍ਰਕ੍ਰਿਤੀ ਸਦੀਵੀ ਹਸਤੀਆਂ ਹਨ। ਉੱਥੇ ਆਤਮਾ ਦਾ ਈਸ਼ਵਰ ਵਿਚ ਲੀਨ ਹੋਣ ਦਾ

ਸਵਾਲ ਹੀ ਨਹੀਂ ਪੈਦਾ ਹੁੰਦਾ। ਭਗਤ ਮਨ ਇਕਾਗਰ ਕਰਕੇ ਨਾਮ ਸਿਮਰਦੇ ਹਨ। ਸਿੱਟਾ ਨਾਮ ਵਿਚ ਲੀਨ ਹੋ ਜਾਣਾ ਨਿਕਲਦਾ ਹੈ।"[17]

ਰਾਜਿੰਦਰ ਕੌਰ ਰੋਹੀ ਅਨੁਸਾਰ, "ਗੁਰੂ ਸਾਹਿਬ ਦੇ ਨਾਮ ਯੋਗ ਵਿਚ ਯੋਗ ਦੇ ਸਾਰੇ ਪਹਿਲੂਆਂ ਦੇ ਅੰਸ਼ ਮੌਜੂਦ ਹਨ। ਗੁਰੂ ਦੇ ਅਧਿਆਤਮਿਕ ਮਾਰਗ ਵਿਚ ਕਰਮ ਭਗਤੀ, ਗਿਆਨ, ਧਿਆਨ ਅਤੇ ਨਾਮ ਸਾਰੇ ਹੀ ਪੱਖ ਮੌਜੂਦ ਹਨ।"[18] ਇਨ੍ਹਾਂ ਨੇ ਡਾ. ਸੰਤੋਖ ਸਿੰਘ ਦੇ ਹਵਾਲੇ ਨਾਲ ਦੱਸਿਆ ਹੈ ਕਿ ਨਾਮ ਯੋਗ ਵਿਚ ਦੂਜੇ ਯੋਗ ਸਾਧਨਾਂ ਦੇ ਅੰਸ਼ ਪਾਏ ਜਾਂਦੇ ਹਨ ਜਿਵੇਂ: ਨਿਸ਼ਕਾਮ ਕਰਮ, ਗੁਰੂ ਤੋਂ ਗਿਆਨ ਦੀ ਪ੍ਰਾਪਤੀ ਦੀ ਜਰੂਰਤ, ਪ੍ਰਭੂ ਪ੍ਰੇਮ, ਭਗਤੀ, ਕੀਰਤਨ ਅਤੇ ਸਮਾਧੀ। ਸੰਖੇਪ ਤੌਰ ਤੇ ਇਸ ਦੇ ਮੁੱਖ ਅੰਸ਼ ਹਨ; ਨਿਮਰਤਾ, ਪ੍ਰਭੂ ਦੇ ਹੁਕਮ ਪ੍ਰਤੀ ਸਮਰਪਣ, ਸੰਤੋਖ, ਸੇਵਾ ਅਤੇ ਪ੍ਰੇਮ। ਇਹ ਭਗਤੀ ਉਸ ਇਕ ਪਰਮਾਤਮਾ ਦੀ ਹੈ ਜੋ ਸਭ ਤੋਂ ਉੱਤਮ ਹੈ ਅਤੇ ਜਿਸ ਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਇਕ ਦੇ ਨਾਮ ਤੇ ਧਿਆਨ ਕੇਂਦਰਤ ਕਰਨਾ ਹੀ ਨਾਮ ਯੋਗ ਹੋ ਜਾਂਦਾ ਹੈ।[19] ਇਹ ਹਕੀਕਤ ਵਿਚ ਨਿਰਾਕਾਰ ਪ੍ਰਭੂ ਦੀ ਹੋਂਦ ਦਾ ਗੁਪਤ ਅਤੇ ਪ੍ਰਗਟ ਰੂਪ ਹੈ। ਗੁਪਤ ਰੂਪ ਵਿਚ ਤਾਂ ਉਹ ਕਣ-ਕਣ ਵਿਚ ਵਸਿਆ ਹੈ, ਹਰ ਸਰੀਰ ਵਿਚ ਵਸਿਆ ਹੈ। ਪਰ ਗੁਰਮੁਖਾਂ ਵਿਚ ਉਹ ਪ੍ਰਗਟ ਹੁੰਦਾ ਹੈ। ਮਨੁੱਖਾ ਦੇਹੀ ਰਾਹੀਂ ਉਸ ਨੂੰ ਪਾਉਣ ਦਾ ਅਵਸਰ ਮਿਲਦਾ ਹੈ। ਇਸ ਤਰ੍ਹਾਂ ਗੁਰਮਖਾਂ ਦੇ ਅੰਦਰ-ਬਾਹਰ ਸ਼ਬਦ (ਪ੍ਰਭੂ) ਵਸਦਾ ਹੈ। ਮਨਮੁਖਾਂ ਨੂੰ ਗੁਰੂ ਨਾ ਮਿਲ ਸਕਣ ਕਾਰਨ ਸ਼ਬਦ ਨਹੀਂ ਮਿਲਿਆ, ਉਹ ਆਵਾਗਵਣ ਵਿਚ ਉਲਝੇ ਰਹਿੰਦੇ ਹਨ। ਗੁਰਮੁਖ ਆਪਣੇ ਗੁਰੂ ਰਾਹੀਂ ਜਨਮ-ਮਰਨ ਦੇ ਗੇੜ ਤੋਂ ਛੁਟ ਕੇ ਮੁਕਤ ਹੋ ਕੇ ਸੱਚੇ ਸ਼ਬਦ ਵਿਚ ਸਮਾ ਜਾਂਦਾ ਹੈ ਜਿਵੇਂ:

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥
ਅੰਤਰਿ ਬਾਹਰਿ ਸਬਦ ਸੁ ਜੁਗਤਾ॥
ਮਨਮੁਖਿ ਬਿਨਸੈ ਆਵੈ ਜਾਇ॥
ਨਾਨਕ ਗੁਰਮੁਖਿ ਸਾਚਿ ਸਮਾਇ॥13॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 939)

---

17 ਜੋਧ ਸਿੰਘ, *ਭਗਤ ਕਬੀਰ ਜੀ: ਜੀਵਨੀ ਅਤੇ ਸਿੱਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰ. 88.

18 ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰ. 93.

19 *ਉਹੀ,* ਪੰ. *ਉਹੀ*।

ਯੋਗਮਤਿ ਅਤੇ ਗੁਰਮਤਿ ਦੋਹਾਂ ਵਿਚ ਦਾਰਸ਼ਨਿਕ ਪੱਧਰ 'ਤੇ ਅੰਤਰ ਹੈ। ਯੋਗਮਤਿ ਨੇ ਸੰਸਾਰ ਤਿਆਗਿਆ ਹੈ ਅਤੇ ਗ੍ਰਹਿਸਥ ਧਰਮ, ਨਾਰੀ ਤੋਂ, ਸੰਸਾਰਕ ਝਮੇਲਿਆਂ ਵਿਚ ਪੈਣ ਤੋਂ ਸੰਕੋਚ ਕੀਤਾ। ਭਿੱਖਿਆ ਮੰਗ ਕੇ ਖਾਣ ਸਮੇ ਯੋਗੀ ਆਪ ਹੀ ਇਹਨਾਂ ਦੁਖੀ ਸਮਝੇ ਜਾਣ ਵਾਲੇ ਗ੍ਰਿਹਸਥੀਆਂ ਦੇ ਘਰ-ਘਰ ਜਾ ਕੇ ਹੱਥ ਫੈਲਾਉਂਦਾ ਹੈ। ਗੁਰਮਤਿ ਵਿਚ ਗ੍ਰਹਿਸਥ ਧਰਮ ਨੂੰ ਪ੍ਰਧਾਨ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਆਹ ਵੀ ਕਰਵਾਇਆ ਸੀ ਅਤੇ ਅਖੀਰੀ ਸਮੇਂ ਕਰਤਾਰਪੁਰ ਵਿਖੇ ਅਠਾਰਾਂ ਸਾਲ ਹੱਥੀਂ ਕਿਰਤ ਕਰਦਿਆਂ ਖੇਤੀ ਵੀ ਕਰਕੇ ਵਿਖਾਈ ਸੀ। ਇਹੀ ਉਪਦੇਸ਼ ਉਹਨਾਂ ਨੇ ਸੁਮੇਰ ਪਰਬਤ ਉਤੇ ਜਾ ਛਿਪੇ ਸਿਧਾਂ ਨੂੰ ਵੀ ਕੀਤਾ ਸੀ ਕਿ ਸੰਸਾਰ ਵਿਚ ਰਹਿ ਕੇ ਗ੍ਰਹਿਸਥੀ ਜੀਵਨ ਵਿਚ ਰਹਿ ਕੇ ਸ਼ਬਦ ਗੁਰੂ (ਪਰਮਾਤਮਾ) ਦੇ ਆਸਰੇ ਸੁਰਤੀ ਜੋੜ ਕੇ ਭਵਜਲ ਪਾਰ ਕੀਤਾ ਜਾ ਸਕਦਾ ਹੈ। ਜਲ ਵਿਚ ਕਮਲ ਅਤੇ ਮੁਰਗਾਬੀ ਵਾਂਗ ਪਾਣੀ ਵਿਚ ਅਭਿਜ ਰਹਿਣ ਦੇ ਪ੍ਰਤੀਕ ਰਾਹੀਂ ਗੁਰੂ ਜੀ ਨੇ ਫੁਰਮਾਇਆ ਕਿ:

ਜੈਸੇ ਜਲ ਮਹ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥...5॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 938)

ਪ੍ਰਚਲਿਤ ਧਾਰਨਾ ਵਾਂਗ ਅੱਖਾਂ ਦੇ ਪਿਛੇ ਜਾਂ ਨੱਕ ਦੇ ਅਗਲੇ ਹਿੱਸੇ ਤੇ ਧਿਆਨ ਟਿਕਾਉਣ ਦਾ ਕੋਈ ਨਿਸਚਿਤ ਆਦੇਸ਼ ਗੁਰਮਤਿ ਵਿਚ ਨਹੀਂ ਹੈ। ਗੁਰਮਤਿ ਕੇਵਲ ਅਕਾਲ ਪੁਰਖ ਦੀ ਅਕਾਲ ਮੂਰਤ, ਗੁਰੂ ਸ਼ਬਦ ਦਾ ਹਿਰਦੇ ਤੇ ਮਨ ਵਿਚ ਧਿਆਨ ਧਰਨ ਦਾ ਉਪਦੇਸ਼ ਕਰਦੀ ਹੈ:

ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ॥...3॥11॥

(ਕੇਦਾਰਾ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1121)

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥
ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥1॥

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 964)

ਅਜਿਹਾ ਅੰਤਰ ਇਕ ਹੋਰ ਪੱਖ ਤੋਂ ਵੀ ਕਿਹਾ ਜਾ ਸਕਦਾ ਹੈ। ਯੋਗੀ ਦੀ ਸਾਧਨਾਂ ਅਤੇ ਪ੍ਰਾਪਤੀ ਕੇਵਲ ਨਿਜ ਵਾਸਤੇ ਆਪਣੇ ਭਲੇ ਵਾਸਤੇ ਹੁੰਦੀ ਹੈ। ਇਹ ਸਮੂਹਿਕ ਨਹੀਂ ਹੁੰਦੀ। ਪਰੰਤੂ ਗੁਰਮਤਿ ਦਾ ਨਾਮ ਮਾਰਗ/ਸਹਿਜ ਮਾਰਗ ਨਿਜ਼ੀ ਹੋਣ ਦੇ ਨਾਲ-ਨਾਲ ਸਮੂਹਕ ਵੀ ਹੁੰਦਾ ਹੈ। ਸਿੱਖ ਆਪ ਨਾਮ ਜਪਦਾ ਹੈ ਅਤੇ

ਅਵਰੈ (ਦੂਜਿਆਂ) ਨੂੰ ਵੀ ਜਪਾਉਂਦਾ ਹੈ। ਸੰਗਤੀ ਰੂਪ ਵਿਚ ਸਾਧ-ਸੰਗਤ ਵਿਚ ਮਿਲ ਬੈਠ ਕੇ ਏਕੋ ਨਾਮ ਜਪਣ ਦਾ ਹੁਕਮ ਸਤਿਗੁਰ ਨੇ 'ਬੁਝਾਇ' (ਦੱਸ) ਦਿੱਤਾ ਹੈ। ਅਜਿਹੇ ਇਕੱਠ ਨੂੰ ਹੀ ਸਤਸੰਗਤ ਕਰਕੇ ਜਾਣਿਆ ਜਾਂਦਾ ਹੈ ਜਿਥੇ ਏਕੋ ਨਾਮ ਵਖਾਣਿਆ (ਜਪਿਆ) ਜਾਵੇ। ਸਰਬਤ ਦੇ ਭਲੇ ਦਾ ਆਦਰਸ਼ ਗੁਰਮਤਿ ਦੇ ਆਸ਼ੇ ਨੂੰ ਯੋਗਮਤਿ ਤੋਂ ਕਿਤੇ ਉੱਚਾ ਸਾਬਤ ਕਰਦਾ ਹੈ।

ਸੁੰਨ ਸੰਸਕ੍ਰਿਤ ਸ਼ਬਦ ਸੂਨਯ ਦਾ ਤਦ ਭਵ ਰੂਪ ਹੈ। ਬ੍ਰਿਹਤ ਹਿੰਦੀ ਕੋਸ਼ ਵਿਚ ਇਸ ਦੇ ਮੁੱਖ ਅਰਥ ਹਨ: ਖਾਲੀ, ਨਿਰਾਕਾਰ, ਨਿਰਜਨ ਸਥਾਨ ਅਭਾਵ ਤੇ ਬ੍ਰਹਮ। ਨਾਲੰਦਾ ਵਿਸ਼ਾਲ ਸ਼ਬਦ ਸਾਗਰ ਵਿਚ ਸੂਨਯ ਦੇ ਮੁਖ ਅਰਥ ਹਨ: ਅਭਾਵ, ਈਸਵਰ, ਨਿਰਾਕਾਰ। ਹਿੰਦੀ ਸ਼ਬਦ ਸਾਗਰ ਸ਼ੂਨਯ ਦੇ ਅਰਥਾਂ ਵਿਚ ਅਭਾਵ, ਨਿਰਜਨ ਸਥਾਨ ਤੇ ਈਸ਼ਵਰ ਦੇ ਚਿਹਨਕ ਅੰਕਿਤ ਕਰਦਾ ਹੈ।[20] ਬੁੱਧ ਧਰਮ ਵਿਚ ਵੀ ਸੁੰਨ ਦਾ ਉਲੇਖ ਮਿਲਦਾ ਹੈ। ਬੁੱਧ ਧਰਮ ਦੀਆਂ ਦੋ ਸਾਖਾਵਾਂ ਹੀਨਯਾਨ ਅਤੇ ਮਹਾਯਾਨ ਹਨ। ਮਹਾਯਾਨ ਨੇ ਸੁੰਨ ਨੂੰ ਪਰਮ ਸ਼ਾਂਤੀ ਦੀ ਅਵਸਥਾ ਮੰਨਿਆ ਹੈ। ਹੀਨਯਾਨ ਵਿਚ ਸੁੰਨ ਨੂੰ ਹਰ ਪ੍ਰਕਾਰ ਤੋਂ ਮੁਕਤ ਅਵਸਥਾ ਕਿਹਾ ਹੈ। ਬੁੱਧ ਧਰਮ ਵਿਚ ਨਿਰਵਾਣ ਦੀ ਅਵਸਥਾ ਸੁੰਨ ਹੀ ਹੈ ਜਿੱਥੇ ਨਾ ਭਾਵ ਹੈ ਨਾ ਅਭਾਵ ਸਦੀਵੀ ਸ਼ਾਂਤੀ ਹੈ। ਇਸ ਨੂੰ ਬਿਆਨਿਆ ਨਹੀਂ ਜਾ ਸਕਦਾ।

ਬੁੱਧਮਤਿ ਵੀ ਸੁੰਨ ਨੂੰ ਮੰਨਦਾ ਹੈ ਅਤੇ ਯੋਗੀ ਵੀ ਸੁੰਨ ਦੀ ਗੱਲ ਕਰਦੇ ਹਨ। ਬੁੱਧਮਤਿ ਸੁੰਨ ਤੋਂ ਅੱਗੇ ਨਹੀਂ ਜਾਂਦਾ ਇਸ ਉਪਰ ਮੋਨ ਧਾਰ ਲੈਂਦਾ ਹੈ, ਚੁੱਪ ਹੋ ਜਾਂਦਾ ਹੈ। ਉਹਨਾਂ ਅਨੁਸਾਰ ਸੁੰਨ ਕਝ ਵੀ ਨਹੀਂ ਹੈ। ਪਰੰਤੂ ਗੁਰਮਤਿ ਇਸ ਕੁਝ ਵੀ ਨਹੀਂ ਦੀ ਅਵਸਥਾ ਵੇਲੇ ਵੀ ਅਕਾਲ ਪੁਰਖ ਨੂੰ ਹਾਜ਼ਰ ਮੰਨਦੀ ਹੈ। ਸੁੰਨ ਤੋਂ ਅੱਗੇ ਰੱਬ ਮੰਨਦੀ ਹੈ। ਇਸ ਤਰ੍ਹਾਂ ਯੋਗੀਆਂ ਨੂੰ ਵੀ ਗੁਰੂ ਜੀ ਨੇ ਦੱਸਿਆ ਕਿ ਸੁੰਨ ਪਹਿਲਾਂ ਸ਼ਬਦ (ਪ੍ਰਭੂ) ਵਿਚ ਸੀ ਅਤੇ ਸ਼ਬਦ ਇਸ ਸੁੰਨ ਵਿਚ ਸੀ। ਇਹ ਸੁੰਨ (ਪ੍ਰਭੂ) ਹਰ ਸਰੀਰ ਵਿਚ ਵੀ ਮੌਜੂਦ ਹੈ।

**ਸ੍ਰਿਸ਼ਟੀ ਰਚਨਾ ਅਤੇ ਧਰਮ** : ਸ੍ਰਿਸ਼ਟੀ ਰਚਨਾ ਦੇ ਆਰੰਭ ਹੋਣ ਦੇ ਸਵਾਲ ਬਾਰੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਭਾਵੇਂ ਵੱਡੇ ਤੋਂ ਵੱਡਾ ਸਿਧ ਯੋਗੀ ਕਿਉਂ ਨਾ ਹੋਵੇ ਕੋਈ ਵੀ ਨਿਸਚਤ ਸਮਾਂ ਦੱਸਣ ਦਾ ਦਾਵਾ ਨਹੀਂ ਕਰ ਸਕਦਾ। ਸਿਰਫ ਅਕਾਲ ਪੁਰਖ ਹੀ ਜਾਣਦਾ ਹੈ। ਕਿ ਉਸਨੇ ਕਦੋਂ ਸ੍ਰਿਸ਼ਟੀ ਰਚੀ ਹੈ:

---

[20] ਕੁਲਦੀਪ ਸਿੰਘ ਧੀਰ, *ਉਹੀ,* ਪੰ. 184.

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥...21॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 4)

ਸ੍ਰਿਸ਼ਟੀ ਦੇ ਆਦਿ ਬਾਰੇ ਗੁਰਬਾਣੀ ਕਹਿੰਦੀ ਹੈ:

ਕੇਤੜਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ॥...21॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1023)

ਜੁਗੁ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ॥

ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥

(ਬਿਹਾਗੜਾ, ਮ. 3, ਪਉੜੀ 18, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.555)

ਓਅੰਕਾਰਿ ਸਭ ਸ੍ਰਿਸਟਿ ਉਪਾਈ ॥...2॥

(ਮਾਰੂ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1061)

ਨਿਰੰਕਾਰਿ ਆਕਾਰੁ ਉਪਾਇਆ॥...2॥

(ਮਾਰੂ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1065)

ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ॥3॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1039)

ਕੇਤੜਿਆ ਦਿਨ ਗੁਪਤੁ ਕਹਾਇਆ॥

ਕੇਤੜਿਆ ਦਿਨ ਸੁੰਨਿ ਸਮਾਇਆ॥

ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥12॥

(ਮਾਰੂ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1081-82)

ਸੁੰਨ ਸਮਾਧਿ ਗੁਫਾ ਤਹ ਆਸਨੁ॥

ਕੇਵਲ ਬ੍ਰਹਮ ਪੂਰਨ ਤਹ ਬਾਸਨੁ॥2॥

(ਰਾਮਕਲੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 894)

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥1॥

(ਥਿਤੀ ਗਉੜੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.296)

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥

ਨ ਦਿਨੁ ਰੈਨਿ ਨ ਚੰਦੁ ਨਾ ਸੂਰਜੁ ਸੁੰਨ ਸਮਾਧਿ ਲਗਾਇਦਾ॥1॥

ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥2॥

ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥

ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥3॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1035)

ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਆਦਿ ਵਿਚ ਸੁੰਨ ਦਾ ਪਸਾਰਾ ਸੀ। ਕਿੰਨੇ ਹੀ ਜੁਗ ਭਾਵ ਅਨੰਤ ਲੰਮਾ ਸਮਾਂ ਸਿਰਜਣਹਾਰੇ ਨੇ ਆਪਣੀ ਸਮਾਧੀ ਲਾਈ ਹੋਈ ਸੀ। ਫਿਰ ਖੰਡ ਬ੍ਰਹਿਮੰਡ ਪਾਤਾਲ ਅਰੰਭੇ ਅਤੇ ਗੁਪਤ ਤੋਂ ਪ੍ਰਗਟ ਹੋਇਆ ਨਿਰਾਕਾਰ ਪ੍ਰਭੂ। ਉਸ ਓਅੰਕਾਰ ਪ੍ਰਭੂ ਨੇ ਹੀ ਸ੍ਰਿਸ਼ਟੀ ਸਾਜੀ ਹੈ। ਉਹੀ ਅਨਿਕ ਭਾਂਤ ਹੋ ਕੇ ਪਸਰਿਆ ਹੈ। ਅਰਬਦ ਨਰਬਦ ਧੰਧੂਕਾਰੇ ਦੀ ਅਵਸਥਾ ਵਿਚ ਨਾ ਧਰਤੀ ਸੀ ਨਾ ਆਕਾਸ਼, ਨਾ ਹੀ ਪ੍ਰਭੂ ਦਾ ਹੁਕਮ ਅਪਾਰ ਵਰਤਿਆ ਸੀ ਅਜੇ। ਨਾ ਦਿਨ ਨਾ, ਰਾਤ, ਨਾ ਚੰਦ, ਨਾ ਸੂਰਜ ਸੀ। ਸੁੰਨ ਸਮਾਧਿ ਲਗੀ ਸੀ, ਪ੍ਰਭੂ ਦੀ। ਨਾ ਕੋਈ ਖੰਡ, ਨਾ ਪਾਤਾਲ, ਨਾ ਸੱਤ ਸਮੁੰਦਰ, ਨਾ ਨਦੀ ਤੇ ਨਾ ਹੀਂ ਪਾਣੀ ਵਹਿਣਾ ਸ਼ੁਰੂ ਹੋਇਆ ਸੀ। ਦੋਜ਼ਕ, ਜ਼ੰਨਤ, ਨਰਕ, ਸੁਰਗ, ਆਵਾਗਵਣ ਆਦਿ ਵਿਚ ਕੁਝ ਵੀ ਨਹੀਂ ਸੀ। ਅਜਿਹੀ ਸੁੰਨ ਵਿਚ ਸਿਰਫ ਨਿਰਗੁਣ ਪ੍ਰਭੂ ਆਪ ਹੀ ਸੁੰਨ ਸਮਾਧੀ ਲਾ ਕੇ ਬੈਠਾ ਸੀ। ਫਿਰ ਉਸਨੇ ਸਾਰਾ ਪਸਾਰਾ ਕੀਤਾ। ਗੁਰਬਾਣੀ ਵਿਚ ਦਰਜ਼ *'ਮਾਰੂ ਸੋਲਹੇ'* ਕਈ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰਦੇ ਹਨ:

ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥

ਧੁੰਧੂਕਾਰਿ ਨਿਰਾਲਮ ਬੈਠਾ ਨਾ ਤਦਿ ਧੰਧੁ ਪਸਾਰਾ ਹੇ॥1॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1026)

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥15॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1036)

ਸੁੰਨਹੁ ਧਰਤਿ ਅਕਾਸੁ ਉਪਾਏ॥

ਬਿਨੁ ਥੰਮਾ ਰਾਖੇ ਸਚੁ ਕਲ ਪਾਏ॥...6॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1037)

ਸੁੰਨਹੁ ਸਪਤ ਸਰੋਵਰ ਥਾਪੇ॥...

ਸੁੰਨਹੁ ਖਾਣੀ ਸੁੰਨਹੁ ਬਾਣੀ॥...7॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1037)

ਕੁਲਦੀਪ ਸਿੰਘ ਧੀਰ ਅਨੁਸਾਰ, "ਗੁਰਬਾਣੀ ਇਸ ਤਰੀਕੇ ਸੁੰਨ ਦੀ ਅਵਸਥਾ ਵਿਚੋਂ ਹੀ ਸਾਰਾ ਪਸਾਰਾ ਹੋਇਆ ਦਸਦੀ ਹੈ। ਨਿਰਾਕਾਰ ਦੁਆਰਾ ਉਪਜਾਏ ਵਰਤਾਏ ਧੁੰਧੂਕਾਰੇ ਵਿਚੋਂ ਹੀ ਸਭ ਕੁਝ ਪੈਦਾ ਹੋਣ ਦੀ ਗੱਲ ਅਜੋਕਾ ਵਿਗਿਆਨ ਵੀ ਮੰਨਦਾ ਹੈ। ਮੂਲ ਸੁੰਨ ਦੇ ਵੱਡੇ ਧਮਾਕੇ ਨੂੰ ਵਿਗਿਆਨ ਬਿਗ ਬੈਂਗ ਕਹਿੰਦਾ ਹੈ। ਉਸ ਉਪਰੰਤ ਪੈਦਾ ਹੋਏ ਧੰਧੂਕਾਰੇ ਵਿਚੋਂ ਗਲੈਕਸੀਆਂ ਤੇ ਤਾਰੇ ਬਣੇ। ਗ੍ਰਹਿ ਉਪ ਗ੍ਰਹਿ ਬਣੇ।"[21] ਸਿੱਖ ਚਿੰਤਨ ਵਿਚ ਗੁਰੂ ਸਾਹਿਬ ਨੇ ਉਸ ਪਰਮ ਸੱਤਾ ਦਾ ਅਨੁਭਵ ਮਾਣਿਆ ਵੀ ਹੈ ਅਤੇ ਬਿਆਨਿਆ ਵੀ ਹੈ। ਸੁੰਨ ਦੀ ਅਵਸਥਾ ਵਿਚ ਨਿਰੰਕਾਰ ਆਪ ਹੀ ਸੀ। ਸੁੰਨ ਤੋਂ ਪਹਿਲਾਂ ਵੀ ਤੇ ਸੁੰਨ ਤੋਂ ਬਾਅਦ ਸਰਗੁਨ ਸਰੂਪ ਵਿਚ ਵੀ ਉਹੀ ਹੈ। ਉਸ ਤੋਂ ਹੀ ਸੁੰਨ ਉਪਜੀ, ਫਿਰ ਦ੍ਰਿਸ਼ਟਮਾਨ ਪਸਾਰਾ ਹੋਇਆ। ਉਹ ਜਦੋਂ ਚਾਹੇ ਸਾਰਾ ਪਸਾਰਾ ਸਮੇਟ ਸਕਦਾ ਹੈ। ਇਸ ਪਹਿਲਾਂ ਵੀ ਉਸ ਨੇ ਕਈ ਵਾਰ ਅਜਿਹਾ ਪਸਾਰਾ ਪਸਾਰਿਆ ਅਤੇ ਕਈ ਵਾਰ ਸਮੇਟਿਆ ਹੈ। ਇਹ ਸਭ ਉਸ ਦੀ ਲੀਲਾ ਹੈ, ਹੁਕਮ ਹੈ। ਅਕਾਲ ਪੁਰਖ ਦੁਆਰਾ ਕਿੰਨੇ ਹੀ ਖੰਡ, ਬ੍ਰਹਿਮੰਡ, ਧਰਤੀਆਂ, ਦੀਪ ਲੋਅ, ਆਕਾਰ, ਸੂਰਜ, ਚੰਦ ਅਤੇ ਹੋਰ ਸੂਖਮ ਜਗਤ ਰਚਿਆ ਗਿਆ ਹੈ। ਗੁਰਬਾਣੀ ਨੇ ਇਸ ਨੂੰ ਪ੍ਰਗਟ ਕਰਨ ਲਈ ਕੇਤੇ, ਅਸੰਖ, ਕਈ ਕੋਟਿ ਆਦਿ ਸਮਾਨਅਰਥੀ ਸ਼ਬਦ ਵਰਤੇ ਹਨ। ਕਈ ਵਾਰ ਅਤੇ ਕਈ ਤਰ੍ਹਾਂ ਦੀ ਰਚਨਾ ਪਰਮਾਤਮਾ ਨੇ ਰਚੀ ਅਤੇ ਕਈ ਵਾਰ ਹੀ ਇਹ ਰਚਨਾ ਸਮੇਟੀ ਹੈ ਵੇਖੋ ਕੁੱਝ ਪ੍ਰਮਾਣ:

---

21 *ਉਹੀ,* ਪੰ. 187.

ਆਪਨ ਖੇਲੁ ਆਪਿ ਕਰਿ ਦੇਖੈ॥

ਖੇਲੁ ਸੰਕੋਚੈ ਤਉ ਨਾਨਕ ਏਕੈ॥7॥21॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 292)

ਆਪੇ ਹੁਕਮ ਚਲਾਇਦਾ ਜਗੁ ਧੰਧੈ ਲਾਇਆ॥12॥

(ਵਾਰ ਸੂਹੀ, ਮ. 1, ਪਉੜੀ 12, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 789)

ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ॥...4॥

(ਰਾਮਕਲੀ ਕੀ ਵਾਰ, ਮ. 3, ਪਉੜੀ 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 948)

ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ॥1॥

(ਬਿਲਾਵਲੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 825)

ਹੁਕਮੇ ਹੀ ਸਭੁ ਜਗਤੁ ਉਪਾਇਆ॥...3॥

(ਮਾਰੂ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1055)

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥1॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 275)

ਅਨਿਕ ਬਿਸਥਾਰ ਏਕ ਤੇ ਭਏ॥...8॥19॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 289)

ਓਪਤਿ ਪਰਲਉ ਨਿਮਖ ਮਝਾਰ॥2॥

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 862)

ਖਿਨ ਮਹਿ ਢਾਹੇ ਫੇਰਿ ਉਸਾਰੇ॥9॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1034)

ਬ੍ਰਹਮ ਦੀ ਅਫੁਰ ਅਵਸਥਾ ਵੇਲੇ ਨਾ ਕੋਈ ਫੁਰਨਾ ਸੀ, ਨਾ ਕੋਈ ਸਮਾਂ ਸੀਮਾ ਸੀ। ਕਤੇਬ, ਵੇਦਾਂ, ਸਿਮਰਤੀਆਂ, ਬ੍ਰਹਮਾ, ਮਹੇਸ਼, ਨਾਰ, ਪੁਰਖ ਆਦਿ ਕੁਝ ਵੀ ਨਹੀਂ ਸੀ:

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥

ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥4॥...

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥

ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥...13॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1035-1036)

ਫਿਰ ਜਦੋਂ ਇਸ ਅਫੁਰ ਅਵਸਥਾ ਤੋਂ ਸਫੁਰ ਹੋਣ ਦਾ ਫੁਰਨਾ ਜਾਂ ਮਨ ਬਣਿਆ ਤਾਂ ਬ੍ਰਹਮ (ਅਕਾਲ ਪੁਰਖ) ਜੋ ਸੁੰਨ ਦੀ ਸੁੰਨ-ਸਮਾਧੀ ਦੀ ਅਵਸਥਾ ਵਿਚ ਤਾੜੀ ਲਾਈ ਬੈਠਾ ਸੀ, ਨੇ ਸਰਗੁਨ ਸਰੂਪ ਧਾਰਨ ਕੀਤਾ। ਇਸ ਨੂੰ ਅਵਿਅਕਤ ਤੋਂ ਵਿਅਕਤ ਜਾਂ ਗੁਪਤ ਤੋਂ ਪ੍ਰਗਟ ਹੋਣਾ ਕਿਹਾ ਜਾਂਦਾ ਹੈ। ਅਫੁਰ ਤੋਂ ਸਫੁਰ ਅਵਸਥਾ ਹੋਈ ਅਤੇ ਨਿਰਾਕਾਰ ਪ੍ਰਭੂ ਅਕਾਰ ਸਹਿਤ ਹੋਇਆ। ਨਿਰਗੁਣ, ਨਿਰਕਾਰ, ਤੋ ਸਰਗੁਣ ਤੇ ਸਾਕਾਰ ਹੋਇਆ। ਜਿਸ ਦੇ ਏਕੋ ਕਵਾਉ (ਹੁਕਮ) ਤੋ ਸਾਰਾ ਪਸਾਰਾ, ਜਲ, ਧਰਤੀ, ਸੂਰਜ ਚੰਦ ਅਤੇ ਬ੍ਰਹਿਮੰਡ ਆਦਿ ਹੋਂਦ ਵਿਚ ਆਏ। ਗੁਰਬਾਣੀ ਨੇ ਇਕ ਨਹੀਂ ਅਨੇਕਾਂ, ਕਰੋੜਾਂ ਬ੍ਰਹਿਮੰਡਾਂ ਦੀ ਗੱਲ ਕਹੀ ਹੈ। ਅਸੀਂ ਸਾਡੇ ਇਸ ਇਕ ਬ੍ਰਹਿਮੰਡ ਨੂੰ ਅਤੇ ਇਸਦੇ ਨਿਯਮਾਂ/ਨੇਮਾਂ ਨੂੰ ਸਮਝਣ ਲਈ ਤਰਲੋ ਮੱਛੀ ਹੋ ਰਹੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਗੁਣਾਂ (attributes) ਨੂੰ ਮੂਲ ਮੰਤਰ ਵਿਚ ਬਿਆਨਿਆ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1)

ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ 'ਸੈਭੰ' ਕਿਹਾ ਹੈ ਭਾਵ ਆਪਣੇ ਆਪ ਤੋਂ ਪੈਦਾ ਹੋਇਆ ਮੰਨਿਆ ਹੈ। ਉਹ ਕਾਲ ਰਹਿਤ, ਮੂਰਤ ਰਹਿਤ, ਅਜੂਨੀ, ਤੇ ਸੈਭੰ ਹੈ। ਉਹ ਅਜਿਹਾ ਸੱਚਾ ਕਰਤਾ, ਪੁਰਖ, ਨਿਰਭਉ ਤੇ ਨਿਰਵੈਰ ਹੈ। ਨਾ ਤਾਂ ਉਹ ਸਿਰਜਿਆ ਜਾ ਸਕਦਾ ਹੈ ਨਾ ਹੀ ਥਾਪਿਆ। ਉਹ ਆਪਣੇ ਆਪ ਤੋਂ ਬਣਿਆ ਹੈ। ਕੁਲਦੀਪ ਸਿੰਘ ਧੀਰ ਲਿਖਦੇ ਹਨ, "ਅਸੀਂ ਕਾਲ ਨੂੰ ਭੂਤ, ਵਰਤਮਾਨ ਅਤੇ ਭਵਿੱਖ ਦੇ ਤਿੰਨ ਖੰਡਾਂ ਵਿਚ ਹੀ ਵੇਖਦੇ ਹਾਂ। ਪੂਰਬ ਤੇ ਪੱਛਮ ਦਾ ਪੰਰਪਰਾਗਤ ਧਰਮ, ਦਰਸ਼ਨ, ਵਿਗਿਆਨ ਬਾਰੇ ਕਾਲ ਨੂੰ ਇਕ

ਨਿਰੰਤਰ ਸਦੀਵੀ ਅਨਾਦਿ ਪ੍ਰਵਾਹ ਵਜੋਂ ਵੇਖਦੇ ਹਨ। ਜਿਸ ਨੂੰ ਉਹ ਭੂਤ, ਵਰਤਮਾਨ ਅਤੇ ਭਵਿੱਖ ਵਿਚ ਵੰਡਦੇ ਹਨ। ਗੁਰੂ ਨਾਨਕ ਕਾਲ ਨੂੰ ਅਨਾਦਿ ਨਹੀਂ ਮੰਨਦੇ।"[22]

ਕਾਲ (ਸਮਾਂ) ਉਸ ਅਕਾਲ ਪੁਰਖ ਦਾ ਸਿਰਜਿਆ ਹੋਇਆ ਹੈ। ਉਹ ਆਪ ਕਾਲ ਤੋਂ ਰਹਿਤ ਹੈ। ਸਮੇਂ ਦੇ ਆਦਿ ਵੇਲੇ ਉਹੀ ਸੀ, ਸਮੇਂ ਤੋਂ ਪਹਿਲਾਂ ਵੀ ਉਹੀ ਸੀ। ਜੁਗਾਂ ਦੇ ਮੁੱਢ ਵੇਲੇ ਉਹੀ ਸੀ, ਹੁਣ ਵੀ ਉਹੀ ਹੈ ਅਤੇ ਭਵਿੱਖ ਵਿਚ ਵੀ ਉਹ ਸੱਚ (ਅਕਾਲ ਪੁਰਖ) ਰਹੇਗਾ:

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1)

ਗੁਰਬਾਣੀ ਵਿਚ ਅਕਾਲ ਭਾਵ ਕਾਲ ਰਹਿਤ ਪੁਰਖ ਨੂੰ ਅਕਾਲ ਪੁਰਖ, ਅਕਾਲ ਮੂਰਤਿ (ਅਕਾਰ ਤੇ ਮੂਰਤ ਰਹਿਤ) ਕਰਤਾ ਪੁਰਖ (ਰਚਨਾ ਕਰਨ ਵਾਲਾ ਕਰਤਾਰੀ ਪੁਰਖ) ਬ੍ਰਹਮ, ਨਿਰਗੁਣ, ਸਰਗੁਣ, ਸਤਿਨਾਮ ਤੇ ਵਾਹਿਗੁਰੂ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। ਬਾਕੀ ਪ੍ਰਚਿਲਤ ਨਾਮ ਸਾਮੀ ਤੇ ਭਾਰਤੀ ਪਰੰਪਰਾ ਵਿਚੋਂ ਅਜਿਹੇ ਹੋਰ ਵੀ ਵਰਤੇ ਮਿਲਦੇ ਹਨ ਜੋ ਉਸ ਦੇ ਕ੍ਰਿਤਰਮ ਨਾਵਾਂ ਤੇ ਗੁਣਾਂ ਨੂੰ ਬਿਆਨਦੇ ਹਨ। ਵਜ਼ੀਰ ਸਿੰਘ ਅਨੁਸਾਰ, "ਮੂਲ ਮੰਤਰ ਵਿਚ ਆਏ ਦੋ ਸ਼ਬਦ 'ਅਕਾਲ'ਤੇ 'ਮੂਰਤਿ' ਸਮਾਸ ਰੂਪ ਵਿਚ 'ਕਾਲ ਰਹਿਤ ਮੂਰਤੀ/ਅਕਾਰ' ਦਾ ਅਰਥ ਦਿੰਦੇ ਹਨ।"[23] 'ਅਕਾਲ ਪੁਰਖ' ਵੀ ਇਸੇ ਤਰਾਂ ਦੈਵੀ ਹਸਤੀ ਜਾਂ ਈਸ਼ਵਰ ਲਈ ਵਰਤਿਆ ਗਿਆ ਸੰਕੇਤ ਹੈ। ਇਹ ਵੀ 'ਅਕਾਲ' ਅਤੇ 'ਪੁਰਖ' ਦੋ ਇਕਾਈਆਂ ਦੇ ਜੋੜ ਨਾਲ ਬਣਿਆ ਹੈ। ਮੂਲ ਮੰਤਰ ਵਿਚ ਇਸ ਨੂੰ ਕਰਤਾ ਪੁਰਖ ਭਾਵ ਰਚਨਾ ਕਰਨ ਵਾਲਾ ਪੁਰਖ (ਪ੍ਰਭੂ) ਕਿਹਾ ਗਿਆ ਹੈ।

ਜਾਪ ਸਾਹਿਬ ਵਿਚ ਇਸ (ਅਕਾਲ) ਨੂੰ ਨਮਸਕਾਰ ਕੀਤੀ ਗਈ ਅਤੇ ਕਾਲਾਂ ਦਾ ਕਾਲ ਕਿਹਾ ਗਿਆ ਹੈ। ਇਸਦੇ ਨਾਲ ਹੀ ਗੁਰਬਾਣੀ ਵਿਚ ਕੁਝ ਉਦਾਹਰਣ ਵੇਖੇ ਜਾ ਸਕਦੇ ਹਨ:

ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ॥...3॥

(ਸੋਰਠਿ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 609)

---

22 *ਉਹੀ,* ਪੰ. 53.

23 ਵਜ਼ੀਰ ਸਿੰਘ, *ਉਹੀ,* ਪੰ. 27.

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥...2॥

(ਸਿਰੀਰਾਗੁ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 78)

ਕਾਲੁ ਅਕਾਲੁ ਖਸਮ ਕਾ ਕੀਨਾ ਇਹ ਪਰਪੰਚੁ ਬਧਾਵਨੁ॥2॥

(ਮਾਰੂ, ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1104)

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥...7॥12॥11॥

(ਮਾਰੂ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1082)

ਸਮਾਂ ਜਾਂ ਕਾਲ ਉਸ ਅਕਾਲ ਪ੍ਰਭੂ ਨੇ ਬਣਾਇਆ ਹੈ। ਉਹ ਆਪ ਕਾਲ ਰਹਿਤ ਹੈ। ਕਾਲ ਦੇ ਖਤਮ ਹੋਣ ਨਾਲ ਉਹ ਅਕਾਲ ਖਤਮ ਨਹੀਂ ਹੋਵੇਗਾ। ਉਸ ਨਿਰਾਕਾਰ ਵਿਚੋਂ ਸਾਰੇ ਆਕਾਰ ਉਪਜੇ ਹਨ ਅਤੇ ਓਸੇ ਵਿਚ ਹੀ ਬਿਨਸ ਜਾਣਗੇ। ਉਸ ਪ੍ਰਭੂ ਨੇ ਅਨਿਕ ਪ੍ਰਕਾਰ ਅਤੇ ਅਨੇਕਾਂ ਵਾਰ ਇਹ ਰਚਨਾ ਰਚੀ ਹੈ। ਉਹ ਜਦੋਂ ਚਾਹੇ ਇਸ ਨੂੰ ਸਮੇਟ ਸਕਦਾ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਕਰ ਚੁੱਕਾ ਹੈ। ਸਾਰਾ ਬ੍ਰਹਿਮੰਡ ਅਤੇ ਸਾਰਾ ਉਸ ਅਕਾਲ ਪੁਰਖ ਦੇ ਹੁਕਮ ਵਿਚ ਹੀ ਚੱਲ ਰਿਹਾ ਹੈ। ਅਜਿਹੇ ਹੁਕਮ ਨੂੰ ਵਿਗਿਆਨ ਨਿਯਮ/ਨੇਮ ਮੰਨਦਾ ਹੈ। ਗੁਰੂ ਜੀ ਇਹ ਸਭ ਕ੍ਰਿਸ਼ਮੇ ਤੇ ਕੁਦਰਤ ਦੀ ਸੁੰਦਰਤਾ ਨੂੰ ਵੇਖਦਿਆਂ ਅਸਚਰਜ਼ ਤੇ ਵਿਸਮਾਦ ਨਾਲ ਭਰ ਜਾਂਦੇ ਹਨ।

ਸਿੱਖ ਚਿੰਤਨ ਵਿਚ ਪਰਮਸੱਤਾ (ਪਰਮਾਤਮਾ) ਦੇ ਗੁਣ ਅਤੇ ਸਰੂਪ ਨੂੰ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਵਿਚ ਬਿਆਨਿਆ ਹੈ '੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪਰਸਾਦਿ॥' ਭਾਵ ਉਹ ਬ੍ਰਹਮ ਇਕ ਹੈ, ਸੱਚਾ ਹੈ, ਕਰਤਾ ਹੈ, ਪੁਰਖ ਹੈ (ਬਾਕੀ ਸਭ ਨਾਰੀਆਂ ਹਨ) ਅਕਾਲ (ਸਮੇਂ ਤੋਂ ਰਹਿਤ), ਅਜੂਨੀ (ਜੂਨਾਂ ਵਿਚ ਨਹੀਂ ਆਉਂਦਾ) ਸੈਭੰ (ਆਪਣੇ ਆਪ ਤੋਂ ਪ੍ਰਕਾਸ਼ਿਤ) ਗੁਰ ਪਰਸਾਦਿ (ਗੁਰੂ ਦੀ ਕ੍ਰਿਪਾ ਨਾਲ ਮਿਲਦਾ)ਹੈ। ਜਪੁ ਜੀ ਸਾਹਿਬ ਦੇ ਪਹਿਲੇ ਸਲੋਕ ਵਿਚ ਉਸ ਨੂੰ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ' ਅਤੇ 'ਨਾਨਕ ਹੋਸੀ ਭੀ ਸਚੁ' ਕਿਹਾ ਗਿਆ ਹੈ ਭਾਵ ਜਦੋਂ ਅਜੇ ਸਮਾਂ ਸ਼ੁਰੂ ਨਹੀਂ ਹੋਇਆ ਸੀ ਉਦੋਂ ਵੀ ਅਕਾਲ ਪੁਰਖ ਸੀ ਜੁਗਾਂ ਦੇ ਸ਼ੁਰੂ ਹੋਣ ਵੇਲੇ ਵੀ ਉਹੀ ਸੀ ਵਰਤਮਾਨ ਵਿਚ ਵੀ ਉਹ ਹੈ ਅਤੇ ਭਵਿੱਖਤ ਸਮੇਂ ਵਿਚ ਵੀ ਉਹੀ ਰਹੇਗਾ। ਇਹ ਸਚੁ ਭਾਵ ਅਕਾਲ ਪੁਰਖ ਸ਼ੁਰੂ ਵਿਚ ਆਪਣੀ ਅਫੁਰ ਅਵਸਥਾ ਵਿਚ ਬਿਰਾਜਮਾਨ ਸੀ ਜਿਸ ਨੂੰ ਉਸਦਾ ਨਿਰਗੁਣ ਸਰੂਪ ਕਿਹਾ ਜਾਂਦਾ

ਹੈ। ਸੁੰਨ ਦੀ ਅਵਸਥਾ ਵਿਚ ਕਿੰਨੇ ਹੀ ਜੁਗ ਬੀਤਣ ਦਾ ਵੇਰਵਾ ਗੁਰਬਾਣੀ ਦੱਸਦੀ ਹੈ। ਜਦੋਂ ਉਸ ਨੂੰ ਅਫੁਰ ਤੋਂ ਸਫੁਰ ਭਾਵ ਨਿਰਗੁਣ ਤੋਂ ਸਰਗੁਣ ਹੋਣ ਦਾ ਖਿਆਲ ਹੋਇਆ ਤਾਂ ਉਸ ਨੇ 'ਕੀਤਾ ਪਸਾਉ ਏਕਾ ਕਵਾਉ' ਦੇ ਮਹਾਂਵਾਕ ਮੁਤਾਬਕ ਇਕੋ ਹੁਕਮ ਵਿਚ ਸਾਰਾ ਪਸਾਰਾ ਕਰ ਦਿੱਤਾ ਜਿਸ ਨਾਲ ਖੰਡ, ਬ੍ਰਹਿਮੰਡ ਅਤੇ ਲੱਖਾਂ ਨਦੀਆਂ, ਸਮੁੰਦਰ, ਦਰਿਆ ਆਦਿ ਜੀਵ-ਜੰਤੂ ਤੇ ਦ੍ਰਿਸ਼ਟਮਾਨ ਪਸਾਰਾ ਹੋਂਦ ਵਿਚ ਆ ਗਿਆ। ਗੁਰੂ ਗ੍ਰੰਥ ਸਾਹਿਬ ਵਿਚੋਂ ਉਪਰੋਕਤ ਦੱਸੇ ਵਿਚਾਰਾਂ ਬਾਬਤ ਅਨੇਕਾਂ ਪ੍ਰਮਾਣ ਮਿਲਦੇ ਹਨ ਜਿਵੇ:

ਜੇਤਾ ਕੀਤਾ ਤੇਤਾ ਨਾਉ॥...19॥

(ਜਪੁ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 4)

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥

ਕਲਾ ਧਾਰਿ ਜਿਨਿ ਸਗਲੀ ਮੋਹੀ॥...7॥18॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 287)

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 290)

ਆਪੀਨੈ੍ ਆਪ ਸਾਜਿਓ ਆਪੀਨੈ੍ ਰਚਿਓ ਨਾਉ॥...1॥

(ਆਸਾ ਕੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 463)

ਸ੍ਰੀ ਗੁਰੂ ਨਾਨਕ ਜੀ ਨੇ ੧ਓ ਦੇ ਸੰਕਲਪ ਰਾਹੀਂ ਦੱਸ ਦਿੱਤਾ ਹੈ ਕਿ ਅਕਾਲ ਪੁਰਖ ਇਕ ਹੈ ਅਤੇ ਉਸ ਇਕ ਤੋਂ ਹੀ ਸਾਰੇ ਆਕਾਰ ਹੋਂਦ ਵਿਚ ਆਏ ਹਨ। ਆਕਾਰ ੧ਓ ਤੋਂ ਪੈਦਾ ਹੁੰਦਾ ਹੈ। ਬ੍ਰਹਿਮੰਡ ੧ਓ ਤੋਂ ਪੈਦਾ ਹੁੰਦਾ ਹੈ। ਉਪਰ ਨੂੰ ਉਠਦਾ ਹੈ। ਵੱਧਦਾ ਫੁੱਲਦਾ ਹੈ। ਵਿਕਸਿਤ ਹੁੰਦਾ ਹੈ ਅਤੇ ਫਿਰ ਇਸੇ ਵਿਚ ਹੀ ਸਮਾ ਜਾਂਦਾ ਹੈ। ਇਸ ਅੱਗੇ ਲੱਗਾ ਸੰਖਿਆ ਵਾਚਕ ਹਿੰਦਸਾ ਕਰਤੇ ਤੇ ਕਾਦਰ ਦੀ ਇਕਮਿਕਤਾ ਦਾ ਵੀ ਸੂਚਕ ਹੈ ਅਤੇ ਕਾਦਰ ਦੀ ਅਦੁੱਤੀ ਇਕੋ ਇਕ ਹਸਤੀ ਦਾ ਵੀ।[24] ਇਹ ਪਸਾਰਾ ਅਤੇ ਸਾਰੇ ਆਕਾਰ ਉਸ ੧ਓ ਵਿਚੋਂ ਹੀ ਨਿਕਲਦੇ, ਵੱਧਦੇ ਅਤੇ ਅੰਤ ਨੂੰ ਉਸੇ ਵਿਚ ਹੀ ਸਮਾ ਜਾਂਦੇ ਹਨ। ਇਹ ਸਾਰੀ ਕਿਰਿਆ ਉਸਦੇ ਹੁਕਮ ਵਿਚ ਹੀ ਹੁੰਦੀ ਹੈ।

---

[24] ਕੁਲਦੀਪ ਸਿੰਘ ਧੀਰ, *ਉਹੀ*, ਪੰ. 29.

ਸ੍ਰੀ ਗੁਰੂ ਨਾਨਕ ਦੇਵ ਜੀ ਕੁਦਰਤ ਨੂੰ ਮਾਣਦੇ ਹੋਏ ਅਕਿਹ ਵਿਸਮਾਦ ਨਾਲ ਭਰ ਉਠਦੇ ਤੇ ਬਲਿਹਾਰੇ ਜਾਂਦੇ ਹਨ। ਕੁਦਰਤ ਅਤੇ ਕਾਦਰ ਦੇ ਇਸ ਸੰਬੰਧ ਨੂੰ ਉਹਨਾਂ ਨੇ ਬਲਿਹਾਰੀ ਕੁਦਰਤ ਵਸਿਆ ਕਿਹਾ ਜਿਸ ਅੰਤ ਕਦੇ ਲਖਿਆ (ਵਰਣਨ) ਨਹੀਂ ਕੀਤਾ ਜਾ ਸਕਦਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਪਾਠ ਵਿਚ ਵਿਸਮਾਦ ਵਾਲਾ ਸ਼ਬਦ ਪੜ ਪੜ ਕੇ ਸਿੱਖ (ਸਾਧਕ) ਪਰਮਾਤਮਾ ਦੇ ਰੰਗਾਂ ਤੇ ਕੁਦਰਤ ਨਾਲ ਨੇੜਤਾ ਮਹਿਸੂਸ ਕਰਦਾ ਹੈ।

ਵਿਗਿਆਨੀ ਬ੍ਰਹਿਮੰਡ/ਕੁਦਰਤ ਵਿਚ ਕਾਰਜਸ਼ੀਲ ਨੇਮ/ਕ੍ਰਮ ਨੂੰ ਪਛਾਣਦਾ ਹੈ। ਉਹ ਇਹ ਸਮਝ ਕੇ ਤੁਰਦਾ ਹੈ ਕਿ ਬ੍ਰਹਿਮੰਡ ਇਕ ਵਿਸ਼ੇਸ਼ ਡੀਜ਼ਾਈਨ ਉਤੇ ਆਧਾਰਿਤ ਹੈ। ਇਹ ਐਵੇਂ ਅਰਥਹੀਨ ਬੁਝਾਰਤ ਜਾਂ ਗੋਰਖਧੰਦਾ ਨਹੀਂ। ਆਰਕੀਮੀਡਜ਼ ਤੋਂ ਆਈਨਸਟਾਈਨ ਤਕ ਹਰ ਵਿਗਿਆਨੀ ਲਈ ਬ੍ਰਹਿਮੰਡ ਦੀ ਸਮਝ ਦੀ ਯਾਤਰਾ ਦਾ ਮੂਲ ਬਿੰਦੂ ਤੇ ਸਾਧਨ ਬ੍ਰਹਿਮੰਡ ਦੇ ਸਦੀਵੀ ਹੁਕਮ/ਨੇਮ ਵਿੱਚ ਅਤੁੱਟ ਵਿਸ਼ਵਾਸ ਸੀ।[25] ਕਾਪਰਨੀਕਸ ਗ੍ਰਹਿਆਂ ਉਪਗ੍ਰਹਿਆਂ ਦੀਆਂ ਨੇਮ ਬੱਧ ਗਤੀਆਂ ਤੇ ਮਾਰਗ ਵੇਖ ਕੇ ਇਹ ਕਹਿਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਬ੍ਰਹਿਮੰਡ ਵਿਚ ਇਕ ਤਰਤੀਬ-ਬੱਧ ਪ੍ਰਬੰਧ ਤੇ ਹੈਰਾਨ ਕਰਨ ਵਾਲੀ ਸਮਿਟਰੀ ਹੈ।[26] ਗੁਰਬਾਣੀ ਨੇ ਵੀ ਸਾਰੇ ਖੰਡ, ਬ੍ਰਹਿਮੰਡ, ਪਉਣ, ਪਾਣੀ, ਸੂਰਜ, ਚੰਦ ਆਦਿ ਨੂੰ ਅਕਾਲ ਪੁਰਖ ਦੇ ਹੁਕਮ ਤੇ ਭੈਅ ਵਿਚ ਕਾਰਜ ਕਰਦੇ ਦੱਸਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚਿਆਰ ਪੁਰਸ਼ ਬਣਨ ਲਈ ਅਗਿਆਨ ਤੇ ਕੂੜ ਦੀ ਕੰਧ ਤੋੜ ਕੇ ਹੁਕਮ ਨੂੰ ਸਮਝ ਕੇ ਉਸ ਦੀ ਰਜ਼ਾ ਵਿਚ ਚੱਲਣਾ ਹੀ ਠੀਕ ਦੱਸਿਆ ਹੈ। ਹੁਕਮ ਦੇ ਮੰਨਣ ਵਿਚ ਸਾਰੇ ਸੁਖ ਹਨ।

ਮਨੁੱਖੀ ਗਿਆਨ ਦੋ ਕਿਸਮਾਂ ਵਿਚ ਵੰਡਿਆ ਜਾਂਦਾ ਹੈ। ਇਕ ਨੂੰ ਤਾਰਕਿਕ (rational) ਅਤੇ ਦੂਜੀ ਨੂੰ ਗੈਰ ਤਾਰਕਿਕ (non Rational) ਜਾਂ ਅੰਤਰ ਬੋਧੀ (ਅੰਤਰ ਸੂਝ) ਕਿਹਾ ਜਾਂਦਾ ਹੈ । ਵਿਗਿਆਨੀ ਤਰਕ ਨਾਲ ਸੋਚਦਾ ਹੈ ਅਤੇ ਧਰਮੀ ਪੁਰਸ਼ ਅੰਤਰ ਬੋਧੀ ਇੰਨਟਿਊਟਿਵ (intutive) ਮੰਨਿਆ ਜਾਂਦਾ ਹੈ। ਆਮ ਕਰਕੇ ਤਰਕ ਨੂੰ ਚੰਗਾ ਮੰਨਿਆ ਜਾਂਦਾ ਹੈ ਕਿਉਂ ਕਿ ਇਹ ਗਿਆਨ ਇੰਦਰੀਆਂ ਦੀ ਪਕੜ ਅਨੁਸਾਰ ਹੁੰਦਾ ਹੈ। ਅੰਤਰ ਦ੍ਰਿਸ਼ਟੀ ਜਾਂ ਅੰਤਰ ਬੋਧ ਨੂੰ ਘੱਟ ਵਿਸ਼ਵਾਸਪਾਤਰ ਤੇ ਸਹਾਇਕ ਜਿਹਾ ਮੰਨਿਆ ਜਾਂਦਾ ਹੈ। ਪਰੰਤੂ ਅੱਜ ਜਦੋਂ ਵਿਗਿਆਨ ਤਰਕ ਗਿਆਨੀ ਸੂਝ ਦੀਆਂ ਸੀਮਾਵਾਂ ਕੁਦਰਤ ਦੇ ਨੇਮਾਂ ਨੂੰ ਸਮਝਣ ਵਿਚ ਛੋਟੀਆਂ

---

25 *ਉਹੀ,* ਪੰ. 2.

26 *ਉਹੀ,* ਪੰ. 3.

ਜਾਂ ਸੀਮਤ ਤੈਅ ਕਰ ਦਿੰਦੀ ਹੈ ਤਾਂ ਤਰਕ ਦੇ ਉਤਮ ਹੋਣ ਦਾ ਭਰਮ ਬੇਅਰਥ ਸਾਬਤ ਹੋ ਜਾਂਦਾ ਹੈ। ਵਜ਼ੀਰ ਸਿੰਘ ਅਨੁਸਾਰ, "ਜਦੋਂ ਗੱਲ ਪਰਪੰਚ ਤੋਂ ਅੱਗੇ ਵਧਦੀ ਹੈ, ਜਦੋਂ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵੱਲ ਵੱਧਣ ਦਾ ਸਾਹਸ ਕੀਤਾ ਜਾਂਦਾ ਹੈ ਤਾਂ ਇੰਦਰੀ-ਅਨੁਭਵ ਦੀ ਸੀਮਾਂ ਆ ਜਾਂਦੀ ਹੈ। ਇਸ ਖੇਤਰ ਵਿਚ ਪ੍ਰਵੇਸ਼ ਕਰਦਿਆਂ ਵਿਗਿਆਨ ਦੀ ਕਾਰਵਾਈ ਵੀ ਸਮਾਪਤ ਹੋ ਜਾਂਦੀ ਹੈ।"[27] ਪਰੰਤੂ ਵਜ਼ੀਰ ਸਿੰਘ ਦੀ ਉਪਰੋਕਤ ਟੂਕ ਤੋ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਵਿਗਿਆਨ ਦੀ ਸੀਮਾ ਇੰਦਰੀ-ਅਨੁਭਵ ਦੀ ਸੀਮਾ ਦੀ ਆਖਰੀ ਹੱਦ ਹੈ। ਇਥੇ ਗਲਤੀ ਸਾਡੀ ਹੈ ਜੋ ਅਸੀਂ ਵਿਗਿਆਨ ਅਤੇ ਧਰਮ ਵਿਚ ਇੰਦਰੀ-ਅਨੁਭਵ ਅਤੇ ਅੰਤਰ ਬੋਧ (intiution) ਦੀ ਪੱਕੀ ਲਕੀਰ ਖਿੱਚੀ ਬੈਠੇ ਹਾਂ। ਵਾਸਤਵ ਵਿਚ ਅਜਿਹੀ ਕੋਈ ਗੱਲ ਨਹੀਂ ਕਿੰਨੀਆਂ ਹੀ ਉਦਾਹਰਣਾਂ ਹਨ ਜਦੋਂ ਵਿਗਿਆਨੀ ਵੀ ਆਪਣੇ ਸਿਧਾਤਾਂ, ਧਾਰਨਾਵਾਂ ਤੇ ਨੇਮਾਂ ਦੇ ਵਿਕਾਸ ਖਾਤਰ ਕਿਸੇ ਨਾ ਕਿਸੇ ਪੱਧਰ ਉਤੇ ਅਚੇਤ ਹੀ ਅੰਤਰ-ਸੂਝ ਤੋਂ ਚਾਨਣ ਹਾਸਲ ਕਰਦੇ ਹਨ। ਆਖਰੀ ਸੀਮਾ ਤੋਂ ਨਾਂ ਤਾਂ ਪਿੱਛੇ ਹਟਦੇ ਹਨ ਨਾ ਢੇਰੀ ਢਾਹ ਕੇ ਬੈਠਦੇ ਹਨ। ਅੰਤਰ-ਸੂਝ ਤੇ ਗਿਆਨ ਦੀ ਚਿੰਗਾੜੀ ਪਤਾ ਨਹੀਂ ਕਦ ਉਹਨਾਂ ਦੇ ਮਨ ਮਸਤਕ ਨੂੰ ਜਗਮਗਾ ਦਿੰਦੀ ਹੈ। ਸੋ ਵਜ਼ੀਰ ਸਿੰਘ ਦੇ ਵਿਚਾਰ ਨਾਲ ਸਹਿਮਤ ਹੋਣਾ ਔਖਾ ਹੈ।

ਕੁਲਦੀਪ ਸਿੰਘ ਧੀਰ ਲਿਖਦੇ ਹਨ, "ਰਹੱਸਵਾਦੀ ਵਾਂਗ ਹੀ ਕਿੰਨੀ ਹੀ ਵਾਰ ਵਿਗਿਆਨੀਆਂ ਨੂੰ ਵੀ ਆਪਣੀ ਖੋਜ ਦੌਰਾਨ ਅੰਤਰਮੁਖੀ ਵਿਧੀ ਨਾਲ ਅਚਾਨਕ ਕਈ ਸਿਧਾਂਤਕ ਲੱਭਤਾਂ ਹੋਈਆਂ ਹਨ। ਕੈਕੂਲੇ ਨੂੰ ਬੇਨਜ਼ੀਨ ਦੇ ਅਣੂ ਵਿਚ ਕਾਰਬਨ ਅਤੇ ਹਾਈਡ੍ਰੋਜਨ ਦੀ ਸੰਰਚਨਾ ਇੰਜ ਹੀ ਸੁਝੀ ਸੀ। ਆਰਕੀਮੀਡਜ਼ ਨੂੰ ਨਹਾਂਦੇ ਸਮੇਂ ਪਾਣੀ ਅਤੇ ਦ੍ਰਵਾਂ ਦੇ ਉਛਾਲ ਸਿਧਾਂਤ ਦੀ ਸੋਝੀ ਹੋਈ ਸੀ ਅਤੇ ਉਹ ਨੰਗ-ਧੜੰਗਾ ਸ਼ਹਿਰ ਦੀਆਂ ਗਲੀਆਂ ਸੜਕਾਂ ਉਤੇ ਦੌੜ ਪਿਆ ਸੀ।"[28] ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਧਰਮ ਅਤੇ ਵਿਗਿਆਨ; ਭੌਤਿਕ ਅਤੇ ਭਰਾ-ਭੌਤਿਕ ਵਿਚ ਵੰਡ ਕਰਨੀ ਜਾਂ ਵਿਰੋਧ ਵਿਚ ਵੇਖਣ ਦੀ ਪ੍ਰਵਿਰਤੀ ਠੀਕ ਨਹੀਂ ਹੈ। ਕਿਉਂਕਿ ਸੱਚ ਨੂੰ ਸਮਝਣ ਤੇ ਮਹਿਸੂਸ ਕਰਨ ਦਾ ਹੱਕ ਸਭ ਨੂੰ ਹੈ। ਦੋਹਾਂ ਵਿਚ ਇਕਸੁਰਤਾ ਹੋ ਸਕਦੀ ਹੈ। ਫਰਕ ਸਿਰਫ ਏਨਾ ਹੈ ਕਿ ਵਿਗਿਆਨੀ ਕਰਮਕਾਂਡੀ ਨਹੀਂ ਹੁੰਦਾ। ਨਹੀਂ ਤਾਂ ਕੁਦਰਤ ਦੇ ਨਿਯਮਾਂ/ਨੇਮਾਂ ਦੀ ਇਕਸਾਰਤਾ ਵੇਖ ਕੇ ਤਾਂ ਵਿਗਿਆਨੀ ਵੀ ਹੈਰਾਨੀ ਅਤੇ ਵਿਸਮਾਦ ਨਾਲ ਭਰ ਜਾਂਦੇ ਹਨ।

---

[27] ਵਜ਼ੀਰ ਸਿੰਘ, *ਉਹੀ,* ਪੰ. 17.

[28] ਕੁਲਦੀਪ ਸਿੰਘ ਧੀਰ, *ਉਹੀ,* ਪੰ. 5.

**ਬ੍ਰਹਿਮੰਡ ਅਤੇ ਧਰਮ :** ਇੱਥੇ ਅਸੀਂ ਬ੍ਰਹਿਮੰਡ ਅਤੇ ਸ੍ਰਿਸ਼ਟੀ ਰਚਨਾ ਬਾਰੇ ਪੱਛਮੀ ਧਰਮਾਂ, ਵਿਗਿਆਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਸਿੱਖ ਧਾਰਮਿਕ ਅਨੁਭਵ ਦੇ ਹਵਾਲੇ ਨਾਲ ਗੱਲ ਕਰਾਂਗੇ। *ਬਾਈਬਲ* ਤੋਂ ਗੱਲ ਸ਼ੁਰੂ ਕਰਨੀ ਪਵੇਗੀ। *ਬਾਈਬਲ* ਇਕ ਅਜਿਹਾ ਧਰਮ ਗ੍ਰੰਥ ਹੈ ਜਿਸਦਾ ਤਕਰੀਬਨ ਹਰ ਭਾਸ਼ਾ ਵਿਚ ਅਨੁਵਾਦ ਹੋ ਚੁੱਕਾ ਹੈ। *ਬਾਈਬਲ* ਦਾ ਸ਼ਾਬਦਿਕ ਅਰਥ ਪਵਿੱਤਰ ਕਿਤਾਬ ਜਾਂ ਕਿਤਾਬਾਂ ਦਾ ਸਮੂਹ ਹੈ। *ਬਾਈਬਲ* ਦੇ ਦੋ ਮੁੱਖ ਭਾਗ ਹਨ- *ਪੁਰਾਣਾ ਅਹਿਦਨਾਮਾ* ਅਤੇ *ਨਵਾਂ ਅਹਿਦਨਾਮਾ* । ਭਾਵੇਂ ਇਸ ਧਰਮ ਗ੍ਰੰਥ ਪਵਿੱਤਰ ਬਾਈਬਲ ਦੇ ਦੋ ਵੱਖ-ਵੱਖ ਗ੍ਰੰਥ ਹਨ ਪਰ ਇਹ ਦੋਵੇਂ ਇਕ ਦੂਜੇ ਨਾਲ ਸੰਬੰਧਤ ਹਨ।[29] *ਬਾਈਬਲ* ਵਿਚ *ਪੁਰਾਣੇ ਅਹਿਦਨਾਮੇ* ਵਿਚ *'ਉਤਪਤ'* ਦੀ ਪੁਸਤਕ ਵਿਚ ਦੱਸਿਆ ਗਿਆ ਹੈ ਕਿ ਪਰਮੇਸ਼ਰ ਨੇ ਛੇ ਦਿਨਾਂ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਸਤਵੇਂ ਦਿਨ ਆਰਾਮ ਕੀਤਾ।

ਜਿਸਨੂੰ ਸਬਤ (ਪਵਿੱਤਰ) ਅਤੇ ਪਰਮੇਸ਼ਰ ਦਾ ਨਾਮ ਲੈਣ ਦਾ ਦਿਨ ਮੰਨਿਆ ਜਾਂਦਾ ਹੈ। ਇਸ ਤੋਂ ਹੀ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਨੇ ਹਫਤੇ ਵਿਚ ਇਕ ਦਿਨ ਆਰਾਮ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਯਹੂਦੀ ਸ਼ੁੱਕਰਵਾਰ ਸ਼ਾਮ ਤੋਂ ਲੈ ਕੇ ਸ਼ਨੀਵਾਰ ਸ਼ਾਮ ਤਕ ਪਵਿੱਤਰ ਦਿਨ ਮੰਨਦੇ ਹਨ। ਈਸਾਈ ਐਤਵਾਰ ਨੂੰ ਅਤੇ ਮੁਸਲਿਮ ਜੁੰਮਾ ਭਾਵ ਸ਼ੁੱਕਰਵਾਰ ਨੂੰ ਆਰਾਮ ਦਾ ਦਿਨ ਮੰਨਦੇ ਹਨ। ਈਸਾਈ ਧਰਮ ਦਾ ਬੋਲਬਾਲਾ ਵਧੇਰੇ ਹੋਣ ਕਾਰਨ ਹੁਣ ਐਤਵਾਰ ਹੀ ਆਰਾਮ (ਛੁੱਟੀ) ਦਾ ਦਿਨ ਬਣ ਗਿਆ ਹੈ।

ਗੁਰਬਾਣੀ ਛੇ ਦਿਨਾਂ ਵਿਚ ਕੀਤੇ ਪਸਾਰੇ ਨੂੰ ਨਹੀਂ ਮੰਨਦੀ ਨਾ ਹੀ ਕਿਸੇ ਦਿਨ ਮੁਹਰਤ, ਵਾਰ ਨੂੰ ਪਵਿੱਤਰ ਮੰਨਦੀ ਹੈ। ਅਜਿਹੇ ਰਚਨਹਾਰ ਅਕਾਲ ਪੁਰਖ ਦਾ ਕੋਈ ਵੇਦ, ਕਤੇਬ (ਬਾਈਬਲ, ਕੁਰਾਨ) ਜੋਗੀ ਆਦਿ ਕੋਈ ਧਰਮ ਗ੍ਰੰਥ ਲੇਖਾ ਲਿਖ ਹੀ ਨਹੀਂ ਸਕਦਾ। ਵੇਖੋ ਗੁਰੂ ਪ੍ਰਮਾਣ:

ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥...21॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 4)

---

[29] ਤੇਜਿੰਦਰ ਕੌਰ ਧਾਲੀਵਾਲ, *ਯਹੂਦੀ ਅਤੇ ਇਸਾਈ ਧਰਮ (ਇਕ ਸੰਖੇਪ ਜਾਣਕਾਰੀ),* ਗ੍ਰੇਸ਼ਿਅਸ ਬੁੱਕਸ, ਪਟਿਆਲਾ, 2008, ਪੰ. 94.

ਥਿਤੀ ਵਾਰ ਸੇਵਹਿ ਮੁਗਧ ਗਵਾਰ॥

(ਬਿਲਾਵਲੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 843)

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

(ਮਾਂਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 133)

ਬਾਈਬਲ ਨੇ ਇਕ ਧਰਤੀ, ਸੂਰਜ ਅਤੇ ਚੰਨ ਦੀ ਗੱਲ ਕੀਤੀ ਹੈ ਪਰ ਗੁਰਬਾਣੀ ਨੇ ਨਿਰਗੁਣ ਬ੍ਰਹਮ ਦੀ ਅਫੁਰ (ਸੁੰਨ) ਅਵਸਥਾ ਵਿਚੋਂ ਸਾਰਾ ਪਸਾਰਾ ਹੋਇਆ ਦੱਸਿਆ ਹੈ ਜਿਸ ਵਿਚ ਕਿੰਨੇ ਹੀ ਸੂਰਜ, ਚੰਨ, ਪਾਤਾਲ, ਆਕਾਸ਼, ਸਮੁੰਦਰ ਆਦਿ ਹਨ। ਗੁਰਬਾਣੀ ਕਰੋੜਾਂ ਭਾਵ ਅਣਗਿਣਤ ਬ੍ਰਹਿਮੰਡਾਂ ਦੀ ਗੱਲ ਕਰਦੀ ਹੈ:

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥...35॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 7)

ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥1॥

(ਮਾਰੂ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1003)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥...22॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 5)

ਥਟਣਹਾਰੈ ਥਾਟੁ ਆਪੇ ਹੀ ਥਟਿਆ॥...1॥

(ਰਾਮਕਲੀ ਕੀ ਵਾਰ, ਪਉੜੀ 1, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 957)

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥...1॥

(ਰਾਗੁ ਬਿਲਾਵਲੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 797)

ਖਿਨ ਮਹਿ ਢਾਹੇ ਫੇਰਿ ਉਸਾਰੇ॥...1॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1034)

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥...3॥

(ਸਿਰੀਰਾਗੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 19)

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਦਾ ਸਮਾਂ ਕੋਈ ਨਹੀਂ ਦੱਸ ਸਕਦਾ। ਹੈਰਾਨੀ ਦੀ ਗੱਲ ਇਹ ਹੈ ਕਿ ਕੈਪਲਰ ਜਿਹੇ ਵਿਗਿਆਨੀ ਵੀ ਇਸ ਪੱਖੋਂ ਕਿੰਤੂ ਮੁਕਤ ਸੋਚ ਦੇ ਧਾਰਨੀ ਨਹੀਂ ਹਨ। ਬਾਇਬਲੀਕਲ ਰਿਕਾਰਡਾਂ ਤੋਂ ਦਾਂਤੇ ਨੇ ਇਹ ਨਿਸ਼ਕਰਸ਼ ਪੇਸ਼ ਕੀਤਾ ਸੀ ਕਿ ਆਦਮ ਦਾ ਜਨਮ 5198 ਈ. ਪੂਰਵ ਵਿਚ ਹੋਇਆ। ਕੈਪਲਰ ਨੇ ਕਿਹਾ ਕਿ ਬ੍ਰਹਿਮੰਡ ਦੀ ਉਤਪਤੀ 3877 ਈਸਵੀ ਪੂਰਵ ਵਿਚ ਹੋਈ। ਆਇਰਿਸ਼ ਬਿਸ਼ਪ ਜੇਮਜ਼ ਉਸ਼ਰ ਨੇ ਬ੍ਰਹਿਮੰਡ ਦੀ ਉਤਪਤੀ 4004 ਈ. ਪੂਰਵ ਮਿਥੀ। ਹੋਰ ਤਾਂ ਹੋਰ, ਤੁਸੀਂ ਇਹ ਜਾਣ ਕੇ ਹੈਰਾਨ ਨਹੀਂ ਹੋਵੋਗੇ ਕਿ ਨਿਊਟਨ ਜਿਹੇ ਮਹਾਨ ਵਿਗਿਆਨੀ ਨੇ 'ਕਰੋਨਾਲੋਜੀ ਆਫ ਐਨਸ਼ੀਐਂਟ ਕਿੰਗਡਮਜ਼ ਅਮੈਂਡਿਡ' ਵਿਚ ਇਹ ਮਿਤੀ 3988 ਈ. ਪੂ. ਮਿਥੀ।[30]

ਕੁਲਦੀਪ ਸਿੰਘ ਧੀਰ ਅਨੁਸਾਰ, "ਪੱਛਮ ਵਿਚ ਇਕ ਪਾਸੇ ਕਾਪਰਨੀਕਸ਼, ਥਾਮਸ ਡਿਗਜ਼, ਬਰੂਨੋ, ਗੈਲੀਲੀਓ ਤੇ ਟਾਈਕੋ ਬਗਹੇ ਬ੍ਰਹਿਮੰਡ ਦੇ ਸਰੂਪ ਤੇ ਵਿਸਤਾਰ ਦੀ ਤਸਵੀਰ ਆਪੋ-ਆਪਣੇ ਤਰੀਕੇ ਨਾਲ ਉਜਾਗਰ ਕਰ ਰਹੇ ਸਨ। ਪੱਛਮ ਦਾ ਧਾਰਮਿਕ ਚਿੰਤਨ ਤੇ ਚਰਚ ਇਸ ਨਾਲ ਸਿੱਧਾ ਵਿਰੋਧ ਥਾਪ ਰਹੇ ਸਨ। ਇਸ ਪੱਖੋਂ ਗੁਰਬਾਣੀ ਤੇ ਗੁਰੂ ਦੋਵੇਂ ਬ੍ਰਹਿਮੰਡ ਦੇ ਸਰੂਪ/ਵਿਸਤਾਰ ਬਾਰੇ ਹੀ ਨਹੀਂ, ਇਸ ਦੇ ਉਦਗਮ ਵਿਕਾਸ ਤੋਂ ਵੀ ਅਗਾਂਹ ਦੇਸ਼ ਕਾਲ ਦੇ ਸੰਕਲਪਾਂ ਬਾਰੇ ਅੰਤਰ-ਦ੍ਰਿਸ਼ਟੀਆਂ ਪੇਸ਼ ਕਰ ਰਹੇ ਦਿਸਦੇ ਹਨ।"[31]

ਈਸਾਈਅਤ ਵਿਚ ਅਸਲੀ ਪਾਪ (original sin) ਗਿਆਨ ਬ੍ਰਿਛ ਨੂੰ ਲਗੇ ਵਿਵਰਜਤ ਫਲ ਨੂੰ ਖਾਣ ਨਾਲ ਪੈਦਾ ਹੋਇਆ ਮੰਨਿਆ ਜਾਂਦਾ ਹੈ। ਸੋ ਪੱਛਮੀ ਚਿੰਤਕਾਂ ਨੇ ਗਿਆਨ ਨੂੰ ਸਾਰੇ ਦੁੱਖਾਂ ਦਾ ਕਾਰਣ ਵੀ ਪਰਵਾਨ ਕੀਤਾ ਹੋਇਆ ਹੈ।[32] ਭਲੇ ਬੁਰੇ ਦੀ ਪਛਾਣ ਕਰਨ ਵਾਲਾ ਵਿਵਰਜਤ ਫਲ ਖਾਣ ਦੀ ਸਜਾ ਵਜੋਂ ਆਦਮ ਤੇ ਹਵਾ ਨੂੰ ਅਦਨ ਦੇ ਬਾਗ ਵਿਚੋਂ ਕੱਢ ਦਿੱਤਾ ਗਿਆ।[33] ਪ੍ਰਿੰ. ਤੇਜਾ ਸਿੰਘ ਅਨੁਸਾਰ, "ਸਾਮੀ ਨਸਲ ਦੇ ਲੋਕਾਂ ਨੇ ਰੱਬ ਨੂੰ ਇਕ ਕਰਕੇ ਤਾਂ ਮੰਨਿਆ ਪਰ ਉਸ ਨੂੰ ਸ੍ਰਿਸ਼ਟੀ ਤੋਂ ਬਾਹਰ ਬਹੁਤ ਦੂਰ ਤੇ ਉਤਾਂਹ ਕਰਕੇ ਥਾਂ ਦਿਤੀ, ਜਿਸ ਕਰਕੇ ਉਹ ਰੋਜ਼ ਰੋਜ਼ ਦੀ ਘਰੋਗੀ ਵਰਤੋਂ ਜੋਗਾ ਸਾਥੀ ਜਾਂ ਪਿਆਰਾ, 'ਪ੍ਰਭ ਨੇਰੈ ਹੂ

---

[30] ਕੁਲਦੀਪ ਸਿੰਘ ਧੀਰ, *ਉਹੀ,* ਪੰ. 76.

[31] *ਉਹੀ,* ਪੰ. 75.

[32] ਬਲਕਾਰ ਸਿੰਘ, *ਉਹੀ,* ਪੰ. 59.

[33] *ਪਵਿੱਤਰ ਬਾਈਬਲ, ਉਤਪਤ, 3: 23,* ਪੰ. 6.

ਤੇ ਨੇਰਿਆ' ਕਰਕੇ ਨਹੀਂ ਮੰਨਿਆ ਜਾ ਸਕਦਾ।"[34] ਇਸ ਦੇ ਮੁਕਾਬਲੇ ਗੁਰਮਤਿ ਦਾ ਅਕਾਲ ਪੁਰਖ ਅੰਤਰਯਾਮੀ ਹੈ। ਉਹ ਘਟਿ ਘਟਿ (ਹਰ ਸਰੀਰ) ਵਿਚ ਵਸ ਰਿਹਾ ਹੈ ਗੁਰਬਾਣੀ ਇਹ ਗੱਲ ਪੁਕਾਰ-ਪੁਕਾਰ ਕੇ ਕਹਿ ਰਹੀ ਹੈ। ਸਿੱਖ ਦਾ ਪ੍ਰਭੂ ਘਟਿ-ਘਟਿ ਦੇ ਅੰਦਰ ਦੀ ਬਿਰਥਾ ਜਾਣਦਾ ਹੈ ਅਤੇ ਭਲੇ ਬੁਰੇ ਦੀ ਪੀੜ ਪਛਾਣਦਾ ਹੈ। ਅਜਿਹੇ ਠਾਕੁਰ ਪ੍ਰਭੂ ਤੋਂ ਭਗਤ ਜੋ ਮੰਗਦਾ ਹੈ ਸੋ ਉਸ ਨੂੰ ਮਿਲ ਜਾਂਦਾ ਹੈ।

ਇਹ ਬ੍ਰਹਿਮੰਡ ਨਿਤ ਲਗਾਤਾਰ ਵੱਧਦਾ ਜਾ ਰਿਹਾ ਹੈ। ਉੱਚਤਮ ਉਦੇਸ਼ ਦੀ ਪ੍ਰਾਪਤੀ ਲਈ ਇਹ ਨਿਤ ਪਸਰਦਾ ਜਾ ਰਿਹਾ ਹੈ। ਗੁਰਬਾਣੀ ਦਾ ਸਾਹਿਬ (ਪ੍ਰਭੂ) ਵੀ ਨਿਤ ਨਿਤ ਨਵਾਂ ਹੈ ਜੋ ਲਗਾਤਾਰ ਦਾਤਾ ਦੇ ਰਿਹਾ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਅਨੇਕਾਂ ਵਾਰੀ ਇਸ ਪਸਾਰੇ ਨੂੰ ਸਮਝਣ ਅਤੇ ਪੂਰੀ ਤਰ੍ਹਾਂ ਬਿਆਨੇ ਜਾਣ ਦੀ ਅਸਮਰੱਥਾ ਦਾ ਜ਼ਿਕਰ ਕਰਦੇ ਹਨ। ਉਹਨਾਂ ਨੇ ਉਹੀ ਦੱਸਿਆ ਹੈ ਜੋ ਪਰਮਾਤਮਾ ਨੇ ਉਹਨਾਂ ਨੂੰ ਕਿਹਾ ਹੈ:

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥1॥

(ਧਨਾਸਰੀ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 660)

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥
ਤੇਰਾ ਅੰਤੁ ਨਾ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥2॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨਾ ਕਥਿਆ ਜਾਈ॥
ਜੋ ਤੁਧ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥3॥

(ਬਿਲਾਵਲ, ਮ. 1, ਚਉਪਦੇ ਘਰੁ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 795)

ਬਾਈਬਲ ਵਿਚ ਯਹੋਸ਼ੂਆ ਦੀ ਪੁਸਤਕ ਵਿਚ ਯਹੋਸ਼ੂਆ ਨੇ ਸੂਰਜ ਅਤੇ ਚੰਦਰਮਾ ਨੂੰ ਆਪਣੀ ਯਾਤਰਾ (ਧਰਤੀ ਦੁਆਲੇ ਘੁੰਮਣ ਦੀ) ਰੋਕਣ ਲਈ ਪ੍ਰਾਥਨਾ ਕਰਨ ਦੀ ਕਥਾ ਮਿਲਦੀ ਹੈ ਜਿਸ ਅਨੁਸਾਰ ਸੂਰਜ ਨੇ ਧਰਤੀ ਦੁਆਲੇ ਆਪਣੀ ਪਰਿਕਰਮਾ ਰੋਕ ਦਿਤੀ ਤਾਂ ਜੋ ਯਹੋਸ਼ੂਆ ਲੜਾਈ ਜਿੱਤ ਸਕੇ। ਬਾਈਬਲ ਅਨੁਸਾਰ, "ਉਸ ਦਿਨ ਯਹੋਸ਼ੂਆ ਨੇ ਆਪਣੇ ਲੋਕਾਂ ਸਾਹਮਣੇ ਪ੍ਰਭੂ ਨੂੰ ਕਿਹਾ: 'ਸੂਰਜ ਇਬਓਨ ਉਤੇ ਅਤੇ ਚੰਦਰਮਾ ਅਯਾਲੋਨ ਦੀ ਵਾਦੀ ਉਤੇ ਠਹਿਰਿਆ ਰਹੇ।' ਇਸ ਤੇ ਸੂਰਜ ਅਤੇ ਚੰਦਰਮਾ ਯਹੋਸ਼ੂਆ ਦੇ ਕਹੇ ਤੇ ਉਸ ਸਮੇ

[34] ਪ੍ਰਿੰ. ਤੇਜਾ ਸਿੰਘ ਐਮ. ਏ., *ਉਹੀ,* ਪੰਨੇ 12-13.

ਤਕ ਠਹਿਰਿਆ।"[35] ਇਸ ਕਥਾ ਅਨੁਸਾਰ ਪਹਿਲੀ ਵਾਰ ਸੂਰਜ ਨੇ ਧਰਤੀ ਦੁਆਲੇ ਆਪਣੀ ਪਰਿਕਰਮਾ ਰੋਕੀ। ਇਸ ਦੇ ਉਲਟ ਜਦੋਂ ਵਿਗਿਆਨੀਆਂ ਨੇ ਇਹ ਸਾਬਤ ਕਰਨਾ ਚਾਹਿਆ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤਾਂ ਚਰਚ ਅਤੇ ਕੱਟੜ ਧਾਰਮਿਕ ਚਿੰਤਕਾਂ ਨੂੰ ਗੱਲ ਹਜ਼ਮ ਨਾ ਹੋਈ। ਇੱਥੋਂ ਚਰਚ ਅਤੇ ਵਿਗਿਆਨ ਦਾ ਪਾੜਾ ਵੱਧ ਗਿਆ।

ਸੰਨ 1600 ਈ. ਵਿਚ ਗੁਰਦਾਨੋ ਬਰੂਨੋ ਨੂੰ ਰੋਮ ਵਿਚ ਸਿਰਫ ਇਸ ਲਈ ਜਿਉਂਦਾ ਹੀ ਸਾੜ ਦਿੱਤਾ ਗਿਆ ਸੀ ਕਿ ਉਸ ਨੇ ਕਿਹਾ ਸੀ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਸੰਨ 1642 ਈ. ਵਿਚ ਗੈਲੀਲੀਓ ਨੂੰ ਵਰਿਆਂ ਬੱਧੀ ਮੁਕੱਦਮੇਬਾਜ਼ੀ ਤੇ ਨਜ਼ਰਬੰਦੀ ਦੀਆਂ ਪਰੇਸ਼ਾਨੀਆਂ ਇਸ ਲਈ ਸਹਿਣੀਆਂ ਪਈਆਂ ਕਿ ਉਸ ਨੇ ਧਰਤੀ ਦੇ ਸੂਰਜ ਦੁਆਲੇ ਘੁੰਮਣ ਤੇ ਹੋਰ ਧਰਤੀਆਂ ਦੀ ਹੋਂਦ ਦੀ ਗੱਲ ਕੀਤੀ ਸੀ।[36]

ਗੈਲੀਲੀਓ ਨੇ 1642 ਈ. ਵਿਚ ਧਰਤੀ ਦੇ ਘੁੰਮਣ ਅਤੇ ਹੋਰ ਧਰਤੀਆਂ ਦੀ ਹੋਂਦ ਦੀ ਆਸ ਪ੍ਰਗਟਾਈ। ਇਸ ਸੰਭਾਵਨਾ ਜਾਂ ਸ਼ੰਕੇ ਤੋਂ 100 ਸਾਲ ਤੋਂ ਵੀ ਵਧ ਸਮਾਂ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ.) ਨੇ ਪਹਿਲਾਂ ਹੀ ਸਪੱਸ਼ਟ ਸ਼ਬਦਾਂ ਵਿਚ *'ਮਾਰੂ ਸੋਲਹੇ'* ਦੇ ਸ਼ਬਦਾਂ ਅਤੇ *ਜਪੁ ਜੀ* ਵਿਚ ਵੀ 'ਧਰਤੀ ਹੋਰ ਪਰੈ ਹੋਰੁ' ਅਤੇ 'ਪਤਾਲਾ ਪਾਤਾਲ ਲਖ ਆਗਾਸਾ ਆਗਾਸ' ਕਹਿ ਕੇ ਗੱਲ ਨਿਬੇੜ ਦਿੱਤੀ ਸੀ। ਗੁਰੂ ਸਾਹਿਬ ਨੇ ਕਿੰਨੇ ਹੀ ਇੰਦ, ਚੰਦ ਅਤੇ ਸੂਰ (ਸੂਰਜ) ਹੋਣ ਦੀ ਪੁਸ਼ਟੀ ਵੀ ਕਰ ਦਿੱਤੀ ਸੀ। ਇਸ ਦੇ ਨਾਲ ਹੀ ਭਾਰਤੀ ਪਰੰਪਰਾ ਵਿਚ ਸਦੀਆਂ ਤੋਂ ਵਰਤੇ ਜਾਂਦੇ ਚੁਰਾਸੀ ਲੱਖ ਜੂਨਾਂ ਦੇ ਜੀਵਾਂ ਦੇ ਸੰਕਲਪ ਅਤੇ ਧਰਤੀ ਦੇ ਕਿਸੇ ਧੌਲ (ਬਲਦ) ਦੇ ਸਿੰਗਾਂ ਉਤੇ ਘੜੇ ਹੋਣ ਦੀ ਗੱਲ ਦਾ ਵੀ ਖੰਡਨ ਕੀਤਾ। ਧੌਲ (ਬਲਦ) ਦੀ ਥਾਂ ਉਹਨਾਂ ਨੇ ਧਰਮ (ਜਾਂ ਨਿਯਮ) ਦੇ ਆਸਰੇ ਧਰਤੀ ਨੂੰ ਖੜੀ ਕਿਹਾ ਹੈ।

ਕੁਰਾਨ ਸਰੀਫ਼ ਇਕ ਪਵਿੱਤਰ ਗ੍ਰੰਥ ਹੈ ਜਿਸ ਨੂੰ ਅੱਲ੍ਹਾ ਦਾ ਕਲਾਮ ਕਿਹਾ ਗਿਆ ਹੈ। ਕੁਰਾਨ ਵਿਚ ਕਈ ਥਾਵਾਂ ਤੇ ਇਹ ਜ਼ਿਕਰ ਆਉਂਦਾ ਹੈ ਕਿ ਕੁਰਾਨ ਮੁਹੰਮਦ ਸਾਹਿਬ ਦਾ ਨਿੱਜੀ ਕਲਾਮ ਨਹੀਂ ਬਲਕਿ ਇਹ ਤਾਂ ਖ਼ੁਦਾ ਦੀ ਤਰਫੋਂ ਨਾਜ਼ਲ ਕੀਤੀ ਵਹੀ (ਹੁਕਮ) ਹੈ। ਇਸ ਇਲਾਹੀ ਕਲਾਮ ਰਾਹੀਂ ਜੋ ਕੁਝ ਮੁਹੰਮਦ

35 *ਪਵਿੱਤਰ ਬਾਈਬਲ, ਯਹੋਸ਼ੁਆ,* 10: 12, ਪੰ. 320.

36 ਕੁਲਦੀਪ ਸਿੰਘ ਧੀਰ, *ਉਹੀ,* ਪੰ. 87.

ਸਾਹਿਬ ਨੂੰ ਆਦੇਸ਼ ਹੁੰਦਾ ਸੀ ਉਹ ਹੂ-ਬ-ਹੂ ਉਸ ਦਾ ਪ੍ਰਗਟਾਵਾ ਕਰਦੇ ਸਨ। ਉਹ ਇਸ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਹੀਂ ਕਰਦੇ ਸਨ। ਇਸ ਕਰਕੇ ਇਸ ਨੂੰ ਅੱਲ੍ਹਾ ਦਾ ਕਲਾਮ ਕਿਹਾ ਗਿਆ ਹੈ।

ਇਸਲਾਮ ਵਿਚ ਜਿੱਥੇ ਮੁਹੰਮਦ ਸਾਹਿਬ ਨੂੰ ਈਸਾਈਆਂ ਅਤੇ ਯਹੂਦੀਆਂ ਦੁਆਰਾ ਆਪਣੇ ਨਬੀਆਂ ਨੂੰ ਦਿੱਤੇ ਗਏ ਸਨਮਾਨ ਨਾਲੋਂ ਵੀ ਵੱਧ ਸ਼ਰਧਾ ਤੇ ਸਤਿਕਾਰ ਦਾ ਪਾਤਰ ਬਣਾਇਆ ਗਿਆ ਹੈ ਅਤੇ ਕੁਰਾਨ ਨੂੰ ਬਾਈਬਲ ਵਾਂਗ ਹੀ ਸ਼ਬਦ ਮੰਨਿਆ ਗਿਆ ਹੈ, ਉੱਥੇ ਮੁਹੰਮਦ ਕੇਵਲ ਇਕ ਰਸੂਲ ਹਨ, ਈਸਾ ਵਾਂਗ ਰੱਬ ਦੇ ਪੁੱਤਰ ਨਹੀਂ। ਸ਼ਬਦ ਉਹਨਾਂ ਦਾ ਸੰਦੇਸ਼ ਹੈ ਨਿੱਜੀ ਵਿਅਕਤੀਤਵ ਨਹੀਂ।[37] ਇਸ ਲਈ ਮੁਹਮੰਦ ਸਾਹਿਬ ਨੂੰ ਖ਼ੁਦਾ ਦਾ ਆਖਰੀ ਰਸੂਲ ਅਤੇ ਕੁਰਾਨ ਨੂੰ ਆਖਰੀ ਇਲਹਾਮ ਮੰਨਿਆ ਜਾਂਦਾ ਹੈ । ਪਰੰਤੂ ਕੁਝ ਵਿਦਵਾਨ ਇਸ ਨੂੰ ਆਖਰੀ ਤੇ ਪੂਰਨ ਇਲਹਾਮ  ਮੰਨਣ ਲਈ ਸਹਿਮਤ ਨਹੀਂ ਹਲਾਂਕਿ ਕੁਰਾਨ ਵਿਚ ਵਾਰ-ਵਾਰ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਇਹ ਆਖਰੀ ਇਲਹਾਮੀ ਪੁਸਤਕ ਹੈ। ਦਰਸ਼ਨ ਸਿੰਘ ਨੇ ਏ. ਜੇ. ਅਰਬੇਰੀ ਦੀ ਪੁਸਤਕ *Revelation and Reason in Islam* ਦੇ ਹਵਾਲੇ ਨਾਲ ਲਿਖਿਆ ਹੈ ਕਿ, "ਇਸ ਇਲਹਾਮੀ ਗ੍ਰੰਥ ਨੂੰ ਪੂਰਨ ਅਤੇ ਆਖਰੀ ਪੁਸਤਕ ਕਹਿਣ ਵਿਚ ਕਈ ਰੁਕਾਵਟਾਂ ਪੇਸ਼ ਆਉਂਦੀਆਂ ਹਨ। ਇਕ ਤਾਂ ਇਹ ਹੈ ਕਿ ਕੁਰਾਨ ਸਮੇਂ ਦੇ ਗੇੜ ਨਾਲ ਪੈਦਾ ਹੋਈਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਿਚ ਪੂਰਨ ਭਾਂਤ ਸਮਰਥ ਨਹੀਂ ਹੋ ਸਕਿਆ ਅਤੇ ਨਾ ਹੀ ਇਸ ਦੇ ਅਰਥਾਂ ਵਿਚ ਹੀ ਸਪੱਸ਼ਟਤਾ ਰਹੀ ਹੈ। ਇਸ ਤੋਂ ਇਲਾਵਾ ਹਜ਼ਰਤ ਮੁਹੰਮਦ ਦੇ ਤਤਕਾਲੀਨ ਅਤੇ ਨਜ਼ਦੀਕੀ ਮੁਰੀਦਾਂ ਦੁਆਰਾ ਇਕੱਠੀਆਂ ਕੀਤੀਆਂ ਗਈਆਂ ਹਦੀਸਾਂ ਵੀ ਕੁਰਾਨ ਨਾਲੋਂ ਘੱਟ ਜਰੂਰੀ ਨਹੀਂ ਹਨ। ਇਸ ਲਈ ਇਹ ਕਹਿਣਾ ਕਿ ਇਸਲਾਮ ਦੁਆਰਾ ਪ੍ਰਵਾਣਿਤ ਕੇਵਲ ਕੁਰਾਨ ਹੀ ਇਕੋ ਇਕ ਇਲਹਾਮੀ ਪੁਸਤਕ ਹੈ ਬਹੁਤ ਠੀਕ ਨਹੀਂ ਜਾਪਦਾ।"[38]

ਸਾਮੀ ਧਰਮਾਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਨੇ ਸਮੇਂ-ਸਮੇਂ ਪਵਿੱਤਰ ਪੁਸਤਕਾਂ ਅਤੇ ਨਬੀਆਂ ਨੂੰ ਧਰਤੀ ਉਪਰ ਭੇਜਿਆ ਹੈ। ਇਹਨਾਂ ਨਬੀਆਂ ਨੇ ਲੋਕਾਂ ਨੂੰ ਆਪਣੇ ਉੱਪਰ ਵਿਸਵਾਸ਼ ਦਿਵਾਉਣ ਲਈ ਕਈ ਤਰ੍ਹਾਂ ਦੇ 'ਮੋਅਜ਼ਜੇ' (ਅਦੁਭਤ ਕਿਰਿਆਵਾਂ) ਜਾਂ ਕ੍ਰਿਸ਼ਮੇ ਵੀ ਕਰਕੇ ਵਿਖਾਏ ਜਿਵੇਂ ਮੂਸਾ ਦਾ ਸਮੁੰਦਰ ਨੂੰ ਦੋ ਭਾਗਾਂ ਵਿਚ ਵੰਡਣਾ, ਈਸਾ ਮਸੀਹ ਦਾ ਮੁਰਦਿਆਂ ਨੂੰ ਜਿਊਂਦਾ ਕਰਨਾ ਆਦਿ। ਇਹਨਾਂ ਚਮਤਕਾਰਾਂ ਦੀ ਅੱਜ

---

[37] ਦਰਸ਼ਨ ਸਿੰਘ, *ਉਹੀ*, ਪੰ. 96.

[38] *ਉਹੀ*, ਪੰ. *ਉਹੀ* ।

ਪੜਤਾਲ ਕਰਨੀ ਔਖੀ ਹੈ ਪਰ ਇਸਲਾਮ ਵਿਚ ਇਹ ਕ੍ਰਿਸ਼ਮਾ 'ਕੁਰਾਨ' ਦੇ ਰੂਪ ਵਿਚ ਪ੍ਰਗਟ ਮੰਨਿਆ ਜਾਂਦਾ ਹੈ।

ਏ. ਜੇ. ਆਰਬਰੀ ਤੋਂ ਵਿਪਰੀਤ ਜਾਕਿਰ ਨਾਇਕ ਲਿਖਦੇ ਹਨ, "ਹਜ਼ਰਤ ਮੁਹਮੰਦ (ਸਲ.) ਅੱਲਾਹ ਤਾਅਲਾ ਦੇ ਆਖਰੀ ਨਬੀ ਸਨ ਜਿਹੜੇ ਕਿ ਸਾਰੇ ਸੰਸਾਰ ਲਈ ਅਤੇ ਸਾਰੀ ਮਾਨਵਤਾ ਲਈ ਭੇਜੇ ਗਏ ਅਤੇ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਅੰਤ ਤਕ ਲਈ ਹਨ। ਕੁਰਆਨ ਸੂਰਤ ਅੰਬੀਆਂ, ਸੂਰਤ ਨੰ. 21, ਆਇਤ ਨੰ.107 ਵਿਚ ਸਪੱਸ਼ਟ ਦੱਸਦਾ ਹੈ: 'ਅਤੇ ਅਸੀਂ ਆਪ (ਸਲ.) ਨੂੰ ਸਾਰੀ ਦੁਨੀਆ ਲਈ ਰਹਿਮਤ ਬਣਾ ਕੇ ਭੇਜਿਆ ਹੈ '।"[39]

ਜਾਕਿਰ ਨਾਇਕ ਸਪੱਸ਼ਟ ਕਰਦੇ ਹਨ, "ਕੁਰਆਨ ਕਈ ਥਾਂ ਹੋਰ ਕਹਿੰਦਾ ਹੈ ਇਹ ਅੱਲਾਹ ਤਾਅਲਾ ਵੱਲੋਂ ਉਤਾਰੀ ਗਈ ਹੈ। ਇਸ ਗੱਲ ਦੀ ਪੁਸ਼ਟੀ ਸੂਰਤ ਨੰ. 6 ਸੂਰਤ ਅਨਆਮ, ਆਇਤ ਨੰ. 19 ਅਤੇ 92 ਵਿਚ ਹੈ। ਫਿਰ ਸੂਰਤ ਯੂਸਫ਼, ਸੂਰਤ ਨੰ: 12, ਆਇਤ ਨੰ. 1, 2 ਵਿਚ ਹੈ, ਫਿਰ ਸੂਰਤ ਨੰ. 32, ਸੂਰਤ ਅਸ-ਸਜਦਾ, ਆਇਤ ਨੰ. 1 ਤੋਂ 3 ਵਿਚ ਹੈ, ਸੂਰਤ ਨੰ. 16 ਸੂਰਤ ਅਨ-ਨਹਲ, ਆਇਤ ਨੰ. 2 ਵਿਚ, ਸੂਰਤ ਨੰ. 36, ਸੂਰਤ ਯਾਸੀਨ, ਆਇਤ ਨੰ. 1 ਤੋਂ 3, ਸੂਰਤ ਨੰ. 39, ਸੂਰਤ ਅਜ਼-ਜ਼ਮਰ, ਆਇਤ ਨੰ. 1 ਵਿਚ, ਸੂਰਤ ਨੰ: 45, ਸੂਰਤ ਅਲ-ਜਾਸੀਆ, ਆਇਤ ਨੰ. 2 ਵਿਚ, ਇਸ ਗੱਲ ਦਾ ਜ਼ਿਕਰ ਸੂਰਤ ਨੰ. 55, ਸੂਰਤ ਅਰ-ਰਹਮਾਨ, ਆਇਤ 1, 2 ਵਿਚ ਹੈ, ਸੂਰਤ ਨੰ. 56, ਸੂਰਤ ਅਲ-ਵਾਕਿਆ, ਆਇਤ 77 ਤੋਂ 80 ਵਿਚ ਇਸ ਦਾ ਜ਼ਿਕਰ ਹੈ। ਮੁੱਕਦੀ ਗੱਲ ਇਹ ਕਿ ਇਸ ਗੱਲ ਨੂੰ ਕੁਰਆਨ ਵਿਚ ਕਈ ਥਾਂ ਦੱਸਿਆ ਗਿਆ ਹੈ ਕਿ ਇਹ ਉਸ ਵੱਡੇ ਰੱਬ ਵਲੋਂ ਉਤਾਰੀ ਗਈ ਪੁਸਤਕ ਹੈ।"[40]

ਸੋ ਇਹਨਾਂ ਉਪਰੋਕਤ ਕੁਰਾਨ ਦੇ ਹਵਾਲਿਆਂ ਤੋਂ ਸਪੱਸ਼ਟ ਇਹੀ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਸਾਰੀਆਂ ਸੂਰਤਾਂ, ਆਇਤਾਂ ਮੁਤਾਬਕ ਇਹ ਕਥਨ ਸਹੀ ਹੈ ਕਿ ਕੁਰਾਨ ਅਲਾਹ ਦੀ ਇਲਹਾਮੀ ਪੁਸਤਕ ਹੈ। ਪਰੰਤੂ ਇਸ ਦੇ ਬਾਵਜੂਦ ਬਾਈਬਲ ਅਤੇ ਕੁਰਾਨ ਸੰਬੰਧੀ ਕਈ ਵਾਰ ਸ਼ੰਕਾ ਕੀਤਾ ਜਾਂਦਾ ਹੈ। ਉਸਦਾ ਇਕ ਪੱਖ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਦੋਨੋਂ ਪਵਿੱਤਰ ਗ੍ਰੰਥ ਇਹਨਾਂ ਦੇ ਨਬੀ ਤੇ ਰਸੂਲ (ਆਗੂਆਂ) ਦੇ

---

[39] ਜਾਕਿਰ ਨਾਇਕ, *ਕੀ ਕੁਰਾਨ ਅੱਲਾਹ ਦਾ ਕਲਾਮ ਹੈ? (ਭਾਸ਼ਨ ਅਤੇ ਪ੍ਰਸ਼ਨ ਉੱਤਰ),* ਮੁਹੰਮਦ ਉਮਰ ਫਾਰੂਕ (ਅਨੁ.), ਸਾਲਿਕ ਜਮੀਲ ਬਰਾੜ, ਰਸ਼ੀਦ ਅੱਬਾਸ (ਸੰਪਾ.), ਬਰਾੜ ਸੰਨਜ਼, ਮਲੇਰਕੋਟਲਾ, 2012, ਪੰ. 4.

[40] *ਉਹੀ,* ਪੰ. 13.

ਚਲਾਣੇ ਤੋਂ ਪਿੱਛੋਂ ਲਿਖੇ ਗਏ ਹਨ। ਸਮੇਂ ਦੇ ਗੁਜ਼ਰਨ ਪਿੱਛੋਂ ਸ਼ਰਧਾਲੂਆਂ ਵਲੋਂ ਆਪਣੇ ਇਸ਼ਟ ਅਤੇ ਉਸਦੀਆਂ ਸਿੱਖਿਆਵਾ ਨੂੰ ਆਖਰੀ ਤੇ ਉੱਤਮ ਠਹਿਰਾਉਣ ਦੀ ਕਾਹਲੀ ਵਿਚ ਗੈਰ ਵਾਜਿਬ ਅੰਸ਼ ਜੋੜੇ ਜਾਣ ਦੀ ਸੰਭਾਵਨਾ ਹਮੇਸ਼ਾ ਬਣੀ ਰਹੀ ਹੈ। ਬਾਈਬਲ ਅਤੇ ਕੁਰਾਨ ਦੀ ਰਚਨਾ ਨੂੰ ਲਿਖਤੀ ਰੂਪ ਦਿੱਤੇ ਜਾਣ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਦੀ ਇਹ ਟਿੱਪਣੀ ਵੇਖੀ ਜਾ ਸਕਦੀ ਹੈ, "ਹਜ਼ਰਤ ਈਸਾ ਦੇ ਮਰਨ ਪਿੱਛੋਂ ਦੂਸਰੀ ਸਦੀ ਦੇ ਅੰਤ ਵਿਚ ਅੰਜੀਲ ਲਿਖੀ ਗਈ ਹੈ, ਬਲਕਿ ਯੂਹੰਨਾ ਦੀ ਅੰਜੀਲ ਤੀਸਰੀ ਸਦੀ ਵਿਚ ਤਿਆਰ ਹੋਈ ਹੈ।( ਦੇਖੋ: Supernatural Religion) ਔਰ ਕੁਰਾਨ ਭੀ ਮੁਹੰਮਦ ਸਾਹਿਬ ਦੇ ਪਿੱਛੋਂ ਹਾਫ਼ਿਜ਼ਾਂ ਨੂੰ ਇੱਕਠੇ ਕਰ ਕੇ ਖਲੀਫਾ ਉਮਰ ਨੇ ਲਿਖਵਾਇਆ ਹੈ।"[41]

ਇਸਲਾਮ ਈਸਾ ਮਸੀਹ ਨੂੰ ਨਾ ਤਾਂ ਖ਼ੁਦਾ ਮੰਨਦਾ ਹੈ ਨਾ ਹੀ ਖ਼ੁਦਾ ਦਾ ਪੁੱਤਰ। ਕਿਉਂ ਕਿ ਖ਼ੁਦਾ ਸਿਰਫ ਇਕ ਹੈ। ਈਸਾ ਨੂੰ ਨਬੀ ਨਹੀਂ ਕਿਹਾ ਜਾ ਸਕਦਾ ਹੈ। ਨਾ ਹੀ ਇਸਲਾਮ ਈਸਾ ਦਾ ਸਲੀਬ ਤੇ ਟੰਗੇ ਜਾਣਾ ਮੰਨਦਾ ਹੈ ਬਲਕਿ ਈਸਾ ਉੱਪਰ ਵੱਲ ਉਠਾਏ ਗਏ ਸਨ। ਈਸਾਈ ਮਤ ਵਾਲੇ ਈਸਾ ਨੂੰ ਖ਼ੁਦਾ ਦਾ ਪੁੱਤਰ ਮੰਨਦੇ ਹਨ ਕਿਉਂ ਕਿ ਉਹ ਕੁਆਰੀ ਮਰੀਅਮ ਦੀ ਕੁੱਖੋ ਪਵਿੱਤਰ ਆਤਮਾ ਰਾਹੀਂ ਗਰਭਵਤੀ ਹੋਈ ਸੀ। ਜੇਕਰ ਈਸਾ ਦਾ ਕੋਈ ਪਿਤਾ ਨਹੀ ਹੈ ਤਾਂ ਇਸ ਹਿਸਾਬ ਨਾਲ ਤਾਂ ਬਾਬਾ ਆਦਮ ਦੀ ਵੀ ਨਾ ਮਾਤਾ ਸੀ ਨਾ ਪਿਤਾ ਕਿਉਂ ਕਿ ਪਰਮੇਸ਼ਰ ਨੇ ਆਦਮ ਨੂੰ ਸਿਰਜਿਆ ਸੀ। ਸੋ ਫਿਰ ਤਾਂ ਬਾਬਾ ਆਦਮ ਵੱਡੇ ਖ਼ੁਦਾ ਹੋਏ। ਆਦਮ ਦਾ ਕੋਈ ਵੱਡਾ ਪਿਤਾ ਨਹੀ ਸੀ ਇਹ ਬਾਈਬਲ ਵੀ ਮੰਨਦੀ ਹੈ। ਈਸਾਈ ਲੋਕ ਈਸਾ ਦੇ ਦੁਬਾਰਾ ਆਉਣ ਦੇ ਕਿਆਸ ਤੇ ਬੈਠੇ ਹਨ।

ਜਾਕਿਰ ਨਾਇਕ ਅਨੁਸਾਰ, "ਅਸੀਂ ਮੁਸਲਮਾਨ ਮੰਨਦੇ ਹਾਂ ਕਿ ਉਹ ਆਉਣਗੇ ਪ੍ਰੰਤੂ ਉਹ ਸਾਨੂੰ ਕੋਈ ਨਵੀਂ ਚੀਜ਼ ਨਹੀਂ ਸਿਖਾਉਣਗੇ। ਉਹ ਸਾਨੂੰ ਕੋਈ ਵੀ ਨਵੀਂ ਚੀਜ਼ ਨਹੀ ਦੱਸਣਗੇ। ਉਹ ਗਲਤ ਫਹਿਮੀ ਨੂੰ ਦੂਰ ਕਰਨ ਆਉਣਗੇ ਅਤੇ ਅੱਲਾਹ ਤਾਅਲਾ ਨੂੰ ਕਹਿਣਗੇ, ਐ ਅੱਲਾਹ! ਤੁਸੀ ਮੇਰੇ ਗਵਾਹ ਹੋ ਕੇ ਮੈਂ ਇਨ੍ਹਾਂ ਨੂੰ ਕਦੇ ਨਹੀਂ ਕਿਹਾ ਕਿ ਮੇਰੀ ਪੂਜਾ ਕਰੋ, ਮੈਂ ਇਨ੍ਹਾਂ ਨੂੰ ਕਦੇ ਨਹੀਂ ਕਿਹਾ ਕਿ ਮੈਨੂੰ ਖ਼ੁਦਾ ਦਾ ਪੁੱਤ ਕਹੋ। ਉਹ ਈਸਾਈਆਂ ਲਈ ਆਉਣਗੇ ਮੁਸਲਮਾਨਾਂ ਲਈ ਨਹੀਂ।... ਕੁਰਆਨ ਅਲ-ਇਮਰਾਨ, ਸੂਰਤ ਨੰ. 3, ਆਇਤ

---

[41] ਭਾਈ ਕਾਨ੍ਹ ਸਿੰਘ ਨਾਭ੍ਹਾ, *ਹਮ ਹਿੰਦੂ ਨਹੀਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2006, ਪੰ. 123 ਦਾ ਫੁਟਨੋਟ.

ਨੰ. 59 ਵਿਚ ਇਸ ਦਾ ਉੱਤਰ ਦਿੰਦਾ ਹੈ: 'ਅਲਾਹ ਦੀ ਨਜ਼ਰ ਵਿਚ ਈਸਾ ਦੀ ਮਿਸਾਲ ਆਦਮ ਵਾਂਗ ਹੈ ਕਿ ਅੱਲਾਹ ਨੇ ਉਸ ਨੂੰ ਮਿੱਟੀ ਤੋਂ ਸਾਜਿਆ ਅਤੇ ਹੁਕਮ ਦਿਤਾ ਕਿ 'ਹੋ ਜਾ' ਅਤੇ ਉਹ ਹੋ ਗਿਆ।"[42]

ਅੱਲਾਹ (ਅੱਲ੍ਹਾ) ਦੀ ਜ਼ਾਤ ਵਿਚ ਕਿਸੇ ਹੋਰ ਨੂੰ ਸ਼ਰੀਕ ਬਨਾਉਣਾ ਸਭ ਤੋਂ ਵੱਡਾ ਗੁਨਾਹ ਹੈ। ਸਿਰਕ ਤੋਂ ਭਾਵ ਰੱਬ ਦੀ ਕੋਈ ਸੰਤਾਨ ਨਹੀਂ ਹੈ। ਉਹ ਆਪਣੇ ਆਪ ਵਰਗਾ ਆਪ ਹੈ ਕੋਈ ਹੋਰ ਉਸ ਵਰਗਾ ਨਹੀਂ ਹੋ ਸਕਦਾ। ਕੁਰਾਨ ਵਿਚ ਕਈ ਸੂਰਤਾਂ, ਆਇਤਾਂ ਅਤੇ ਹਦੀਸਾਂ ਵਿਚ ਇਸ ਦਾ ਜ਼ਿਕਰ ਕੀਤਾ ਮਿਲਦਾ ਹੈ ਜਿਵੇਂ:

ਐ ਨਬੀ ਆਖ ਦਿਓ ਕਿ ਉਹ ਅੱਲਾਹ ਇਕ (ਹੀ) ਹੈ। ਅੱਲਾਹ ਬੇ ਮੁਥਾਜ ਹੈ। ਨਾ ਉਸ ਤੋਂ ਕੋਈ ਪੈਦਾ ਹੋਇਆ ਨਾ ਉਹ ਕਿਸੇ ਤੋਂ ਪੈਦਾ ਹੋਇਆ ਅਤੇ ਕੋਈ ਉਸ ਦੇ ਜੋੜ ਦਾ ਨਹੀਂ।

(ਸੂਰਤ ਨੰ.112: ਆਇਤ ਨੰ. 1, 2, 3, 4)

'ਨਾ ਉਸ ਤੋਂ ਕੋਈ ਪੈਦਾ ਹੋਇਆ ਨਾ ਉਹ ਕਿਸੇ ਤੋਂ ਪੈਦਾ ਹੋਇਆ' ਦੱਸਦਾ ਹੈ ਕਿ ਈਸਾ ਅੱਲਾ ਦਾ ਪੁੱਤਰ ਨਹੀਂ, ਕੇਵਲ ਨਬੀ ਸੀ। ਰੱਬ(ਖੁਦਾ) ਦੀ ਜ਼ਾਤ ਵਿਚ ਸ਼ਰੀਕ ਬਨਾਉਣਾ ਇਸ ਗੱਲ ਦਾ ਕਿਹਾ ਜਾਣਾ ਵੀ ਹੈ ਕਿ ਸਾਰੇ ਮਨੁੱਖ ਰੱਬ ਦੀ ਸੰਤਾਨ ਹਨ ਅਤੇ ਰੱਬ ਸਾਰਿਆਂ ਦਾ ਪਿਤਾ ਹੈ। ਇਸਲਾਮ ਇਸ ਨੂੰ ਪਾਪ ਮੰਨਦਾ ਹੈ। ਉਸ ਦੀ ਕੋਈ ਸੰਤਾਨ ਨਹੀਂ। ਇਸ ਸੰਬੰਧੀ ਕੁਰਾਨ ਕਹਿੰਦੀ ਹੈ:

(ਐ ਨਬੀ) ਉਹਨਾਂ ਲੋਕਾਂ ਨੂੰ ਵੀ ਡਰਾਦੇ ਜਿਹੜੇ ਆਖਦੇ ਹਨ ਅੱਲਾਹ ਸੰਤਾਨ ਵਾਲਾ ਹੈ (4)। ਹਕੀਕਤ ਵਿਚ ਨਾ ਤਾਂ ਉਹਨਾਂ ਨੂੰ ਇਸ ਦਾ ਗਿਆਨ ਹੈ ਨਾ ਉਹਨਾਂ ਦੇ ਬਾਪ ਦਾਦਿਆਂ ਨੂੰ। ਇਹ ਤੋਹਮਤ ਵੱਡੀ ਬੁਰੀ ਹੈ ਜਿਹੜੀ ਉਹਨਾਂ ਦੇ ਮੂੰਹ ਵਿਚੋਂ ਨਿਕਲ ਰਹੀ ਹੈ। ਉਹ ਨਿਰਾ ਝੂਠ ਬਕ ਰਹੇ ਹਨ (5)।

(ਸੂਰਤ ਅਲ-ਕਹਿਫ਼, ਆਇਤ ਨੰ: 4, 5)

ਇਥੇ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਰੱਬ ਸੱਚਾ ਆਪਣੇ ਨਬੀ ਰਾਹੀਂ ਉਹਨਾਂ ਲੋਕਾਂ ਨੂੰ ਸਪੱਸ਼ਟ ਧਮਕੀ ਤੇ ਚੇਤਾਵਨੀ ਦੇ ਰਿਹਾ ਹੈ ਜਿਹੜੇ (ਈਸਾਈ) ਰੱਬ ਦੀ ਸੰਤਾਨ ਸਾਬਤ ਕਰਦੇ ਹਨ। ਰੱਬ ਤੇ ਬੰਦੇ ਦਾ ਰਿਸ਼ਤਾ ਪਿਓ-ਪੁੱਤਰ ਦਾ ਨਹੀਂ ਇਹ ਮਾਲਕ ਤੇ ਨੌਕਰ ਵਾਂਗ ਹੈ ਜਿਸ ਵਿਚ ਇਕ ਅੰਤਰ

---

[42] ਜਾਕਿਰ ਨਾਇਕ, *ਉਹੀ*, ਪੰ. 56.

(ਫ਼ਰਕ) ਹਮੇਸ਼ਾ ਬਣਿਆ ਰਹਿੰਦਾ ਹੈ। ਨੌਕਰ ਕਦੇ ਮਾਲਕ ਨੂੰ ਪਿਤਾ ਨਹੀ ਬਣਾ ਸਕਦਾ ਭਾਵ ਦੋਵੇਂ ਕਦੀ ਇਕ ਸਮਾਨ ਨਹੀਂ ਹੋ ਸਕਦੇ।

ਮੁਹੰਮਦ ਖੁਬੈਬ ਨਦਵੀ ਲਿਖਦੇ ਹਨ, "ਰੱਬ ਗੁੱਸੇ ਭਰੇ ਅੰਦਾਜ਼ ਵਿਚ ਨਬੀ ਨੂੰ ਕਹਿ ਰਿਹਾ ਹੈ ਕਿ, 'ਏ ਨਬੀ ਇਹਨਾਂ ਲੋਕਾਂ ਨੂੰ ਉਸ ਦਿਹਾੜੇ ਤੋਂ ਡਰਾ ਦੇਵੇ, ਜਦੋਂ ਉਹ ਮਰਨ ਤੋਂ ਬਾਅਦ ਦੋਬਾਰਾ ਪੈਦਾ ਕੀਤੇ ਜਾਣਗੇ ਅਤੇ ਉਹਨਾਂ ਕੋਲੋਂ ਇਸ ਜਿੰਦਗੀ ਦਾ ਹਿਸਾਬ ਕਿਤਾਬ ਲਿਆ ਜਾਵੇਗਾ। ਉਸ ਦਿਹਾੜੇ ਅਜਿਹੇ ਲੋਕ ਜਿਹੜੇ ਆਖਦੇ ਹਨ ਕਿ ਰੱਬ ਦੀ ਸੰਤਾਨ ਹੈ। ਇਹ ਗੱਲ ਕਹਿਣ ਦੀ ਭਰਪੂਰ ਸਜ਼ਾ ਵੀ ਮਿਲੇਗੀ। ਨਹੀਂ ਤਾਂ ਇਸ ਪ੍ਰਕਾਰ ਦੀ ਗੱਲ ਆਪਣੇ ਮੂੰਹ ਵਿਚੋਂ ਨਾ ਕੱਢਣ ਅਤੇ ਸੱਚੇ ਦਿਲ ਤੋਂ ਆਪਣੇ ਰੱਬ ਤੋਂ ਮਾਫ਼ੀ ਮੰਗਣ'।"[43]

ਇਸਲਾਮ ਵਿਚ ਖ਼ੁਦਾ ਦਾ ਸਰੂਪ ਅਜਿਹਾ ਬਿਆਨਿਆ ਗਿਆ ਹੈ, ਜਿਸਦੀ ਕੋਈ ਸੰਤਾਨ ਨਹੀਂ, ਨਾ ਹੀ ਉਹ ਕਿਸੇ ਦਾ ਪਿਤਾ ਹੈ। ਨਾ ਉਹ ਕਣ-ਕਣ ਦੇ ਅੰਦਰ ਹੈ। ਸਿੱਖ ਮਤਿ ਦਾ ਸਿਧਾਂਤ ਇਸਦੇ ਐਨ ਵਿਪਰੀਤ ਹੈ। ਗੁਰਮਤਿ ਅਨੁਸਾਰ ਪਰਮਾਤਮਾ ਹਰ ਘਟਿ ਅੰਦਰ ਹੈ। ਉਹੀ ਮਾਤਾ-ਪਿਤਾ ਹੈ, ਸਾਰੇ ਉਸ ਦੇ ਬਾਰਿਕ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥1॥

(ਮਾਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 103)

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥

[43] ਮੁਹੰਮਦ ਖ਼ੁਬੈਬ ਨਦਵੀ, *ਸਭ ਤੋਂ ਵੱਡਾ ਪਾਪ ਕਿਹੜਾ ਹੈ?,* Tauheed Da'waat Ate Tablig Center, Malerkotla, 2015, ਪੰ. 24.

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥

ਜੈਸੀ ਆਗਿਆ ਤੈਸਾ ਕਰਮੁ॥

ਪਉਣ ਪਾਣੀ ਬੈਸੰਤਰ ਮਾਹਿ॥

ਚਾਰਿ ਕੁੰਟ ਦਹ ਦਿਸੇ ਸਮਾਹਿ॥

ਤਿਸ ਤੇ ਭਿੰਨ ਨਹੀ ਕੋ ਠਾਉ॥

ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥2॥23॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 293)

ਗੁਰਮਤਿ ਵਿਚ ਅਜਿਹਾ ਸਥਾਨ ਨਹੀਂ ਕਿਹਾ ਜਿੱਥੇ ਪਰਮਾਤਮਾ ਨਾ ਵੱਸਦਾ ਹੋਵੇ। ਉਹੀ ਮਾਤਾ, ਪਿਤਾ, ਮਿੱਤਰ, ਭਰਾ ਅਤੇ ਸਭ ਥਾਂ ਰੱਖਿਆ ਕਰਨ ਵਾਲਾ ਹੈ। ਉਹ ਅੰਦਰ, ਬਾਹਰ, ਹਰ ਘਟਿ (ਸਰੀਰ) ਵਿਚ ਵਿਆਪ ਰਿਹਾ ਹੈ। ਧਰਤੀ, ਆਕਾਸ਼, ਪਾਤਾਲ, ਸਾਰੇ ਲੋਕਾਂ ਵਿਚ ਉਹੀ ਹੈ, ਉਹ ਤਾਂ ਜੰਗਲਾਂ, ਕੱਖਾਂ (ਘਾਹ ਦੇ ਤਨੇ), ਹਵਾ, ਪਾਣੀ, ਅੱਗ ਵਿਚ ਹੈ, ਚਾਰਾਂ ਕੁੰਟਾਂ (ਕੋਨੇ), ਦਸਾਂ ਹੀ ਦਿਸ਼ਾਵਾਂ ਵਿਚ ਹੈ। ਮੁੱਕਦੀ ਗੱਲ ਪਰਮਾਤਮਾ ਤੋਂ ਅਲੱਗ ਕੋਈ ਸਥਾਨ(ਜਗ੍ਹਾ) ਹੈ ਹੀ ਨਹੀਂ। ਭਾਈ ਵੀਰ ਸਿੰਘ ਜੀ ਅਨੁਸਾਰ, " ਇਹ ਨਾਮ ਦੀ 'ਨਾਮ ਰਸ ਰੂਪ ਪ੍ਰਤੀਤੀ' ਫਿਰ ਸਰੀਰ ਵਿਚ ਹੀ ਨਹੀਂ ਅਟਕਦੀ ਕਈ ਵੇਰ ਚਾਰ ਚਫੇਰੇ ਪ੍ਰਤੀਤ ਦੇਂਦਾ ਹੈ ਕਿ ਇਹ ਨਾਮ ਰਸ ਸਾਰੇ ਭਰਪੂਰ ਹੈ। ਜਿਧਰ ਨਜ਼ਰ ਜਾਂਦੀ ਹੈ ਸੁੰਦਰਤਾ ਤੇ ਰਸ ਦਾ ਪ੍ਰਭਾਵ ਛਾ ਰਿਹਾ ਸਹੀ ਹੁੰਦਾ ਹੈ। ਵਣ ਤ੍ਰਿਣ ਨਾਮ ਹੀ ਨਾਮ ਹੋ ਰਿਹਾ ਦਿਸਦਾ ਹੈ।"[44]

ਇਸਲਾਮ ਮੁਹੰਮਦ ਸਾਹਿਬ ਨੂੰ ਖ਼ੁਦਾ ਦਾ ਨੂਰ ਨਹੀਂ ਮੰਨਦਾ। ਇਸ ਲਈ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਨੂਰ ਆਖਣਾ ਨਿਰਾ ਹੀ ਕੁਫਰ ਅਤੇ ਸਿਰਕ (ਅੱਲਾਹ ਦਾ ਸਾਂਝੀਦਾਰ ਬਣਾਉਣਾ) ਹੈ। ਇਸ ਪ੍ਰਕਾਰ ਦੀ ਗੱਲ ਦਾ ਦੀਨ-ਏ-ਇਸਲਾਮ ਨਾਲ ਕੋਈ ਸੰਬੰਧ ਨਹੀਂ। ਇਸ ਪ੍ਰਕਾਰ ਦੀ ਗੱਲ ਕਹਿਣਾ ਇਕ

[44] ਭਾਈ ਵੀਰ ਸਿੰਘ, *ਗੁਰਮਤਿ ਨਾਮੁ,* ਨਰਿੰਦਰ ਸਿੰਘ ਐਮ. ਏ. (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2015, ਪੰ. 24.

ਅੱਲਾਹ ਦੇ ਇਕ ਹੋਣ ਦਾ ਇਨਕਾਰ ਕਰਨਾ ਹੈ।[45] ਆਪ ਰੱਬ ਦੇ ਬੰਦੇ, ਇਨਸਾਨ, ਪਵਿੱਤਰ ਨੇਕ ਅਤੇ ਸਭ ਤੋਂ ਚੰਗੇ ਇਨਸਾਨ ਸਨ। ਉਸ ਖ਼ੁਦਾ ਦੇ ਆਖਰੀ ਰਸੂਲ ਸਨ।

ਇਕ ਹੋਰ ਪੱਖ ਤੋਂ ਇਸਲਾਮ ਨਿਵੇਕਲਾ ਹੈ ਇਹ ਗੱਲ ਆਮ ਤੌਰ ਤੇ ਕਹੀ ਜਾਂਦੀ ਹੈ ਕਿ ਰੱਬ ਸੱਚਾ ਕਣ-ਕਣ ਵਿਚ, ਹਰ ਸਰੀਰ ਵਿਚ ਮੌਜੂਦ ਹੈ। ਮੁਹੰਮਦ ਖੁਬੈਬ ਨਦਵੀ ਅਨੁਸਾਰ, "ਇਸ ਪ੍ਰਕਾਰ ਦੀ ਸੋਚ ਰੱਖਣਾ ਕੁਫ਼ਰ ਅਤੇ ਸਿਰਕ ਤੋਂ ਸਿਵਾ ਹੋਰ ਕੁਝ ਵੀ ਨਹੀਂ। ਰੱਬ ਸੱਚਾ ਕਣ-ਕਣ ਵਿਚ ਆਪ ਮੌਜੂਦ ਨਹੀਂ ਸਗੋਂ ਕਣ-ਕਣ ਰੱਬ ਦਾ ਹੈ। ਉਸਨੇ ਜ਼ਮੀਨ ਅਤੇ ਆਸਮਾਨਾਂ ਦੇ ਕਣ-ਕਣ ਨੂੰ ਬਣਾਇਆ ਹੈ।"[46] ਕਣ-ਕਣ ਵਿਚ ਰੱਬ ਨੂੰ ਮੰਨਣ ਨਾਲ ਉਸਦੀ ਬੇ- ਮਿਸਾਲ ਵਾਲੀ ਵਿਸ਼ੇਸਤਾ ਖਤਮ ਹੋ ਜਾਂਦੀ ਹੈ।

ਗੁਰਬਾਣੀ ਨੇ ਹਰ ਜ਼ਰੇ-ਜ਼ਰੇ, ਕਣ-ਕਣ, ਵਣ, ਤ੍ਰਿਣ (ਕੱਖਾਂ), ਪਰਬਤਾਂ, ਮਨੁੱਖਾਂ, ਜੀਵ-ਜੰਤੂਆਂ ਆਦਿ ਭਾਵ ਸਭ ਵਿਚ ਪਰਮਾਤਮਾ ਦੇ ਹਾਜਰ ਤੇ ਮੌਜੂਦ ਹੋਣ ਦੀ ਗੱਲ ਕਹੀ ਹੈ। ਉਹ ਇਕ ਸਮੇਂ ਸਭ ਦੇ ਅੰਦਰ ਵੀ ਹੈ ਅਤੇ ਬਾਹਰ ਵੀ ਹੈ। ਉਸ ਤੋਂ ਭਿੰਨ ਕੁਛ ਵੀ ਨਹੀਂ। ਉਸਨੇ ਸਾਰਾ ਜਗਤ ਇਕ ਧਾਗੇ ਵਿਚ ਪਰੋ ਕੇ ਰੱਖਿਆ ਹੈ। ਉਹ ਦੂਰ ਅਸਮਾਨਾਂ ਤੇ ਹੀ ਨਹੀਂ ਵੱਸਦਾ ਬਲਕਿ ਨੇੜੇ ਤੋਂ ਵੀ ਨੇੜੇ ਹੈ। ਭਗਤਾਂ ਨੇ ਤਾਂ ਉਸ ਨੂੰ ਹੱਥ ਤੋਂ ਵੀ ਨੇੜੇ ਕਿਹਾ ਹੈ। ਉਹੀ ਅੰਦਰ ਹੈ ਉਹੀ ਬਾਹਰ ਹੈ। ਉਹ ਸਭ ਕੁਝ ਸਦਾ ਵੇਖਦਾ, ਸਦਾ ਸੁਣਦਾ ਹੈ। ਉਹ ਤਾਂ ਵਿੱਥਾਂ ਦੀਆਂ ਵਿੱਥਾਂ ਵਿਚ ਭਾਵ 'ਥਾਨ ਥਨੰਤਰਿ' ਵਿਚ ਮੌਜੂਦ ਹੈ। ਉਹੀ ਨਿਰਗੁਣ ਹੈ, ਉਹੀ ਸਰਗੁਣ ਹੈ। ਸਾਰੀ ਸ੍ਰਿਸ਼ਟੀ ਉਸ ਕਲਾ ਧਾਰੀ ਅਕਾਲ ਪੁਰਖ ਨੇ ਮੋਹੀ ਹੈ।

ਗੁਰਮਤਿ ਦਾ ਅਕਾਲ ਪੁਰਖ ਹਰ ਜੀਵ ਦੇ ਮਨ ਦੀ ਗੱਲ ਜਾਣਦਾ ਹੈ। ਹਰ ਪਲ ਨੇੜੇ ਹੈ। ਹਰ ਭਲੇ ਬੁਰੇ ਦੀ ਪੀੜ ਨੂੰ ਸਮਝਦਾ ਹੈ। ਉਸ ਦੀ ਜੋਤਿ ਹੀ ਸਾਰੀਆਂ ਜੋਤਾਂ ਵਿਚ ਪਸਰ ਰਹੀ ਹੈ। ਮਨੁੱਖੀ ਆਤਮਾ ਉਸ ਪਰਮ-ਆਤਮਾ ਵਿਚ ਅਭੇਦ ਹੋ ਸਕਦੀ ਹੈ। ਗੁਰਮਤਿ ਅਨੁਸਾਰ ਆਤਮਾ ਅਤੇ ਪਰਮ-ਆਤਮਾ ਵਿਚ ਕੋਈ ਸਦੀਵੀ ਤੇ ਪੱਕਾ ਰਹਿਣ ਵਾਲਾ ਵਖਰੇਵਾਂ ਨਹੀਂ। ਕੁਝ ਗੁਰ ਪ੍ਰਮਾਣ ਇੱਥੇ ਵੇਖੇ ਜਾ ਸਕਦੇ ਹਨ:

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।।...1।।

(ਭੈਰਉ ਅਸਟ., ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1153)

---

45 ਮੁਹੰਮਦ ਖੁਬੈਬ ਨਦਵੀ, *ਉਹੀ,* ਪੰ. 29.

46 *ਉਹੀ,* ਪੰ. 32.

ਕਹੁ ਕਬੀਰ ਇਹੁ ਰਾਮੁ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥4॥

(ਗੋਂਡ, ਕਬੀਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 871)

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥...6॥

(ਆਸਾ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 421)

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥13॥

(ਸੂਹੀ ਅਸਟ., ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 759)

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ

ਹਰਿ ਰੂਪੁ ਨਦਰੀ ਆਇਆ॥...36॥

(ਰਾਮਕਲੀ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 922)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥

ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥...1॥

(ਸਵਈਏ ਮਹਲੇ ਪੰਜਵੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1408)

ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥1॥ ਰਹਾਉ॥

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 864)

ਸਿੱਖ ਧਰਮ ਵਿਚ ਗੁਰੂ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ। ਗੁਰਮਤਿ ਅਨੁਸਾਰ ਪ੍ਰਭੂ ਘਟਿ ਘਟਿ ਵਿਚ ਵੱਸਦਾ ਹੈ। ਪਰ ਇਸਲਾਮ ਦਾ ਖ਼ੁਦਾ ਦੂਰ ਆਸਮਾਨਾਂ ਵਿਚ ਵੱਸਦਾ ਹੈ। ਮੁਹੰਮਦ ਖੁਬੈਬ ਨਦਵੀ ਲਿਖਦਾ ਹੈ, "ਰੱਬ ਆਸਮਾਨਾਂ ਉੱਤੇ ਹੈ ਨਾ ਕਿ ਹਰ ਥਾਂ, ਹਾਂ ਇਹ ਦੂਜੀ ਗੱਲ ਹੈ ਕਿ ਉਹ ਆਪ ਆਸਮਾਨ 'ਤੇ ਹੈ ਪਰ ਉਸ ਦਾ ਗਿਆਨ ਉਸ ਦੀ ਸੂਝ ਬੂਝ ਹਰ ਥਾਂ ਤੇ ਹੈ ਉਹ ਸਾਰਿਆਂ ਨੂੰ ਅਤੇ ਸਭ ਕੁੱਝ ਦੇਖਣ ਵਾਲਾ ਹੈ, ਸਭ ਕੁਝ ਜਾਨਣ ਵਾਲਾ ਹੈ। ਕੁਰਆਨ ਵਿਚ ਆਉਂਦਾ ਹੈ ਕਿ ਜੋ ਰਹਿਮਾਨ ਹੈ ਅਰਸ਼ (ਰਾਜ

ਸਿੰਘਾਸਨ) ਤੇ ਕਾਇਮ ਹੈ। (ਸੂਰਤ ਤਾ-ਹਾ, ਆਇਤ 5)।"[47] ਸੋ ਸਪੱਸ਼ਟ ਹੈ ਕਿ ਖ਼ੁਦਾ ਹਰ ਥਾਂ ਤੇ ਨਹੀਂ ਸਗੋਂ ਅਰਸ਼ (ਰਾਜ ਸਿੰਘਾਸਨ) ਉੱਤੇ ਠਹਿਰਿਆ ਹੋਇਆ ਹੈ।

ਕੁਰਾਨ ਦੀਆਂ ਹੋਰ ਵੀ ਕਈ ਆਇਤਾਂ ਅਤੇ ਹਦੀਸਾਂ ਵਿਚ ਖ਼ੁਦਾ ਦੇ ਆਸਮਾਨਾਂ ਉੱਤੇ ਟਿਕੇ ਹੋਣ ਦੀਆਂ ਮਿਸਾਲਾਂ ਮਿਲਦੀਆਂ ਹਨ ਜਿਵੇ:

ਕੀ ਤੁਸੀਂ ਉਸ (ਅੱਲਾਹ) ਤੋਂ ਨਿਸ਼ਚਿਤ ਹੋ ਗਏ ਹੋ, ਜਿਹੜਾ ਆਕਾਸਾਂ ਵਿਚ ਹੈ ਕਿ ਉਹ ਤੁਹਾਨੂੰ ਧਰਤੀ ਵਿਚ ਧਸਾ ਦੇਵੇ।

(ਸੂਰਤ ਮੁਲਕ, ਆਇਤ 16)

ਕੁਰਾਨ ਦੀ ਇਸ ਆਇਤ ਵਿਚ ਪਾਪੀ ਲੋਕਾਂ ਨੂੰ ਧਮਕੀ ਦਿਤੀ ਗਈ ਹੈ ਕਿ ਤੁਸੀਂ ਲੋਕ ਅੱਲਾਹ ਤੋਂ ਬੇ-ਖ਼ੋਫ਼ ਨਾ ਹੋਵੋ, ਉਸ ਦੀ ਪਕੜ ਬਹੁਤ ਹੀ ਸਖ਼ਤ ਹੈ, ਉਸ ਦੀ ਦਿਤੀ ਹੋਈ ਛੂਟ ਦਾ ਗਲਤ ਲਾਭ ਨਾ ਉਠਾਵੋ।[48] ਇਸ ਉਪਰੋਕਤ ਆਇਤ ਵਿਚ ਵੀ ਅੱਲਾਹ ਲਈ 'ਜਿਹੜਾ ਆਕਾਸਾਂ ਵਿਚ ਹੈ' ਸ਼ਬਦ ਵਰਤਿਆ ਗਿਆ ਹੈ ਭਾਵ ਅੱਲਾਹ ਆਸਮਾਨਾਂ 'ਤੇ ਹੈ।

ਇਸਲਾਮ ਵਿਚ ਫਰਿਸ਼ਤੇ ਵੀ ਖਾਸ ਮਹੱਤਵ ਰੱਖਦੇ ਹਨ। ਇਹ ਫਰਿਸ਼ਤੇ ਹਦੀਸਾਂ ਅਤੇ ਆਇਤਾਂ ਮੁਤਾਬਕ ਸਾਰਾ ਹਿਸਾਬ ਕਿਤਾਬ ਰੱਖਦੇ ਹਨ। ਕੁਰਾਨ ਦੀ ਇਕ ਆਇਤ ਦੀ ਵਿਆਖਿਆ ਕਰਦਿਆਂ ਮੁਹੰਮਦ ਖ਼ੁਬੈਬ ਨਦਵੀ ਲਿਖਦੇ ਹਨ, "ਫਰਿਸ਼ਤੇ ਅਤੇ ਰੂਹ ਉਸ ਵਲ ਚੜ੍ਹਦੇ ਹਨ। (ਸੂਰਤ ਮਿਆਰਜ, ਆਇਤ 4) ਕੁਰਾਨ ਦੀ ਇਸ ਆਇਤ ਵਿਚ ਅਰਬੀ ਸ਼ਬਦ 'ਤਾਅਰੁਜ' ਵਰਤਿਆ ਗਿਆ ਹੈ ਜਿਸ ਦਾ ਅਰਥ ਉੱਚਾ ਹੋਣਾ ਹੈ ਭਾਵ ਫਰਿਸ਼ਤੇ ਅਤੇ ਮਨੁੱਖਾਂ ਦੀਆਂ ਰੂਹਾਂ ਉਸ ਵੱਲ ਚੜ੍ਹਦੀਆਂ ਹਨ ਜਿਵੇਂ ਕਿ ਮੁਸਲਿਮ ਸ਼ਰੀਫ ਦੀ ਹਦੀਸ ਵਿਚ ਵੀ ਆਉਂਦਾ ਹੈ ਕਿ ਹਰ ਰੋਜ਼ ਫਰਿਸ਼ਤੇ ਰਾਤ ਹੋਣ ਤੋਂ ਪਹਿਲਾਂ ਮਨੁੱਖ ਦੇ ਦਿਨ ਭਰ ਦੇ ਮਾੜੇ ਜਾਂ ਚੰਗੇ ਕੰਮ ਲੈ ਕੇ ਚੜ੍ਹਦੇ ਹਨ ਅਤੇ ਰੱਬ ਸੱਚੇ ਦੇ ਸਾਹਮਣੇ ਪੇਸ਼ ਕਰਦੇ ਹਨ ਅਤੇ ਇੰਝ ਹੀ ਦਿਨ ਹੋਣ ਤੋਂ ਪਹਿਲਾਂ ਫਰਿਸ਼ਤੇ ਰਾਤ ਭਰ ਦੇ ਮਾੜੇ ਜਾਂ ਚੰਗੇ ਕੰਮ ਲੈ ਕੇ ਚੜਦੇ ਹਨ ਅਤੇ ਰੱਬ

[47] *ਉਹੀ*, ਪੰ. 35.

[48] *ਉਹੀ*, ਪੰ. 36.

ਸੱਚੇ ਦੇ ਸਾਹਮਣੇ ਪੇਸ਼ ਕਰਦੇ ਹਨ।"[49] ਇਕ ਹੋਰ ਸਹੀ ਹਦੀਸ ਵਿਚ ਆਉਂਦਾ ਹੈ ਕਿ ਜਦੋਂ ਮਨੁੱਖ ਮਰਨ ਕਿਨਾਰੇ ਹੁੰਦਾ ਹੈ ਤਾਂ ਆਸਮਾਨਾਂ ਤੋਂ ਫਰਿਸ਼ਤੇ ਉਤਰਦੇ ਹਨ ਅਤੇ ਉਸਦੀ ਰੂਹ ਕੱਢ ਕੇ ਦੋਬਾਰਾ ਆਸਮਾਨਾਂ ਵੱਲ ਲੈ ਜਾਂਦੇ ਹਨ।[50]

ਗੁਰਬਾਣੀ ਨੇ ਅਕਾਲ ਪੁਰਖ ਨੂੰ ' ਕੋਟਿ ਬ੍ਰਹਿਮੰਡ ਕੋ ਠਾਕੁਰ ਸੁਆਮੀ' (ਸੂਹੀ ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 741) ਕਿਹਾ ਹੈ। ਵਿਗਿਆਨ ਨੇ ਅਜੇ ਕੁਝ ਨਾਮ ਮਾਤਰ ਝਲਕਾਂ ਹੀ ਬ੍ਰਹਿਮੰਡੀ ਪਸਾਰੇ ਦੀਆਂ ਵੇਖੀਆਂ ਅਤੇ ਤਸਦੀਕ ਕੀਤੀਆਂ ਹਨ। ਅਜੇ ਇਸ ਦੀਆਂ ਖੋਜਾਂ ਲਗਾਤਾਰ ਜਾਰੀ ਹਨ। ਕਦੀ ਚੰਨ ਉਪਰ ਕਦੀ ਮੰਗਲ ਗ੍ਰਹਿ ਉਪਰ ਨਵੇਂ-ਨਵੇਂ ਤਜ਼ਰਬੇ ਤੇ ਪ੍ਰਯੋਗ ਅਜੋਕੀ ਵਿਗਿਆਨ ਕਰ ਰਹੀ ਹੈ। ਇਸਲਾਮ ਵਿਚ ਸਤਵੇਂ ਆਸਮਾਨ ਉੱਪਰ ਖ਼ੁਦਾ ਦਾ ਬਿਰਾਜ਼ਮਾਨ ਹੋਣਾ ਤਸੱਵਰ ਕੀਤਾ ਜਾਂਦਾ ਹੈ। ਪਰਤੂੰ ਜਾਹਰ ਪੀਰ ਜਗਤ ਗੁਰ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਅੱਖ ਦੇ ਇਕ ਫੋਰ (ਫਰਕਣ) ਵਿਚ ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਸਭ ਕੁਝ ਵਿਖਾ ਦਿੱਤਾ ਸੀ। ਗੁਰੂ ਸਾਹਿਬ ਨੇ ਲੱਖਾਂ ਖੰਡਾਂ-ਬਹਿਮੰਡਾ ਦੀ ਸੈਰ ਅੱਖ ਦੇ ਇਕ ਫੋਰ ਵਿਚ ਉਸਨੂੰ ਕਰਵਾ ਦਿੱਤੀ। ਗੁਰੂ ਸਾਹਿਬ ਦਾ ਇਹ ਚੋਜ਼ ਉਸ ਪੀਰ ਦਸਤਗੀਰ ਦੇ 'ਸਤ ਆਕਾਸ਼ ਸਤ ਪਾਤਾਲ' ਦੀ ਸੀਮਤ ਮਨੌਤ ਅਤੇ ਗਿਆਨ ਦੀ ਤਸੱਲੀ ਕਰਾਉਣ ਲਈ ਰਚਿਆ ਸੀ। ਇਸ ਘਟਨਾ ਸੰਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ:

ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ॥36॥

(ਭਾਈ ਗੁਰਦਾਸ, ਵਾਰ 1, ਪਉੜੀ 36)

ਇੱਥੇ ਦੱਸਣਯੋਗ ਹੈ ਕਿ 'ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ' ਵਾਲੀ ਪੰਕਤੀ ਬੜੇ ਹੀ ਡੂੰਘੇ ਭਾਵ ਗਹਿਰ ਗੰਭੀਰ ਅਧਿਐਨ ਦੀ ਮੰਗ ਕਰਦੀ ਹੈ। ਇਸ ਦਾ ਅਰਥ ਭਾਈ ਰਣਧੀਰ ਸਿੰਘ ਜੀ ਨੇ ਕੀਤਾ ਹੈ, "ਇਸ ਤੋਂ ਸਾਫ ਪ੍ਰਤੀਤ ਹੈ ਅਤੇ ਸਪੱਸ਼ਟ ਸਿੱਧ ਹੈ ਕਿ ਗੁਰੂ ਬਾਬੇ ਨੇ ਇਸ ਨਵਖੰਡ ਧਰਤੀ

[49] *ਉਹੀ,* ਪੰਨੇ 36-37.

[50] *ਉਹੀ,* ਪੰ. 37.

ਨੂੰ ਤਾਰਨ ਤੋਂ ਪਹਿਲਾਂ ਸੱਚਾ ਅਮਰ ਵਰਤਾ ਕੇ ਅਨੇਕਾਂ ਖੰਡ ਬ੍ਰਹਿਮੰਡ ਸਤਿਨਾਮ ਦਾ ਚੱਕਰ ਫਿਰਾ ਕੇ ਤਾਰ ਛੱਡੇ ਸਨ, ਅਰ ਪਾਤਾਲ ਲੋਕ ਵਿਖੇ ਗੁਰੂ ਬਾਬੇ ਦੀ ਸੰਗਤ ਐਥੇ ਦੀ ਨਿਆਈਂ ਹੀ ਕੜਾਹ ਪ੍ਰਸ਼ਾਦਿ ਦੀਆਂ ਭੁਗਤਾਂ ਭੁਗਤ ਰਹੀ ਸੀ।"[51] ਹੋ ਸਕਦਾ ਹੈ ਅਜੋਕੇ ਪੜ੍ਹੇ ਲਿਖੇ ਵਿਦਵਾਨਾਂ ਵਿਚੋਂ ਕਈ ਇਸ ਪਉੜੀ ਅਤੇ ਇਸਦੇ ਅਰਥਾਂ ਨੂੰ ਗ੍ਰਹਿਣ ਕਰਨ ਤੋਂ ਝਕਦੇ ਹੋਣ ਪਰੰਤੂ ਇਸ ਉੱਪਰ ਤਰਕ ਕਰਨ ਜਾਂ ਸ਼ੰਕਾ ਕਰਨ ਦੀ ਥਾਂ ਇਸ ਨੂੰ ਮੰਨਣ ਤੇ ਮਾਨਣ ਵਿਚ ਹੀ ਆਨੰਦ ਹੈ।

ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਇਹ ਸਤਰਾਂ ਵੇਖੋ:

ਗੜ੍ਹ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤ ਸਬਾਇਆ।
ਜੀਤੇ ਨਉ ਖੰਡ ਮੇਦਨੀ ਸਤਿ ਨਾਮੁ ਦਾ ਚੱਕ੍ਰ ਫਿਰਾਇਆ।...
ਹਿੰਦੂ ਮੁਸਲਮਾਣਿ ਨਿਵਾਇਆ।।37।।

(ਭਾਈ ਗੁਰਦਾਸ, ਵਾਰ 1, ਪਾਉੜੀ 37)

ਇਸ ਆਧਾਰ ਤੇ ਭਾਈ ਰਣਧੀਰ ਸਿੰਘ ਜੀ ਨੇ ਲਿਖਿਆ ਹੈ ਕਿ, "ਇਹ ਨਵਖੰਡ ਮੇਦਨੀ ਹੀ ਨਹੀ, ਸਗੋਂ ਲਖ ਆਕਾਸ਼ ਪਤਾਲਾਂ ਵਾਲੀਆਂ ਧਰਤੀਆਂ ਪ੍ਰਿਥਵੀਆਂ ਸਤਿਨਾਮ ਦਾ ਚੱਕਰ ਫਿਰਾ ਕੇ ਜਿਤੀਆਂ, ਹਾਂ ਜੀ, ਗੁਰੂ ਬਾਬੇ ਅਸਾਡੀ ਧਰਤੀ ਜਿਹੀਆਂ ਲੱਖਾਂ ਕਰੋੜਾਂ ਧਰਤੀਆਂ ਵਿਖੇ ਸਤਿਨਾਮ ਦਾ ਚੱਕ ਫਿਰਾਇਆ ਅਤੇ ਕੋਟ ਬ੍ਰਹਿਮੰਡਾਂ ਨੂੰ ਸਤਿਨਾਮ ਦੇ ਆਸਰੇ ਤਾਰਿਆ।"[52]

ਭਾਈ ਗੁਰਦਾਸ ਜੀ ਦੀ ਉਪਰੋਕਤ ਪਉੜੀ ਵਿਚ ਇਸਲਾਮ ਦਾ ਗੜ੍ਹ ਬਗਦਾਦ, ਮੱਕਾ ਤੇ ਮਦੀਨਾ, ਸਿਧ, ਯੋਗੀ ਤੇ ਛੇ ਦਰਸ਼ਨ ਸ਼ਾਸ਼ਤਰ ਆਦਿ ਸਭ ਆ ਗਏ ਹਨ। 'ਹਿੰਦੂ ਮੁਸਲਮਾਨ ਨਿਵਾਇਆ' ਦੀ ਤੁਕ ਤੋ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪੂਰਵੀ ਅਤੇ ਪੱਛਮੀ ਧਾਰਮਿਕ ਪ੍ਰਪੰਰਾ ਤੋਂ ਕੋਈ ਪ੍ਰਭਾਵ ਨਹੀਂ ਲਿਆ ਬਲਕਿ ਆਪਣੀ ਬਾਣੀ ਅਤੇ ਸਤਿਨਾਮ ਦਾ ਮੰਤਰ (ਗੁਰਮੰਤਰ) ਤੇ ਗਿਆਨ ਅਜਿਹੀਆਂ ਅਨੇਕਾਂ ਧਰਤੀਆਂ ਉੱਤੇ ਵੀ ਦਿੱਤਾ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਪੂਰਵੀ

---

[51] ਭਾਈ ਰਣਧੀਰ ਸਿੰਘ, *ਗੁਰਮਤਿ ਪ੍ਰਕਾਸ਼,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2006, ਪੰ. 65.

[52] *ਉਹੀ,* ਪੰ. 64.

ਜਾਂ ਪੱਛਮੀ ਧਰਮ, ਇਤਿਹਾਸ ਜਾਂ ਮਿਥਿਹਾਸ ਦੀ ਕਿਸੇ ਕਪੋਲ ਕਲਪਨਾ ਨੂੰ ਬ੍ਰਹਿਮੰਡ ਦੀ ਰਚਨਾ ਦਾ ਕੇਂਦਰ ਬਿੰਦੂ ਨਹੀਂ ਮੰਨਿਆ। ਨਾ ਛੇ ਦਿਨਾਂ ਵਿਚ ਸ੍ਰਿਸ਼ਟੀ ਦਾ ਵਿਚਾਰ, ਨਾ ਆਦਮ ਤੇ ਹਵਾ ਦੀ ਕਹਾਣੀ, ਨਾ ਅਸਲੀ ਮੂਲ ਪਾਪ (original sin) ਦੀ ਕਥਾ, ਨਾ 'ਤ੍ਰਿ-ਏਕਤਾ', ਨਾ 'ਤ੍ਰਿ-ਮੂਰਤੀ' ਦਾ ਸਿਧਾਂਤ ਅਤੇ ਨਾ ਹੀ 'ਤ੍ਰਿ-ਦੇਵ' ਦੀ ਸਮਰੱਥਾ ਇਸ ਕਾਬਲ ਹੈ ਕਿ ਉਹ ਸ੍ਰਿਸ਼ਟੀ ਰਚਨਾ ਕਰ ਸਕੇ। ਗੁਰਬਾਣੀ ਅਜਿਹੇ ਸਾਰੇ ਵਿਸ਼ਵਾਸਾਂ ਧਾਰਨਾਵਾਂ ਅਤੇ ਮਾਨਿਅਤਾਵਾਂ ਤੇ ਦਾਵਿਆਂ ਨੂੰ ਮੁੱਢੋਂ ਹੀ ਰੱਦ ਕਰਦੀ ਹੈ।

ਕੁਰਾਨ ਮੁਤਾਬਕ ਆਰਾਮ ਕਰਨਾ ਜਾਂ ਰੋਟੀ ਖਾਣੀ ਇਹ ਦੋਵੇਂ ਮਨੁੱਖੀ ਗੁਣ ਹਨ। ਖ਼ੁਦਾ ਰੋਟੀ ਨਹੀਂ ਖਾਂਦਾ, ਉਹ ਤਾਂ ਰਿਜ਼ਕ ਦੇਂਦਾ ਹੈ ਲੈਂਦਾ ਨਹੀਂ। ਭੋਜਨ ਕਰਨਾ ਮਨੁੱਖੀ ਗੁਣ ਹੈ ਕੁਰਾਨ ਸੂਰਤ ਅਨਆਮ, ਸੂਰਤ ਨੰ. 6 ਆਇਤ ਨੰ. 14 ਵਿਚ ਕਹਿੰਦਾ ਹੈ,"ਆਖੋ ਕੀ ਅੱਲਾਹ ਨੂੰ ਛੱਡ ਕੇ ਮੈਂ ਕਿਸੇ ਹੋਰ ਨੂੰ ਆਪਣਾ ਸਰਪਰਸਤ ਬਣਾ ਲਵਾਂ? ਉਸ ਅੱਲਾਹ ਨੂੰ ਛੱਡ ਕੇ ਜਿਹੜਾ ਧਰਤੀ ਤੇ ਅਕਾਸ਼ਾਂ ਦਾ ਰਚਨਹਾਰ ਹੈ ਅਤੇ ਜਿਹੜਾ ਰੋਜ਼ੀ-ਰਿਜ਼ਕ ਦਿੰਦਾ ਹੈ, ਲੈਂਦਾ ਨਹੀਂ ਹੈ?"[53] ਸੋ ਜਿਹੜਾ ਵਿਅਕਤੀ ਕੰਮ ਕਰਦਾ ਹੈ ਉਹੀ ਥੱਕਦਾ ਹੈ, ਭੁੱਖ ਵੀ ਉਸ ਨੂੰ ਲੱਗਦੀ, ਨੀਂਦ ਵੀ ਥਕਾਵਟ ਕਾਰਨ ਉਸਨੂੰ ਆਉਂਦੀ ਹੈ। ਇਹ ਸਾਰੇ ਗੁਣ ਤਾਂ ਮਨੁੱਖ ਦੇ ਅੰਦਰ ਹਨ। ਕੁਰਾਨ ਦੀ ਸੂਰਤ ਨੰ. 2, ਸੂਰਤ ਬਕਰਹ, ਆਇਤ ਨੰ. 255 ਅਨੁਸਾਰ ਨਾ ਉਸ ਨੂੰ ਨੀਂਦ ਆਉਂਦੀ ਹੈ ਨਾ ਊਂਘ।[54]

ਕੁਰਾਨ ਵਿਚ ਮਨੁੱਖ ਨੂੰ ਜੰਮੇ ਹੋਏ ਖ਼ੂਨ ਤੋਂ ਪੈਦਾ ਕੀਤਾ ਦੱਸਿਆ ਗਿਆ ਹੈ, ਕਿਤੇ ਕਿਤੇ ਉਸ ਨੂੰ ਮਿਟੀ ਤੋਂ ਸਾਜਿਆ ਵੀ ਕਿਹਾ ਗਿਆ ਹੈ। ਪਰ ਜਨਮ ਤੇ ਵਿਕਾਸ ਦੀ ਸਾਰੀ ਪ੍ਰਕਿਰਿਆ ਉਸ ਖ਼ੁਦਾ ਦੀ ਦੇਖ ਰੇਖ ਵਿਚ ਹੀ ਹੁੰਦੀ ਦੱਸੀ ਗਈ ਹੈ। ਜ਼ਾਕਿਰ ਨਾਇਕ ਨੇ ਇਸ ਸੰਬੰਧੀ ਕੁਰਾਨ ਦੀਆਂ ਕੁੱਝ ਸੂਰਤਾਂ ਤੇ ਆਇਤਾਂ ਦੇ ਹਵਾਲੇ ਨਾਲ ਚਾਨਣਾ ਪਾਇਆ ਹੈ। ਜਿਵੇ:[55]

1. (ਹੇ ਨਬੀ!) ਪੜ੍ਹੋ ਆਪਣੇ ਰੱਬ ਦੇ ਨਾਂ ਨਾਲ ਜਿਸ ਨੇ ਰਚਨਾ ਰਚਾਈ ਤੇ ਜੰਮੇ ਹੋਏ ਲਹੂ ਦੇ ਇਕ ਲੋਥੜੇ ਤੋਂ ਮਨੁੱਖ ਨੂੰ ਸਿਰਜਿਆ। (ਸੂਰਤ ਨੰ. 96, ਸੂਰਤ ਅਲ-ਅਲਕ, ਆਇਤ ਨੰ. 1)

---

[53] ਜਾਕਿਰ ਨਾਇਕ, *ਉਹੀ*, ਪੰ. 53.

[54] *ਉਹੀ*, ਪੰ. ਉਹੀ।

[55] *ਉਹੀ*, ਪੰਨੇ 33-35.

2. ਅਸਾਂ ਮਨੁੱਖ ਨੂੰ ਮਿੱਟੀ ਦੇ ਸਤ ਤੋਂ ਸਾਜਿਆ, ਫੇਰ ਉਸਨੂੰ ਇਕ ਸੁੱਰਖਿਅਤ ਥਾਂ ਟਪਕੀ ਹੋਈ ਬੂੰਦ ਵਿਚ ਤਬਦੀਲ ਕੀਤਾ, ਫੇਰ ਉਸ ਬੂੰਦ ਨੂੰ ਬੁੱਥ ਦਾ ਰੂਪ ਦਿੱਤਾ, ਫੇਰ ਬੁੱਥ ਨੂੰ ਬੋਟੀ ਬਣਾ ਦਿੱਤਾ, ਫੇਰ ਬੋਟੀ ਦੀਆਂ ਹੱਡੀਆਂ ਬਣਾਈਆਂ, ਫੇਰ ਹੱਡੀਆਂ ਉੱਤੇ ਮਾਸ ਚੜ੍ਹਾਇਆ ਅਤੇ ਫੇਰ ਉਸ ਨੂੰ ਇਕ ਹੋਰ ਹੀ ਸਿਰਜਨਾ ਦਾ ਰੂਪ ਬਣਾ ਖੜਾ ਕੀਤਾ। (ਸੂਰਤ ਨੰ. 23, ਸੂਰਤ ਅਲ-ਮੋਮਿਨੂਨ, ਆਇਤ ਨੰ. 12, 13, 14)
3. ਉਸ ਨੇ ਮਨੁੱਖ ਦੀ ਸਿਰਜਣਾ ਦਾ ਆਰੰਭ ਗਾਰੇ ਤੋਂ ਕੀਤਾ, ਫੇਰ ਉਸ ਦਾ ਬੰਸ ਇਕ ਅਜਿਹੇ ਸਤ ਤੋਂ ਤੋਰਿਆ ਜਿਹੜਾ ਤੁੱਛ ਪਾਣੀ ਵਰਗਾ ਹੈ, ਫੇਰ ਉਸ ਨੂੰ ਠੀਕ-ਠਾਕ ਕੀਤਾ ਅਤੇ ਉਸ ਦੇ ਅੰਦਰ ਆਪਣੀ ਰੂਹ ਫੂਕ ਦਿੱਤੀ ਅਤੇ ਤੁਹਾਨੂੰ ਕੰਨ ਦਿੱਤੇ, ਅੱਖਾਂ ਦਿੱਤੀਆਂ ਤੇ ਦਿਲ ਦਿੱਤੇ ਤੇ ਤੁਸੀਂ ਲੋਕ ਘੱਟ ਹੀ ਧੰਨਵਾਦੀ ਹੁੰਦੇ ਹੋ। (ਸੂਰਤ ਨੰ. 32, ਸੂਰਤ ਅਸ-ਸਜਦਾ, ਆਇਤ ਨੰ. 9)
4. ਕੀ ਮਨੁੱਖ ਇਹ ਸਮਝ ਰਿਹਾ ਹੈ ਕਿ ਅਸੀਂ ਹੱਡੀਆਂ ਨੂੰ ਇੱਕਤਰ ਨਹੀਂ ਕਰ ਸਕਾਂਗੇ? ਕਿਉਂ ਨਹੀਂ? ਅਸੀਂ ਤਾਂ ਉਹ ਦੀਆਂ ਉਂਗਲਾ ਦੇ ਪੋਰ-ਪੋਰ ਤਕ ਠੀਕ ਬਣਾ ਦੇਣ ਦੇ ਸਮਰੱਥ ਹਾਂ। (ਸੂਰਤ ਨੰ. 75, ਸੂਰਤ ਅਲ-ਕਿਆਮਾ, ਆਇਤ ਨੰ. 3, 4)

ਕੁਰਾਨ ਦੀਆਂ ਇਹ ਆਇਤਾਂ ਦੱਸਦੀਆਂ ਹਨ ਕਿ ਅੱਲ੍ਹਾ ਸਾਰੀ ਰਚਨਾ ਕਰ ਸਕਦਾ ਹੈ। ਉਸ ਨੇ ਇਨਸਾਨ ਨੂੰ ਬਣਾਇਆ ਹੈ। ਉਸਨੇ ਮਾਤਾ ਤੇ ਪਿਤਾ ਦੇ ਸੰਜੋਗ ਰਾਹੀਂ ਬੱਚੇ ਨੂੰ ਪੈਦਾ ਕੀਤਾ ਹੈ। ਫਿਰ ਵੀ ਇਨਸਾਨ, ਇਨਸਾਨ ਦੀ ਹੀ ਸੰਤਾਨ ਹੈ ਅੱਲ੍ਹਾ ਦੀ ਨਹੀਂ। ਮੁਹੰਮਦ ਖਬੈਬ ਨਦਵੀ ਅਨੁਸਾਰ, "ਇਨਸਾਨ ਪੈਦਾ ਕੀਤਾ ਹੋਇਆ ਹੈ ਜਦੋਂ ਕਿ ਅੱਲਾਹ ਨੂੰ ਕੋਈ ਪੈਦਾ ਕਰਨ ਵਾਲਾ ਨਹੀਂ। ਇਨਸਾਨਾਂ ਨੂੰ ਭੁੱਖ ਪਿਆਸ ਲੱਗਦੀ ਹੈ ਨੀਂਦ ਵੀ ਆਉਂਦੀ ਹੈ ਜਦੋਂ ਕਿ ਉਸ ਅੱਲਾਹ ਨੂੰ ਨਾ ਭੁੱਖ ਪਿਆਸ ਲੱਗਦੀ ਹੈ ਅਤੇ ਨਾ ਹੀ ਨੀਂਦ ਆਉਂਦੀ ਹੈ। ਨੀਂਦ ਤਾ ਬਹੁਤ ਦੂਰ ਦੀ ਗੱਲ ਹੈ ਉਸ ਨੂੰ ਤਾਂ ਊਂਘ ਨਹੀਂ ਆਉਂਦੀ।"[56] ਇਸਲਾਮ ਅਨੁਸਾਰ ਅੱਲਾਹ ਨੂੰ ਭੁੱਖ ਪਿਆਸ ਨਹੀਂ ਲੱਗਦੀ ਪਰੰਤੂ ਗੁਰਮਤਿ ਅਨੁਸਾਰ ਪਰਮਾਤਮਾ ਭਾਉ ਅਤੇ ਭਗਤ ਦਾ ਭੁੱਖਾ ਹੈ। ਉਹ ਭਗਤਾਂ ਦੇ ਅੰਗ ਸੰਗ ਰਹਿੰਦਾ ਹੈ। ਜਿਸਨੇ ਵੀ ਪ੍ਰੇਮ ਕੀਤਾ ਉਸ ਨੇ ਹੀ ਪ੍ਰਭੂ ਪਾ ਲਿਆ:

ਗੋਬਿੰਦ ਭਾਉ ਭਗਤ ਦਾ ਭੁਖਾ॥...7॥

[56] ਮੁਹੰਮਦ ਖਬੈਬ ਨਦਵੀ, *ਉਹੀ,* ਪੰ. 25.

(ਭਾਈ ਗੁਰਦਾਸ, ਵਾਰ 10, ਪਉੜੀ 7 )

ਸਾਚ ਕਹੁ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ॥9॥

(ਤ੍ਵ ਪ੍ਰਸਾਦਿ ਸਵਈਏ, ਪਾਤਸ਼ਾਹੀ 10)

ਯਹੂਦੀ ਧਰਮ ਅਨੁਸਾਰ ਪਰਮੇਸ਼ਰ ਨੇ ਆਦਮੀ ਦਾ ਨਾਂ ਆਦਮ (Adam) ਅਤੇ ਤੀਵੀਂ ਦਾ ਨਾਂ ਹੱਵਾਹ (Eve) ਰੱਖਿਆ। ਸਾਰੇ ਮਨੁੱਖ ਇਨ੍ਹਾਂ ਦੀ ਸੰਤਾਨ ਹਨ।[57] ਪਰਮੇਸ਼ਰ ਨੇ ਆਦਮੀ ਦੀ ਰਚਨਾ ਛੇਵੇਂ ਦਿਨ (ਸਾਰੀ ਸ੍ਰਿਸ਼ਟੀ ਰਚਣ ਤੋਂ ਬਾਦ) ਕੀਤੀ। ਫਿਰ ਆਦਮੀ ਦੀ ਪਸਲੀ ਤੋਂ ਔਰਤ ਸਾਜੀ। ਬਾਈਬਲ ਵਿਚ ਲਿਖਿਆ ਹੈ, " ਪਰਮੇਸ਼ਰ ਨੇ ਆਦਮੀ ਉਤੇ ਗੂੜ੍ਹੀ ਨੀਂ ਘੱਲੀ। ਜਦੋਂ ਆਦਮੀਂ ਸੌਂ ਗਿਆ, ਤਾਂ ਪਰਮੇਸ਼ਰ ਨੇ ਉਸ ਦੀਆਂ ਪਸਲੀਆਂ ਵਿਚੋਂ ਇਕ ਪਸਲੀ ਕੱਢ ਲਈ ਅਤੇ ਉਸ ਪਸਲੀ ਦੀ ਥਾਂ ਮਾਸ ਭਰ ਦਿਤਾ। ਪਰਮੇਸ਼ਰ ਨੇ ਉਸ ਪਸਲੀ ਤੋਂ ਔਰਤ ਬਣਾਈ।"[58] ਪਰੰਤੂ ਗੁਰਬਾਣੀ ਅਜਿਹੀ ਕਿਸਮ ਦੀ ਕਿਸੇ ਵੀ ਧਾਰਨਾ, ਮਿਥ ਜਾਂ ਘਟਨਾ ਆਦਿ ਨੂੰ ਮੂਲ ਤੋਂ ਹੀ ਰੱਦ ਕਰਦੀ ਹੈ।

ਇਹੀ ਕਾਰਨ ਹੈ ਕਿ ਜਦੋਂ ਚਾਰਲਸ ਡਾਰਵਿਨ ਨੇ ਵਿਕਾਸ ਦਾ ਸਿਧਾਂਤ ਪੇਸ਼ ਕੀਤਾ ਤਾਂ ਚਰਚ ਵੱਲੋਂ ਇਸ ਦਾ ਖਾਸ ਵਿਰੋਧ ਹੋਣਾ ਸੁਭਾਵਕ ਸੀ। ਵਿਗਿਆਨੀਆਂ ਨੇ ਦਲੀਲ ਦਾ ਲੜ ਨਹੀਂ ਛੱਡਿਆ ਅਖੀਰੀ ਜਨ ਸਮੂਹ ਵਲੋਂ ਜੀਵ ਵਿਗਿਆਨਕ ਵਿਕਾਸ ਸਿਧਾਂਤ ਪ੍ਰਤਿ ਸਹਿਮਤੀ ਹੋਣੀ ਸ਼ੁਰੂ ਹੋ ਗਈ। ਡਾਰਵਿਨ ਦੀ ਪੁਸਤਕ 'ਉਰੀਜ਼ਨ ਆਫ ਸਪੀਸੀਜ਼' ਜੀਵ ਵਿਗਿਆਨ ਦੇ ਖੇਤਰ ਵਿਚ ਮੀਲ ਪੱਥਰ ਸਾਬਤ ਹੋਈ।

19ਵੀਂ ਸਦੀ ਵਿਚ ਡਾਰਵਿਨ ਦਾ ਜੀਵ ਵਿਗਿਆਨਕ ਵਿਗਿਆਨਾਂ ਪ੍ਰਤੀ ਯੋਗਦਾਨ ਸ਼ਲਾਗਾਯੋਗ ਹੈ। ਡਾਰਵਿਨਵਾਦ ਨੂੰ ਇੰਗਲੈਂਡ ਵਿਚ ਬਹੁਤ ਸਵੀਕਾਰ ਕੀਤਾ ਗਿਆ ਹੈ।[59] ਕੁਲਦੀਪ ਸਿੰਘ ਧੀਰ ਅਨੁਸਾਰ, "ਪਦਾਰਥ ਤੋਂ ਜੀਵਨ ਅਤੇ ਜੀਵਨ ਤੋਂ ਚੇਤਨਾ ਦੀ ਯਾਤਰਾ ਦੇ ਦੋ ਮੂਲ ਪੜਾਅ ਗੁਰਬਾਣੀ ਸਪੱਸ਼ਟ ਕਰਦੀ ਹੈ, ਵਿਗਿਆਨ ਨਹੀਂ । ਇਕ ਪ੍ਰਕਾਰ ਦੇ ਜੀਵਨ ਤੋਂ ਦੂਜੇ ਪ੍ਰਕਾਰ ਦੇ ਜੀਵਨ ਤਕ ਦਾ ਵਿਕਾਸ ਸਮਝ ਆਉਂਦਾ ਹੈ। ਇਸ ਨੂੰ ਨਿਰਜੀਵ ਤੋਂ ਸਜੀਵ ਤਕ ਫੈਲਾਣਾ ਸਾਡੇ ਲਈ ਸੰਭਵ ਨਹੀਂ। ਸਜੀਵ ਨੂੰ ਚੇਤਨਾ ਦੇਣੀ ਸਾਡੇ

---

57 ਤੇਜਿੰਦਰ ਕੌਰ ਧਾਲੀਵਾਲ, *ਉਹੀ,* ਪੰ.23.

58 *ਪਵਿੱਤਰ ਬਾਈਬਲ, ਉਤਪਤ*, 2: 21, 22., ਪੰ. 4.

59 ਬੀ. ਐਸ. ਰਾਏ ਭੱਲਾ ਤੇ ਜੀ. ਐਸ. ਸੰਧੂ, *ਵਿਗਿਆਨ ਦਾ ਫ਼ਲਸਫਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992,* ਪੰ. 131.

ਲਈ ਸੰਭਵ ਨਹੀਂ। ਡਾਰਵਿਨ ਵੀ ਇਥੇ ਹੱਥ ਖੜ੍ਹੇ ਕਰ ਦਿੰਦਾ ਹੈ।"[60] ਡਾਰਵਿਨ ਆਪਣੀ ਆਤਮ ਕਥਾ ਵਿਚ ਇਹ ਮੰਨਦਾ ਹੈ ਕਿ ਜੀਵਨ ਦੀਆਂ ਬਹੁਤ ਸਾਰੀਆਂ ਸ਼ਕਤੀਆਂ ਸਿਰਜਣਹਾਰ ਪਰਮਾਤਮਾ ਨੇ ਪਹਿਲੀ ਵਾਰ ਇਕ ਜਾਂ ਕਈ ਜੀਵਾਂ ਵਿਚ ਪਾਈਆਂ। ਅਗਲੇਰਾ ਵਿਕਾਸ ਆਪੇ ਹੁੰਦਾ ਗਿਆ।[61] ਡਾਰਵਿਨ ਦਾ ਵਿਕਾਸ ਸਿਧਾਂਤ ਬਨਸਪਤੀ ਅਤੇ ਜੀਵ-ਜੰਤੂਆਂ ਦੇ ਪੀੜ੍ਹੀ ਦਰ ਪੀੜ੍ਹੀ ਹੋਏ ਪਰਿਵਰਤਨ ਅਤੇ ਵਿਕਾਸ ਦੀ ਗੱਲ ਕਰਦਾ ਹੈ। (ਜਿਵੇਂ ਬਾਂਦਰ ਤੋਂ ਮਨੁੱਖ)।

ਪਰਮਾਤਮਾ ਦੀ ਬਣਾਈ ਰਚਨਾ ਨੂੰ ਅਧਿਐਨ ਪੱਖੋਂ ਸਮਝਣ ਲਈ ਮੁੱਖ ਰੂਪ ਵਿਚ ਤਿੰਨ ਕਿਸਮਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ:

1. ਅਸਥੂਲ ਪਦਾਰਥ (Inert matter): ਇਸ ਵਰਗ ਵਿਚ ਸਮੁੰਦਰ, ਦਰਿਆ, ਮਿਟੀ-ਰੇਤ ਦੇ ਕਣ, ਗੀਟੇ, ਪੱਥਰ, ਪਹਾੜ, ਚਟਾਨਾਂ, ਧਰਤੀ, ਚੰਨ, ਸੂਰਜ, ਸਿਤਾਰੇ ਆਦਿ ਆਉਂਦੇ ਹਨ।
2. ਬਨਸਪਤੀ ਵਰਗ: ਇਸ ਵਿਚ ਛੋਟੇ-ਛੋਟੇ ਪੌਦੇ, ਫੁੱਲ, ਝਾੜੀਆਂ, ਉਲੀ (Fungus) ਸਾਰੀਆਂ ਫਸਲਾਂ, ਛੋਟੇ ਵੱਡੇ ਤੇ ਉਚੇ ਨੀਵੇਂ ਦਰਖਤ, ਘਾਹ, ਝਾੜੀਆਂ ਆਦਿ ਸਭ ਸ਼ਾਮਿਲ ਹਨ।
3. ਪਸ਼ੂ ਵਰਗ: ਇਸ ਵਿਚ ਸਾਰੇ ਤਰ੍ਹਾਂ ਦੇ ਛੋਟੇ ਤੇ ਵੱਡੇ ਪੰਛੀ, ਅਮੀਬਾ ਕੀੜੇ, ਕਿਰਮ, ਰੀਂਗਣ ਵਾਲੇ ਤੇ ਹੋਰ ਸਾਰੇ ਜੀਵ ਜੰਤੂ, ਮਾਸਾਹਾਰੀ ਤੇ ਸ਼ਾਕਾਹਾਰੀ ਜਾਨਵਰ ਅਤੇ ਮਨੁੱਖ ਵੀ ਸ਼ਾਮਿਲ ਹੈ।

ਸਜੀਵ/ਨਿਰਜੀਵ ਦੋਵੇਂ ਪਦਾਰਥ ਐਟਮਾਂ ਦੇ ਬਣੇ ਹਨ। ਨਿਰਜੀਵ ਪਦਾਰਥ ਅਨੰਤ ਸਮਿਆਂ ਤਕ (ਕਈ ਜਨਮ) , ਪੱਥਰ (ਸੈਲ ਗਿਰਿ) , ਰੁਖ ਬਿਰਖ, ਪਸ਼ੂ ਪੰਛੀ , ਕੀਟ ਪੰਤਗਿਆਂ ਵਿਚ ਰੂਪਾਂਤਰਿਤ ਹੁੰਦਾ ਹੁੰਦਾ ਆਖਿਰ ਮਨੁੱਖ ਬਣਦਾ ਹੈ। ਮਿੱਟੀ/ ਪੱਥਰ ਸਮਾਂ ਪਾ ਕੇ ਬਨਸਪਤੀ ਵਿਚ ਬਦਲੇ ਹਨ। ਬਨਸਪਤੀ ਨੇ ਲੰਮੇ ਸਮੇਂ ਉਪਰੰਤ ਕੀਟ ਪਤੰਗ ਤੇ ਪਸ਼ੂ -ਪੰਛੀਆਂ ਦਾ ਰੂਪ ਵਟਾਇਆ ਹੈ। ਪਸ਼ੂ ਪੰਛੀਆਂ ਨੇ ਅਖੀਰ ਮਨੁੱਖ ਦੀ ਦੇਹੀ ਹਾਸਲ ਕੀਤੀ ਹੈ।[62] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਵਿਕਾਸ ਦਾ ਨਕਸ਼ਾ ਸਪੱਸ਼ਟ ਉਲੀਕਿਆ ਗਿਆ ਹੈ। ਕਈ ਥਾਵਾਂ ਤੇ ਇਸ ਨੂੰ ਆਵਾਗਉਣ ਦੇ ਸਿਧਾਂਤ ਨਾਲ ਜੋੜ ਕੇ ਹੋਰ ਵੀ

---

[60] ਕੁਲਦੀਪ ਸਿੰਘ ਧੀਰ, *ਉਹੀ,* ਪੰ. 141.

[61] *ਉਹੀ,* ਪੰ. 139.

[62] *ਉਹੀ,* ਪੰ. 145.

ਸਪੱਸ਼ਟ ਕੀਤਾ ਗਿਆ ਹੈ। ਗੁਰਬਾਣੀ ਵਿਚ ਮਨੁੱਖਾ ਦੇਹੀ ਨੂੰ ਸਿਰਫ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਭਾਵ ਆਖਰੀ ਵਾਰੀ ਦੱਸਿਆ ਗਿਆ ਹੈ। ਭਗਤ ਕਬੀਰ ਜੀ ਨੇ ਵੀ ਅਜਿਹੇ ਘਰ (ਸਰੀਰ) ਪਹਿਲਾਂ ਵੀ ਬੜੀ ਵਾਰ (ਆਤਮਾ ਨੇ) ਵਸਾਏ ਹੋਣ ਦੀ ਗੱਲ ਕੀਤੀ ਹੈ। ਗੁਰਬਾਣੀ ਨੇ 'ਅਨਿਕ ਜਨਮ', 'ਕਈ ਕੋਟਿ' , 'ਬਹੁਤ ਜਨਮ' ਆਦਿ ਸ਼ਬਦਾਂ ਰਾਹੀਂ ਮਨੁੱਖੀ ਵਿਕਾਸ ਦੀ ਗੱਲ ਕੀਤੀ ਹੈ। ਕਬੀਰ ਜੀ ਕਹਿੰਦੇ ਹਨ :

ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ ॥1॥

ਐਸੇ ਘਰ ਹਮ ਬਹੁਤ ਬਸਾਏ ॥

ਜਬ ਹਮ ਰਾਮ ਗਰਭ ਹੋਏ ਆਏ ॥1॥ਰਹਾਉ॥

(ਗਉੜੀ, ਕਬੀਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 325-326)

ਇਥੇ ਅਸਥਾਵਰ (ਇਕੋ ਥਾਂ ਖੜ੍ਹੇ ਰੁਖ ਆਦਿ), ਜੰਗਮ (ਤੁਰਨ ਫਿਰਨ ਵਾਲੇ), ਕੀੜੇ ਤੇ ਪਤੰਗੇ ਆਦਿ ਦਾ ਜ਼ਿਕਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਜੀਵ ਵਿਕਾਸ ਸਿਧਾਂਤ ਦਾ ਪੂਰਾ ਨਕਸ਼ਾ ਸਪੱਸ਼ਟ ਪੇਸ਼ ਕਰ ਦਿੱਤਾ ਹੈ:

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥

ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥1॥

ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ ॥1॥ ਰਹਾਉ॥

ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥

ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥2॥

(ਗਉੜੀ ਗਉਆਰੇਰੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 176)

ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥...

ਕਈ ਕੋਟਿ ਕੀਏ ਚਿਰ ਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ॥...4॥10॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 275-276)

ਅਨੇਕਾਂ ਜਨਮਾਂ ਤੋਂ ਬਾਅਦ ਕਿਤੇ ਜਾ ਕੇ ਇਹ ਮਨੁੱਖਾ ਦੇਹੀ ਮਿਲਦੀ ਹੈ ਇਹੀ ਮੌਕਾ ਹੈ ਪਰਮਾਤਮਾ ਨਾਲ ਅਭੇਦ ਹੋਣ ਦਾ। ਇਸ ਕਰਕੇ ਭਗਤ (ਰਵਿਦਾਸ ਜੀ) ਵਾਰ ਵਾਰ ਬੇਨਤੀਆਂ ਕਰਦੇ ਹਨ ਕਿ ਹੇ

ਮਾਧਉ (ਪ੍ਰਭੂ) ਮੈਂ ਬਹੁਤ ਜਨਮਾਂ (ਲੰਮੇ ਸਮੇਂ) ਤੋਂ ਤੁਹਾਡੇ ਤੋਂ ਵਿਛੜਿਆ ਹਾਂ, ਚਿਰਾਂ ਤੋਂ ਤੁਹਾਡੇ ਮਿਲਾਪ ਦੀ ਤਾਂਘ ਹੈ। ਇਹ ਜਨਮ ਆਪ ਜੀ ਦੇ ਲੇਖੇ ਹੈ। ਕ੍ਰਿਪਾ ਕਰਕੇ ਦਰਸ਼ਨ ਦਿਓ:

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ੍ ਲੇਖੇ॥...2॥1॥

(ਧਨਾਸਰੀ, ਭਗਤ ਰਵਿਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 694)

ਹਰੇਕ ਸਰੀਰ ਸੈਲਾਂ ਦਾ ਬਣਿਆ ਹੋਇਆ ਹੈ। ਇਹ ਸੈਲ ਅਤਿ ਸੂਖਮ ਹਨ। ਅਮੀਬਾ ਵਰਗੇ ਜੀਵਾਂ ਵਿਚ ਇਕੋ ਸੈਲ ਅਨੇਕਾਂ ਕੰਮ ਕਰਦਾ ਹੈ। ਮਨੁੱਖ ਵਿਚ ਅੰਗ ਪ੍ਰਣਾਲੀਆਂ ਹਨ, ਅੰਗ ਹਨ, ਟਿਸ਼ੂ ਹਨ, ਸੈਲ ਹਨ। ਅਨੇਕਾਂ ਕਿਰਿਆਵਾਂ ਹਨ। ਇਕ ਅਨੁਮਾਨ ਮੁਤਾਬਕ ਮਨੁੱਖੀ ਸਰੀਰ ਵਿਚ ਪਝੰਤਰ ਟ੍ਰਿਲੀਅਨ ਰਸਾਇਣਕ ਕਿਰਿਆਵਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਵਿਚਲੇ ਇਕ ਸੈਲ ਵਿਚ ਤਿੰਨ ਅਰਬ ਬੇਸ ਪੇਅਰਾਂ ਦੇ ਰੂਪ ਵਿਚ ਡੀ. ਐਨ. ਏ. ਪਿਆ ਹੈ। ਬੇਸ ਪੇਅਰਾਂ ਵਿਚ ਦੋ ਦੋ ਦੇ ਜੋੜਿਆਂ ਦੇ ਚਾਰ ਰਸਾਇਣਕ ਸੰਜੋਗ ਹਨ। ਸਰੀਰ ਅੰਦਰ ਲੱਖਾਂ ਕਰੋੜਾਂ ਕਿਲੋਮੀਟਰਾਂ ਦਾ ਤੰਤੂ ਜਾਲ ਹੈ।[63] ਇਹ ਸਾਰੀਆਂ ਵਿਗਿਆਨਕ ਖੋਜਾਂ ਬਾਦ ਵਿਚ ਹੋਈਆਂ ਹਨ ਗੁਰਬਾਣੀ ਵਿਚ ਕਈ ਸਦੀਆਂ ਪਹਿਲਾਂ ਹੀ ਭਗਤਾਂ, ਸੰਤਾਂ ਅਤੇ ਗੁਰੂ ਸਾਹਿਬ ਨੇ ਸਹਿਜ ਸੁਭਾ ਹੀ ਇਹਨਾਂ ਪ੍ਰਤੀ ਇਸ਼ਾਰੇ ਕਰ ਦਿੱਤੇ ਹਨ। ਗੁਰੂ ਸਾਹਿਬ ਨੇ ਗਿਣਤੀ ਮਿਣਤੀਆਂ ਵਿਚ ਪੈਣ ਤੋਂ ਸਦਾ ਸੰਕੋਚ ਕੀਤਾ ਹੈ। ਇਸ ਕਰਕੇ ਹੀ ਅਸੀਂ ਗੁਰਬਾਣੀ ਵਿਚ ਅਨੇਕਾਂ, ਅਸੰਖ, ਨਾਨਾ, ਕਈ ਕੋਟਿ, ਅਨਿਕ, ਲੱਖ, ਲਖ ਬੀਸ, ਸਹਸ, ਕੇਤੇ ਆਦਿ ਕਈ ਤਰਾਂ ਦੇ ਸ਼ਬਦ ਵਰਤੇ ਵੇਖਦੇ ਹਾਂ। ਸਰੀਰ ਪ੍ਰਤੀ ਗੁਰਬਾਣੀ ਦੇ ਫੁਰਮਾਨ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥...2॥

(ਧਨਾਸਰੀ, ਭਗਤ ਪੀਪਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 695)

ਇਸੁ ਕਾਇਆ ਅੰਦਰਿ ਵਸਤੁ ਅਸੰਖਾ॥...3॥

(ਮਾਝ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 110)

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥

ਮੂਰਤਿ ਸੂਰਤਿ ਕਰਿ ਆਪਾਰਾ॥

---

[63] *ਉਹੀ,* ਪੰ. 128.

ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥4॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1022)

ਮਾਂ ਦੇ ਰਕਤ, ਪਿਤਾ ਦੇ ਬਿੰਦ ਅਤੇ ਪੰਜ ਤੱਤਾਂ ਦੇ ਮੇਲ ਤੋਂ ਸਰੀਰ ਦੇ ਸਿਰਜਣ ਬਾਰੇ ਅਜਿਹੇ ਪ੍ਰਮਾਣ ਵਾਰ-ਵਾਰ ਵਰਤੇ ਮਿਲਦੇ ਹਨ :

ਪੰਚ ਤਤੁ ਮਿਲਿ ਕਾਇਆ ਕੀਨੀ॥...7॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1030)

ਪੰਚ ਤਤੁ ਮਿਲਿ ਇਹੁ ਤਨੁ ਕੀਆ॥...7॥

(ਮਾਰੂ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1039)

ਤਿਨਿ ਕਰਤੈ ਇਕੁ ਖੇਲੁ ਰਚਾਇਆ॥

ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥...3॥

(ਮਾਝ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 117)

ਕਬੀਰ ਜੀ ਕਹਿੰਦੇ ਹਨ ਹੇ ਭਾਈ ਕਿਉਂ ਆਕੜ ਕੇ ਫਿਰਦਾ ਹੈਂ? ਉਹ ਦਿਨ ਭੁਲ ਗਏ ਜਦੋਂ ਦਸ ਮਹੀਨੇ ਮਾਤਾ ਦੇ ਗਰਭ ਵਿਚ ਉਲਟਾ ਲਟਕਿਆ ਹੋਇਆ ਸੀ :

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥

ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ ॥1॥ਰਹਾਉ॥

(ਸੋਰਠਿ, ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 654)

ਗੁਰਬਾਣੀ ਜਿੱਥੇ ਬ੍ਰਹਿਮੰਡ ਦੇ ਪਸਾਰੇ ਬਾਰੇ '*ਮਾਰੂ ਸੋਲੇਹਿਆਂ*'ਵਿਚ ਜਾਣਕਾਰੀ ਦਿੰਦੀ ਹੈ ਉੱਥੇ ਉਹ ਜੀਵ ਵਿਗਿਆਨ ਬਾਰੇ ਵੀ ਪੂਰੀ ਰੌਸ਼ਨੀ ਪਾਉਂਦੀ ਹੈ। ਜ਼ਾਈਗੋਟ ਵਿਚ ਮਾਤਾ ਦੇ ਓਵਮ ਤੇ ਪਿਤਾ ਦਾ ਸਪਰਮ ਮਿਲਦੇ ਹਨ। ਇਹ ਫਰਟੀਲਾਇਜੇਸ਼ਨ ਜਾਈਗੋਟ ਬਣਾਉਦੀਂ ਹੈ ਅਤੇ ਭਰੂਣ ਦਾ ਵਿਕਾਸ ਸ਼ੁਰੂ ਹੁੰਦਾ ਹੈ ਨਹੀਂ ਤਾਂ ਕਈ ਵਾਰ ਅਨੇਕਾਂ ਅੰਡੇ /ਸਪਰਮ ਨੇੜੇ ਰਹਿ ਕੇ ਵੀ ਜੀਵਨ ਨੂੰ ਜਨਮ ਨਹੀ ਦਿੰਦੇ ਜਿਸ ਕਾਰਨ ਸੰਤਾਨ ਨਹੀਂ ਹੁੰਦੀ। ਗੁਰੂ ਸਾਹਿਬ ਹੰਕਾਰੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਤੂੰ ਪਰਮਾਤਮਾ ਦਾ ਸ਼ੁਕਰ ਕਰ ਕਿ ਉਸਨੇ ਤੈਨੂੰ ਗਰਭ ਵਿਚ ਹੀ ਸ਼ੁਰੂਆਤੀ ਅਵਸਥਾ ਵਿਚ ਹੀ ਨਹੀਂ ਮਿਟਾ ਦਿੱਤਾ :

ਰਕਤ ਕਿਰਮ ਮਹਿ ਨਹੀ ਸੰਘਾਰਿਆ॥...2॥

(ਮਾਰੂ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1084)

ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ॥1॥

(ਮਾਰੂ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1007)

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ॥

ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥...4॥

(ਸੋਰਠਿ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 636)

ਅਵਤਾਰ ਸਿੰਘ ਅਨੁਸਾਰ, "ਸਿੱਖੀ ਵਿਚ ਦੂਸਰੇ ਧਰਮਾਂ ਬਾਰੇ ਅਗਿਆਨਤਾ ਨਹੀਂ,ਪਰ ਉਨ੍ਹਾਂ ਨੂੰ ਉਨ੍ਹਾਂ ਦੇ ਮੂਲ ਢਾਂਚੇ ਅਨੁਸਾਰ ਹੀ ਸਵੀਕਾਰ ਕੀਤਾ ਨਹੀਂ ਜਾਪਦਾ।"[64] ਉਪਰੋਕਤ ਵਿਸ਼ਲੇਸ਼ਣ ਦਾ ਮਨੋਰਥ ਵਿਭਿੰਨ ਧਰਮਾਂ ਦੇ ਪਰਮਸੱਤਾ, ਸੁੰਨ, ਸ੍ਰਿਸ਼ਟੀ ਰਚਨਾ, ਬ੍ਰਹਿਮੰਡ ਦੇ ਪਸਾਰੇ, ਮਨੁੱਖ ਦੀ ਹੋਂਦ, ਜਨਮ ਤੇ ਵਿਕਾਸ ਆਦਿ ਵਿਸ਼ਿਆਂ ਪ੍ਰਤੀ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਅਤੇ ਅੰਤਰ-ਦ੍ਰਿਸ਼ਟੀਆਂ ਪੇਸ਼ ਕਰਨੀਆਂ ਹਨ। ਗੁਰਬਾਣੀ ਜਿਥੇ ਬ੍ਰਹਿਮੰਡ ਦੇ ਪਸਾਰੇ ਬਾਰੇ ਜਾਣਕਾਰੀ ਦਿੰਦੀ ਹੈ ਉਥੇ ਉਹ ਜੀਵ-ਵਿਗਿਆਨ ਬਾਰੇ ਵੀ ਪੂਰੀ ਰੌਸ਼ਨੀ ਪਾਉਂਦੀ ਹੈ।

[64] ਅਵਤਾਰ ਸਿੰਘ, *ਉਹੀ,* ਪੰ. 9.

# ਅਧਿਆਇ - ਤੀਜਾ
# ਭਾਈ ਰਣਧੀਰ ਸਿੰਘ ਜੀ ਦਾ ਜੀਵਨ-ਬ੍ਰਿਤਾਂਤ
# ਅਤੇ ਧਾਰਮਿਕ ਅਨੁਭਵ

**ਜਾਣ-ਪਛਾਣ:** ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਦਾ ਅਧਿਐਨ ਕਰਨਾ ਹੈ। ਧਾਰਮਿਕ ਅਨੁਭਵ ਮਨੁੱਖੀ ਜੀਵਨ ਨਾਲ ਸੰਬੰਧਿਤ ਹੁੰਦਾ ਹੈ ਇਸ ਕਰਕੇ ਉਨ੍ਹਾਂ ਦੇ ਧਾਰਮਿਕ ਅਨੁਭਵ ਨੂੰ ਸਮਝਣ ਲਈ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਦਾ ਵਿਸਥਾਰ ਵਿਚ ਅਧਿਐਨ ਹੋਣਾ ਚਾਹੀਦਾ ਹੈ। ਇਸ ਅਧਿਆਇ ਵਿਚ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਦੀਆਂ ਪਰਮੁੱਖ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਅਸੀਂ ਭਾਈ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਵਿਚੋਂ ਕੁਝ ਅਜਿਹੀਆਂ ਘਟਨਾਵਾਂ ਦਾ ਵਰਨਣ ਕਰਾਂਗੇ ਜੋ ਸਿੱਧੇ ਜਾਂ ਅਸਿੱਧੇ ਤੌਰ ’ਤੇ ਉਨ੍ਹਾਂ ਦੇ ਧਾਰਮਿਕ ਅਨੁਭਵ ਨਾਲ ਸੰਬੰਧਿਤ ਹਨ।

ਭਾਈ ਰਣਧੀਰ ਸਿੰਘ ਜੀ ਧਾਰਮਿਕ ਇਨਸਾਨ, ਉੱਘੇ ਵਿਦਵਾਨ ਅਤੇ ਅਣਥੱਕ-ਯੋਧੇ ਸਨ। ਆਪ ਸੱਚੇ-ਸੁੱਚੇ, ਸੰਤ ਤੇ ਸਿਪਾਹੀ, ਨਾਮ-ਰਸੀਏ, ਕਥਨੀ ਤੇ ਕਰਨੀ ਦੇ ਪੂਰਨ ਗੁਰਸਿੱਖ, ਮਹਾਨ ਕ੍ਰਾਂਤੀਕਾਰੀ, ਪ੍ਰੇਰਣਾ ਸਰੋਤ ਤੇ ਗੁਰਮਤਿ ਦੇ ਵਿਆਖਿਆਕਾਰ ਅਤੇ ਮਹਾਨ ਪ੍ਰਚਾਰਕ ਸਨ। ਆਪ ਨੇ ਗੁਰਮਤਿ ਨਾਮ ਅਭਿਆਸ ਕਮਾਈ ਕੀਤੀ। ਗੁਰਮਤਿ ਸਿਧਾਂਤਾਂ ’ਤੇ ਪੂਰੀ ਤਰ੍ਹਾਂ ਅਮਲ ਕੀਤਾ ਅਤੇ ਨਾਮ ਦੀ ਪ੍ਰਾਪਤੀ ਦਾ ਅਨੁਭਵ ਹਾਸਲ ਕੀਤਾ। ਇਹ ਰੂਹਾਨੀ-ਅਨੁਭਵ ਤੇ ਰੂਹਾਨੀ-ਰਸ ਆਪ ਨੇ ਨਾਮ ਰਾਹੀਂ ਹੀ ਹਾਸਲ ਕੀਤਾ। ਆਪ ਨੇ ਆਪਣੇ ਤਜ਼ਰਬੇ ਤੇ ਰੂਹਾਨੀ ਰੰਗਾਂ ਦੇ ਖੇੜੇ ਕਾਰਨ ਜੀਵਨ ਦੇ ਕਠਿਨ ਦੌਰ ਵਿਚ ਵੀ ਗੁਰੂ ਸਿਧਾਂਤਾਂ ’ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਅਤੇ ਨਾਮ-ਬਾਣੀ ਦਾ ਓਟ ਆਸਰਾ ਤੇ ਇਕ ਅਕਾਲ ਪੁਰਖ ’ਤੇ ਟੇਕ ਰੱਖੀ। ਆਪ ਨੇ ਅਨਹਦ ਸ਼ਬਦ, ਦਸਮ ਦੁਆਰ ਅਤੇ ਨਾਮ ਅਭਿਆਸ ਕਮਾਈ ਸੰਬੰਧੀ ਨਿੱਜੀ ਅਨੁਭਵ ਮਾਣੇ ਅਤੇ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਇਸ ਅਕੱਥ ਅਨੁਭਵ ਨੂੰ ਕਥਨ ਕਰਨ ਦਾ ਯਤਨ ਕੀਤਾ ਹੈ। ਆਪ ਦੀਆਂ ਰਚਨਾਵਾਂ ਆਪ ਦੇ ਧਾਰਮਿਕ ਅਨੁਭਵ ਨੂੰ ਸਮਝਣ ਲਈ ਲਾਹੇਵੰਦ ਹਨ।

ਭਾਈ ਰਣਧੀਰ ਸਿੰਘ ਬਾਰੇ ਵੱਖ-ਵੱਖ ਵਿਦਵਾਨਾਂ ਜਿਵੇਂ ਗਿਆਨੀ ਗੁਰਦਿੱਤ ਸਿੰਘ, ਗਿਆਨੀ ਨਾਹਰ ਸਿੰਘ, ਬਲਬੀਰ ਸਿੰਘ 'ਦਿਲ', ਡਾ. ਤ੍ਰਿਲੋਚਨ ਸਿੰਘ, ਡਾ. ਗੁਲਜ਼ਾਰ ਸਿੰਘ ਕੰਗ ਆਦਿ ਨੇ ਲਿਖਿਆ ਅਤੇ ਖੁਦ ਉਨ੍ਹਾਂ ਦੀ ਸਵੈ ਜੀਵਨੀ *'ਜੇਲ੍ਹ-ਚਿੱਠੀਆਂ'* ਤੋਂ ਵੀ ਸਾਨੂੰ ਕਾਫੀ ਜਾਣਕਾਰੀ ਮਿਲਦੀ ਹੈ।

**ਜੀਵਨ : ਜਨਮ ਅਤੇ ਬਚਪਨ :** ਭਾਈ ਰਣਧੀਰ ਸਿੰਘ ਜੀ ਦਾ ਜਨਮ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਨਾਰੰਗਵਾਲ ਵਿਖੇ 25 ਹਾੜ ਸੰਮਤ 1935 ਬਿਕਰਮੀ, ਮੁਤਾਬਕ 7 ਜੁਲਾਈ, 1878 ਈ. ਨੂੰ ਹੋਇਆ।[1] ਆਪ ਦੇ ਪਿਤਾ ਸਰਦਾਰ ਨੱਥਾ ਸਿੰਘ ਗਰੇਵਾਲ ਦਾ ਜਨਮ 1852 ਈ. ਨੂੰ ਨੰਬਰਦਾਰ ਬਸਾਵਾ ਸਿੰਘ ਦੇ ਘਰ ਪਿੰਡ ਨਾਰੰਗਵਾਲ ਵਿਖੇ ਹੋਇਆ। ਸ੍ਰ. ਨੱਥਾ ਸਿੰਘ ਦਸਵੀਂ ਕਰਕੇ 1870 ਈ. ਵਿਚ ਇਕ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਗਏ ਅਤੇ 1874 ਈ. ਵਿਚ ਮਿਡਲ ਸਕੂਲ ਲੁਧਿਆਣੇ ਹੈਡਮਾਸਟਰ ਲੱਗੇ।[2] ਸ੍ਰ. ਨੱਥਾ ਸਿੰਘ ਦੀ ਲਿਆਕਤ ਦੇ ਗੁਣਾਂ ਨੂੰ ਵੇਖਦੇ ਹੋਏ ਮਹਾਰਾਜਾ ਹੀਰਾ ਸਿੰਘ ਜੀ ਨੇ ਉਹਨਾਂ ਨੂੰ ਹਾਈ ਕੋਰਟ ਦਾ ਜੱਜ ਨਿਯੁਕਤ ਕਰ ਦਿੱਤਾ ਅਤੇ ਉਹ ਅੰਤਲੇ ਸਮੇਂ ਤਕ ਇਸ ਅਹੁਦੇ ਤੇ ਰਹੇ।

ਭਾਈ ਰਣਧੀਰ ਸਿੰਘ ਦੀ ਮਾਤਾ ਸਰਦਾਰਨੀ ਪੰਜਾਬ ਕੌਰ ਅਤਿ ਧਾਰਮਿਕ ਬਿਰਤੀ ਵਾਲੀ ਗੁਰੂ ਘਰ ਦੀ ਪ੍ਰੇਮਣ, ਮਿਹਨਤੀ, ਅਣਖੀ ਤੇ ਸੁੱਚ ਸੰਜਮ ਵਾਲੀ ਔਰਤ ਸੀ। ਮਾਤਾ-ਪਿਤਾ ਨੇ ਇਨ੍ਹਾਂ ਦਾ ਪਹਿਲਾ ਨਾਮ ਬਸੰਤ ਸਿੰਘ ਰੱਖਿਆ ਸੀ ਅਤੇ ਅੰਮ੍ਰਿਤ ਛਕਣ ਪਿਛੋਂ ਇਹ ਰਣਧੀਰ ਸਿੰਘ ਬਣੇ।[3] ਭਾਈ ਸਾਹਿਬ ਦਾ ਬਚਪਨ ਪਿੰਡ ਨਾਰੰਗਵਾਲ ਵਿਚ ਬੀਤਿਆ ਪਰ ਛੇਤੀ ਪਿੱਛੋਂ ਹੀ ਆਪ ਨਾਭਾ ਸ਼ਹਿਰ ਵਿਖੇ ਵਿੱਦਿਆ ਪ੍ਰਾਪਤੀ ਕਰਨ ਹਿੱਤ ਆਪਣੇ ਪਿਤਾ ਜੀ ਪਾਸ ਆ ਗਏ, ਜੋ ਕਿ ਉਸ ਵੇਲੇ ਨਾਭਾ ਹਾਈ ਕੋਰਟ ਦੇ ਜੱਜ ਦੀਆਂ ਸੇਵਾਵਾਂ ਨਿਭਾ ਰਹੇ ਸਨ। ਆਪਦੇ ਮਾਤਾ ਪਿਤਾ ਦਾ ਸ਼ੌਂਕ ਸੀ ਕਿ ਆਪ ਉੱਚ ਸਰਕਾਰੀ ਅਹੁਦੇ ਤੇ ਪੁੱਜੋ।[4] ਆਪ ਬਚਪਨ ਤੋਂ ਹੀ ਕੋਮਲ ਸੁਭਾਅ ਵਾਲੇ ਤੇ ਕੁਦਰਤ ਦੇ ਪ੍ਰੇਮੀ ਸਨ। ਕੁਦਰਤੀ ਨਜ਼ਾਰਿਆਂ ਦੀ ਸੁੰਦਰਤਾ ਤੇ ਸਰਲਤਾ ਸਹਿਜ ਸੁਭਾ ਹੀ ਆਪ ਦਾ ਹਿਰਦਾ ਛੂਹ ਜਾਂਦੀ ਸੀ। ਪਰੰਤੂ ਪਰਮਾਰਥੀ ਰੰਗ ਆਪ ਨੂੰ ਬੀ. ਏ. ਦੀ ਪੜਾਈ ਵੇਲੇ ਪਿਤਾ ਜੀ ਦੀ ਪ੍ਰੇਰਨਾ ਦੁਆਰਾ ਲੱਗਾ।

---

1 ਗਿਆਨੀ ਨਾਹਰ ਸਿੰਘ, ਉਥਾਨਕਾ, *ਜੇਲ੍ਹ ਚਿੱਠੀਆਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010, ਪੰ. ਦ.

2 Trilochan Singh, (Trans.) *Autobiography Of Bhai Sahib Randhir Singh*, Translator's Introductory Thesis, Bhai Sahib Randhir Singh Trust, Ludhiana, 2011, p. ix.

3 ਗੁਲਜ਼ਾਰ ਸਿੰਘ ਕੰਗ, *ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰ. 1.

4 ਭਾਈ ਰਣਧੀਰ ਸਿੰਘ, *ਜੇਲ੍ਹ ਚਿੱਠੀਆਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010, ਪੰਨੇ 13-14.

ਭਾਈ ਰਣਧੀਰ ਸਿੰਘ ਨੇ ਮੁੱਢਲੀ ਵਿੱਦਿਆ ਨਾਭੇ ਤੋਂ ਹੀ ਪ੍ਰਾਪਤ ਕੀਤੀ। ਮੈਟ੍ਰਿਕ ਦੀ ਜਮਾਤ ਵਿਚੋਂ ਚੰਗੇ ਨੰਬਰ ਲੈਣ ਉਪਰੰਤ ਆਪ ਨੂੰ ਉਚੇਰੀ ਪੜ੍ਹਾਈ ਵਾਸਤੇ ਲਾਹੌਰ ਭੇਜ ਦਿੱਤਾ ਗਿਆ। ਆਪ ਨੇ 1896 ਈ. ਤੋਂ 1898 ਈ. ਤਕ ਸਰਕਾਰੀ ਕਾਲਜ ਲਾਹੌਰ ਤੇ 1898 ਈ. ਤੋਂ 1900 ਈ. ਤਕ ਮਿਸ਼ਨ ਕਾਲਜ ਲਾਹੌਰ ਵਿਖੇ ਪੜ੍ਹਾਈ ਕੀਤੀ। ਆਪ ਜਵਾਨੀ ਵੇਲੇ ਬੇਹਦ ਖੂਬਸੂਰਤ ਸਨ, ਛਾਤੀ ਚੌੜੀ ਤੇ ਨਰੋਈ ਸਿਹਤ ਸੀ। ਆਪ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਵੀ ਹਿੱਸਾ ਲੈਂਦੇ ਸਨ। ਆਪ ਨੂੰ ਹਾਕੀ ਖੇਡਣ ਦਾ ਕਾਫੀ ਸ਼ੌਂਕ ਸੀ। ਆਪ ਹਾਕੀ ਟੀਮ ਦੇ ਕਪਤਾਨ ਵੀ ਰਹੇ। ਇੰਝ ਹੀ ਪੰਜਾਬੀ ਤੇ ਫ਼ਾਰਸੀ ਸਾਹਿਤ ਵਿਚ ਵੀ ਰੁਚੀ ਸੀ। ਆਪ ਨੂੰ ਹਾਫਿਜ਼, ਰੂਮੀ ਤੇ ਪੰਜਾਬੀ ਸੂਫ਼ੀ ਕਵੀਆਂ ਦੀਆਂ ਕਾਫੀ ਰਚਨਾਵਾਂ ਜ਼ੁਬਾਨੀ ਯਾਦ ਸਨ।

ਮਿਸ਼ਨ ਕਾਲਜ ਵਿਚ ਅੰਗਰੇਜ਼ ਪ੍ਰਿੰਸੀਪਲ ਅਤੇ ਸਟਾਫ਼ ਨੇ ਪੂਰਾ ਅਨੁਸ਼ਾਸਨ ਕਾਇਮ ਕੀਤਾ ਹੋਇਆ ਸੀ। ਈਸਾਈ ਕਾਲਜ ਹੋਣ ਕਰਕੇ ਇਥੇ ਬਾਈਬਲ ਦੀਆਂ ਧਾਰਮਿਕ ਕਲਾਸਾਂ ਵੀ ਲੱਗਦੀਆਂ ਸਨ। ਇਹਨਾਂ ਕਲਾਸਾਂ ਵਿਚ ਹਿੱਸਾ ਲੈਣ ਕਰਕੇ ਭਾਈ ਸਾਹਿਬ ਦੀ ਈਸਾਈ ਤੇ ਯਹੂਦੀ ਧਰਮ ਬਾਰੇ ਕਾਫ਼ੀ ਵਾਕਫ਼ੀਅਤ ਹੋ ਗਈ ਸੀ। ਅਧਿਆਤਮਿਕ ਲਗਨ ਕਾਰਨ ਆਪ ਨੇ ਇਸ ਸਮੇਂ ਧਾਰਮਿਕ ਸਾਹਿਤ ਦਾ ਕਾਫੀ ਅਧਿਐਨ ਕੀਤਾ। ਲਾਹੌਰ ਉਸ ਸਮੇਂ ਪੂਰਾ ਮਸ਼ਹੂਰ ਸ਼ਹਿਰ ਸੀ। ਜਿਥੇ ਇਕ ਪਾਸੇ ਤਾਂ ਕੁਸੰਗ ਦਾ ਬਾਜ਼ਾਰ ਗਰਮ ਸੀ ਅਤੇ ਦੂਜੇ ਪਾਸੇ ਅਨੇਕਾਂ ਧਰਮਾਂ ਦਾ ਬੋਲਬਾਲਾ ਸੀ। ਆਪ ਜਵਾਨੀ ਦੇ ਦਿਨਾਂ ਵਿਚ ਕੁਸੰਗ ਅਤੇ ਭੈੜੀ ਸੰਗਤ ਤੋਂ ਬਚੇ ਰਹੇ। ਜਿਸ ਨੂੰ ਆਪ ਰਖਣਹਾਰ ਪਰਮਾਤਮਾ ਦੀ ਬਖਸ਼ਿਸ਼ ਮੰਨਦੇ ਸਨ।[5] ਆਪ ਨੇ ਵਿਭਿੰਨ ਧਰਮਾਂ ਦੇ ਸਮਾਗਮਾਂ ਨੂੰ ਵੇਖਿਆ ਅਤੇ ਸੁਣਿਆ ਪਰੰਤੂ ਕਿਸੇ ਧਰਮ ਪ੍ਰਤੀ ਕੋਈ ਖਿੱਚ ਨਾ ਪਈ।

ਇਨ੍ਹੀਂ ਦਿਨੀਂ ਆਪ ਨੇ ਬੀ. ਏ. ਦੇ ਇਮਤਿਹਾਨਾਂ ਦੇ ਨਾਲ-ਨਾਲ ਵਕਾਲਤ ਦੀ ਪਹਿਲੀ ਸ਼੍ਰੇਣੀ ਦੇ ਇਮਤਿਹਾਨਾਂ ਦੀ ਤਿਆਰੀ ਵੀ ਕਰਨੀ ਸੀ। ਕਿਉਂਕਿ ਆਪ ਦੇ ਪਿਤਾ ਜੀ ਖੁਦ ਜੱਜ ਸਨ ਉਹ ਆਪ ਨੂੰ ਵੀ ਵੱਡਾ ਅਫਸਰ ਬਨਾਉਣਾ ਚਾਹੁੰਦੇ ਸਨ। ਪਿਤਾ ਜੀ ਨੇ ਚਿੱਠੀ ਲਿਖ ਭੇਜੀ ਕਿ, "ਤੈਂ ਦੋ ਇਮਤਿਹਾਨ ਦੇਣੇ ਹਨ; ਜੇ ਪਾਸ ਹੋਣਾ ਹੈ ਤਾਂ ਸਵੇਰੇ 'ਜਪੁਜੀ ਸਾਹਿਬ' ਦਾ ਤੇ ਆਥਣੇ 'ਰਹਿਰਾਸ' ਦਾ ਪਾਠ ਕਰਿਆ ਕਰ।"[6] ਅਤੇ ਨਾਲ ਹੀ ਇਕ ਗੁਟਕਾ ਵੀ ਭੇਜ ਦਿੱਤਾ। ਇਥੇ ਦੱਸਣਯੋਗ ਹੈ ਕਿ ਆਪ ਗੁਰਮੁਖੀ ਪੜ੍ਹਨੀ ਜਾਣਦੇ ਸਨ ਪਰ ਗੁਰਬਾਣੀ ਜਾਂ ਗੁਰਮਤਿ ਦੀ ਕੋਈ ਪੋਥੀ ਉਸ ਸਮੇਂ ਤਕ ਆਪ ਨੇ ਪੜ੍ਹੀ ਨਹੀਂ ਸੀ। ਆਪ ਆਪਣੇ ਮਤਲਬ ਨੂੰ

---

[5] *ਉਹੀ,* ਪੰ. 2.

[6] *ਉਹੀ,* ਪੰ. *ਉਹੀ* ।

ਗੁਰਬਾਣੀ ਦਾ ਪਾਠ ਮਨ ਲਗਾ ਕੇ ਕਰਨ ਲੱਗੇ ਜਿਸ ਨਾਲ ਐਸਾ ਮਾਨਸਿਕ ਪਰਿਵਰਤਨ ਆਇਆ ਕਿ ਦੁਨਿਆਵੀ ਪੜ੍ਹਾਈ ਨਾਲੋਂ ਪ੍ਰਮਾਰਥੀ ਰੰਗ ਵਧੇਰੇ ਚੜ੍ਹਦਾ ਗਿਆ। ਆਪ ਨੇ ਰਹਿਰਾਸ ਸਾਹਿਬ ਦਾ ਪਾਠ ਅਜਿਹੇ ਵੈਰਾਗ ਸੁਰ ਨਾਲ ਕਰਨਾ ਕਿ ਸੁਣਨ ਵਾਲਿਆਂ ਨੇ ਭੀ ਮੋਮ ਹੋ ਜਾਣਾ ਤੇ ਆਪ ਢਲ੍ਹ ਜਾਣਾ।[7]

ਆਪ ਨੂੰ ਹਰ ਵਕਤ ਪ੍ਰਭੂ ਮਿਲਾਪ ਦੀ ਤਾਂਘ ਲੱਗੀ ਰਹਿੰਦੀ ਸੀ। ਦੁਨਿਆਵੀ ਪੜ੍ਹਾਈ ਵਿਚੋਂ ਦਿਲਚਸਪੀ ਘਟਦੀ ਗਈ। ਕਲਾਸ ਲੱਗਣ ਦੌਰਾਨ ਵੀ ਆਪ ਡੈਸਕ ਉਪਰ ਵਿਖਾਵੇ ਵਜੋਂ ਪੜ੍ਹਾਈ ਦੀ ਕਿਤਾਬ ਰੱਖ ਛੱਡਦੇ ਪਰੰਤੂ ਹੇਠਾਂ ਗੁਪਤ ਖਾਨੇ ਵਿਚ ਵਾਰਾਂ ਭਾਈ ਗੁਰਦਾਸ ਜਾਂ ਭਗਤ ਬਾਣੀ ਦੋਹਾਂ ਵਿਚੋਂ ਇਕ ਦਾ ਹਰਦਮ ਪਾਠ ਕਰਦੇ ਰਹਿੰਦੇ ਸਨ। ਆਪ ਕੇਵਲ ਬਾਈਬਲ ਦੀ ਕਲਾਸ ਵੇਲੇ ਧਿਆਨ ਦਿੰਦੇ ਸਨ ਅਤੇ ਉਦੋਂ ਵੀ ਗੁਰਮਤਿ ਦੇ ਭੇਦਾਂ ਨੂੰ ਅੰਤਰ-ਧਰਮ ਗਿਆਨ ਰਾਹੀਂ ਸਮਝਣ ਦਾ ਯਤਨ ਕਰਦੇ ਸਨ। ਇਸ ਸਮੇਂ ਆਪ ਦੇ ਜੀਵਨ ਵਿਚ ਅਜਿਹਾ ਵੈਰਾਗ ਉਪਜਿਆ ਕਿ ਅਧਿਆਤਮਿਕ ਮਾਰਗ ਦੇ ਪਾਂਧੀ ਬਣ ਗਏ। ਪਾਠ ਕਰਦੇ ਸਮੇਂ ਆਪ ਦੇ ਨੇਤਰਾਂ ਵਿਚੋਂ ਨੀਰ ਵਗਦਾ ਰਹਿੰਦਾ ਜੋ ਕਿ ਟਿਕੇ ਹੋਏ ਮਨ ਦੀ ਨਿਸ਼ਾਨੀ ਕਹੀ ਜਾ ਸਕਦੀ ਹੈ। ਕਲਾਸ ਪਿੱਛੋਂ ਜਦ ਕਮਰੇ ਵਿਚ ਆਉਣਾ ਤਾਂ ਵੀ ਇਹੀ ਹਾਲ ਰਹਿੰਦਾ। ਆਪ ਪੜ੍ਹਾਈ ਵਿਚ ਧਿਆਨ ਨਾ ਦਿੰਦੇ। ਇਹ ਵੇਖ ਕੇ ਨਾਲ ਵਾਲੇ ਸਾਥੀ ਨੇ ਆਪ ਦੇ ਪਿਤਾ ਜੀ ਨੂੰ ਦੱਸਣ ਹਿਤ ਚਿੱਠੀ ਲਿਖ ਦਿੱਤੀ ਕਿ ਇਹ, "ਪੜ੍ਹਦਾ ਗੁਣਦਾ ਕੁਝ ਨਹੀਂ, ਪ੍ਰਮਾਰਥ ਦਾ ਪਾਗਲਪਣਾ ਵਿਆਪ ਗਿਆ ਹੈ, ਆ ਕੇ ਸਾਰ ਸਮਾਲ ਲਵੋ।"[8] ਜਦ ਪਿਤਾ ਜੀ ਨੇ ਆ ਕੇ ਵੇਖਿਆ ਤਾਂ ਆਪ ਪੋਥੀ ਪੜ੍ਹ ਰਹੇ ਸੀ ਅਤੇ ਨੇਤਰਾਂ ਵਿਚੋਂ ਨੀਰ ਵਹਿ ਰਿਹਾ ਸੀ। ਪਿਤਾ ਜੀ ਨੇ ਸਮਝਾਉਣਾ ਚਾਹਿਆ ਤਾਂ ਆਪ ਨੇ ਨਿਮਰਤਾ ਸਹਿਤ ਇਹੀ ਉੱਤਰ ਦਿੱਤਾ ਕਿ , "ਆਪ ਨੇ ਹੀ ਕਿਰਪਾ ਕਰਕੇ ਇਤ ਵਲ ਲਾਇਆ ਹੈ ਨਹੀਂ ਤਾਂ ਮੈਨੂੰ ਅਭਾਗੇ ਨੂੰ ਕੀ ਸਾਰ ਸੀ ?"[9] ਅਖੀਰ ਪਿਤਾ ਜੀ ਵਾਪਸ ਪਰਤ ਗਏ। ਵਕਾਲਤ ਦੀ ਪੜ੍ਹਾਈ ਤੋਂ ਆਪ ਪਹਿਲਾਂ ਹੀ ਉਚਾਟ ਹੋ ਚੁੱਕੇ ਸੀ। ਸੰਨ 1900 ਈ. ਵਿਚ ਬੀ. ਏ. ਦੇ ਇਮਤਿਹਾਨਾਂ ਸਮੇਂ ਆਪ ਦੀ ਗੁਰਮਤਿ ਵੈਰਾਗ ਬ੍ਰਿਤੀ ਪੂਰੇ ਜੋਰਾਂ ਤੇ ਸੀ, ਪ੍ਰੀਖਿਆ ਭਵਨ ਵਿਚ ਇਮਤਿਹਾਨ ਦੌਰਾਨ ਅਜਿਹੀ ਲਹਿਰ ਉੱਠੀ ਕਿ ਪੇਪਰ ਲਿਖਣ ਦੀ ਸੁਧ-ਬੁੱਧ ਹੀ ਨਾ ਰਹੀ। ਪੇਪਰ ਲਿਖਦਿਆਂ ਅਜਿਹਾ ਵੈਰਾਗ ਛਿੜ ਪਵੇ ਕਿ ਕਲਮ ਹੱਥ ਵਿਚ ਫੜੀ ਹੀ ਰਹਿ ਜਾਵੇ। ਇਹ

---

[7] *ਉਹੀ*, ਪੰ. 3.

[8] *ਉਹੀ*, ਪੰ. *ਉਹੀ* ।

[9] *ਉਹੀ*, ਪੰ. *ਉਹੀ* ।

ਖਬਰ ਸੁਣ ਕੇ ਪਿਤਾ ਜੀ ਆਪ ਨੂੰ ਲਾਹੌਰ ਆ ਕੇ ਵਾਪਿਸ ਆਪਣੇ ਨਾਲ ਨਾਭ੍ਹਾ ਲੈ ਗਏ ਅਤੇ ਹੋਰ ਪ੍ਰਚਾਵੇ ਵਿਚ ਲਾਉਣ ਦੇ ਯਤਨ ਕਰਨ ਲੱਗੇ।[10] ਆਪ ਦਾ ਗੁਰਬਾਣੀ ਪ੍ਰਤੀ ਪ੍ਰੇਮ ਦਿਨੋ-ਦਿਨ ਵਧਦਾ ਜਾ ਰਿਹਾ ਸੀ।

**ਭਾਈ ਰਣਧੀਰ ਸਿੰਘ ਜੀ ਦੇ ਜੀਵਨ ਦੀਆਂ ਰਹੱਸਮਈ ਘਟਨਾਵਾਂ** : ਭਾਈ ਸਾਹਿਬ ਦੇ ਜੀਵਨ ਦੀਆਂ ਕਈ ਘਟਨਾਵਾਂ ਅਧਿਆਤਮਿਕਤਾ ਦੇ ਗੁਝੇ ਭੇਦਾਂ ਦਾ ਪ੍ਰਗਟਾਵਾ ਕਰਦੀਆਂ ਹਨ ਜਿਨ੍ਹਾਂ ਰਾਹੀਂ ਅਸੀਂ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਸਮਝ ਸਕਦੇ ਹਾਂ।

**(ੳ) ਇਕ ਕਰਾਮਾਤੀ ਸਾਧੂ ਦੀ ਝਲਕ**: *ਜੇਲ੍ਹ ਚਿੱਠੀਆਂ* ਪੁਸਤਕ ਤੋਂ ਜਾਣਕਾਰੀ ਮਿਲੀ ਕਿ ਲਾਹੌਰ ਕਾਲਜ ਪੜ੍ਹਾਈ ਦੇ ਦਿਨਾਂ ਦੌਰਾਨ ਇਕ ਦਿਨ ਆਪ ਨੂੰ ਇਕ ਕਰਾਮਾਤੀ ਸਾਧੂ ਦੇ ਦਰਸ਼ਨ ਹੋਏ। ਇਹ ਮਸਤ ਫਕੀਰ ਕੰਬਲਾਂ ਦੇ ਚੋਲੇ ਵਿਚ ਵਲੇਟਿਆ ਹੋਇਆ ਆਪਣੇ ਰੰਗਾਂ ਵਿਚ ਝੂਲਦਾ ਆ ਰਿਹਾ ਸੀ। ਜਦੋਂ ਉਸਦੀ ਤਿੱਖੀ ਨਜ਼ਰ ਭਾਈ ਸਾਹਿਬ ਤੇ ਪਈ ਤਾਂ ਆਪ ਅਜਿਹੇ ਪ੍ਰਭਾਵਿਤ ਹੋਏ ਕਿ ਉਸੇ ਥਾਂ ਹੀ ਆਪਣੀਆਂ ਕਿਤਾਬਾਂ ਸੁੱਟ ਕੇ ਸਾਧੂ ਦੇ ਮਗਰ ਹੋ ਤੁਰੇ। ਰਸਤੇ ਵਿਚ ਕਈ ਛਾਬੜੀਆਂ ਵਾਲੇ ਮਿਠਾਈਆਂ, ਫਲਾਂ ਵਾਲੇ ਮੇਵੇ ਪੇਸ਼ ਕਰਦੇ ਵੇਖੇ ਪਰ ਉਸ ਨੇ ਕਿਸੇ ਵੱਲ ਤੱਕਿਆ ਵੀ ਨਾ। ਅੰਤ ਮੁੱਖ ਅਦਾਲਤ ਦੇ ਸਾਹਮਣੇ ਇਕ ਛੋਟੀ ਜਿਹੀ ਬਗੀਚੀ ਵਿਚ ਲਗੇ ਇਕ ਫੁਹਾਰੇ ਕੋਲ ਪਹੁੰਚੇ ਇਥੇ ਉਸ ਸਾਧੂ ਨੇ ਆਪਣੇ ਕੰਬਲੀ ਚੋਲੇ ਨੂੰ ਲਾਹ ਕੇ ਪਰ੍ਹੇ ਰੱਖ ਦਿੱਤਾ ਅਤੇ ਵਿਚੋਂ ਨਗਨ ਜਟਾ ਜੂਟ ਨਿਕਲ ਆਇਆ।[11] ਭਾਈ ਸਾਹਿਬ ਨੂੰ ਉਸ ਨੇ ਬਹੁਤ ਡਰਾਇਆ ਪਰ ਆਪ ਅਡੋਲ ਖੜ੍ਹੇ ਉਸ ਦੀਆਂ ਲਹਿਰਾਂ ਵੇਖਦੇ ਰਹੇ। ਫਿਰ ਉਸ ਨੇ ਜਲ ਛਕਿਆ ਤੇ ਡੰਡਉਤ ਕਰਨ ਲੱਗਾ। ਉਹ ਆਪ ਨੂੰ ਤ੍ਰਿਕਾਲ ਦਰਸ਼ੀ ਲੱਗਾ ਜੋ ਆਪਣੀ ਦਿਬ ਦ੍ਰਿਸ਼ਟੀ ਰਾਹੀਂ ਪਰਮਾਤਮਾ ਦੇ ਦੀਦਾਰੇ ਕਰ ਰਿਹਾ ਸੀ। ਭਾਈ ਸਾਹਿਬ ਇਸ ਅਨੁਭਵ ਬਾਰੇ ਖੁਦ ਲਿਖਦੇ ਹਨ, "ਮੇਰੇ ਸਰੀਰ ਵਿਚ ਝਰਨਾਟ ਜਿਹੀ ਫਿਰ ਗਈ, ਮੇਰੀ ਰੋਮਾਵਲੀ ਦੇ ਲੂੰ ਲੂੰ ਵਿਚੋਂ ਜਪੁ ਜੀ ਸਾਹਿਬ ਦੇ ਪਾਠ ਦੀ ਮਧੁਰ ਧੁਨੀ ਆ ਮੁਹਾਰੀ ਨਿਕਲਣ ਲਗ ਪਈ। ਮੈਨੂੰ ਇਕ ਚੱਕਰ ਜਿਹਾ ਆਇਆ, ਮੇਰੀਆਂ ਅੱਖੀਆਂ ਦੇ ਅਗੋਂ ਦ੍ਰਿਸ਼ਟਮਾਨ ਪਸਾਰੇ ਦਾ ਸਭ ਨਜ਼ਾਰਾ ਬੰਦ ਹੋ ਗਿਆ ਤੇ ਹੋਰ ਹੀ ਬਿਸਮਾਦ ਵਰਤ ਗਿਆ ਜਿਹੜਾ ਮੇਰੇ ਉਤੇ ਅਗੇ ਕਦੇ ਨਹੀਂ ਸੀ ਵਰਤਿਆ। ਮੈਨੂੰ ਮਾਨੋਂ ਪ੍ਰੀ-ਪੂਰਨ ਬਿਸਮਾਦ ਮੰਡਲ ਦਾ ਆਕਾਸ਼ ਹੀ ਆਕਾਸ਼ ਨਜ਼ਰੀ ਆਉਂਦਾ ਸੀ। ਕੰਨ ਵਿਚ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀ ਅਖੰਡ ਧੁਨੀ ਆ ਰਹੀ ਸੀ, ਜੋ ਮੇਰੇ ਹੀ ਅੰਦਰੋਂ ਨਿਕਲਦੀ ਪ੍ਰਤੀਤ ਹੁੰਦੀ ਸੀ। ਮੇਰੇ

---

[10] *ਉਹੀ,* ਪੰ. 12.

[11] *ਉਹੀ,* ਪੰ. 5.

ਸਾਹਮਣੇ ਨਾ ਉਹ ਸਾਧੂ ਪਿਆ ਦਿਸਦਾ ਹੈ, ਨਾ ਉਹ ਹੌਜ਼, ਨਾ ਉਹ ਬਗੀਚੀ।"[12] ਫਿਰ ਆਪ ਨੂੰ ਇਕ ਹੋਰ ਚੱਕਰ ਆਇਆ ਪਰ ਇਸ ਚੱਕਰ ਆਉਣ ਨਾਲ ਧੜਮ ਕਰਕੇ ਡਿੱਗਣ ਦੇ ਬਾਵਜੂਦ ਵੀ ਆਪ ਅਨੰਦ ਮਹਿਸੂਸ ਕਰ ਰਹੇ ਸੀ। ਪਰ ਜਦੋਂ ਹੋਸ਼ ਆਈ ਤਾਂ ਆਪ ਉੱਥੇ ਉਸੇ ਹੀ ਸਾਧੂ ਸਾਹਮਣੇ ਚੌਂਕੜੀ ਮਾਰ ਕੇ ਬੈਠ ਗਏ ਅਤੇ ਮੂੰਹ ਵਿਚ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗ ਪਏ। ਕਈ ਘੰਟਿਆਂ ਪਿਛੋਂ ਸਾਧੂ ਉੱਠਿਆ ਤੇ ਤੁਰ ਪਿਆ ਆਪ ਉਸ ਦੇ ਮਗਰ ਫਿਰ ਤੁਰ ਪਏ ਅਤੇ ਸ਼ਹਿਰ ਤੋਂ ਦੋ ਮੀਲ ਬਾਹਰ ਲਾਰੰਸ ਬਾਗ ਵਲ ਜਾ ਨਿਕਲੇ। ਉਹ ਜਿਧਰ ਵੀ ਗਿਆ ਕਿਸੇ ਨੇ ਉਸ ਨੂੰ ਰਸਤੇ ਵਿਚ ਰੋਕਿਆ ਨਾ। ਐਸਾ ਜਾਪੇ ਕਿ ਕੋਈ ਉਨ੍ਹਾਂ ਨੂੰ ਦੇਖ ਨਹੀਂ ਰਿਹਾ ਅਤੇ ਉਹ ਦੋਵੇਂ ਸਭ ਨੂੰ ਵੇਖਦੇ ਸਨ। ਉਸ ਸਾਧੂ ਨੇ ਆਪ ਨੂੰ ਅਜਿਹੇ ਅਸਥਾਨਾਂ ਦੀ ਸੈਰ ਕਰਾਈ ਜੋ ਆਪ ਨੇ ਕਦੇ ਨਹੀਂ ਵੇਖੇ ਸਨ। ਸੈਰ ਸਪਾਟੇ ਕਰਦਿਆਂ ਇਹ ਚੱਕਰ ਅੰਤ ਦਿਨ ਛਿਪਦੇ ਤਕ ਮੁਕਿਆ। [13]

ਅਖੀਰ ਉਹ ਫਕੀਰ ਸ਼ਾਹਆਲਮੀ ਦਰਵਾਜ਼ੇ ਦੇ ਬਾਹਰਵਾਰ ਇਕ ਚੁਗਾਨ ਵਿਚ ਆ ਬੈਠਾ ਜਿਥੇ ਅਨੇਕ ਪ੍ਰਕਾਰ ਦੇ ਮਤਾਂ ਦੇ ਸਾਧਾਂ ਦੇ ਟੋਲੇ ਅੱਡੋ-ਅੱਡੀ ਅਖਾੜੇ ਜਮਾਈ ਬੈਠੇ ਸਨ। ਪਰ ਉਹ ਕਿਸੇ ਟੋਲੇ ਵਿਚ ਨਾ ਰਲਿਆ ਅਤੇ ਵੱਖਰਾ ਜਾ ਬੈਠਾ। ਆਪ ਮੂੰਹ ਹਨੇਰਾ ਹੋਣ ਸਮੇਂ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗ ਪਏ ਪਰੰਤੂ ਜਦ ਭੋਗ ਪਾ ਕੇ ਉਸ ਥਾਂ ਵੇਖਿਆ ਤਾਂ ਉਹ ਫਕੀਰ ਉਥੇ ਨਹੀਂ ਸੀ। ਆਪ ਨੇ ਬੜਾ ਇਧਰ ਉਧਰ ਲੱਭਿਆ ਪਰ ਉਹ ਕਿਤੇ ਨਾ ਮਿਲਿਆ। ਅੰਤ ਆਪ ਆਪਣੇ ਨਿਵਾਸ ਸਥਾਨ ਨਾਭਾ ਹਾਊਸ ਆ ਗਏ। ਅੰਨ ਜਲ ਕੁਝ ਨਾ ਛਕਿਆ।[14] ਰਹਿਰਾਸ ਦਾ ਪਾਠ ਕਰਦੇ ਸਮੇਂ ਉਸ ਫਕੀਰ ਦਾ ਚਲੇ ਜਾਣਾ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦਾ ਪ੍ਰਤੀਕ ਹੈ ਕਿ ਦੋਵਾਂ ਦੀ ਮੰਜ਼ਿਲ ਭਾਵੇਂ ਇਕ ਸੀ ਪਰ ਰਸਤੇ ਅਲੱਗ ਸਨ।

ਅਗਲੇ ਦਿਨ ਫਿਰ ਉਹੀ ਸਾਧੂ ਪੁਰਾਣੀ ਅਨਾਰਕਲੀ ਬਾਜ਼ਾਰ ਵਿਚ ਟੱਕਰ ਪਿਆ ਅਤੇ ਆਪ ਵਲ ਵੇਖ ਕੇ ਮੁਸਕਰਾਇਆ। ਆਪ ਫਿਰ ਕਿਤਾਬਾਂ ਉੱਥੇ ਹੀ ਰੱਖ ਕੇ ਉਸ ਦੇ ਮਗਰ ਹੋ ਤੁਰੇ ਅਤੇ ਉਸ ਚਗਾਨ ਵਿਚ ਫਿਰ ਜਾ ਬੈਠੇ ਪਰ ਅਚਾਨਕ ਕਿਸੇ ਨੇ ਅੱਗ ਨਾਲ ਭੱਖਦੀ ਸੁਲਫੇ ਦੀ ਚਿਲਮ ਉਸ ਸਾਧੂ ਨੂੰ ਪੇਸ਼ ਕੀਤੀ ਤੇ ਉਹ ਬਿਨਾਂ ਕਿਸੇ ਸੰਕੋਚ ਦੇ ਸੂਟੇ ਲਾਉਣ ਲੱਗ ਪਿਆ। ਇਹ ਸਭ ਵੇਖ ਕੇ ਆਪ ਦੀ ਸ਼ਰਧਾ ਭੰਗ ਹੋ

---

12 *ਉਹੀ,* ਪੰ. 6.

13 *ਉਹੀ,* ਪੰ. 7.

14 *ਉਹੀ,* ਪੰ. *ਉਹੀ* ।

ਗਈ ਅਤੇ ਉਥੋਂ ਤੁਰਨ ਲੱਗੇ ਤਾਂ ਫਕੀਰ ਨੇ ਕਿਹਾ, "ਕਿਉਂ! ਇਤਨੀ ਹੀ ਜੀਰਾਂਦ ਸੀ? ਥੋੜ੍ਹੇ ਵਿਚ ਹੀ ਪਰਖੇ ਗਏ ਤੇ ਅਸ਼ਰਧਕ ਹੋ ਕੇ ਮੂੰਹ ਮੋੜ ਚੱਲੇ?"[15] ਤਾਂ ਭਾਈ ਸਾਹਿਬ ਨੇ ਇਹ ਤੁਕ ਪੜੀ - ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥ ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥2॥

(ਵਡਹੰਸ ਕੀ ਵਾਰ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 585)

ਉਪਰੋਕਤ ਸਾਧੂ ਦੇ ਮਿਲਾਪ ਵਾਲੀ ਘਟਨਾ ਤੋਂ ਭਾਈ ਸਾਹਿਬ ਦੀ ਸ਼ਰਧਾ ਅਤੇ ਪ੍ਰੇਮ ਦੇ ਸੁਭਾਅ ਦਾ ਪਤਾ ਲੱਗਦਾ ਹੈ। ਭਾਈ ਸਾਹਿਬ ਦੇ ਹਿਰਦੇ ਅੰਦਰ ਕਬੀਰ ਜੀ ਦੇ ਇਸ ਗੁਰਵਾਕ:

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥130॥

(ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1371)

ਦਾ ਗਹਿਰਾ ਅਸਰ ਸੀ। ਇਹੀ ਕਾਰਨ ਸੀ ਕਿ ਆਪ ਨੇ ਉਸ ਨੂੰ ਸੱਚਾ-ਸੁੱਚਾ, ਤ੍ਰਿਕਾਲ ਦਰਸ਼ੀ ਸਾਧੂ ਜਾਣ ਕੇ ਉਸਦੀ ਗੈਲ ਨਾ ਛੱਡੀ ਅਤੇ ਉਸੇ ਰਾਹ ਉਸਦੇ ਪਿੱਛੇ-ਪਿੱਛੇ ਤੁਰਦੇ ਗਏ। ਸਾਧੂ ਦੁਆਰਾ ਦਿਖਾਏ ਗਏ ਹੈਰਾਨੀਜਨਕ ਸਥਾਨਾਂ ਕਾਰਨ ਆਪ ਉਸ ਦੇ ਡੂੰਘੇ ਸ਼ਰਧਾਵਾਨ ਹੋ ਗਏ। ਦੂਜੇ ਦਿਨ ਤਾਂ ਆਪ ਦੀ ਸ਼ਰਧਾ ਹੋਰ ਵੀ ਵਧ ਗਈ ਸੀ ਪਰੰਤੂ ਜਦੋਂ ਆਪ ਨੇ ਉਸ ਨੂੰ ਸੁਲਫਾ ਵਰਤਣ ਵਾਲਾ, ਨਸ਼ੇ ਦੀ ਸਹਾਇਤਾ ਨਾਲ ਲਿਵ ਜੋੜਨ ਵਾਲਾ ਜਾਣਿਆ ਤਾਂ ਆਪ ਦੀ ਸਾਰੀ ਸ਼ਰਧਾ ਇਕ ਪਲ ਵਿਚ ਉਸ ਉਪਰੋਂ ਉੱਠ ਗਈ। ਇਸ ਅਚਾਨਕ ਮਿਲੇ ਝਟਕੇ ਨਾਲ ਆਪ ਕੋਮਲ ਸੁਭਾਅ ਦੇ ਮਾਲਕ ਹੋਣ ਕਾਰਨ ਬੇਹੋਸ਼ ਹੋ ਕੇ ਡਿੱਗ ਪਏ। ਆਪ ਨੇ ਉਸ ਸਾਧੂ ਨੂੰ ਉੱਥੇ ਹੀ ਛੱਡ ਦਿੱਤਾ ਤੇ ਕਿਹਾ ਕਿ ''ਜੇ ਹੁਣ ਤੂੰ ਰੱਬ ਬਣ ਕੇ ਭੀ ਆਵੇਂ ਤਾਂ ਮੇਰੀ ਸ਼ਰਧਾ ਤੇਰੇ ਉਤੇ ਨਹੀਂ ਜੰਮੇਗੀ।''[16] ਇਸ ਉਪਰੰਤ ਆਪ ਨੇ ਰਹਿਰਾਸ ਦਾ ਪਾਠ ਕਰਨ ਪਿੱਛੋਂ ਭਰੇ ਮਨ ਨਾਲ ਅਰਦਾਸ ਕਰਕੇ ਗੁਰੂ ਘਰ ਦੇ ਸੰਤਾਂ ਭਗਤਾਂ ਦੀ ਸ਼ਰਨ ਮੰਗੀ।

**(ਅ) ਇਕ ਗੈਬੀ ਬ੍ਰਿਧ ਸਿੰਘ ਦੀ ਥਾਪਣਾ:** ਦੂਜੇ ਦਿਨ ਆਪ ਭਾਈ ਤਾਰੂ ਸਿੰਘ ਦੇ ਗੁਰਦੁਆਰੇ 'ਸ਼ਹੀਦ ਗੰਜ' ਮੱਥਾ ਟੇਕਣ ਪਹੁੰਚੇ ਤਾਂ ਬੂਹੇ ਵੜਣ ਸਾਰ ਹੀ ਇਕ ਚਿੱਟੇ ਦਾਹੜੇ ਵਾਲੇ ਬ੍ਰਿਧ ਸਿੰਘ ਆਪ ਨੂੰ ਮਿਲੇ। ਆਪ ਨੇ ਫਤਹਿ ਬੁਲਾਈ ਤਾਂ ਉਹਨਾਂ ਅੱਗੋਂ ਥਾਪਣਾ ਦੇ ਕੇ ਆਖਿਆ, "ਜਾਹ ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ

---

[15] *ਉਹੀ*, ਪੰ. 9.

[16] *ਉਹੀ*, ਪੰ. *ਉਹੀ* ।

ਹਨ। ਤੂੰ ਸੁਲਫਈ ਫਕੀਰ ਉਤੇ ਨਹੀਂ ਰੀਝਿਆ। ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਹਾਵੇਗੀ। ਜਾਹ! ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਿਜੁਗ ਦੇ ਹਨ। ਇਨ੍ਹਾਂ ਦੇ ਲੜ ਲਗਿਆ ਹੀ ਪਾਰ ਉਤਾਰਾ ਹੋਵਸੀ। ਨਿਤ ਉਠ ਪਹਿਲਾਂ ਇਹਨਾਂ ਦਾ ਹੀ ਦਰਸ਼ਨ ਪਾਠ ਕੀਤਾ ਕਰ।"[17] ਇਹ ਬਚਨ ਕਹਿ ਕੇ ਉਹ ਸਿੰਘ ਅਲੋਪ ਹੋ ਗਿਆ।

ਸਾਧੂ ਤੋਂ ਗੈਬੀ ਸਿੰਘ ਦੇ ਦਰਸ਼ਨ ਦਾ ਸਫ਼ਰ ਇਹ ਸਿੱਧ ਕਰਦਾ ਹੈ ਕਿ ਭਾਵੇਂ ਆਪ ਉਸ ਸਾਧ ਵਿਚੋਂ ਪਰਮਾਤਮਾ ਭਗਤ ਦੇ ਦਰਸ਼ਨ ਕਰਨਾ ਲੋਚਦੇ ਸਨ ਪਰ ਜਿਉਂ ਹੀ ਆਪ ਨੂੰ ਉਸ ਦੀ ਅਸਲੀਅਤ ਦਾ ਪਤਾ ਲੱਗਾ ਤਾਂ ਸੱਚੇ ਸਿੰਘ ਹੋਣ ਕਾਰਨ ਆਪ ਨੇ ਉਸੇ ਮੌਕੇ ਹੀ ਉਸ ਤੋਂ ਖਹਿੜਾ ਛੁਡਾ ਲਿਆ ਕਿਉਂਕਿ ਆਪ ਗੁਰਮਤਿ ਅਸੂਲਾਂ ਵਿਰੁੱਧ ਕਦੇ ਕੋਈ ਸਮਝੌਤਾ ਨਹੀਂ ਕਰਦੇ ਸਨ ਅਤੇ ਉਹ ਸਾਧੂ ਗੁਰਮਤਿ ਅਨੁਸਾਰ ਬਿਆਨਿਆ ਸਾਧੂ ਨਹੀਂ ਸੀ। ਸੋ ਗੈਬੀ ਸਿੰਘ ਦੇ ਦਰਸ਼ਨਾਂ ਪਿੱਛੋਂ ਆਪ ਦੀ ਸ਼ਰਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹੋਰ ਵੀ ਵਧ ਗਈ ਅਤੇ ਗੁਰਮਤਿ ਗੁਪਤ (ਰਹੱਸਮਈ) ਵਿਦਿਆ ਦੇ ਖਜਾਨੇ ਖੁੱਲ੍ਹ ਗਏ।

**ਨਾਇਬ ਤਹਿਸੀਲਦਾਰ ਵਜੋਂ ਨਿਯੁਕਤੀ :** ਆਪ ਨੂੰ 1902 ਈ. ਨੂੰ ਸਮਰਾਲਾ ਤਹਿਸੀਲ ਵਿਖੇ 70 ਰੁਪਏ ਪ੍ਰਤੀ ਮਹੀਨਾ ਤਨਖਾਹ ਦੇ ਹਿਸਾਬ ਨਾਲ ਨਾਇਬ-ਤਹਿਸੀਲਦਾਰ ਨਿਯੁਕਤ ਕਰ ਦਿੱਤਾ ਗਿਆ। ਇਸ ਸਮੇਂ ਪੰਜਾਬ ਵਿਚ ਪਲੇਗ ਫੈਲੀ ਹੋਈ ਸੀ। ਅੰਗਰੇਜ਼ ਸਰਕਾਰ ਵਲੋਂ ਇਲਾਜ ਲਈ ਇੰਗਲੈਂਡ ਤੋਂ ਡਾਕਟਰ ਮੰਗਵਾਏ ਗਏ ਸਨ। ਮਾਰਚ-ਅਪ੍ਰੈਲ 1902 ਈ. ਨੂੰ ਆਪ ਨੂੰ ਇਨਕੁਲੇਟਿੰਗ ਅਫਸਰ (ਪਲੇਗ ਦਾ ਟੀਕਾ ਲਾਉਣ ਵਾਲਾ ਅਫਸਰ) ਡਾਕਟਰ ਫਿਸ਼ਰ ਦੇ ਨਾਲ ਨਿੱਜੀ ਸਹਾਇਕ ਲਾਇਆ ਗਿਆ। ਉਹ ਸਿਰਫ ਅੰਗਰੇਜ਼ੀ ਜਾਣਦੇ ਸਨ ਇਸ ਲਈ ਇਹਨਾਂ ਨਾਲ ਪੇਂਡੂ ਇਲਾਕਿਆਂ ਵਿਚ ਜਾਣ ਲਈ ਪੰਜਾਬੀ ਬੋਲਣ ਵਾਲੇ ਅਫਸਰ ਸਹਾਇਕ ਲਗਾਏ ਗਏ। ਭਾਈ ਸਾਹਿਬ ਨੌਕਰੀ ਕਰਨੀ ਪਸੰਦ ਨਹੀਂ ਕਰਦੇ ਸਨ ਪਰੰਤੂ ਪਿਤਾ ਜੀ ਦੇ ਸਮਝਾਉਣ ਪਿੱਛੋਂ ਕਿ ਇਹ ਖਲਕ ਦੀ ਸੇਵਾ ਹੈ, ਆਪ ਰਾਜ਼ੀ ਹੋਏ ਸਨ। ਪਹਿਲੇ ਦਿਨ ਹੀ ਆਪ ਨੂੰ ਫਰਜ਼ੀ ਰਸੀਦਾਂ ਤੇ ਮਲਬਾ ਫੰਡ ਵਿਚੋਂ ਮੁਫ਼ਤ ਖੋਰੀ ਦਾ ਝਮੇਲਾ ਨਜਿੱਠਣਾ ਪਿਆ। ਆਪ ਨੇ ਸਖਤ ਕਦਮ ਚੁਕਦਿਆਂ ਹੇਰਾ-ਫੇਰੀ ਬੰਦ ਕਰਵਾ ਦਿੱਤੀ ਜਿਸ ਨਾਲ ਸਾਰਾ ਅਮਲਾ ਆਪ ਦੇ ਵਿਰੁੱਧ ਹੋ ਗਿਆ ਅਤੇ ਆਪ ਦੀ ਸ਼ਿਕਾਇਤ ਕਰ ਦਿੱਤੀ ਕਿ ਇਹ ਨਵਾਂ ਅਫਸਰ ਨਜ਼ਾਇਜ਼ ਤੰਗ ਕਰਦਾ ਹੈ। ਪੜਤਾਲ ਦੌਰਾਨ ਆਪ ਨੇ

---

[17] *ਉਹੀ,* ਪੰ. 11.

ਸਿੱਧ ਕਰ ਦਿੱਤਾ ਕਿ ਕਿਵੇਂ ਇਕੱਲਾ ਬਹਿਰਾ ਹੀ ਅਸਲ ਰਕਮ ਤੋਂ ਤਿਗੁਣੀ ਰਕਮ ਹਜ਼ਮ ਕਰਨੀ ਚਾਹੁੰਦਾ ਸੀ ਤੇ ਪੈਸੇ ਹੜੱਪੀ ਜਾ ਰਿਹਾ ਸੀ। ਇਸ ਉਪਰੰਤ ਇਨਕੂਲੇਟਿੰਗ ਅਫਸਰ ਡਾਕਟਰ ਫਿਸ਼ਰ ਉੱਪਰ ਆਪ ਦੀ ਸ਼ਖ਼ਸੀਅਤ ਦਾ ਡੂੰਘਾ ਪ੍ਰਭਾਵ ਪਿਆ। ਉਸ ਨੇ ਕਿਹਾ, ''ਸੁਣਿਆ ਸੀ ਕਿ ਸਿੱਖ ਸਚਿਆਰ ਹੁੰਦੇ ਹਨ, ਸੋ ਠੀਕ ਦੇਖਿਆ''[18] ਅਤੇ ਫਿਰ ਉਹ ਆਪ ਦਾ ਗੂੜ੍ਹਾ ਮਿੱਤਰ ਹੀ ਬਣ ਗਿਆ।

ਉਸ ਸਮੇਂ ਦੌਰਾਨ ਖੁਸ਼ਾਮਦੀ ਜੈਲਦਾਰਾਂ, ਸਫੈਦਪੋਸ਼ਾਂ ਨੇ ਅੰਗਰੇਜ਼ ਅਫਸਰਾਂ ਨੂੰ ਵੀ ਡਾਲੀ ਦੇਣ ਦੀ ਰਵਾਇਤ ਪਾਈ ਹੋਈ ਸੀ। ਆਪ ਨੇ ਹੁਕਮ ਕੀਤਾ ਕਿ ਮੇਰੀ ਇਜਾਜ਼ਤ ਤੋਂ ਬਿਨਾਂ ਕੋਈ ਵੀ ਵਿਅਕਤੀ ਅਫ਼ਸਰ ਨੂੰ ਨਾ ਮਿਲੇ। ਇਸ ਤੇ ਅਫ਼ਸਰ ਔਖਾ ਹੋਣ ਲੱਗਾ ਤਾਂ ਆਪ ਨੇ ਸਮਝਾਇਆ ਕਿ ਇਹ ਰਿਸ਼ਵਤਖੋਰੀ ਹੈ ਅਤੇ ਇੰਝ ਹੀ ਮਲਬਾ ਫੰਡ ਵਿਚੋਂ ਕਿਸੇ ਦਾ ਹੱਕ ਖਾਣਾ ਕੋਹੜੀ ਤੇ ਕਲੰਕੀ ਬਣਨਾ ਹੈ। ਇਨਕੂਲੇਟਿੰਗ ਅਫਸਰ ਨੇ ਉਵੇਂ ਹੀ ਡੀ. ਸੀ. ਨੂੰ ਜਾ ਕੇ ਕਿਹਾ ਕਿ ਡਾਲੀ ਲੈਣਾ ਰਿਸ਼ਵਤਖੋਰੀ ਹੈ। ਜਦੋਂ ਇਹ ਸੁਣਕੇ ਡੀ.ਸੀ. ਨੇ ਆਪ ਨੂੰ ਬੁਲਾਇਆ ਤਾਂ ਆਪ ਨੇ ਉਸ ਦੀ ਵੀ ਦਲੀਲਾਂ ਰਾਹੀਂ ਤਸੱਲੀ ਕਰਵਾ ਦਿੱਤੀ।[19]

ਇਸ ਨੌਕਰੀ ਤੋਂ ਆਪ ਨੇ ਇਹ ਸਬਕ ਸਿੱਖਿਆ ਕਿ ਸਰਕਾਰੀ ਸੇਵਾ ਵਿਚ ਰਹਿਣਾ ਅਸਲ ਵਿਚ ਪਰਲੋਕ ਵਿਗਾੜਨਾ ਹੈ ਜਿਸ ਵਿਚ ਆਤਮਿਕ ਬਿਰਤੀ ਦੇ ਰੁੜ ਜਾਣ ਦਾ ਤੋਖਲਾ ਹਰ ਵਕਤ ਬਣਿਆ ਰਹਿੰਦਾ ਹੈ। ਭਾਵੇਂ ਡਾਕਟਰ ਫਿਸ਼ਰ ਇੰਗਲੈਂਡ ਜਾਣ ਲੱਗਿਆਂ ਆਪ ਨੂੰ ਪੁੱਛੇ ਬਿਨਾਂ ਹੀ ਆਪ ਨੂੰ ਤਰੱਕੀ ਦੇ ਕੇ ਤਹਿਸੀਲਦਾਰ ਬਣਾਉਣ ਦੀ ਠੋਕਵੀਂ ਸਿਫਾਰਿਸ਼ ਕਰ ਗਿਆ ਸੀ ਪਰੰਤੂ ਫਿਰ ਵੀ ਆਪ ਨੇ ਨੌਕਰੀ ਛੱਡਣ ਦਾ ਪੱਕਾ ਮਨ ਬਣਾ ਲਿਆ। ਇਕ ਦਿਨ ਡਿਪਟੀ ਕਮਿਸ਼ਨਰ ਨੇ ਆਪ ਦੇ ਪਿਤਾ ਨੂੰ ਬੁਲਾਇਆ ਅਤੇ ਉਹਨਾਂ ਸਾਹਮਣੇ ਆਪ ਨੂੰ ਨੌਕਰੀ ਛੱਡਣ ਦਾ ਕਾਰਨ ਪੁੱਛਿਆ ਤਾਂ ਆਪ ਨੇ ਕਿਹਾ ਕਿ ਮੈਂ ਤਾਂ ਇਸ ਕਰਕੇ ਨੌਕਰੀ ਕਰਨ ਲੱਗਿਆ ਸੀ ਕਿ ਲੋਕਾਂ ਦੀ ਸੇਵਾ ਕਰਨੀ ਹੈ ਅਤੇ ਸਰਕਾਰ ਸੇਵਾਦਾਰਾਂ ਦੀ ਕੰਪਨੀ ਬਣੀ ਹੋਈ ਹੈ। ਪਰੰਤੂ ਤਲਖ ਤਜ਼ਰਬੇ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਸਰਕਾਰ ਰੂਪੀ ਕੰਪਨੀ ਵਿਚ ਹਰ ਕੋਈ ਵੱਡੇ ਤੋਂ ਵੱਡਾ 'ਹਾਕਮ' ਕਹਾਉਂਦਾ ਹੈ ਪਰ ਸੇਵਾ ਕੋਈ ਨਹੀਂ ਕਰਦਾ। ਇਨਸਾਫ ਜਿਸ ਨੂੰ ਸੱਚੋ-ਸੱਚ ਨਿਆਉਂ ਨਿਬੇੜਾ ਆਖਦੇ ਹਨ। ਉਹ ਇਸ ਸਰਕਾਰ ਵਿਚ ਰਹਿ ਕੇ ਹੋ ਹੀ ਨਹੀਂ ਸਕਦਾ। ਉੱਚ ਰੂਹਾਨੀ ਜੀਵਨ ਵਾਲੇ ਧਰਮੀ ਪੁਰਸ਼ ਤੋਂ ਵਿਹੂਣਾ ਕੋਈ ਨਿਆਂ ਕਰਨ ਦੀ ਡੀਂਗ ਨਹੀਂ ਮਾਰ ਸਕਦਾ। ਇਸ ਕਰਕੇ ਮੈਂ ਇਸ ਘਾਟੇ

---

18 *ਉਹੀ,* ਪੰ. 16.

19 *ਉਹੀ,* ਪੰ. 19.

ਵਾਲੇ ਸੌਦੇ ਵਿਚ ਕਦੇ ਵੀ ਨਹੀਂ ਪੈਣਾ ਚਾਹੁੰਦਾ। ਆਪ ਦਾ ਇਹ ਟਕੇ ਵਰਗਾ ਜਵਾਬ ਸੁਣ ਕੇ ਡਿਪਟੀ ਕਮਿਸ਼ਨਰ ਤੇ ਡਾਕਟਰ ਫਿਸ਼ਰ ਨੇ ਆਪ ਦੇ ਪਿਤਾ ਨੂੰ ਕਿਹਾ ਕਿ, "ਸਰਦਾਰ ਸਾਹਿਬ ਅਫ਼ਸੋਸ! ਆਪ ਕਾ ਲੜਕਾ ਨਾ ਆਪ ਕੇ ਕਾਮ ਕਾ ਰਹਾ ਨਾ ਹਮਾਰੇ ਕਾਮ ਕਾ। ਤੁਮਾਰੇ ਹਾਥ ਸੇ ਗਿਆ। ਔਰ ਹਮਾਰੇ ਹਾਥ ਭੀ ਨਾ ਆਏਗਾ। ਅਫ਼ਸੋਸ ਕਿ ਗੁਰਨਮਿੰਟ ਕੇ ਹਾਥ ਸੇ ਏਕ ਸੋਨੇ ਕੀ ਚਿੜੀਆ ਜਾਤੀ ਹੈ। ਬੜੇ ਅਫ਼ਸੋਸ ਕੀ ਬਾਤ ਹੈ ਕਿ ਆਪ ਕੀ ਉਮੈਦ ਪੂਰੀ ਨਾ ਹੂਈ, ਔਰ ਹਮ ਕੋ ਭੀ ਸਖ਼ਤ ਮਾਯੂਸੀ ਹੂਈ, ਕਿਉਂਕਿ ਨਾ ਹੀ ਕਾਨੂੰਨੇ ਸ਼ਹਾਦਤ ਟੂਟੇਗਾ ਨਾ ਹੀ ਯੇਹ ਸਰਕਾਰ ਕੀ ਨੌਕਰੀ ਕਰੇਗਾ।"[20] ਅਸਲ ਵਿਚ ਨੌਕਰੀ ਭਾਈ ਸਾਹਿਬ ਦੀ ਅਧਿਆਤਮਿਕ ਤਰੱਕੀ ਦੇ ਰਸਤੇ ਵਿਚ ਰੋਕ ਬਣ ਰਹੀ ਸੀ।

**ਅੰਮ੍ਰਿਤ ਛਕਣ ਦੌਰਾਨ ਹੋਇਆ ਅਨੁਭਵ** : ਇਕ ਦਿਨ ਆਪ ਪਿੰਡ ਗੁਜ਼ਰਵਾਲ ਦੀ ਸਿੰਘ ਸਭਾ ਦੇ ਸਾਲਾਨਾ ਦੀਵਾਨ ਵਿਚ ਕੀਰਤਨ ਸੁਣ ਰਹੇ ਸਨ। ਆਪ ਨੂੰ ਇੰਝ ਜਾਪਿਆ ਜਿਵੇਂ ਪੰਜਾਂ ਪਿਆਰਿਆਂ ਵਿਚੋਂ ਇਕ ਗੁਰੂ ਕਾ ਪਿਆਰਾ ਆ ਕੇ ਆਪ ਨੂੰ ਅਨੋਖੀ ਜਗ੍ਹਾ ਲੈ ਜਾਂਦਾ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਪੰਜ ਪਿਆਰੇ ਆਪ ਨੂੰ ਸਨਮੁਖ ਖੜੇ ਪੁੱਛਦੇ ਹਨ, "ਅੰਮ੍ਰਿਤ ਛਕਣ ਦੀ ਅਭਿਲਾਸ਼ਾ ਹੈ?"[21] ਤਾਂ ਆਪ ਨੇ ਕਿਹਾ, "ਜੀ! ਜੇ ਦਾਸ ਅੰਮ੍ਰਿਤ ਦਾ ਅਧਿਕਾਰੀ ਹੈ ਤਾਂ ਛਕਾ ਦਿਓ, ਛਕਣ ਦੀ ਅਭਿਲਾਖਾ ਤਾਂ ਬਹੁਤ ਹੈ ਏਦੂੰ ਉੱਤਮ ਸਮਾਂ ਹੋਰ ਕਿਹੜਾ ਜੁੜਨਾ ਹੈ। ਮੇਰੇ ਧੰਨ ਭਾਗ ਹਨ।"[22] ਤਾਂ ਹੁਕਮ ਹੋਇਆ ਜੇ ਤੁਹਾਡੀ ਇਸਤਰੀ ਵੀ ਅੰਮ੍ਰਿਤ ਛਕਣ ਨੂੰ ਤਿਆਰ ਹੈ ਤਾਂ ਉਸ ਨੂੰ ਨਾਲ ਲੈ ਆਓ।

ਇਸ ਨਜ਼ਾਰੇ ਤੋਂ ਬਾਦ ਆਪ ਦੀ ਹੋਰ ਤੀਬਰ ਜਿਗਿਆਸਾ ਹੋ ਗਈ ਅਤੇ ਆਖਰ ਉਹ ਸੁਭਾਗਾ ਸਮਾਂ ਆ ਗਿਆ ਜਦੋਂ ਆਪ ਨੇ ਸੁਣਿਆ ਕਿ ਪਿੰਡ ਬੱਕਾਪੁਰ, ਤਹਿਸੀਲ ਫਿਲੌਰ ਵਿਖੇ 14 ਜੂਨ 1903 ਈ. ਮੁਤਾਬਿਕ 1 ਹਾੜ ਸੰਮਤ 1960 ਈ. ਨੂੰ ਉਚੇਚਾ ਖਾਲਸਾ ਦੀਵਾਨ ਸਜਣ ਜਾ ਰਿਹਾ ਹੈ। ਜਿਸ ਵਿਚ ਸੰਤ ਲਖਬੀਰ ਸਿੰਘ (ਜਿਨ੍ਹਾਂ ਦਾ ਪਹਿਲਾ ਨਾਮ ਮੌਲਵੀ ਕਰੀਮ ਬਖਸ਼ ਸੀ) ਤੇ ਉਹਨਾਂ ਦੇ ਪਰਿਵਾਰ ਨੂੰ ਮੁਸਲਮਾਨੀ ਮਜ਼ਹਬ ਤੋਂ ਸਿੰਘ ਸਜਾਇਆ ਜਾਣਾ ਸੀ। ਆਪ ਤੁਰੰਤ ਤਿਆਰ ਹੋ ਗਏ ਕਿਉਂਕਿ ਆਪ ਹਰ ਧਾਰਮਿਕ ਦੀਵਾਨ ਵਿਚ ਪਹਿਲਾਂ ਹੀ ਵਧ ਚੜ ਕੇ ਹਿੱਸਾ ਲੈਂਦੇ ਸਨ। ਉਸ ਦਿਨ ਆਪ ਸਮੇਤ 35 ਸੱਜਣਾਂ ਨੇ ਅੰਮ੍ਰਿਤ ਛਕਿਆ। ਪਰੰਤੂ ਉੱਥੇ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਹੀ ਇਕ ਇਕੱਲੇ ਸਿੰਘ ਵੱਲੋਂ ਆਪ ਦੇ ਕੰਨਾਂ

---

[20] *ਉਹੀ,* ਪੰਨੇ 26-27.

[21] *ਉਹੀ,* ਪੰ. 34,

[22] *ਉਹੀ,* ਪੰ. *ਉਹੀ* ।

ਵਿਚ ਗੁਰਮੰਤਰ ਸੁਣਾਇਆ ਗਿਆ ਜੋ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਨਹੀਂ ਸੀ, ਜਿਸ ਕਾਰਨ ਅੰਮ੍ਰਿਤ ਦੀ ਕਲਾ ਵਰਤਣ ਵਿਚ ਵਿਘਨ ਪੈ ਗਿਆ। ਇਸ ਘਟਨਾ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਹੋਈ ਕਾਇਆ-ਪਲਟੀ ਬਾਰੇ ਆਪ ਲਿਖਦੇ ਹਨ, "ਕਿਉਂ ਜੋ ਮੈਂ ਪੰਜਾਂ ਪਿਆਰਿਆਂ ਤੋਂ ਬਿਨਾ ਕਿਸੇ ਹੋਰਸ ਪੰਜਾਂ ਤੋਂ ਬਾਹਰੇ ਇਕਸ ਸੱਜਣ (ਸਿੰਘ) ਵਲੋਂ ਗੁਰਮੰਤਰ ਦਿਤੇ ਜਾਣਾ ਗੁਰਮਤਿ ਪ੍ਰਤਿਕੂਲ ਸਮਝਦਾ ਸੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮੈਨੂੰ ਉਸ ਸਮੇਂ ਗੁਰਮੰਤਰ ਦ੍ਰਿੜ੍ਹ ਨਾ ਹੋਇਆ। ਹਾਂ! ਅੰਮ੍ਰਿਤ ਛਕਣ ਪਰ ਜੋ ਪੰਜਾਂ ਪਿਆਰਿਆਂ ਨੇ ਛਕਾਇਆ, ਮੇਰੀ ਕਾਇਆ ਇਕ ਦਮ ਪਲਟਾ ਖਾ ਗਈ। ਮੇਰਾ ਨਵੀਨ ਜਨਮ ਹੋ ਗਿਆ। ਪਿਛਲੇ ਜਨਮ ਦੀ ਸੁੱਧ ਬੁੱਧ ਇਕ ਦਮ ਭੁੱਲ ਗਈ, ਪਰ ਮੇਰੇ ਅੰਦਰ ਅਗੰਮੀ ਝਰਨਾਟ ਆਤਮ ਰੰਗਾਂ ਦੀ ਕੋਈ ਨਾ ਛਿੜੀ ਅਤੇ ਨਾ ਮੈਨੂੰ ਮਨ ਬਾਂਛਤ ਝਲਕਾਰੇ ਪਏ। ਜੋ ਗੁਰਮਤਿ ਨਿਯਮ, ਰਹਿਣੀ, ਬਹਿਣੀ ਰਹਿਤ ਬਿਬੇਕ ਇਸ ਸਮੇਂ ਮੈਨੂੰ ਦ੍ਰਿੜਾਈ ਗਈ, ਉਹ ਮੇਰੇ ਰਗ ਰੇਸ਼ੇ ਵਿਚ ਉੱਤਰ ਗਈ ਤੇ ਮੇਰੇ ਧੁਰ ਅੰਤਰ ਖਾਨੇ ਦੀ ਤਖਤੀ ਪੁਰ ਉਕਰੀ ਗਈ। ਤਦੋਂ ਪਸਚਾਤ ਮੈਨੂੰ ਗੁਰਬਾਣੀ ਅਨੰਦ ਸਾਹਿਬ, ਸੁਖਮਨੀ ਸਾਹਿਬ ਆਦਿਕ ਅਨੇਕਾਂ ਤੇ ਨਿਤਨੇਮ ਦੀਆਂ ਬਾਣੀਆਂ (ਜੋ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਗੁਰਕ੍ਰਿਪਾ ਕਰਿ ਮੇਰੇ ਕੰਠਾਗਰ ਹੋ ਚੁੱਕੀਆਂ ਸਨ), ਦਾ ਅਨੰਦ ਕੁਛ ਵਿਲੱਖਣ ਹੀ ਆਉਣ ਲਗ ਪਿਆ ਤੇ ਮੇਰਾ ਬਿਬੇਕ ਬੈਰਾਗ ਦਿਨ ਬਦਿਨ ਵਧਣ ਲਗਾ। ਮੇਰਾ ਕੰਮ ਕਾਜ ਦਿਨ ਰਾਤ ਕੇਵਲ ਗੁਰਬਾਣੀ ਦੇ ਆਹਰ ਵਿਚ ਲਗੇ ਰਹਿਣਾ ਸੀ, ਹੋਰ ਕੋਈ ਕੰਮ ਨਾ ਸੀ।"[23]

ਭਾਈ ਰਣਧੀਰ ਸਿੰਘ ਜੀ ਅੰਮ੍ਰਿਤ ਛਕਣ ਪਿੱਛੋਂ ਆਪਣਾ ਪ੍ਰਸ਼ਾਦਾ ਖੁਦ ਤਿਆਰ ਕਰਨ ਲੱਗ ਪਏ। ਆਪ ਦੀ ਰੱਖੀ ਰਹਿਤ ਤੋਂ ਪ੍ਰਭਾਵਿਤ ਹੋ ਕੇ ਦੋ ਮਹੀਨਿਆਂ ਦੇ ਅੰਦਰ-ਅੰਦਰ ਹੀ ਆਪ ਦੀ ਸਿੰਘਣੀ ਸਮੇਤ ਸਾਰੇ ਪਰਿਵਾਰ ਨੇ ਵੀ ਅੰਮ੍ਰਿਤ ਛਕ ਲਿਆ। ਇਸ ਪਿਛੋਂ ਆਪ ਨੇ ਪਿੰਡ ਵਿਚ ਹੀ ਹੋਰ ਸਿੰਘਾਂ ਨਾਲ ਮਿਲਕੇ ਸ਼ਬਦੀ-ਜਥਾ ਸਜਾਇਆ ਤੇ ਸਤਿਸੰਗ ਕੀਰਤਨ ਕਰਨਾ ਸ਼ੁਰੂ ਕੀਤਾ। ਫਿਰ ਆਪ ਨੇੜੇ ਦੇ ਪਿੰਡਾਂ ਵਿਚ ਵੀਹ-ਤੀਹ ਕੋਹਾਂ ਤਕ ਪੈਦਲ ਤੁਰਕੇ ਜਾਂਦੇ ਤੇ ਦੀਵਾਨਾਂ 'ਤੇ ਪਹੁੰਚਦੇ। ਇਸ ਸਮੇਂ ਆਪ ਨੇ ਸਤਿਸੰਗ ਸਮਾਗਮਾਂ ਦਾ ਖੂਬ ਲਾਹਾ ਖੱਟਿਆ।[24]

---

23 *ਉਹੀ,* ਪੰ. 42.

24 *ਉਹੀ,* ਪੰ. 40.

**ਐਬਟਾਬਾਦ ਜਾਣਾ** : ਭਾਈ ਰਣਧੀਰ ਸਿੰਘ ਜੀ ਦੇ ਜੀਵਨ ਵਿਚ ਐਬਟਾਬਾਦ ਦਾ ਤਜ਼ਰਬਾ ਵੀ ਅਹਿਮ ਮੰਨਿਆ ਜਾਂਦਾ ਹੈ। ਆਪ ਦਾ ਨਾਰੰਗਵਾਲ ਵਿਚ ਰਹਿੰਦਿਆਂ ਕੀਰਤਨ ਮੰਡਲ ਅਤੇ ਸਾਧ ਸੰਗਤ ਨਾਲ ਅਥਾਹ ਪ੍ਰੇਮ ਪੈ ਗਿਆ ਸੀ ਜਿਸ ਨੂੰ ਛੱਡ ਕੇ ਆਪ ਕਿਤੇ ਹੋਰ ਜਾਣਾ ਨਹੀਂ ਚਾਹੁੰਦੇ ਸਨ। ਪਰ ਐਸੀ ਬਿਧ ਬਣੀ ਕਿ ਆਪ ਨੂੰ ਸੰਗਤ ਦੇ ਹੁਕਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਏ ਗਏ ਹੁਕਮਨਾਮੇ ਪਿੱਛੋਂ ਐਬਟਾਬਾਦ ਜਾਣਾ ਪਿਆ।[25] ਆਪ ਨੇ ਰਸਤੇ ਵਿਚ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਹਸਨ ਅਬਦਾਲ ਦੇ ਸਟੇਸ਼ਨ ਤੋਂ ਉਤਰਦਿਆਂ ਹੀ ਕੀਤੇ। ਅਖੀਰ ਆਪ ਐਬਟਾਬਾਦ ਪਹੁੰਚੇ। ਇਥੇ ਆਪ 1904 ਈ. ਤੋਂ 1905 ਈ. ਤਕ ਐਸ. ਡੀ. ਓ. ਦੇ ਦਫਤਰ ਵਿਚ ਹੈਡਕਲਰਕ ਰਹੇ।[26] ਦਫ਼ਤਰ ਵਿਚ ਦੋ ਚਾਰ ਘੰਟੇ ਕੰਮ ਕਰ ਆਉਣਾ ਬਾਕੀ ਸਾਰਾ ਹੀ ਸਮਾਂ ਗੁਰਬਾਣੀ ਦਾ ਪਾਠ ਸੁਣਨਾ ਤੇ ਗੁਰਦਵਾਰੇ ਬੈਠੇ ਰਹਿਣਾ। ਸੰਗਤ ਦੇ ਜਾਣ ਤੋਂ ਬਾਅਦ ਵੀ ਆਪ ਹਨੇਰਾ ਹੋਣ ਤੇ ਵੀ ਉੱਥੇ ਹੀ ਬੈਠੇ ਰਹਿੰਦੇ।

ਇਹਨਾਂ ਦਿਨਾਂ ਵਿਚ ਆਪ ਨੇ ਖ਼ੂਬ ਨਾਮ-ਅਭਿਆਸ ਦੀ ਕਮਾਈ ਕੀਤੀ, ਇੱਥੋਂ ਤਕ ਕਿ ਖਾਣ-ਪੀਣ ਦਾ ਵੀ ਖਿਆਲ ਨਹੀਂ ਰਹਿੰਦਾ ਸੀ। ਆਪ ਤਨਖਾਹ ਵਿਚੋਂ ਵੀ ਆਪਣੇ ਨਿਰਬਾਹ ਜੋਗੀ ਮਾਇਆ ਰੱਖ ਕੇ ਬਾਕੀ ਗੁਰੂ ਘਰ ਭੇਂਟ ਕਰ ਦਿੰਦੇ ਸਨ। ਅਸਲ ਵਿਚ ਉੱਥੋਂ ਦੇ ਮਨਮੋਹਕ ਕੁਦਰਤੀ ਦ੍ਰਿਸ਼ਾਂ ਤੇ ਆਲੇ-ਦੁਆਲੇ ਦੀਆਂ ਪਹਾੜੀਆਂ ਵੇਖ ਕੇ ਆਪ ਨੂੰ ਖ਼ੂਬ ਅਨੰਦ ਚੜ੍ਹਦਾ। ਇਥੇ ਰਹਿੰਦਿਆਂ ਅਜਿਹਾ ਨਾਮ ਦਾ ਰੰਗ ਚੜ੍ਹਿਆ ਕਿ ਆਪ ਨੇ ਕਈ ਗੈਬੀ (ਦੈਵੀ) ਅਨੁਭਵਾਂ ਨੂੰ ਪ੍ਰਤੱਖ ਹੰਢਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਹੀ ਮਹਿਮਾ ਹੈ। "ਨਾਮ ਹੀ ਸਭ ਕੁਛ ਹੈ, ਤੇ ਨਾਮ ਤੋਂ ਹੀ ਸਭ ਕੁਛ ਹੈ। ਨਾਮ ਤੇ ਨਾਮੀ ਵਿਚ ਭੇਦ ਨਹੀਂ। ਜਿਸ ਨੂੰ ਨਾਮ ਮਿਲ ਗਿਆ ਉਸ ਨੂੰ ਨਾਮੀ ਮਿਲ ਜਾਂਦਾ ਹੈ।"[27] ਭਾਈ ਸਾਹਿਬ ਨੇ ਗੁਰਪੁਰਬ ਪੂਰਨਮਾਸੀ ਤੋਂ ਦੋ ਦਿਨ ਪਹਿਲਾਂ ਇਕ ਪੰਥਕ ਅਖ਼ਬਾਰ ਤੇ ਇਕ ਟ੍ਰੈਕਟ ਪੜ੍ਹਿਆ ਦੋਹਾਂ ਵਿਚ ਹੀ ਨਾਮ-ਦਾਨ ਮੰਗਣ ਦੀ ਪ੍ਰੇਰਣਾ ਸੀ। ਆਪ ਦੇ ਮਨ ਵਿਚ ਵੀ ਨਾਮ ਦਾਨ ਮੰਗਣ ਦੀ ਪ੍ਰੇਰਣਾ ਆਪ-ਮੁਹਾਰੀ ਹੀ ਸ਼ੁਰੂ ਹੋ ਗਈ। ਆਪ ਅਰਦਾਸਾਂ ਕਰਨ ਵਿਚ ਅਜਿਹੇ ਜੁੜੇ ਕਿ ਹਟਣ ਨੂੰ ਜੀਅ ਹੀ ਨਾ ਕਰੇ। ਫਿਰ ਆਪ ਇਸ ਤਰ੍ਹਾਂ ਹੀ ਖੜ੍ਹੇ-ਖੜ੍ਹੋਤੇ ਡਿਗ ਪਏ ਜਿਸ 'ਤੇ ਇਕ ਅਗੰਮੀ ਆਵਾਜ਼ ਨੇ ਆਪ ਨੂੰ

---

25 *ਉਹੀ,* ਪੰ. 43.

26 ਗਿਆਨੀ ਨਾਹਰ ਸਿੰਘ, ਉਥਾਨਕਾ, *ਜੇਲ੍ਹ ਚਿੱਠੀਆਂ,* ਪੰ. ਦ.

27 ਜਸਵੰਤ ਸਿੰਘ ਨੇਕੀ, *ਅਰਦਾਸ: ਦਰਸ਼ਨ ਰੂਪ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016, ਪੰਨੇ 213-214.

ਹੱਲਾ-ਸ਼ੇਰੀ ਦਿੱਤੀ ਕਿ, "ਉਠ ਤਕੜਾ ਹੋ! ਤੇਰੇ ਸੱਚੇ ਗੁਰਦੇਵ ਗੁਰੂ ਗ੍ਰੰਥ ਸਾਹਿਬ ਜੀ ਤੈਨੂੰ ਪ੍ਰਾਤਾਕਾਲ ਹੀ ਨਾਮ ਦੇਵਣਗੇ। ਜੇਹੜੀ ਪਹਿਲੀ ਦੁਤੁਕੀ ਗੁਰੂ ਮਹਾਰਾਜ ਦੀ ਗੁਰਦੁਆਰੇ ਵੜਨ ਸਾਰ ਤੇਰੇ ਕੰਨਾਂ ਵਿਚ ਪਵੇਗੀ, ਉਸ ਵਿਚ ਹੀ ਤੇਰਾ ਬੇੜਾ ਪਾਰ ਹੋ ਜਾਣਾ ਹੈ ਤੇ ਨਾਮ ਨੇ ਅੰਦਰ ਨਿਵਾਸ ਕਰ ਜਾਣਾ ਹੈ। ਸਾਵਧਾਨ ਹੋ ਕੇ ਸੰਮਾਲੀਂ!"[28]

ਇਸ ਗੈਬੀ ਆਵਾਜ਼ ਨੇ ਆਪ ਦੀ ਅੰਤਰ ਆਤਮਾ ਵਿਚ ਡੂੰਘੀ ਸ਼ਰਧਾ ਜਗਾ ਦਿੱਤੀ। ਤੜਕੇ ਉੱਠ ਕੇ ਜਦ ਆਪ ਗੁਰਦਵਾਰੇ ਪਹੁੰਚੇ ਤਾਂ ਕੀ ਵੇਖਦੇ ਹਨ ਕਿ ਅੱਜ ਸੁਵਖਤੇ ਹੀ ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਅੰਦਰ ਵੜਦਿਆਂ ਹੀ ਆਪ ਦੇ ਕੰਨੀਂ ਇਹ ਦੋ ਤੁਕਾਂ ਪਈਆਂ :

ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥4॥21॥

(ਆਸਾ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 376)

ਇਹ ਸੁਣ ਕੇ ਵਾਹਿਗੁਰੂ-ਵਾਹਿਗੁਰੂ ਦੀ ਝਰਨਾਟ ਆਪ ਦੇ ਅੰਦਰ ਗੂੰਜ ਉੱਠੀ। ਜਦੋਂ ਆਪ ਮੱਥਾ ਟੇਕ ਕੇ ਉਤਾਂਹ ਵੇਖਣ ਲੱਗੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਆਪਣੇ ਆਪ ਹੀ ਚੰਵਰ ਹੋ ਰਹੀ ਸੀ ਪਰ ਤਾਬਿਆ ਤੇ ਕੋਈ ਬੈਠਾ ਹੀ ਨਹੀਂ ਸੀ ਅਤੇ ਉਪਰਲੇ ਚੰਦੋਆ ਸਾਹਿਬ ਉੱਤੇ ਵੀ ਵਾਹਿਗੁਰੂ ਸ਼ਬਦ ਚਿਤਰਿਆ ਸੀ। ਆਪ ਨੇ ਖੁਦ ਹੁਕਮਨਾਮਾ ਲਿਆ ਤਾਂ ਵੀ ਵਾਹਿਗੁਰੂ ਗੁਰਮੰਤਰ ਹੀ ਦ੍ਰਿੜ ਹੋਇਆ।[29] ਇਸ ਪਿੱਛੋਂ ਤਾਂ ਨਾਮ ਦਾ ਅਖੰਡ ਜਾਪ ਹੋਰ ਵੀ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਿਆ। ਨਾਮ ਦੀ ਝਰਨਾਹਟ ਆਪ ਦੇ ਰੋਮ-ਰੋਮ ਅੰਦਰ ਪ੍ਰਵੇਸ਼ ਕਰ ਗਈ। ਆਪ ਨੂੰ ਆਪਣੇ ਸਰੀਰ ਵਿਚੋਂ ਹੀ ਆਤਮਾ ਤੇ ਆਪਣਾ ਸਰੂਪ ਦਿਖਾਈ ਦਿੱਤਾ।[30]

ਉਪਰੋਕਤ ਨਾਮ ਪ੍ਰਾਪਤੀ ਦੀਆਂ ਘਟਨਾਵਾਂ ਤੋਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦਾ ਵੀ ਪਰਗਟਾਵਾ ਹੁੰਦਾ ਹੈ। ਭਾਈ ਸਾਹਿਬ ਦੀ ਅੰਤਰ ਆਤਮਾ ਨਾਮ ਪ੍ਰਾਪਤੀ ਲਈ ਅਤਿ ਵਿਆਕੁਲ ਸੀ। ਆਪ ਦੀਆਂ ਲਗਾਤਾਰ ਕੀਤੀਆਂ ਅਰਦਾਸਾਂ ਜੋਦੜੀਆਂ ਅਕਾਲ ਪੁਰਖ ਦੇ ਦਰ ਉੱਤੇ ਪਰਵਾਨ ਹੋਈਆਂ। ਆਪ ਦੀ ਅੰਤਰ ਆਤਮਾ ਵਿਚਲੀ ਡੂੰਘੀ ਸ਼ਰਧਾ ਹੋਣ ਸਦਕਾ ਹੀ ਆਪ ਨੂੰ ਵਾਹਿਗੁਰੂ ਗੁਰਮੰਤਰ ਦ੍ਰਿੜ ਹੋਇਆ।

---

28 ਭਾਈ ਰਣਧੀਰ ਸਿੰਘ, *ਉਹੀ,* ਪੰ. 47.

29 *ਉਹੀ,* ਪੰਨੇ 52-56.

30 *ਉਹੀ,* ਪੰਨੇ 58-59.

ਇਸ ਵਾਹਿਗੁਰੂ ਗੁਰਮੰਤਰ ਦਾ ਜਾਪ ਉਹੀ ਕਰਦੇ ਹਨ ਅਤੇ ਸਦਾ ਜਪਦੇ ਹਨ ਜਿਨ੍ਹਾਂ ਨੂੰ ਵਾਹਿਗੁਰੂ ਆਪ ਕਿਰਪਾ ਕਰਕੇ ਵਾਹਿਗੁਰੂ ਸ਼ਬਦ ਬੁਝਾਉਂਦਾ ਤੇ ਦ੍ਰਿੜਾਉਂਦਾ ਹੈ। ਭਾਈ ਗੁਰਦਾਸ ਜੀ ਨੇ ਵੀ 'ਵਾਹਿਗੁਰੂ' ਸ਼ਬਦ ਦੇ ਗੁਰਮੰਤਰ ਹੋਣ ਦੀ ਪੁਸ਼ਟੀ ਕੀਤੀ ਹੈ:

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥

(ਭਾਈ ਗੁਰਦਾਸ, ਵਾਰ 13, ਪਉੜੀ 2)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਹਿਗੁਰੂ ਦੀ ਵਡਿਆਈ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭੱਟ ਸਾਹਿਬਾਨ ਨੇ ਇਸ ਪ੍ਰਕਾਰ ਕੀਤੀ ਹੈ:

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥1॥6॥

(ਸਵਈਏ ਮਹਲੇ ਚਉਥੇ ਕੇ, ਗਯੰਦ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 1402)

ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥4॥21॥

(ਆਸਾ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 376)

ਜਸਵੰਤ ਸਿੰਘ ਨੇਕੀ ਲਿਖਦੇ ਹਨ, "ਵਾਹਿਗੁਰੂ ਸ਼ਬਦ ਹੀ ਗੁਰਮੰਤਰ ਹੈ।"[31] ਸੰਤ ਤੇਜਾ ਸਿੰਘ ਜੀ ਲਿਖਦੇ ਹਨ, "ਅਰਥ ਵਿਚਾਰ ਕਰਕੇ ਵੀ-ਵਾਹਿਗੁਰੂ ਗੁਰਮੰਤਰ ਸਭ ਤੋਂ ਅਧਿਕ ਤਾਕਤ ਵਾਲਾ ਹੈ। ਵਾਹੁ- ਤੂੰ ਬੇਅੰਤ। ਗੁ- ਅੰਧੇਰਾ। ਰੂ- ਪ੍ਰਕਾਸ਼ (ਅਗਿਆਨ ਦੇ ਅੰਧੇਰੇ ਨੂੰ ਦੂਰ ਕਰਨ ਵਾਲਾ) ਇਸ ਲਈ ਵਾਹਿਗੁਰੂ ਗੁਰਮੰਤਰ ਸਭ ਤੋਂ ਸ੍ਰੇਸ਼ਟ ਹੈ।"[32]

ਜਸਵੰਤ ਸਿੰਘ ਨੇਕੀ ਅਨੁਸਾਰ, "ਵਾਹਿਗੁਰੂ ਵਿਸਮਾਦ ਦਾ ਸੂਚਕ ਹੈ, ਉਮਾਹ ਦਾ ਸੂਚਕ ਹੈ, ਚੜ੍ਹਦੀ ਕਲਾ ਦਾ ਸੂਚਕ ਹੈ। ਇਹ ਗੁਰੂ ਨਾਲ ਤੇ ਅਕਾਲ ਪੁਰਖ ਨਾਲ ਸਾਨੂੰ ਗੰਢਦਾ ਹੈ। ਇਸ ਵਿਚ ਉਹਨਾਂ ਦੀ ਸਿਫਤ ਸਲਾਹ ਵੀ ਹੈ ਤੇ ਵਡਿਆਈ ਵੀ।"[33] ਇੱਥੇ ਭਾਈ ਰਣਧੀਰ ਸਿੰਘ ਜੀ ਵੀ ਵਾਹਿਗੁਰੂ ਵਾਹਿਗਰੂ ਜਪਦਿਆਂ ਵਿਸਮਾਦ ਦੀ ਅਵਸਥਾ ਵਿਚ ਅਕਿਹ ਤੇ ਅਸਹਿ ਧਾਰਮਿਕ ਅਨੁਭਵ ਮਾਣ ਰਹੇ ਸਨ।

---

[31] ਜਸਵੰਤ ਸਿੰਘ ਨੇਕੀ, *ਉਹੀ,* ਪੰ. 157.

[32] ਸੰਤ ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ, ਭਾਗ-1,* ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼, 2006, ਪੰ. 10.

[33] ਜਸਵੰਤ ਸਿੰਘ ਨੇਕੀ, *ਉਹੀ,* ਪੰ. *ਉਹੀ* ।

ਇਸ ਅਨੁਭਵ ਤੋਂ ਪਿੱਛੋਂ ਦੂਸਰੀ ਰਾਤ ਜਦੋਂ ਨਿਰੰਕਾਰੀ ਜੋਤਿ ਦੇ ਦਰਸ਼ਨ ਆਪਣੇ ਸਰੀਰ ਦੇ ਅੰਦਰੋਂ ਹੀ ਹੋਏ ਤਾਂ ਆਪ ਝੱਲ ਨਾ ਸਕੇ ਤੇ ਕਿਲਕਾਰੀਆਂ, ਚੀਕਾਂ ਨਿਕਲ ਗਈਆਂ। ਇਹ ਨਜ਼ਾਰਾ ਬਿਆਨ ਕਰਦਿਆਂ ਆਪ ਲਿਖਦੇ ਹਨ, "ਮੈਨੂੰ ਹੁਣ ਕੀ ਦਿਸੇ ਕਿ ਮੇਰਾ ਸਰੀਰ ਹੁਣ ਇੱਕ ਸੇਜਾ; ਦਿੱਬ ਜੋਤ ਸਰੂਪੀ ਜਗ ਮਗੰਤੀ ਸੇਜ ਬਣਿਆ ਹੋਇਆ ਹੈ ਅਤੇ ਸੇਜ ਦੇ ਉਪਰ ਮਹਾਂ ਪਰਬਲ ਪ੍ਰਕਾਸ਼ ਸਰੂਪ ਅਝੱਲ ਅਨੰਦ ਸਰੂਪ ਭੋਗ ਕਰ ਰਿਹਾ ਹੈ; ਜਿਸ ਦਾ ਸੁਆਦ ਮੈਥੋਂ ਝੱਲਿਆ ਨਾ ਜਾਵੇ, ਪਰ ਛੱਡਿਆ ਭੀ ਨਾ ਜਾਵੇ। ਮੇਰੀਆਂ ਅੱਖਾਂ ਭਾਵੇਂ ਮੀਚੀਆਂ ਹੋਈਆਂ ਸਨ, ਪਰ ਪ੍ਰਕਾਸ਼ ਮਹਾਂ ਜੋਤੀ ਸਰੂਪ ਦਾ ਮੈਨੂੰ ਸਾਖਸ਼ਾਤ ਮੇਰੇ ਅੰਦਰ ਬਾਹਰ ਦਿਸੇ। ਮੇਰੇ ਇਨ੍ਹਾਂ ਦੋਇ ਨੈਣਾਂ ਤੋਂ ਬਿਨਾਂ ਮੈਨੂੰ ਹੋਰ ਅੰਤ੍ਰੀਵੀ ਦਿੱਬ ਲੋਇਣ ਅਚਰਜ ਦਿਬ ਦ੍ਰਿਸ਼ਟੀ ਵਾਲੇ ਲਗ ਗਏ। ਇਹ ਅਲੋਕਿਕ ਕੌਤਿਕ ਮੈਥੋਂ ਸਹਾਰਿਆ ਨਾ ਜਾਵੇ।"[34]

ਇਸ ਪਿੱਛੋਂ ਆਪ ਦੇ ਸਾਥੀ ਭਾਈ ਰੂੜ ਸਿੰਘ ਨੇ ਆਪ ਨੂੰ ਆਣ ਹਲੂਣਿਆ ਅਤੇ ਇਸ਼ਨਾਨ ਕਰਨ ਲਈ ਕਿਹਾ। ਆਪ ਨੇ ਉਸੇ ਅਨੰਦ ਵਿਚ ਖੀਵੇ ਹੋ ਜਦੋਂ ਇਸ਼ਨਾਨ ਕੀਤਾ ਤਾਂ ਜਪੁਜੀ ਸਾਹਿਬ ਦਾ ਪਾਠ ਅਗਾਂਹ ਤੁਰੇ ਹੀ ਨਾ ਇਸ ਧਾਰਮਿਕ ਅਨੁਭਵ ਸੰਬੰਧੀ ਆਪ ਲਿਖਦੇ ਹਨ, "ਅੱਜ ਮੈਨੂੰ ਜਪੁਜੀ ਸਾਹਿਬ ਦੀ ਤੁਕ ਤੁਕ ਦਾ ਉਹ ਸੁਆਦ ਆਵੇ ਤੇ ਉਚ ਗਿਆਨ ਕਲਾ ਦਾ ਉਹ ਅਨੁਭਵੀ ਪ੍ਰਕਾਸ਼ ਭਾਵ ਫੁਰੇ ਕਿ ਅਗੇ ਕਦੀ ਸੁਣਿਆ ਪੇਖਿਆ ਤੇ ਅਨੁਭਵ ਨਹੀਂ ਕੀਤਾ ਸੀ। ਮੈਂ ਬਥੇਰਾ ਜ਼ੋਰ ਲਾਵਾਂ, ਪਰ ਮੈਥੋਂ ਅਗੇ ਤੁਰਿਆ ਨਾ ਜਾਵੇ। ਤੁਕ ਤੁਕ ਤੇ ਅਟਕਾਂ ਤੇ ਤੁਕ ਤੁਕ ਤੇ ਰਸ ਲੀਨ ਹੋ ਹੋ ਜਾਵਾਂ। ਇਸ ਬਿਸਮਾਦੀ ਅਨੰਦ ਲਹਿਰ ਦੀ ਮਹਿਮਾਂ ਕਿਥੋਂ ਕੁ ਤੀਕ ਵਰਣਨ ਕਰਾਂ। ਮੇਰੇ ਅੰਦਰ ਉੱਕੀ ਹੀ ਸਮਰੱਥਾ ਨਹੀਂ, ਬਸ! 'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ॥' (ਸਲੋਕ ਭਗਤ ਕਬੀਰ ਜੀਓ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1370)"[35]

ਭਾਈ ਸਾਹਿਬ ਦੇ ਉਪਰੋਕਤ ਬਿਆਨੇ ਧਾਰਮਿਕ ਅਨੁਭਵਾਂ ਦੀ ਬੁੱਧੀ ਦੀ ਕਸੌਟੀ ਉੱਤੇ ਪਰਖ ਕਰਨੀ ਅਤਿ ਕਠਿਨ ਹੈ। ਅਧਿਆਤਮਿਕ ਮੰਡਲਾਂ ਵਿਚ ਬੁੱਧੀ ਦੀ ਕਾਰਗਰ ਸਾਧਨ ਸਾਬਤ ਨਹੀਂ ਹੁੰਦੀ। ਬੁੱਧੀ ਅਨੁਭਵ ਦੇ ਦੇਸ ਵਿਚ ਇਸ ਤਰ੍ਹਾਂ ਅਬੋਲ ਹੋ ਜਾਂਦੀ ਹੈ ਜਿਵੇਂ ਰੰਗਾਂ ਦੀ ਦੁਨੀਆ ਵਿਚ ਨੇਤਰਹੀਣ ਵਿਅਕਤੀ। ਐਬਟਾਬਾਦ ਵਿਖੇ ਨਿਵਾਸ ਦੌਰਾਨ ਆਪ ਨੇ ਉਚ ਆਤਮਿਕ ਮੰਡਲਾਂ ਦੇ ਅਨੇਕਾਂ ਅਨੁਭਵ ਮਾਣੇ। ਆਪ ਹਰ ਸਮੇਂ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਸਨ।

---

[34] ਭਾਈ ਰਣਧੀਰ ਸਿੰਘ, *ਉਹੀ,* ਪੰ. 61.

[35] *ਉਹੀ,* ਪੰ. 64.

ਐਬਟਾਬਾਦ ਵਿਖੇ ਇਹਨਾਂ ਰੰਗਾਂ ਵਿਚ ਮਸਤ ਹੋਏ ਆਪ ਕਈ ਦਿਨ ਦਫ਼ਤਰ ਨਾ ਜਾ ਸਕੇ। ਪਰ ਜਦੋਂ ਉੱਥੇ ਜਾ ਕੇ ਹਾਜ਼ਰੀ ਰਜਿਸਟਰ ਵੇਖਿਆ ਤਾਂ ਇਕ ਵੀ ਗੈਰ-ਹਾਜ਼ਰੀ ਨਹੀਂ ਸੀ। ਸਾਰੇ ਕੰਮ ਹੋਏ ਮਿਲੇ।[36] ਐਬਟਾਬਾਦ ਵਿਖੇ ਨਿਵਾਸ ਦੌਰਾਨ ਹੀ ਆਪ ਨੇ ਦੋ ਅਖੰਡ ਪਾਠ ਇਕ ਚੌਂਕੜੀ ਬੈਠ ਕੇ ਸਰਵਣ ਕੀਤੇ। ਪਹਿਲੇ ਦਾ ਭੋਗ 23 ਨਵੰਬਰ 1904 ਈ. ਨੂੰ ਪਿਆ। ਦੂਜਾ ਅਖੰਡ ਪਾਠ 13 ਜਨਵਰੀ 1905 ਈ. ਨੂੰ ਸਮਾਪਤ ਹੋਇਆ ਤੇ ਇਸ ਅਖੰਡ ਪਾਠ ਦੇ ਸੁਣਨ ਦੇ ਪ੍ਰਤਾਪ ਹੀ ਆਪ ਨੂੰ ਦਸਮ ਪਾਤਸ਼ਾਹ ਦੇ ਦਰਸ਼ਨ ਹੋਏ।[37] ਰਜਿਸਟਰ ਵਿਚ ਹਾਜ਼ਰੀ ਅਤੇ ਦਸਮ ਪਾਤਸ਼ਾਹ ਦੇ ਦਰਸ਼ਨ ਹੋਣ ਨੂੰ ਆਪ ਦੇ ਜੀਵਨ ਸਿਧਾਂਤਾਂ ਅਤੇ ਤਰਕ ਦੀ ਕਸਵੱਟੀ 'ਤੇ ਪਰਖਿਆ ਨਹੀਂ ਜਾ ਸਕਦਾ।

ਐਬਟਾਬਾਦ ਵਿਖੇ ਆਪ ਨੂੰ ਲੋਕ ਪਿਆਰ ਨਾਲ 'ਭਗਤ-ਬਾਬੂ' ਕਹਿ ਕੇ ਪੈਰਾਂ ਉੱਤੇ ਜਾ ਡਿਗਦੇ ਸਨ। ਪਰੰਤੂ ਆਪ ਨੇ ਇਸ ਨੂੰ ਫੋਕੀ ਮਹਿਮਾਂ ਜਾਣ ਕੇ ਹੁਣ ਉੱਥੋਂ ਵਾਪਸੀ ਦਾ ਨਿਰਣਾ ਕਰ ਲਿਆ। ਆਪ ਨੇ ਹੈੱਡ ਕਲਰਕੀ ਦੀ ਨੌਕਰੀ ਵੀ ਛੱਡ ਦਿੱਤੀ ਅਤੇ ਅਰਦਾਸਾ ਸੋਧ ਕੇ ਵਾਪਸ ਤੁਰ ਪਏ। ਕੁਝ ਪ੍ਰੇਮੀ ਸੱਜਣ ਹਰੀਪੁਰ ਤਕ ਆਪ ਦੇ ਨਾਲ ਆਏ। ਇੱਥੇ ਹੀ ਪ੍ਰਭੂ ਪ੍ਰੇਮ ਵਿਚ ਭਿੱਜੀ ਇਕ ਰੂਹ ਮਾਈ ਗੁਲਾਬ ਕੌਰ ਨਾਲ ਆਪਦਾ ਮਿਲਾਪ ਤੇ ਵਾਰਤਾਲਾਪ ਹੋਇਆ। ਉਸ ਭਗਤੀ ਦੀ ਪੁੰਜ ਮਾਈ ਨੇ ਤੁਰਨ ਲਗਿਆਂ ਅਸੀਸ ਦਿੱਤੀ, "ਹੁਕਮ ਅਖੰਡ ਪਾਠਾਂ ਦੇ ਪਰਵਾਹ ਚਲਾਉਣ ਦਾ ਲੈ ਕੇ ਤੁਰੇ ਹੋ। ਜਾਓ ਦੇਸਾਂ ਨੂੰ, ਭਾਣੇ ਅੰਦਰ ਅਨੰਦ ਮਾਣੋ ਅਤੇ ਪੰਜੇ ਸਾਹਿਬ ਜੀ ਦੀ ਦਰਸ਼ਨ ਯਾਤ੍ਰਾ ਕਰਦੇ ਜਾਓ।"[38] ਇਹ ਬਰਕਤਾਂ ਲੈ ਕੇ ਆਪ ਸ੍ਰੀ ਪੰਜਾ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਪਿੱਛੋਂ ਪਿੰਡ ਨਾਰੰਗਵਾਲ ਦੀ ਵਿਛੜੀ ਸੰਗਤ ਨੂੰ ਮੁੜ ਆਣ ਮਿਲੇ। ਇੱਥੇ ਆ ਕੇ ਫਿਰ ਤੋਂ ਅਖੰਡ ਕੀਰਤਨ ਤੇ ਅਖੰਡ ਪਾਠਾਂ ਦਾ ਪ੍ਰਵਾਹ ਲਗਾਤਾਰ ਚਲਾਉਣ ਲਗੇ। ਜਿਸ ਨਾਲ ਨਾਮ ਦੀ ਖੁਮਾਰੀ ਹੋਰ ਵੀ ਚੜ੍ਹਦੀ ਗਈ।

ਇਸ ਸਮੇਂ (1907 ਈ.) ਵਿਚ ਹੀ ਸ੍ਰ. ਹਰਬੰਸ ਸਿੰਘ ਅਟਾਰੀ ਵਾਲੇ (ਸ੍ਰ. ਸ਼ਾਮ ਸਿੰਘ ਅਟਾਰੀ ਦੇ ਪੋਤਰੇ) ਜੋ ਪੂਰਨ ਗੁਰਸਿੱਖ ਤੇ ਨਾਮ ਦੇ ਰਸੀਏ ਸਨ, ਆਪ ਨੂੰ ਮਿਲੇ। ਉਹ ਚੀਫ਼ ਖਾਲਸਾ ਦੀਵਾਨ ਦੇ ਇਕ

---

36 *ਉਹੀ,* ਪੰ. 73.

37 *ਉਹੀ,* ਪੰ. 509.

38 *ਉਹੀ,* ਪੰ. 80.

ਉਘੇ ਕਰਮਚਾਰੀ ਸਨ। ਸ੍ਰ. ਹਰਬੰਸ ਸਿੰਘ ਅਟਾਰੀ ਦੀ ਪ੍ਰੇਰਨਾ ਸਦਕਾ ਫਿਰ ਆਪ ਨੇ ਕੁਝ ਸਮਾਂ ਖਾਲਸਾ ਕਾਲਜ, ਅੰਮ੍ਰਿਤਸਰ ਦੇ ਹੋਸਟਲ ਸੁਪਰਡੰਟ ਵਜੋਂ ਵੀ ਨੌਕਰੀ ਕੀਤੀ। ਇਹ ਨੌਕਰੀ ਵੀ ਆਪ ਨੇ ਛੇਤੀ ਹੀ ਛੱਡ ਦਿੱਤੀ। ਆਪ ਦੇ ਹਿਰਦੇ ਵਿਚ ਤਾਂ ਕੇਵਲ ਗੁਰਬਾਣੀ ਦੇ ਅਖੰਡ ਪਾਠਾਂ ਅਖੰਡ ਕੀਰਤਨ ਸਮਾਗਮਾਂ ਲਈ ਅਥਾਹ ਪਰੇਮ ਤੇ ਵੈਰਾਗ ਉਛਾਲੇ ਮਾਰ ਰਿਹਾ ਸੀ। ਪ੍ਰਿੰ. ਨਿਹਾਲ ਸਿੰਘ ਰਸ ਲਿਖਦੇ ਹਨ, "ਹੁਣ ਆਪ ਵੱਡੇ-ਵੱਡੇ ਦੀਵਾਨਾਂ, ਸਮਾਗਮਾਂ ਵਿਚ ਜਾ ਕੇ ਸ਼ਬਦ ਕੀਰਤਨ ਕਰਦੇ ਅਤੇ ਨਾਮ ਰਸ ਵਿਚ ਲੀਨ ਹੋ ਕੇ ਸਤਿਗੁਰਾਂ ਦੇ ਚਰਨ ਕੰਵਲਾਂ ਵਿਚ ਮਨ ਜੋੜ ਕੇ ਆਪਾ ਭੁੱਲ ਜਾਂਦੇ ਤੇ ਆਤਮ ਰਸ ਮਾਣਦੇ।"[39]

**ਧਾਰਮਿਕ ਸੰਸਥਾਵਾਂ ਲਈ ਯੋਗਦਾਨ :** ਭਾਈ ਰਣਧੀਰ ਸਿੰਘ ਜੀ ਨੇ 1908 ਈ. ਨੂੰ ਸੰਤ ਅਤਰ ਸਿੰਘ ਜੀ ਮਸਤੂਆਣਾ ਤੇ ਗੁਰੂ ਕੀ ਸੰਗਤ ਦੀ ਪ੍ਰੇਰਨਾ ਨਾਲ ਭਾਰੀ ਪੰਥਕ ਸੰਮੇਲਨ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਵਿਖੇ ਕੀਤਾ। ਇਥੇ ਗੁਰਮਤਿ ਪ੍ਰਚਾਰ ਕਰਨ ਲਈ 'ਖਾਲਸਾ ਦੀਵਾਨ' ਦੀ ਪੱਕੀ ਨੀਂਹ ਰੱਖਣ ਪਿੱਛੋਂ ਆਪ ਨੂੰ ਇਸਦਾ ਸਕੱਤਰ ਬਣਾ ਦਿੱਤਾ ਗਿਆ। ਖਾਲਸਾ ਦੀਵਾਨ ਨੇ ਰਾਗੀ ਸਿੰਘਾਂ ਦਾ ਜਥਾ ਆਪ ਦੇ ਨਾਲ ਜੋੜ ਦਿੱਤਾ ਜਿਸ ਨਾਲ ਮਿਲਕੇ ਆਪ ਨੇ ਪਿੰਡ-ਪਿੰਡ ਜਾ ਕੇ ਕੀਰਤਨ ਕੀਤੇ। ਕੀਰਤਨ ਸਮਾਗਮਾਂ ਤੋਂ ਇਕੱਠੀ ਹੋਈ ਕਾਫੀ ਸਾਰੀ ਮਾਇਆ ਨਾਲ ਦੀਵਾਨ ਦੀ ਆਮਦਨ ਵਿਚ ਵਾਧਾ ਹੋਇਆ। ਇਸੇ ਮਾਇਆ ਦੀ ਸਹਾਇਤਾ ਨਾਲ ਗੁਰਮਤਿ ਵਿੱਦਿਆ ਆਸ਼ਰਮ (ਖ਼ਾਲਸਾ ਹਾਈ ਸਕੂਲ) ਦੀ ਨੀਂਹ ਰੱਖੀ ਗਈ ਜੋ ਹੁਣ ਤਕ ਚਲ ਰਿਹਾ ਹੈ। ਫਿਰ 1908-09 ਈ. ਵਿਚ ਬਾਬੂ ਤੇਜਾ ਸਿੰਘ ਭਸੌੜ ਦੀ ਅਣਥਕ ਮਿਹਨਤ ਤੇ ਪ੍ਰੇਰਨਾ ਕਾਰਨ ਭਸੌੜ ਵਿਖੇ ਪੰਚ ਖਾਲਸਾ ਦੀਵਾਨ ਕਾਇਮ ਕੀਤਾ ਗਿਆ। ਇਸ ਦੌਰਾਨ ਗਿਆਨੀ ਨਾਹਰ ਸਿੰਘ ਜੀ ਨਾਲ ਪ੍ਰੇਮ ਹੋਣ ਸਦਕਾ ਆਪ ਖ਼ਾਲਸਾ ਯੰਗਮੈਨਜ਼ ਲੀਗ (ਖ਼ਾਲਸਾ ਭੁਜੰਗੀ ਸਭਾ) ਲੁਧਿਆਣਾ ਦੀ ਸੇਵਾ ਵੀ ਕਰਦੇ ਰਹੇ। ਇਸ ਸਭਾ ਦੀ ਹਸਤੀ ਉਦੋਂ ਪੰਥ ਪ੍ਰਸਿੱਧ ਸੀ। ਇਸ ਸਭਾ ਦੇ ਖਾਸ ਯਤਨਾਂ ਤੇ ਪ੍ਰੇਰਨਾ ਸਦਕਾ 18 ਨਵੰਬਰ 1908 ਈ. ਨੂੰ ਖਾਲਸਾ ਹਾਈ ਸਕੂਲ ਸ਼ੁਰੂ ਹੋਇਆ। 1909 ਈ. ਤੋਂ ਲੈ ਕੇ 1914 ਈ. ਤਕ ਭਾਈ ਰਣਧੀਰ ਸਿੰਘ ਜੀ ਸਭਾ ਦੇ ਹਫਤਾਵਾਰੀ ਦੀਵਾਨ ਜੋ ਐਤਵਾਰ ਤੇ ਬੁੱਧਵਾਰ ਨੂੰ ਹੋਇਆ ਕਰਦੇ ਸਨ; ਉਨ੍ਹਾਂ ਵਿਚ ਕੀਰਤਨ ਕਰਿਆ ਕਰਦੇ ਸਨ।

---

[39] ਨਿਹਾਲ ਸਿੰਘ ਰਸ, *ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010, ਪੰਨੇ 15-16.

ਆਪ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਦਸਮੇਸ਼ ਦੇ ਅਵਤਾਰ ਗੁਰਪੁਰਬਾਂ ਸਮੇਂ ਨਗਰ ਕੀਰਤਨ ਵਿਚ ਸ਼ਾਮਲ ਹੁੰਦੇ ਤੇ ਅਖੰਡ ਪਾਠ ਕਰਦੇ।[40] ਇਹਨਾਂ ਸਮਾਗਮਾਂ ਸਮੇਂ ਹੋਣ ਵਾਲੇ ਅੰਮ੍ਰਿਤ ਸੰਚਾਰ ਵਿਚ ਵੀ ਆਪ ਸ਼ਾਮਿਲ ਹੁੰਦੇ ਰਹੇ। ਇਸ ਪ੍ਰਕਾਰ ਆਪ ਨੇ ਅਨੇਕਾਂ ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮ ਕੀਤੇ। ਇਸ ਸਮੇਂ ਤਕ ਆਪ ਦੀ ਸ਼ਖ਼ਸੀਅਤ ਉੱਘੇ ਪ੍ਰਚਾਰਕ ਵਜੋਂ ਸਥਾਪਿਤ ਹੋ ਚੁੱਕੀ ਸੀ।

ਆਪ ਨੇ ਕਈ ਵਾਰ ਸਾਥੀ ਸਿੰਘਾਂ ਨਾਲ ਵਿਚਰਦਿਆਂ ਵੀ ਅਜਿਹੇ ਆਤਮ ਰੰਗ ਅਤੇ ਧਾਰਮਿਕ ਅਨੁਭਵ ਮਾਣੇ ਜਿਨ੍ਹਾਂ ਦੀ ਤਸਦੀਕ ਉਸ ਸਮੇਂ ਆਪ ਨਾਲ ਵਿਚਰਨ ਵਾਲੇ ਸਿੰਘਾਂ ਨੇ ਵੀ ਕੀਤੀ। ਅਜਿਹੇ ਅਨੁਭਵ ਅਕਸਰ ਵਾਪਰਦੇ ਰਹਿੰਦੇ ਸਨ। ਇਕ ਵਾਰ ਭਾਈ ਸਾਹਿਬ ਦੇ ਜਥੇ ਦੇ ਸਾਥੀ ਬਾਬਾ ਰਾਮ ਸਿੰਘ ਪਿੰਡ ਗੁਜ਼ਰਵਾਲ, ਜ਼ਿਲ੍ਹਾ ਲੁਧਿਆਣਾ ਦੇ ਘਰ 1913 ਈ. ਵਿਚ ਅਖੰਡ ਪਾਠ ਹੋਇਆ। ਗਿਆਨੀ ਦਲੀਪ ਸਿੰਘ, ਪਿੰਡ ਫੁਲਾਂਵਾਲ ਤੇ ਗਿਆਨੀ ਹਰਭਜਨ ਸਿੰਘ ਪਿੰਡ ਚਮਿੰਡਾ, ਜਿਲ੍ਹਾ ਲੁਧਿਆਣਾ ਨੇ ਇਕ ਚੌਂਕੜੀ ਵਿਚ ਇਹ ਸਾਰਾ ਅਖੰਡ ਪਾਠ ਸੁਣਿਆ ਅਤੇ ਉੱਥੇ ਹੀ ਅੰਮ੍ਰਿਤ ਛਕਿਆ। ਇਹਨਾਂ ਦੋਹਾਂ ਨੂੰ ਨਾਮ ਰੰਗ ਲੱਗੇ। ਦੋਹਾਂ ਦੀ ਉਮਰ ਉਸ ਵੇਲੇ ਕ੍ਰਮਵਾਰ 12 ਤੇ 14 ਸਾਲ ਦੀ ਸੀ, ਅਖੰਡ ਪਾਠ ਦੇ ਸਮਾਗਮ ਉਪਰੰਤ ਇਹ ਦੋਵੇਂ, ਭਾਈ ਅਤਰ ਸਿੰਘ ਪਿੰਡ ਚਕਵਾਲ, ਜਿਲ੍ਹਾ ਜ਼ੇਹਲਮ ਤੇ ਭਾਈ ਰਣਧੀਰ ਸਿੰਘ ਜੀ ਸਮੇਤ, ਨਾਰੰਗਵਾਲ ਤੇ ਗੁਜ਼ਰਵਾਲ ਨਗਰ ਦੀ ਹੱਦ ਉਤੇ ਜੋ ਮੱਲੇਆਣਾ ਢਾਬ ਹੈ ਉਥੇ ਜਾ ਬੈਠੇ। ਇਥੇ ਅਕਸਰ ਭਾਈ ਸਾਹਿਬ ਨਾਮ ਅਭਿਆਸ ਤੇ ਕੀਰਤਨ ਕਰਦੇ ਹੁੰਦੇ ਸਨ। ਇਥੇ ਦੋਨੋਂ ਜਣੇ ਗਿਆਨੀ ਦਲੀਪ ਸਿੰਘ ਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਸਮਾਧੀ ਲਾ ਕੇ ਬੈਠ ਗਏ। ਭਾਈ ਸਾਹਿਬ ਵੀ ਵਿਸਮਾਦ ਦੀ ਦਸ਼ਾ ਵਿਚ ਅਰੂੜ ਹੋ ਗਏ। ਗਿਆਨੀ ਨਾਹਰ ਸਿੰਘ ਇਹ ਨਜ਼ਾਰਾ ਲਿਖਦੇ ਹਨ, "ਉਨ੍ਹਾਂ ਦੀ ਆਤਮ ਬ੍ਰਿਤੀ ਪਰ ਪ੍ਰਸੰਨ ਹੋ ਕੇ ਭਾਈ ਸਾਹਿਬ ਜੀ ਉਨ੍ਹਾਂ ਦੇ ਚਰਨ ਪਰਸਨ ਲੱਗ ਗਏ ਤੇ ਉਨ੍ਹਾਂ ਨੇ ਆਪਣੇ ਆਤਮਬਲ ਨਾਲ ਦੋਹਾਂ ਭੁਜੰਗੀਆਂ ਦੇ ਚਰਨ ਆਪਣੇ ਸੀਨੇ ਅੰਦਰ ਰੱਖ ਲਏ। ਜਦੋਂ ਉਹ ਜਾਗ ਕੇ ਉਠੇ ਤਾਂ ਉਨ੍ਹਾਂ ਨੂੰ ਆਪਣੇ ਪੈਰ ਨਾ ਦਿਸਣ ਤੇ ਨਾ ਹੀ ਭਾਈ ਸਾਹਿਬ ਜੀ ਨਜ਼ਰ ਆਉਣ। ਉਹ ਬੜੇ ਹੈਰਾਨ ਹੋਏ ਤਾਂ ਭਾਈ ਅਤਰ ਸਿੰਘ ਜੀ ਪਾਸ ਹੀ ਬੈਠੇ ਸਨ, ਉਨ੍ਹਾਂ ਨੂੰ ਅਰਦਾਸਾ ਸੋਧਣ ਦੀ ਅਮਰ ਅਜਾਚੀ ਸੂਝਲ ਸੁੱਝੀ, ਅਰਦਾਸਾ ਸੋਧਣ ਪਰ ਭਾਈ ਸਾਹਿਬ

---

[40] *ਉਹੀ,* ਪੰ. 84 ਤੋਂ 86 ਦੇ ਹੇਠਾਂ ਗਿਆਨੀ ਨਾਹਰ ਸਿੰਘ ਦਾ ਫੁੱਟਨੋਟ।

ਜੀ ਭੀ ਗੁਪਤੋਂ ਪ੍ਰਗਟ ਹੋ ਗਏ ਤੇ ਦੋਹਾਂ ਭੁਜੰਗੀਆਂ ਨੂੰ ਆਪਣੇ ਪੈਰ ਭੀ ਲੱਭ ਪਏ।"[41] ਇਸ ਉਪਰੰਤ ਭਾਈ ਸਾਹਿਬ ਜੀ ਨੇ ਘਰ ਆ ਕੇ ਸਾਰੀ ਰਾਤ ਛੋਟੇ ਜਿਹੇ ਚੁਬਾਰੇ ਵਿਚ ਅਖੰਡ ਕੀਰਤਨ ਕੀਤਾ। ਧਾਰਮਿਕ ਅਨੁਭਵ ਨਾਲ ਲੈਸ ਇਹ ਪ੍ਰਸੰਗ ਬੜਾ ਅਦਭੁਤ ਹੈ। ਇਹ ਸਾਰਾ ਪ੍ਰਸੰਗ ਭਾਈ ਸਾਹਿਬ ਦੀ ਕਾਵਿ ਰਚਨਾ *'ਜੋਤਿ ਵਿਗਾਸ'* ਵਿਚ ਬੰਦ ਨੰ. 320 ਤੋਂ 496 ਤਕ ਲਿਖਿਆ ਮਿਲਦਾ ਹੈ। ਇਸ ਵਿਚ ਅਖੰਡ ਪਾਠ ਦੀ ਵਿਧੀ, ਅੰਮ੍ਰਿਤ ਪ੍ਰਚਾਰ ਤੇ ਅਲੌਕਿਕ ਚਮਤਕਾਰਾਂ ਦਾ ਵੇਰਵਾ ਮਿਲਦਾ ਹੈ। ਗਿਆਨੀ ਦਲੀਪ ਸਿੰਘ ਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਦੇ ਚਰਨ ਚੱਟਣ ਦੀ ਵਿਥਿਆ ਦਾ ਧਾਰਮਿਕ ਅਨੁਭਵ ਭਾਈ ਸਾਹਿਬ ਨੇ ਕਵਿਤਾ ਰੂਪ ਵਿਚ ਇਉਂ ਲਿਖਿਆ ਹੈ:

ਝੱਲੀ ਹੋਇ ਚੱਲੀ ਜੀਭ ਚਰਨ ਵਲੇ, ਝੱਲੁ ਜੀਭ ਨੂੰ ਚਰਨ ਚੂਸੋਲਿਆਂ ਦਾ।
ਚਰਨ ਚੂਸਣੇ ਚਾਪਣੇ ਚੱਟਣੇ ਨੂੰ, ਭਾਂਤਿ ਭਾਂਤੜਾ ਚਾਉ ਰਸਨੋਲਿਆਂ ਦਾ।
ਚੱਟੇ ਚਰਨ ਮਲੂਕੜੇ ਜੀਭੜੀ ਨੇ, ਪੱਟ ਮਿਲਿ ਗਇਆ ਸੁਧਿ ਬੁਧੋਲਿਆਂ ਦਾ।
ਖ਼ਾਕ ਪਾਕ ਸੰਧੂਰੀਆ ਚਰਨ ਤਲੀਆਂ, ਰਸ ਰਸਾਇਣੀ ਪਰਸੁ ਜੀਭੋਲਿਆਂ ਦਾ।[42]

ਇਸੇ ਪ੍ਰਕਾਰ ਚਰਨਾਂ ਦਾ ਗੁਪਤ ਤੋਂ ਪ੍ਰਗਟ ਹੋਣ ਤੇ ਅਰਦਾਸ ਦੀ ਅਸਚਰਜ਼ ਘਟਨਾ ਵੀ ਦਰਜ਼ ਕੀਤੀ ਗਈ ਹੈ:

ਗੁਰੁ ਗੁਰੁ ਕਰਤਿ ਉੱਠੇ ਜਨ ਚਰਨਰਤ ਪ੍ਰੇਮੀ, ਛੁੱਟਾ ਪ੍ਰੇਮ ਜੱਫਾ ਜਨ ਚਰਨੋਲਿਆਂ ਦਾ।
ਗੁਪਤੋਂ ਆਣਿ ਪ੍ਰਗਟੇ ਫੇਰ ਪਗ ਪਟੋਲੇ, ਸਿੱਟਾ ਸਿਹਰ ਅਰਦਾਸ ਗੁਪਤੋਲਿਆ ਦਾ।
ਛੁੱਟੇ ਪ੍ਰੇਮ ਜੱਫੇ ਤੇ ਪੱਗ ਜੂੜ ਖੁੱਲ੍ਹੇ, ਫਸਿਆ ਬੂੜੀਆ ਪ੍ਰੇਮ ਨੂੜੋਲਿਆਂ ਦਾ।
ਪ੍ਰੇਮ ਜੂੜ ਦੇ ਬੂੜੀਏ ਨੂਰ ਕ੍ਰਿਸ਼ਮੀ, ਆਤਮ ਨੂੜ ਰਸ ਨੂਰ ਨਰੜੋਲਿਆ ਦਾ।[43]

ਆਪ ਦਾ ਜੀਵਨ ਰਹੱਸ ਭਰਪੂਰ ਘਟਨਾਵਾਂ ਵਾਲਾ ਰਿਹਾ ਹੈ। ਆਪ ਨੇ ਅਨੇਕਾਂ ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮ ਕੀਤੇ। ਆਪ ਨਾਮ ਦੇ ਰਸੀਏ ਸਨ। ਕੀਰਤਨ ਕਰਨਾ ਆਪ ਦਾ ਮੁੱਖ ਕਾਰਜ ਬਣ ਗਿਆ ਸੀ। ਨਾਮ ਅਭਿਆਸ ਤੇ ਅਖੰਡ-ਕੀਰਤਨ ਆਪ ਦਾ ਆਹਰ ਬਣ ਚੁੱਕਾ ਸੀ।

---

41 ਗਿਆਨੀ ਨਾਹਰ ਸਿੰਘ, ਜਾਣ ਪਛਾਣ, *ਜੋਤਿ ਵਿਗਾਸ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010, ਪੰ. 30.

42 ਭਾਈ ਰਣਧੀਰ ਸਿੰਘ, *ਜੋਤਿ ਵਿਗਾਸ,* ਪੰ. 98.

43 *ਉਹੀ,* ਪੰ. 99.

**ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ** : ਭਾਈ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਤੋਂ ਕੜਾਹ ਪ੍ਰਸ਼ਾਦ ਕਰਾਉਣ ਅਤੇ ਕੀਰਤਨ ਕਰਨ ਦੀ ਆਗਿਆ ਮੰਗੀ ਤਾਂ ਉਹਨਾਂ ਨੇ ਮਨਾ ਕਰ ਦਿੱਤਾ। ਅਖੀਰ ਬ੍ਰਹਮਗਿਆਨੀ ਬਾਬਾ ਸ਼ਾਮ ਸਿੰਘ ਜੀ (ਜਿਨ੍ਹਾਂ ਨੇ 75 ਸਾਲ ਲਗਾਤਾਰ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕੀਤਾ ਸੀ) ਦੇ ਕਹਿਣ ਨਾਲ ਪੁਜਾਰੀ ਸਹਿਮਤ ਹੋਏ। ਉਹ ਹੈਰਾਨ ਰਹਿ ਗਏ ਜਦੋਂ ਕੀਰਤਨ ਦੌਰਾਨ ਮਾਇਆ ਦੇ ਢੇਰ ਵਿਚੋਂ ਆਪ ਨੇ ਇਕ ਪੈਸਾ ਵੀ ਨਾਲ ਨਾ ਲਿਆਂਦਾ।[44] ਉਸ ਸਮੇਂ ਗੁਰਦੁਆਰਿਆਂ 'ਤੇ ਪੁਜਾਰੀਆਂ ਦਾ ਕਬਜ਼ਾ ਸੀ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਅੰਗਰੇਜ਼ ਸਰਕਾਰ ਦੀ ਦਖਲਅੰਦਾਜ਼ੀ ਤੇ ਸ਼ਹਿ ਨਾਲ ਚਲਦਾ ਸੀ। ਉਹਨਾਂ ਨੇ ਬਦਮਾਸ਼ ਪਾਲ ਰੱਖੇ ਸਨ। ਭਾਈ ਸਾਹਿਬ ਜੋ ਕਿ ਖੁਦ ਗੁਰਮਤਿ ਪ੍ਰਚਾਰ ਕਰਦੇ ਸਨ, ਇਹ ਸਭ ਬਰਦਾਸ਼ਤ ਕਰਨਾ ਆਪ ਲਈ ਔਖਾ ਸੀ। ਆਪ ਆਚਰਣਹੀਣ ਪੁਜਾਰੀਆਂ ਨੂੰ ਬਰਦਾਸ਼ਤ ਨਹੀਂ ਕਰਦੇ ਸਨ। ਸਭ ਤੋਂ ਪਹਿਲਾਂ ਆਪ ਨੇ ਫਤਿਹਗੜ੍ਹ ਸਾਹਿਬ ਦੇ ਦੀਵਾਨ ਵਿਚ ਇਕ 'ਰਾਗੀ' ਦਾ ਪਰਦਾਫਾਸ਼ ਕੀਤਾ।

ਜਦੋਂ ਅੰਗਰੇਜ਼ ਸਰਕਾਰ ਨੇ ਭਾਰਤ ਦੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਤਬਦੀਲ ਕੀਤੀ ਤਾਂ ਵਾਇਸਰਾਏ ਦੇ ਮਹਿਲ ਨੂੰ ਖੁੱਲ੍ਹੇ ਅਤੇ ਸੁੰਦਰ ਰੂਪ ਵਿਚ ਬਣਾਉਣ ਲਈ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹ ਦਿੱਤੀ ਗਈ। ਸਰਦਾਰ ਹਰਚੰਦ ਸਿੰਘ ਰਈਸ (ਲਾਇਲਪੁਰ) ਨੇ ਭਾਈ ਸਾਹਿਬ ਨੂੰ ਮਿਲ ਕੇ ਸਾਰੀ ਵਿਥਿਆ ਦੱਸੀ। ਕਿਉਂਕਿ ਉਹ ਜਾਣਦੇ ਸਨ ਕਿ ਭਾਈ ਸਾਹਿਬ ਪੰਥ ਤੇ ਸੰਗਤ ਨੂੰ ਲਾਮਬੰਦ ਕਰ ਸਕਦੇ ਸਨ। ਭਾਈ ਸਾਹਿਬ ਨੇ ਪੰਥ ਵਿਚ ਅਜਿਹੀ ਜਾਗਰੂਕਤਾ ਪੈਦਾ ਕੀਤੀ ਜਿਵੇਂ ਦੀ ਉਹਨਾਂ ਤੋਂ ਕੁਝ ਦਹਾਕੇ ਪਹਿਲਾਂ ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਕੀਤੀ ਸੀ।

13 ਅਪ੍ਰੈਲ 1914 ਈ. ਵਿਸਾਖੀ ਮੌਕੇ ਭਾਈ ਸਾਹਿਬ ਨੇ ਬਾਬਾ ਜਵੰਦ ਸਿੰਘ ਨਿਹੰਗ ਦੇ ਸਹਿਯੋਗ ਸਦਕਾ ਪੱਟੀ ਵਿਖੇ ਭਾਰੀ ਪੰਥਕ ਸੰਮੇਲਨ ਬੁਲਾਇਆ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜਲੰਧਰ ਅਤੇ ਲੁਧਿਆਣੇ ਤੋਂ ਪੈਦਲ ਚਲ ਕੇ ਇਸ ਵਿਚ ਸ਼ਾਮਿਲ ਹੋਏ। ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ਾ ਕਰਨ ਪਿੱਛੋਂ ਸਿੱਖ ਪੰਥ ਦਾ ਇਹ ਪਹਿਲਾ ਏਨਾ ਭਾਰੀ ਇਕੱਠ ਮੰਨਿਆ ਗਿਆ ਸੀ। ਇਸ ਵਿਚ ਗੁਰਦੁਆਰਾ ਰਕਾਬਗੰਜ ਦੀ ਦੀਵਾਰ ਢਾਹੇ ਜਾਣ ਵਿਰੁੱਧ ਮਤਾ ਪਾਸ ਕੀਤਾ ਗਿਆ। ਇਸ ਦੇ ਵਿਰੋਧ ਵਿਚ ਭਾਈ ਸਾਹਿਬ ਨੇ 18 ਮਈ 1914 ਈ. ਨੂੰ 'ਤੱਤ ਖਾਲਸਾ ਸੰਗਤ ਨਾਰੰਗਵਾਲ' ਵਲੋਂ ਵਾਇਸਰਾਏ ਨੂੰ ਤਾਰ ਭੇਜੀ ਅਤੇ ਐਲਾਨ ਕੀਤਾ ਕਿ

---

[44] Trilochan Singh, (Trans.), *ibid*, p. xxii - xxiii.

ਜੇਕਰ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਕੋਈ ਨੁਕਸਾਨ ਪਹੁੰਚਾਇਆ ਤਾਂ ਉਹ 500 ਸਿੰਘਾਂ ਦਾ ਜੱਥਾ ਲੈ ਕੇ ਸ਼ਹੀਦ ਹੋ ਜਾਣਗੇ।

1914 ਈ. ਵਿਚ ਪਹਿਲੀ ਵਿਸ਼ਵ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿੱਖਾਂ ਵਿਚ ਇਕ ਤਾਂ ਕ੍ਰਿਪਾਨ ਦੀ ਆਜ਼ਾਦੀ ਦਾ ਸਵਾਲ ਚਲ ਰਿਹਾ ਸੀ, ਦੂਸਰੇ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਢਾਹੇ ਜਾਣ ਵਿਰੁੱਧ ਐਜੀਟੇਸ਼ਨ ਜਾਰੀ ਸੀ। ਗਿਆਨੀ ਨਾਹਰ ਸਿੰਘ ਅਨੁਸਾਰ, "30 ਮਈ 1914 ਈ. ਨੂੰ ਲੰਙੇ ਮੰਡੀ ਲਾਹੌਰ ਵਿਚ ਖਾਲਸਾ ਪੰਥ ਦਾ ਸ਼ਾਨਦਾਰ ਦੀਵਾਨ ਹੋਇਆ। ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਜੱਥੇ ਨਾਲ ਮਾਲਵੇ ਦੇ ਹੋਰ ਮੁਖੀਆਂ ਸਮੇਤ ਸ਼ਾਮਿਲ ਹੋਏ।"[45] ਫਿਰ 29 ਸਤੰਬਰ 1914 ਈ. ਨੂੰ ਬਜਬਜ ਘਾਟ ਉੱਤੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਉੱਤੇ ਗੋਲੀ ਚਲਣ ਦੀ ਘਟਨਾ ਵਾਪਰੀ। ਜਿਸ ਵਿਚ ਵਧੇਰੇ ਮੁਸਾਫਿਰ ਸਿੱਖ ਹੀ ਸਨ। ਸੰਘਰਸ਼ ਹੋਰ ਤੇਜ਼ ਹੋ ਗਿਆ। ਇਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਚਲੀ ਤੇ ਗੁਰਦਵਾਰੇ ਮਹੰਤਾਂ ਤੋਂ ਆਜ਼ਾਦ ਹੋਏ ਅਤੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਬਣੀ। ਭਾਈ ਸਾਹਿਬ ਦੇ ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ ਬਾਰੇ ਗਿਆਨੀ ਨਾਹਰ ਸਿੰਘ ਦਾ ਮੰਨਣਾ ਹੈ ਕਿ, "ਗੁਰਦੁਆਰਾ ਸੁਧਾਰ ਲਹਿਰ ਤੇ ਆਜ਼ਾਦੀ ਲਹਿਰ ਦੇ ਅਸਲ ਮੋਢੀ ਭਾਈ ਸਾਹਿਬ, ਉਨ੍ਹਾਂ ਦੇ ਸਾਥੀ ਤੇ ਹੋਰ ਸਮੂਹ ਪ੍ਰਦੇਸ਼ਾਂ ਤੋਂ ਆਏ ਦੇਸ਼ ਭਗਤ ਹੀ ਹਨ। ਗੁਰਦੁਆਰਾ ਰਕਾਬਗੰਜ ਦੀ ਕੰਧ ਦੇ ਸਵਾਲ ਤੋਂ ਐਸਾ ਛੇੜ ਛਿੜਿਆ ਕਿ ਅੰਗਰਜ਼ ਨੇ ਇਕ ਦਿਨ ਭੀ ਸੁੱਖ ਦਾ ਸਾਹ ਨਾ ਲਿਆ। ਓੜਕ ਉਸ ਨੂੰ ਹਿੰਦੁਸਤਾਨ ਤੋਂ ਖਹਿੜਾ ਹੀ ਛੁਡਾਉਣਾ ਪਿਆ।"[46]

**ਭਾਈ ਸਾਹਿਬ ਦਾ ਗ਼ਦਰ ਲਹਿਰ ਵਿਚ ਯੋਗਦਾਨ** : ਗ਼ਦਰ ਪਾਰਟੀ ਦੇ ਆਗੂ ਅੰਗਰੇਜ਼ਾਂ ਨਾਲ ਹਥਿਆਰਬੰਦ ਲੜਾਈ ਲੜਨ ਦੇ ਪੱਖ ਵਿਚ ਸਨ। ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਨੇ ਲੋਕਾਂ ਅੰਦਰ ਰੋਹ ਪੈਦਾ ਕਰ ਦਿੱਤਾ। ਭਾਈ ਰਣਧੀਰ ਸਿੰਘ ਦੇ ਮਨ ਅੰਦਰ ਵੀ ਇਸ ਦਰਦਨਾਕ ਸਾਕੇ ਦਾ ਬਹੁਤ ਅਸਰ ਹੋਇਆ। ਅੰਗਰੇਜ਼ਾਂ ਪ੍ਰਤੀ ਪੈਦਾ ਹੋਏ ਗੁੱਸੇ ਕਰਕੇ ਉਹ ਗ਼ਦਰ ਪਾਰਟੀ ਨਾਲ ਹਮਦਰਦੀ ਰੱਖਣ ਲੱਗ ਪਏ। ਪੰਜਾਬ ਵਿਚ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਨੇ ਭਾਈ ਰਣਧੀਰ ਸਿੰਘ ਨਾਲ ਗੁਪਤ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਭਾਈ ਸਾਹਿਬ ਨੇ ਗ਼ਦਰ ਪਾਰਟੀ ਦੀ ਸਹਾਇਤਾ ਲਈ ਇਕ ਸ਼ਹੀਦੀ ਜੱਥਾ

---

[45] ਗਿਆਨੀ ਨਾਹਰ ਸਿੰਘ, ਅੰਤਿਕਾ ਨੰ. 1, *ਜੇਲ੍ਹ ਚਿੱਠੀਆਂ*, ਪੰ. 465.

[46] *ਉਹੀ*, ਪੰ. 507.

ਤਿਆਰ ਕੀਤਾ ਜੋ ਦੇਸ਼ ਦੀ ਆਜ਼ਾਦੀ ਲਈ ਸਿੱਖੀ ਅਸੂਲਾਂ ਤੇ ਰਹਿੰਦਾ ਹੋਇਆ ਆਪਣਾ ਤਨ ਮਨ ਵਾਰਨ ਲਈ ਤਿਆਰ ਸੀ।[47]

ਇੱਥੇ ਮੂਲ ਪ੍ਰਸ਼ਨ ਇਹ ਹੈ ਕਿ ਭਾਈ ਸਾਹਿਬ ਦੇ ਗ਼ਦਰ ਲਹਿਰ ਵਿਚ ਯੋਗਦਾਨ ਨੂੰ ਦਰਸਾਉਣ ਦੀ ਲੋੜ ਕਿਉਂ ਪਈ? ਉੱਤਰ ਇਹ ਹੈ ਕਿ ਗ਼ਦਰ ਪਾਰਟੀ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੇ ਭਾਈ ਸਾਹਿਬ ਦੇ ਰੋਲ ਨੂੰ ਨਹੀਂ ਵਿਚਾਰਿਆ। ਭਾਵੇਂ ਗ਼ਦਰ ਲਹਿਰ ਦੇ ਇਤਿਹਾਸ ਸੰਬੰਧੀ ਕਾਫੀ ਜਾਣਕਾਰੀ ਆ ਚੁੱਕੀ ਹੈ ਫਿਰ ਵੀ ਕੁਝ ਅਹਿਮ ਲਿਖਤਾਂ ਨੂੰ ਅਣਗੋਲਿਆਂ ਕੀਤਾ ਗਿਆ ਹੈ। ਇਸ ਦਾ ਇਕ ਕਾਰਣ ਇਹ ਹੈ ਕਿ ਇਤਿਹਾਸਕਾਰਾਂ ਵਲੋਂ ਗ਼ਦਰ ਲਹਿਰ ਦੇ ਆਗੂਆਂ ਤੇ ਹੋਰ ਗ਼ਦਰੀਆਂ ਦੇ ਧਾਰਮਿਕ ਪੱਖ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਇੰਝ ਹੀ ਭਾਵੇਂ ਭਾਈ ਸਾਹਿਬ ਦਾ ਰਾਜਨੀਤੀ ਨਾਲ ਕੋਈ ਨੇੜੇ ਦਾ ਰਿਸ਼ਤਾ ਨਹੀਂ ਸੀ ਫਿਰ ਵੀ ਗੁਲਾਮੀ ਦੂਰ ਕਰਨ ਲਈ ਉਹਨਾਂ ਨੇ ਧਾਰਮਿਕ ਆਜ਼ਾਦੀ ਅਤੇ ਗੁਰਦੁਆਰਿਆਂ ਨੂੰ ਅੰਗਰੇਜ਼ ਸਰਕਾਰ ਦੇ ਦਖ਼ਲ ਤੋਂ ਮੁਕਤ ਰੱਖਣ ਵਜੋਂ ਗ਼ਦਰ ਲਹਿਰ ਨੂੰ ਪੂਰੀ ਹਮਾਇਤ ਤੇ ਯੋਗਦਾਨ ਦਿੱਤਾ। ਗ਼ਦਰ ਲਹਿਰ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਨੇ ਗ਼ਦਰੀਆਂ ਉਪਰ ਜੇਲ੍ਹਾਂ ਅੰਦਰ ਢਾਹੇ ਗਏ ਜ਼ੁਲਮਾਂ ਬਾਰੇ ਕਾਫੀ ਲਿਖਿਆ ਹੈ ਪਰ ਹਜ਼ਾਰੀਬਾਗ ਜੇਲ੍ਹ ਬਾਰੇ ਜਿਥੇ ਭਾਈ ਸਾਹਿਬ ਨੂੰ ਲੰਮਾ ਸਮਾਂ ਜਥੇ ਦੇ ਮੈਂਬਰਾਂ ਸਮੇਤ ਕਸ਼ਟ ਦਿੱਤੇ ਜਾਂਦੇ ਰਹੇ, ਦਾ ਵਰਣਨ ਕਰਨ ਤੋਂ ਪ੍ਰਹੇਜ਼ ਕੀਤਾ ਹੈ। ਜਦ ਕਿ ਅੰਡੇਮਾਨ ਦੀ ਸੈਲੂਲਰ ਜੇਲ੍ਹ ਤੋਂ ਬਾਦ ਦੂਜੇ ਨੰਬਰ ਤੇ ਹਜ਼ਾਰੀਬਾਗ ਜੇਲ੍ਹ ਨਰਕ ਰੂਪੀ ਜੇਲ੍ਹ ਕਹੀ ਜਾਂਦੀ ਰਹੀ ਹੈ।

ਅਜਮੇਰ ਸਿੰਘ ਲਿਖਦੇ ਹਨ, "ਗੁਰਚਰਨ ਸਿੰਘ ਸੈਂਸਰਾ ਨੇ ਗ਼ਦਰ ਲਹਿਰ ਨਾਲ ਮਾਮੂਲੀ ਵਾਸਤਾ ਰੱਖਣ ਵਾਲੇ ਵਿਅਕਤੀਆਂ, ਜਿਵੇਂ ਭਾਈ ਪਰਮਾਨੰਦ (ਲਾਹੌਰ), ਰਾਜਾ ਮਹਿੰਦਰ ਪਰਤਾਪ ਆਦਿ, ਦੀਆਂ ਸਵੈ-ਜੀਵਨੀਆਂ ਤਾਂ ਪੂਰੀ ਨੀਝ ਲਾ ਕੇ ਪੜ੍ਹੀਆਂ ਹਨ... ਪਰ ਗ਼ਦਰ ਦੀ ਯੋਜਨਾ ਵਿਚ ਅਹਿਮ ਸਥਾਨ ਰੱਖਣ ਵਾਲੇ ਤੇ ਇਸ ਦੇ ਬਦਲੇ ਭਾਰੀ ਕਸ਼ਟ ਭੋਗਣ ਵਾਲੇ ਭਾਈ ਰਣਧੀਰ ਸਿੰਘ ਦੇ ਅਨੁਭਵਾਂ (ਜੇਲ੍ਹ ਚਿੱਠੀਆਂ) ਨੂੰ ਪੜ੍ਹਨ ਦੀ ਲੋੜ ਨਹੀਂ ਸਮਝੀ। ਇਹੀ ਹਾਲ ਹਰੀਸ਼ ਪੁਰੀ ਦਾ ਹੈ। ਸੋਹਨ ਸਿੰਘ ਜੋਸ਼ ਨੇ ਤਾਂ ਹੱਦ ਹੀ ਮੁਕਾ ਦਿੱਤੀ ਹੈ। ਉਸ ਦੀ 600 ਤੋਂ ਵੱਧ ਸਫ਼ਿਆਂ ਦੀ ਕਿਤਾਬ ਅੰਦਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਨਾਂ ਪੂਰੀ ਤਰ੍ਹਾਂ ਗ਼ਾਇਬ ਹੈ।... ਇਤਿਹਾਸਕਾਰ ਨੂੰ ਏਨਾਂ ਤਅੱਸਬ ਕੀ ਆਖੇ ! "[48]

---

[47] ਗੁਲਜ਼ਾਰ ਸਿੰਘ ਕੰਗ, *ਉਹੀ,* ਪੰ. 10.

[48] ਅਜਮੇਰ ਸਿੰਘ, *ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਹਵਿਆਂ ਦਾ ਖੰਡਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011, ਪੰ. 97.

ਇਸ ਤਰ੍ਹਾਂ ਕਈ ਇਤਿਹਾਸਕਾਰਾਂ ਨੇ ਭਾਈ ਰਣਧੀਰ ਸਿੰਘ ਨੂੰ ਇਤਿਹਾਸ ਵਿਚੋਂ ਅਲੋਪ ਕਰ ਦਿੱਤਾ ਹੈ। ਗ਼ਦਰ ਲਹਿਰ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਨੇ ਇਹ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਗ਼ਦਰੀਆਂ ਨੂੰ ਪਰਦੇਸਾਂ ਤੋਂ ਆਉਣ ਪਿੱਛੋਂ ਆਪਣੇ ਦੇਸ਼ ਦੇ ਲੋਕਾਂ ਦਾ ਸਮਰਥਨ ਨਹੀਂ ਮਿਲਿਆ ਸੀ ਤੇ ਦੇਸ਼ ਦੀ ਕਿਸੇ ਵੀ ਰਾਜਸੀ ਸੰਸਥਾਂ ਜਾਂ ਸੁਸਾਇਟੀ ਨੇ ਉਹਨਾਂ ਦਾ ਸਾਥ ਨਹੀਂ ਦਿੱਤਾ ਸੀ। ਜਦ ਕਿ ਭਾਈ ਰਣਧੀਰ ਸਿੰਘ ਜੀ ਅਜਿਹੇ ਇਕੱਲੇ ਵਿਅਕਤੀ ਸਨ ਜਿਨ੍ਹਾਂ ਨੇ ਆਪਣੇ ਪੂਰੇ ਜਥੇ ਸਮੇਤ-ਨਿਧੜਕ ਹੋ ਕੇ ਕਰਤਾਰ ਸਿੰਘ ਸਰਾਭੇ ਤੇ ਹੋਰ ਗ਼ਦਰੀਆਂ ਦਾ ਸਾਥ ਦਿੱਤਾ ਸੀ। ਰਾਜਵਿੰਦਰ ਸਿੰਘ ਰਾਹੀ ਅਨੁਸਾਰ, “ਮਾਲਵੇ 'ਚ ਧਾਰਮਕ ਆਗੂ, ਭਾਈ ਸਾਹਿਬ ਭਾਈ ਰਣਧੀਰ ਸਿੰਘ ਵਾਲੇ ਜਥੇ ਦੇ ਸੱਠ ਦੇ ਕਰੀਬ ਸਿੰਘ ਗ਼ਦਰ ਲਹਿਰ ਵਿਚ ਸਰਗਰਮ ਸਨ।”[49]

ਅਸਲ ਵਿਚ ਗ਼ਦਰ ਲਹਿਰ ਬਾਰੇ ਅਤੇ ਭਾਈ ਸਾਹਿਬ ਦੇ ਯੋਗਦਾਨ ਬਾਰੇ ਜਾਨਣਾ ਹੋਵੇ ਤਾਂ ਸਭ ਤੋਂ ਅਹਿਮ ਖੁਦ ਗ਼ਦਰੀਆਂ ਦੀਆਂ ਮੌਲਿਕ ਲਿਖਤਾਂ ਹਨ ਜਿਨ੍ਹਾਂ ਵਿਚ ਸਮੁੱਚੇ ਵਾਕਿਆਤ ਦਰਜ਼ ਹਨ। ਇਨ੍ਹਾਂ ਗ਼ਦਰੀਆਂ ਨੇ ਆਪਣੀਆਂ ਹੱਡ-ਬੀਤੀਆਂ ਕਵਿਤਾ ਤੇ ਵਾਰਤਕ ਰੂਪ ਵਿਚ ਬਿਆਨੀਆਂ ਹਨ। ਤਕਰੀਬਨ ਸਾਰੇ ਗ਼ਦਰੀਆਂ ਦੀਆਂ ਲਿਖਤਾਂ ਵਿਚ ਭਾਈ ਸਾਹਿਬ ਦਾ ਉਚੇਚਾ ਜ਼ਿਕਰ ਮਿਲਦਾ ਹੈ ਜਿਵੇਂ:

ਮਾਰ ਚੌਂਕੜੀ ਲਾਇ ਸਮਾਧੀ, ਸਫਲ ਯਾਤਰਾ ਕਰੀ ਸਰੀਰ।...
ਕਹਿਣੀ ਕਥਨੀ ਭੇਦ ਨ ਭਾਈ, ਦੇਸ਼ ਭਗਤ ਵੱਡੇ ਸੂਰਬੀਰ।
ਤੇਰੀ ਉਪਮਾਂ ਤੂੰ ਹੀ ਜਾਣੇ, ਧੰਨ ਸਿੰਘ ਸਾਹਿਬ ਰਣਧੀਰ।[50]

ਗ਼ਦਰ ਪਾਰਟੀ ਨੇ ਜਦੋਂ ਦੇਸ਼ ਆਜ਼ਾਦ ਕਰਵਾਉਣ ਲਈ ਸਭ ਨੂੰ ਭਾਰਤ ਪਰਤਣ ਦਾ ਹੋਕਾ ਦਿੱਤਾ ਤਾਂ ਸਰਾਭਾ ਵੀ ਭਾਰਤ ਪਰਤ ਆਇਆ। ਉਸ ਸਮੇਂ ਸਰਕਾਰੀ ਸੀ. ਆਈ. ਡੀ. ਭਾਰਤ ਆ ਰਹੇ ਦੇਸ਼ ਭਗਤਾਂ ਦੀ ਸੂਹ ਲੈਂਦੀ ਫਿਰਦੀ ਸੀ। ਸਰਾਭੇ ਨੇ ਕਲਕੱਤੇ ਦੀ ਥਾਂ ਲੰਕਾ ਦਾ ਰਾਹ ਚੁਣਿਆ ਤੇ ਮਦਰਾਸ ਹੁੰਦਾ ਹੋਇਆ 15-16 ਸਤੰਬਰ 1914 ਈ. ਨੂੰ ਪੰਜਾਬ ਆ ਗਿਆ। ਇਥੇ ਆ ਕੇ ਸਰਾਭੇ ਨੇ ਪਰਮਾ ਨੰਦ ਝਾਂਸੀ, ਨਿਧਾਨ

[49] ਰਾਜਵਿੰਦਰ ਸਿੰਘ ਰਾਹੀ, *ਕਾਮਾਗਾਟਾ ਮਾਰੂ ਦਾ ਅਸਲੀ ਸੱਚ,* Unistar Books Pvt. Ltd, Chandigarh, 2017, ਪੰ. 416.

[50] ਮਲਵਿੰਦਰਜੀਤ ਸਿੰਘ ਵੜੈਚ ਸੀਤਾ ਰਾਮ ਬਾਂਸਲ (ਸੰਪਾ.), *ਆਤਮ ਕਥਾ ਬਾਬਾ ਸੱਜਣ ਸਿੰਘ ਨਾਰੰਗਵਾਲ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰ. 11.

ਸਿੰਘ ਚੁੱਘਾ, ਪੰਡਤ ਜਗਤ ਰਾਮ, ਪ੍ਰਿਥੀ ਸਿੰਘ, ਬੰਤਾ ਸਿੰਘ ਸੰਘਵਾਲ, ਰੂੜ ਸਿੰਘ ਚੂਹੜਚੱਕ, ਪੰਡਤ ਕਾਂਸੀ ਰਾਮ, ਵਿਸ਼ਨੂੰ ਗਣੇਸ਼ ਪਿੰਗਲੇ ਹੋਰਾਂ ਨਾਲ ਰਲ ਕੇ ਇਕ ਕਮੇਟੀ ਬਣਾਈ ਕਿਉਂਕਿ ਗ਼ਦਰ ਪਾਰਟੀ ਦੇ ਸਿਰਕੱਢ ਆਗੂ ਸੋਹਣ ਸਿੰਘ ਭਕਨਾ ਤੇ ਕੇਸਰ ਸਿੰਘ ਠੱਠਗੜ੍ਹ , ਜਹਾਜ਼ੋਂ ਉਤਰਦੇ ਹੀ ਫੜੇ ਗਏ ਸਨ। ਪਾਰਟੀ ਨੇ ਫੌਜਾਂ ਵਿਚ ਅਸ਼ਾਂਤੀ ਦੀ ਅੱਗ ਭੜਕਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਜੋ, "ਇਸ ਪ੍ਰਕਾਰ ਸਨ:

1) ਕਰਤਾਰ ਸਿੰਘ ਸਰਾਭਾ, ਫਿਰੋਜ਼ਪੁਰ ਛਾਉਣੀ।
2) ਸ੍ਰੀ ਹਿਰਦੇ ਰਾਮ ਮੰਡੀ, ਜਲੰਧਰ।
3) ਹਰਨਾਮ ਸਿੰਘ ਕਹੂਟਾ, ਰਾਵਲ ਪਿੰਡੀ।
4) ਪਿਆਰਾ ਸਿੰਘ ਲੰਗੇਰੀ, ਬੰਨੂ ਤੇ ਕੋਹਾਟ।
5) ਵਿਸ਼ਨੂੰ ਗਣੇਸ਼ ਪਿੰਗਲੇ, ਮੇਰਠ।"[51]

1914 ਈ. ਵਿਚ ਕਰਤਾਰ ਸਿੰਘ ਸਰਾਭੇ ਨੇ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ ਕੀਤੀ ਤੇ ਕਿਹਾ, "ਭਾਈ ਸਾਹਿਬ, ਆਪ ਦੀ ਧਾਰਮਿਕ ਉੱਚਤਾ ਤੇ ਮੈਨੂੰ ਮਾਣ ਹੈ ਪਰ ਹੁਣ ਆਪ ਗੁਲਾਮੀ ਦਾ ਜੂਲਾ ਲਾਹੁਣ ਲਈ ਸਿਆਸਤ ਦੇ ਮੈਦਾਨ ਦੇ ਵੀ ਖਿਡਾਰੀ ਬਣੋ।"[52] ਭਾਈ ਸਾਹਿਬ ਨੇ ਸਰਾਭੇ ਨੂੰ ਕਿਹਾ, "ਅਜੇ ਉਹ ਵੇਲਾ ਨਹੀਂ ਆਇਆ। ਸਮਾਂ ਆਉਣ ਤੇ ਅਸੀਂ ਇਸ ਖੇਤਰ ਵਿਚ ਨਿਝੱਕ ਕੰਮ ਕਰਾਂਗੇ।"[53] ਇਸ ਤਰ੍ਹਾਂ ਸਰਾਭਾ ਅਕਸਰ ਭਾਈ ਸਾਹਿਬ ਨੂੰ ਮਿਲਦਾ ਰਹਿੰਦਾ ਸੀ। ਕਰਤਾਰ ਸਿੰਘ ਸਰਾਭੇ ਅਤੇ ਉਸਦੇ ਸਾਥੀਆਂ ਨੇ ਸਲਾਹ ਕਰਕੇ ਗ਼ਦਰ ਦੀ ਮਿਤੀ 21 ਫਰਵਰੀ 1915 ਈ. ਰੱਖੀ ਸੀ ਪਰ ਇਕ ਗ਼ਦਾਰ ਕ੍ਰਿਪਾਲ ਸਿੰਘ ਰਾਹੀਂ ਇਸ ਮਿਤੀ ਦੀ ਸੂਹ ਪੁਲਿਸ ਨੂੰ ਮਿਲ ਜਾਣ ਕਰਕੇ ਆਗੂਆਂ ਨੇ ਗ਼ਦਰ ਲਈ ਮਿਤੀ ਬਦਲ ਦੇ 19 ਫਰਵਰੀ 1915 ਈ. ਕਰ ਦਿੱਤੀ।

ਇਨ੍ਹਾਂ ਦਿਨਾਂ ਵਿਚ ਹੀ ਕਰਤਾਰ ਸਿੰਘ ਸਰਾਭਾ ਭਾਈ ਰਣਧੀਰ ਸਿੰਘ ਨੂੰ ਪਿੰਡ ਗਿੱਲਾਂ ਵਿਚ ਢੰਡਾਰੀ ਨੂੰ ਅਖੰਡ ਪਾਠ ਕਰਨ ਲਈ ਜਾਦਿਆਂ ਨੂੰ ਰਸਤੇ ਵਿਚ ਮਿਲ ਕੇ ਗ਼ਦਰ ਦੀ ਮਿਤੀ 21 ਤੋਂ ਬਦਲ ਕੇ 19

---

51 *ਉਹੀ, ਆਤਮ ਕਥਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਗਿਆਂ (ਕਪੂਰਥਲਾ),* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨੇ 20-21.

52 *ਉਹੀ,* ਪੰ. 35.

53 *ਉਹੀ,* ਪੰ. *ਉਹੀ* ।

ਫਰਵਰੀ ਦੱਸ ਗਿਆ ਸੀ। ਭਾਈ ਸਾਹਿਬ ਦੇ ਪੁੱਛਣ ਤੇ ਸਰਾਭੇ ਨੇ ਕਿਹਾ ਕਿ ਲਾਹੌਰ ਤੇ ਅੰਮ੍ਰਿਤਸਰ ਵਿਚ ਜੋ ਕਾਰਾਂ ਖੜ੍ਹੀਆਂ ਹਨ ਉਹ ਸਭ ਆਪਣੀਆਂ ਹਨ ਅਤੇ ਫਿਰੋਜ਼ਪੁਰ, ਰਾਵਲਪਿੰਡੀ, ਲਾਹੌਰ, ਮੇਰਠ ਆਦਿ ਛਾਉਣੀਆਂ ਦੀਆਂ ਫੌਜਾਂ ਉਹਨਾਂ ਦੇ ਨਾਲ ਹਨ। ਸਰਾਭੇ ਨੂੰ ਜਾਂਦੇ ਹੋਏ ਨੂੰ ਭਾਈ ਸਾਹਿਬ ਨੇ ਖੁਸ਼ ਹੋ ਕੇ ਥਾਪੀ ਦਿੱਤੀ ਅਤੇ ਆਪ ਜਥੇ ਸਮੇਤ ਢੰਡਾਰੀ ਚਲੇ ਗਏ।

ਭਾਈ ਸਾਹਿਬ ਦੇ ਜਥੇ ਦੇ ਮੈਂਬਰ ਬਾਬਾ ਹਰਭਜਨ ਸਿੰਘ ਚੰਮਿੰਡਾ ਸਵੈ-ਜੀਵਨੀ ਵਿਚ ਲਿਖਦੇ ਹਨ, "14-02-1915 ਨੂੰ ਭੋਗ ਤੋਂ ਬਾਅਦ ਗੁਪਤ ਮੀਟਿੰਗ ਹੋਈ, ਜਿਸ ਵਿਚ ਫਿਰੋਜ਼ਪੁਰ ਜਾਣ ਦਾ ਗੁਰਮਤਾ ਪੇਸ਼ ਹੋਇਆ ਤਾਂ ਭਾਈ ਸੁਰਜਨ ਸਿੰਘ ਨੇ ਮੁਖਾਲਫਤ ਕੀਤੀ ਤੇ ਕਿਹਾ ਕਿ ਖਾਲਸੇ ਨੂੰ ਰਾਜ ਕਾਜ ਨਾਲ ਕੀ ਤੇ ਜਥਾ ਫਿਰੋਜ਼ਪੁਰ ਨਾ ਜਾਵੇ। ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉੱਥੇ ਰਾਜ ਸਾਂਭਣ ਲਈ ਨਹੀਂ ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖਤਮ ਕਰਨ ਲਈ ਜਾਣਾ ਹੈ ਜਿਸ ਨੇ ਕਿ ਸਾਡੇ ਗੁਰਧਾਮ ਰਕਾਬਗੰਜ ਦੀ ਕੰਧ ਢਾਹੀ ਹੈ। ਫਿਰ ਕੀ ਸੀ। ਕਿਸੇ ਨੇ ਵੀ ਵਿਰੋਧ ਨਹੀਂ ਕੀਤਾ ਤੇ ਫਿਰੋਜ਼ਪੁਰ ਜਾਣ ਦਾ ਮਾਤਾ ਪਾਸ ਹੋ ਗਿਆ ਤੇ ਸਭ ਸੱਜਣਾਂ ਨੂੰ 19 ਤਰੀਕ ਨੂੰ ਨਾਰੰਗਵਾਲ ਜਾਣ ਦੀ ਹਦਾਇਤ ਹੋ ਗਈ।"[54]

ਫਿਰ ਸਾਰੇ ਜਥੇ ਵਾਲੇ ਮਿਥੇ ਦਿਨ ਤੇ ਨਾਰੰਗਵਾਲ ਤੋਂ ਸ਼ਹੀਦੀਆਂ ਪ੍ਰਾਪਤ ਕਰਨ ਲਈ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਾ ਕੇ ਭੁਲਾਂ ਬਖਸ਼ਾ ਕੇ ਫਿਰੋਜ਼ਪੁਰ ਦੇ ਕਿਲ੍ਹੇ ਤੇ ਹਮਲਾ ਕਰਨ ਲਈ ਚਲ ਪਏ। ਮੁੱਲਾਂਪੁਰ ਰੇਲਵੇ ਸਟੇਸ਼ਨ ਤੋਂ ਭਾਈ ਗਾਂਧਾ ਸਿੰਘ ਕਚਰਭਨ, ਈਸ਼ਰ ਸਿੰਘ ਢੁੱਡੀਕੇ, ਭਾਈ ਉਤਮ ਸਿੰਘ ਹਾਂਸ, ਭਾਈ ਰੰਗਾ ਸਿੰਘ ਖੁਰਦਪੁਰ ਤੇ ਭਾਈ ਰਣਧੀਰ ਸਿੰਘ ਦੇ ਜਥੇ ਦੇ ਮੈਂਬਰ ਰੇਲਗੱਡੀ ਵਿਚ ਚੜ੍ਹੇ ਅਤੇ ਫਿਰੋਜ਼ਪੁਰ ਛਾਉਣੀ ਦੇ ਸਟੇਸ਼ਨ 'ਤੇ ਜਾ ਉਤਰੇ। ਰਾਤ ਦੇ 9 ਵਜੇ ਕਰਤਾਰ ਸਿੰਘ ਸਰਾਭੇ ਦੀ ਕਮਾਨ ਹੇਠ ਚਾਂਦਮਾਰੀ ਦੇ ਮੈਦਾਨ ਵਿਚ ਸਾਰੇ ਇੱਕਠੇ ਹੋਏ। ਸਰਾਭਾ ਸਾਰਿਆਂ ਨੂੰ ਉਥੇ ਬਿਠਾ ਕੇ ਕਿਲ੍ਹੇ ਵਲ ਚਲਾ ਗਿਆ। ਕਾਫੀ ਸਮੇਂ ਪਿੱਛੋਂ 2 ਵਜੇ ਦੇ ਕਰੀਬ ਸਰਾਭੇ ਨੇ ਆ ਕੇ ਦੱਸਿਆ ਕਿ ਜਿਨ੍ਹਾਂ ਫੌਜੀ ਸਰਦਾਰਾਂ ਤੇ ਸਿਪਾਹੀਆਂ ਨਾਲ ਸਾਡੀ ਗੱਲਬਾਤ ਸੀ ਉਹ ਹੁਣ ਬਰਖਾਸਤ ਕੀਤੇ ਜਾ ਚੁੱਕੇ ਹਨ ਇਸ ਲਈ ਹੁਣ ਤਾਂ ਸਾਰੇ

---

[54] *ਉਹੀ, ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਤੇ ਸਵੈ ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰ. 99.

ਸੱਜਣਾਂ ਨੂੰ ਜਿੱਧਰ ਰਾਤ ਲੱਭੇ ਉੱਧਰ ਖਿੰਡ ਜਾਣਾ ਚਾਹੀਦਾ ਹੈ। ਇੰਝ ਆਜ਼ਾਦੀ ਦੇ ਪਰਵਾਨਿਆਂ ਦੀਆਂ ਸਾਰੀਆਂ ਆਸਾਂ ਮਿੱਟੀ ਵਿਚ ਰਲ ਗਈਆਂ।

ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਅਨੁਸਾਰ," ਉਸ ਦਿਨ ਹੋ ਸਕਦਾ ਸੀ ਕਿ ਗ਼ਦਰ ਸਫਲ ਹੋ ਜਾਂਦਾ ਤੇ ਦੇਸ਼ ਭਗਤ ਗੋਰਿਆਂ ਨੂੰ ਕੱਢਣ ਵਿਚ ਸਫਲ ਹੋ ਜਾਂਦੇ ਪਰ ਅਫਸੋਸ ਗੋਰਿਆਂ ਨੂੰ ਸੂਹ ਲੱਗ ਗਈ ਕਿਉਂਕਿ ਗ਼ਦਾਰ ਕਿਰਪਾਲ ਸਿੰਘ ਨੇ ਅੰਗਰੇਜ਼ਾਂ ਨੂੰ ਉਸ ਦਿਨ ਸ਼ਾਮ ਨੂੰ ਚਾਰ ਵਜੇ ਖਬਰਦਾਰ ਕਰ ਦਿੱਤਾ ਸੀ ਕਿ ਅੱਜ ਰਾਤ ਨੂੰ ਭਾਰਤ ਦੀਆਂ ਸਾਰੀਆਂ ਛਾਉਣੀਆਂ ਵਿਚ ਗ਼ਦਰ ਹੋ ਰਿਹਾ ਹੈ। ਤੁਸੀਂ ਆਪਣਾ ਪ੍ਰਬੰਧ ਕਰ ਲਓ। ਗੋਰਿਆਂ ਨੇ ਤੱਟ ਫੱਟ ਪ੍ਰਬੰਧ ਕੀਤਾ ਤੇ ਭਾਰਤੀ ਫੌਜੀਆਂ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ। ਫਿਰੋਜ਼ਪੁਰ ਵਿਚ ਹੀ 23 ਵੇਂ ਰਸਾਲੇ ਤੇ 26 ਵੀਂ ਪੰਜਾਬੀ ਦੀ ਨਿਗਰਾਨੀ ਹੋਣ ਲੱਗ ਪਈ।"[55]

ਇਸ ਤੋਂ ਪਿੱਛੋਂ ਗ਼ਦਰੀਆਂ ਨੂੰ ਗਿਰਫ਼ਤਾਰ ਕਰਨ ਦਾ ਦੌਰ ਸ਼ੁਰੂ ਹੋਇਆ ਜਿਹਨਾਂ ਗ਼ਦਰੀ ਯੋਧਿਆਂ ਨੂੰ ਫਾਂਸੀ, ਉਮਰਕੈਦ ਤੇ ਜਾਇਦਾਦ ਜ਼ਬਤੀ ਦੀਆਂ ਸਜ਼ਾਵਾਂ ਹੋਈਆਂ ਉਹਨਾਂ ਸਾਰਿਆਂ ਨੇ ਖਿੜੇ ਮੱਥੇ ਹੱਸ ਕੇ ਸਵੀਕਾਰ ਕੀਤੀਆਂ। ਕਿਸੇ ਨੂੰ ਵੀ ਕੋਈ ਪਛਤਾਵਾ ਨਹੀਂ ਸੀ। ਸਗੋਂ ਉਮਰਕੈਦ ਦੀ ਸਜ਼ਾ ਸੁਣ ਕੇ ਕਈਆਂ ਨੇ ਫਾਂਸੀ ਦੀ ਮੰਗ ਕੀਤੀ ਸੀ। ਸਰਾਭੇ ਨੂੰ ਜਦੋਂ ਗ੍ਰਿਫਤਾਰ ਕੀਤਾ ਗਿਆ ਤਾਂ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਅਨੁਸਾਰ, "ਉਸ ਸਮੇਂ ਸਰਾਭਾ ਆਪਣੇ ਉਦਾਲੇ ਇਕੱਠੇ ਹੋਏ ਲੋਕਾਂ ਨੂੰ ਗ਼ਦਰ ਦੀਆਂ ਗੂੰਜਾਂ ਹੇਕਾਂ ਲਾ ਕੇ ਸੁਣਾ ਰਿਹਾ ਸੀ।... ਜਦ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸ ਦੇ ਚਿਹਰੇ ਤੇ ਨਿਰਾਸ਼ਾ ਜਾਂ ਮਾਯੂਸੀ ਦਾ ਰਤਾ ਨਾਂ-ਨਿਸ਼ਾਨ ਨਹੀਂ ਸੀ। ਉਹਦੇ ਚਿਹਰੇ ਤੇ ਗਿੱਠ ਗਿੱਠ ਲਾਲੀਆਂ ਚੜ੍ਹੀਆਂ ਹੋਈਆਂ ਸਨ। ਸਰਾਭੇ ਨੂੰ ਕਿਹਾ ਕਿ ਉਹ ਅਜੇ ਬੱਚਾ ਹੈ ਤੇ ਉਹ ਆਪਣਾ ਜੁਰਮ ਇਕਬਾਲ ਨਾ ਕਰੇ।"[56] ਪਰ ਸਰਾਭਾ ਨਾ ਮੰਨਿਆ। 16 ਨਵੰਬਰ 1915 ਈ. ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਉਸ ਸਮੇਤ ਛੇ ਗ਼ਦਰੀਆਂ ਨੂੰ ਫਾਂਸੀ ਦੇ ਦਿੱਤੀ ਗਈ।

ਬਾਬਾ ਸੋਹਣ ਸਿੰਘ ਭਕਨਾ ਇਹਨਾਂ ਦੀ ਦਲੇਰੀ ਬਾਰੇ ਲਿਖਦੇ ਹਨ, "ਭਾਈ ਜਵਾਲਾ ਸਿੰਘ ਨੂੰ ਜਦੋਂ ਉਮਰਕੈਦ ਕਾਲੇ ਪਾਣੀ ਦੀ ਸਜ਼ਾ ਸੁਣਾਈ ਤਾਂ ਆਪ ਨੇ ਅਦਾਲਤ ਨੂੰ ਆਖਿਆ ! ਮੈਂ ਕੈਦ ਨਹੀਂ ਫਾਂਸੀ ਮੰਗਦਾ

---

55 *ਉਹੀ, ਉਪਰੋਕਤ,* ਪੰ. 24.

56 *ਉਹੀ,* ਪੰ. 28.

ਹਾਂ! ਉਤਰ ਮਿਲਿਆ ਇਸ ਦੇ ਵਾਸਤੇ ਅਪੀਲ ਕਰੋ! ਕਰਤਾਰ ਸਿੰਘ ਨੂੰ ਜਦੋਂ ਫਾਂਸੀ ਦੀ ਸਜਾ ਸੁਣਾਈ ਤਾਂ ਉਸਨੇ ਹੱਸ ਕੇ ਆਖਿਆ 'Thank you' (ਆਪ ਦਾ ਧਨਵਾਦੀ ਹਾਂ।) ਇਸੇ ਤਰ੍ਹਾਂ ਜਦੋਂ ਭਾਈ ਨਿਧਾਨ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਆਪ ਨੇ ਕਿਹਾ ਬਸ ਐਨਾ ਹੀ ਜ਼ੋਰ ਸੀ?"[57] ਇਸ ਤੋਂ ਇਲਾਵਾ ਭਾਈ ਸਾਹਿਬ ਨੇ ਭਾਈ ਕਿਸ਼ਨ ਸਿੰਘ ਗੜਗੱਜ ਦੇ ਰਾਹੀਂ ਰਾਵਲਪਿੰਡੀ ਦੀ ਸਿੱਖ ਪਲਟਣ ਅੰਦਰ ਵੀ ਬਗਾਵਤ ਕਰਾਉਣ ਦੇ ਇੰਤਜ਼ਾਮ ਕੀਤੇ ਹੋਏ ਸੀ। ਭਾਈ ਨਿਧਾਨ ਸਿੰਘ ਚੁੱਘਾ ਨੇ ਵੀ ਭਾਈ ਰਣਧੀਰ ਸਿੰਘ ਦੇ ਜਥੇ ਦੀ ਮਦਦ ਨਾਲ ਪਹਾੜਾਂ ਵਿਚ ਮੰਡੀ ਸੁਕੇਤ ਦੀ ਰਿਆਸਤ, ਜਿਹੜੀ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਸੀ ਤੇ ਅੰਗਰੇਜ਼ ਅਫਸਰ ਰਾਣੀ ਨੂੰ ਤੰਗ ਕਰਦੇ ਸਨ, ਵਿਚ ਬਗ਼ਾਵਤ ਕਰਨ ਦੀ ਵਿਉਂਤ ਬਣਾਈ ਸੀ ਜੋ ਭਾਈ ਚੁੱਘਾ ਨੂੰ ਭਾਈ ਰੂੜ ਸਿੰਘ ਚੂਹੜਚੱਕ ਸਮੇਤ ਕਮਾਲਪੁਰਾ ਪਿੰਡ ਵਿਚੋਂ ਗ੍ਰਿਫਤਾਰ ਕਰ ਲਏ ਜਾਣ ਸਦਕਾ ਨੇਪਰੇ ਨਾ ਚੜ੍ਹ ਸਕੀ।

ਭਾਈ ਰਣਧੀਰ ਸਿੰਘ ਨੂੰ ਜਥੇ ਸਮੇਤ ਮੁੱਲਾਂਪੁਰ ਰੇਲਵੇ ਸਟੇਸ਼ਨ ਤੋਂ ਗੱਡੀ ਚੜ੍ਹਦਿਆਂ ਕੁਦਰਤੀ ਹੀ ਕਿਸ਼ਨ ਸਿੰਘ ਜ਼ੈਲਦਾਰ, ਪਿੰਡ ਮੋਹੀ ਨੇ ਵੇਖ ਲਿਆ ਸੀ। ਬਾਬਾ ਹਰਭਜਨ ਸਿੰਘ ਚੰਮਿੰਡਾ ਲਿਖਦੇ ਹਨ ਕਿਸ਼ਨ ਸਿੰਘ ਨੇ, "ਮੁੱਕਦਮੇ ਦੌਰਾਨ ਅਦਾਲਤ ਵਿਚ ਗਵਾਹੀ ਵੀ ਦਿੱਤੀ ਸੀ ਕਿ ਮੈਂ ਜਥਾ ਗੱਡੀ ਚੜ੍ਹਦਾ ਦੇਖਿਆ ਸੀ ਤੇ ਮੈਂ ਭਾਈ ਹਰਭਜਨ ਸਿੰਘ (ਚਮਿੰਡਾ) ਅਤੇ ਭਾਈ ਸਾਹਿਬ ਰਣਧੀਰ ਸਿੰਘ ਨੂੰ ਜਾਣਦਾ ਹਾਂ।... ਗਵਾਹੀ ਦੇ ਸਿੱਟੇ ਵਜੋਂ ਉਸਨੂੰ ਪੰਜਾਹ ਏਕੜ ਜ਼ਮੀਨ ਮਿਲੀ ਸੀ ਤੇ ਇਸ ਜ਼ਮੀਨ ਦਾ ਆਰਡਰ ਆਉਣ ਸਮੇਂ ਜੋ ਉਸ ਦੇ ਲੜਕਾ ਪੈਦਾ ਹੋਇਆ ਉਸ ਦਾ ਨਾਂ ਖੁਸ਼ਕਿਸਮਤ ਸਿੰਘ ਰੱਖਿਆ ਜੋ ਅੱਜਕੱਲ੍ਹ ਕਾਂਗਰਸੀ ਵਰਕਰ ਹੈ।"[58] ਸੋ ਵਾਅਦਾ ਮੁਆਫ ਗਵਾਹਾਂ ਅਤੇ ਗ਼ਦਾਰਾਂ ਨੂੰ ਤਾਂ ਜਮੀਨਾਂ ਤੇ ਇਨਾਮ ਮਿਲੇ ਪਰੰਤੂ ਗ਼ਦਰੀ ਯੋਧਿਆਂ ਨੂੰ ਫਾਂਸੀ, ਉਮਰਕੈਦ ਤੇ ਜਾਇਦਾਦ ਜ਼ਬਤੀ ਦੀਆਂ ਸਜਾਵਾਂ ਹੋਈਆਂ। ਇਥੋਂ ਹੀ ਫਿਰ ਭਾਈ ਸਾਹਿਬ ਦੀ ਵੀ ਜੇਲ੍ਹ ਯਾਤਰਾ ਸ਼ੁਰੂ ਹੋਈ।

---

[57] ਰਾਜਵਿੰਦਰ ਸਿੰਘ ਰਾਹੀ (ਸੰਪਾ.), *ਗ਼ਦਰ ਲਹਿਰ ਦੀ ਅਸਲੀ ਗਾਥਾ-1,* ਸੰਗਮ ਪਬਲਿਕੇਸ਼ਨਜ਼, ਸਮਾਣਾ, 2013, ਪੰ. 219.

[58] ਮਲਵਿੰਦਰਜੀਤ ਸਿੰਘ ਵੜੈਚ ਸੀਤਾ ਰਾਮ ਬਾਂਸਲ (ਸੰਪਾ.), *ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਤੇ ਸਵੈ ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ*, ਪੰ. 99.

**ਜੇਲ੍ਹਾਂ ਵਿਚ ਕੈਦ ਅਤੇ ਤਸ਼ੱਦਦ** : ਭਾਈ ਸਾਹਿਬ 9 ਮਈ 1915 ਈ. ਨੂੰ ਆਪਣੇ ਪਿਤਾ ਸ. ਨੱਥਾ ਸਿੰਘ ਜੀ ਜੱਜ ਹਾਈ ਕੋਰਟ ਨਾਭ੍ਹਾ ਪਾਸ ਗਏ ਹੋਏ ਸਨ ਜਿੱਥੋਂ ਆਪ ਨੂੰ ਗ੍ਰਿਫਤਾਰ ਕੀਤਾ ਗਿਆ। ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਇਕ ਗਵਾਹੀ ਤੋਂ ਸਰਕਾਰ ਨੂੰ ਸ਼ੱਕ ਪਿਆ ਕਿ ਭਾਈ ਸਾਹਿਬ ਨੇ ਗ਼ਦਰ ਵਿਚ ਹਿੱਸਾ ਲਿਆ ਸੀ। ਉਹਨਾਂ ਨੇ ਮਹਾਰਾਜਾ ਨਾਭ੍ਹਾ ਨੂੰ ਫੌਰਨ ਹਦਾਇਤ ਕੀਤੀ ਕਿ ਭਾਈ ਸਾਹਿਬ ਨੂੰ ਨਜ਼ਰਬੰਦ ਕਰ ਲਿਆ ਜਾਵੇ। ਮਹਾਰਾਜਾ ਰਿਪੁਦਮਨ ਸਿੰਘ ਨਾਭ੍ਹਾ ਬਾਰੇ ਗਿਆਨੀ ਨਾਹਰ ਸਿੰਘ ਲਿਖਦੇ ਹਨ ਕਿ, "ਦੂਜੇ ਦਿਨ ਆਪ ਨੇ ਇਕ ਅਫ਼ਸਰ ਨੂੰ ਕਿਹਾ ਕਿ 'ਉਨ ਕੋ ਕੋਈ ਖਾਸ ਤਖਲੀਫ਼ ਨਹੀਂ ਹੈ। ਕੇਵਲ ਨਜ਼ਰਬੰਦ ਹੈ' ਉਸ ਅਫ਼ਸਰ ਨੇ ਇਹ ਗੱਲ ਭਾਈ ਸਾਹਿਬ ਨੂੰ ਦੱਸੀ। ਤਦ ਆਪ ਨੇ ਉੱਤਰ ਦਿੱਤਾ, 'ਜਦ ਉਨ੍ਹਾਂ ਨਾਲ ਵਾਪਰੇਗੀ ਤਾਂ ਪਤਾ ਲੱਗੇਗਾ ਕਿ ਤਕਲੀਫ ਕੀ ਚੀਜ਼ ਹੈ' ਇਸ ਗੱਲ ਤੋਂ ਅੱਠ ਸਾਲ ਬਾਅਦ ਮਹਾਰਾਜਾ ਸਾਹਿਬ 9 ਜੁਲਾਈ 1923 ਨੂੰ ਤਖਤੋਂ ਲਥੇ ਤੇ ਨਜ਼ਰਬੰਦ ਕਰਕੇ ਦੇਹਰਾਦੂਨ ਭੇਜੇ ਗਏ। ਉਥੋਂ ਫੇਰ ਕੁਡਾਈ ਕਨਾਲ ਭੇਜੇ ਗਏ ਉਥੇ ਹੀ ਉਨ੍ਹਾਂ ਦਾ ਦਿਹਾਂਤ ਹੋਇਆ।"[59]

ਭਾਈ ਰਣਧੀਰ ਸਿੰਘ ਜੀ ਨੂੰ ਕੁਝ ਦਿਨ ਨਾਭ੍ਹੇ ਰੱਖਣ ਪਿੱਛੋਂ ਲੋਹਟਬੱਦੀ ਠਾਣੇ ਵਿਚ ਲਿਆਂਦਾ ਗਿਆ, ਉੱਥੋਂ ਆਪ ਨੂੰ 17 ਜੂਨ 1915 ਈ. ਨੂੰ ਲੁਧਿਆਣੇ ਵਿਚ ਲਿਆ ਕੇ ਕੋਤਵਾਲੀ ਵਿਚ ਅੰਗਰੇਜ਼ੀ ਪੁਲਿਸ ਦੇ ਹਵਾਲੇ ਕੀਤਾ ਗਿਆ।[60] 20 ਜੂਨ 1915 ਈ. ਨੂੰ ਭਾਈ ਅਤਰ ਸਿੰਘ ਜੀ ਨੇ ਜਿਹੜੇ ਆਪ ਦੇ ਨਾਲ ਹੀ ਆਏ ਸਨ, ਪੁਲਿਸ ਦੀ ਆਗਿਆ ਨਾਲ ਆਪ ਨੂੰ ਪ੍ਰਸ਼ਾਦਾ ਛਕਾਇਆ। 21 ਜੂਨ 1915 ਈ. ਨੂੰ ਆਪ ਦਾ ਪ੍ਰਸ਼ਾਦਾ ਬੰਦ ਹੋ ਗਿਆ। ਭਾਈ ਅਤਰ ਸਿੰਘ ਆਪ ਨੂੰ ਜਲ ਛਕਾਇਆ ਕਰਦੇ ਸਨ ਪਰ ਉਹ ਜਮਾਨਤ ਤੇ ਛੱਡ ਦਿੱਤੇ ਗਏ ਤਾਂ 25 ਜੂਨ ਦੁਪਿਹਰ ਤੋਂ ਪਿੱਛੋਂ ਆਪ ਦਾ ਪਾਣੀ ਵੀ ਬੰਦ ਹੋ ਗਿਆ। ਇਸ ਪ੍ਰਕਾਰ ਆਪ ਨੂੰ ਬਿਨਾਂ ਪਾਣੀ ਦੇ ਦਿਨ ਗੁਜ਼ਾਰਦਿਆਂ ਇਕ ਹਫਤਾ ਬੀਤ ਗਿਆ। ਲੁਧਿਆਣੇ ਕੋਤਵਾਲੀ ਵਿਚ 19 ਜੂਨ ਤੋਂ 25 ਜੂਨ ਤਕ ਪੁਲਿਸ ਅਫਸਰਾਂ ਨਾਲ ਸਵਾਲ ਜਵਾਬ ਹੁੰਦੇ ਰਹੇ। ਸੁਪਰਡੈਂਟ ਪੁਲਿਸ ਨਾਭ੍ਹਾ ਅਤੇ ਡਿਪਟੀ ਸੁਪਰਡੈਂਟ ਪੁਲਿਸ ਲੁਧਿਆਣਾ ਦੋਹਾਂ ਨੇ ਆਪ ਨੂੰ ਵਾਅਦਾ ਮੁਆਫ ਗਵਾਹ ਬਣਾਉਣ ਲਈ ਲਾਲਚ ਦਿੱਤੇ ਅਤੇ ਫਾਂਸੀ ਲੱਗਣ ਦੇ ਡਰਾਵੇ ਦਿੱਤੇ ਪਰ ਆਪ ਅਡੋਲ ਰਹੇ।

---

[59] ਗਿਆਨੀ ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010, ਪੰ. 92.

[60] ਭਾਈ ਰਣਧੀਰ ਸਿੰਘ, *ਉਹੀ,* ਪੰ. 91 'ਤੇ ਗਿਆਨੀ ਨਾਹਰ ਸਿੰਘ ਦਾ ਫੁੱਟਨੋਟ।

25 ਜੂਨ 1915 ਈ. ਨੂੰ ਦੁਪਿਹਰ ਦੋ ਵਜੇ ਲੁਧਿਆਣਾ ਜੇਲ੍ਹ ਭੇਜ ਦਿੱਤਾ ਗਿਆ। ਜਿੱਥੇ ਜੇਲ੍ਹ ਦੇ ਦਰੋਗੇ ਨੇ ਆਪ ਨੂੰ ਫਾਂਸੀ ਦੀ ਕੋਠੜੀ ਵਿਚ ਬੰਦ ਕਰਕੇ ਖਾਸ ਪਹਿਰਾ ਮੁਕਰੱਰ ਕੀਤਾ।[61] ਜੇਲ੍ਹ ਸੁਪਰਡੈਂਟ ਨੇ ਆਪ ਨੂੰ ਨਾਮ ਬਾਣੀ ਵਿਚ ਮਗਨ ਵੇਖ ਕੇ ਅੰਤ ਆਪ ਨੂੰ ਘਰੋਂ ਪ੍ਰਸ਼ਾਦਾ ਮੰਗਵਾਉਣ ਦੀ ਇਜ਼ਾਜ਼ਤ ਦੇ ਦਿਤੀ। ਇਸ ਤਰ੍ਹਾਂ ਭਾਈ ਸਾਹਿਬ ਨੂੰ ਪੰਦਰਾਂ ਦਿਨਾਂ ਪਿੱਛੋਂ ਘਰ ਤੋਂ ਪ੍ਰਸ਼ਾਦਾ ਆਇਆ। ਆਪ ਚਾਰ ਮਹੀਨੇ ਲੁਧਿਆਣੇ ਜੇਲ੍ਹ ਦੀ ਹਵਾਲਾਤ ਵਿਚ ਰਹੇ ਪਰੰਤੂ ਪ੍ਰਸ਼ਾਦਾ ਅੱਠੀ ਪਹਿਰੀਂ ਹੀ ਛਕਦੇ ਰਹੇ।

**ਸੈਂਟਰਲ ਜੇਲ੍ਹ ਲਾਹੌਰ** : 27 ਅਕਤੂਬਰ 1915 ਈ. ਦੀ ਸਵੇਰ ਨੂੰ ਲੁਧਿਆਣੇ ਦੇ ਸਾਰੇ ਸਿੱਖ ਰਾਜਸੀ ਹਵਾਲਾਤੀਆਂ ਨੂੰ ਕਲੱਕਤਾ ਮੇਲ ਵਿਚ ਬਿਠਾ ਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਪਹੁੰਚਾ ਦਿੱਤਾ ਗਿਆ। 29 ਅਕਤੂਬਰ 1915 ਈ. ਨੂੰ ਦੂਜਾ ਜ਼ਿਮਨੀ ਮੁਕੱਦਮਾ ਸਾਜ਼ਿਸ ਲਾਹੌਰ, ਸੈਂਟਰਲ ਜੇਲ੍ਹ ਲਾਹੌਰ ਵਿਚ ਤਿੰਨ ਜੱਜਾਂ ਮਿਸਟਰ ਏ. ਏ. ਇਰਵਿਨ, ਮਿਸਟਰ ਟੀ. ਪੀ. ਐਲਸ ਅਤੇ ਰਾਇ ਬਹਾਦਰ ਪੰਡਤ ਸ਼ਿਵ ਨਰੈਨ ਸਪੈਸ਼ਲ ਕਮਿਸ਼ਨਰਾਂ ਦੀ ਅਦਾਲਤ ਵਿਚ ਪੇਸ਼ ਹੋਇਆ। ਇਥੇ ਵੀ ਆਪ ਨੇ 27 ਅਕਤੂਬਰ ਤੋਂ 15 ਨਵੰਬਰ ਤਕ ਕੇਵਲ ਪਾਣੀ ਉਤੇ ਹੀ ਗੁਜ਼ਾਰਾ ਕੀਤਾ ਸੀ। ਬਾਅਦ ਵਿਚ ਆਪ ਨੂੰ ਘਰ ਵਾਲਿਆਂ ਦੇ ਖਰਚੇ ਉਪਰ ਫਲ ਖਾਣ ਦੀ ਇਜ਼ਾਜਤ ਮਿਲ ਗਈ। 29 ਅਕਤੂਬਰ 1915 ਈ. ਤੋਂ ਲੈ ਕੇ 30 ਮਾਰਚ 1916 ਈ. ਤਕ ਮੁਕੱਦਮਾ ਜਾਰੀ ਰਿਹਾ।[62] 30 ਮਾਰਚ 1916 ਈ. ਦੇ ਦਿਨ ਆਪ ਨੂੰ ਦੂਜੇ ਲਾਹੌਰ ਸਾਜ਼ਿਸ ਕੇਸ ਵਿਚ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿਚ ਉਮਰ ਕੈਦ (ਕਾਲੇ-ਪਾਣੀ) ਤੇ ਜ਼ਾਇਦਾਦ ਜ਼ਬਤੀ ਦੀ ਸਜਾ ਹੋਈ। ਇਸ ਸਜਾ ਦੇ ਫੈਸਲੇ ਤੋਂ ਬਾਅਦ ਸਾਰੇ ਕੈਦੀਆਂ ਨੂੰ ਰਹਿਤ ਹੀਣ ਕੀਤਾ ਜਾਣ ਲੱਗਾ। ਹਰ ਇਕ ਕੈਦੀ ਦੀ ਦੋ-ਦੋ ਤਿੰਨ-ਤਿੰਨ ਨੇ ਮਿਲ ਕੇ ਮਾਰ ਕੁਟਾਈ ਕੀਤੀ ਅਤੇ ਉਹਨਾਂ ਨੂੰ ਰਹਿਤਹੀਣ ਹੋਣ ਲਈ ਮਜ਼ਬੂਰ ਕੀਤਾ ਗਿਆ ਅੰਤ ਨੂੰ ਇਨ੍ਹਾਂ ਨੇ ਪ੍ਰਸ਼ਾਦਾ ਤਕ ਛਕਣਾ ਛੱਡ ਦਿੱਤਾ। ਚਾਰ ਦਿਨਾਂ ਤਕ ਇਹੋ ਹਾਲਤ ਰਹੀ। ਸੁਪਰਡੈਂਟ ਜੇਲ ਨੇ ਟੋਪੀ ਦੀ ਬਜਾਏ ਦਸਤਾਰ ਦੇਣ ਦਾ ਸਵਾਲ ਬਿਲਕੁਲ ਨਾ ਮੰਨਿਆ ਅਤੇ ਕੈਦੀਆਂ ਦੇ ਚਲਾਨ ਦੀ ਤਿਆਰੀ ਹੋਣ ਲੱਗੀ।[63] 03 ਅਪ੍ਰੈਲ 1916 ਈ. ਨੂੰ ਦਰੋਗਾ ਜੇਲ੍ਹ ਨੇ ਸਾਰੇ ਕੈਦੀਆਂ ਦੇ ਹੱਥੀਂ

---

61 *ਉਹੀ,* ਪੰ. 466.

62 *ਉਹੀ,* ਪੰਨੇ 470-471.

63 *ਉਹੀ,* ਪੰ. 473.

ਪੱਕੇ ਕੜੇ ਲਾ ਕੇ ਦੋ-ਦੋ ਆਦਮੀਆਂ ਨੂੰ ਇਕੱਠਾ ਕਰਕੇ ਸਭ ਦੇ ਪੈਰੀਂ ਬੇੜੀਆਂ ਪਾ ਦਿੱਤੀਆਂ। ਭਾਈ ਸਾਹਿਬ ਦਾ ਚਲਾਨ ਮੁਲਤਾਨ ਸੈਂਟਰਲ ਜੇਲ੍ਹ ਨੂੰ ਕੀਤਾ ਗਿਆ। ਰਾਤ ਦੇ ਨੌ ਵਜੇ ਦੇ ਕਰੀਬ ਰੇਲ ਗੱਡੀ ਮੁਲਤਾਨ ਲਈ ਰਵਾਨਾ ਹੋਈ।

**ਮੁਲਤਾਨ ਜੇਲ੍ਹ ਵਿਚ ਤਸੀਹੇ** : ਭਾਈ ਸਾਹਿਬ ਅਤੇ ਉਹਨਾਂ ਦੇ ਸਾਥੀ ਕੈਦੀ ਨੰਗੇ ਸਿਰ ਮੁਲਤਾਨ ਜੇਲ੍ਹ ਦਾਖਲ ਹੋਏ। ਉੱਥੋਂ ਦਾ ਦਰੋਗਾ ਸਦਾ ਨੰਦ ਕੱਟੜ ਆਰੀਆ ਸਮਾਜੀ ਤੇ ਮਜ਼੍ਹਬੀ ਤਅਸੱਬ ਦਾ ਭਰਿਆ ਹੋਇਆ ਸੀ। ਉਹ ਜਾਣ-ਬੁੱਝ ਕੇ ਆਪ ਦਾ ਧਰਮ-ਭ੍ਰਸ਼ਟ ਕਰਨਾ ਚਾਹੁੰਦਾ ਸੀ। ਉਸਨੇ ਸੁਪਰਡੈਂਟ ਰਾਹੀਂ ਆਪ ਨੂੰ ਜੇਲ੍ਹ ਦਾ ਬਣਿਆ ਖਾਣਾ ਖਾਣ ਲਈ ਮਜ਼ਬੂਰ ਕਰਨਾ ਚਾਹਿਆ। ਸੁਪਰਡੈਂਟ ਨੇ ਆਪ ਨੂੰ ਜਦੋਂ ਕਿਹਾ ਕਿ ਜੇਲ੍ਹ ਵਿਚ ਕੋਈ ਧਰਮ ਨਹੀਂ ਚਲਦਾ, ਜੋ ਮਿਲਦਾ ਹੈ ਖਾਓ ਵਰਨਾ ਸਜਾ ਮਿਲੇਗੀ ਤਾਂ ਆਪ ਨੇ ਨਿਧੜਕ ਹੋ ਕੇ ਕਿਹਾ, "ਧਰਮ ਪ੍ਰਾਣਾਂ ਨਾਲੋਂ ਪਿਆਰਾ ਹੈ। ਜਾਨ ਰੱਖਣ ਦੀ ਖਾਤਰ ਸਾਰੀ ਉਮਰ ਨਿਭਾਇਆ ਧਰਮ ਨਹੀਂ ਤੋੜਾਂਗਾ। ਆਪ ਦੀ ਮਰਜ਼ੀ ਹੈ ਜੋ ਸਲੂਕ ਕਰਨਾ ਹੈ ਕਰੋ।"[64] ਭਾਈ ਸਾਹਿਬ ਵਾਸਤੇ ਰਹਿਤ ਅਤੇ ਧਰਮ ਆਪਣੀ ਜਿੰਦਗੀ ਤੋਂ ਵੀ ਵੱਧ ਪਿਆਰਾ ਸੀ। ਤ੍ਰਿਲੋਚਨ ਸਿੰਘ ਅਨੁਸਾਰ, "ਜਿਨ੍ਹਾਂ ਨੇ ਆਪ ਜੀ ਦੇ ਸਤਿਸੰਗ ਤੋਂ ਗੁਰੂ ਸ਼ਰਨ ਪ੍ਰਾਪਤ ਕਰਨੀ ਚਾਹੀ, ਉਨ੍ਹਾਂ ਡਿਠਾ ਹੋਸੀ ਕਿ ਆਪ ਜੀ ਨਾਲੋਂ ਵਧੀਕ ਗੁਰਮਤਿ ਅਸੂਲਾਂ ਵਿਚ ਤੱਤਪਰ ਭੀ ਕੋਈ ਨਹੀਂ।"[65]

ਆਪ ਨੇ "05 ਅਪ੍ਰੈਲ 1916 ਈ. ਤੋਂ ਲੈ ਕੇ ਲਗਾਤਾਰ ਚਾਲੀ ਦਿਨ ਬਿਨਾਂ ਅੰਨ ਪਾਣੀ ਗ੍ਰਹਿਣ ਕੀਤਿਆਂ ਭੁੱਖ ਹੜਤਾਲ ਜਾਰੀ ਰੱਖੀ।"[66] ਗਿਆਨੀ ਨਾਹਰ ਸਿੰਘ ਲਿਖਦੇ ਹਨ, "ਮਹਾਤਮਾ ਗਾਂਧੀ ਦੇ ਵਰਤ, ਆਇਰਲੈਂਡ ਦੇ ਦੇਸ਼ ਭਗਤ ਮਿਸਟਰ ਮੈਕਸਵਿਨੀ ਦੀ 72 ਦਿਨ ਦੀ ਭੁੱਖ ਹੜਤਾਲ, ਮਿ: ਜਤਿੰਦਰ ਨਾਥ ਦਾਸ ਦਾ ਮਰਨ ਵਰਤ ਸੰਸਾਰ ਵਿਚ ਪ੍ਰਸਿੱਧ ਗੱਲਾਂ ਹਨ ਪਰ ਸਭ ਤੋਂ ਵੱਡੀ ਬਿਨਾਂ ਜਲ ਤੋਂ ਗਰਮੀ ਦੀ ਰੁੱਤੇ ਚਾਲੀ ਦਿਨ ਹੜਤਾਲ ਦੁਨੀਆ ਵਿਚ ਬੇ-ਮਿਸਾਲ ਹੈ। ਇਹ ਭੁੱਖ ਹੜਤਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਹੈ।"[67]

---

[64] *ਉਹੀ,* ਪੰਨੇ 110-111.

[65] ਤ੍ਰਿਲੋਚਨ ਸਿੰਘ, ਪ੍ਰਦਰਸ਼ਨਿਕਾ (Introduction), *ਜੋਤਿ ਵਿਗਾਸ,* ਪੰ. 28.

[66] ਭਾਈ ਰਣਧੀਰ ਸਿੰਘ, *ਉਹੀ,* ਪੰ. 510.

[67] ਗਿਆਨੀ ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ,* ਪੰ. 56.

ਮੈਡੀਕਲ ਅਫਸਰ ਭਲਾ ਲੋਕ ਸੀ ਅਤੇ ਆਪ ਦਾ ਧਰਮ ਭ੍ਰਸ਼ਟ ਨਹੀਂ ਕਰਾਉਣਾ ਚਾਹੁੰਦਾ ਸੀ। ਉਸਨੇ ਇਕ ਦਿਨ ਸਾਬੂਦਾਣਾ ਇਕ ਤਿਆਰ-ਬਰ-ਤਿਆਰ ਸਿੰਘ ਤੋਂ ਬਣਵਾ ਕੇ ਪੇਸ਼ ਕੀਤਾ ਜੋ ਝਾੜੂ ਦੇਣ ਵਾਲਾ ਬ੍ਰਾਹਮਣ ਖਾ ਗਿਆ। ਗੱਲ ਕੀ ਰੋਜ਼ ਮੈਡੀਕਲ ਅਫਸਰ ਦੋ ਵਾਰੀ ਆਵੇ ਤੇ ਵੇਖ ਕੇ ਚਲਿਆ ਜਾਵੇ। ਆਪ ਦੀ ਅੰਤਰ ਆਤਮਾ ਨਾਮ ਅਭਿਆਸ ਵਿਚ ਅਨੰਦ ਦੀ ਦਸ਼ਾ ਵਿਚ ਦਿਨੋ-ਦਿਨ ਚੜ੍ਹਦੇ ਰੰਗਾਂ ਵਿਚ ਵਧਦੀ ਰਹੀ। 40 ਦਿਨਾਂ ਪਿੱਛੋਂ ਆਪ ਨੂੰ ਜਬਰਨ ਖਾਣਾ ਖਵਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਆਪ ਨੇ ਕਿਹਾ ਕਿ ਮੈਂ ਸਵਾਸ ਦਸਮ ਦੁਆਰ ਚੜਾ ਲਵਾਂਗਾ ਅਤੇ ਹੋ ਸਕਦਾ ਹੈ ਕਿ ਇਸ ਦੌਰਾਨ ਮੇਰੀ ਮੌਤ ਹੋ ਜਾਵੇ ਅਤੇ ਕੇਸ ਤੁਹਾਡੇ ਉਪਰ ਪੈ ਜਾਵੇ। ਇਹ ਸੁਣ ਕੇ ਮੈਡੀਕਲ ਅਫਸਰ ਵੀ ਠਠੰਬਰ ਗਿਆ। ਉਹ ਆਪ ਨੂੰ ਆਪਣੀ ਨਿਗਰਾਨੀ ਹੇਠ ਲੈ ਗਿਆ ਅਤੇ ਖਾਣ ਲਈ ਫਲ ਦੇਣੇ ਸ਼ੁਰੂ ਕਰ ਦਿੱਤੇ। ਉਸ ਨੇ ਆਪ ਦੇ ਪ੍ਰਣ ਸੰਬੰਧੀ ਆਪ ਦੀ ਹਿਸਟਰੀ ਟਿਕਟ ਉੱਪਰ ਇਹ ਸ਼ਬਦ ਲਿਖੇ, "ਜੇਲ੍ਹ ਹਿਸਟਰੀ (ਤਾਰੀਖ਼) ਵਿੱਚ ਅਜਿਹੀ ਨਜ਼ੀਰ ਜਿਸ ਨੇ ਕਿ ਚਾਲੀ ਦਿਨ ਬਰਾਬਰ ਲਗਾਤਾਰ ਅੰਨ ਜਲ ਨਾ ਖਾਧਾ ਪੀਤਾ ਹੋਵੇ ਨਹੀਂ ਮਿਲਦੀ। ਨਾ ਹੀ ਕੁਦਰਤੀ ਨਿਯਮਾਂ ਅਨੁਸਾਰ ਐਸਾ ਜੀਵਨ ਕਾਇਮ ਰਹਿ ਸਕਣਾ ਸੰਭਵ ਹੈ। ਏਹ ਕੋਈ ਸੁਪਰਨੈਚੁਰਲ ਪਾਵਰ (ਸ਼ਕਤੀ) ਇਸ ਦੇ ਅੰਦਰ ਵਰਤ ਰਹੀ ਹੈ ਜਿਸ ਨੇ ਕਿ ਇਸ ਨੂੰ ਬਗੈਰ ਅੰਨ ਜਲ ਦੇ ਇਤਨਾ ਚਿਰ ਜਿੰਦਾ ਰਖਿਆ।"[68]

ਇਸ ਪਿੱਛੋਂ ਫਿਰ ਆਪ ਨੇ ਡੇਢ ਸਾਲ ਸੁੱਕੇ ਛੋਲੇ ਖਾ ਕੇ ਬਿਤਾਇਆ। ਉਪਰੋਂ ਜ਼ਾਲਮ ਦਰੋਗੇ ਨੇ ਨਵੇਂ ਆਏ ਸੁਪਰਡੈਂਟ ਨਾਲ ਮਿਲ ਕੇ ਆਪ ਨੂੰ ਸਖ਼ਤ ਸਜਾਵਾਂ ਦੇਣੀਆਂ ਜਾਰੀ ਰੱਖੀਆਂ। ਇਕੋ ਸਮੇਂ ਕਈ ਸਜਾਵਾਂ ਇਕੱਠੀਆਂ ਦਿੱਤੀਆਂ ਜਾਂਦੀਆਂ ਸਨ। ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿਚ, "ਮੁਲਤਾਨ ਦੀ ਕਰੜੀ ਗਰਮੀ ਪੈਂਦੀ ਵਿੱਚ ਦਰਖਤਾਂ ਨਾਲ ਖੜ੍ਹੀਆਂ ਹੱਥਕੜੀਆਂ ਦਿੱਤੀਆਂ ਗਈਆਂ। ਬੇੜੀ (barfetter) ਅਲੱਗ ਹੈ ਤੇ ਡੰਡਾ (cross bar) ਭੀ ਨਾਲ ਹੀ ਲੱਗਾ ਹੋਇਆ ਹੈ। ਸਾਥ ਹੀ ਟਾਟ ਵਰਦੀ ਦੀ ਸਜਾ ਭੀ ਹੈ। ਉਪਰੋਂ ਸਰੀਰ ਕਮਜ਼ੋਰ, ਪਈਆਂ ਨਕਸੀਰਾਂ ਜਾਂਦੀਆਂ ਹਨ। ਹੱਥ ਬੰਨ੍ਹੇ ਹੋਏ। ਪਰਛਾਵੇਂ ਢਲਣ ਪਰ ਧੁਪ ਆ ਜਾਣ ਕਰਕੇ ਹੱਥਕੜੀਆਂ ਧੁਪ ਨਾਲ ਅੱਡ ਤਪਾ ਰਹੀਆਂ ਹਨ, ਲਹੂ ਲੁਹਾਣ ਘੰਟਿਆਂ ਪ੍ਰਯੰਤ ਧੁੱਪੇ ਖੜੇ ਦਿਨ ਬਤੀਤ ਹੋ ਜਾਂਦਾ ਹੈ। ਕੋਈ ਪੁੱਛਦਾ ਤੱਕ ਨਹੀਂ। ਪਾਣੀ ਪੀਣ ਵਾਸਤੇ ਤੇ ਲਹੂ (ਨਕਸੀਰ ਦਾ) ਧੋਣ ਵਾਸਤੇ ਭੀ ਕੋਈ

---

68 ਭਾਈ ਰਣਧੀਰ ਸਿੰਘ, *ਉਹੀ,* ਪੰ. 115.

ਹੱਥਕੜੀ ਨਹੀਂ ਖੋਲ੍ਹਦਾ। ਦੂਰ ਨੇੜੇ ਸਿੰਘ ਖੜੋਤੇ ਹੋਏ ਇਵੇਂ ਜਿਵੇਂ ਨਰੜੇ ਖੜੇ ਗੁਰਬਾਣੀ ਦਾ ਪਾਠ ਜ਼ੋਰ ਜ਼ੋਰ ਕਰ ਰਹੇ ਹਨ ਅਤੇ ਭਾਣਾ ਮਿੱਠਾ ਕਰਕੇ ਮੰਨ ਮਨਾ ਰਹੇ ਹਨ।"[69]

ਇਸ ਤਰ੍ਹਾਂ ਦੋ-ਦੋ ਹਫਤੇ ਹੱਥ-ਕੜੀਆਂ ਤੇ ਰਾਤ ਨੂੰ ਪੁੱਠੀਆਂ ਸਿੱਧੀਆਂ ਹੱਥਕੜੀਆਂ ਲਾਈਆਂ ਜਾਂਦੀਆਂ ਸਨ। ਸਿਆਲ ਦੀ ਠੰਡੀਆਂ ਰਾਤਾਂ ਵਿਚ ਵੀ ਅਜਿਹੀਆਂ ਹੀ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਠੰਡੀਆਂ ਕੋਠੜੀਆਂ ਵਿਚ ਟਾਟ ਵਰਦੀ ਦੇ ਕੇ ਸਾਰੇ ਕਪੜੇ ਲਹਾ ਦੇਣੇ। ਕੰਬਲ ਖੋਹ ਲੈਂਦੇ ਸਨ। ਪੋਹ ਮਾਘ ਦੇ ਦਿਨਾਂ ਵਿਚ ਟਾਟ ਦੇ ਬਣੇ ਕਛਹਿਰੇ ਨੂੰ ਤੇੜ ਪਾਈ ਰੱਖਣਾ ਤੇ ਟਾਟ ਦੇ ਕੁੜਤੇ ਨਾਲ ਹੀ ਸਿਰ ਢੱਕ ਲੈਣਾ। ਪਰੰਤੂ ਇਸ ਕਹਿਰ ਦੀ ਸਖਤੀ ਤੇ ਠੰਡ ਵਿਚ ਵੀ ਆਪ ਸਦਾ ਗੁਰਬਾਣੀ ਦਾ ਨਿੱਘ ਮਹਿਸੂਸ ਕਰਦੇ ਸਨ।

ਇੱਥੇ ਜ਼ਿਕਰਯੋਗ ਤੱਥ ਹੈ ਕਿ 1914-15 ਈ. ਦੀ ਰਾਜਸੀ ਲਹਿਰ ਨੇ ਜੇਲ੍ਹਾਂ ਵਿਚ ਸੁਧਾਰ ਦਾ ਮੁੱਢ ਬੰਨ੍ਹਿਆ। ਸਿੱਖ ਕੈਦੀਆਂ ਨੂੰ ਪੱਗਾਂ ਨਹੀਂ ਦਿੱਤੀਆਂ ਜਾਂਦੀਆਂ ਸਨ। ਭਾਈ ਸਾਹਿਬ ਤੇ ਉਹਨਾਂ ਦੇ ਸਾਥੀ ਕੈਦੀਆਂ ਨੇ ਟੋਪੀਆਂ ਪਹਿਨਣ ਤੋਂ ਇਨਕਾਰ ਕੀਤਾ ਅਤੇ ਕਈ ਸਾਲ ਨੰਗੇ ਸਿਰ ਜਾਂ ਟਾਟ ਦੇ ਕੁੜਤੇ ਜਾਂ ਛੋਟੇ ਰੁਮਾਲਾਂ ਨਾਲ ਸਿਰ ਢੱਕ ਕੇ ਗੁਜ਼ਾਰਾ ਕਰਦੇ ਰਹੇ।

**ਹਜ਼ਾਰੀ ਬਾਗ ਜੇਲ੍ਹ ਵਿਚ** : ਸੰਨ 1917 ਈ. ਜੁਲਾਈ ਮਹੀਨੇ ਦੇ ਅੱਧ ਵਿਚ ਭਾਈ ਸਾਹਿਬ ਨੂੰ ਹਜ਼ਾਰੀ ਬਾਗ ਜੇਲ੍ਹ ਭੇਜ ਦਿੱਤਾ ਗਿਆ। ਇਥੇ ਸੁਪਰਡੈਂਟ ਮਿਸਟਰ ਹਸਬੈਂਡ ਬੜਾ ਤੱਤੇ ਸੁਭਾਅ ਵਾਲਾ ਤੇ ਅੜੀਅਲ ਸੀ। ਦੋ ਕੁ ਮਹੀਨੇ ਤਾਂ ਸਾਰੇ ਕੈਦੀ ਵਧੀਆ ਰੱਖੇ ਗਏ ਤੇ ਨਾਮ ਬਾਣੀ ਦਾ ਪ੍ਰਵਾਹ ਵੀ ਚਲਦਾ ਰਿਹਾ। ਪਰ ਫਿਰ ਆਈ. ਜੀ. ਜੀਵਨ ਸਿੰਘ ਨੇ ਨਵਾਂ ਦਰੋਗਾ ਵਧਾਵਾ ਰਾਮ ਭੇਜ ਦਿੱਤਾ ਤਾਂ ਜੋ ਪੰਜਾਬੀ ਹੋਣ ਕਰਕੇ ਕੈਦੀਆਂ ਨੂੰ ਉਹ ਆਰਾਮ ਦੇਵੇ। ਪਰੰਤੂ ਵਧਾਵਾ ਰਾਮ ਨੇ ਆਉਂਦਿਆਂ ਹੀ ਸੁਪਰਡੈਂਟ ਮਿਸਟਰ ਹਸਬੈਂਡ ਨਾਲ ਮਿਲ ਕੇ ਸਖ਼ਤੀਆਂ ਤੇ ਜੁਲਮਾਂ ਦਾ ਦੌਰ ਸ਼ੁਰੂ ਕਰ ਦਿੱਤਾ। ਉਸਦੀ ਸਖ਼ਤੀ ਦਾ ਕਾਰਨ ਇਹ ਸੀ ਕਿ ਜਦੋਂ 1915 ਈ. ਵਿਚ ਚੱਬੇ ਪਿੰਡ ਵਿਚ ਡਾਕਾ ਪਿਆ ਸੀ ਤਾਂ ਉਸ ਦਾ ਇਕ ਰਿਸ਼ਤੇਦਾਰ ਬੇਲੀਰਾਮ ਅਚਾਨਕ ਮੁਠਭੇੜ ਵਿਚ ਮਾਰਿਆ ਗਿਆ ਸੀ।[70] ਉਸਨੂੰ ਇਹ ਭਰਮ ਸੀ ਕਿ ਇਹ ਸਾਰੇ ਕੈਦੀ ਉਸੇ ਪਾਰਟੀ ਦੇ ਹਨ।

---

69 *ਉਹੀ,* ਪੰ. 119.

70 *ਉਹੀ,* ਪੰਨੇ 146-148.

ਜਦੋਂ ਸਿੰਘਾਂ ਨੇ ਪਾਠ ਕਰਨਾ ਤਾਂ ਉਸਨੇ ਗੁਟਕੇ ਖੋ ਲੈਣੇ। ਕਈ ਸਿੰਘਾਂ ਨੂੰ ਪਾਠ ਜ਼ੁਬਾਨੀ ਯਾਦ ਸੀ, ਉਹ ਹੋਰ ਉੱਚੀ-ਉੱਚੀ ਪਾਠ ਕਰਿਆ ਕਰਨ।

ਭਾਈ ਸਾਹਿਬ ਨੂੰ ਹੋਰਨਾਂ ਕੈਦੀਆਂ ਤੋਂ ਵੱਖਰਾ ਕਰ ਦਿੱਤਾ ਗਿਆ। ਆਪ ਨੇ ਤਿੰਨ ਹਫਤੇ ਦੀ ਭੁੱਖ ਹੜਤਾਲ ਕੀਤੀ। ਸਿੰਘਾਂ ਨੇ ਪਾਠ ਕਰਨੇ ਅਤੇ ਜੈਕਾਰੇ ਗਜ਼ਾਉਣੇ। ਜਿਸ ਤੋਂ ਖਿੱਝ ਕੇ ਸਿੰਘਾਂ ਨੂੰ ਧੁੱਪੇ ਹੱਥਕੜੀ ਲਾ ਕੇ ਖੜਾ ਕੀਤਾ ਗਿਆ। ਅਖੀਰ ਜੇਲ੍ਹਰ ਨੇ ਹੀ ਈਨ ਮੰਨੀ ਤੇ ਗੁਟਕੇ ਵਾਪਸ ਕਰਨ ਪਿੱਛੋਂ ਭੁੱਖ ਹੜਤਾਲ ਖਤਮ ਹੋਈ। ਇੱਥੇ ਰਹਿੰਦਿਆਂ ਜੇਲ੍ਹ ਦੇ ਕਰਮਚਾਰੀ ਆਪ ਨਾਲ ਹਮਦਰਦੀ ਰੱਖਣ ਲੱਗ ਪਏ। ਪਾਠ ਸੁਣਨ ਕਰਕੇ ਕਈ ਸਿਪਾਹੀਆਂ ਨੇ ਕੇਸ ਰੱਖ ਲਏ ਸਨ। ਸਿੰਘਾਂ ਦੀ ਰਹਿਣੀ-ਬਹਿਣੀ ਅਤੇ ਪਾਠ ਸੁਣਨ ਕਰਕੇ ਇਕ ਰਾਧਾ ਨਾਮ ਦਾ ਬਿਹਾਰੀ ਸਿਪਾਹੀ ਰਾਧਾ ਸਿੰਘ ਸਜ ਗਿਆ। ਉਹ ਆਪ ਦੇ ਪਹਿਰੇ ਉਤੇ ਕੋਠੜੀ ਲਾਗੇ ਤਿੰਨ-ਤਿੰਨ ਘੰਟੇ ਇਕ ਆਸਣ ਬੈਠਾ ਪਾਠ ਸੁਣਦਾ ਰਹਿੰਦਾ ਸੀ। [71] ਇਹ ਸਭ ਭਾਈ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਅਤੇ ਧਾਰਮਿਕ ਅਨੁਭਵ ਦਾ ਹੀ ਅਸਰ ਸੀ।

ਭਾਈ ਸਾਹਿਬ ਹਜ਼ਾਰੀ ਬਾਗ ਜੇਲ੍ਹ ਵਿਚ 1918 ਈ. ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ (ਪੋਹ ਸੁਦੀ ਸਪਤਮੀ) ਤੋਂ ਇਕ ਦਿਨ ਪਹਿਲਾਂ ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨ ਕਰਕੇ ਬਿਰਹੋਂ-ਬੇਚੈਨੀ ਵਿਚ ਇਕ ਅਜੀਬ ਹੀ ਵਿਜੋਗ ਮਸਤੀ ਵਿਚ ਲਿਵ ਜੋੜੀ ਬੈਠੇ ਸਨ। ਕੋਠੜੀ ਵਿਚ ਬੰਦ ਹੋਏ ਭਾਈ ਸਾਹਿਬ ਦੇ ਹਿਰਦੇ ਅੰਦਰ ਦਸਵੇਂ ਪਾਤਸ਼ਾਹ ਦੇ ਦਰਸ ਮਿਲਾਪ ਦੀ ਤਾਂਘ ਪੂਰੇ ਜੋਰਾਂ 'ਤੇ ਸੀ। ਆਪ ਨੂੰ ਦਸਮੇਸ਼ ਪਾਤਸ਼ਾਹ ਜੀ ਦੇ ਛਿਨ ਭੰਗੁਰੀ ਸਮੇਂ ਲਈ ਦਰਸ਼ਨ ਹੋਏ ਜਿਸ ਬਾਰੇ ਭਾਈ ਸਾਹਿਬ ਨੇ ਆਪਣਾ ਧਾਰਮਿਕ ਅਨੁਭਵ ਸਾਂਝਾ ਕੀਤਾ ਹੈ, "ਸਹਿਜ ਸਮਾਧੀ ਸਿਥਿਤ ਹੋਇ ਕੈ ਬਿਸਮਾਦ ਰੰਗਾਂ ਦੇ ਛਿਨ-ਭੰਗਰੀ-ਦਰਸ-ਝਲਕੇ ਲੁਕਣ ਮੀਟੀ ਦਿਖਾ ਗਏ। ਹਾਂ ਜੀ! ਸ੍ਰੀ ਦਸਮੇਸ਼ ਜੀ ਚੋਜੀ ਪਾਤਸ਼ਾਹ ਨੇ ਆਪਣੇ ਚੋਜ ਬਿਨੋਦ ਦੀ ਕਿਚੰਤ ਕਟਾਖਸ਼ੀ ਝਲਕ ਮਾਰ ਕੇ ਬੇਤਾਬ ਕਰ ਦਿੱਤਾ। ਬਸ ਦੂਜੀ ਛਿਨ ਹੀ ਲੁਕਣ ਮੀਟੀ। ਇਸ ਹਾਵੇ ਦਰਸ ਉਮਗਾਵੇ ਵਿਚ ਅੰਦਰੋਂ ਬੇਮੁਹਾਰੀ ਬਿਜਲ ਬੇਧਾਰੀ ਚੀਖ ਨਿਕਲ ਗਈ, 'ਆਵੀਂ ਢੋਲਾ ਦਰਸ ਦਿਖਾਵੀਂ, ਪਾਵੀਂ ਠੰਢ ਕਲੇਜੇ ਨੂੰ'।"[72]

---

[71] *ਉਹੀ*, ਪੰ. 158.

[72] *ਉਹੀ*, ਉਥਾਨਕਾ, *ਜੋਤਿ ਵਿਗਾਸ,* ਪੰ. 6.

ਇਹਨਾਂ ਰੰਗਾਂ ਵਿਚ ਮਸਤ ਹੋਏ ਭਾਈ ਸਾਹਿਬ ਦਾ ਰੋਮ-ਰੋਮ ਇਹੋ ਟੱਪਾ ਵਾਰ-ਵਾਰ ਉਚਾਰੀ ਜਾਵੇ। ਫਿਰ ਤਾਂ ਦਿਨ ਚੜ੍ਹੇ ਤਕ ਆਪ ਦੀ ਸੁਰਤੀ ਨਾਮ ਅਭਿਆਸ ਵਿਚ ਜੁੜੀ ਰਹੀ। ਅਸਲ ਵਿਚ ਜਿਨ੍ਹਾਂ ਵਡਭਾਗੀਆਂ ਨੂੰ ਨਾਮ ਦੀ ਦਾਤ ਮਿਲ ਜਾਵੇ ਅਤੇ ਨਾਮ ਰੰਗ ਚੜ੍ਹ ਜਾਵੇ, ਨਾਮ ਦੀ ਅੰਮ੍ਰਿਤ ਧਾਰਾ ਉਹਨਾਂ ਦੀ ਨਾੜ-ਨਾੜ ਨੂੰ ਸਰਸ਼ਾਰ ਕਰੀ ਰੱਖਦੀ ਹੈ। ਆਪ ਦੇ ਧਾਰਮਿਕ ਅਨੁਭਵ ਦਾ ਅਤੇ ਉੱਚ ਆਤਮਿਕ ਮੰਜ਼ਲਾਂ ਵਿਚ ਜੁੜੀ ਸੁਰਤੀ ਦੀ ਵਿਸਮਾਦ-ਜਨਕ ਅਵਸਥਾ ਦਾ ਪਤਾ ਲੱਗਦਾ ਹੈ ਜਿਵੇਂ:

ਚੜ੍ਹੀਆਂ ਬਿਰਤੀਆਂ ਸੁਰਤੀਆਂ ਸੁਰਤਿ ਰਲੀਆਂ, ਸਦਾ ਜੋਤ ਵਿਗਾਸ ਸੁਰਤੋਲਿਆ ਦਾ।
ਅੰਦਰ ਜੋਤਿ ਵਿਗਾਸੁ ਕਵਾੜ ਖੁਲ੍ਹੇ, ਸੁਰਤਿ ਉਘਾੜ ਕਵਾੜ-ਖੁਲ੍ਹੜੋਲਿਆਂ ਦਾ।[73]

ਭਾਈ ਰਣਧੀਰ ਸਿੰਘ ਜੀ ਦੇ ਨਾਲ ਵਾਲੀ ਕੋਠੜੀ ਵਿਚ ਭਾਈ ਹੀਰਾ ਸਿੰਘ ਚਰੜ ਵੀ ਰਹਿੰਦਾ ਸੀ। ਇਹ ਪਰਉਪਕਾਰੀ ਬਿਰਤੀ ਵਾਲਾ ਭਜਨੀਕ ਸੀ ਪਰੰਤੂ ਅਜੇ ਤਕ ਉਸਨੂੰ ਨਾਮ ਰਸ ਨਹੀਂ ਆਇਆ ਸੀ। ਭਾਈ ਸਾਹਿਬ ਨੇ ਉਸ ਨੂੰ ਨਾਮ ਅਭਿਆਸ ਦੀ ਜੁਗਤ ਦ੍ਰਿੜ ਕਰਾਈ ਤੇ ਉਸ ਨੂੰ ਨਾਮ ਪ੍ਰਾਪਤ ਹੋਣ ਸੰਬੰਧੀ ਉਸ ਨਮਿਤ ਅਰਦਾਸ ਵੀ ਕੀਤੀ। ਇਸ ਪਿਛੋਂ ਹੀਰਾ ਸਿੰਘ ਨੂੰ ਨਾਮ ਦੀ ਸਿਰਫ ਸੂਝ-ਬੂਝ ਹੀ ਨਹੀਂ ਆਈ ਸਗੋਂ ਨਾਮ ਦੀ ਝਰਨਾਹਟ ਉਸਦੇ ਰੋਮ-ਰੋਮ ਅੰਦਰ ਫੈਲ ਗਈ। ਹੀਰਾ ਸਿੰਘ ਨੇ ਆਪ ਨੂੰ ਸੋਨਾ ਬਣਾਉਣ ਦਾ ਨੁਸਖਾ ਦੱਸਿਆ ਤੇ ਜੇਲ੍ਹ ਅੰਦਰ ਹੀ ਸੋਨਾ ਬਣਾ ਕੇ ਵਿਖਾਇਆ ਪਰੰਤੂ ਇਸ ਨਾਲ ਆਪ ਦੀ ਸੁਰਤੀ ਬਿਰਤੀ ਉਖੜਨ ਲੱਗ ਪਈ। ਨਤੀਜੇ ਵਜੋਂ ਆਪ ਨੇ ਉਸ ਨੂੰ ਘਾਟੇ ਦਾ ਸੌਦਾ ਸਮਝ ਕੇ ਨੁਸਖਾ ਪਾੜ ਦਿੱਤਾ।[74] ਉੱਧਰ ਦਰੋਗਾ ਵਧਾਵਾ ਰਾਮ ਨੇ ਫਿਰ ਸ਼ਖ਼ਤੀ ਸ਼ੁਰੂ ਕਰ ਦਿੱਤੀ। ਦਰੋਗੇ ਤੇ ਸੁਪਰਡੈਂਟ ਦੇ ਨਜਾਇਜ਼ ਤੰਗ ਕਰਨ ਕਰਕੇ 1918 ਈ. ਵਿਚ 8-9 ਮਾਰਚ ਦੀ ਅੱਧੀ ਰਾਤ ਨੂੰ 18 ਕੈਦੀ ਜੇਲ੍ਹ ਵਿਚੋਂ ਹਰਨ ਹੋ ਗਏ। ਭਾਈ ਸਾਹਿਬ ਉੱਪਰ ਉਹਨਾਂ ਨੂੰ ਭਜਾਉਣ ਦਾ ਇਲਜ਼ਾਮ ਲਗਾਇਆ ਗਿਆ ਅਤੇ ਰਾਸ਼ਣ-ਪਾਣੀ ਬੰਦ ਹੋ ਗਿਆ। ਦੋ ਹਫਤੇ ਤੋਂ ਵੀ ਵਧ ਭੁੱਖ ਹੜਤਾਲ ਜਾਰੀ ਰਹੀ।

ਮਾਰਚ 1920 ਈ. ਦੇ ਸ਼ਾਹੀ ਐਲਾਨ ਅਨੁਸਾਰ ਨਾ ਭੱਜਣ ਵਾਲੇ 17 ਕੈਦੀ ਰਿਹਾ ਕਰ ਦਿੱਤੇ ਗਏ। ਪਰੰਤੂ ਭਾਈ ਸਾਹਿਬ ਨੂੰ ਕੈਦੀ ਭਜਾਉਣ ਦੇ ਇਲਜ਼ਾਮ ਕਾਰਨ ਨਹੀਂ ਛੱਡਿਆ ਗਿਆ।[75] ਫਿਰ ਇਕ ਵਾਰ ਜੇਲ੍ਹ ਦੇ ਜੰਗਲੇ ਖੋਖਲੇ ਕਰਵਾਉਣ ਦੇ ਸ਼ੱਕ ਕਾਰਨ ਆਪ ਨੂੰ ਜੇਲ੍ਹ ਦੇ ਇਕ ਸੁੰਨਸਾਨ ਹਿੱਸੇ ਵਿਚ ਸਜਾ ਵਾਲੀ ਕੋਠੀ ਵਿਚ ਬੰਦ ਕਰ ਦਿੱਤਾ ਗਿਆ। ਭਾਈ ਸਾਹਿਬ ਉੱਥੇ ਵੀ ਨੇਮ ਮੁਤਾਬਕ ਨਾਮ ਅਭਿਆਸ ਲਈ ਸਮਾਧੀ

---

[73] *ਉਹੀ,* ਪੰ. 103.

[74] *ਉਹੀ, ਉਪਰੋਕਤ,* ਪੰਨੇ 161-166.

[75] *ਉਹੀ,* ਪੰਨੇ 202-203.

ਲਾਉਂਦੇ ਰਹੇ ਤੇ ਸ਼ਬਦ ਕੀਰਤਨ ਕਰਦੇ ਰਹੇ। ਏਕਾਂਤ ਸਥਾਨ ਹੋਣ ਕਰਕੇ ਆਪ ਦੀ ਬਿਰਤੀ ਹੋਰ ਖਿੜ ਗਈ।[76] ਇਹਨਾਂ ਦਿਨਾਂ ਵਿਚ ਹੀ ਪਹਿਲੀ ਵਾਰ ਪੰਜਾਬੋਂ ਆ ਕੇ ਆਪ ਦੇ ਘਰਵਾਲਿਆਂ ਨੇ ਆਪ ਨਾਲ ਮੁਲਾਕਾਤ ਕੀਤੀ। ਦੋ ਦਿਨਾਂ ਵਿਚ ਚਾਰ-ਚਾਰ ਘੰਟੇ ਮੁਲਾਕਾਤ ਕਰਾਈ ਗਈ। ਭਾਈ ਸੁਰਜਨ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦਾ ਸਾਰਾ ਹਾਲ ਦੱਸਿਆ।[77]

**ਰਾਜਮੰਦਰੀ ਜੇਲ੍ਹ ਵਿਚ** : ਹਜ਼ਾਰੀਬਾਗ ਜੇਲ੍ਹ ਤੋਂ ਭਾਈ ਸਾਹਿਬ ਤੇ ਉਹਨਾਂ ਦੇ ਸਾਥੀ ਕੈਦੀਆਂ ਨੂੰ ਮਦਰਾਸ ਦੀ ਰਾਜਮੰਦਰੀ ਜੇਲ੍ਹ ਵਿਚ ਤਬਦੀਲ ਕੀਤਾ ਗਿਆ। ਰਸਤੇ ਵਿਚ ਖੜਗਪੁਰ ਸਟੇਸ਼ਨ ਤੇ ਪੰਦਰਾਂ ਵੀਹ ਹਜ਼ਾਰ ਹਿੰਦੂ, ਮੁਸਲਿਮ ਤੇ ਸਿੱਖਾਂ ਦੇ ਇਕੱਠ ਨੇ ਆਪ ਦਾ ਸਵਾਗਤ ਕੀਤਾ।[78] ਰਾਜਮੰਦਰੀ ਜੇਲ੍ਹ ਵਿਚ ਕੈਦੀਆਂ ਨੂੰ ਅੰਦਰ ਵਾੜਨ ਵੇਲੇ ਨੰਗੇ ਕਰਕੇ ਤਲਾਸ਼ੀ ਲਈ ਜਾਂਦੀ ਸੀ। ਪਰ ਭਾਈ ਸਾਹਿਬ ਤੇ ਉਹਨਾਂ ਦੇ ਸਾਥੀ ਸਿੰਘ ਤਾਂ ਨਿਧੜਕ ਹੀ ਅੰਦਰ ਜਾ ਵੜੇ। ਕਿਸੇ ਨੇ ਰੋਕਣ ਦੀ ਹਿੰਮਤ ਨਾ ਕੀਤੀ। ਉੱਥੇ ਜੇਲ੍ਹ ਦਸਤੂਰ ਅਨੁਸਾਰ ਮਿੱਟੀ ਦੇ ਭਾਂਡੇ ਤੇ ਪਿਆਲੇ ਦਿੱਤੇ ਜਾਂਦੇ ਸਨ ਜੋ ਆਪ ਨੇ ਸਿੱਖੀ ਅਸੂਲਾਂ ਵਿਰੁੱਧ ਸਮਝ ਕੇ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਸਾਰੇ ਕੈਦੀਆਂ ਨੇ ਭਾਂਡੇ ਭੰਨ ਦਿੱਤੇ। ਉੱਥੇ ਟੱਟੀ ਪਿਸ਼ਾਬ ਜਾਣ ਦਾ ਹਾਲ ਹੋਰ ਵੀ ਮਾੜਾ ਸੀ। ਆਪ ਨੇ ਪਹਿਰੇ ਵਾਲਿਆਂ ਦੇ ਸਿਰ ਉਪਰ ਖੜੋਤੇ ਹੋਣ ਕਰਕੇ ਟੱਟੀ ਪਿਸ਼ਾਬ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜੇਲਰ ਨੇ ਪੜਦੇ ਵਿਚ ਟੱਟੀ-ਪਿਸ਼ਾਬ ਜਾਣ ਦੀ ਇਜ਼ਾਜਤ ਦੇ ਦਿੱਤੀ। ਸਫਾਈ ਵਾਸਤੇ ਭੰਗੀ ਦੀ ਡਿਊਟੀ ਲਗਾ ਦਿੱਤੀ ਗਈ।[79] ਲੰਗਰ ਦਾ ਹਾਲ ਉਸ ਤੋਂ ਵੀ ਮਾੜਾ ਸੀ। ਲਾਂਗਰੀ ਦੇ ਹੱਥ ਦੀਆਂ ਕੱਚੀਆਂ ਪੱਕੀਆਂ ਜਿਹੀਆਂ ਰੋਟੀਆਂ ਮਿੱਟੀ ਦੇ ਭਾਂਡੇ ਵਿਚ ਰੱਖ ਕੇ ਭੇਜੀਆਂ ਗਈਆਂ ਜਿਸ ਵਲ ਆਪ ਨੇ ਤੱਕਿਆ ਵੀ ਨਾ। ਪਰੰਤੂ ਇਸ ਜੇਲ੍ਹ ਵਿਚ ਤਿੰਨੇ ਗੋਰੇ ਅਫਸਰ (ਜੇਲਰ, ਸੁਪਰਡੈਂਟ ਅਤੇ ਮੈਡੀਕਲ ਅਫਸਰ) ਸਾਊ ਤੇ ਸ਼ਰੀਫ ਸਨ। ਸੋ ਛੇਤੀ ਹੀ ਉਹਨਾਂ ਨੇ ਨਵੇਂ ਕੈਦੀਆਂ ਨਾਲ ਸਮਝੌਤਾ ਕਰ ਲਿਆ ਅਤੇ ਰਸਦ-ਪਾਣੀ ਦੇ ਕੇ

---

[76] *ਉਹੀ,* ਪੰ. 244.

[77] *ਉਹੀ,* ਪੰ. 256. (ਨੋਟ: ਇਸ ਮੁਲਾਕਾਤ ਵਿਚ ਆਪ ਦੀ ਪਤਨੀ ਤੇ ਭਾਈ ਸੁਰਜਨ ਸਿੰਘ ਹੀ ਦੋ ਦਿਨ ਚਾਰ-ਚਾਰ ਘੰਟੇ ਮੁਲਾਕਾਤ ਕਰ ਸਕੇ ਸਨ।)

[78] *ਉਹੀ,* ਪੰ. 280.

[79] *ਉਹੀ,* ਪੰ. 294.

ਖਾਲਸਾਈ ਲੰਗਰ ਸਜਾਉਣ ਦੀ ਆਪ ਨੂੰ ਆਗਿਆ ਦੇ ਦਿੱਤੀ। ਰਾਜਮੰਦਰੀ ਜੇਲ੍ਹ ਵਿਚ ਰਹਿੰਦਿਆਂ ਹੀ ਆਪ ਨੇ *'ਗੁਰਮਤਿ ਬਿਬੇਕ'* ਨਾਮਕ ਪੁਸਤਕ ਲਿਖੀ।

**ਨਾਗਪੁਰ ਜੇਲ੍ਹ ਦੀਆਂ ਤਕਲੀਫਾਂ/ਤਸ਼ੱਦਦ :** ਨਵੰਬਰ 1922 ਈ. ਦੇ ਅੰਤ ਵਿਚ ਰਾਜਮੰਦਰੀ ਜੇਲ੍ਹ ਤੋਂ ਆਪ ਨੂੰ ਨਾਗਪੁਰ ਜੇਲ੍ਹ ਭੇਜਿਆ ਗਿਆ। ਜੇਲ੍ਹ ਤੋਂ ਸਟੇਸ਼ਨ ਤਕ ਬੈਲ ਗੱਡੀ ਰਾਹੀਂ ਲਿਜਾਇਆ ਗਿਆ, ਜਿੱਥੇ ਦੇਸ਼-ਭਗਤ ਪ੍ਰੇਮੀਆਂ ਨੇ ਫਲ, ਮੇਵੇ, ਮਠਿਆਈਆਂ ਆਦਿਕ ਨਾਲ ਆਪ ਦੀ ਖ਼ੂਬ ਸੇਵਾ ਕੀਤੀ। ਰਸਤੇ ਵਿਚ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਸਟੇਸ਼ਨ ਵੀ ਆਇਆ। ਆਪ ਦਰਸ਼ਨਾਂ ਦੀ ਤਾਂਘ ਲਈ ਬਿਹਬਲ ਹੋ ਉਠੇ ਤੇ ਖਿਆਲਾਂ ਵਿਚ ਗਵਾਚ ਗਏ। ਅਚਾਨਕ ਕਿਸੇ ਪਿਆਰ ਭਰੇ ਹੱਥ ਨੇ ਉਠਾਇਆ ਤੇ ਕਿਹਾ ਕਿ, "ਉਠੋ ਹੋਸ਼ ਕਰੋ! ਅਜੇ ਹੁਕਮ ਨਹੀਂ ਯਾਤਰਾ ਦਾ, ਭਾਣੇ ਅੰਦਰ ਫੇਰ ਯਾਤਰਾ ਨਸੀਬ ਹੋਵੇਗੀ, ਸੋ ਭਾਣਾ ਮਿਠਾ ਕਰ ਮੰਨੋ।"[80]

ਨਾਗਪੁਰ ਜੇਲ੍ਹ ਪਹੁੰਚਣ ਤੇ ਆਪ ਦਾ ਵਾਹ ਜਾਂਦਿਆਂ ਹੀ ਲੰਗੜੇ ਸੁਪਰਡੈਂਟ ਨੀਲ ਕੰਠ ਜਟਾਰ ਨਾਲ ਪਿਆ। ਉਸ ਦੀ ਇਕ ਲੱਤ ਜੰਗ ਵਿਚ ਕੱਟੀ ਗਈ ਸੀ। ਉਹ ਬੜਾ ਹੰਕਾਰੀ ਸੀ। ਉਸਦਾ ਹੁਕਮ ਸੀ ਕਿ ਜਦੋਂ ਉਹ ਗੇੜਾ ਮਾਰਨ (ਰਾਊਂਡ ਤੇ) ਆਵੇ ਤਾਂ ਹਰ ਕੈਦੀ ਆਪਣਾ ਕੰਮ ਛੱਡ ਕੇ ਸਤਿਕਾਰ ਵਜੋਂ ਉੱਠ ਕੇ 'ਸਰਕਾਰ ਸਲਾਮ' ਕਹੇ। ਪਰੰਤੂ ਭਾਈ ਸਾਹਿਬ ਤੇ ਉਨ੍ਹਾਂ ਦਾ ਸਾਥੀ ਕੈਦੀ ਭਾਈ ਕਰਤਾਰ ਸਿੰਘ ਕੈਨੇਡੀਅਨ (ਪਿੰਡ, ਨਵਾਂਚੰਦ, ਜਿਲਾ ਫਿਰੋਜ਼ਪੁਰ) ਅੜ ਗਏ। ਸੋ ਭੁੱਖ ਹੜਤਾਲ ਸ਼ੁਰੂ ਹੋ ਗਈ। ਹੁਣ ਸੁਪਰਡੈਂਟ ਤੇ ਜੇਲ੍ਹਰ ਨੇ ਜ਼ਬਰੀ ਖਾਣਾ ਖੁਆਉਣ ਦੀ ਤਰਤੀਬ ਲਾਈ। ਜੇਲ੍ਹਰ ਜਬਰੀ ਨੀਮਨਾ ਕਰਨ ਉਤੇ ਤੁਲਿਆ ਹੋਇਆ ਸੀ। ਆਪ ਨੇ ਇਕੱਲਿਆਂ ਹੀ 20 ਆਦਮੀਆਂ ਦੇ ਗੋਡੇ-ਮੋਢੇ ਤੇ ਜਬਾੜੇ ਸੇਕ ਦਿੱਤੇ।[81] ਇੰਞ ਹੀ ਭਾਈ ਸਾਹਿਬ ਨੇ ਛੋਟੇ ਜੇਲ੍ਹਰ ਦੇ ਵੀ ਚੰਗਾ ਗੋਡਾ ਵਾਹਿਆ। ਉਹ ਵਿਚਾਰਾ ਤਰਲੇ ਕਰਕੇ ਛੁੱਟਿਆ।[82]

30 ਦਸੰਬਰ 1922 ਈ. ਨੂੰ ਆਪ ਦਾ ਪ੍ਰਸ਼ਾਦਾ ਸਜਾਉਣਾ ਬੰਦ ਕਰ ਦਿੱਤਾ ਗਿਆ ਅਤੇ ਫਾਂਸੀ ਦੀ ਕੋਠੀ ਵਿਚ ਬੰਦ ਕਰ ਦਿੱਤਾ ਗਿਆ। ਪੁਸਤਕਾਂ, ਕੱਪੜੇ ਸਣੇ ਦਸਤਾਰ, ਜੁੱਤੀ ਸਭ ਲੁਹਾ ਲਏ ਗਏ। ਸਿਰਫ

---

[80] *ਉਹੀ,* ਪੰ. 317.

[81] *ਉਹੀ,* ਪੰ. 339.

[82] *ਉਹੀ,* ਪੰਨੇ 352-355.

ਤੇੜ ਪਹਿਨਿਆਂ ਕਛਹਿਰਾ ਹੀ ਰਹਿਣ ਦਿੱਤਾ ਗਿਆ। ਅੱਠ-ਦਸ ਦਿਨ ਭੁੱਖੇ ਹੀ ਰਹੇ। ਫਿਰ ਸੁਪਰਡੈਂਟ ਦੀ ਸ਼ਹਿ ਉੱਤੇ ਜੇਲ੍ਹਰ ਤੇ ਛੋਟੇ ਜੇਲ੍ਹਰ ਨੇ ਇਕ ਗੋਰੇ ਅਫਸਰ ਬਿੱਗ ਨਾਲ ਮਿਲਕੇ ਧੱਕੇ ਨਾਲ ਆਪ ਦਾ ਨੀਮਨਾ ਕਰ ਦਿੱਤਾ।[83]

ਸੁਪਰਡੈਂਟ ਨੇ ਹੋਰ ਵਧੀਕੀ ਕਰਦਿਆਂ ਕਿਹਾ ਕਿ ਆਪ ਦਾ ਧਰਮ ਤੋੜਨ ਲੱਗੇ ਹਾਂ। ਆਪ ਦੇ ਵਿਰੋਧ ਕਰਨ ਤੇ ਉਹਨਾਂ ਨੇ ਹੱਥਕੜੀ ਲਗਾ ਕੇ ਆਪ ਨੂੰ ਜਕੜ ਲਿਆ ਅਤੇ ਮੂੰਹ ਵਿਚ ਲਕੜੀ ਦਾ ਲਗਾਮ ਦੇ ਕੇ ਰਬੜ ਦੀ ਨਲਕੀ ਅੰਦਰ ਧੱਕ ਕੇ ਦੁੱਧ ਪਹੁੰਚਾਉਣ ਲੱਗੇ। ਆਪ ਨੇ ਨਾਮ ਦੇ ਆਸਰੇ ਨਾਲ ਸੁਆਸ ਦਸਮ ਦੁਆਰ ਚੜਾਉਣੇ ਸ਼ੁਰੂ ਕੀਤੇ। ਦੁੱਧ ਸਾਰਾ ਬਾਹਰ ਨਿਕਲਦਾ ਰਿਹਾ। ਫਿਰ ਉਹਨਾਂ ਆਪ ਦਾ ਸਿਰ ਪਟਕਾ ਕੇ ਮਾਰਿਆ ਜਿਸ ਨਾਲ ਆਪ ਨੂੰ ਗਸ਼ੀ ਪੈ ਗਈ, ਸੁਆਸ ਹੇਠਾਂ ਉੱਤਰ ਆਏ ਤੇ ਦੰਦਨ ਪੈ ਗਈ। ਜਿਸ ਸੰਬੰਧੀ ਆਪ ਲਿਖਦੇ ਹਨ, "ਦੰਦਾਂ ਦੇ ਵਿਚਾਲੇ ਰਬੜ ਦੀ ਨਲਕੀ ਜੋ ਦਿੱਤੀ ਹੋਈ ਸੀ ਉਹ ਕੱਟ ਕੇ ਦੋ ਟੁਕੜੇ ਹੋ ਗਈ। ਤੇ ਉਧਰ ਦੁੱਧ ਵਾਲੀ ਸ਼ੀਸ਼ੀ ਭੀ ਚਾਣ-ਚੱਕ ਫੁੱਟ ਗਈ। ਦੁੱਧ ਫੇਰ ਮੰਗਾਇਆ ਗਿਆ ਤੇ ਲੋਹੇ ਦੇ ਮੂੰਹ ਵਾਲੀ ਨਲਕੀ ਮੰਗਾਈ ਗਈ ਤੇ ਸੁਪਰਡੈਂਟ ਨੇ ਹੁਕਮ ਦੇ ਦਿਤਾ ਕਿ ਇਸ ਦੇ ਦੰਦ ਨਿਸ਼ੰਗ ਤੋੜ ਦਿਓ। ਉਸ ਦੇ ਕਹਿਣ ਦੀ ਦੇਰ ਸੀ ਕਿ ਦੰਦਾਂ ਨੂੰ ਤੋੜਨ ਲਈ ਸੱਟਾਂ ਲਾਈਆਂ ਗਈਆਂ। ਮੂਹਰਲੇ ਦੰਦ ਮਜ਼ਬੂਤ ਸੀ। ਹਿੱਲ ਤਾਂ ਗਏ ਪਰ ਟੁੱਟ ਨਾ ਸਕੇ। ਲਾਮ੍ਹਾ ਦੀਆਂ ਦੋ ਤਿੰਨ ਕਮਜ਼ੋਰ ਦਾੜ੍ਹਾ ਟੁੱਟ ਗਈਆਂ ਅਤੇ ਦੰਦਨ ਭੰਨੀ ਗਈ। ਬੁਰਾਛਾਂ ਪਾੜੀਆਂ ਗਈਆਂ, ਗੋਰੇ ਬਿੱਗ ਨੇ ਹਿੱਕ ਤੇ ਚੜ੍ਹ ਕੇ ਤੇ ਬੈਠ ਕੇ ਇਹ ਉਪੱਦਰ ਕੀਤੇ।... ਇਸ ਪਰ ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੱਟੇ ਗਏ ਅਤੇ ਲੱਤਾਂ ਮੁੱਕੀਆਂ ਦੀ ਮਾਰ ਨਾਲ ਅਧਮੋਇਆ ਕਰਕੇ ਮੈਨੂੰ ਸਿੱਟ ਗਏ।"[84] ਇਹੀ ਨਹੀਂ ਗਊ ਮਾਸ ਤੇ ਤਮਾਕੂ ਜਬਰਦਸਤੀ ਦੇਣ ਤੇ ਕੇਸ ਕੱਟਣ ਦੇ ਡਰਾਵੇ ਵੀ ਦਿੱਤੇ ਗਏ।

ਇਹਨਾਂ ਜ਼ੁਲਮਾਂ ਦੀਆਂ ਖਬਰਾਂ ਬਾਹਰ ਗਈਆਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੁੱਚੇ ਪੰਥ ਰਾਹੀਂ 1 ਫਰਵਰੀ 1923 ਈ. ਨੂੰ ਅਰਦਾਸ ਦਿਵਸ ਮਨਾਇਆ ਗਿਆ। ਆਪ ਨੇ ਇਸ ਅਰਦਾਸ ਕਰਨ ਸੰਬੰਧੀ ਪੰਥ ਦਾ ਧੰਨਵਾਦ ਵੀ ਕੀਤਾ।[85] ਆਪ ਦੇ ਜੇਲ੍ਹ ਵਾਲਿਆਂ ਨਾਲ ਨਿੱਕਰ ਤੇ ਕਛਹਿਰੇ, ਚਿੱਠੀਆਂ ਅਤੇ ਮੁਲਾਕਾਤਾਂ ਆਦਿ ਕਈ ਮਸਲਿਆਂ ਸੰਬੰਧੀ ਝਗੜੇ ਚਲਦੇ ਹੀ ਰਹੇ। ਕਿਉਂਕਿ ਤਿੰਨ

---

83 *ਉਹੀ,* ਪੰਨੇ 359-360.

84 *ਉਹੀ,* ਪੰ. 362.

85 *ਉਹੀ,* ਪੰ. 363.

ਮਹੀਨਿਆਂ ਤੋਂ ਬਾਅਦ ਚਿੱਠੀ ਲਿਖਣੀ ਮਿਲਦੀ ਸੀ। ਨਾਗਪੁਰ ਜੇਲ੍ਹ ਵਿਚ ਹੀ ਆਪ ਨੇ ਆਪਣਾ ਮਹਾਂਕਾਵਿ *'ਜੋਤਿ ਵਿਗਾਸ'* ਲਿਖਿਆ। ਇਥੇ ਹੀ ਬਾਰਾਂ ਸਾਲਾਂ ਬਾਅਦ ਆਪ ਦੇ ਪਰਿਵਾਰ ਦੀ ਮੁਲਾਕਾਤ ਕਰਵਾਈ ਗਈ। ਆਪ ਜੀ ਦੀ ਧਰਮ ਪਤਨੀ ਬੇਬੇ ਕਰਤਾਰ ਕੌਰ ਨੂੰ ਪੰਦਰਾਂ ਮਿੰਟ ਮਿਲਣ ਦੀ ਆਗਿਆ ਮਿਲੀ। ਆਪ ਦਾ ਇਕਲੌਤਾ ਪੁੱਤਰ ਸ੍ਰ. ਬਲਵੀਰ ਸਿੰਘ ਜਿਸ ਦੀ ਉਮਰ ਉਸ ਵੇਲੇ 14 ਸਾਲ ਦੀ ਸੀ ਅਤੇ ਨਿਆਣੀ ਬੱਚੀ ਬੀਬੀ ਦਲੇਰ ਕੌਰ ਆਪਣੇ ਪਿਤਾ ਨੂੰ ਬਿਟ-ਬਿਟ ਤੱਕਦੇ ਰਹੇ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਪੰਜਾਬ ਤੋਂ ਬਾਹਰ ਏਨੀ ਦੂਰ ਉਹਨਾਂ ਦੇ ਪਿਤਾ ਨੂੰ ਕਾਲ ਕੋਠੜੀਆਂ ਵਿਚ ਕਿਉਂ ਡੱਕਿਆ ਹੋਇਆ ਹੈ।[86]

ਨਿਹਾਲ ਸਿੰਘ ਰਸ ਅਨੁਸਾਰ, "ਅਪ੍ਰੈਲ 1930 ਈ. ਦੇ ਅਖੀਰ ਵਿਚ ਇਕ ਅੰਗਰੇਜ਼ ਪਾਦਰੀ ਨਾਗਪੁਰ ਜੇਲ੍ਹ ਵਿਚ ਆਇਆ ਅਤੇ ਉਹ ਬਹੁਤ ਸਾਰੇ ਰਾਜਸੀ ਤੇ ਇਖਲਾਕੀ ਕੈਦੀਆਂ ਨੂੰ ਮਿਲਿਆ। ਉਹ ਭਾਈ ਸਾਹਿਬ ਜੀ ਨਾਲ ਕਈ ਘੰਟੇ ਗੱਲਾਂਬਾਤਾਂ ਕਰਦਾ ਰਿਹਾ ਅਤੇ ਉਸ ਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਹਰ ਸਮੇਂ ਇਸ ਤਰ੍ਹਾਂ ਪਰਤੀਤ ਕਰਦੇ ਸਨ, ਜਿਵੇਂ ਸਤਿਗੁਰੂ ਜੀ ਹਰ ਸਮੇਂ ਉਹਨਾਂ ਦੇ ਅੰਗ-ਸੰਗ ਹੀ ਰਹਿੰਦੇ ਹਨ।"[87]

ਨਾਗਪੁਰ ਜੇਲ੍ਹ ਵਿਚ ਭਾਈ ਸਾਹਿਬ ਨੂੰ ਚਾਹੇ ਸਰੀਰਕ ਕਸ਼ਟ ਤੇ ਦਰਦਨਾਕ ਤਸੀਹੇ ਵੀ ਦਿੱਤੇ ਗਏ ਪਰੰਤੂ ਅੰਤਰ-ਆਤਮੇ ਆਪ ਦੀ ਅਵਸਥਾ ਸਦਾ ਚੜ੍ਹਦੀ ਕਲਾ ਵਿਚ ਰਹੀ। ਇੱਥੇ ਜੇਲ੍ਹ ਦੀ ਕਾਲ ਕੋਠੜੀ ਵਿਚ ਵੀ ਆਪ ਨੇ ਉਚ ਆਤਮਿਕ ਨਜ਼ਾਰੇ ਪੇਖੇ ਅਤੇ ਧਾਰਮਿਕ ਅਨੁਭਵ ਮਾਣਦੇ ਰਹੇ। ਇਹਨਾਂ ਅਨੁਭਵਾਂ ਦਾ ਸੰਖੇਪ ਵਿਚ ਅੱਗੇ ਵਰਣਨ ਕਰਨਾ ਉਚਿਤ ਹੋਵੇਗਾ।

ਹਜ਼ਾਰੀ ਬਾਗ ਜੇਲ੍ਹ ਵਿਚ 1918 ਈ. ਵਿਚ ਵਾਪਰੀ ਘਟਨਾ ਤੋਂ 12 ਸਾਲ ਬਾਅਦ ਭਾਵ 1930 ਈ. ਦੇ ਸ਼ੁਰੂ ਵਿਚ ਇਕ ਵਾਰ ਫਿਰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਵਾਲਾ ਦਿਵਸ ਆ ਜੁੜਿਆ। ਭਾਈ ਸਾਹਿਬ ਦੇ ਅਨੇਕਾਂ ਸਾਥੀ ਕੈਦੀ ਵੱਖ-ਵੱਖ ਜੇਲ੍ਹਾਂ ਵਿਚ ਤਬਦੀਲ ਜਾਂ ਰਿਹਾ ਹੋ ਚੁਕੇ ਸਨ। ਕੇਵਲ ਭਾਈ ਕਰਤਾਰ ਸਿੰਘ ਕੈਨੇਡੀਅਨ (ਪਿੰਡ ਨਵਾਂ ਚੰਦ, ਜਿਲ੍ਹਾ ਮੋਗਾ) ਅਤੇ ਭਾਈ ਸਾਹਿਬ ਦੋ ਜਣੇ ਹੀ ਨਾਗਪੁਰ ਜੇਲ੍ਹ ਵਿਚ ਦੂਰ ਵੱਖੋ-ਵੱਖ ਕਾਲ ਕੋਠੜੀਆਂ ਵਿਚ ਡੱਕੇ ਹੋਏ ਸਨ। ਭਾਈ ਸਾਹਿਬ ਨੇ

---

[86] ਗੁਲਜ਼ਾਰ ਸਿੰਘ ਕੰਗ, *ਉਹੀ,* ਪੰ. 14.

[87] ਨਿਹਾਲ ਸਿੰਘ ਰਸ, *ਉਹੀ,* 63.

ਗੁਰਪੁਰਬ ਮੌਕੇ ਬੈਰਾਗੀ ਅਵਸਥਾ ਵਿਚ ਇਹ ਅਰਦਾਸ ਕੀਤੀ, "ਸ੍ਰੀ ਗੁਰੂ ਦਸਮੇਸ਼ ਮਾਹੀਆ! ਤੇਰੇ ਲਖੀ ਜੰਗਲੋਂ ਗੁਆ ਤੇ ਸਵਾ ਲੱਖੀ ਮੁਰੀਦੜੇ ਨੂੰ ਅੱਜ ਇਕ ਵਾਰ ਫੇਰ ਸੱਦ ਮਾਹੀ ਦਾ ਸੁਣਾ।"[88]

ਇਸ ਪ੍ਰਕਾਰ ਦੀਆਂ ਅਰਦਾਸਾਂ ਬੇਨਤੀਆਂ ਕਰਦੇ ਆਪ ਜੇਲ੍ਹ ਕੋਠੀ ਦੇ ਜੰਗਲੇ ਸਾਹਮਣੇ ਅੰਦਰ ਵਾਰ ਸੀਖਾਂ ਨੂੰ ਦੋਵੇਂ ਹੱਥਾਂ ਦੀਆਂ ਉਗਲਾਂ ਨਾਲ ਫੜ੍ਹੀ ਖੜ੍ਹੇ ਸਨ ਕਿ ਅਚਾਨਕ ਕਿਸੇ ਨੇ ਆਪ ਦੀਆਂ ਉਗਲਾਂ ਵਿਚ ਪੱਕੀ ਪੈਨਸਲ ਥਮਾ ਦਿਤੀ।"[89] ਇਸ ਤੋਂ ਪਹਿਲਾਂ ਆਪ ਨੇ ਕਦੀ ਕਵਿਤਾ ਨਹੀਂ ਉਚਾਰੀ ਸੀ। ਭਾਈ ਸਾਹਿਬ ਇਹ ਅਨੁਭਵ ਬਿਆਨ ਕਰਦੇ ਹਨ, "ਛੱਲਾਂ ਮਾਰ ਮਾਰ ਕੇ ਅਨੁਭਵੀ ਕਾਵਿ-ਛੰਦ -ਬੰਦੀਆਂ ਦੇ ਸੁਤੇ ਸਫੁਰਨੀ ਆ-ਮੁਹਾਰੇ ਤੋਰੇ ਤੁਰ ਪਏ। ਮਾਨੋ ਕਾਵਿ ਕਪਾਟ ਖੁੱਲ੍ਹ ਗਏ। ਠੱਲ੍ਹੇ ਠੱਲ੍ਹਣ ਹੀ ਨਾ।... ਦੇਖਾਂ ਤਾ, ਮੇਰੀਆਂ ਉਗਲਾਂ ਵਿਚ ਪੱਕੀ ਪੈਨਸਲ ਅੜੀ ਹੋਈ ਹੈ। ਮੈਂ ਜਾਤਾ ਸਤਿਗੁਰ ਜੀਉ ਹੀ ਇਸ ਸਰੰਜਾਮ ਆਹਰ ਵਿਚ ਆਪਿ ਪ੍ਰੇਰਕ ਹੋਇ ਰਹੇ ਹਨ।"[90]

ਅਨੁਭਵੀ ਪੁਰਸ਼ ਨੂੰ ਸਭ ਕੁਝ ਕੁੱਝ ਹੋਰਵੇਂ ਹੀ ਦਿਸਦਾ ਹੈ। ਅਜਿਹੇ ਅਨੁਭਵ ਦੌਰਾਨ ਉਸਦੇ ਰੋਮ-ਰੋਮ ਅਤੇ ਅੰਗ-ਅੰਗ ਵਿਚ ਨਿਆਰੀ ਜਾਨ ਤੇ ਬੇਤਾਰੀ ਜੁਬਾਨ ਲੱਗ ਜਾਂਦੀ ਹੈ। ਇਸ ਅਕਿਹ ਖ਼ੁਮਾਰੀ ਦੀ ਵਿਸਮਾਦੀ ਦਸ਼ਾ ਵਿਚ ਹਿਰਦੇ ਵਿਚੋਂ ਅਗੰਮੀ ਰਸ-ਤੇਜ-ਕਿਰਨਾਂ ਆਪ-ਮੁਹਾਰੇ ਫੁੱਟ ਪੈਂਦੀਆਂ ਹਨ। ਅਜਿਹੀ ਅਵਸਥਾ ਵਿਚ ਅਨੁਭਵੀ ਪੁਰਸ਼ ਕਈ ਵਾਰ ਕੋਈ ਸੰਕੇਤ ਕਰ ਜਾਂਦਾ ਹੈ, ਕੁੱਝ ਲਿਖ ਜਾਂਦਾ ਜਾਂ ਕੁਝ ਉਕਰ ਜਾਂਦਾ ਹੈ। ਭਾਈ ਸਾਹਿਬ ਨੂੰ ਵੀ ਨਾਗਪੁਰ ਜੇਲ੍ਹ ਅੰਦਰ ਕੋਈ ਕਾਗਜ਼ ਨਹੀਂ ਲਭ ਰਿਹਾ ਸੀ। ਜੇਲ੍ਹ ਵਿਚ ਤਾਂ ਕਾਗਜ਼ ਦਾ ਟੁਕੜਾ ਵੀ ਨਹੀਂ ਮਿਲ ਸਕਦਾ ਸੀ। ਭਾਈ ਸਾਹਿਬ ਦੱਸਦੇ ਹਨ, "ਓਧਰੋਂ ਵੇਗ ਆਈ ਜਾਵੇ। ਏਧਰੋਂ ਕਾਗਜ਼ ਲਝਣ ਦੀ ਕਾਹਲੀ ਬਣੀ ਹੋਈ। ਓੜਕ ਮੈਨੂੰ ਇਹ ਸੁਝਣੀ ਸੁਝੀ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੋਥੀ ਮੇਰੇ ਪਾਸ ਪਈ ਹੈ। ਉਸ ਦੇ ਪੱਤਰਿਆਂ ਦੀ ਛਪੀ ਹੋਈ ਲਿਖਤ ਉਦਾਲੇ ਚਾਰ ਚੁਫੇਰੇ ਖਾਸੇ ਚਉੜੇ ਖਾਲੀ ਹਾਸ਼ੀਏ ਛੱਡੇ ਹੋਇ ਹਨ, ਉਹਨਾਂ ਉਤੇ ਇਸ ਕਵਿਤਾ ਨੂੰ ਉਤਾਰਨਾ ਆਰੰਭ ਕਰ ਦੇਹ। ਬਸ, ਗੱਲ ਕੀ, ਮੈਂ ਪੈਨਸਲ ਫੜ ਕੇ ਅਤੇ ਪੋਥੀ ਲੈ ਕੇ ਉਤਾਰਨ ਲੱਗ ਪਇਆ।"[91]

---

88 ਭਾਈ ਰਣਧੀਰ ਸਿੰਘ, ਉਥਾਨਕਾ, *ਜੋਤਿ ਵਿਗਾਸ,* ਪੰਨੇ 7-8.

89 *ਉਹੀ,* ਪੰ. 8.

90 *ਉਹੀ,* ਪੰ. *ਉਹੀ* ।

91 *ਉਹੀ,* ਪੰ. *ਉਹੀ* ।

ਇਥੇ ਹੀ ਬਸ ਨਹੀਂ, ਆਪ ਨੇ ਸੱਤ ਦਿਨ, ਸੱਤ ਰਾਤਾਂ ਲਗਾਤਾਰ ਕਵਿਤਾ ਲਿਖੀ ਜਿੰਨੀ ਦੇਰ ਤਕ ਵੇਗ ਠੱਲ੍ਹਿਆ ਨਹੀਂ ਆਪ ਲਿਖਣੋਂ ਨਹੀਂ ਰੁਕੇ। ਇਸ ਅਨੋਖੇ ਅਨੁਭਵ ਦੀ ਪੁਸ਼ਟੀ ਖੁਦ ਭਾਈ ਸਾਹਿਬ ਨੇ ਬਿਆਨ ਕੀਤੀ ਹੈ, "ਕਵਿਤਾ ਉਤਰੀ ਜਾਏ, ਮੈਂ ਦਬਾਦਬ ਲਿਖੀ ਜਾਵਾਂ। ਬੜੀ ਰਾਤ ਭਰ ਤਕ ਮੇਰੇ ਮਨਮੁੱਖ ਲਾਲਟੈਣ ਜਗਦੀ ਹੀ ਰਹਿੰਦੀ ਸੀ। ਆਤਮ-ਲਿਵ-ਰੰਗਾਂ ਵਿਚ ਦਰਸ-ਵੈਰਾਗ-ਤਰੰਗਾਂ ਵਿਚ ਜਿਉਂ ਲਿਖਣ ਬੈਠਾ ਕਿ ਸਤ ਦਿਨ ਸਤ ਰਾਤਾਂ ਲਗਾਤਾਰ ਲਿਖੀ ਹੀ ਗਇਆ ਵੇਗ ਠੱਲੇ ਨਾ ਅਤੇ ਮੈਂ ਲਿਖਣੋਂ ਨਾ ਹਟਾਂ। ਕੁਦਰਤ ਐਸੀ ਹੋਈ ਕਿ ਏਹਨਾਂ ਸਤ ਦਿਨ ਰਾਤਾਂ ਅੰਦਰਿ ਨਾ ਕੋਈ ਰੌਂਦ ਉੱਤੇ ਆਇਆ, ਨਾ ਦਿਨੇ ਨਾ ਦਿਨੇ ਹੀ ਕਿਸੇ ਜੇਲ੍ਹ ਅਫ਼ਸਰ, ਜੇਲ੍ਹ-ਵਿਜ਼ੀਟਰ ਨੇ ਫੇਰੀ ਪਾਈ। ਜਦ ਤਾਈਂ ਆਪੇ ਠਲ੍ਹ, ਨਾ ਪਈ ਮੈਂ ਲਿਖਣੋਂ ਨਾ ਹਟਿਆ। ਇਸ ਲਿਖਤ ਲਿਖਾਈ ਵਿਚ ਜੋ ਕੁਛ ਮੇਰੀ ਅੰਤਰਿ-ਆਤਮੇ ਦਸ਼ਾ ਹੋਈ ਸੋ ਇਸੇ ਲਿਖਤ ਤੋਂ ਹੀ ਨਿਰੂਪਨ ਹੈ।"[92]

ਇਹ ਸਾਰੀ ਕਵਿਤਾ ਭਾਈ ਸਾਹਿਬ ਦੀ ਰਚਨਾ, *'ਜੋਤਿ ਵਿਗਾਸ'* ਵਿਚ ਦਰਜ਼ ਹੈ। ਭਾਈ ਸਾਹਿਬ ਨੇ *'ਜੋਤਿ ਵਿਗਾਸ'* ਪੁਸਤਕ ਦੀ ਉਥਾਨਕਾ ਆਪ ਲਿਖੀ ਹੈ। ਇਸ ਕਵਿਤਾ ਦੀਆਂ ਕੁਲ ਤੁਕਾਂ ਦੀ ਗਿਣਤੀ 2987 ਹੈ। ਸਾਰੀ ਕਵਿਤਾ ਇਕੋ ਹੀ ਹੈ। ਜੋ ਪ੍ਰਕਰਣ ਜਾਂ ਪ੍ਰਸੰਗ ਇਸ ਵਿਚ ਦਰਜ਼ ਕੀਤੇ ਗਏ ਹਨ, ਉਹਨ੍ਹਾਂ ਦੇ ਸਿਰਲੇਖ ਨਾਲੋ ਨਾਲ ਕਵਿਤਾ ਦੇ ਖੱਬੇ ਪਾਸੇ ਵੱਖਰੇ ਹਾਸ਼ੀਏ ਵਿਚ ਭਾਈ ਸਾਹਿਬ ਨੇ ਆਪ ਲਿਖੇ ਹਨ।

ਗਿਆਨੀ ਨਾਹਰ ਸਿੰਘ ਅਨੁਸਾਰ, "ਜੋਤਿ ਵਿਗਾਸ ਉੱਚ ਪ੍ਰਮਾਰਥੀ ਰੰਗਾਂ ਵਾਲੀ ਸਾਧ ਕਵਿਤਾ ਹੈ, ਜਿਸ ਵਿਚ ਇਸ ਦੇ ਕਰਤਾ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਨਾਮ ਬਾਣੀ ਦੇ ਪ੍ਰਤਾਪ ਕਰਕੇ ਜੋ ਉੱਚ ਆਤਮਕ ਨਜ਼ਾਰੇ ਪੇਖੇ ਜੋ, ਗੁਰਮਤਿ ਦੇ ਗੁੱਝੇ ਭੇਤ ਉਹਨਾਂ ਦੇ ਤਜ਼ਰਬੇ ਵਿਚ ਆਏ- ਉਹਨਾਂ ਨੂੰ ਪ੍ਰੇਮ ਰੰਗਣ ਵਿਚ ਰੰਗੀਜ ਕੇ ਬੜੇ ਅਧਿਭੁਤ ਸ਼ਬਦਾਂ ਵਾਲੀ ਕਵਿਤਾ ਦੁਆਰਾ ਪ੍ਰਗਟ ਕੀਤਾ ਹੈ।"[93]

ਨਾਗਪੁਰ ਜੇਲ੍ਹ ਤੋਂ ਆਪ ਨੂੰ ਸੈਂਟਰਲ ਜੇਲ੍ਹ ਲਾਹੌਰ ਲਿਜਾਣ ਦਾ ਹੁਕਮ ਆ ਗਿਆ, ਛੇਤੀ ਹੀ ਤਿਆਰੀਆਂ ਹੋ ਗਈਆਂ। ਲਾਹੌਰ ਜੇਲ੍ਹ ਪਹੁੰਚਣ ਤੇ ਸੁਪਰਡੈਂਟ ਮਿਸਟਰ ਚੋਪੜਾ ਨੇ ਖਾਲਸਾਈ ਬਸਤਰ ਤੇ ਪ੍ਰਸ਼ਾਦਾ ਸਜਾਉਣ ਦੀ ਇਜ਼ਾਜਤ ਦੇ ਦਿੱਤੀ ਅਤੇ ਭਾਈ ਚੂਹੜ ਸਿੰਘ ਨਾਲ ਵੀ ਪਹਿਲੀ ਵਾਰ ਮੁਲਾਕਾਤ

---

[92] *ਉਹੀ,* ਪੰ. *ਉਹੀ* ।

[93] ਗਿਆਨੀ ਨਾਹਰ ਸਿੰਘ, ਜਾਣ ਪਛਾਣ, *ਜੋਤਿ ਵਿਗਾਸ,* ਪੰ. 29.

ਕਰਾਈ।[94] ਇਥੇ ਅਨੇਕਾਂ ਪੁਰਾਣੇ ਅਕਾਲੀ ਸਾਥੀ ਕੈਦੀ ਮਿਲੇ। ਜੇਲ੍ਹ ਦਾ ਦਰੋਗਾ ਖਾਨ ਸਾਹਿਬ ਤਾਂ ਆਪ ਦਾ ਪੁੱਜ ਕੇ ਸਤਿਕਾਰ ਕਰਦਾ ਸੀ।

**ਲਾਹੌਰ ਜੇਲ੍ਹ ਅੰਦਰ ਭਗਤ ਸਿੰਘ ਨਾਲ ਮੁਲਾਕਾਤ ਅਤੇ ਰਿਹਾਈ :** 04 ਅਕਤੂਬਰ 1930 ਈ. ਨੂੰ ਆਪ ਦੀ ਬਿਨਾ ਸ਼ਰਤ ਰਿਹਾਈ ਦਾ ਹੁਕਮ ਆ ਗਿਆ। ਜਿਸ ਸੰਬੰਧੀ ਭਾਈ ਸਾਹਿਬ ਲਿਖਦੇ ਹਨ, "ਅਸੀਂ ਕੋਠੀ ਵਿੱਚ ਅੰਦਰ ਬੈਠੇ ਅਨੰਦ ਮਾਣ ਰਹੇ ਸਾਂ। ਕੀ ਦੇਖਦੇ ਹਾਂ ਕਿ ਕਈ ਦੇਸ਼ ਭਗਤ ਵੀਰ ਵਾਹੋ ਦਾਹ ਭੱਜੇ ਚੱਲੇ ਆ ਰਹੇ ਹਨ। ਸਭ ਤੋਂ ਪਹਿਲੋਂ ਅਤੇ ਮੂਹਰੇ ਆ ਕੇ ਵੀਰ ਗੱਜਨ ਸਿੰਘ (ਮਾਸਟਰ) ਨੇ ਆਣ ਵਧਾਈਆਂ ਸੁਣਾਈਆਂ ਤੇ ਕਹਿਣ ਲੱਗਾ- 'ਭਾਈ ਸਾਹਿਬ! ਤੁਹਾਡੀ ਰਿਹਾਈ ਦਾ ਪਰਵਾਨਾ ਆ ਗਿਆ, ਚਲੋ, ਉਠੋ ਤਿਆਰ ਹੋ ਜਾਓ।' ਇਕ ਆਨ ਵਿਚ ਸਾਰੇ ਦੇਸ਼ ਭਗਤ ਭਰਾ ਮੇਰੇ ਇਰਦ-ਗਿਰਦ ਆਣ ਇੱਕਠੇ ਹੋਏ, ਪਰਵਾਨਾ ਪੜ੍ਹ ਪੜ੍ਹ ਮੈਨੂੰ ਸੁਣਾਉਣ ਅਤੇ ਗਦ-ਗਦ ਹੋ ਜਾਣ।"[95]

ਭਾਈ ਸਾਹਿਬ ਨੂੰ ਕਰੀਬ ਸੋਲਾਂ ਸਾਲਾਂ ਬਾਅਦ ਰਿਹਾ ਹੋ ਕੇ ਘਰ ਜਾਣ ਦੀ ਇਤਨੀ ਖੁਸ਼ੀ ਨਹੀਂ ਸੀ ਜਿਤਨਾ ਕਿ ਸਾਥੀ ਸੱਜਣਾਂ ਤੋਂ ਵਿਛੋੜੇ ਦਾ ਦੁੱਖ ਸੀ। ਪਰ ਸਭ ਨੇ ਆਪ ਨੂੰ ਤਿਆਰ ਕਰ ਹੀ ਦਿਤਾ। ਜਿਸ ਦਿਨ ਆਪ ਲਾਹੌਰ ਜੇਲ੍ਹ ਆਏ, ਉਦੋਂ ਤੋਂ ਹੀ ਸ੍ਰ. ਭਗਤ ਸਿੰਘ ਵੀ ਆਪ ਨਾਲ ਮੁਲਾਕਾਤ ਕਰਨ ਲਈ ਬੜਾ ਉਤਸੁਕ ਸੀ। ਭਗਤ ਸਿੰਘ ਨੇ ਬਾਬਾ ਚੂਹੜ ਸਿੰਘ ਰਾਹੀਂ ਸੁਨੇਹਾ ਵੀ ਭੇਜਿਆ ਪਰ ਭਾਈ ਸਾਹਿਬ ਨੇ ਉਸਦੇ ਕੇਸ ਕਟੇ ਹੋਣ ਕਾਰਨ ਜਵਾਬ ਦੇ ਦਿੱਤਾ। ਇਹ ਸੁਣ ਕੇ ਉਹ ਰੋ ਪਿਆ ਅਤੇ ਬਾਬਾ ਚੂਹੜ ਸਿੰਘ ਹੱਥ ਸੁਨੇਹਾ ਭੇਜਿਆ ਕਿ ਉਹ ਜੋ ਕਹਿਣਗੇ ਮੈਂ ਮੰਨਾਂਗਾ ਪਰ ਉਹ ਮਿਲਣ ਜਰੂਰ।[96]

ਦਰੋਗੇ ਨੇ ਆਪ ਦੀ ਭਗਤ ਸਿੰਘ ਨਾਲ 04 ਅਕਤੂਬਰ 1930 ਈ. ਨੂੰ ਸ਼ਾਮ ਛੇ ਵਜੇ ਦੇ ਕਰੀਬ ਮੁਲਾਕਾਤ ਕਰਵਾ ਦਿੱਤੀ। ਭਗਤ ਸਿੰਘ ਗਦ-ਗਦ ਹੋ ਕੇ ਕਹਿਣ ਲੱਗਾ, "ਅੱਜ ਮੇਰੀਆਂ ਖੁਸ਼ੀਆਂ ਦੀ ਹੱਦ ਕੋਈ ਨਹੀਂ ਰਹੀ, ਮੇਰੇ ਦਿਲ ਵਿੱਚ ਏਹ ਤਾਂਘ ਦਿਨ ਰਾਤ ਰਹਿੰਦੀ ਸੀ ਕਿ ਕਿਵੇਂ ਅਤੇ ਕਦੋਂ ਆਪ ਦੇ ਦਰਸ਼ਨ ਨਸੀਬ ਹੋਣ, ਸੋ ਅਜ ਇਹ ਭਾਗਾਂ ਭਰੀ ਘੜੀ ਹੈ ਕਿ ਮੇਰੀ ਆਸਾਂ ਪੂਰੀਆਂ ਹੋਈਆਂ। ਮੈਂ ਆਪ ਦਾ ਜੀਵਨ ਅਤੇ ਆਪ ਦੀਆਂ ਜੇਲ੍ਹ ਕਰੜਾਈਆਂ ਦੀਆਂ ਘਾਲਾਂ ਸੁਣ-ਸੁਣ ਕੇ ਹੀ ਆਪ ਦਾ ਪ੍ਰੇਮ-ਸ਼ੈਦਾਈ ਹੋ ਗਿਆ ਸੀ। 1914-15 ਵਾਲਿਆਂ ਦੀ ਦੇਸ਼ ਭਗਤੀ ਦੀ ਸੱਚੀ-ਸੁੱਚੀ ਨਜ਼ੀਰ ਨੇ ਮੇਰੇ ਵਰਗੇ ਨਾਚੀਜ਼ ਪੁਰਸ਼ਾਂ ਨੂੰ ਕੌਮੀ

---

[94] ਭਾਈ ਰਣਧੀਰ ਸਿੰਘ, *ਉਪਰੋਕਤ,* ਪੰ. 438.

[95] *ਉਹੀ,* ਪੰ. 447.

[96] *ਉਹੀ,* ਪੰ. 445 ਦੇ ਹੇਠਾਂ ਭਾਈ ਰਣਧੀਰ ਸਿੰਘ ਦੁਆਰਾ ਦਿੱਤਾ ਫੁੱਟਨੋਟ।

ਭਗਤੀ ਦੀ ਹੁੱਬ ਲਈ ਉਬਾਰਿਆ ਹੈ। ਜੋ ਜੋ ਘਾਲਾ ਆਪ ਸੱਜਣਾਂ ਨੇ ਘਾਲੀਆਂ ਹਨ, ਉਸ ਦੇ ਮੁਕਾਬਲੇ ਮੈਂ ਜਿਹਾਂ ਦੀਆਂ ਕਰਨੀਆਂ ਤਾਂ ਐਂਵੇ ਤੁੱਛ ਮਾਤਰ ਹੀ ਹਨ। ਮੇਰੇ ਹਿਰਦੇ ਉਤੇ ਆਪ ਦੇ ਜੀਵਨ ਦਾ ਅਸਰ ਖ਼ਾਸ ਖਸੂਸੀਅਤ ਨਾਲ ਅਸਰ ਪਜ਼ੀਰ ਹੋਇਆ ਹੈ। ਆਪ ਨੂੰ ਸ਼ਾਇਦ ਮੁਨਸ਼ੀ ਮੰਨਾ ਸਿੰਘ ਨੇ ਦੱਸਿਆ ਹੀ ਹੋਣਾ ਹੈ ਕਿ ਕਿਸ ਇਸ਼ਤਿਆਕ ਨਾਲ ਮੈਂ ਮਹੀਨਿਆਂ ਬੱਧੀ ਆਪ ਨੂੰ ਯਾਦ ਕਰਦਾ ਰਿਹਾ ਹਾਂ। ਮੈਂ ਸਾਫ ਕਹਾਂਗਾ ਕਿ ਮੇਰੀ ਖਿੱਚ ਨੇ ਹੀ ਆਪ ਨੂੰ ਖਿੱਚ ਕੇ ਇਸ ਜੇਲ੍ਹ ਵਿੱਚ ਮੁੜ ਸੋਲਾਂ ਸਾਲਾਂ ਪਿਛੋਂ ਲੈ ਆਂਦਾ ਹੈ। ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸ਼ਾ ਭੇਜਿਆ ਸੀ, ਉਸ ਸੰਦੇਸ਼ ਦੇ ਉੱਤਰ ਵਿੱਚ ਜੋ ਆਪ ਦਾ ਹੁਕਮਨਾਮਾ ਕੇਸ ਦਾੜ੍ਹੀ ਰੱਖਣ ਦਾ ਪੁੱਜਾ ਸੀ, ਸੋ ਦਾਸ ਹਿਤੋਂ ਚਿਤੋਂ ਕਮਾਉਣ ਨੂੰ ਤਿਆਰ ਹੈ। ਆਪ ਦੇ ਅੱਗੇ ਬੜਾ ਸ਼ਰਮਸਾਰ ਭੀ ਹਾਂ ਅਤੇ ਨਿਝੱਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਛ ਕੇਸ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜ਼ਬੂਰਨ ਕਰ ਬੈਠਾ ਹਾਂ।"[97]

ਭਗਤ ਸਿੰਘ ਨੇ ਹੋਰ ਕਈ ਗੱਲਾਂ ਵੀ ਕੀਤੀਆਂ। ਭਾਈ ਸਾਹਿਬ ਦੇ ਵਿਚਾਰਾਂ ਤੋਂ ਉਹ ਅਜਿਹਾ ਪ੍ਰਭਾਵਿਤ ਹੋਇਆ ਕਿ ਉਸ ਦੇ ਨਾਸਤਕਾਂ ਵਾਲੇ ਵਿਚਾਰ ਉੱਡ ਗਏ। ਉਸਨੂੰ ਹੁਣ ਪੱਕਾ ਯਕੀਨ ਹੋ ਗਿਆ ਕਿ ਉਹ ਮਰੇਗਾ ਨਹੀਂ ਅਤੇ ਇਹ ਵੀ ਕਿ ਰੱਬ ਹੈ ਅਤੇ ਉਸ ਰੱਬ ਨੂੰ ਆਪ ਨੇ ਅੱਖੀਂ ਵੇਖਿਆ ਹੈ। ਉਸ ਨੇ ਕੇਸ ਦਾੜ੍ਹਾ ਰੱਖਣ ਦਾ ਭਰੋਸਾ ਦਿਵਾਇਆ।[98]

ਇਸ ਮੁਲਾਕਾਤ ਪਿੱਛੋਂ ਕਾਫੀ ਹਨੇਰਾ ਹੋ ਗਿਆ ਅਤੇ ਆਪ ਨੂੰ ਰਿਹਾਈ ਵਾਲੇ ਦਫ਼ਤਰ ਲਿਜਾਇਆ ਗਿਆ ਤੇ ਬਿਨਾਂ ਸ਼ਰਤ ਰਿਹਾ ਕਰਕੇ ਤੋਰ ਦਿੱਤਾ ਗਿਆ। ਰਾਤ ਨੂੰ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚੇ। ਲੁਧਿਆਣਾ ਪਹੁੰਚ ਕੇ ਬੜਾ ਯਤਨ ਕੀਤਾ ਕਿ ਕਿਸੇ ਨੂੰ ਖਬਰ ਨਾ ਲੱਗੇ ਪਰ ਪੁਰਾਣੇ ਸੱਜਣਾਂ ਨੇ ਪਛਾਣ ਹੀ ਲਿਆ ਅਤੇ ਕਾਰ ਉੱਤੇ ਚੜ੍ਹਾ ਕੇ ਲੈ ਤੁਰੇ। ਸਾਰੇ ਪਾਸੇ ਆਪ ਦੀ ਰਿਹਾਈ ਦੀਆਂ ਖਬਰਾਂ ਫੈਲ ਗਈਆਂ। ਭਾਰੀ ਸੰਗਤਾਂ ਦੇ ਇਕੱਠ ਨਾਲ ਆਪ ਪਿੰਡ ਨਾਰੰਗਵਾਲ ਪਹੁੰਚੇ। ਪਿੰਡ ਦੀ ਸੰਗਤ ਸ਼ਬਦ ਪੜ੍ਹਨ ਲੱਗੀ ਆਪ ਵੀ ਨਾਲ ਹੀ ਹੋ ਤੁਰੇ। ਦੂਰ-ਦੂਰ ਤਕ ਅਤੇ ਮਕਾਨਾਂ ਦੀਆਂ ਛੱਤਾਂ ਉੱਪਰ ਵੀ ਸੰਗਤ ਹੀ ਨਜ਼ਰ

---

97 *ਉਹੀ,* ਪੰ. 450.

98 *ਉਹੀ,* ਪੰ. 456.

ਆ ਰਹੀ ਸੀ। 05 ਅਕਤੂਬਰ 1930 ਈ. ਨੂੰ ਆਪ ਦੇ ਘਰ ਪਰਤਣ ਨਾਲ ਵਿਹੜੇ ਵਿਚ ਰੌਣਕਾਂ ਲੱਗ ਗਈਆਂ। ਆਪ ਦੀ ਪਤਨੀ ਤੇ ਪਰਿਵਾਰ ਵਾਲਿਆਂ ਦੀਆਂ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ।

1930 ਈ. ਵਿਚ ਰਿਹਾਈ ਪਿਛੋਂ ਸਾਲ ਭਰ ਤਾਂ ਮਿਲਣ ਵਾਲਿਆਂ ਸੱਜਣਾਂ ਦਾ ਤਾਂਤਾ ਹੀ ਬੱਝਾ ਰਿਹਾ। ਘਰ ਆਉਣ ਤੋਂ ਕੁਝ ਮਹੀਨੇ ਬਾਦ ਆਪ ਸਭ ਤੋਂ ਪਹਿਲਾਂ ਬੋਪਾਰਾਇ ਜ਼ਿਲਾ ਲੁਧਿਆਣੇ ਦੇ ਦੀਵਾਨ ਵਿਚ ਸ਼ਾਮਿਲ ਹੋਏ। ਆਪ ਦੇ ਰਿਹਾ ਹੋਣ ਦੀ ਖੁਸ਼ੀ ਦੇਸ਼-ਪ੍ਰਦੇਸ ਵਿਚ ਸਭ ਥਾਂ ਸੰਗਤਾਂ ਵੱਲੋਂ ਉਤਸ਼ਾਹ ਪੂਰਵਕ ਪ੍ਰਗਟ ਕੀਤੀ ਗਈ, ਥਾਂ-ਥਾਂ ਤੇ ਮਤੇ ਪਾਸ ਹੋਏ। ਮਾਲਵਾ ਸੁਧਾਰ ਸੁਸਾਇਟੀ, ਸਟਾਕਟਨ; ਯੂਨਾਈਟਿਡ ਸਟੇਟਸ ਅਮਰੀਕਾ; ਮਾਲਵਾ ਸੁਧਾਰ ਸੁਸਾਇਟੀ, ਵੈਨਕੋਵਰ, ਕੈਨੇਡਾ; ਖਾਲਸਾ ਦੀਵਾਨ ਸੁਸਾਇਟੀ, ਵੈਨਕੋਵਰ, ਕੈਨੇਡਾ ਵਲੋਂ ਮਾਨ ਪੱਤਰ, ਸਿਰਪਾਓ ਤੇ ਮਾਇਆ ਦੀਆਂ ਥੈਲੀਆਂ ਭੇਜੀਆਂ ਗਈਆਂ।[99]

**ਜੇਲ੍ਹ ਯਾਤਰਾ ਪਿੱਛੋਂ ਦਾ ਜੀਵਨ** : 15 ਸਤੰਬਰ ਨੂੰ ਆਪ 150 ਦੀ ਸੰਗਤ ਦੇ ਜੱਥੇ ਸਮੇਤ ਸ੍ਰੀ ਅੰਮ੍ਰਿਤਸਰ ਪਹੁੰਚੇ। ਸ੍ਰੀ ਦਰਬਾਰ ਸਾਹਿਬ ਕਮੇਟੀ ਵਲੋਂ ਖੂਬ ਸੁਆਗਤ ਹੋਇਆ। ਸ਼ਾਮ ਨੂੰ ਰਹਿਰਾਸ ਦੇ ਪਾਠ ਪਿਛੋਂ ਸ੍ਰੀ ਅਕਾਲ ਤਖਤ ਸਾਹਿਬ ਦੀਵਾਨ ਸਜਿਆ ਤੇ ਆਪ ਨੂੰ ਤਖਤ ਸਾਹਿਬ ਵਲੋਂ ਇਕ ਸ੍ਰੀ ਸਾਹਿਬ, ਸਿਰਪਾਓ ਤੇ ਹੁਕਮਨਾਮੇ ਦੀ ਬਖਸ਼ੀਸ ਹੋਈ।[100] 16 ਸਤੰਬਰ ਨੂੰ ਆਪ ਤਰਨ ਤਾਰਨ ਪਹੁੰਚੇ, 17 ਸਤੰਬਰ 1931 ਈ. ਨੂੰ ਸ੍ਰੀ ਤਰਨ ਤਾਰਨ ਸਾਹਿਬ ਦੀ ਕਾਰ ਸੇਵਾ ਆਰੰਭ ਹੋਈ। ਇਸ ਸਮੇ ਆਪ ਕਾਰ ਸੇਵਾ ਦੀ ਆਰੰਭਕ ਰਸਮ ਸਮੇ ਟੱਕ ਲਾਉਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋਏ। 23 ਸਤੰਬਰ ਤਕ ਸ੍ਰੀ ਤਰਨ ਤਾਰਨ ਦੀ ਕਾਰ ਸੇਵਾ ਤੇ ਕੀਰਤਨ ਦੇ ਲਾਹੇ ਲੈਂਦੇ ਰਹੇ। 24 ਸਤੰਬਰ ਨੂੰ ਖਡੂਰ ਸਾਹਿਬ, 26 ਨੂੰ ਗੋਇੰਦਵਾਲ ਸਾਹਿਬ ਤੇ 27 ਸਤੰਬਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰਿਆਂ ਦੇ ਦਰਸ਼ਨ ਯਾਤਰਾ ਕਰਕੇ ਪਿੰਡ ਨਾਰੰਗਵਾਲ ਪਹੁੰਚੇ।

14 ਅਕਤੂਬਰ 1932 ਈ. ਨੂੰ ਜਦੋਂ ਸ੍ਰੀ ਪੰਜਾ ਸਾਹਿਬ ਦੇ ਗੁਰਦੁਆਰੇ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਤਾਂ ਆਪ ਪੰਜਾਂ ਪਿਆਰਿਆਂ ਦੇ ਉਸ ਸਮੇਂ ਜਥੇਦਾਰ ਸਨ। ਇਥੋਂ ਅਗਲੇ ਦਿਨ

---

[99] *ਉਹੀ,* ਪੰ. 501.

[100] *ਉਹੀ,* ਪੰ. *ਉਹੀ* ।

ਭਾਈ ਸਾਹਿਬ 1905 ਈ. ਤੋਂ ਬਾਅਦ 27 ਸਾਲ ਪਿੱਛੋਂ ਫਿਰ ਐਬਟਾਬਾਦ ਗਏ।[101] ਦਸੰਬਰ 1933 ਈ. ਦੇ ਅਖੀਰੀ ਹਫਤੇ ਵਿਚ ਆਪ ਨੇ ਆਪਣੇ ਪੁੱਤਰ ਅਤੇ ਪੁੱਤਰੀ ਦੇ ਅਨੰਦ ਕਾਰਜ ਕੀਤੇ। ਨਵੰਬਰ 1934 ਈ. ਵਿਚ ਗੁਰਪੁਰਬ ਪੂਰਨਮਾਸ਼ੀ ਨੂੰ ਆਪ ਨਨਕਾਣਾ ਸਾਹਿਬ ਦੇ ਸ਼ਹੀਦ ਗੰਜ ਦੇ ਨੀਂਹ ਪੱਥਰ ਰੱਖਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਏ। ਫਿਰ 26 ਦਸੰਬਰ 1934 ਈ. ਨੂੰ ਜਥੇ ਸਮੇਤ ਗੁਰਦੁਆਰਾ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਰਵਾਨਾ ਹੋਏ। 26 ਦਸੰਬਰ ਤੋਂ 31 ਦਸੰਬਰ ਤਕ ਆਪ ਨੇ ਦਿੱਲੀ ਗੁਰਦੁਆਰਿਆਂ ਦੀ ਖੂਬ ਪ੍ਰੇਮ ਨਾਲ ਯਾਤਰਾ ਕੀਤੀ। 31 ਦਸੰਬਰ ਨੂੰ ਆਪ ਜਥੇ ਸਮੇਤ ਆਗਰਾ ਪਹੁੰਚੇ।[102]

2 ਜਨਵਰੀ 1935 ਈ. ਨੂੰ ਗਵਾਲੀਅਰ ਦੇ ਪੀਰ ਬੰਦੀ ਛੋੜ ਗੁਰਦੁਆਰੇ ਦੀ ਯਾਤਰਾ ਅਤੇ 12 ਜਨਵਰੀ 1935 ਈ. ਤਕ ਸ੍ਰੀ ਹਜ਼ੂਰ ਸਾਹਿਬ ਦੇ ਗੁਰ-ਅਸਥਾਨਾਂ ਦੀ ਯਾਤਰਾ ਕੀਤੀ। ਫਿਰ 17 ਮਾਰਚ 1938 ਈ. ਨੂੰ ਹੋਲੇ ਮੁਹੱਲੇ ਵਾਲੇ ਦਿਨ ਪਾਉਂਟਾ ਸਾਹਿਬ ਦੀ ਯਾਤਰਾ ਕੀਤੀ। ਇਸੇ ਤਰਾਂ ਰਾਵਲਪਿੰਡੀ, ਸਿਆਲਕੋਟ, ਮਿੰਟਗੁਮਰੀ, ਕਰਾਚੀ, ਸ੍ਰੀ ਕਰਤਾਰਪੁਰ ਸਾਹਿਬ, ਦਿੱਲੀ, ਜਲੰਧਰ, ਜਮਸ਼ੇਦਪੁਰ, ਕਲਕੱਤਾ, ਬੰਬਈ ਆਦਿ ਥਾਵਾਂ ਤੇ ਕਈ ਵਾਰ ਜਾ ਕੇ ਕੀਰਤਨ ਦਾ ਅਨੰਦ ਲਾਹਾ ਲੈਂਦੇ ਰਹੇ।[103] ਇਸ ਦੇ ਨਾਲ ਹੀ ਧਾਰਮਿਕ ਸਾਹਿਤ ਰਚਨਾ ਵੀ ਜਾਰੀ ਰਹੀ।

**ਭਾਈ ਸਾਹਿਬ ਦੇ ਜਥੇ ਦੇ ਸਾਥੀ ਸਿੰਘਾਂ ਨਾਲ ਮਾਣੇ ਅਨੁਭਵ** : ਆਪਣੇ ਜੀਵਨ-ਕਾਲ ਦੌਰਾਨ ਭਾਈ ਸਾਹਿਬ ਨੇ ਸਾਥੀ ਸਿੰਘਾਂ ਨਾਲ ਮਾਣੇ ਅਨੁਭਵ ਵੀ ਕਈ ਵਾਰ ਬਿਆਨੇ ਹਨ। ਇਹ ਅਨੁਭਵ ਵੀ ਦਿਲਚਸਪੀ ਭਰਪੂਰ ਹਨ। ਭਾਈ ਸਾਹਿਬ ਦੇ ਇਕ ਸਾਥੀ ਹਰਿਬਚਨ ਸਿੰਘ ਦੀ ਤਾਂ ਅੰਮ੍ਰਿਤ ਛਕਣ ਸਾਰ ਹੀ ਕਾਇਆ ਪਲਟ ਗਈ ਸੀ। ਅਖੰਡ ਪਾਠ ਸਾਹਿਬ ਆਰੰਭ ਹੋਣ ਪਿੱਛੋਂ ਤੀਜੇ ਦਿਨ ਭੋਗ ਵੀ ਪੈ ਗਿਆ ਪਰ ਉਸ ਦੀ ਸਮਾਧੀ ਲਗਾਤਾਰ ਲੱਗੀ ਹੀ ਰਹੀ। ਭੋਗ ਉਪਰੰਤ ਜਥਾ ਕੀਰਤਨ ਕਰ ਰਿਹਾ ਸੀ ਤਾਂ ਹਰਿਬਚਨ ਸਿੰਘ ਅਚਾਨਕ ਸਾਰੀ ਸੰਗਤ ਦੇ ਪਿੱਛੋਂ ਉੱਡ ਕੇ ਅੱਗੇ ਆ ਗਿਆ। ਭਾਈ ਸਾਹਿਬ ਇਹ ਅਨੋਖਾ ਅਨੁਭਵ ਲਿਖਦੇ ਹਨ ਕਿ ਉਹ, "ਬੈਠਾ ਬੈਠਾ (ਪਿਛਲਵਾੜੇ) ਉਡ ਕੇ ਡੰਡਉਤ ਪਰਨੇ ਹੋ ਕੇ, ਵਿਚਕਾਰ ਬੈਠੀ ਸਾਰੀ ਸੰਗਤ ਦੇ

---

101 *ਉਹੀ,* ਪੰ. 502.

102 *ਉਹੀ,* ਪੰ. 503.

103 *ਉਹੀ,* ਪੰਨੇ 503-504.

ਸੀਸਾਂ ਉਪਰ ਦੀ ਤਰਦਾ ਹੋਇਆ, ਇਕੋ ਸੇਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਕਟ ਹਜ਼ੂਰੀ ਵਿਚ, ਸਨਮੁਖ ਹੋ ਕੇ ਮਸਤਕ ਪਰਨੇ ਆਇ ਉਮਡ ਆਇਆ... ਮਸਤਕ ਸਰਣ ਹਜ਼ੂਰੀ ਦੀ ਧੂੜੀ ਵਿਚ ਸਥਿਤ ਹੋਇਆ ਹੋਇਆ ਤੇ ਹੋਰ ਸਾਰਾ ਸਰੀਰ ਡੰਡਵਤੀ ਲੰਬਾਣ ਵਿਚ ਧਰਤੀਓ ਉਪਰ ਹੀ ਉਪਰ ਅਜਬ ਉਡਾਣ ਵਿਚ ਲਹਿਰੇ ਲਵੇ।"[104]

ਇਧਰ ਕੀਰਤਨ ਨਾ ਠੱਲ੍ਹੇ ਉਧਰ ਇਹ ਦ੍ਰਿਸ਼ ਨ ਹਿੱਲੇ। ਇਸ ਅਨੋਖੇ ਦ੍ਰਿਸ਼ ਨੂੰ ਵੇਖ-ਵੇਖ ਕੇ ਸਾਰੇ ਲੋਕ ਚਕ੍ਰਿਤ ਹੋ ਰਹੇ ਸਨ। ਕੀਰਤਨ ਦੀ ਸਮਾਪਤੀ ਹੋਣ ਉਪਰੰਤ ਹਰਿਬਚਨ ਸਿੰਘ ਦਾ ਧਰਤੀ ਨਾਲ ਜੁੜਿਆ ਸਿਰ ਉਪਰ ਸਿਧਾ ਖੜਾ ਹੋਇਆ ਅਤੇ ਹਵਾ ਵਿਚ ਲਹਿਰੇ ਮਾਰਦਾ ਸਾਰਾ ਧੜ ਮੁੜ ਧਰਤੀ ਨਾਲ ਆ ਲੱਗਾ। ਐਸੇ ਗੁਰਮੁਖ ਅਭਿਆਸੀ ਜਨਾਂ ਦੀ ਭਾਈ ਸਾਹਿਬ ਦੇ ਜਥੇ ਵਿਚ ਕੋਈ ਕਮੀ ਨਹੀਂ ਸੀ।

ਭਾਈ ਸਾਹਿਬ ਦੇ ਇਕ ਹੋਰ ਸਾਥੀ ਭਾਈ ਹੀਰਾ ਸਿੰਘ ਦਾਊਦਪੁਰੀਏ ਬੜੇ ਉੱਤਮ ਅਤੇ ਸ਼ੁੱਧ ਅਖੰਡ ਪਾਠੀ ਸਨ। ਇਕ ਦਿਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਆਰੰਭ ਕਰਨ ਹੀ ਲੱਗੇ ਸਨ ਕਿ ਉਨ੍ਹਾਂ ਅੰਦਰ ਅਗੰਮੀ ਝਰਨਾਹਟ ਛਿੜ ਗਈ। ਭਾਈ ਹੀਰਾ ਸਿੰਘ ਨੂੰ ਆਪਣੀ ਕੋਈ ਸੁੱਧ-ਬੁੱਧ ਨਾ ਰਹੀ। ਸਾਰਾ ਸਰੀਰ ਹਲਕਾ ਫੁਲਕਾ ਜਿਹਾ ਹੋ ਗਿਆ। ਭਾਈ ਰਣਧੀਰ ਸਿੰਘ ਅਨੁਸਾਰ, "ਸਹਿਜ ਸੁਭਾ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ।... ਸਣੇ ਸਣੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ-ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ।"[105] ਅਜਿਹੇ ਨਾਮ ਅਭਿਆਸੀ ਰੰਗੇ ਹੋਏ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰਿਆਂ ਵਿਚ ਸ਼ਾਮਿਲ ਕੀਤਾ ਜਾਂਦਾ ਸੀ।

ਅਜਿਹੇ ਇਕ ਹੋਰ ਸਾਥੀ ਭਾਈ ਗੁਰਬਖਸ ਸਿੰਘ ਕਮਾਲਪੁਰਾ ਦਾ ਜ਼ਿਕਰ ਵੀ ਭਾਈ ਸਾਹਿਬ ਨੇ ਕੀਤਾ ਹੈ। ਉਹਨਾਂ ਦਿਨਾਂ ਵਿਚ ਜਥੇ ਦੀ ਪੱਕੀ ਮਰਿਆਦਾ ਸੀ ਕਿ ਅੰਮ੍ਰਿਤ ਛੱਕਣ ਵਾਲੇ ਪ੍ਰਾਣੀਆਂ ਨੂੰ ਆਰੰਭ ਤੋਂ ਅੰਤ ਤਕ ਸਾਰਾ ਅਖੰਡ ਪਾਠ ਸੁਣਨਾ ਪੈਂਦਾ ਸੀ। ਅੰਮ੍ਰਿਤ ਛਕਣ ਸਾਰ ਹੀ ਭਾਈ ਗੁਰਬਖਸ ਸਿੰਘ ਦੀ

---

104 ਭਾਈ ਰਣਧੀਰ ਸਿੰਘ, *ਰੰਗਲੇ ਸੱਜਣ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004, ਪੰ. 107.

105 *ਉਹੀ,* ਪੰ. 82.

ਦਸ਼ਾ ਲੋਟ-ਪੋਟ ਹੋ ਗਈ। ਭਾਈ ਸਾਹਿਬ ਦੇ ਸ਼ਬਦਾਂ ਵਿਚ, "ਇਹ ਪਹਿਲਾ ਨਜ਼ਾਰਾ ਸੀ ਕਿ ਅੰਮ੍ਰਿਤ ਛਕਣਹਾਰ ਦੀ ਅਜਿਹੀ ਆਤਮ-ਕਲਾ ਪਰਤੱਖ ਪੇਖੀ ਗਈ।"[106]

ਇਸੇ ਤਰ੍ਹਾਂ ਆਪ ਦੇ ਸਾਥੀ ਭਾਈ ਆਤਮਾ ਸਿੰਘ ਮੋਗਾ ਨਿਵਾਸੀ ਜੀ ਦੀ ਭੋਜਨ ਛਕਦਿਆਂ ਐਸੀ ਸੁਰਤੀ-ਬਿਰਤੀ ਟਿਕੀ ਕਿ ਭੋਜਨ ਮੂੰਹ ਵਿਚ ਪਾਏ ਬਿਨਾਂ ਹੀ ਮਚਾਕੇ ਮਾਰੀ ਜਾਣ। ਜਦੋਂ ਇਹ ਵੇਖ ਕੇ ਭਾਈ ਜੋਗਿੰਦਰ ਸਿੰਘ ਨੇ ਭੋਜਨ ਛਕਾ ਰਹੀ ਆਪਣੀ ਪਤਨੀ ਹਰਬੰਸ ਕੌਰ( ਜੋ ਕਿ ਨਾਮ ਅਭਿਆਸੀ ਸੀ) ਨੂੰ ਪੁੱਛਿਆ ਤਾਂ ਉਸਦਾ ਉਤਰ ਸੀ, "ਹੈਰਾਨੀ ਵਾਲੀ ਕਿਹੜੀ ਗੱਲ ਹੈ, ਨਾਰੰਗਵਾਲ ਬੈਠੇ ਭਾਈ ਰਣਧੀਰ ਸਿੰਘ ਜੀ ਇਨ੍ਹਾਂ ਨੂੰ ਗੱਫੇ ਛਕਾ ਰਹੇ ਹਨ।"[107] ਇਹ ਗੱਲ ਸੁਣ ਕੇ ਜੋਗਿੰਦਰ ਸਿੰਘ ਨੇ ਉਹ ਵੇਲਾ ਨੋਟ ਕਰ ਲਿਆ। ਦੂਜੇ ਪਾਸੇ ਭਾਈ ਰਣਧੀਰ ਸਿੰਘ ਦੀ ਪਤਨੀ ਕਰਤਾਰ ਕੌਰ ਭਾਈ ਸਾਹਿਬ ਨੂੰ ਭੋਜਨ ਛਕਾ ਰਹੀ ਸੀ। ਆਪ ਇਕ ਦੋ ਗਰਾਹੀਆਂ ਛਕਣ ਪਿਛੋਂ ਐਵੇਂ ਖਾਲੀ ਮੂੰਹ ਹਿਲਾਈ ਜਾਣ। ਆਪ ਦੀ ਮਾਤਾ ਪੰਜਾਬ ਕੌਰ ਦੇ ਪੁੱਛਣ ਤੇ ਆਪ ਦੀ ਪਤਨੀ ਕਰਤਾਰ ਕੌਰ ਨੇ ਕਿਹਾ, "ਹੈਰਾਨੀ ਵਾਲੀ ਕਾਹਦੀ ਗੱਲ ਹੈ, ਇਹ ਤਾਂ ਇਸ ਸਮੇਂ ਆਪਣੇ ਸਰਬਲੋਹੀ-ਬਾਟੇ ਦੇ ਸਾਂਝੀਵਾਲ ਭਾਈ ਆਤਮਾ ਸਿੰਘ ਜੀ ਨੂੰ, ਜੋ ਪਟਿਆਲਾ ਵਿਖੇ ਸ: ਜੋਗਿੰਦਰ ਸਿੰਘ ਦੇ ਘਰ ਭੈਣ ਹਰਬੰਸ ਕੋਰ ਜੀ ਪਾਸ ਬੈਠੇ ਹਨ, ਗੱਫੇ ਛਕਾ ਰਹੇ ਹਨ।"[108] ਭਾਈ ਸਾਹਿਬ ਦੀ ਅੱਖ ਉਗੜੀ ਤਾਂ ਆਪ ਨੇ ਵੀ ਸਮਾਂ ਨੋਟ ਕਰ ਲਿਆ। ਕੁਝ ਦਿਨਾਂ ਪਿਛੋਂ ਇਹ ਸਾਰੇ ਜਣੇ ਨਾਰੰਗਵਾਲ ਇਕੱਠੇ ਹੋਏ ਅਤੇ ਦੋਹਾਂ ਪਾਸਿਆਂ ਦੀਆਂ ਘਟਨਾਵਾਂ ਜਦੋਂ ਮਿਲਾਈਆਂ ਗਈਆਂ ਤਾਂ ਮਿਲ ਗਈਆਂ।

ਭਾਈ ਸਾਹਿਬ ਦੀ ਧਾਰਮਿਕ ਸ਼ਖ਼ਸੀਅਤ ਦਾ ਆਪ ਦੀ ਪਤਨੀ ਕਰਤਾਰ ਕੌਰ ਉਤੇ ਵੀ ਗਹਿਰਾ ਪ੍ਰਭਾਵ ਸੀ। ਉਸ ਉਪਰ ਵੀ ਨਾਮ ਰੰਗ ਚੜ੍ਹਿਆ ਸੀ। ਇਕ ਵਾਰ ਭਾਈ ਸਾਹਿਬ ਹੋਰੀਂ ਚਾਰ ਜਣੇ ਪਿੰਡੋਂ ਬਾਹਰ ਮੱਲੇਆਣਾ ਢਾਬ ਦੇ ਕਿਨਾਰੇ ਨਾਮ ਸਮਾਧੀਆਂ ਵਿਚ ਜੁੜ ਗਏ। ਕਾਫੀ ਰਾਤ ਪਿੱਛੋਂ ਕਰਤਾਰ ਕੌਰ ਨੂੰ ਅੰਤਰ ਆਤਮੇ ਹੀ ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਦੀ ਲੱਗੀ ਸਮਾਧੀ ਦਾ ਫੁਰਨਾ ਆਇਆ। ਉਹ ਤੁਰੰਤ ਹੀ ਪਰਸ਼ਾਦੇ ਪਕਾ ਕੇ ਢਾਬ 'ਤੇ ਲੈ ਆਈ। ਇਹ ਵੇਖ ਕੇ ਭਾਈ ਸਰਵਣ ਸਿੰਘ ਨੇ ਕਿਹਾ, "ਮੈਨੂੰ ਕਈ ਵਾਰ ਇਸ ਸੂਖਸ਼ਮ ਹਉਮੈ ਦੇ ਫੁਰਨੇ ਫੁਰਿਆ ਕਰਦੇ ਸਨ ਕਿ ਮੇਰੇ ਹੀ ਕਪਾਟ ਖੁਲ੍ਹੇ ਹੋਏ ਹਨ... ਮੈ ਹੈਰਾਨ ਹਾਂ, ਅਤਿ ਅਸਚਰਜ ਹਾਂ ਕਿ ਕਿਵੇਂ ਬੇਬੇ ਜੀ ਨੂੰ, ਸਾਡੇ ਏਥੇ ਬੈਠਿਆਂ ਦੀ ਸੂਝ ਬੂਝ, ਇਕ ਮੀਲ ਤੋਂ ਘਰ

106 *ਉਹੀ,* ਪੰ. 117.

107 *ਉਹੀ,* ਪੰ. 78.

108 *ਉਹੀ,* ਪੰ. *ਉਹੀ* ।

ਬੈਠੀ ਨੂੰ ਹੋ ਗਈ! ਫੇਰ ਦੂਰ ਬੈਠੀ ਨੇ ਇਹ ਗੱਲ ਜਾਂਚ ਲਈ ਕਿ ਅਸੀਂ ਪਰਸ਼ਾਦਾ ਛਕਣ ਵਾਲੇ ਚਾਰ ਪੁਰਸ਼ ਹਾਂ! ਚਾਰ ਬਾਟੇ ਲੈ ਆਈ ਅਤੇ ਚੌਵਾਂ ਦੇ ਰੱਜਣ ਜੋਗੇ ਗੱਫੇ ਲੈ ਆਈ!"[109]

ਭਾਈ ਸਰਵਣ ਸਿੰਘ ਦੀ ਆਤਮ ਬਿਰਤੀ ਸੰਬੰਧੀ ਵੀ ਭਾਈ ਸਾਹਿਬ ਦੱਸਦੇ ਹਨ ਕਿ ਆਪ ਨੇ, "ਕੀਰਤਨ ਕਰਦੇ ਕਰਦੇ, ਅਭਿਆਸ ਵਿਚ ਮਸਤ ਹੋ ਕੇ ਦਸਵੇਂ ਦੁਆਰ ਜਾ ਚੜ੍ਹਨਾ। ਦਸਵੇਂ ਦੁਆਰ ਜਾ ਚੜ੍ਹਨ ਦੀ ਕੜੱਕ ਕਰ ਕੇ ਅਵਾਜ਼ ਆਉਣੀ। ਫੇਰ ਤਾਂ ਉਨ੍ਹਾਂ ਦਾ ਸਰੀਰ ਘੰਟਿਆਂ ਬੱਧੀ ਬੇ-ਹਿਸੋ-ਹਰਕਤ ਹੀ ਰਹਿਣਾ।...ਜਦੋਂ ਉਨ੍ਹਾਂ ਦੇ ਸ੍ਵਾਸ ਦਸਮੇ ਦੁਆਰ ਤੋਂ ਉਤਰ ਆਉਣੇ, ਤਦੋਂ ਉਨ੍ਹਾਂ ਦਾ ਸਾਰਾ ਸਰੀਰ ਹਲਕਾ ਫੁਲਕਾ ਅਤੇ ਲਿਸ਼ਕਵਾਂ ਨਿਕਲ ਆਉਣਾ, ਇਹ ਸਾਡੀ ਅੱਖੀਂ ਦੇਖੀ ਸ਼ਹਾਦਤ ਹੈ।"[110] ਭਾਈ ਸਰਵਣ ਸਿੰਘ ਅਕਸਰ ਸਮਾਧੀ ਸਥਿਤ ਹੋ ਕੇ ਨਾਮ ਅਭਿਆਸ ਵਿਚ ਜੁਟੇ ਰਹਿੰਦੇ ਸਨ। ਅਜਿਹੇ ਅਨੇਕਾਂ ਸਾਥੀ ਭਾਈ ਸਾਹਿਬ ਜਿਹੀ ਸ਼ਖ਼ਸੀਅਤ ਦੇ ਸਦਕਾ ਗੁਰਬਾਣੀ ਦੇ ਨਾਮ ਰੰਗ ਵਿਚ ਰੰਗੇ ਹੋਏ ਸਨ।

**ਭਾਈ ਸਾਹਿਬ ਨੂੰ ਵੱਖ-ਵੱਖ ਜੇਲ੍ਹਾਂ ਵਿਚ ਹੀ ਗੁਰਮੁਖ ਰੂਹਾਂ ਦੇ ਆਖਰੀ ਸਮੇਂ ਦੇ ਦਰਸ-ਦੀਦਾਰੇ ਹੋਣ ਦਾ ਅਨੁਭਵ** : ਭਾਈ ਸਾਹਿਬ ਦੇ ਅਨੇਕਾਂ ਪਿਆਰੇ ਸੰਗੀ ਸਾਥੀ ਇਸ ਲੰਮੇ ਜੇਲ੍ਹ ਜੀਵਨ ਦੌਰਾਨ ਆਪ ਦੀ ਰਿਹਾਈ ਦੀਆਂ ਉਡੀਕਾਂ ਕਰਦੇ ਹੀ ਅਕਾਲ ਚਲਾਣਾ ਕਰ ਗਏ। ਇਹਨਾਂ ਵਿਚੋਂ ਕਈ ਪ੍ਰੇਮੀ ਗੁਰਮੁਖ ਜਨਾਂ ਦਾ ਅਕਾਲ ਚਲਾਣਾ ਆਪ ਨੇ ਜੇਲ੍ਹ ਵਿਚ ਬੈਠਿਆਂ ਹੀ ਪ੍ਰਤੱਖ ਵੇਖਿਆ। ਭਾਈ ਸਾਹਿਬ ਦੇ ਸਾਥੀ ਭਾਈ ਪ੍ਰਭਾਕਰ ਸਿੰਘ ਨੇ 17 ਸਾਲ ਦੀ ਉਮਰ ਵਿਚ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਸਾਰ ਹੀ ਉਸ ਨੂੰ ਪ੍ਰਮਾਰਥੀ ਰੰਗ ਚੜ੍ਹ ਗਿਆ। ਭਾਈ ਪ੍ਰਭਾਕਰ ਬੜਾ ਹੀ ਰੰਗੀਲੇ ਸੁਭਾਅ ਵਾਲਾ ਗੁਰਮੁਖ ਸਿੱਖ ਸੀ। ਉਸ ਨੇ ਛੋਟੀ ਉਮਰੇ ਹੀ ਅਤੁੱਟ ਨਾਮ ਅਭਿਆਸ ਕਮਾਈਆਂ ਕਰਕੇ ਅਜਰ ਨੂੰ ਜਰਿਆ ਸੀ। ਅਖੀਰੀ ਸਮੇਂ ਭਾਈ ਪ੍ਰਭਾਕਰ ਸਿੰਘ ਦੇ ਚਿਹਰੇ ਤੇ ਬੜਾ ਜਲਾਲ ਸੀ। ਉਸ ਦੀ ਰੂਹ ਭਾਈ ਰਣਧੀਰ ਸਿੰਘ ਨੂੰ ਜੇਲ੍ਹ ਵਿਚ ਹੀ ਦਰਸ਼ਨ ਦੇ ਕੇ ਗਈ ਜਿਸ ਸੰਬੰਧੀ ਭਾਈ ਸਾਹਿਬ ਅਨੁਭਵ ਸਾਂਝਾ ਕਰਦੇ ਲਿਖਦੇ ਹਨ, "ਅੰਤੀ ਸਮੇਂ ਸਿਰੀ ਭਾਈ ਪ੍ਰਭਾਕਰ ਸਿੰਘ ਜੀ ਦੀ ਨਵਲ ਨਵੇਲੀ ਰੂਹ ਪਵਿਤਰ ਜਿਸਮ ਵਿਚੋਂ ਉਡ ਕੇ ਜੇਲ੍ਹ ਵਿਚ ਬੈਠਿਆ ਨੂੰ ਹੀ ਮਿਲਣ ਲਈ ਆਈ। ਮਿਲ

---

[109] *ਉਹੀ,* ਪੰ. 158.

[110] *ਉਹੀ,* ਪੰ. 159.

ਕੇ ਹਸੂੰ ਹਸੂੰ ਕਰਦੀ ਗਗਨ-ਮੰਡਲ ਨੂੰ ਉਚ ਉਡਾਰੀ ਮਾਰ ਗਈ, ਜਿਥੋਂ ਮੁੜ ਕੇ ਉਡੀਆਂ ਰੂਹਾਂ ਕਦੇ ਇਸ ਮਾਤ ਲੋਕ ਵਿਚ ਨਹੀਂ ਆਉਦੀਆਂ। ਇਹ ੧੯੧੫ ਦੇ ਅਖ਼ੀਰਲੇ ਮਹੀਨਿਆਂ ਦਾ ਹੀ ਵਾਕਿਆ ਹੈ।"[111]

ਇਸ ਘਟਨਾ ਦੀ ਤਸਦੀਕ ਗਿਆਨੀ ਨਾਹਰ ਸਿੰਘ ਜੋ ਉਸ ਸਮੇ ਲੁਧਿਆਣੇ ਜੇਲ੍ਹ ਵਿਚ ਬੰਦ ਸਨ ਨੇ ਵੀ ਕੀਤੀ ਹੈ, "ਜੁਲਾਈ 1915 ਦੇ ਦਿਨ ਸਨ ਕਿ ਭਾਈ ਸਾਹਿਬ ਕੋਠੀ ਨੰ: ੨ ਵਿਚ ਤੇ ਮੈ ਕੋਠੀ ਨੰ: ੩ ਵਿਚ ਬੰਦ ਸੀ। ਤਾਰੀਖ਼ ਤਾਂ ਯਾਦ ਨਹੀਂ। ਇਕ ਦਿਨ ਸ਼ਾਮ ਨੂੰ ਪੰਜ ਵਜੇ ਕੋਠੀਆਂ ਖੁਲ੍ਹੀਆਂ ਮੈਂ ਤੇ ਭਾਈ ਸਾਹਿਬ ਪ੍ਰਸਪਰ ਮਿਲੇ, ਤਦ ਭਾਈ ਸਾਹਿਬ ਨੇ ਇਹ ਲਫਜ਼ ਕਹੇ, 'ਪ੍ਰਭਾਕਰ ਸਿੰਘ ਚੜ੍ਹਾਈ ਕਰ ਗਿਆ ਹੈ, ਉਸ ਦੀ ਰੂਹ ਸਾਨੂੰ ਮਿਲ ਕੇ ਗਈ ਹੈ। ਬੜੀ ਹੀ ਲਤੀਫ਼ ਰੂਹ ਸੀ'।"[112]

ਭਾਈ ਸਾਹਿਬ ਦੇ ਜਥੇ ਦੇ ਸਾਥੀ ਬਾਬਾ ਰਾਮ ਸਿੰਘ, ਪਿੰਡ ਫੱਲੇਵਾਲ, ਜਿਲ੍ਹਾ ਲੁਧਿਆਣਾ ਆਪਣੀ ਪਤਨੀ ਪ੍ਰੇਮ ਕੌਰ ਨਾਲ ਮਿਲ ਕੇ ਸੰਗਤਾਂ ਦੀ ਸੇਵਾ ਕਰਦੇ ਸੀ। ਇਹ ਜੋੜੀ ਨਾਮ ਜਪਣ, ਵੰਡ ਛਕਣ ਦੀ ਮਿਸਾਲ ਆਪ ਹੀ ਸੀ। ਜਿਥੇ ਕਿਤੇ ਵੀ ਜਥੇ ਦੇ ਅਖੰਡ ਪਾਠ ਦੇ ਸਮਾਗਮ ਹੋਣ ਇਸ ਜੋੜੀ ਨੇ ਆਪਣੀ ਡਿਊਟੀ ਅਖੰਡ ਪਾਠ ਦੇ ਨੇੜੇ ਸਥਾਨਾਂ ਤੇ ਲੰਗਰ ਵਿਚ ਲਵਾ ਲੈਣੀ। ਨਾਮ ਅਭਿਆਸ ਤੇ ਹੱਥੀਂ ਸੇਵਾ ਕਰਨ ਸਦਕਾ ਮਾਈ ਪ੍ਰੇਮ ਕੋਰ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ ਸੀ। ਮਾਈ ਨੂੰ ਭਾਈ ਸਾਹਿਬ ਦੇ ਆਉਣ ਦਾ ਪਹਿਲਾਂ ਹੀ ਪਤਾ ਲੱਗ ਜਾਂਦਾ ਸੀ ਅਤੇ ਉਹ ਲੰਗਰ ਸਜਾ ਕੇ ਰੱਖਦੀ ਸੀ। ਅਖੀਰੀ ਸਮੇਂ ਬਾਬਾ ਰਾਮ ਸਿੰਘ, ਭਾਈ ਸਾਹਿਬ ਦੀ ਰਿਹਾਈ ਉਡੀਕਦੇ ਹੀ ਅਕਾਲ ਚਲਾਣਾ ਕਰ ਗਏ।

ਭਾਈ ਸਾਹਿਬ ਨੂੰ ਬਾਬਾ ਰਾਮ ਸਿੰਘ ਫੱਲੇਵਾਲ ਦੇ ਅਕਾਲ ਚਲਾਣੇ (11 ਜੂਨ, 1930 ਈ.) ਦਾ ਜੇਲ੍ਹ ਦੇ ਅੰਦਰ ਹੀ ਪਤਾ ਲੱਗ ਗਿਆ ਸੀ। ਬਾਬਾ ਜੀ ਦੀ ਰੂਹ ਭਾਈ ਸਾਹਿਬ ਨੂੰ ਦਰਸ਼ਨ ਦੇ ਕੇ ਗਈ ਸੀ। ਭਾਈ ਸਾਹਿਬ ਲਿਖਦੇ ਹਨ, "ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ। ਪਿਆਨੇ

---

[111] *ਉਹੀ,* ਪੰ. 151.

[112] *ਉਹੀ, ਰੰਗਲੇ ਸੱਜਣ,* ਪੰ. 152 ਦੇ ਹੇਠਾਂ ਗਿਆਨੀ ਨਾਹਰ ਸਿੰਘ ਦਾ ਫੁੱਟਨੋਟ।

ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰ ਕੇ ਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਫ਼ਤਹ ਬੁਲਾ ਕੇ ਗੁਰਪੁਰੀ ਸਿਧਾਰ ਗਈ।"[113]

ਇਸੇ ਤਰ੍ਹਾਂ ਭਾਈ ਸੁਰਜਨ ਸਿੰਘ ਗੁਜ਼ਰਵਾਲ ਤੇ ਉਹਨਾਂ ਦੀ ਪਤਨੀ ਬੀਬੀ ਜੋਗਿੰਦਰ ਕੌਰ ਦੋਨੋਂ ਹੀ ਬੜੇ ਕਮਾਈ ਵਾਲੇ ਅਭਿਆਸੀ ਜਨ ਸਨ। ਬੀਬੀ ਜੋਗਿੰਦਰ ਕੌਰ ਨੇ ਭਾਈ ਸਾਹਿਬ ਨਾਲ 1914 ਈ. ਵਿਚ ਗੁਰਦੁਆਰਾ ਚਮਕੌਰ ਸਾਹਿਬ ਦੇ ਪੁਜਾਰੀਆਂ ਤੋਂ ਕਬਜ਼ਾ ਛੁਡਵਾਇਆ ਸੀ। ਇਹ ਦਲੇਰ ਬੀਬੀ ਕੁਰਬਾਨੀ ਦਾ ਪੁਤਲਾ, ਸੇਵਾ ਦਾ ਪੁੰਜ ਤੇ ਆਤਮ ਮੌਜਾਂ ਵਿਚ ਖੇਡਣ ਵਾਲੀ ਗੁਰਮੁਖ ਰੂਹ ਸੀ। ਇਸ ਬੀਬੀ ਦੇ ਅਕਾਲ ਚਲਾਣੇ ਸਮੇਂ ਭਾਈ ਸਾਹਿਬ ਜੇਲ੍ਹ ਵਿਚ ਸਨ। ਆਪ ਲਿਖਦੇ ਹਨ, "ਜਿਤਨਾ ਅਰਸਾ ਵੀ ਅਸੀਂ ਜੇਲ੍ਹ ਵਿਚ ਰਹੇ ਸਾਨੂੰ ਪਰਤੱਖ ਦਰਸ਼ਨ ਉਸ ਜਲਾਲ ਭਰੀ ਜਿੰਦੜੀ ਬੀਬੀ ਜੋਗਿੰਦਰ ਕੌਰ ਦੇ ਹੁੰਦੇ ਰਹੇ। ਓੜਕ ਉਹ ਦਿਨ ਆਇਆ ਕਿ ਅਸੀਂ ਹਜ਼ਾਰੀ ਬਾਗ ਜੇਲ੍ਹ ਵਿਚ ਸਿਰੀ ਬੀਬੀ ਜੀ ਦੇ ਅਕਾਲ ਚਲਾਣੇ ਦਾ ਪਰਤੱਖ ਨਜ਼ਾਰਾ (vision) ਦੇਖਿਆ। ਉਸ ਦਿਨ ਨੂੰ ਅਸੀਂ ਨੋਟ ਕਰ ਲਿਆ ਕਈ ਹਫ਼ਤੇ ਪਿਛੋਂ ਖ਼ਬਰ ਮਿਲੀ ਕਿ ਸਚ ਮੁਚ ਸਿਰੀ ਬੀਬੀ ਜੋਗਿੰਦਰ ਕੌਰ ਹੋਰਾਂ ਨੇ ਉਸੇ ਤਰੀਕ ਚਲਾਣਾ ਕੀਤਾ ਹੈ।"[114] ਸੋ ਅਜਿਹੇ ਪਰਤੱਖ ਨਜ਼ਾਰੇ ਤੇ ਧਾਰਮਿਕ ਅਨੁਭਵ ਭਾਈ ਸਾਹਿਬ ਸਹਿਜ ਸੁਭਾ ਹੀ ਮਾਣਦੇ ਰਹਿੰਦੇ ਸਨ। ਆਪ ਅਜਰ ਨੂੰ ਜਰਨ ਦੇ ਹਿਮਾਇਤੀ ਸਨ ਆਤਮਕ ਰੰਗਾਂ ਵਿਚ ਉਚ ਅਵਸਥਾ ਦੇ ਪੇਖੇ ਤਜ਼ਰਬੇ ਪ੍ਰਾਪਤ ਕਰਕੇ ਇਹਨਾਂ ਨੂੰ ਜਰਨਾ ਤੇ ਬਰਕਰਾਰ ਰੱਖਣਾ ਸੁਖਾਲਾ ਕਾਰਜ ਨਹੀਂ ਹੁੰਦਾ। ਆਤਮਿਕ ਅਨੁਭਵਾਂ ਨੂੰ ਇਕ ਰਸ ਮਾਨਣਾ ਤੇ ਨਿਭਾਉਣਾ ਵਿਰਲੇ ਤੇ ਵਡਭਾਗੇ ਪੁਰਸ਼ਾਂ ਦੇ ਹਿੱਸੇ ਆਇਆ ਹੈ। ਇਸਦੀ ਮਿਸਾਲ ਭਾਈ ਸਾਹਿਬ ਆਪ ਹਨ।

ਸਿੱਖ ਪੰਥ ਅੰਦਰ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਅਤਿ ਸਤਿਕਾਰਤ ਸ਼ਖ਼ਸੀਅਤ ਹਨ। ਭਾਈ ਰਣਧੀਰ ਸਿੰਘ ਜੀ ਨਾਲ ਆਪ ਦਾ ਸਨੇਹ ਤੇ ਗੂੜ੍ਹਾ ਪ੍ਰੇਮ ਸੀ। ਭਾਣੇ ਅੰਦਰ ਭਾਈ ਸਾਹਿਬ ਵੱਖ-ਵੱਖ ਜੇਲ੍ਹਾਂ ਵਿਚ ਉਮਰ ਕੈਦੀ ਵਜੋਂ ਕੈਦ ਰਹੇ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਗੁਰਮਤਿ ਪ੍ਰਚਾਰ ਤੇ ਪ੍ਰਸਾਰ ਜਾਰੀ ਰੱਖਿਆ। ਸੰਤ ਜੀ ਦੇ ਅਕਾਲ ਚਲਾਣੇ ਸਮੇਂ ਭਾਈ ਸਾਹਿਬ ਜੇਲ੍ਹ ਵਿਚ ਸਨ। ਜਦ ਭਾਈ ਰਣਧੀਰ ਸਿੰਘ ਲਾਹੌਰ ਜੇਲ੍ਹ ਤੋਂ 04 ਅਕਤੂਬਰ 1930 ਈ. ਨੂੰ ਰਿਹਾ ਹੋ ਕੇ ਆਏ ਤਾਂ ਸੰਤ ਤੇਜਾ

---

113 *ਉਹੀ,* ਪੰ. 15.

114 *ਉਹੀ,* ਪੰ. 200.

ਸਿੰਘ ਐਮ. ਏ. ਭਾਈ ਸਾਹਿਬ ਨੂੰ ਮਿਲਣ ਨਾਰੰਗਵਾਲ ਗਏ। ਸੰਤ ਤੇਜਾ ਸਿੰਘ ਅਨੁਸਾਰ ਭਾਈ ਰਣਧੀਰ ਸਿੰਘ ਨੇ ਉਹਨਾਂ ਨੂੰ ਇਹ ਅਸਚਰਜ਼ ਅਨੁਭਵ ਸੁਣਾਇਆ ਕਿ, "ਜਦ ਮੈਂ ਜੇਲ੍ਹਖਾਨੇ ਦੀ ਕਾਠ ਕੋਠੜੀ ਵਿੱਚ ਬੰਦ ਸਾਂ ਤਾਂ ਇੱਕ ਦਿਨ ਅੰਮ੍ਰਿਤ ਵੇਲੇ ਕੀ ਵੇਖਦਾ ਹਾਂ ਕਿ ਸੰਤ ਜੀ ਮਹਾਰਾਜ ਚੌਂਕੜੀ ਸਜਾਈ ਸ਼ੇਸ਼ਨਾਗ ਦੀ ਸੇਜ 'ਤੇ ਬੈਠੇ ਹੋਏ ਹਨ। ਕੁਝ ਦਿਨਾਂ ਮਗਰੋਂ ਮੈਨੂੰ ਮਾਲਵੇ ਤੋਂ ਪ੍ਰੇਮੀ ਮਿਲਣ ਆਏ। ਉਹਨਾਂ ਨੇ ਦੱਸਿਆ ਕਿ ਸੰਤ ਜੀ ਮਹਾਰਾਜ ਦੇ ਚਲਾਣੇ ਤੇ ਮੇਰੇ ਦ੍ਰਿਸ਼ਟਾਂਤ ਦੇਖਣ ਦਾ ਸਮਾਂ ਇੱਕੋ ਹੀ ਰਾਤ ੧੯ ਮਾਘ ੧੯੮੪ ਬਿਕ੍ਰਮੀ (੧ ਫਰਵਰੀ ਸੰਨ੧੯੨੭) ਵੇਲਾ ਸੀ।"[115]

ਉਪਰੋਕਤ ਤੋ ਵਾਕਿਆਤ ਤੋਂ ਪਤਾ ਲੱਗਦਾ ਹੈ ਕਿ ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ ਜੋ ਉਹਨਾਂ ਮਾਣਿਆ ਹੈ ਉਸ ਨੂੰ ਕਈ ਵਾਰ ਬਿਅਨਿਆ ਵੀ ਹੈ। ਅਨੇਕਾਂ ਹੀ ਗੁਰਮੁਖ ਪਿਆਰੇ ਸੰਤ ਜਨਾਂ ਦੀਆਂ ਰੂਹਾਨੀ ਰੂਹਾਂ ਅਖੀਰੀ ਸਮੇਂ ਇਸ ਮਾਤ ਲੋਕ ਤੋਂ ਪਿਆਨਾ ਕਰਦਿਆਂ ਭਾਈ ਸਾਹਿਬ ਨੂੰ ਦਰਸ ਦੀਦਾਰੇ ਦੇ ਕੇ ਨਿਹਾਲ ਕਰ ਗਈਆਂ। ਅਜਿਹੇ ਅਨੁਭਵੀ ਝਲਕਾਰਿਆਂ ਉਪਰ ਸ਼ੰਕਾ ਕਰਨ ਦੀ ਬਜਾਏ ਸ਼ਰਧਾ ਸੇਤੀ ਯਕੀਨ ਕਰਕੇ ਲਾਹਾ ਲਿਆ ਜਾ ਸਕਦਾ ਹੈ।

**ਭਾਈ ਸਾਹਿਬ ਜੀ ਦਾ ਅਕਾਲ ਚਲਾਣਾ** : 1960 ਈ. ਵਿਚ ਭਾਈ ਸਾਹਿਬ ਜੀ ਦੀਆਂ ਲੱਤਾਂ ਦੀਆਂ ਨਸਾਂ ਕਮਜ਼ੋਰ ਪੈ ਗਈਆਂ ਅਤੇ ਆਪ ਦਾ ਚਲਣਾ ਫਿਰਨਾ ਬੰਦ ਹੋ ਗਿਆ। 13 ਅਪ੍ਰੈਲ 1961 ਈ. ਨੂੰ ਵੈਸਾਖੀ ਦੇ ਦਿਹਾੜੇ ਆਪ ਨੇ ਸਾਰੇ ਸੰਗੀ-ਸਾਥੀਆਂ ਦੇ ਦਰਸ਼ਨ ਕੀਤੇ ਅਤੇ ਗੁਰਪੁਰੀ ਸਿਧਾਰਨ ਦੇ ਤਿਆਰੇ ਕਰ ਲਏ। ਆਪ ਨੇ ਸਾਰੀ ਉਮਰ ਗੁਰੂ ਹੁਕਮਾਂ ਤੇ ਭਾਣੇ ਵਿਚ ਜੀਵਨ ਬਿਤਾਇਆ। ਭਾਈ ਸਾਹਿਬ ਨੂੰ ਆਪਣੇ ਚਲਾਣੇ ਦਾ ਵੀ ਕੁਝ ਸਮਾਂ ਪਹਿਲਾਂ ਹੀ ਅਨੁਭਵ ਹੋ ਗਿਆ ਸੀ। ਨਿਹਾਲ ਸਿੰਘ ਰਸ ਅਨੁਸਾਰ, "ਇਸ ਇਲਾਹੀ ਹੁਕਮ ਦਾ ਆਪ ਜੀ ਨੂੰ ਕੁਝ ਸਮਾਂ ਪਹਿਲਾਂ ਹੀ ਪਤਾ ਲੱਗ ਚੁਕਾ ਸੀ। ਇਸ ਲਈ ਆਪ ਨੇ 13 ਅਪ੍ਰੈਲ ਸੰਨ 1961 ਵੈਸਾਖੀ ਵਾਲੇ ਦਿਨ ਸ਼ਬਦ ਕੀਰਤਨ ਕਰਨ ਮਗਰੋਂ ਆਪਣੇ ਸਪੁੱਤਰ ਨੂੰ ਕਿਹਾ ਕਿ ਅੱਜ ਵੀਰਵਾਰ ਹੈ, ਤੁਸੀਂ ਐਤਵਾਰ ਨੂੰ ਘਰੋਂ ਨਾ ਜਾਣਾ। ਉਹਨਾਂ ਨੇ ਬੜੇ ਸਤਿਕਾਰ ਨਾਲ ਕਿਹਾ ਕਿ ਸਤਿ ਬਚਨ ਜੀ! ਅਸੀਂ ਘਰ ਹੀ ਰਹਾਂਗੇ।"[116]

---

[115] ਸੰਤ ਤੇਜਾ ਸਿੰਘ, *ਉਹੀ,* ਪੰ. 390.

[116] ਨਿਹਾਲ ਸਿੰਘ ਰਸ, *ਉਹੀ,* ਪੰ. 101.

ਐਤਵਾਰ ਦਾ ਦਿਨ ਵੀ ਆ ਗਿਆ। ਆਪ ਨੇ 16 ਅਪ੍ਰੈਲ 1961 ਈ. ਨੂੰ ਸਵੇਰੇ ਹੀ ਕੁਝ ਸੱਜਣਾਂ ਨੂੰ ਆਪਣੀ ਰਿਹਾਇਸ਼ ਤੇ ਕੋਠੀ ਨੰ. 79, ਮਾਡਲ ਟਾਊਨ, ਲੁਧਿਆਣਾ ਵਿਖੇ ਬੁਲਾ ਲਿਆ। ਆਪ ਦੀ ਸਰੀਰਕ ਅਵਸਥਾ ਨਿਢਾਲ ਜਾਪਦੀ ਵੇਖ ਕੇ ਤ੍ਰਿਲੋਚਨ ਸਿੰਘ ਜਦ ਡਾਕਟਰ ਨੂੰ ਬੁਲਾਉਣ ਚੱਲੇ ਤਾਂ ਆਪ ਨੇ ਇਸ਼ਾਰੇ ਨਾਲ ਰੋਕ ਦਿੱਤਾ। ਸਾਰੇ ਪ੍ਰੇਮੀ ਆਪ ਪਾਸ ਬੈਠੇ ਗੁਰਬਾਣੀ ਦਾ ਪਾਠ ਉਚਾਰ ਰਹੇ ਸਨ। ਆਪ ਨੇ ਸਭ ਨੂੰ ਫਤਿਹ ਬੁਲਾਈ ਅਤੇ ਵੇਖਦਿਆਂ ਹੀ ਤਿੰਨ ਵਾਰ ਵਾਹਿਗੁਰੂ ਸ਼ਬਦ ਉਚਾਰ ਕੇ ਸਾਢੇ ਸੱਤ ਵਜੇ ਆਪ 83 ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਆਪ ਦਾ ਸਸਕਾਰ ਗੁੱਜਰਵਾਲ ਅਤੇ ਨਾਰੰਗਵਾਲ ਦੇ ਦਰਮਿਆਨ ਉਸੇ ਢਾਬ ਦੇ ਕਿਨਾਰੇ ਕੀਤਾ ਜਿਥੇ ਆਪ ਅੰਮ੍ਰਿਤ ਵੇਲੇ ਆਪਣੇ ਸੰਗੀਆਂ ਸਾਥੀਆਂ ਨਾਲ ਬੈਠ ਕੇ ਨਾਮ ਅਭਿਆਸ ਅਤੇ ਗੁਰਮਤਿ ਵਿਚਾਰਾਂ ਕਰਦੇ ਹੁੰਦੇ ਸਨ। ਲੁਧਿਆਣੇ ਤੋਂ ਨਾਰੰਗਵਾਲ ਤਕ ਸੰਗਤਾਂ ਸੜਕ ਦੇ ਦੋਵੇਂ ਪਾਸੇ ਖੜੀਆਂ ਫੁੱਲਾਂ ਦੀ ਵਰਖਾ ਕਰ ਰਹੀਆਂ ਸਨ। ਭਾਈ ਸਾਹਿਬ ਜੀ ਦੀ ਯਾਦ ਵਿਚ ਦੇਸ਼ ਤੇ ਵਿਦੇਸ਼ਾਂ ਵਿਚ 200 ਤੋਂ ਵਧ ਅਖੰਡ ਪਾਠ ਸਾਹਿਬ ਕਰਾਏ ਗਏ।[117]

ਭਾਈ ਰਣਧੀਰ ਸਿੰਘ ਜੀ ਦੇ ਜੀਵਨ-ਬ੍ਰਿਤਾਂਤ ਅਤੇ ਧਾਰਮਿਕ ਅਨੁਭਵ ਦਾ ਅਧਿਐਨ ਕਰਦਿਆਂ ਇਹ ਤਾਂ ਭਲੀ ਪ੍ਰਕਾਰ ਗਿਆਤ ਹੋ ਜਾਂਦਾ ਹੈ ਕਿ ਆਪ ਉਹਨਾਂ ਗੁਰਮੁਖਾਂ ਵਿਚੋਂ ਸਨ ਜਿਹੜੇ ਆਪਣਾ ਤੇ ਸਾਥੀਆਂ ਦਾ ਜਨਮ ਸਵਾਰ ਕੇ ਸੱਚੀ ਦਰਗਾਹ ਵਿਖੇ ਸੱਚਾ ਪਿੜ (ਸਥਾਨ) ਮੱਲ ਲੈਂਦੇ ਹਨ। ਅਜਿਹੇ ਗੁਰਮੁਖਾਂ ਨੂੰ ਜਮ ਤੇ ਮੌਤ ਦਾ ਤ੍ਰਾਸ ਨਹੀਂ ਸਤਾਉਂਦਾ ਅਤੇ ਉਹਨਾਂ ਦਾ ਸਰੀਰ ਛੱਡਣਾ ਕਾਲ ਚਲਾਣਾ ਨਹੀਂ ਸਗੋਂ ਅਕਾਲ ਚਲਾਣਾ ਮੰਨਿਆ ਜਾਂਦਾ ਹੈ। ਅੱਜ ਵੀ ਅਸੀਂ ਭਾਈ ਸਾਹਿਬ ਨੂੰ ਉਹਨਾਂ ਦੀਆਂ ਲਿਖਤਾਂ ਵਿਚ ਗੱਲਾਂ ਕਰਦੇ ਅਤੇ ਗੁਰ-ਉਪਦੇਸ਼ਾਂ ਨੂੰ ਦ੍ਰਿੜ ਕਰਾਉਂਦੇ ਹੋਏ ਵੇਖ ਸਕਦੇ ਹਾਂ।

---

117 Tirlochan Singh, *Ibid,* p. LV.

# ਅਧਿਆਇ - ਚੌਥਾ

# ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ

**ਜਾਣ-ਪਛਾਣ**: ਇਸ ਅਧਿਆਇ ਵਿਚ ਅਸੀਂ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਉਹਨਾਂ ਦੇ ਧਾਰਮਿਕ ਅਨੁਭਵ ਨੂੰ ਸਮਝਣ ਦਾ ਯਤਨ ਕੀਤਾ ਹੈ। ਭਾਈ ਸਾਹਿਬ ਦੀਆਂ ਲਿਖਤਾਂ ਦੇ ਆਧਾਰ ਉਪਰ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ ਸੁਰਗ, ਧਰਮਰਾਇ, ਜਮਦੂਤਾਂ ਅਤੇ ਜਮਪੁਰੀ ਆਦਿ ਵਿਸ਼ਿਆਂ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਇਸੇ ਤਰ੍ਹਾਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣਾ, ਜਮ ਅਤੇ ਮੌਤ ਵਿਚ ਅੰਤਰ, ਗੁਰਮਤਿ ਦੇ ਵਿਸ਼ੇ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ, ਦਸਮ ਦੁਆਰ ਅਤੇ ਦਸਮ ਦੁਆਰ ਖੁੱਲ੍ਹਣ ਦੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਵਿਚਾਰਾਂ ਰਾਹੀਂ ਉਹਨਾਂ ਦਾ ਧਾਰਮਿਕ ਅਨੁਭਵ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਅਖੀਰ ਵਿਚ ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਰਾਹੀਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦੇ ਵਿਲੱਖਣ ਪਹਿਲੂਆਂ ਦਾ ਅਧਿਐਨ ਕੀਤਾ ਹੈ।

ਸਰਦੂਲ ਸਿੰਘ ਕਵੀਸ਼ਰ ਨੇ ਭਾਈ ਰਣਧੀਰ ਸਿੰਘ ਦੇ ਧਾਰਮਿਕ ਅਨੁਭਵ ਭਾਵ ਆਤਮ ਆਨੰਦ ਦੀ ਅਵਸਥਾ ਭਾਈ ਸਾਹਿਬ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦੱਸੀ ਹੈ, "ਮੈਂ ਪ੍ਰਤੀਤ ਕੀਤਾ ਕਿ ਮੇਰੀ ਆਤਮਾ ਮੇਰੇ ਸਰੀਰ ਤੋਂ ਵੱਖਰੀ ਹੋ ਖਲੋਤੀ। ਮੈਂ ਆਪਣਾ ਆਪਾ ਵੇਖਿਆ। ਅਤਿ ਅਨੰਦਦਾਇਕ ਰਸ ਸੀ, ਪਰ ਹਾਲਾਂ ਹੋਰ ਰੰਗ ਬਝਣਾ ਸੀ। ਅਚਨਚੇਤ ਮੈਂ ਆਪਣੇ ਅੰਦਰ ਬਾਹਰ ਚਾਨਣ ਦਾ ਹੜ੍ਹ ਵਗਦਾ ਵੇਖਿਆ। ਅਨੰਦ ਅਮਿਤ ਅਥਾਹ ਹੀ ਤੇ ਮੈਂ ਆਨੰਦ ਦੀ ਮਸਤੀ ਵਿਚ ਕੂਕਣਾ ਲੋੜਾਂ। ਮੈਂ ਅਮਿਤ ਖੁਸ਼ੀ ਵਿਚ ਪ੍ਰਤੀਤ ਕਰਾਂ ਜਿਵੇਂ ਅਨੰਦ ਨਾਲ ਸਰੀਰ ਫਟਣ ਲਗਾ ਹੈ। ਅਨੰਤ ਅਕਾਸ਼ ਵਿਚ ਵੀ ਉਹੋ ਦੈਵੀ ਚਾਨਣ ਸੀ। ਮੈਂ ਵੇਖ ਵੇਖ ਬਿਸਮਾਦ ਦੇ ਹੁਲਾਰੇ ਲਵਾਂ। ਕਲਮ ਉਸ ਅਕਹਿ ਮਿੱਠਤ ਨੂੰ ਵਰਣਨ ਕਰਨੋਂ ਅਸਮਰੱਥ ਹੈ।...ਮੇਰੀਆਂ ਅੱਖਾਂ ਆਨੰਦਪੂਰਤ ਸਨ। ਵੇਖਣ ਵਾਲੇ ਆਪੋ ਵਿਚ ਕਹਿਣ 'ਨੈਣ ਕਿਹੋ ਜਿਹੇ ਨੇ' ਤੇ ਮੈਨੂੰ ਮਿੱਠਾ ਰਾਗਨਾਦ ਮੇਰੇ ਅੰਦਰ, ਬਾਹਰ, ਹਰ ਥਾਂ ਸੁਣਾਈ ਦੇਵੇ।"[1] ਭਾਈ ਸਾਹਿਬ ਦੇ ਸ਼ਬਦਾਂ ਵਿਚ ਦਰਜ ਇਹੀ ਅਨੁਭਵ ਸਿੱਖ ਚਿੰਤਕ ਵਜ਼ੀਰ ਸਿੰਘ ਨੇ ਆਪਣੀ ਪੁਸਤਕ *'ਸਿੱਖ ਦਰਸ਼ਨਧਾਰਾ'* (ਭਾਗ ਦੂਜਾ) ਵਿਚ ਵੀ ਸ਼ਾਮਲ ਕੀਤਾ ਹੈ।[2]

---

[1] ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਵਜ਼ੀਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨੇ 328-29.

[2] ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ* (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰ. 8.

**ਅਗਲਾ ਜਹਾਨ ਹੈ** : ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਧਾਰਮਿਕ ਅਨੁਭਵ ਵਿਚ ਅਗਲੇ ਜਹਾਨ ਦੀ ਹੋਂਦ ਸਵੀਕਾਰ ਕੀਤੀ ਹੈ। ਭਾਈ ਸਾਹਿਬ ਨੇ ਆਪਣੀ ਪੁਸਤਕ *'ਅਣਡਿੱਠੀ ਦੁਨੀਆ'* ਵਿਚ ਨਾਸਤਿਕਾਂ ਅਤੇ ਗੁਰੂ ਤੋਂ ਬੇਮੁਖਾਂ ਨੂੰ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ ਕਿ ਅਕਾਲ ਪੁਰਖ ਦੀ ਦਰਗਾਹ ਹੈ। ਇਸੇ ਤਰ੍ਹਾਂ ਧਰਮ ਰਾਇ ਅਤੇ ਆਵਾਗਉਣ ਸੰਬੰਧੀ ਆਪਣੀ ਖੋਜ ਭਰੀ ਵਿਚਾਰ ਇਸ ਪੁਸਤਕ ਵਿਚ ਦਿੱਤੀ ਹੈ। ਭਾਈ ਸਾਹਿਬ ਨੇ ਆਪਣੇ ਧਾਰਮਿਕ ਅਨੁਭਵ ਵਿਚ ਅਗਲੇ ਜਹਾਨ ਦੀ ਵਾਸਤਵਿਕ ਹੋਂਦ ਸਪੱਸ਼ਟਤਾ ਸਹਿਤ ਬਿਆਨੀ ਹੈ।

ਅਜੋਕੇ ਸਮੇਂ ਦੌਰਾਨ ਪਦਾਰਥਵਾਦੀ ਰੁਚੀ ਅਧੀਨ ਅਤੇ ਵਿਗਿਆਨਿਕ ਯੁੱਗ ਦੀ ਹਉਮੈ ਕਾਰਨ ਬਹੁਤੇ ਲੋਕ ਇਹ ਮੰਨੀ ਬੈਠੇ ਹਨ ਕਿ ਧਰਮ ਗਰੀਬ ਤੇ ਬੇਸਹਾਰੇ ਲੋਕਾਂ ਦਾ ਆਸਰਾ ਹੈ। ਆਧੁਨਿਕ ਮਨੁੱਖ ਦਾ ਜ਼ਿਆਦਾ ਝੁਕਾਅ ਧਾਰਮਿਕ ਅਨੁਭਵ ਦੀ ਜਗ੍ਹਾ ਪਦਾਰਥਵਾਦ ਵੱਲ ਹੋ ਗਿਆ ਹੈ। ਆਧੁਨਿਕ ਨਵੀਂ ਪਨੀਰੀ ਆਮ ਤੌਰ 'ਤੇ ਵਿਗਿਆਨ ਨੂੰ ਹੀ ਧਰਮ ਤੋਂ ਉਤਮ ਮੰਨਦੀ ਹੈ ਕਿਉਂਕਿ ਇਹ ਅਨੁਭਵ ਕੀਤੇ ਹੋਏ ਸੱਚ 'ਤੇ ਨਿਰਭਰ ਗਿਆਨ ਹੁੰਦਾ ਹੈ। ਮਨੁੱਖ ਦਾ ਦਿਸਦੇ ਸੰਸਾਰ ਬਾਰੇ ਆਪਣੀ ਹੀ ਤਰਕਸ਼ੀਲ ਸੋਚ ਦਾ ਨਤੀਜਾ ਵਿਗਿਆਨ ਹੈ। ਸੋ ਵਿਗਿਆਨ ਮਨੁੱਖ ਦੀ ਆਪਣੀ ਰਚਨਾ ਅਤੇ ਉਸਦੀ ਆਪਣੀ ਹੀ ਪ੍ਰਾਪਤੀ ਹੈ।

ਕਮਿਊਨਿਜ਼ਮ ਦੀ ਵਿਚਾਰਧਾਰਾ ਨੇ ਇਕ ਵਾਰ ਦੁਨੀਆ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਲੋਕ ਰੂਹਾਨੀਅਤ ਤੋਂ ਮੁਨਕਰ ਹੋਣ ਲੱਗ ਪਏ ਸਨ। ਆਧੁਨਿਕਤਾ ਦੇ ਪ੍ਰਭਾਵ ਅਧੀਨ ਗੁਰਮਤਿ ਆਸਤਕ ਸਿੱਖ ਧਰਮ ਦੇ ਕੁਝ ਪੈਰੋਕਾਰ ਵੀ ਅਗਲੀ ਦੁਨੀਆ ਬਾਰੇ ਸ਼ੰਕੇ ਤੇ ਕਿੰਤੂ ਕਰਦੇ ਹਨ। ਜਿਨ੍ਹਾਂ ਬਾਰੇ ਭਾਈ ਰਣਧੀਰ ਸਿੰਘ ਲਿਖਦੇ ਹਨ, "ਬਹੁਤ ਸਾਰੇ ਸਿੱਖ ਸਦਾਉਣ ਹਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ-ਮਈ ਤਾਅਲੀਮ ਦੇ ਮੰਨਣ ਮਨਾਉਣਹਾਰੇ ਦਾਅਵੇਦਾਰ ਕਹਾਉਤੀ ਆਗੂ ਅੰਤਰਗਤੀ ਏਸ ਅਸਰਧਕਤਾ ਦੇ ਸ਼ਿਕਾਰ ਹੋ ਰਹੇ ਹਨ ਕਿ ਵਾਸਤਵ ਵਿਚ ਦਿਸ ਰਹੇ ਪੁਲਾੜ ਸਫ਼ੀਅਰ (sphere, region) ਤੋਂ ਪਾਰ ਹੋਰ ਕੁਛ ਨਹੀਂ, ਸਭ ਨਾਬੂਦ ਹੈ। ਓਹ ਇਕ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਅਲੀਮ ਤੋਂ ਹੀ ਮੁਨਹਰਫ਼ ਹਨ। ਐਵੇਂ ਨਾਮ ਮਾਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਅਤਕਿਦ ਸਿਖ ਕਹਾਉਂਦੇ ਹਨ। ਅਸਲ ਵਿਚ ਏਅਤਕਾਦ ਓਹਨਾਂ ਦਾ ਨੇਸਤੋ ਨਾਬੂਦ ਹੀ ਹੈ। ਜੇ ਸਰਧਾ ਸਿਦਕ ਯਕੀਨ ਸਚਮੁੱਚ ਹੋਵੇ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਗਰ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਣ।"[3]

---

3 ਭਾਈ ਰਣਧੀਰ ਸਿੰਘ, *ਅਣਡਿੱਠੀ ਦੁਨੀਆ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010, ਪੰ. 1.

ਸਿੱਖ ਚਿੰਤਕ ਵਜ਼ੀਰ ਸਿੰਘ ਅਨੁਸਾਰ, "ਸੱਚ-ਖੰਡ ਕਿਸੇ ਬਹਿਸ਼ਤ ਦਾ ਨਾਮ ਨਹੀਂ; ਗੁਰਬਾਣੀ ਦੀ ਸਮੁੱਚੀ ਭਾਵਨਾ ਅਨੁਸਾਰ ਇਹ ਵਿਸ਼ੇਸ਼ ਅਧਿਆਤਮਿਕ ਬਿਰਤੀ ਹੈ, ਅਨੁਭਵ ਹੈ, ਉੱਚਤਮ ਪ੍ਰਾਪਤੀ ਦੀ ਅਵਸਥਾ ਹੈ। ਇਸੇ ਵਿਚ ਪਰਮ ਸੁਖ ਹੈ, ਜੀਵਨ ਮੁਕਤੀ ਹੈ, ਅਨੰਦ ਹੈ। ਦੂਸਰੇ ਸ਼ਬਦਾਂ ਵਿਚ, ਇਹ ਭਗਤ ਤੇ ਪ੍ਰਭੂ ਦੀ ਅਭੇਦਤਾ ਦਾ ਅਨੁਭਵ ਹੈ, ਜੋ ਪਰਮ-ਪਦ ਨੂੰ ਪ੍ਰਾਪਤ ਵਿਅਕਤੀ ਦੇ ਹਿਰਦੇ ਵਿਚ ਵਾਪਰਦਾ ਹੈ।"[4] ਵਜ਼ੀਰ ਸਿੰਘ ਨੇ ਸੱਚ-ਖੰਡ ਨੂੰ ਵਾਸਤਵਿਕ ਸਥਾਨ ਨਹੀਂ ਮੰਨਿਆ। ਇਹ ਭਗਤ ਤੇ ਪ੍ਰਭੂ ਦੀ ਅਭੇਦਤਾ ਦਾ ਅਨੁਭਵ ਹੈ ਜੋ ਪਰਮ-ਪਦ ਨੂੰ ਪ੍ਰਾਪਤ ਵਿਅਕਤੀ ਦੇ ਹਿਰਦੇ ਵਿਚ ਵਾਪਰਦਾ ਹੈ। ਇਸਦੇ ਉਲਟ ਭਾਈ ਰਣਧੀਰ ਸਿੰਘ ਜੀ ਨੇ ਆਪਣੇ ਧਾਰਮਿਕ ਅਨੁਭਵ ਵਿਚ ਸੱਚਖੰਡ ਨੂੰ ਵਾਸਤਵਿਕ ਸਥਾਨ ਬਿਆਨਿਆ ਹੈ।

ਭਾਈ ਰਣਧੀਰ ਸਿੰਘ ਦੇ ਅਨੁਸਾਰ, "ਇਸ ਦ੍ਰਿਸ਼ਟਮਾਨ ਅਥਾਹ ਆਕਾਸ਼ ਦੇ ਲਾਮੁਹੀਤ ਪੁਲਾੜ ਅੰਦਰਿ ਅਨੇਕਾਂ ਅਤੇ ਅਣਗਿਣਤ ਗੁਪਤ ਪ੍ਰਗਟ ਨਜ਼ਾਰੇ ਪਸਾਰੇ ਹਨ।"[5] ਇੱਥੇ ਅਗਲੇ ਜਹਾਨ ਬਾਬਤ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਰੱਖ ਕੇ ਵਿਚਾਰਿਆ ਜਾਵੇਗਾ। ਗੁਰਬਾਣੀ ਅਨੁਸਾਰ ਅਗਲਾ ਜਹਾਨ ਹੈ, ਅੱਗਾ ਹੈ ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਉਚਾਰਦੇ ਹਨ:

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥2॥4॥11॥

(ਆਸਾ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 450)

ਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਅੱਗਾ ਹੈ। ਜਿਨ੍ਹਾਂ ਨੇ ਇਸ ਜੀਵਨ ਅੰਦਰ ਵੱਤਰ ਸਿਰ (ਸਮੇਂ ਸਿਰ) ਨਾਮ ਰੂਪੀ ਬੀਜ ਨਹੀਂ ਬੀਜਿਆ ਉਹਨਾਂ ਨੇ ਅੱਗੇ ਜਾ ਕੇ ਕੀ ਖਾਣਾ ਹੈ? ਅੱਗਾ ਜ਼ਰੂਰ ਸਿਰ ਤੇ ਖੜ੍ਹਾ ਹੈ, ਜਿੱਥੇ ਮਰਨ ਪਿੱਛੋਂ ਜਾਣਾ ਹੈ। ਅੱਗਾ ਸੁਆਰਨ ਲਈ ਵੱਧ ਤੋਂ ਵੱਧ ਨਾਮ ਸਿਮਰਨ ਦੀ ਕਮਾਈ ਕਰਨੀ ਚਾਹੀਦੀ ਹੈ। ਜਿਹੜੇ ਭਗਤ ਜਨ ਗੁਰਮਤਿ ਨਾਮ ਵਿਚ ਰੰਗੇ ਜਾਂਦੇ ਹਨ ਅਜਿਹੇ ਸਤਿਗੁਰੂ ਨਾਲ ਰਤਿਆਂ ਗੁਰਮੁਖਾਂ ਦੀ ਦਰਗਾਹ ਵਿਚ ਸਮਾਈ ਹੁੰਦੀ ਹੈ ਅਤੇ ਦਰਗਾਹ ਅੰਦਰ ਉਹਨਾਂ ਨੂੰ ਥਾਂ (ਜਗ੍ਹਾ) ਮਿਲਦੀ ਹੈ ਜਿਵੇਂ:

ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ॥

---

[4] *ਉਪਰੋਕਤ, ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨੇ 133-134.

[5] ਭਾਈ ਰਣਧੀਰ ਸਿੰਘ, *ਸਚਖੰਡਿ ਦਰਸ਼ਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004, ਪੰ. 13.

ਨਾਨਕ ਪਤਿ ਸੇਤੀ ਘਰਿ ਜਾਵਹਿ॥2॥6॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 270)

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥...1॥

(ਰਾਗੁ ਗੂਜਰੀ ਵਾਰ, ਸਲੋਕ ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 517)

ਭਾਈ ਸਾਹਿਬ ਅਨੁਸਾਰ, "ਪੰਚ ਪਰਵਾਣ ਗੁਰਮੁਖ ਜਨਾਂ ਨੂੰ ਹੀ ਓਥੇ ਸੱਚੀ ਸੋਭਾ ਮਿਲਦੀ ਹੈ।"[6] ਹੁਣ ਜੇ ਅਗਲੀ ਦਰਗਾਹ ਹੈ ਤਾਂ ਹੀ ਤਾਂ ਥਾਂ ਅਤੇ ਸੋਭਾ ਮਿਲਦੀ ਹੈ। ਇਹੀ ਨਹੀਂ ਗੁਰਮਤਿ ਅਨੁਸਾਰ ਤਾਂ ਅਜਿਹੇ ਗੁਰਮੁਖ ਭਗਤ ਜਨਾਂ ਦਾ ਬੋਲਿਆ ਵੀ ਪਰਵਾਨ ਹੁੰਦਾ ਹੈ ਤੇ ਦਰਗਾਹ ਵਿਚ ਥਾਂਇ ਪੈਂਦਾ ਹੈ:

ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ...॥14॥

(ਰਾਗੁ ਗੂਜਰੀ ਵਾਰ, ਮ. 5, ਪਉੜੀ 14, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 521)

ਜਿਨ੍ਹਾਂ ਨੇ ਇਸ ਜਨਮ ਵਿਖੇ ਆਪਣਾ ਜੀਵਨ ਐਸਾ ਸੰਵਾਰਿਆ ਹੈ ਕਿ ਮਰਨ ਸਮੇਂ ਵੀ ਉਹਨਾਂ ਨੂੰ ਨਾਮ ਚਿਤ ਆਇਆ ਹੈ। ਅਜਿਹੇ ਲੋਕਾਂ ਦਾ ਮਰਣਾ ਕਦੇ ਵੀ ਮੰਦਾ ਨਹੀਂ ਆਖਿਆ ਜਾ ਸਕਦਾ ਜਿਵੇਂ :

ਮਰਣੁ ਨਾ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥

ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥

ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥

ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥

ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥

ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥2॥4॥2॥

(ਵਡਹੰਸੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 579)

ਇਸ ਗੁਰਵਾਕ ਦੁਆਰਾ ਮਰਨ ਪਿੱਛੋਂ ਅੱਗਾ, ਅਗਲਾ ਪੰਥ, ਅਗਲੇ ਲੋਕ ਦਾ ਸਪੱਸ਼ਟ ਵਰਨਣ ਹੈ। ਭਾਈ ਸਾਹਿਬ ਦੇ ਸ਼ਬਦਾਂ ਵਿਚ, "ਇਹ ਅਗੰਮੀ ਦੁਨੀਆ ਇਸ ਲੋਕ ਦੇ ਦੁਨੀਆਦਾਰਾਂ ਦੀ ਦ੍ਰਿਸ਼ਟੀ ਤੋਂ ਅਗਮ

---

[6] ਭਾਈ ਰਣਧੀਰ ਸਿੰਘ, *ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2003, ਪੰ. 112.

ਅਗੋਚਰ ਹੈ। ਪਰ ਐਸੀ ਹੀ ਘੁੱਗ ਵਸ ਰਹੀ ਹੈ ਜੈਸੀ ਕਿ ਦ੍ਰਿਸ਼ਟਮਾਨ ਦੁਨੀਆ; ਸਗੋਂ ਉਹ ਵਧੇਰੀ ਘੁੱਗ ਵਸਦੀ ਹੈ।"[7] ਗੁਰਬਾਣੀ ਵੀ ਸਮਝਾਉਂਦੀ ਹੈ ਕਿ ਜੋ ਵਾਹਿਗੁਰੂ ਨੂੰ ਇਕ ਨਿਮਖ ਵੀ ਨਹੀਂ ਵਿਸਾਰਦੇ, ਉਹ ਅੱਗੇ ਜਾ ਕੇ ਬਾਜ਼ੀ ਨਹੀਂ ਹਾਰਦੇ ਫਿਰ ਕਿਉਂ ਉਸ ਨੂੰ ਮਨ ਵਿਚੋਂ ਵਿਸਾਰਿਆ ਜਾਏ:

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ॥

ਆਗੈ ਗਇਆ ਨ ਬਾਜੀ ਹਾਰੀ॥1॥

(ਰਾਗੁ ਆਸਾ, ਸ੍ਰੀ ਕਬੀਰ ਜੀਉ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 476)

ਭਾਈ ਸਾਹਿਬ ਅਨੁਸਾਰ, "ਸੰਸਾਰ ਵਿਖੇ ਜੋ ਬੁਰਿਆਈ ਹੋ ਰਹੀ ਹੈ, ਜੋ ਓਪੱਦ੍ਰਵ ਹੋ ਰਹੇ ਹਨ, ਉਸ ਦਾ ਮੁੱਖ ਕਾਰਨ ਇਹੀ ਹੈ ਕਿ ਆਮ ਨਾਸਤਕਤਾ ਇਹ ਵਰਤ ਰਹੀ ਹੈ ਕਿ ਅਕਾਲ ਪੁਰਖ ਹੈ ਹੀ ਨਹੀਂ। ਜੇ ਇਹ ਨਿਸ਼ਚਾ ਯਕੀਨ ਹੋਵੇ ਕਿ ਓਹ ਹੈ, ਸਦਾ ਸਿਰ ਤੇ ਖੜ੍ਹਾ ਹੈ, ਨੇੜੇ ਹੂੰ ਤੇ ਨੇੜੇ ਹੈ ਅਤੇ ਸਭ ਦੇ ਨਿਕਟ ਵਸ ਰਿਹਾ ਹੈ, ਤਾਂ ਕੋਈ ਭੀ ਜੀਵ ਬੁਰਾਈ ਨ ਕਰੇ, ਕੋਈ ਭੀ ਬੁਰਾ ਕੰਮ ਨਾ ਕਰੇ, ਬਿਖ-ਮਾਇਆ ਦੇ ਸੰਚਨ ਵਿਚ ਹੀ ਪਰਵਿਰਤ ਨਾ ਰਹੇ।"[8] ਅਕਾਲ ਪੁਰਖ ਦਾ ਕੀਰਤਨ ਰੂਪੀ ਜਸ ਕਰਨ ਵਾਲੇ ਗੁਰਮੁਖ ਜਨਾਂ ਨੂੰ ਵਾਹਿਗੁਰੂ ਸਦਾ ਨੇੜੇ ਦਿਸਦਾ ਹੈ। ਜਿਸ ਕਰਕੇ ਉਹਨਾਂ ਦੇ ਮਨ ਪਾਪ ਕਰਨ ਤੋਂ ਸਦਾ ਸੰਗਦੇ ਸੰਕੋਚਦੇ ਹਨ। ਪ੍ਰਭੂ ਤਿਨ੍ਹਾਂ ਦੇ ਇੱਥੇ ਤੇ ਉਥੇ ਭਾਵ ਲੋਕ-ਪਰਲੋਕ ਵਿਚ ਸਭ ਕਾਰਜ ਸੰਵਾਰਦਾ ਹੈ:

ਹਰਿ ਕੀਰਤਨ ਰਸ ਭੋਗ ਰੰਗੁ॥

ਮਨ ਪਾਪ ਕਰਤ ਤੂ ਸਦਾ ਸੰਗੁ॥

ਨਿਕਟਿ ਪੇਖੁ ਪ੍ਰਭੁ ਕਰਣਹਾਰ॥

ਈਤ ਊਤ ਪ੍ਰਭ ਕਾਰਜ ਸਾਰ॥3॥

(ਬਸੰਤੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1183)

ਗੁਰਬਾਣੀ ਦੇ ਉਪਰੋਕਤ ਸਿਧਾਂਤ ਨੂੰ ਆਪਣੇ ਅਨੁਭਵ ਰਾਹੀਂ ਸਮਝਣ ਉਪਰੰਤ ਭਾਈ ਰਣਧੀਰ ਸਿੰਘ ਲਿਖਦੇ ਹਨ, "ਜਿਹੜੇ ਸਾਕਤ ਪੁਰਸ਼ ਅੱਖੀਆਂ ਹੁੰਦਿਆਂ, ਰਸਨਾ ਹੁੰਦਿਆਂ, ਕੰਨਾਂ ਹੁੰਦਿਆਂ ਅੰਨ੍ਹੇ ਗੁੰਗੇ

---

[7] *ਉਹੀ, ਉਪਰੋਕਤ,* ਪੰ. 96.

[8] *ਉਹੀ,* ਪੰ. 5.

ਬੋਲੇ ਹਨ, ਐਸੇ ਨਾਸਤਕਾਂ ਨੂੰ ਨਿਕਟ ਨੇੜੇ ਵਸਦਾ ਵਾਹਿਗੁਰੂ ਦੂਰ ਹੀ ਪਰਤੀਤ ਹੁੰਦਾ ਹੈ। ਤਾਂ ਤੇ ਇਹ ਉਸ ਵਾਹਿਗੁਰੂ ਦੀ ਨਿਕਟਤਾ ਦੀ ਪਰਤੀਤ ਵਿਹੂਣੇ ਪਾਪੀ ਹੀ ਪਾਪ ਕਮਾਉਂਦੇ ਹਨ।"[9] ਜਿਵੇਂ ਗੁਰਵਾਕ ਹੈ:

ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ॥

ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ॥1॥

(ਸੂਹੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 741)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲਮੰਤਰ ਵਿਚ '੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥'(ਜਪੁ, ਪੰਨਾ 1) ਰਾਹੀਂ ਇਹ ਦ੍ਰਿੜ੍ਹ ਕਰਾਇਆ ਹੈ ਕਿ ਅਕਾਲ ਪੁਰਖ ਹੈ ਅਤੇ ਉਸਦੇ ਗੁਣ ਵੀ ਦੱਸੇ ਹਨ। ਅਕਾਲ ਪੁਰਖ ਦੈਵੀ ਹਸਤੀ ਜਾਂ ਪਰਮਾਤਮਾ ਲਈ ਵਰਤਿਆ ਗਿਆ ਸ਼ਬਦ ਹੈ। 'ਅਕਾਲ ਮੂਰਤਿ' ਵਾਂਗ ਇਹ ਵੀ ਦੋ ਇਕਾਈਆਂ ਤੋਂ ਬਣਿਆ ਹੋਇਆ-'ਅਕਾਲ' ਅਤੇ 'ਪੁਰਖ'। ਵਜ਼ੀਰ ਸਿੰਘ ਅਨੁਸਾਰ, "ਸ਼ਬਦ 'ਪੁਰਖ' ਮੂਲ-ਮੰਤਰ ਵਿਚ ਕਰਤਾ ਦੇ ਨਾਲ ਜੋੜ ਕੇ, 'ਕਰਤਾ ਪੁਰਖ' ਰੂਪ ਵਿਚ ਵਰਤਿਆ ਗਿਆ ਹੈ, ਜੋ ਕਰਤਾਰੀ ਸ਼ਕਤੀ ਵਾਲੇ ਦੈਵੀ ਪੁਰਖ ਦਾ ਅਰਥ ਦੇਂਦਾ ਹੈ। ਸਿੱਖ ਪਰੰਪਰਾ ਨੇ 'ਅਕਾਲ ਪੁਰਖ' ਸਮਾਸ ਨੂੰ ਨਿਤਾਪ੍ਰਤੀ ਵਰਤੋਂ-ਵਿਹਾਰ ਵਿਚ ਆਉਣ ਵਾਲੇ ਸੰਕੇਤ ਵਜੋਂ ਅਪਨਾ ਲਿਆ ਹੈ, ਅਤੇ ਇਸ ਨੂੰ ਸਤਿਨਾਮ ਤੇ ਵਾਹਿਗੁਰੂ ਦਾ ਸਮਾਨ-ਅਰਥਕ ਸਵੀਕਾਰ ਕਰ ਲਿਆ ਹੈ।"[10]

ਅਕਾਲ ਪੁਰਖ ਨੂੰ ਗੁਰਬਾਣੀ ਅੰਦਰ ਅਨੇਕਾਂ ਨਾਵਾਂ ਨਾਲ ਉਸਦੇ ਗੁਣਾਂ ਦੇ ਆਧਾਰ 'ਤੇ ਸੰਬੋਧਨ ਕੀਤਾ ਗਿਆ ਹੈ। ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਸਤਿਨਾਮ ਨਿਰੰਜਨ ਵਾਹਿਗੁਰੂ ਨਾਮ ਦੀ ਸਹਾਇਤਾ ਨਾਲ ਪ੍ਰਾਪਤ ਹੁੰਦਾ ਹੈ। ਭਾਈ ਸਾਹਿਬ ਅਨੁਸਾਰ ਵੀ, "ਸਚਮੁਚ ਨਾਮ ਜਪਣ ਕਰਿ, ਨਾਮ ਰਿਦੇ ਅਰਾਧਨ (ਬਿਚਾਰਨ) ਕਰਿ ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ-ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿਬਤਾ-ਮਈ ਅਕਾਰ-ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰਿ ਹੀ ਉਤਰ ਆਉਂਦਾ ਹੈ।"[11] ਉਸ ਅਕਾਲ ਪੁਰਖ ਦੇ ਨੇੜੇ ਵਸਣ ਅਤੇ ਸਭ ਨੂੰ ਦੇਖਣ ਸੰਬੰਧੀ ਸਚਾਈ ਨੂੰ ਕੋਈ ਵਿਰਲਾ ਗੁਰਮੁਖ ਹੀ ਬੁੱਝਦਾ ਹੈ। ਸੋ ਲੋੜ ਹੈ ਉਸ ਅਕਾਲ

9 *ਉਹੀ,* ਪੰਨੇ 8-9.

10 ਵਜ਼ੀਰ ਸਿੰਘ, *ਉਹੀ,* ਪੰ. 95.

11 *ਉਪਰੋਕਤ,* ਪੰ. 18.

ਪੁਰਖ ਨੂੰ ਨੇੜੇ ਸਮਝਣ ਦੀ ਅਤੇ ਉਸ ਪ੍ਰਤੀ ਸੱਚੀ ਭੈ-ਭਾਵਨੀ ਰੱਖਣ ਦੀ ਕਿਉਂਕਿ ਭੈਅ ਅਤੇ ਭਾਉ ਤੋਂ ਬਿਨਾ ਉਸ ਦੀ ਭਗਤੀ ਨਹੀਂ ਹੋ ਸਕਦੀ। ਇਹ ਵਿਸਮਾਦ-ਜਨਕ ਸਚਾਈ ਹੈ। ਗਿ. ਸੰਤ ਸਿੰਘ ਮਸਕੀਨ ਲਿਖਦੇ ਹਨ, "ਅਕਾਲ ਪੁਰਖ ਦਾ ਭੈ ਧਾਰਨ ਕਰ ਕੇ ਜਦ ਕੋਈ ਉਸ ਦੀ ਬੰਦਗੀ ਕਰਦਾ ਹੈ, ਉਹ ਨਿਰਮਲ ਭੈ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਐਸਾ ਮਨੁੱਖ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਹਰ ਥਾਂ ਵੇਖਦਾ ਹੈ।"[12]

ਭਾਈ ਸਾਹਿਬ ਅਨੁਸਾਰ, "ਸਾਰੀ ਖ਼ਲਕਤ ਹੀ ਏਸ ਅਗਿਆਨਤਾ ਭਰੀ ਨਾਸਤਕਤਾ ਵਿਚ ਰੁੜ੍ਹਦੀ ਕੁੜ੍ਹਦੀ ਚਲੀ ਆਉਂਦੀ ਸੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਦਸ ਗੁਰੂ ਜੋਤਿ ਜਾਮੇ ਧਾਰ ਕੇ ਅਤੇ 'ਜੋਤਿ ਓਹਾ ਜੁਗਤਿ ਸਾਇ' ਦੇ ਵਾਕ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਮਰ ਵਜੂਦੀ ਸਰੂਪ ਵਿਚ ਆਪਣੀ ਜੋਤ ਸੰਚਾਰ ਕੇ ਨਾ ਸਿਰਫ ਏਸ ਗੱਲ ਦਾ ਦੀਦ ਬਿਚੱਖਣੀ ਸਬੂਤ ਦਿੱਤਾ ਹੈ ਕਿ ਨਿਰੰਕਾਰ ਨਿਰੰਜਨ ਅਕਾਲ ਪੁਰਖ ਹੈ, ਬਲਕਿ ਘਟ-ਜੋਤਿ-ਜਲਵੀਏ ਇਕ ਨਹੀਂ, ਅਨੇਕਾਂ ਪ੍ਰਮਾਰਥੀ ਪਾਤਰਤਾ ਵਾਲੇ ਗੁਰਮੁਖ ਜਨਾਂ ਨੂੰ ਪਰਗਟ ਕਰ ਦਿਖਲਾਇਆ।"[13]

ਦਰਸ਼ਨ ਸਿੰਘ ਲਿਖਦੇ ਹਨ, "ਪਰਮਾਤਮ ਸੱਤਾ ਦਾ ਗਿਆਨ ਬੁੱਧੀ ਦਾ ਵਿਸ਼ਾ ਨਹੀਂ, ਅਨੁਭਵ ਦਾ ਵਿਸ਼ਾ ਹੈ।"[14] ਆਧੁਨਿਕ ਵਿਗਿਆਨਿਕ ਯੁੱਗ ਦੀ ਚਕਾਚੌਂਧ ਹੇਠ ਆਮ ਜਨਤਾ ਇਹ ਸਮਝਦੀ ਹੈ ਕਿ ਅਕਾਲ ਪੁਰਖ ਦੀ ਦਰਗਾਹ ਕਿਵੇਂ ਹੋ ਸਕਦੀ ਜਦੋਂ ਕਿ ਬਹੁਤੇ ਤਾਂ ਅਜੇ ਅਕਾਲ ਪੁਰਖ ਦੀ ਹੋਂਦ ਤੋਂ ਹੀ ਮੁਨਕਰ ਹਨ। ਸਤਿਗੁਰੂ ਦੀ ਕ੍ਰਿਪਾ ਨਾਲ ਹੀ ਦ੍ਰਿੱਬ-ਦ੍ਰਿਸ਼ਟੀ ਪ੍ਰਾਪਤ ਲੋਇਣਾਂ ਰਾਹੀਂ ਹੀ ਸਭ ਪਾਸੇ ਅਕਾਲ ਪੁਰਖ ਨਜ਼ਰ ਆਉਂਦਾ ਹੈ। ਉਸ ਕਣ-ਕਣ ਵਿਚ ਵੱਸੇ ਅਕਾਲ ਪੁਰਖ ਨੂੰ ਇਹ ਪੰਜ ਭੂਤਕੀ ਅੱਖਾਂ ਨਹੀਂ ਵੇਖ ਸਕਦੀਆਂ। ਗੁਰਬਾਣੀ ਅਨੁਸਾਰ ਉਹ ਅੱਖੀਆਂ ਤਾਂ ਹੋਰ ਹਨ, ਜਿਨ੍ਹਾਂ ਦੁਆਰਾ ਅਕਾਲ ਪੁਰਖ ਦਿੱਸਦਾ ਹੈ ਜਿਵੇਂ ਗੁਰਵਾਕ ਹੈ:

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥1॥ਛੰਤੁ॥

(ਰਾਗੁ ਵਡਹੰਸੁ, ਮ. 5, ਛੰਤੁ ਘਰੁ 4, ਸਲੋਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 577)

---

12 ਗਿ. ਸੰਤ ਸਿੰਘ ਮਸਕੀਨ, *ਤੀਜਾ ਨੇਤ੍ਰ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2014, ਪੰ. 68.

13 *ਉਪਰੋਕਤ,* ਪੰ. 33.

14 ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 141.

ਅਨੇਕ ਪ੍ਰਕਾਰ ਦੀ ਰਚਨਾ ਐਸੀ ਹੈ ਜੋ ਇਹਨਾਂ ਅੱਖਾਂ ਕਰਕੇ ਨਹੀਂ ਦਿਸਦੀ, ਪਰ ਵਾਸਤਵ ਵਿਚ ਹੈ।[15] ਗਿ. ਸੰਤ ਸਿੰਘ ਮਸਕੀਨ ਦੇ ਸ਼ਬਦਾਂ ਵਿਚ, "ਬ੍ਰਹਮੰਡ ਵਿਚ ਕੁਛ ਐਸੇ ਮੰਡਲ ਗ੍ਰਹਿ ਪ੍ਰਿਥਵੀਆਂ ਹਨ, ਜਿਥੇ ਸਿਰਫ ਆਤਮਾਵਾਂ ਦਾ ਵਾਸਾ ਹੈ।"[16] ਪਾਰਦਰਸ਼ੀ ਪੂਰੇ ਸਤਿਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿਚ ਲਿਖਿਆ ਹੈ ਕਿ ਇਸ ਧਰਤੀ ਤੋਂ ਇਲਾਵਾ ਹੋਰ ਵੀ ਅਣਗਿਣਤ, ਬੇਸ਼ੁਮਾਰ, ਖੰਡਾਂ ਬ੍ਰਹਿਮੰਡਾਂ ਅਤੇ ਅਸੰਖ ਅਣਦ੍ਰਿਸ਼ਟੀਆਂ ਦੁਨੀਆਵਾਂ ਤੇ ਰਚਨਾਵਾਂ ਹਨ:

ਅਗੰਮ ਅਗੰਮ ਅਸੰਖ ਲੋਅ...॥19॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 4)

ਪਾਤਾਲਾ ਪਾਤਾਲਾ ਲਖ ਆਗਾਸਾ ਆਗਾਸ...॥22॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 5)

ਨਾਸਤਕ ਲੋਕ ਅਕਾਲ ਪੁਰਖ ਨੂੰ ਇਸ ਕਰਕੇ ਨਹੀਂ ਮੰਨਦੇ ਕਿਉਂਕਿ ਇਹ ਅੱਖੀਂ ਦਿਸਦਾ ਨਹੀਂ ਇਸ ਲਈ ਇਹ ਹੈ ਹੀ ਨਹੀਂ। ਇਸ ਅਗਿਆਨਤਾ ਕਾਰਨ ਇਹ ਲੋਕ ਰੱਬ ਨੂੰ ਹੀ ਨਹੀਂ ਮੰਨਦੇ। ਇਹਨਾਂ ਵਿਗਿਆਨੀ ਤੇ ਨਾ ਮੰਨਣ ਵਾਲੇ ਲੋਕਾਂ ਪ੍ਰਤੀ ਟਿੱਪਣੀ ਕਰਦਿਆਂ ਭਾਈ ਸਾਹਿਬ ਲਿਖਦੇ ਹਨ, "ਵਾਹਿਗੁਰੂ ਦੀ ਹਸਤੀ ਨੂੰ ਜੇ ਉਹ ਬੱਧੇ-ਰੁੱਧੇ ਮੰਨ ਭੀ ਜਾਣ ਤਾਂ ਉਹ ਵਾਹਿਗੁਰੂ ਦੀ ਦਰਗਾਹ ਨੂੰ ਉੱਕਾ ਹੀ ਨਹੀਂ ਮੰਨਦੇ। ਅਗੇ ਨੂੰ ਯਾ ਅਗਲੀ ਅਗੰਮ ਵਸਦੀ ਦੁਨੀਆ ਨੂੰ ਤਾਂ ਉਹ ਅਜੇ ਭੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨ ਕੋਈ ਅੱਗਾ ਹੈ, ਨ ਅਗਲੀ ਦੁਨੀਆ ਹੈ, ਨ ਕੋਈ ਕਰਮਾਂ ਦਾ ਵੀਚਾਰ ਹੈ ਤੇ ਨ ਕੋਈ ਲੇਖਾ ਲੈਣਹਾਰ ਹੈ, ਨ ਧਰਮਰਾਇ ਹੈ, ਨ ਕੋਈ ਜਮ-ਜੰਦਾਰਾ ਹੈ, ਨਾ ਕੋਈ ਨਰਕ ਹੈ ਨ ਸੁਰਗ ਬਹਿਸ਼ਤ ਹੈ, ਐਵੇਂ ਸਭ ਖ਼ਾਮ ਖ਼ਿਆਲੀਆਂ ਹੀ ਹਨ। ਪਰ ਗੁਰਸਿਖਾਂ ਨੂੰ ਏਨ੍ਹਾਂ ਗੱਲਾਂ ਦੇ ਮੰਨਣੋਂ ਨਾਹ ਕਰਨ ਲਈ ਕੋਈ ਥਾਉਂ ਨਹੀਂ, ਜੇਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ। ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਗੁਰੂ ਸਤਿਪੁਰਖਾਂ ਦੁਆਰਾ ਆਈ ਬਾਣੀ ਜੋ ਕੁਝ ਵੀ ਦਰਸਾਉਂਦੀ ਦ੍ਰਿੜ੍ਹਾਉਂਦੀ ਹੈ, ਉਹ ਸਭ

---

15 *ਉਪਰੋਕਤ,* ਪੰ. 52.

16 ਗਿ. ਸੰਤ ਸਿੰਘ ਮਸਕੀਨ, *ਪ੍ਰਭੂ ਸਿਮਰਨ* (ਭਾਗ ਤੀਜਾ), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2014, ਪੰ. 30.

ਕੁਝ ਸਤਿ ਹੈ ਤੇ ਗੁਰਸਿਖਾਂ ਦੇ ਸਤਿ ਸਤਿ ਕਰ ਮੰਨਣ ਯੋਗ ਹੈ।"[17] ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਭਾਈ ਸਾਹਿਬ ਨੇ ਵੀ ਹੇਠਾਂ ਲਿਖਿਆ ਗੁਰ-ਪ੍ਰਮਾਣ ਗੁਰਬਾਣੀ ਵਿਚੋਂ ਲਿਆ ਹੈ:

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥1॥...

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥3॥4॥5॥

(ਰਾਗੁ ਗਉੜੀ ਪੂਰਬੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 13)

ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿੱਜ ਘਰ, ਆਪਣੀ ਨਿੱਜ ਕਾਇਆ (ਸਰੀਰ) ਅੰਦਰ ਹੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਅਤੇ ਫਿਰ ਉਹਨਾਂ ਦਾ ਇਸ ਸੰਸਾਰ ਵਿਚ ਫੇਰਾ ਅਰਥਾਤ ਆਉਣਾ ਜਾਣਾ ਨਹੀਂ ਹੁੰਦਾ। ਅਜਿਹਾ ਹੀ ਇਕ ਹੋਰ ਗੁਰਵਾਕ ਹੈ:

ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ॥

ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ॥

ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ॥14॥

(ਸਿਰੀਰਾਗ ਕੀ ਵਾਰ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 88-89)

ਭਾਵ ਜਿਨ੍ਹਾਂ ਨੇ ਕੇਵਲ ਸਤਿਗੁਰੂ ਨੂੰ ਹੀ ਧਿਆਇਆ ਹੈ, ਤਿਨ੍ਹਾਂ ਨੂੰ ਅਗਲੀ ਦਰਗਾਹੇ ਜਮਾਂ ਦੇ ਡਰ ਨਹੀਂ ਰਹੇ। ਜਿਨ੍ਹਾਂ ਨੂੰ ਕਿਰਪਾ ਸਤਿਗੁਰੂ ਦੀ ਹੋਈ ਹੈ, ਉਹੀ ਸਤਿਗੁਰੂ ਦੀ ਸਰਣੀ ਪਏ ਹਨ। ਗੁਰਮਤਿ ਮਾਰਗ ਉਪਰ ਚੱਲਣ ਸਦਕਾ ਤਿਨ੍ਹਾਂ ਦੇ ਐਥੇ ਉਥੇ (ਲੋਕ ਪ੍ਰਲੋਕ ਵਿਖੇ) ਮੁਖ ਉਜਲੇ ਹੁੰਦੇ ਹਨ। ਉਹ ਮਾਣ ਸਹਿਤ ਵਾਹਿਗੁਰੂ ਦੀ ਦਰਗਾਹੇ ਜਾਂਦੇ ਹਨ। ਇਹ ਗੁਰਵਾਕ ਗੁਰਮਤਿ ਦੇ ਹੇਠ ਲਿਖੇ ਅਸੂਲ ਦ੍ਰਿੜ ਕਰਵਾਉਂਦਾ ਹੈ:

(1) ਜਿਨ੍ਹਾਂ ਨੇ ਸਤਿਗੁਰ ਨੂੰ ਧਿਆਇਆ ਤਿਨ੍ਹਾਂ ਨੂੰ ਜਮ ਦਾ ਡਰ ਨਹੀਂ, ਭਾਵ ਜਮਾਂ ਦੀ ਹੋਂਦ ਹੈ।

(2) ਜਿਨ੍ਹਾਂ ਉਤੇ ਹਰਿ ਪ੍ਰਭੂ ਕ੍ਰਿਪਾ ਕਰਦੇ ਹਨ ਉਹੀ ਸਤਿਗੁਰੂ ਦੀ ਸ਼ਰਣੀ ਪੈਂਦੇ ਹਨ।

(3) ਤਿਨ੍ਹਾਂ ਦੇ ਮੁਖ ਉਜਲੇ ਐਥੇ ਤੇ ਉੱਥੇ ਹੁੰਦੇ ਹਨ, ਭਾਵ ਅੱਗਾ ਹੈ ਸੱਚੀ ਦਰਗਾਹ ਅਕਾਲ ਪੁਰਖ ਦੀ ਮੌਜੂਦ ਹੈ।

---

[17] *ਉਪਰੋਕਤ*, ਪੰਨੇ 53-54.

ਅਗਲੀ ਦਰਗਾਹ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਇਹ ਗੁਰਵਾਕ ਫੁਰਮਾਉਂਦੇ ਹਨ:

ਵਿਚਿ ਦੁਨੀਆ ਸੇਵ ਕਮਾਈਐ॥

ਤਾ ਦਰਗਹਿ ਬੈਸਣੁ ਪਾਈਐ॥

ਕਹੁ ਨਾਨਕ ਬਾਹ ਲੁਡਾਈਐ॥4॥33॥

(ਸਿਰੀਰਾਗੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 26)

ਇਸ ਦੁਨੀਆ ਵਿਚ ਸਿਮਰਨ ਸੇਵਾ ਘਾਲ ਕਮਾਈ ਕੀਤੀ ਜਾਵੇ ਤਾਂ ਪ੍ਰਭੂ ਦੀ ਦਰਗਾਹ ਵਿਚ ਬੈਠਣ ਨੂੰ ਥਾਉਂ ਮਿਲਦਾ ਹੈ। ਇਸ ਉਪਰ ਦਿੱਤੇ ਨਕਸ਼ੇ ਪਿੱਛੋਂ ਕੋਈ ਵੀ ਗੁਰਸਿੱਖ ਅਗਲੀ ਦਰਗਾਹ ਦੀ ਵਾਸਤਵਿਕ ਹੋਂਦ ਤੋਂ ਮੁਨਕਰ ਨਹੀਂ ਹੋ ਸਕਦਾ।

ਮਨਮੁਖਾਂ ਨੂੰ ਜਰੂਰ ਹੀ ਅਗਲੀ ਦਰਗਾਹ ਵਿਖੇ ਸਜਾਵਾਂ ਮਿਲਣਗੀਆਂ। ਇਸ ਮਨਮੁਖਤਾ ਭਰੀ ਹਉਮੈ ਦੇ ਕਾਰਨ ਹੀ ਸਾਰਾ ਜੱਗ ਆਵਾਗਉਣੀ ਚੌਰਾਸੀ ਦੇ ਗੇੜ ਭੋਗਦਾ ਹੈ। ਮਨਮੁਖਤਾ ਵਿਚ ਗ੍ਰਸੇ ਲੋਕਾਂ ਨੂੰ ਗੁਰਸ਼ਬਦ ਗੁਰ ਉਪਦੇਸ਼ ਦੀ ਸਤਤਾ (ਸੱਚਾਈ) ਦਾ ਯਕੀਨ ਨਹੀਂ ਆਉਂਦਾ, ਤਾਂ ਹੀ ਸਾਰਾ ਸੰਸਾਰ ਇਸ ਪ੍ਰਕਾਰ ਰੁਲਦਾ ਹੋਇਆ ਆਪਣੀ ਪੱਤ (ਇੱਜ਼ਤ) ਗਵਾ ਕੇ ਰਵਾਨਾ ਹੋ ਜਾਂਦਾ ਹੈ:

ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥1॥...

ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥...3॥

(ਸਿਰੀਰਾਗੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 33)

ਭਾਈ ਸਾਹਿਬ ਨੇ ਉਪਰੋਕਤ ਗੁਰਵਾਕ ਦੇ ਆਧਾਰ ’ਤੇ ਹੇਠ ਲਿਖੀਆਂ ਸਚਾਈਆਂ ਦੱਸੀਆਂ ਹਨ ਜੋ ਅਵੱਸ਼ ਬੰਦੇ ਦੇ ਸਿਰ ਤੇ ਖੜ੍ਹੀਆਂ ਹਨ ਅਤੇ ਹੋ ਕੇ ਰਹਿਣਗੀਆਂ:[18]

(1) ਅਗਲੀ ਦਰਗਾਹ ਹੈ।

(2) ਉਥੇ ਜਾਣਾ ਪਊ ਅਤੇ ਮਨਮੁਖਤਾ ਦਾ ਲੇਖਾ ਦੇਣਾ ਪਊ।

(3) ਉਥੇ ਮਿਲੀ ਸਜਾ ਜ਼ਰੂਰ ਭੁਗਤਣੀ ਪਊ।

(4) ਸਜ਼ਾ ਮਿਲੂ, ਟਲਣੀ ਨਹੀਂ।

---

[18] *ਉਹੀ*, ਪੰ. 63.

(5) ਹਉਮੈ ਅਤੇ ਮਨਮੁਖਤਾ ਦੇ ਕਾਰਣ ਬਿਨਸਦੇ ਜਗਤ ਨੂੰ ਆਵਾਗਵਨ (ਮੁੜਿ ਮੁੜਿ ਜੰਮਣ ਮਰਨ) ਵਿਚ ਪੈਣਾ ਪਊ।

(6) ਆਵਾਗਵਨੀ (ਮੁੜਿ ਮੁੜਿ ਮਰਿ ਜਨਮਣੀ) ਅਸੂਲ ਗੁਰਮਤਿ ਦਾ ਮੰਨਿਆ ਦੰਨਿਆ ਸਤ-ਤਤਵੀ ਅਸੂਲ ਹੈ। ਇਹਨਾਂ ਅਸੂਲਾਂ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ।

(7) ਇਹ ਸ਼ਬਦ ਤਿਨ੍ਹਾਂ ਦੇ ਸਿਰ ਤੇ ਖੜ੍ਹਾ ਹੈ ਜੋ ਗੁਰਸ਼ਬਦ ਤੋਂ ਹੀਣੇ ਬੇਮੁਖ ਹਨ।

ਉਪਰੋਕਤ ਚਰਚਾ ਦਾ ਸਾਰ ਇਹ ਹੈ ਕਿ ਹਲਤ ਪਲਤ ਵਿਖੇ, ਇਸ ਲੋਕ ਵਿਚ ਤੇ ਪ੍ਰਲੋਕ ਵਿਚ ਵੀ ਸੱਚੇ ਨਾਮ ਦੁਆਰਾ ਹੀ ਛੁਟਕਾਰਾ ਹੋਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ:

ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ॥
ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ॥
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੈ ਥਾਉ॥1॥

(ਸਿਰੀਰਾਗੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 52-53)

ਇਹ ਗੁਰਵਾਕ ਵੀ ਸਪੱਸ਼ਟ ਕਰਦਾ ਹੈ ਸੱਚੇ ਨਾਮ ਨਾਲ ਛੁੱਟ ਸਕੀਦਾ ਹੈ। ਉਸ ਸੱਚੀ ਦਰਗਾਹ ਵਿਚ ਨਾਮ ਜਪਣ ਵਾਲੇ ਸੰਤ ਜਨ ਹੀ ਮੰਨੇ ਜਾਂ ਪਰਵਾਣੇ ਜਾਂਦੇ ਹਨ। 'ਆਗੈ' ਤੇ 'ਦਰਗਹਿ' ਦੋਵੇਂ ਇਕੱਠੇ ਵਰਤੇ ਸ਼ਬਦ ਦੱਸਦੇ ਹਨ ਕਿ ਅਗਲੇ ਜਹਾਨ (ਪ੍ਰਲੋਕ) ਵਿਚ ਸੱਚੀ ਦਰਗਾਹ ਹੈ।

ਜਿਹੜੇ ਲੋਕ ਅਜੇ ਵੀ ਪ੍ਰਤੀਤੀ ਨਹੀਂ ਲਿਆਉਂਦੇ ਅਤੇ ਇਹ ਮੰਨੀ ਬੈਠੇ ਹਨ ਕਿ ਜੋ ਕੁਝ ਹੈ ਸੋ ਇੱਥੇ ਹੀ ਹੈ, ਇਸ ਦੁਨੀਆ ਵਿਚ ਹੀ ਹੈ; ਅੱਗੇ ਨਾ ਕੋਈ ਅੱਗਾ ਹੈ, ਨਾ ਅਗਲੀ ਦਰਗਾਹ ਹੈ ਨਾ ਹੀ ਕੋਈ ਨਿਆਂ ਨਿਬੇੜਾ ਹੋਣਾ ਹੈ। ਅਜਿਹੇ ਮਨਮੁਖਾਂ ਪ੍ਰਤੀ ਇਹ ਗੁਰਵਾਕ ਸਹੀ ਢੁੱਕਦਾ ਹੈ:

ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ॥
ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ॥
ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ॥5॥

(ਸਿਰੀਰਾਗੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 69-70)

ਭਾਈ ਸਾਹਿਬ ਨੇ ਉਪਰੋਕਤ ਸ਼ਬਦ ਦੀ ਵਿਆਖਿਆ ਕਰਦਿਆਂ ਇਹ ਸੱਚਾਈਆਂ ਦੱਸੀਆਂ ਹਨ[19]:

(1) ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸੱਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਹੋਇਕੈ ਸਤਿਗੁਰੂ ਦੀ ਸੱਚੀ ਸਿਮਰਨ ਰੂਪੀ ਸੇਵਾ ਭਗਤਿ ਕਮਾਈ ਨਹੀਂ ਕੀਤੀ, ਤਿਨ੍ਹਾਂ ਦਾ ਸੰਸਾਰ 'ਤੇ ਆਉਣਾ ਤੇ ਮਾਨੁਖਾ ਜੂਨ ਪਾਉਣਾ ਹੀ ਬਿਰਥਾ ਗਿਆ, ਤਿਨ੍ਹਾਂ ਨੇ ਮਾਨੁਖਾ ਜਨਮ ਬਿਰਥਾ ਗਵਾਇਆ ਹੈ।

(2) ਤਿਨ੍ਹਾਂ ਨੂੰ ਬਾਰੰ ਬਾਰ ਆਵਾਗਉਣ (ਜੰਮਣ, ਮਰਣ, ਮਰਣ ਜੰਮਣ) ਵਿਚ ਪੈਣਾ ਪਊ।

(3) ਤਿਨ੍ਹਾਂ ਨੂੰ ਹਰਿ ਦਰਗਹਿ ਢੋਈ ਨਹੀਂ ਮਿਲਣੀ।

(4) ਤਿਨ੍ਹਾਂ ਨੂੰ ਜਮਦਰ ਅੰਦਰ ਖੁਆਰ ਹੋਣਾ ਪਏਗਾ। ਓਹਨਾਂ ਨੂੰ ਬੰਨ੍ਹ ਕੇ (ਓਹਨਾਂ ਦੀਆਂ ਮੁਸ਼ਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ, ਜਿਥੇ ਓਹਨਾਂ ਨੂੰ ਐਸੀ ਮਾਰ ਪਵੇਗੀ ਕਿ ਉਹ ਹਾਇ ਤੋਬਾ ਦੀ ਕੂਕ ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ।

**ਨਰਕ ਸੁਰਗ** : ਅਗਲੀ ਦੁਨੀਆ ਵਿਚ ਅਕਾਲ ਪੁਰਖ ਦੀ ਦਰਗਾਹ, ਧਰਮ ਰਾਇ ਦੀ ਹੋਂਦ ਵਾਂਗ ਨਰਕ ਸੁਰਗ ਵੀ ਵਾਸਤਵਿਕ ਸਥਾਨ ਹਨ। ਉਸ ਪ੍ਰਭੂ ਨੇ ਬਹੁ ਬਿਧ ਅਨੇਕਾਂ ਪ੍ਰਕਾਰ ਦੀ ਰਚਨਾ ਰਚੀ ਹੈ। ਉਸਦੀ ਰਚਨਾ ਅੰਦਰ ਅਨੇਕਾਂ ਤਰ੍ਹਾਂ ਦੇ ਸੂਖਮ ਆਕਾਰਾਂ ਵਾਲੇ ਸਥਾਨ ਹਨ, ਜਿਨ੍ਹਾਂ ਨੂੰ ਦ੍ਰਿੱਬ ਦ੍ਰਿਸ਼ਟੀ ਵਾਲੇ ਲੋਇਣ ਹੀ ਵੇਖ ਸਕਦੇ ਹਨ। ਗੁਰੂ ਦੇ ਸਚਿਆਰੇ ਸਿੱਖਾਂ ਨੂੰ ਇਹ ਨਰਕ ਸੁਰਗ ਪੋਹ ਨਹੀਂ ਸਕਦੇ। ਨਾ ਤਾਂ ਉਹਨਾਂ ਨੂੰ ਨਰਕਾਂ ਵਿਖੇ ਪੈਣ ਦਾ ਡਰ ਹੁੰਦਾ ਹੈ ਨਾ ਹੀ ਸਵਰਗਾਂ ਵਿਚ ਜਾਣ ਦੀ ਲਾਲਸਾ ਹੁੰਦੀ ਹੈ ਜਿਵੇਂ:

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥120॥

(ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1370)

ਭਗਤ ਜਨਾਂ ਨੂੰ ਨਰਕ ਸੁਰਗ ਨਾਲ ਕੋਈ ਮਤਲਬ ਨਹੀਂ ਹੁੰਦਾ ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਨਰਕ ਸੁਰਗ ਐਵੇਂ ਕਪੋਲ ਕਲਪਨਾਵਾਂ ਹਨ :

---

[19] *ਉਹੀ,* ਪੰਨੇ 66-67.

ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ॥

ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ॥19॥

(ਸਿਰੀਰਾਗੁ ਕੀ ਵਾਰ, ਮ. 4, ਪਉੜੀ 19, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 91-92)

ਭਾਈ ਰਣਧੀਰ ਸਿੰਘ ਅਨੁਸਾਰ, "ਨਰਕ ਸੁਰਗ ਜ਼ਰੂਰ ਹਨ। ਨਰਕ ਸੁਰਗ ਵਖੋ ਵਖ ਤਬਕੇ ਅਣਦਿਸਦੀ ਦੁਨੀਆ ਵਿਚ ਮਉਜੂਦ ਹਨ। ਜੋ ਤਸਦੀਕ ਇਸ ਪ੍ਰਤ੍ਯੋਤਾ ਲਈ ਗਰਬਾਣੀ ਦਿੰਦੀ ਹੈ, ਉਹ ਅਸਾਡੇ ਤ੍ਰਿਕਾਲ ਦਰਸੀ ਸਰਬੱਗ ਸਤਿਗੁਰਾਂ ਨੇ ਆਪਣੇ ਅੱਖੀਂ ਪੇਖੀ ਪਰਖੀ ਹੈ।"[20] ਇਸ ਤਰ੍ਹਾਂ ਭਾਈ ਸਾਹਿਬ ਨੇ ਅਗਲੇ ਜਹਾਨ ਵਿਚ ਨਰਕ ਸੁਰਗ ਵਖ ਵਖ ਅਸਥਾਨ ਦੱਸੇ ਹਨ। ਕਈ ਲੋਕ ਇੱਥੇ ਮਾੜੇ ਕੰਮ ਕਰਦੇ ਹਨ ਤਾਂ ਵੀ ਸੁੱਖ ਭੋਗਦੇ ਹਨ ਪਰੰਤੂ ਇਹ ਸੁੱਖ ਉਹਨਾਂ ਦੇ ਪਿਛਲੇ ਕਰਮਾਂ ਕਾਰਨ ਉਹਨਾਂ ਨੂੰ ਨਸੀਬ ਹੁੰਦੇ ਹਨ। ਇਸ ਜਨਮ ਵਿਚ ਕੀਤੇ ਮਾੜੇ ਕਰਮਾਂ ਦਾ ਲੇਖਾ ਅੱਗੇ ਜਾ ਕੇ ਦੇਣਾ ਪਵੇਗਾ। ਭਾਈ ਸਾਹਿਬ ਅਨੁਸਾਰ, "ਨੇਕ ਅਤੇ ਬਦ ਅਮਲਾਂ ਦੀ ਕਰਣੀ ਆਪੋ ਆਪਣੇ ਕਰਮਾਂ ਅਨੁਸਾਰ ਜ਼ਰੂਰ ਭੁਗਤਣੀ ਪਏਗੀ। ਕਿਸੇ ਨੂੰ ਨੇੜੇ ਦਾ ਗੇੜ ਸੁਰਗ ਨਰਕ ਦੀ ਹੇਰਾ ਫੇਰੀ ਦਾ ਭੁਗਤਣਾ ਪੈਂਦਾ ਹੈ। ਕਿਸੇ ਨੂੰ ਲਖ ਚੁਰਾਸੀ ਦੇ ਲੰਮੇ ਫੇਰ ਵਿਚਿ ਪਾਇਆ ਜਾਂਦਾ ਹੈ।"[21]

ਮਰਨ ਤੋਂ ਬਾਦ ਮਾੜੇ ਕਰਮ ਕਰਣ ਹਾਰੇ ਪਾਪੀ ਦੁਸ਼ਟ ਹੀ ਅਜਿਹੇ ਨਰਕਾਂ ਵਿਚ ਪੈਣਗੇ। ਅਸਲ ਵਿਚ ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ ਸਭ ਖੋਟੇ ਖਰੇ ਪਰਖੇ ਜਾਂਦੇ ਹਨ। ਉਥੇ ਨਿਆਂ ਪੂਰਨ ਨਿਬੇੜਾ ਹੁੰਦਾ ਹੈ। ਖੋਟਿਆਂ (ਮਨਮੁਖਾਂ) ਨੂੰ ਖੁਆਰ ਕਰਕੇ ਦਰਗਾਹ ਤੋਂ ਬਾਹਰ ਸੁੱਟਿਆ ਜਾਂਦਾ ਹੈ ਅਤੇ ਉਲਟੇ ਭਾਰ ਨਰਕਾਂ ਵਿਚ ਲਟਕਾਇਆ ਜਾਂਦਾ ਹੈ ਜਿਸ ਕਰਕੇ ਉਹ ਉਚੀ-ਉਚੀ ਕੂਕ ਪੁਕਾਰਾਂ ਕਰਦੇ ਹਨ, ਪਰ ਕੋਈ ਨਹੀਂ ਸੁਣਦਾ:

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥

ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ...॥3॥

(ਵਡਹੰਸੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 570)

---

[20] *ਉਹੀ,* ਪੰ. 145.

[21] *ਉਹੀ, ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ,* ਪੰਨੇ 112-113.

ਇਹੀ ਨਹੀਂ, ਨਰਕਾਂ ਵਾਲਾ ਰਸਤਾ ਵੀ ਘੁੱਪ ਹਨੇਰੇ ਵਾਲਾ ਹੁੰਦਾ ਹੈ:

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ

ਰਵਿ ਸਸਿ ਤਹ ਨ ਪ੍ਰਵੇਸੰ॥3॥2॥

(ਸਿਰੀਰਾਗੁ, ਤ੍ਰਿਲੋਚਨ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 92)

ਆਪਣੇ ਅਨੁਭਵ ਦੇ ਆਧਾਰ ਉੱਤੇ ਭਾਈ ਸਾਹਿਬ ਲਿਖਦੇ ਹਨ, "ਇਸ ਗੁਰਵਾਕ ਤੋਂ ਸਿਧ ਹੈ ਕਿ ਉਥੇ ਨ ਕਦੇ ਸੂਰਜ ਚੜ੍ਹਦਾ ਹੈ, ਨ ਚੰਦ ਹੀ ਕਦੇ ਨਮੂਦਾਰ ਹੁੰਦਾ ਹੈ, ਘੋਰ ਘੁੱਪ ਅੰਧਿਆਰ ਹੀ ਅੰਧਿਆਰ ਤਿਨ੍ਹਾਂ ਤਬਕਿਆਂ ਵਿਚਿ ਸਦਾ ਰਹਿੰਦਾ ਹੈ। ਅੰਧਿਆਰੇ ਤੋਂ ਬਿਨਾਂ ਹੋਰ ਭੀ ਬਿਖਮ-ਤਾਈਆਂ ਉਥੇ ਦਰਪੇਸ਼ ਆਉਂਦੀਆਂ ਹਨ, ਜਿਨ੍ਹਾਂ ਦਾ ਵਰਣਨ ਕਰਨਾ ਕਠਨ ਹੈ। ਇਸ ਦੇਹੀ ਨੂੰ ਤਿਆਗ ਕੇ ਸੂਖਮ ਦੇਹੀ ਸੰਯੁਕਤ ਜੀਵ ਅਗੇ ਇਕੇਲਾ ਜਾਂਦਾ ਹੈ ਅਤੇ ਪਾਪਾਂ ਦੀ ਪੰਡ ਨਾਲ ਹੀ ਲੈ ਜਾਂਦਾ ਹੈ, ਜਿਸ ਕਰਕੇ ਪਾਪਾਂ ਦੀ ਪੰਧ ਲੰਘਣੀ ਅਤਿ ਔਖੀ ਹੋ ਜਾਂਦੀ ਹੈ।"[22]

ਉਸ ਅੰਤ ਸਮੇਂ ਦੀ ਮੁਸ਼ਕਲ ਘੜੀ ਵਿਚ ਇੱਕਲਿਆ ਜਾਣਾ ਨਾਮ ਦੇ ਸਾਥ ਕਾਰਨ ਸੌਖਾ ਹੋ ਜਾਂਦਾ ਹੈ। ਇਹੀ ਨਹੀਂ ਵਾਹਿਗੁਰੂ ਦਾ ਸਿਮਰਿਆ ਨਾਮ ਤਾਂ ਬਿਖੜੇ ਜਮਾਂ ਵਾਲੇ ਮਾਰਗ ਤੋਂ ਵੀ ਰੱਖਿਆ ਕਰਦਾ ਹੈ। ਇਸ ਮਾਰਗ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਚਾਨਣਾ ਪਾਉਂਦੇ ਹਨ। ਜਿਥੇ ਬੜੀ ਭਾਰੀ ਮੁਸ਼ਕਲ ਹੁੰਦੀ ਹੈ ਅਤੇ ਇਕੱਲਿਆਂ ਹੀ ਜਾਣਾ ਪੈਂਦਾ ਹੈ। ਜਿਸ ਰਸਤੇ ਦੇ ਕੋਹ ਜਾਂ ਦੂਰੀ ਗਿਣੀ ਮਿਣੀ ਨਹੀਂ ਜਾ ਸਕਦੀ। ਜਿਹੜਾ ਪੈਂਡਾ ਬੜੇ ਅੰਧ ਗੁਬਾਰ ਵਾਲਾ ਹੈ। ਜਿਸ ਰਸਤੇ ਉਤੇ ਜੀਵ ਨੂੰ ਕੋਈ ਵੀ ਪਛਾਣਨ ਵਾਲਾ ਨਹੀਂ ਹੋਵੇਗਾ। ਜਿਥੇ ਬਹੁਤ ਜਿਆਦਾ ਤਪਸ਼ ਤੇ ਗਰਮੀ ਹੁੰਦੀ ਹੈ ਅਤੇ ਬੜੀ ਪਿਆਸ ਲਗਦੀ ਹੈ। ਅਜਿਹੇ ਮਾਰਗ, ਰਸਤੇ ਜਾਂ ਪੈਂਡੇ ਤੇ ਕੇਵਲ ਨਾਮ ਹੀ ਸੰਗੀ ਤੇ ਸਹਾਈ ਹੋਵੇਗਾ ਹੈ:

ਜਹ ਮੁਸਕਲ ਹੋਵੈ ਅਤਿ ਭਾਰੀ॥

ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥....1॥

ਜਿਹ ਮਾਰਗਿ ਇਹੁ ਜਾਤ ਇਕੇਲਾ॥

ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥....2॥

---

[22] *ਉਹੀ, ਉਪਰੋਕਤ,* ਪੰ. 149.

ਜਿਹ ਮਾਰਗ ਕੇ ਗਨੇ ਜਾਹਿ ਨਾ ਕੋਸਾ॥

ਹਰਿ ਕਾ ਨਾਮੁ ਊਹਾ ਸੰਗਿ ਤੋਸਾ॥

ਜਿਹ ਪੈਡੇ ਮਹਾ ਅੰਧ ਗੁਬਾਰਾ॥

ਹਰਿ ਕਾ ਨਾਮੁ ਸੰਗਿ ਉਜੀਆਰਾ॥

ਜਹਾ ਪੰਥਿ ਤੇਰਾ ਕੋ ਨਾ ਸਿਞਾਨੂ॥

ਹਰਿ ਕਾ ਨਾਮੁ ਤਹ ਨਾਲਿ ਪਛਾਨੂ॥

ਜਹ ਮਹਾ ਭਇਆਨ ਤਪਤਿ ਬਹੁ ਘਾਮ॥

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥

ਜਹਾ ਤ੍ਰਿਖਾ ਮਨ ਤੁਝੁ ਆਕਰਖੈ॥

ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ॥4॥2॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 264)

ਗੁਰਬਾਣੀ ਵਿਚ ਉਸ ਬਿਖੜੇ-ਮਾਰਗ ਲਈ ਕੇਵਲ ਨਾਮ ਨੂੰ ਜੀਵ ਦਾ ਸਹਾਈ ਦੱਸਿਆ ਹੈ। ਇਸ ਦੇ ਵਿਪਰੀਤ ਜਿਸ ਜੀਵ ਨੇ ਹਰਿ ਨਾਮ ਨਾਲ ਪ੍ਰੀਤ ਨਹੀਂ ਪਾਈ ਉਹ ਭਾਵੇਂ ਅਨੇਕ ਕਰਮ ਕਰ ਲਵੇ ਅੰਤ ਨੂੰ ਨਰਕਾਂ ਵਿਚ ਜਾਵੇਗਾ। ਜਿਸ ਨੇ ਵੀ ਪਰਮਾਤਮਾ ਦਾ ਨਾਮ ਨਹੀਂ ਧਿਆਇਆ ਉਹ ਚੋਰਾਂ ਵਾਂਗ ਜਮਪੁਰੀ ਨੂੰ ਲਿਜਾਇਆ ਜਾਂਦਾ ਹੈ:

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥

ਕੋਟਿ ਕਰਮ ਕਰਤੋ ਨਰਕਿ ਜਾਵੈ॥5॥

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥

ਚੋਰ ਕੀ ਨਿਆਈ ਜਮ ਪੁਰਿ ਬਾਧਾ॥6॥

(ਗਉੜੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 240)

ਭਾਈ ਰਣਧੀਰ ਸਿੰਘ ਜੀ ਵੀ ਆਪਣੇ ਧਾਰਮਿਕ ਅਨੁਭਵ ਨੂੰ ਸਾਂਝਾ ਕਰਦੇ ਹੋਏ ਸ੍ਰੀ ਸੁਖਮਨੀ ਸਾਹਿਬ ਦੇ ਗੁਰਵਾਕਾਂ ਨੂੰ ਆਧਾਰ ਬਣਾ ਕੇ ਨਰਕ-ਸੁਰਗ ਦੀ ਹੋਂਦ ਸਿੱਧ ਕਰਦੇ ਹਨ ਜਿਵੇਂ:

ਸਾਧ ਕੈ ਸੰਗਿ ਕਲੂਖਤ ਹਰੈ॥

ਸਾਧ ਕੈ ਸੰਗਿ ਨਰਕ ਪਰਹਰੈ॥...6॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 272)

ਜਿਹੜੇ ਗੁਰਮੁਖ ਜਨ ਪ੍ਰਭੂ ਦਾ ਨਾਮ ਜਪਣ ਵਾਲੇ ਉਸ ਵਾਹਿਗੁਰੂ ਦਾ ਨਾਮ ਜਪਦੇ ਹਨ ਤਿਨਾਂ ਦੇ ਸਭ ਦੁੱਖ ਕੱਟੇ ਜਾਂਦੇ ਹਨ, ਸਭ ਫਲ ਮਿਲਦੇ ਹਨ ਅਤੇ ਜਮ ਭੱਜ ਜਾਂਦੇ ਹਨ ਅਤੇ ਨਾਰਾਇਣ (ਵਾਹਿਗੁਰੂ) ਦਾ ਨਾਮ ਮਾਇਆ ਰੂਪੀ ਡਾਇਣ ਦੇ ਦੰਦ ਭੰਨ ਦਿੰਦਾ ਹੈ ਭਾਵ ਉਸ ਨੂੰ ਹਰਾ ਦਿੰਦਾ ਹੈ:

ਨਾਰਾਇਣ ਕਹਤੇ ਨਰਕਿ ਨ ਜਾਹਿ॥

ਨਾਰਾਇਣ ਸੇਵਿ ਸਗਲ ਫਲ ਪਾਹਿ॥1॥

ਨਾਰਾਇਣ ਕਹਤ ਜਮੁ ਭਾਗਿ ਪਲਾਇਣ॥

ਨਾਰਾਇਣ ਦੰਤ ਭਾਨੇ ਡਾਇਣ ॥2॥4॥17॥19॥

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 868)

ਅਜਿਹੇ ਗੁਰਸਿੱਖਾਂ ਦੀ ਧੂੜੀ ਮੱਥੇ ਲਾਉਣ ਨਾਲ ਪਾਪੀ ਵੀ ਮੁਕਤੀ ਪਾ ਲੈਂਦੇ ਹਨ ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਹਰਿ ਪ੍ਰਭੂ ਲਿਖਦਾ ਹੈ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਆਪ ਮਿਲਦੇ ਹਨ ਅਤੇ ਜਮਾਂ ਦੀ ਮਾਰ ਤੋਂ ਅਗਲੀ ਦਰਗਾਹ ਅੰਦਰ ਛੁਡਵਾ ਲੈਂਦੇ ਹਨ:

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥

ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥

ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ॥...27॥

(ਸਲੋਕ ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1424)

ਸੋ ਇਸ ਨਾਮ ਨਿਧਾਨ ਸੇਤੀ ਹੀ ਅਗਲੀ ਦਰਗਾਹ ਵਿਖੇ ਪਰਵਾਨ ਹੋਈਦਾ ਹੈ। ਗੁਰਮਤਿ ਨਾਮ ਜਪਣ ਵਾਲਿਆਂ ਗੁਰਮੁਖਾਂ ਨੂੰ ਇਹਨਾਂ ਨਰਕਾਂ ਦਾ ਲੇਪ ਵੀ ਨਹੀਂ ਲੱਗਦਾ:

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨਾ ਮਾਸਾ ਹੇ॥12॥

(ਮਾਰੂ ਸੋਲਹੇ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1073)

**ਧਰਮ ਰਾਇ ਦੀ ਦਰਗਾਹ** : ਧਰਮ ਰਾਇ ਦੀ ਦਰਗਾਹ ਕੀ ਅਗਲੇ ਜਹਾਨ ਅੰਦਰ ਮੌਜੂਦ ਹੈ? ਇਹ ਪ੍ਰਸ਼ਨ ਅਧਿਆਤਮਕਤਾ ਵਿਸ਼ੇਸ਼ ਕਰਕੇ ਰਹੱਸਵਾਦ ਸੰਬੰਧੀ ਹੁੰਦੀ ਚਰਚਾ ਵਿਚ ਅਕਸਰ ਪੁੱਛਿਆ ਜਾਂਦਾ ਹੈ। ਭਾਈ ਸਾਹਿਬ ਅਨੁਸਾਰ, "ਕੁਦਰਤ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ-ਮੰਡਲ ਭੀ ਸਾਜਨਹਾਰੇ ਨੇ ਸਾਜ ਰਖਿਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ-ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ ਦਾ ਥਾਪਿਆ ਧਰਮ ਰਾਜ ਬੈਠ ਕੇ ਨਿਆਉਂ ਬੀਚਾਰਦਾ ਹੈ।"[23] ਇਸ ਸੱਚੀ ਧਰਮਸਾਲ ਵਿਚ ਧਰਮ ਰਾਇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਕਰਦਾ ਹੈ। ਇਥੇ ਸੱਚਾ ਤੇ ਪੂਰਾ ਨਿਆਂ-ਨਿਬੇੜਾ (ਫੈਸਲਾ) ਹੁੰਦਾ ਹੈ। ਗੁਰਮੁਖਾਂ ਨੂੰ ਵਡਿਆਈ ਤੇ ਆਦਰ-ਮਾਨ ਮਿਲਦਾ ਹੈ ਪਰੰਤੂ ਮਨਮੁਖਾਂ ਨੂੰ ਦੰਡ ਤੇ ਸਜਾਵਾਂ ਮਿਲਦੀਆਂ ਹਨ।

ਧਰਮ ਰਾਇ ਦੀ ਦਰਗਾਹ ਹੈ ਤਾਂ ਸੁਭਾਵਿਕ ਉਸਦੀ ਹਸਤੀ ਵੀ ਹੋਵੇਗੀ। ਧਰਮ ਰਾਇ ਦੀ ਹਸਤੀ ਦਾ ਵੇਰਵਾ ਵੀ ਭਾਈ ਸਾਹਿਬ ਨੇ ਇਸ ਪ੍ਰਕਾਰ ਬਿਆਨਿਆ ਹੈ, "ਨਿਆਉਂ ਕਰਨ ਵਾਲਾ ਸੱਚਾ ਮੁਨਸਫ਼ ਧਰਮ-ਰਾਇ ਆਪ ਸਚੜੇ ਅੰਤਰਯਾਮੀ ਅਕਾਲ ਪੁਰਖ ਦਾ ਹੀ ਧਰਮ ਨਿਆਉਂ ਕਲਾ ਸੰਪੰਨ ਥਾਪਿਆ ਹੋਇਆ ਡਿਪਟੀ ਹੁੰਦਾ ਹੈ।"[24] ਗੁਰਬਾਣੀ ਦੱਸਦੀ ਹੈ ਕਿ ਅਗਲੀ ਦਰਗਾਹ ਵਿਚ ਜਦ ਲੇਖਾ ਮੰਗਿਆ ਜਾਂਦਾ ਹੈ ਤਾਂ ਹੋਰ ਕਿਸੇ ਦਾ ਛੁਟਕਾਰਾ ਨਹੀਂ ਹੁੰਦਾ ਸਿਰਫ ਉਹਨਾਂ ਗੁਰਮੁਖਾਂ ਦਾ ਹੀ ਹੁੰਦਾ ਹੈ ਜਿਹੜੇ ਸਾਰੀ ਉਮਰ ਨਾਮ ਹੀ ਧਿਆਉਂਦੇ ਰਹੇ ਹਨ ਜਿਵੇਂ:

ਜਹ ਦਰਗਹਿ ਪ੍ਰਭੁ ਲੇਖਾ ਮਾਗੈ

ਤਹ ਛੁਟੈ ਨਾਮੁ ਧਿਆਇਥਈ॥1॥4॥

(ਕਲਿਆਣ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1320)

ਸਾਧਸੰਗਿ ਧਰਮਰਾਇ ਕਰੇ ਸੇਵਾ॥

ਸਾਧ ਕੈ ਸੰਗਿ ਸੋਭਾ ਸੁਰਦੇਵਾ॥...5॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 271)

---

23 *ਉਹੀ, ਸਚਖੰਡਿ ਦਰਸਨ,* ਪੰ. 20.

24 *ਉਹੀ,* ਪੰ. 21.

ਆਵਾਗਵਨ, ਧਰਮ ਅਧਿਐਨ ਦਾ ਪਰਮੁੱਖ ਵਿਸ਼ਾ ਹੈ। ਵਜ਼ੀਰ ਸਿੰਘ ਅਨੁਸਾਰ, "ਗੁਰਬਾਣੀ ਦਾ ਫ਼ਲਸਫ਼ਾ ਕੇਵਲ-ਮਾਤਰ ਪੂਰਬਲੇ ਕਰਮਾਂ ਦੀ ਕੈਦ ਦਾ ਫ਼ਲਸਫ਼ਾ ਨਹੀਂ। ਇਹ ਮਨੁੱਖੀ ਕਰਮ ਦੀ ਸੁਤੰਤਰਤਾ ਦਾ, ਮਨਮੁਖਤਾ ਦੀ ਪੱਧਰ ਤੋਂ ਗੁਰਮੁਖਤਾ ਦੀ ਸੇਧ ਵਿਚ ਵਿਚਰਨ ਦਾ ਫ਼ਲਸਫ਼ਾ ਹੈ। ਜੇਕਰ ਮਨੁੱਖ ਕਰਮਾਂ ਦੀ ਜਕੜ ਤੋਂ ਸੁਤੰਤਰ ਨਾ ਹੋ ਸਕਦਾ, ਪ੍ਰਭੂ ਦੀ ਮਿਹਰ ਦਾ ਪਾਤਰ ਨਾ ਬਣ ਸਕਦਾ, ਤਾਂ ਗੁਰੂ ਦੀ ਸਿੱਖਿਆ ਦਾ ਕੋਈ ਅਰਥ ਨਾ ਰਹਿ ਜਾਂਦਾ। ਉਸ ਨੂੰ ਚੰਗੇਰੇ ਕਰਮ ਕਰਨ ਦੀ ਸੁਤੰਤਰਤਾ ਹੈ, ਆਪਣਾ ਭਵਿੱਖ ਸੁਆਰਨ ਦੀ ਆਜ਼ਾਦੀ ਹੈ, ਮਹਾਂ-ਪੁਰਖਾਂ ਦੇ ਬਚਨਾਂ ਤੋਂ ਪ੍ਰੇਰਨਾ ਲੈ ਕੇ ਸਿਮਰਨ-ਸੇਵਾ-ਸੰਗਤ ਦੇ ਬਲ-ਬੂਤੇ ਵਿਸਮਾਦੀ ਮੰਡਲਾਂ ਦੇ ਹੁਲਾਰੇ ਲੈਣ ਦੀ ਖੁਲ੍ਹ ਹੈ।"[25]

ਇਹ ਠੀਕ ਹੈ ਕਿ ਗੁਰਬਾਣੀ ਦਾ ਜ਼ੋਰ ਕਰਮਵਾਦ ਉੱਤੇ ਐਨਾ ਨਹੀਂ ਜਿੰਨਾ ਦੈਵੀ ਹੁਕਮ ਅਤੇ ਭਾਣੇ ਉੱਤੇ ਹੈ। ਗੁਰੂ ਨਾਨਕ ਦੇਵ ਜੀ ਨੇ 'ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥' (ਵਾਰ ਆਸਾ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473) ਦੇ ਸ਼ਬਦ ਰਾਹੀਂ ਇਹ ਮੁਹਰ ਲਾਈ ਹੈ ਕਿ ਜੀਵ ਹੁਕਮ ਅਨੁਸਾਰ ਸੰਸਾਰ ਅੰਦਰ ਆਉਂਦਾ ਹੈ, ਹੁਕਮ ਅਨੁਸਾਰ ਹੀ ਦੁੱਖ-ਸੁੱਖ ਭੋਗ ਕੇ ਚਲਾ ਜਾਂਦਾ ਹੈ ਪਰੰਤੂ ਜਿਹੜੇ ਪ੍ਰਾਣੀ ਇਹ ਹੁਕਮ ਨਹੀਂ ਸਮਝਦੇ ਜਾਂ ਗੁਰੂ ਦੀ ਸਿੱਖਿਆ ਧਾਰਨ ਨਹੀਂ ਕਰਦੇ ਉਹ ਮਨਮੁਖੀ ਕਰਮ ਕਮਾਉਂਦੇ ਹਨ, ਉਹਨਾਂ ਦਾ ਆਵਾਗਵਨ ਮਿਟਦਾ ਨਹੀਂ। ਅਜਿਹੇ ਨਿਗੁਰੇ ਮਨਮੁਖ ਜੋ ਨਾਮ ਨਹੀਂ ਜਪਦੇ ਸਗੋਂ ਦੂਜੇ ਭਾਇ ਦੀ ਮੋਹ ਮਾਇਆ ਵਿਚ ਉਲਝੇ ਰਹਿੰਦੇ ਹਨ ਉਹ ਅੱਗੇ ਜਾ ਕੇ ਪਛਤਾਉਂਦੇ ਹਨ ਅਤੇ ਜਮਦਰ ਵਿਖੇ ਬੱਧੇ ਜਾਂਦੇ ਹਨ। ਉਹਨਾਂ ਦੇ ਸਿਰ ਤੇ ਜਮਕਾਲ ਚੜ੍ਹਿਆ ਰਹਿੰਦਾ ਹੈ। ਵਾਰ-ਵਾਰ ਜਮਪੁਰੀ ਵਿਚ ਜਾ ਕੇ ਜਮਾਂ ਦੀਆਂ ਚੋਟਾਂ ਖਾਂਦੇ ਹਨ। ਉਹਨਾਂ ਦਾ ਆਉਣ-ਜਾਣ ਮੁੱਕਦਾ ਨਹੀਂ:

ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥

ਕਿਆ ਲੈ ਆਵਹਿ ਕਿਆ ਲੈ ਜਾਹਿ॥

ਸਿਰਿ ਜਮਕਾਲੁ ਸਿ ਚੋਟਾ ਖਾਹਿ॥...2॥

(ਬਿਲਾਵਲੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 839)

---

[25] ਵਜ਼ੀਰ ਸਿੰਘ, *ਉਪਰੋਕਤ,* ਪੰ. 17.

ਦੂਜੇ ਪਾਸੇ ਹਰਿ ਪ੍ਰਭੂ ਦਾ ਨਾਮ ਜਪਣ ਵਾਲੇ ਗੁਰਮੁਖਾਂ ਦਾ ਆਵਾਗਵਣ ਮਿਟ ਜਾਂਦਾ ਹੈ, ਸਗੋਂ ਹਰਿ ਪ੍ਰਭੂ ਦੀ ਸੱਚੀ ਦਰਗਾਹ ਅੰਦਰ ਵੀ ਉਹ ਸਿਫਤ ਸਲਾਹ ਕਰਦਿਆਂ ਵਾਹਿਗੁਰੂ ਦੀ ਜੋਤ ਵਿਚ ਹੀ ਸਮਾ ਜਾਂਦੇ ਹਨ।

ਭਾਈ ਸਾਹਿਬ ਦੇ ਧਾਰਮਿਕ ਅਨੁਭਵ ਅਨੁਸਾਰ, "ਧਰਮਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਣ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਸਭ ਦਾ ਲੇਖਾ ਲੈਂਦਾ ਹੈ, ਸਿਵਾਇ ਉਨ੍ਹਾਂ ਗਰੁਮਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ।"[26]

'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਵਾਲਾ ਗੁਰਵਾਕ ਅਸੀਂ ਵਿਹਾਰਕ ਜ਼ਿੰਦਗੀ ਵਿਚ ਵੀ ਕਈ ਵਾਰ ਵਰਤਦੇ ਹਾਂ ਪਰ ਆਮ ਕਰਕੇ ਇਸ ਦੀ ਤਹਿ ਤਕ ਨਹੀਂ ਜਾਂਦੇ:

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥

ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥

ਅਜਰਾਈਲੁ ਫਰੇਸਤਾ ਹੋਸੀ ਆਇ ਤਈ॥

ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥2॥

(ਰਾਮਕਲੀ ਕੀ ਵਾਰ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 953)

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰਕੇ ਸਿੱਖਿਆ ਦਿੰਦੇ ਹਨ। ਭਾਈ ਸਾਹਿਬ ਉਪਰੋਕਤ ਗੁਰਵਾਕ ਦੀ ਵਿਆਖਿਆ ਕਰਦੇ ਹਨ ਕਿ, "ਧਰਮਰਾਇ ਦੇ ਰਾਹੀਂ ਧਰਮਰਾਇ ਦਾ ਰੂਪ ਧਾਰ ਕੇ ਪਰਮੇਸ਼ਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮਰਾਇ ਦੇ ਪਾਸ ਵਹੀ ਰੱਖੀ ਹੋਈ ਹੈ, ਜਿਸ ਉੱਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ

[26] ਭਾਈ ਰਣਧੀਰ ਸਿੰਘ, *ਉਪਰੋਕਤ,* ਪੰ. 100.

ਨਹੀਂ ਮੰਨੇ, ਤਿਨ੍ਹਾਂ ਨੂੰ ਧਰਮਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ, ਜ਼ਰੂਰ ਪੈਣਗੀਆਂ। ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮ ਰਾਇ ਦੀ ਵਹੀ ਵਿਚ ਦਰਜ ਹੈ, ਅਰਥਾਤ ਉਸ ਦੇ ਦਫ਼ਤਰ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ, ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਨ੍ਹਾਂ ਨੂੰ ਉਸ ਭੀੜੀ ਗਲੀ ਵਿਚੋਂ ਨਸਣ ਭਜਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਕੂੜਿਆਰਾਂ ਦੀ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ। ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ, ਓੜਕ ਸਚ ਤੇ ਸਚਿਆਰਿਆਂ ਨੇ ਹੀ ਕਾਇਮ ਦਾਇਮ ਰਹਿਣਾ ਹੈ।...ਵਾਕ ਵਿਚ ਜੋ ਜੋ ਕੁਛ ਭੀ ਉਚਾਰਣ ਹੋਇਆ ਹੈ, ਸੋ ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪੱਕੀ ਤਸਦੀਕ ਹੈ। ਬਸ!"[27]

ਇਸ ਤਰ੍ਹਾਂ ਭਾਈ ਸਾਹਿਬ ਨੇ ਗੁਰਬਾਣੀ ਪ੍ਰਮਾਣਾਂ ਦੀ ਅਨੁਭਵੀ ਵਿਆਖਿਆ ਦੇ ਆਧਾਰ ਉੱਤੇ ਨਰਕ-ਸੁਰਗ ਵਾਂਗ ਧਰਮ ਰਾਇ ਦੀ ਦਰਗਾਹ ਅਤੇ ਧਰਮ ਰਾਇ ਦੀ ਹਸਤੀ ਵੀ ਦ੍ਰਿੜ ਵਿਸ਼ਵਾਸ ਨਾਲ ਸਿੱਧ ਕਰ ਵਿਖਾਈ ਹੈ।

**ਜਮਦੂਤਾਂ ਅਤੇ ਜਮਪੁਰੀ ਦੀ ਹੋਂਦ** : ਭਾਈ ਸਾਹਿਬ ਨੇ ਆਪਣੇ ਦ੍ਰਿੜ ਵਿਸ਼ਵਾਸ ਤੇ ਧਾਰਮਿਕ ਅਨੁਭਵ ਸਦਕਾ ਅਤੇ ਗੁਰਬਾਣੀ ਵਿਚੋਂ ਹੀ ਅਨੇਕ ਪ੍ਰਮਾਣਾਂ ਰਾਹੀਂ ਇਹ ਸਿੱਧ ਕੀਤਾ ਹੈ ਕਿ ਧਰਮਰਾਇ ਅਤੇ ਧਰਮਰਾਇ ਦੀ ਦਰਗਾਹ ਵਾਂਗ ਜਮਦੂਤ ਤੇ ਜਮਪੁਰੀ ਵੀ ਅਸਲ ਵਿਚ ਹਨ। ਇਹ ਕੋਈ ਮਹਿਜ਼ ਦ੍ਰਿਸ਼ਟਾਂਤ ਵਜੋਂ ਵਰਤੇ ਪ੍ਰਤੀਕ ਨਹੀਂ। ਜਿਨ੍ਹਾਂ ਗੁਰੂ ਪਿਆਰਿਆਂ ਨੂੰ ਇਹ ਦਿੱਬ-ਦ੍ਰਿਸ਼ਟੀ ਗੁਰੂ ਦੀ ਮਿਹਰ ਸਦਕਾ ਮਿਲੀ ਤਿਨ੍ਹਾਂ ਨੇ ਸਾਖਾਸ਼ਾਤ ਆਪਣੀ ਅੱਖੀਂ ਇਹ ਅਸਥਾਨ ਵੇਖੇ ਹਨ।

ਕੀ ਜਮਦੂਤ ਹੁੰਦੇ ਹਨ? ਕੀ ਜੀਵ ਨੂੰ ਉਹ ਲੈ ਕੇ ਜਾਂਦੇ ਹਨ? ਇਹ ਪ੍ਰਸ਼ਨ ਖੋਜ ਦੀ ਮੰਗ ਕਰਦੇ ਪਰੰਤੂ ਗਿਆਨ ਨਾਲ ਅਸੀਂ ਕਿਸੇ ਨਿਰਨੇ ਤੇ ਨਹੀਂ ਪਹੁੰਚ ਸਕਦੇ। ਇਸ ਲਈ ਜਮਦੂਤਾਂ ਤੇ ਜਮਪੁਰੀ ਦੀ ਹੋਂਦ, ਜਮਾਂ ਦੁਆਰਾ ਜੀਵ-ਆਤਮਾ ਨੂੰ ਲੈ ਕੇ ਜਾਣ ਅਤੇ ਸਜਾਵਾਂ ਆਦਿ ਦਿੱਤੇ ਜਾਣ ਦੀ ਵਿਚਾਰ ਬਾਰੇ ਗੁਰਮਤਿ ਦੀ ਰੌਸ਼ਨੀ ਵਿਚ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਇਸ ਨੁਕਤੇ ਤੋਂ ਸ੍ਰੀ ਗੁਰੂ ਗ੍ਰੰਥ

[27] *ਉਹੀ,* ਪੰਨੇ 103-104.

ਸਾਹਿਬ ਜੀ ਦੀ ਬਾਣੀ ਵਿਚ ਅਨੇਕ ਪ੍ਰਮਾਣਾਂ ਰਾਹੀਂ ਜਮਦੂਤਾਂ ਅਤੇ ਜਮਪੁਰੀ ਸੰਬੰਧੀ ਸਪੱਸ਼ਟ ਨਿਰਣਾ ਕੀਤਾ ਮਿਲਦਾ ਹੈ ਜਿਵੇਂ:

ਮੰਨੈ ਮੁਹਿ ਚੋਟਾ ਨ ਖਾਇ॥

ਮੰਨੈ ਜਮ ਕੈ ਸਾਥਿ ਨ ਜਾਇ॥...13॥

(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 3)

ਸ੍ਰੀ ਗੁਰੂ ਨਾਨਕ ਦੇਵ ਜੀ ਜਪੁ ਜੀ ਵਿਚ ਫੁਰਮਾਉਂਦੇ ਹਨ ਕਿ ਨਾਮ ਨਿਰੰਜਨ ਨੂੰ ਮੰਨਣ, ਨਿਧਿਆਸਣ ਕਰਨ ਕਰਕੇ ਜਮਾਂ ਦੀਆਂ ਚੋਟਾਂ, ਸੱਟਾਂ ਨਹੀਂ ਖਾਣੀਆਂ ਪੈਂਦੀਆਂ ਅਤੇ ਨਾਮ ਦੇ ਪ੍ਰਤਾਪ ਕਾਰਨ ਜਮ ਦੇ ਸਾਥ ਨਹੀਂ ਜਾਣਾ ਪੈਂਦਾ। ਉਸ ਪ੍ਰਭੂ ਦਾ ਪ੍ਰਤਾਪ ਵੇਖ ਕੇ ਤਾਂ ਜਮਦੂਤ ਵੀ ਛੱਡ ਜਾਂਦੇ ਹਨ। ਉਹ ਪ੍ਰਾਣੀ ਮੁਕਤ ਹੋ ਜਾਂਦੇ ਹਨ ਜਿਨ੍ਹਾਂ ਨੇ ਹਰਿ ਨਾਮ ਧਿਆਇਆ ਹੋਵੇ, ਤਿਨ੍ਹਾਂ ਦੀ ਜਮ ਦੀ ਫਾਹੀ ਵੀ ਟੁੱਟ ਜਾਂਦੀ ਹੈ। ਚੌਥੇ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਵਾਕ ਹੈ:

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ

ਤਿਨ ਤੂਟੀ ਜਮ ਕੀ ਫਾਸੀ॥...3॥

(ਰਾਗੁ ਆਸਾ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 11)

ਜਿਹੜੇ ਸਾਕਤ ਪੁਰਸ਼ਾਂ ਨੇ ਹਰੀ ਰਸ ਦਾ ਸੁਆਦ ਨਹੀਂ ਜਾਣਿਆ ਤਿਨ੍ਹਾਂ ਅੰਦਰ ਹਉਮੈ ਰੂਪੀ ਕੰਡਾ ਹੁੰਦਾ ਹੈ ਜਦੋਂ ਉਹ ਇਥੋਂ ਚਲਦੇ/ਮਰਦੇ ਹਨ ਤਾਂ ਉਸ ਬਿਖਮ ਮਾਰਗ ਵਿਖੇ ਫਿਰ ਇਹੀ ਹਉਮੈ ਦਾ ਕੰਡਾ ਉਹਨਾਂ ਨੂੰ ਚੁੱਭਦਾ ਹੈ ਅਤੇ ਉਹ ਸਾਕਤ ਪੁਰਸ਼ ਜਮਕਾਲ ਦਾ ਸਿਰ ਉਪਰ ਕਰਾਰਾ ਡੰਡਾ ਸਹਿੰਦੇ ਹਨ। ਸੋ ਜਰੂਰੀ ਹੈ ਕਿ ਹਉਮੈ ਦਾ ਕੰਡਾ ਇਸੇ ਜਨਮ ਵਿਖੇ ਕੱਢ ਲਿਆ ਜਾਵੇ:

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ

ਜਮਕਾਲੁ ਸਹਹਿ ਸਿਰਿ ਡੰਡਾ ਹੇ॥2॥4॥4॥

(ਰਾਗੁ ਗਉੜੀ ਪੂਰਬੀ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 13)

ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ॥

ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ॥1॥8॥2॥19॥

(ਸਿਰੀਰਾਗੁ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 65)

ਜਮਾਂ ਦੀ ਮਾਰ ਅਤੇ ਅੰਤ ਸਮੇਂ ਜਮਾਂ ਦੁਆਰਾ ਫੜ ਕੇ ਲੈ ਜਾਣ ਸੰਬੰਧੀ ਸ੍ਰੀ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ:

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ

ਜਾ ਜਮਿ ਪਕੜਿ ਚਲਾਇਆ॥...4॥1॥

(ਸਿਰੀਰਾਗੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 75)

ਅੰਤਿ ਕਾਲ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ॥

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ

ਖਿਨ ਮਹਿ ਭਇਆ ਪਰਾਇਆ॥...3॥

(ਸਿਰੀਰਾਗੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 76)

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ॥

ਬੁਰਾ ਭਲਾ ਨਾ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ॥

ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ॥

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰ ਠਾਢੇ ਜਮ ਜੰਦਾਰਾ॥..2॥

(ਸਿਰੀਰਾਗੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 77)

ਭਾਵ ਰਾਤ ਰੂਪੀ ਉਮਰ ਦੇ ਦੂਜੇ ਪਹਿਰੇ ਭਰੀ ਜੁਆਨੀ ਵਿਚ ਵਿਅਕਤੀ ਅੰਦਰ ਅਜਿਹੀਆਂ ਲਹਿਰਾਂ ਉਠੱਦੀਆਂ ਹਨ ਕਿ ਹੰਕਾਰ ਮਤੇ ਨੂੰ ਬੁਰਾ ਭਲਾ ਕੁਝ ਸੁੱਝਦਾ ਹੀ ਨਹੀਂ, ਬਸ ਮਨ ਮਰਜ਼ੀ ਕਰਦਾ ਹੈ। ਗੁਰੂ ਜੀ ਸੁਚੇਤ ਕਰਦੇ ਹਨ ਕਿ ਅੱਗੇ ਪੰਧ ਕਰਾਰਾ ਤੇ ਬੜਾ ਔਖਾ ਹੈ। ਹੇ ਮਿੱਤਰ ਰੂਪੀ ਵਣਜਾਰੇ ਪ੍ਰਾਣੀ ਤੂੰ ਸਤਿਗੁਰੂ ਦਾ ਨਾਮ ਸਿਮਰਨ ਰੂਪੀ ਵਣਜ ਨਹੀਂ ਕੀਤਾ, ਤੇਰੇ ਸਿਰ ਤੇ ਸਦਾ ਜਮ-ਜੰਦਾਰ ਖੜ੍ਹਾ ਹੈ। ਵਾਹਿਗੁਰੂ ਨੂੰ ਚੇਤੇ ਕਰ ਜਿਵੇਂ ਅਗਲਾ ਗੁਰਵਾਕ ਹੈ:

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ

ਉਠਿ ਚਲੇ ਕਮਾਣਾ ਸਾਥਿ॥

ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ

ਓਨੀ ਤੜਕੇ ਪਾਏ ਹਾਥ॥...5॥

(ਸਿਰੀਰਾਗੁ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 78)

ਭਾਈ ਰਣਧੀਰ ਸਿੰਘ ਇਸ ਗੁਰਵਾਕ ਦੀ ਵਿਆਖਿਆ ਆਪਣੇ ਅਨੁਭਵ ਨਾਲ ਕਰਦੇ ਹਨ, "ਜਦੋਂ ਹੁਕਮ ਚਲਾਣੇ ਦਾ ਧੁਰੋਂ ਗੋਬਿੰਦ ਦੀ ਦਰਗਾਹੋਂ ਲਿਖਿਆ ਆਇਆ ਤਾਂ ਪ੍ਰਾਣੀ ਨੂੰ ਅਵੱਸ਼ ਉਠ ਚਲਣਾ ਪੈਂਦਾ ਹੈ, ਓਹਨਾਂ ਦੇ ਸਾਥ, ਜੋ ਲੈ ਜਾਣ ਦੀ ਕਮਾਣ (ਹੁਕਮ ਓੜਕੀ) ਲੈ ਕੇ ਆਏ ਹਨ, ਅਰਥਾਤ ਜਮਦੂਤ, ਭਾਵ ਜਮਦੂਤਾਂ ਦੇ ਨਾਲ ਜ਼ਰੂਰੀ ਬੱਧੇ ਜਾਣਾ ਪੈਂਦਾ ਹੈ। ਅਸੀਂ ਅਨੇਕਾਂ ਜਾਂਦੇ ਡਿਠੇ ਹਨ। ਇਕ ਰੱਤੀ ਭਰ ਭੀ ਠਹਿਰਨ ਅਟਕਣ ਦੀ ਇਜਾਜ਼ਤ ਨਹੀਂ ਦੇਣੀ ਓਹਨਾਂ ਜਮਦੂਤਾਂ ਨੇ, ਜਿਨ੍ਹਾਂ ਨੇ ਤਕੜੇ ਹੱਥ ਪਾ ਕੇ ਵਾਟ-ਵਟਾਊ ਆਏ ਚਲਾਊ ਪ੍ਰਾਣੀ ਨੂੰ ਪਕੜਿਆ ਹੋਇਆ ਹੁੰਦਾ ਹੈ।"[28] ਇਸ ਵਿਆਖਿਆ ਵਿਚ ਦਰਜ਼ ਸ਼ਬਦ 'ਅਸੀਂ ਅਨੇਕਾਂ ਜਾਂਦੇ ਡਿਠੇ ਹਨ' ਰਾਹੀਂ ਭਾਈ ਸਾਹਿਬ ਦਾ ਆਪਣਾ ਅਨੁਭਵ ਝਲਕਦਾ ਹੈ ਤਾਂ ਹੀ ਉਹ ਯਕੀਨ ਸੇਤੀ ਇਹ ਹਾਮੀ ਭਰਦੇ ਹਨ। ਇਸੇ ਪ੍ਰਕਾਰ ਗੁਰਬਾਣੀ ਵਿਚ ਅੰਕਿਤ ਇਕ ਸ਼ਬਦ ਵਿਚ ਭਗਤ ਤ੍ਰਿਲੋਚਨ ਜੀ ਆਪਣੀ ਅੱਖੀਂ ਡਿੱਠਾ ਹਾਲ ਇਉਂ ਬਿਅਨਦੇ ਹਨ:

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥

ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥4॥5॥2॥

(ਸਿਰੀਰਾਗੁ, ਤ੍ਰਿਲੋਚਨ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 92)

ਭਗਤ ਜੀ ਕਹਿੰਦੇ ਹਨ ਕਿ ਅੱਜ ਮੈਂ ਧਰਮਰਾਇ ਆਪਣੀ ਅੱਖੀਂ ਵੇਖਿਆ ਹੈ। ਉਥੇ ਧਰਮਰਾਇ ਦੀ ਪੁਰੀ ਵਿਖੇ ਧਰਮਰਾਇ ਦੇ ਮਹਾਂਬਲੀ ਜਮਦੂਤਾਂ ਦੇ ਦਲਾਂ ਦੇ ਦਲ ਵੀ ਵੇਖੇ ਹਨ, ਜੋ ਉਸ ਦੇ ਹੁਕਮ ਅੰਦਰ ਪਾਪੀਆਂ ਦੀ ਦੁਰਗਤੀ ਕਰਦੇ ਵੇਖੇ ਗਏ ਹਨ। ਇਨ੍ਹਾਂ ਅੱਗੇ ਖੜ੍ਹੋ ਨਹੀਂ ਸਕੀਦਾ। ਉਹਨਾਂ ਦੀ ਵਿਕਰਾਲ ਸ਼ਕਲ ਅੱਗੇ ਟਿਕਣਾ ਔਖਾ ਹੈ।

---

[28] *ਉਹੀ,* ਪੰ. 184

ਉਪਰੋਕਤ ਸੰਖੇਪ ਵਿਸ਼ਲੇਸ਼ਣ ਕਰਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਧਰਮਰਾਇ ਦੀ ਤਰ੍ਹਾਂ ਜਮਦੂਤਾਂ ਹਸਤੀ ਵੀ ਹੈ। ਹੁਣ ਅਸੀਂ ਭਾਈ ਰਣਧੀਰ ਸਿੰਘ ਜੀ ਦੇ ਜੀਵਨ-ਕਾਲ ਦੌਰਾਨ ਵਾਪਰੀਆਂ ਕੁਝ ਘਟਨਾਵਾਂ ਵਿਚੋਂ ਜਮਦੂਤਾਂ ਦੀ ਹਸਤੀ ਅਤੇ ਜਮ-ਤ੍ਰਾਸ ਦਾ ਸਰਵੇਖਣ ਕਰਾਂਗੇ। ਭਾਈ ਸਾਹਿਬ ਦੇ ਧਾਰਮਿਕ ਅਨੁਭਵ ਨੂੰ ਸਮਝਣ ਲਈ ਇਹ ਕਾਫੀ ਮਹੱਤਵਪੂਰਨ ਹੈ।

**ਅੰਤਿਮ ਸਮੇਂ ਜਮਾਂ ਦੇ ਡਰ ਬਾਰੇ ਭਾਈ ਸਾਹਿਬ ਦੇ ਅਨੁਭਵ** : ਭਾਈ ਰਣਧੀਰ ਸਿੰਘ ਜੀ ਦੀਆਂ ਲਿਖਤਾਂ ਵਿਚ ਜਮਦੂਤਾਂ ਦੀ ਹਸਤੀ ਅਤੇ ਮਰਨ ਸਮੇਂ ਜਮਾਂ ਦੀ ਝਾਕੀ ਅਤੇ ਡਰਾਉਣ ਸੰਬੰਧੀ ਪ੍ਰਮਾਣਾਂ ਦਾ ਵਰਣਨ ਮਿਲਦਾ ਹੈ। ਭਾਈ ਸਾਹਿਬ ਨੇ ਆਪਣੇ ਜੀਵਨ ਵਿਚ ਨਾਮ ਦੇ ਪ੍ਰਤਾਪ ਨਾਲ ਜਮਾਂ ਤੋਂ ਦੁਖੀ ਵਿਅਕਤੀਆਂ ਦੀ ਖਲਾਸੀ ਕਰਵਾਈ ਸੀ। ਭਾਈ ਸਾਹਿਬ ਜਮਾਂ ਦੇ ਡਰਾਉਣ ਦੇ ਪ੍ਰਮਾਣ ਬਾਰੇ ਆਪਣਾ ਅਨੁਭਵ ਲਿਖਦੇ ਹਨ, "ਇਸ ਪ੍ਰਕਾਰ ਦੁਹਾਈਆਂ ਦਿੰਦੇ ਅਤੇ ਜਮਾਂ ਨੂੰ ਦੇਖ ਕੇ ਥਰ ਥਰ ਕੰਬਦੇ ਅਸੀਂ ਭੀ ਕੁਝ ਪ੍ਰਾਣੀ ਦੇਖੇ ਹਨ।"[29] ਇੱਥੇ ਕੁਝ ਕੇਸ ਵਿਸ਼ੇਸ਼ ਅਧਿਐਨ ਵਜੋਂ ਸ਼ਾਮਿਲ ਕਰ ਰਹੇ ਹਾਂ।

ਭਾਈ ਸਾਹਿਬ ਦੇ ਤਾਏ ਦਾ ਇਕ ਲੜਕਾ ਸੀ, ਜਿਸ ਦਾ ਨਾਮ ਟੇਕ ਸਿੰਘ ਸੀ। ਉਸਨੇ ਸਾਰੀ ਉਮਰ ਭੈੜੀ ਸੰਗਤ ਕੀਤੀ ਸੀ। ਜਿਸ ਕਰਕੇ ਉਹ ਸ਼ਰਾਬੀ ਕਬਾਬੀ ਬਣਿਆ ਰਿਹਾ, ਉਸ ਨੇ ਜਵਾਨੀ ਵਿਚ ਅਨੇਕਾਂ ਖਰਾਬੀਆਂ ਕੀਤੀਆਂ ਸਨ। ਜਵਾਨੀ ਵਿਚ ਹੀ ਉਸ ਨੂੰ ਤਪਦਿਕ ਦੀ ਬਿਮਾਰੀ ਹੋ ਗਈ ਅਤੇ ਆਖਰੀ ਸਮਾਂ ਆਉਣ ਤਕ ਉਹ ਬੜੀਆਂ ਦੁਹਾਈਆਂ ਦੇਣ ਲੱਗਾ। ਉਹ ਮੰਜੇ ਤੇ ਪਿਆ ਬਨੇਰੇ ਵੱਲ ਉਪਰ ਨੂੰ ਇਸ਼ਾਰੇ ਕਰਕੇ ਦੱਸਿਆ ਕਰੇ ਕਿ ਉਸਨੂੰ ਜਮ ਦੰਦ ਕੱਢ ਕੇ ਡਰਾਉਂਦੇ ਹਨ ਤੇ ਖਾਣ ਨੂੰ ਆਉਂਦੇ ਹਨ। ਜਿਸ ਕਾਰਨ ਉਸ ਦਾ ਸਾਰਾ ਸਰੀਰ ਡਰ ਨਾਲ ਕੰਬਣ ਲੱਗ ਜਾਂਦਾ ਸੀ। ਉਸਦੀ ਜਾਨ ਵੀ ਨਹੀਂ ਨਿਕਲ ਰਹੀ ਸੀ, ਪਰ ਦੁਖੀ ਬੜਾ ਸੀ। ਭਾਈ ਸਾਹਿਬ ਨੇ ਉਹਨੀ ਦਿਨੀਂ ਤਾਜ਼ਾ ਹੀ ਅੰਮ੍ਰਿਤ ਛਕਿਆ ਸੀ ਜਿਸ ਦੀ ਖੁਮਾਰੀ ਵਿਚ ਆਪ ਸਦਾ ਉੱਠਦੇ-ਬਹਿੰਦੇ ਨਾਮ ਜਪਦੇ ਰਹਿੰਦੇ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਲਗਾਤਾਰ ਪਾਠ ਹਰ ਵੇਲੇ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਪਾਠ ਕਰਦਿਆਂ ਨੂੰ ਹੀ ਇਕ ਦਿਨ ਆਪ ਦੀ ਮਾਤਾ ਨੇ ਟੇਕ ਸਿੰਘ ਦੀ ਸਿਹਤ ਦਾ ਪਤਾ ਲੈਣ ਲਈ ਭੇਜਿਆ। ਭਾਈ ਸਾਹਿਬ ਮਾਤਾ ਜੀ ਦੀ ਆਗਿਆ ਮੰਨ ਕੇ ਟੇਕ ਸਿੰਘ ਦੇ ਕਮਰੇ ਵਿਚ ਵੜੇ ਹੀ ਸਨ ਕਿ ਉਸ ਨੇ ਸੁਖ ਦਾ ਸਾਹ ਲਿਆ ਤੇ ਕਿਹਾ, "ਆਹਾ! ਬਈ ਠੰਡ ਪੈ ਗਈ। ਆ ਜਾ, ਮੇਰੇ ਕੋਲ ਬਹਿ ਜਾ। ਤੇਰੇ ਆਉਣ ਤੋਂ ਪਹਿਲਾਂ ਜੋ ਜਮਦੂਤ ਮੈਨੂੰ ਡਰਾਉਂਦੇ ਸਨ, ਤਾਬੜ-ਤੋੜ ਹੀ ਭੱਜ ਨੱਸ ਗਏ। ਹੁਣ ਮੇਰੇ

---

[29] *ਉਹੀ,* ਪੰ. 192.

ਕੋਲ ਬੈਠਾ ਰਹੁ, ਕਿਸੇ ਪਾਸੇ ਨਾਂ ਜਾਈਂ।"[30] ਉਸ ਦੇ ਪਾਸ ਬੈਠੇ ਸਭ ਹੈਰਾਨ ਹੋ ਗਏ। ਉਹ ਰੌਲਾ ਪਾਉਣੋਂ ਤੇ ਕੰਬਣੋਂ ਵੀ ਹਟ ਗਿਆ ਸੀ।

ਭਾਈ ਸਾਹਿਬ ਸਮਝ ਗਏ ਸਨ ਕਿ ਇਹ ਸਾਰਾ ਪ੍ਰਤਾਪ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਦਾ ਹੈ ਜਿਸ ਕਾਰਨ ਜਮ ਡਰ ਕੇ ਭੱਜ ਗਏ ਹਨ। ਜਿਤਨੀ ਦੇਰ ਆਪ ਉਸਦੇ ਸਿਰਹਾਣੇ ਬੈਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਦੇ ਰਹੇ ਉਹ ਸ਼ਾਂਤ-ਚਿਤ ਤੇ ਸੁਖੀ ਰਿਹਾ। ਸ਼ਾਮ ਵੇਲੇ ਜਦ ਆਪ ਵਾਪਸ ਆਉਣ ਲੱਗੇ ਤਾਂ ਉਹ ਫੇਰ ਦੁਹਾਈਆਂ ਦੇਣ ਲੱਗ ਪਿਆ। ਅੰਤ ਭਾਈ ਸਾਹਿਬ ਨੇ ਆਪਣੀ ਭੈਣ ਤੇ ਉਸ ਦੀਆਂ ਭੈਣਾਂ ਹੱਥ ਸ੍ਰੀ ਸੁਖਮਨੀ ਸਾਹਿਬ ਦੇ ਗੁਟਕੇ ਸਾਹਿਬ ਫੜਾਏ ਅਤੇ ਪਾਠ ਜਾਰੀ ਰੱਖਣ ਲਈ ਕਿਹਾ ਤੇ ਆਪ ਚਲੇ ਗਏ। ਉਥੋਂ ਆ ਕੇ ਸ਼ਾਮ ਨੂੰ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪਣੇ ਚੁਬਾਰੇ ਵਿਚ ਸੁਖ ਆਸਣ ਕਰਨਾ ਸੀ। ਜਦੋਂ ਆਪ ਨੇ ਉਸ ਦੇ ਲਈ ਅਰਦਾਸ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਗੁਰਵਾਕ ਲਿਆ ਤਾਂ ਗੁਰਵਾਕ ਦਾ ਭਾਵ ਇਹ ਨਿਕਲਿਆ ਕਿ ਚਲਾਣਾ ਤਾਂ ਉਸ ਨੇ ਜ਼ਰੂਰ ਕਰ ਜਾਣਾ ਹੈ, ਪਰ ਅੰਤ ਸਮੇਂ ਉਸ ਨੂੰ ਪਾਠ ਸੁਣਾਉਣ ਦੀ ਲੋੜ ਹੈ। ਭਾਈ ਸਾਹਿਬ ਨੇ ਇਵੇਂ ਹੀ ਕੀਤਾ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਉਸ ਦੁਆਲੇ ਬਹਿ ਕੇ ਪੰਜ-ਪੰਜ ਪਾਠ ਜਪੁਜੀ ਸਾਹਿਬ ਦੇ ਕਰਨ ਲਈ ਕਿਹਾ। ਭਾਈ ਸਾਹਿਬ ਇਹ ਅਨੁਭਵ ਸਾਂਝਾ ਕਰਦੇ ਹਨ, "ਪੰਜਵੇਂ ਪਾਠ ਦੀ ਸਮਾਪਤੀ ਤੇ ਉਸਦੇ ਸੁਆਸ ਸਾਡੇ ਦੇਖਦਿਆਂ ਸੁਖਾਲੇ ਹੀ ਨਿਕਲ ਗਏ। ਉਸ ਦਾ ਘੋਰੜੂ ਬਜਣੋਂ ਤਾਂ ਉਦੋਂ ਹੀ ਹਟ ਗਿਆ ਸੀ, ਜਦੋਂ ਤੋਂ ਪਾਠ ਹੋਣੇ ਆਰੰਭ ਹੋਏ ਸਨ। ਅਖੀਆਂ ਤੋਂ ਨੀਰ ਜਾਣਾ ਭੀ ਹਟ ਗਿਆ ਸੀ। ਉਸ ਦੀਆਂ ਭੈਣਾਂ ਨੇ ਪੁੱਛਿਆ, ਹੁਣ ਜਮ ਤਾਂ ਨਹੀਂ ਡਰਾਉਂਦੇ। ਉਸ ਨੇ ਸਿਰ ਹਿਲਾ ਕੇ ਅਤੇ ਬੜਾ ਸੁਖੀ ਹੋ ਕੇ ਦਸਿਆ ਕਿ ਨਹੀਂ। ਇਹ ਅਖੀਂ ਦੇਖੀ ਇਕ ਵਾਰਤਾ ਹੈ।"[31]

**ਜਮ ਤ੍ਰਾਸ ਦੀ ਅੱਖੀਂ ਦੇਖੀ ਇਕ ਹੋਰ ਵਾਰਤਾ** : ਜਦੋਂ ਭਾਈ ਸਾਹਿਬ ਹਜ਼ਾਰੀ ਬਾਗ ਜੇਲ੍ਹ ਵਿਚ ਉਮਰ ਕੈਦ ਕਾਰਨ ਬੰਦ ਸਨ ਤਾਂ ਆਪ ਦੇ ਨਾਲ ਦੇ ਚਾਲੀ ਸਾਥੀ ਕੈਦੀਆਂ ਵਿਚੋਂ, ਇਕ ਕੇਹਰ ਸਿੰਘ ਨਾਮੀ ਕੈਦੀ ਵੀ ਸੀ। ਉਹ ਪਿੰਡ ਸਾਹਨੇਵਾਲ, ਜਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸੀ। ਕੇਹਰ ਸਿੰਘ ਦਾ ਜਨਮ ਭਾਵੇਂ ਸਿੱਖ ਘਰਾਣੇ ਵਿਚ ਹੋਇਆ ਸੀ ਪਰ ਆਰੀਆ ਸਕੂਲ ਲੁਧਿਆਣੇ ਵਿਚ ਪੜ੍ਹਨ ਕਰਕੇ ਉਸ ਨੇ ਕੇਸ ਕਟਾ ਲਏ ਤੇ

---

30 *ਉਹੀ,* ਪੰ. 193.

31 *ਉਹੀ,* ਪੰ. 194.

ਕੁਸੰਗਤ ਵਿਚ ਪੈ ਗਿਆ ਸੀ। ਪਹਿਲੇ ਸਾਜਿਸ਼ ਕੇਸ ਲਾਹੌਰ ਦੌਰਾਨ ਇਹ ਭਗੌੜਾ ਹੋ ਗਿਆ ਸੀ, ਪਿੱਛੋਂ ਫੜਿਆ ਵੀ ਗਿਆ ਸੀ ਅਤੇ ਤੀਜੇ ਕੇਸ ਵਿਚ ਆਪ ਨਾਲ ਹੀ ਹਜ਼ਾਰੀ ਬਾਗ ਜੇਲ੍ਹ ਵਿਚ ਉਮਰ ਕੈਦੀ ਵਜੋਂ ਆ ਗਿਆ ਸੀ। ਕੇਹਰ ਸਿੰਘ ਨੂੰ ਹੰਜ਼ੀਰਾਂ ਦੀ ਛੂਤ ਦੀ ਬਿਮਾਰੀ ਹੋਣ ਕਰਕੇ ਜੇਲ੍ਹ ਵਾਲਿਆਂ ਨੇ ਜੇਲ੍ਹ ਅੰਦਰਲੇ ਹਸਪਤਾਲ ਵਿਚ ਵੱਖਰਾ ਰੱਖਿਆ ਸੀ। ਜੋ ਆਪ ਤੋਂ ਕਾਫ਼ੀ ਦੂਰੀ ਤੇ ਸੀ। ਹਸਪਤਾਲ ਵਿਚ ਆ ਕੇ ਮਹੀਨਿਆਂ ਬੱਧੀ ਸਖ਼ਤ ਬਿਮਾਰ ਰਿਹਾ ਅਤੇ ਛੇ ਮਹੀਨੇ ਤੋਂ ਤਾਂ ਬੜਾ ਹੀ ਔਖਾ ਸੀ। ਉਸਦਾ ਆਖਰੀ ਸਮਾਂ ਨੇੜੇ ਜਾਣ ਜੇਲ੍ਹ ਵਾਲਿਆਂ ਨੇ ਉਸ ਨੂੰ ਪੁੱਛਿਆ, "ਦੱਸੋ ਜਿਸ ਨਾਲ ਮੁਲਾਕਾਤ ਕਰਨੀ ਹੈ, ਉਸ ਨੂੰ ਬੁਲਾ ਲਈਏ।"[32] ਤਾਂ ਉਸ ਨੇ ਅੰਗਰੇਜ਼ ਸੁਪ੍ਰੰਟੈਂਡੈਂਟ ਜੋ ਜੇਲ੍ਹ ਮੈਡੀਕਲ ਅਫ਼ਸਰ ਵਜੋਂ ਵੀ ਉਸ ਦੀ ਦੇਖਭਾਲ ਕਰਦਾ ਰਿਹਾ ਸੀ, ਤੋਂ ਪੱਕਾ ਬਚਨ ਲਿਆ ਕਿ ਉਹ ਭਾਈ ਰਣਧੀਰ ਸਿੰਘ ਨਾਲ ਉਸਦੀ ਆਖਰੀ ਸਮੇਂ ਦੀ ਮੁਲਾਕਾਤ ਕਰਾ ਦੇਵੇ। ਇਹੀ ਨਹੀਂ ਭਾਈ ਸਾਹਿਬ ਨਾਲ "ਚਾਰ ਹੋਰ ਸੱਜਣ ਹੋਣ ਜਿਨ੍ਹਾਂ ਵਿਚੋਂ ਦੋ ਭਾਈ ਕਰਤਾਰ ਸਿੰਘ ਨਵਾਂਚੰਦ ਨਿਵਾਸੀ ਅਤੇ ਭਾਈ ਮੁਨਸ਼ਾ ਸਿੰਘ ਤੇ ਦੋ ਕੋਈ ਹੋਰ ਹੋਣ।"[33] ਉਸ ਦੇ ਅਜਿਹਾ ਕਹਿਣ ਦਾ ਭਾਵ ਸੀ ਕਿ ਉਹ ਮਰਨ ਤੋਂ ਪਹਿਲਾਂ ਪੰਜਾਂ ਪਿਆਰਿਆਂ ਅੱਗੇ ਆਪਣੇ ਗੁਨਾਹਾਂ ਨੂੰ ਕਬੂਲ ਕੇ ਪਛਤਾਵਾ ਕਰਨਾ ਤੇ ਭੁੱਲ ਬਖਸ਼ਾਉਣੀ ਚਾਹੁੰਦਾ ਸੀ ਤਾਂ ਜੋ ਉਸ ਦੀ ਜਾਨ ਸੌਖੀ ਨਿਕਲ ਜਾਵੇ।

ਅੰਗਰੇਜ਼ ਅਫ਼ਸਰ ਨੇ ਕੇਹਰ ਸਿੰਘ ਦੀ ਬੁਰੀ ਹਾਲਤ ਕਰਕੇ ਮੁਲਾਕਾਤ ਕਰਵਾ ਦੇਣੀ ਠੀਕ ਸਮਝੀ। ਭਾਈ ਸਾਹਿਬ ਕੋਲੋਂ ਮੁਲਾਕਾਤ ਕਰਨ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ, "ਤਿੰਨ ਦਿਨ ਤੋਂ ਉਸ ਦੀ ਵਾਇਰਲੈੱਸ ਮੈਨੂੰ ਪਹੁੰਚ ਰਹੀ ਹੈ। ਉਹ ਮਿਲਣ ਲਈ ਬੜਾ ਬੇਤਾਬ ਹੋ ਰਿਹਾ ਹੈ।"[34] ਇਹ ਸੁਣ ਕੇ ਸੁਪ੍ਰੰਟੈਂਡੈਂਟ ਬੜਾ ਹੈਰਾਨ ਹੋਇਆ ਕਿ ਸਿੱਖ ਪ੍ਰਸਪਰ ਦਿਲਾਂ ਦਿਲਾਂ ਵਿਚ ਹੀ ਕਿਵੇਂ ਵਾਇਰਲੈੱਸ ਚਲਾ ਲੈਂਦੇ ਹਨ। ਭਾਈ ਸਾਹਿਬ ਨੇ ਕਿਹਾ, "ਹੈਰਾਨ ਕਿਉਂ ਹੁੰਦੇ ਹੋ, ਇਹ ਤਾਂ ਮਾਮੂਲੀ ਗੱਲ ਹੈ।"[35]

ਅਸਲ ਵਿਚ ਇਸ ਵਰਗੀ ਹੈਰਾਨ ਵਾਲੀ ਇਕ ਹੋਰ ਗੱਲ ਸੁਪ੍ਰੰਟੈਂਡੈਂਟ ਨੇ ਦੱਸੀ ਕਿ ਇਕ ਦਿਨ ਜਦੋਂ ਉਹ ਕੇਹਰ ਸਿੰਘ ਪਾਸ ਗਿਆ ਤਾਂ ਕੇਹਰ ਸਿੰਘ ਦਾ ਸਰੀਰ ਡਰ ਨਾਲ ਕੰਬ ਰਿਹਾ ਸੀ। ਉਸ ਨੇ ਪੁੱਛਣ 'ਤੇ

---

32 *ਉਹੀ,* ਪੰ. 196.

33 *ਉਹੀ,* ਪੰ. *ਉਹੀ* ।

34 *ਉਹੀ,* ਪੰ. 197.

35 *ਉਹੀ,* ਪੰ. 198.

ਦੱਸਿਆ ਕਿ ਕਈ ਦਿਨਾਂ ਤੋਂ ਇਕ ਬੜੀ ਹੀ ਬਦ-ਸ਼ਕਲ ਉਸਨੂੰ ਡਰਾ ਰਹੀ ਸੀ। ਉਸ ਨੇ ਕਿਹਾ, "ਔਹ ਦੇਖੋ ਸਾਹਮਣੇ ਮੈਨੂੰ ਇਕ ਪ੍ਰੇਤ ਡਰਾ ਰਿਹਾ ਹੈ ਅਤੇ ਰੋਜ਼ ਡਰਾਉਂਦਾ ਹੈ।"[36] ਫਿਰ ਇਕ ਖੜਾਕ ਦੀ ਆਵਾਜ਼ ਆਈ ਜੋ ਸੁਪ੍ਰੰਟੈਂਡੈਂਟ ਨੇ ਵੀ ਸੁਣੀ ਪਰ ਦਿਸਿਆ ਕੁੱਝ ਨਾ। ਇਸ ਤੇ ਕੇਹਰ ਸਿੰਘ ਨੇ ਦੱਸਿਆ ਕਿ ਉਹ ਪ੍ਰੇਤ ਜਾਣ ਲੱਗਾ ਰੋਜ਼ ਇਵੇਂ ਹੀ ਖੜਾਕ ਕਰਕੇ ਜਾਂਦਾ ਹੈ। ਭਾਵੇਂ ਸੁਪ੍ਰੰਟੈਂਡੈਂਟ ਨੇ ਵੇਖਿਆ ਨਹੀਂ ਪਰ ਖੜਾਕ ਸੁਣ ਕੇ ਅਤੇ ਕੇਹਰ ਸਿੰਘ ਦੀ ਹਾਲਤ ਕਰਕੇ ਉਸ ਨੂੰ ਪੱਕਾ ਯਕੀਨ ਸੀ ਕਿ ਪ੍ਰੇਤ ਹੀ ਉਸ ਨੂੰ ਡਰਾ ਰਿਹਾ ਹੈ।

ਭਾਈ ਸਾਹਿਬ ਮੁਲਾਕਾਤ ਕਰਨ ਗਏ ਤਾਂ ਕੇਹਰ ਸਿੰਘ ਉੱਚੀ-ਉੱਚੀ ਰੋਣ ਲੱਗ ਪਿਆ। ਉਸ ਨੇ ਰੋਂਦੇ ਹੋਏ ਦੱਸਿਆ ਕਿ ਉਸ ਨੇ ਸਾਰੀ ਉਮਰ ਪਾਪ ਕਰਮ ਕੀਤੇ ਸਨ। ਹੁਣ ਭਾਈ ਸਾਹਿਬ ਤੋਂ ਭੁੱਲ ਬਖਸ਼ਾਉਣ ਅਤੇ ਉਹਨਾਂ ਰਾਹੀਂ ਗੁਰੂ ਸਾਹਿਬ ਤੋਂ ਭੁੱਲ ਬਖਸ਼ਾਉਣ ਲਈ ਉਸਨੇ ਆਪਣੀ ਪਾਪ-ਕਹਾਣੀ ਦੱਸਣੀ ਸ਼ੁਰੂ ਕੀਤੀ। ਉਸਨੇ ਪਹਿਲੀ ਭੁੱਲ ਤਾਂ ਇਹ ਮੰਨੀ ਕਿ ਉਹ ਸਿੱਖੀ ਤੋਂ ਪਤਿਤ ਹੋ ਚੁੱਕਾ ਸੀ ਤੇ ਕੇਸ ਕਟਵਾਏ ਸਨ, ਦੂਜਾ ਉਸਨੇ ਜਵਾਨੀ ਵੇਲੇ ਸਾਹਨੇਵਾਲ ਪਿੰਡ ਵਿਚ ਇਕ ਸ਼ਾਹੂਕਾਰ ਦੇ ਘਰ ਡਾਕਾ ਮਾਰਿਆ ਸੀ। ਸ਼ਾਹੂਕਾਰ ਨੂੰ ਕੇਹਰ ਸਿੰਘ ਦੇ ਸਾਥੀਆਂ ਨੇ ਗਲੇ ਦੀ ਘੰਡੀ ਤੇ ਛੁਰੀ ਰੱਖ ਕੇ, ਖਜ਼ਾਨੇ ਦੀਆਂ ਚਾਬੀਆਂ ਦੀ ਮੰਗ ਕੀਤੀ ਪਰ ਉਹ ਬੜਾ ਢੀਠ ਸੀ ਉਸ ਨੇ ਚੁੱਪ ਵੱਟੀ ਰੱਖੀ। ਕੇਹਰ ਸਿੰਘ ਦੇ ਹੁਕਮ ਨਾਲ ਉਸਦੇ ਸਾਥੀਆਂ ਨੇ ਖਜਾਨੇ ਬਾਰੇ ਪੁੱਛਣ ਖਾਤਰ ਹੋਰ ਡੂੰਘੀ ਛੁਰੀ ਉਸ ਸ਼ਾਹੂਕਾਰ ਦੇ ਗਲੇ ਉਤੇ ਘਸਾਈ। ਉਸ ਨੇ ਫਿਰ ਵੀ ਕੁੱਝ ਨਾ ਦੱਸਿਆ ਤੇ ਵੇਖਦੇ-ਵੇਖਦੇ ਹੀ ਛੁਰੀ ਫੇਰਨ ਕਰਕੇ ਉਸਦੀ ਮੌਤ ਹੋ ਗਈ।

ਹੁਣ ਉਹੀ ਸ਼ਾਹੂਕਾਰ ਬੜੀ ਵਿਰਕਾਲ ਪ੍ਰੇਤ-ਸ਼ਕਲ ਵਿਚ ਕੇਹਰ ਸਿੰਘ ਨੂੰ ਰੋਜ਼ ਡਰਾਉਂਦਾ ਸੀ।[37] ਭਾਈ ਸਾਹਿਬ ਦੇ ਆਉਣ ਸਾਰ ਹੀ ਉਹ ਭੱਜ ਗਿਆ। ਕੇਹਰ ਸਿੰਘ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕਣ ਤੇ ਗੁਰਮੰਤਰ ਲੈਣ ਦੀ ਇੱਛਾ ਪ੍ਰਗਟ ਕੀਤੀ। ਜੇਲ੍ਹ ਅੰਦਰ ਪੰਜ-ਪਿਆਰਿਆਂ ਦਾ ਸਮਾਗਮ ਕਰਨਾ ਬੜਾ ਅਸੰਭਵ ਸੀ ਅਤੇ ਗੁਰਮੰਤਰ ਇਕੱਲਾ ਸਿੱਖ ਦੇ ਨਹੀਂ ਸਕਦਾ ਸੀ। ਸੋ ਭਾਈ ਸਾਹਿਬ ਉੱਥੋਂ ਆ ਗਏ ਤੇ ਨਾਲ ਵਾਲੇ ਸਾਰੇ ਕੈਦੀ ਸਿੰਘਾਂ ਨੂੰ ਭਾਈ ਕੇਹਰ ਸਿੰਘ ਨਮਿਤ ਸਾਰੀ ਰਾਤ ਸ੍ਰੀ ਸੁਖਮਨੀ ਸਾਹਿਬ ਦੇ ਅਖੰਡ ਪਾਠ ਕਰਨ ਨੂੰ ਕਿਹਾ। ਨਾਲ ਹੀ ਭਾਈ ਸਾਹਿਬ ਨੇ ਅਰਦਾਸ ਬੇਨਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਗਲੀ

---

[36] *ਉਹੀ,* ਪੰ. 199.

[37] *ਉਹੀ,* ਪੰ. 202.

ਸਵੇਰ ਸਾਰੇ ਕੈਦੀ ਸਿੰਘਾਂ ਦੀ ਕੇਹਰ ਸਿੰਘ ਕੋਲ ਲਿਜਾ ਕੇ ਮੁਲਾਕਾਤ ਕਰਾਈ ਗਈ। ਇਕ ਦਿਨ ਪਿੱਛੋਂ ਕੇਹਰ ਸਿੰਘ ਚਲਾਣਾ ਕਰ ਗਿਆ। ਦਿਨ ਚੜ੍ਹਦੇ ਹੀ ਸੁਪ੍ਰੰਟੈਂਡੈਂਟ ਨੇ ਭਾਈ ਸਾਹਿਬ ਨੂੰ ਆ ਕੇ ਦੱਸਿਆ ਕਿ, "ਕੇਹਰ ਸਿੰਘ ਉਸ ਤੋਂ ਬਾਅਦ ਬੜੇ ਆਰਾਮ ਵਿਚ ਪਿਆ ਰਿਹਾ। ਉਸ ਨੂੰ ਕੋਈ ਤਕਲੀਫ਼ ਨਹੀਂ ਹੋਈ। ਨਾ ਹੀ ਉਸ ਨੂੰ ਫੇਰ ਪ੍ਰੇਤ ਨੇ ਤੰਗ ਕੀਤਾ। ਤੰਗ ਕੀ, ਉਹ ਮੁੜ ਕੇ ਉਸ ਨੂੰ ਡਰਾਉਣ ਹੀ ਨਹੀਂ ਆਇਆ।"[38]

ਆਪਣੇ ਤਾਏ ਦੇ ਲੜਕੇ ਟੇਕ ਸਿੰਘ ਅਤੇ ਕੇਹਰ ਸਿੰਘ ਦੀ ਜਮ-ਤ੍ਰਾਸ ਦੀ ਅੱਖੀਂ ਦੇਖੀ ਗਵਾਹੀ ਦੇਣ ਪਿਛੋਂ ਭਾਈ ਸਾਹਿਬ ਲਿਖਦੇ ਹਨ, "ਇਨ੍ਹਾਂ ਦੋਹਾਂ ਉਪਰਲੀਆਂ ਉਦਾਹਰਣਾਂ ਦੇ ਸਾਹਮਣੇ ਜਮ ਦੀ ਹੋਂਦ ਤੋਂ ਮੁਨਕਰ ਹੋਣ ਦੀ ਉੱਕੀ ਹੀ ਗੁੰਜਾਇਸ਼ ਨਹੀਂ ਰਹਿ ਸਕਦੀ। ਜਿਸ ਨੂੰ ਅਜੇ ਭੀ ਸ਼ੰਕਾ ਹੋਵੇ ਤਾਂ ਉਸ ਦੀ ਕਿਸਮਤ ਮਾੜੀ, ਕਿਉਂਕਿ ਭਰੋਸੇ-ਹੀਣ ਸ਼ੰਕਾ ਕਰਨ ਵਾਲਿਆਂ ਹੁਜਤੀਆਂ ਦਾ ਇਲਾਜ ਹੀ ਕੋਈ ਨਹੀ।"[39] ਇਸੇ ਤਰ੍ਹਾਂ ਹੀ ਭਾਈ ਸਾਹਿਬ ਨੇ ਵੀ ਇਕ ਹੋਰ ਪ੍ਰੇਤ-ਉਧਾਰ ਵਾਲੀ ਸਾਖੀ ਬਿਆਨੀ ਹੈ ਜਿਸ ਵਿਚ ਉਹਨਾਂ ਦੇ ਕੀਰਤਨੀ ਜੱਥੇ ਦੁਆਰਾ ਅਖੰਡ ਪਾਠ ਕਰਨ ਉਪਰੰਤ ਇਕ ਪ੍ਰੇਤ ਨੂੰ ਮੁਕਤੀ ਮਿਲੀ ਸੀ।[40] ਜਮਾਂ ਤੋਂ ਅਤੇ ਜਮ-ਤ੍ਰਾਸ ਤੋਂ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਬਚਾ ਸਕਦਾ ਹੈ। ਭਾਈ ਸਾਹਿਬ ਦੇ ਜੀਵਨ ਵਿਚ ਵਾਪਰੀਆਂ ਉਪਰੋਕਤ ਘਟਨਾਵਾਂ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਆਪ ਨੇ ਜਮਾਂ ਅਤੇ ਜਮ-ਤ੍ਰਾਸ ਤੋਂ ਦੁਖੀ ਟੇਕ ਸਿੰਘ ਤੇ ਕੇਹਰ ਸਿੰਘ ਨੂੰ ਛੁਟਕਾਰਾ ਦਿਵਾਉਣ ਲਈ ਗੁਰਬਾਣੀ ਦੇ ਵੱਧ ਤੋਂ ਵੱਧ ਪਾਠ ਆਪ ਕੀਤੇ ਅਤੇ ਹੋਰਾਂ ਤੋਂ ਵੀ ਕਰਵਾਏ। ਜੀਵਨ ਦੀਆਂ ਰਹੱਸਵਾਦੀ ਘਟਨਾਵਾਂ ਦੇ ਵਰਨਣ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਰਣਧੀਰ ਸਿੰਘ ਅਧਿਆਤਮਿਕ ਅਨੁਭਵ ਨਾਲ ਸੰਬੰਧਿਤ ਮਸਲਿਆਂ 'ਤੇ ਆਪਣੇ ਅਨੁਭਵ ਬਿਆਨ ਕਰਦੇ ਹਨ।

ਗੁਰਮਤਿ ਅਨੁਸਾਰ ਵਾਹਿਗੁਰੂ ਦਾ ਨਾਮ ਸਿਮਰਨ ਕਰਨ ਵਾਲੇ ਗੁਰਮੁਖ ਜਨਾਂ ਨੂੰ ਜਮਾਂ ਤੋਂ ਡਰ ਨਹੀਂ ਲੱਗਦਾ। ਨਾ ਹੀ ਜਮ ਨੇੜੇ ਆਉਂਦਾ ਹੈ ਅਤੇ ਨਾ ਹੀ ਮਰਨ ਸਮੇਂ ਜਮ-ਤ੍ਰਾਸ ਤਿਨਾਂ ਨੂੰ ਸਤਾਉਂਦਾ/ਬਿਆਪਦਾ ਹੈ। ਗੁਰੂ ਦੇ ਦਿੱਤੇ ਗਿਆਨ ਰੂਪੀ ਹਥਿਆਰ ਨਾਲ ਜਮ ਤੇ ਜਮਕਾਲ ਨੂੰ ਮਾਰ

---

38 *ਉਹੀ,* ਪੰ. 204.

39 *ਉਹੀ,* ਪੰ. *ਉਹੀ* ।

40 *ਉਹੀ,* ਪੰਨੇ 312-318.

ਸਕੀਦਾ ਹੈ। ਸੋ ਵਾਹਿਗੁਰੂ ਦਾ ਸਿਮਰਨ ਜ਼ਰੂਰੀ ਹੈ ਜਿਸ ਨਾਲ ਫਿਰ ਤੋਂ ਗਰਭ ਜੂਨ ਵਿਚ ਨਹੀਂ ਪੈਣਾ ਪੈਂਦਾ ਅਤੇ ਜਮਾਂ ਵਾਲਾ ਦੁੱਖ ਦੂਰ ਹੁੰਦਾ ਹੈ। ਜਮ-ਤ੍ਰਾਸ ਮਿਟ ਜਾਂਦਾ ਹੈ ਅਤੇ ਇੱਛਾਵਾਂ ਪੂਰੀਆਂ ਹੁੰਦੀਆਂ ਹਨ:

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥

ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥...2॥

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥

ਪ੍ਰਭ ਕੈ ਸਿਮਰਨਿ ਪੂਰਨ ਆਸਾ॥...4॥1॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 262-263)

ਏਕ ਊਪਰਿ ਜਿਸੁ ਜਨ ਕੀ ਆਸਾ॥

ਤਿਸ ਕੀ ਕਟੀਐ ਜਮ ਕੀ ਫਾਸਾ॥...4॥14॥

(ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 281)

ਸੋ ਜੇਕਰ ਜਮ ਦੀ ਫਾਸ ਹੈ ਤਾਂ ਹੀ ਤਾਂ ਕੱਟੀ ਜਾਂਦੀ ਹੈ। ਜਿਹੜੇ ਜੀਵ ਪ੍ਰਭੂ ਨੂੰ ਧਿਆਉਂਦੇ ਹਨ ਤਿਨਾਂ ਦੀ ਜਮ ਦੀ ਫਾਸ ਕੱਟੀ ਜਾਂਦੀ ਹੈ।

**ਜਮ ਅਤੇ ਮੌਤ ਵਿਚ ਅੰਤਰ** : ਭਾਈ ਰਣਧੀਰ ਸਿੰਘ ਜੀ ਨੇ ਆਪਣੀ ਜਿੰਦਗੀ ਦੌਰਾਨ ਵਾਪਰੀਆਂ ਘਟਨਾਵਾਂ ਰਾਹੀਂ ਅੱਖੀਂ ਡਿੱਠੇ ਕੌਤਕ ਅਤੇ ਅਟੱਲ ਸਚਾਈਆਂ ਬਿਆਨੀਆਂ ਹਨ। ਉਹਨਾਂ ਦਾ ਧਾਰਮਿਕ ਅਨੁਭਵ ਇਹਨਾਂ ਘਟਨਾਵਾਂ ਵਿਚੋਂ ਝਲਕਦਾ ਹੈ। ਇਸ ਕਾਰਨ ਇਕ ਸਚਿਆਰ ਸਿੱਖ ਵਾਂਗ 'ਆਪਿ ਜਪਹੁ ਅਵਰਾ ਨਾਮੁ ਜਪਾਵਹੁ॥' (ਗਉੜੀ ਸੁਖਮਨੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 289) ਦੇ ਗੁਰਵਾਕ ਅਨੁਸਾਰ ਉਹਨਾਂ ਨੇ ਸਾਰੀ ਜ਼ਿੰਦਗੀ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਅਤੇ ਅੰਮ੍ਰਿਤ ਛਕ ਕੇ ਗੁਰਮੰਤਰ ਲੈਣ ਲਈ (ਜੋ ਗੁਰੂ ਨਾਨਕ ਤੋਂ ਲੈ ਕੇ ਹੁਣ ਤੱਕ ਪੰਜਾਂ ਪਿਆਰਿਆਂ ਰਾਹੀਂ ਸੀਨਾ ਬਸੀਨਾ ਚਲਿਆ ਆ ਰਿਹਾ ਹੈ) ਪ੍ਰੇਰਿਆ। ਆਪ ਨੇ ਖੁਦ ਪੰਜ ਪਿਆਰਿਆਂ ਦੇ ਜੱਥੇ ਵਿਚ ਸ਼ਾਮਿਲ ਹੋ ਕੇ ਕਈਆਂ ਨੂੰ ਅੰਮ੍ਰਿਤ ਛਕਾਇਆ। ਗੁਰਬਾਣੀ ਦੇ ਸਿਧਾਤਾਂ ਦੀ ਵਿਆਖਿਆ ਕਰਦਿਆਂ ਆਪ ਨੇ ਜਮ ਅਤੇ ਮੌਤ ਵਿਚ ਵੀ ਅੰਤਰ ਕੀਤਾ ਹੈ।

ਭਾਈ ਸਾਹਿਬ ਅਨੁਸਾਰ, "ਜਮ ਦਾ ਅਰਥ ਕਈ ਅੰਹਮਤੇ ਗਿਆਨੀ ਮੌਤ ਦਾ ਹੀ ਲਾਉਂਦੇ ਹਨ। ਕਿਉਂ ਕਿ ਮੌਤ ਤਾਂ ਸਭਨਾਂ ਨੂੰ ਆਉਂਦੀ ਦੀਂਹਦੀ ਹੈ, ਜਮ ਕਿਸੇ ਦੇਖਿਆ ਥੋੜੋ ਹੈ, ਇਸ ਕਰਕੇ ਓਹ ਜਮ ਦੀ

ਹੋਂਦ-ਮਨੌਤੀ ਤੋਂ ਮੁਨਕਰ ਹੋ ਜਾਂਦੇ ਹਨ। ਇਸ ਇਨਕਾਰ ਨੂੰ ਉਹ ਗਿਆਨਪੁਣੇ ਦੀ ਸੁਚੱਜਤਾ ਸਮਝਦੇ ਹਨ। ਇਹ ਸੁਚੱਜਤਾ ਓਹਨਾਂ ਦੀ ਆਪਣੀ ਮਨ ਸਿਆਣਪ ਤੋਂ ਹੀ ਉਪਜੀ ਹੋਈ ਹੁੰਦੀ ਹੈ। ਕਾਸ਼ ਕਿ ਇਹ ਸੁਚੱਜਤਾ ਸਤਿਗੁਰੂ ਦੇ ਬਚਨ ਸਤਿ ਸਤਿ ਕਰਿ ਮੰਨਣ ਵਿਚ ਸੁਚੱਜਤਾ ਹੁੰਦੀ ਤਾਂ ਓਹ ਨਾ ਆਪ ਗੁਮਰਾਹ ਹੁੰਦੇ ਨਾ ਲੋਕਾਂ ਨੂੰ ਗੁਮਰਾਹ ਕਰਦੇ। ਗੁਰਬਾਣੀ ਅੰਦਰ ਬਾਰੰਬਾਰ ਅਨੇਕ ਥਾਈਂ 'ਜਮ' ਦਾ ਜ਼ਿਕਰ ਆਉਣਾ ਐਵੇਂ ਕਲਪਤ ਜ਼ਿਕਰ ਅਜ਼ਕਾਰ ਨਹੀਂ, ਬਲਕਿ ਸਚ ਨਿਸ਼ਾਨਾ ਜਮ ਹੋਂਦ ਤੋਂ ਹੈ। ਇਸ ਬਿਧਿ ਜਮ-ਹੋਂਦ ਨੂੰ ਮਹਿਜ਼ ਕਲਪਤ ਹੀ ਗਰਦਾਨਿਆਂ ਤਾਂ ਸਾਰੀ ਗੁਰਬਾਣੀ ਦੀ ਸੱਤਤਾ ਵਾਲੀ ਮਹੱਤਤਾ ਹੀ ਜਾਂਦੀ ਰਹੇਗੀ।"[41] ਇਸ ਤੋਂ ਸਪੱਸ਼ਟ ਹੈ ਕਿ ਭਾਈ ਸਾਹਿਬ ਜਮ ਦੇ ਅਰਥ ਮੌਤ ਤੋਂ ਵਖਰੀ ਹਸਤੀ ਵਜੋਂ ਕਰਦੇ ਹਨ। ਗੁਰਬਾਣੀ ਵਿਚ ਜਮ ਪਦ ਦਾ ਅਨੇਕ ਵਾਰ ਵਰਣਨ ਕੀਤਾ ਮਿਲਦਾ ਹੈ ਜੋ ਮੌਤ ਤੋਂ ਜਮ ਨੂੰ ਵੱਖਰੀ ਹਸਤੀ ਸਾਬਤ ਕਰਦਾ ਹੈ।

ਆਮ ਤੌਰ 'ਤੇ 'ਜਮ' ਨੂੰ 'ਮੌਤ' ਅਤੇ 'ਜਮ-ਜਾਲ' ਨੂੰ 'ਮੌਤ ਦਾ ਜਾਲ' ਸਮਝ ਲਿਆ ਜਾਂਦਾ ਹੈ। ਕਈ ਵਾਰ ਅਣਜਾਣਪੁਣੇ ਵਿਚ 'ਜਮ-ਫਾਸ' (ਜਮਾਂ ਦੀ ਫਾਹੀ) ਨੂੰ 'ਮੌਤ ਦੀ ਫਾਸ' (ਮੌਤ ਦੀ ਫਾਹੀ) ਵੀ ਸਮਝ ਲਿਆ ਜਾਂਦਾ ਹੈ। ਭਾਈ ਸਾਹਿਬ ਇਹ ਅੰਤਰ ਸਪੱਸ਼ਟ ਕਰਦੇ ਹਨ, "'ਜਮ-ਜਾਲ' ਦਾ ਅਰਥ ਬਹੁਤ ਸਾਰੇ ਉੱਘੇ ਗਿਆਨੀ 'ਮੌਤ ਦੀ ਫਾਸ' ਹੀ ਕਰਦੇ ਹਨ। ਉਹਨਾਂ ਦੇ ਖਿਆਲ ਵਿਚ ਮੌਤ ਤੋਂ ਬਿਨਾਂ ਹੋਰ ਕੋਈ ਜਮਦੂਤ ਨਹੀਂ। ਇਹ ਉਹਨਾਂ ਦੀ ਮਹਾਂ ਭੁਲ ਹੈ। ਗੁਰਬਾਣੀ ਅੰਦਰ 'ਜਮ' ਦੀ ਹੋਂਦ ਵੱਖਰੀ ਹੈ, ਜੋ ਅਗਲੇ ਲੋਕ ਵਿਚ ਸਾਡੀਆਂ ਨਜ਼ਰਾਂ ਤੋਂ ਓਹਲੇ ਅਦਿਸ਼ਟ ਹੀ ਰਹਿੰਦੀ ਹੈ। ਹਾਂ ਮਰਨ ਸਮੇਂ ਮਰਨਹਾਰੇ ਪ੍ਰਾਣੀ ਨੂੰ ਜਮ ਲੋਕ ਯਾ ਧਰਮਰਾਇ ਪਾਸ ਲੈ ਜਾਣ ਨੂੰ ਆਉਂਦੀ, ਮਰਨ ਵਾਲੇ ਪ੍ਰਾਣੀ ਨੂੰ ਨਜ਼ਰ ਆਉਂਦੀ ਹੈ, ਦੂਜਿਆਂ ਨੂੰ ਨਹੀਂ ਦੀਂਹਦੀ। ਕੇਵਲ ਮੌਤ ਨੂੰ ਜਮ ਸਮਝ ਲੈਣਾ ਗੁਰਮਤਿ ਅਗਿਆਨੀ ਦਾ ਕੰਮ ਹੈ।"[42]

'ਜਮ' ਦੀ ਵਖਰੀ ਹੋਂਦ ਗੁਰਬਾਣੀ ਵਿਚ ਸਪੱਸ਼ਟ ਕੀਤੀ ਮਿਲਦੀ ਹੈ। ਭਾਈ ਸਾਹਿਬ ਨੇ ਵੀ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਕਈ ਗੁਰਵਾਕਾਂ ਦੀ ਓਟ ਲਈ ਹੈ। ਉਦਾਹਰਣ ਵਜੋਂ ਇਹ ਗੁਰਵਾਕ ਵਿਚਾਰਿਆ ਜਾ ਸਕਦਾ ਹੈ:

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ॥...4॥

---

[41] *ਉਹੀ,* ਪੰ. 218.

[42] *ਉਹੀ,* ਪੰ. 222.

(ਰਾਗੁ ਆਸਾ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 443)

ਉਪਰੋਕਤ ਗੁਰਵਾਕ ਦੀ ਰੌਸ਼ਨੀ ਵਿਚ ਭਾਈ ਸਾਹਿਬ ਜਮ ਤੇ ਮੌਤ ਵਿਚ ਅੰਤਰ ਸਪੱਸ਼ਟ ਕਰਦੇ ਹਨ, "ਜਮ ਦੇ ਅਰਥ ਜੇ ਮੌਤ ਲਏ ਜਾਣ ਤਾਂ ਦੱਸੋ ਮੌਤ ਦਾ ਰਸਤਾ (ਮਾਰਗ) ਕਿਹੜਾ ਹੋਇਆ? ਮੌਤ ਆਈ ਪਿਛੋਂ, ਅਰਥਾਤ ਮਰਨ ਪਿਛੋਂ ਜਿਸ ਮਾਰਗ ਵਿਚ ਦੀ ਪਾਂਧੀ ਜੀਵ ਨੂੰ ਲੰਘਣਾ ਪਊ, ਉਹ ਮਾਰਗ ਜਮ-ਮਾਰਗ ਜਾਂ ਜਮ-ਪੰਥ ਹੈ, ਜੋ ਬੜਾ ਹੀ ਔਖਾ ਹੈ, ਜਿਥੇ ਕਾਲੀ ਬੋਲੀ ਰਾਤ ਵਰਗਾ ਅੰਧੇਰਾ ਹੈ। ਏਥੇ ਦੀ ਲੰਘਣਾ ਪਊ ਜੀਵ ਨੂੰ। ਇਹ ਰਸਤਾ ਬੜਾ ਹੀ ਦੁਹੇਲਾ ਬਿਕਟ ਦੁੱਖਾਂ ਦਾ ਭਰਿਆ ਹੈ।"[43]

ਇਸੇ ਪ੍ਰਕਾਰ ਇਕ ਹੋਰ ਗੁਰਵਾਕ ਜਮ ਅਤੇ ਮੌਤ ਵਿਚਲਾ ਅੰਤਰ ਸਪੱਸ਼ਟ ਕਰਦਾ ਵੇਖਿਆ ਜਾ ਸਕਦਾ ਹੈ:

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ

ਮਤ ਜਮੁ ਪਕਰੈ ਲੈ ਜਾਇ ਜੀਉ॥2॥(4॥6॥13॥)

(ਆਸਾ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 447)

ਭਾਈ ਸਾਹਿਬ ਇਸ ਸ਼ਬਦ ਦਾ ਭਾਵ ਅਰਥ ਸਮਝਾਉਂਦੇ ਹਨ, "ਸੰਸਾਰੀ ਪੁਰਸ਼ਾਂ ਨੂੰ ਮਰਨ ਏਸ ਕਰਕੇ ਨਹੀਂ ਭਾਉਂਦਾ ਕਿ ਓਹਨਾਂ ਨੂੰ ਏਸ ਗੱਲ ਦਾ ਬਹੁਤਾ ਡਰ ਹੁੰਦਾ ਹੈ ਕਿ ਮੌਤ ਸਮੇਂ ਜਮ ਓਹਨਾਂ ਨੂੰ ਫੜ ਕੇ ਲੈ ਜਾਂਦਾ ਹੈ। ਤਾਂ ਤੇ ਜਮ ਹੋਰ ਹੈ ਤੇ ਮੌਤ ਹੋਰ ਹੈ। ਜਮ ਦਾ ਸੀਗ਼ਾ ਤਾਂ ਮੌਤ ਤੋਂ ਪਿਛੋਂ ਜੀਵ ਨੂੰ ਫੜ ਕੇ ਲੈ ਜਾਣ ਦਾ ਹੁੰਦਾ ਹੈ। ਤਾਂ ਤੇ ਮੌਤ ਨੂੰ ਹੀ ਜਮ ਆਖਣਾ ਬੜੀ ਅਗਿਆਨਤਾ ਹੈ।"[44]

ਨਾਮ ਜਪਣ ਵਾਲੇ ਗੁਰਮੁਖਾਂ ਨੂੰ ਜਮ ਜੋਹ ਨਹੀਂ ਸਕਦਾ ਭਾਵ ਦੁੱਖ ਨਹੀਂ ਦੇ ਸਕਦਾ। ਦੁਨਿਆਵੀ ਮੌਤ ਤਾਂ ਗੁਰਮੁਖਾਂ ਨੂੰ ਵੀ ਆਉਂਦੀ ਹੈ ਪਰੰਤੂ ਜਮ ਉਹਨਾਂ ਦੇ ਨੇੜੇ ਵੀ ਨਹੀਂ ਆਉਂਦਾ ਜਿਵੇਂ:

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨਾ ਆਵੈ॥...1॥ (4॥13॥20)

(ਆਸਾ, ਮ. 4, ਛੰਤੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 451)

ਉਪਰਲੇ ਗੁਰਵਾਕ ਵਿਚ ਜਮ ਅਤੇ ਮੌਤ ਵਿਚਲਾ ਅੰਤਰ ਇੱਥੇ ਹੋਰ ਵਧੇਰੇ ਸਪੱਸ਼ਟ ਹੋ ਜਾਂਦਾ ਹੈ। ਇਸ ਗੁਰਵਾਕ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਲਿਖਦੇ ਹਨ, "ਸਰੀਰ ਕਰਕੇ ਚਲਾਣਾ (ਜਿਸਨੂੰ

---

43 *ਉਹੀ,* ਪੰ. *ਉਹੀ* ।

44 *ਉਹੀ,* ਪੰਨੇ 222-223.

ਆਮ ਫ਼ਹਿਮ ਲਫ਼ਜ਼ਾਂ ਵਿਚ ਮੌਤ ਕਿਹਾ ਜਾਂਦਾ ਹੈ) ਤਾਂ ਨਾਮ ਧਿਆਵਣਹਾਰਿਆਂ ਦਾ ਭੀ ਹੋਵੇਗਾ, ਪਰ ਨਾਮ ਧਿਆਵਣ-ਹਾਰਿਆਂ ਦੇ ਨੇੜੇ ਜਮ ਨਹੀਂ ਜਾ ਸਕਦਾ। ਕੀ ਉਪਰਲੇ ਗੁਰਵਾਕ ਦਾ ਇਹ ਅਰਥ ਲਾਉਣਾ ਖਿੱਚ ਧਾੜ ਨਹੀਂ ਕਿ ਜੋ ਨਾਮ ਧਿਆਉਂਦੇ ਹਨ ਤਿਨ੍ਹਾਂ ਦੇ ਨੇੜੇ ਮੌਤ ਨਹੀਂ ਆਉਂਦੀ? ਮੌਤ ਤਾਂ ਸਭ ਦੇ ਸਿਰ ਤੇ ਹੈ, ਪਰ ਨਾਮ ਧਿਆਉਣ-ਹਾਰਿਆਂ ਨੂੰ ਜਮ ਨਹੀਂ ਸਤਾਉਂਦਾ, ਨੇੜੇ ਹੀ ਨਹੀਂ ਆਉਂਦਾ।"[45] ਸੋ ਭਾਈ ਸਾਹਿਬ ਨੇ 'ਜਮ' ਪਦ ਦੇ ਅਰਥ ਧਰਮ ਰਾਇ ਦੇ ਦੂਤ ਭਾਵ ਜਮਦੂਤ ਵਜੋਂ ਕੀਤੇ ਹਨ। ਇਸ ਦੇ ਨਾਲ ਹੀ 'ਜਮ' ਅਤੇ 'ਮੌਤ' ਵਿਚਲਾ ਅੰਤਰ ਵੀ ਸਪਸ਼ੱਟਤਾ ਸਹਿਤ ਸਿਧ ਕਰ ਵਿਖਾਇਆ ਹੈ।

**ਵਾਹਿਗੁਰੂ ਗੁਰਮੰਤਰ** : ਇੱਥੇ ਅਸੀਂ ਭਾਈ ਰਣਧੀਰ ਸਿੰਘ ਜੀ ਦੀਆਂ ਰਚਨਾਵਾਂ ਵਿਚ ਗੁਰਮੰਤਰ ਦਾ ਸੰਕਲਪ, ਗੁਰਮੰਤਰ ਦੇ ਸਿਮਰਨ ਦੀ ਲੋੜ, ਗੁਰਮੰਤਰ ਸਿਮਰਨ ਦੇ ਗੁੱਝੇ ਭੇਦ, ਗੁਰਮੰਤਰ ਦੀ ਪਾਰਸ ਕਲਾ, ਅਜਪਾ ਜਾਪ, ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ?, ਦੁਨਿਆਵੀ ਗਿਆਨ ਅਤੇ ਤੱਤ ਗਿਆਨ ਆਦਿ ਵਿਸ਼ਿਆਂ ਉਤੇ ਗੁਰਬਾਣੀ ਦੇ ਹਵਾਲੇ ਨਾਲ ਸਮਝਣ ਦੀ ਕੋਸ਼ਿਸ਼ ਕਰਾਂਗੇ। ਵੱਡਾ ਨੁਕਤਾ ਇਹ ਹੈ ਕਿ ਗੁਰਬਾਣੀ ਦੇ ਜੋ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਕੇਵਲ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ। ਅਭਿਆਸ ਦਾ ਭਾਵ ਸਿਮਰਨ ਅਤੇ ਜਾਪ ਤੋਂ ਹੈ। ਭਾਈ ਸਾਹਿਬ ਨੇ ਗੁਰਬਾਣੀ ਵਿਚੋਂ ਹੀ ਗੁਰਮੰਤਰ ਨੂੰ ਪ੍ਰਗਟ ਕਰਕੇ ਇਹ ਦੱਸਿਆ ਹੈ ਕਿ ਗੁਰਮੰਤਰ ਹੀ ਗੁਰਬਾਣੀ ਦਾ ਸਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨਾਮ ਜਪਣ ਦਾ ਹੁਕਮ ਦਿੰਦੀ ਹੈ। ਗੁਰੂ ਦੀ ਸਤਸੰਗਤ ਵਿਚ ਸਿਰਫ ਨਾਮ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ। ਕੇਵਲ ਇਕੋ ਨਾਮ ਜਪਣ ਦਾ ਹੁਕਮ ਸੱਚੇ ਸਤਿਗੁਰ ਜੀ ਨੇ ਦੱਸ ਦਿੱਤਾ ਹੈ:

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥5॥

(ਸਿਰੀਰਾਗੁ, ਮ. 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 72)

ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ

---

[45] *ਉਹੀ,* ਪੰ. 223.

ਜਿ ਸਤਿਗੁਰ ਦੀਆ ਦੀਖਾਇ॥1॥

(ਗੂਜਰੀ ਕੀ ਵਾਰ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 515)

ਸਤਿਗੁਰੂ ਦੁਆਰਾ ਦਿੱਤਾ ਨਾਮ ਹੀ ਪ੍ਰਵਾਨ ਹੁੰਦਾ ਹੈ ਆਪੋ ਆਪ ਮੁਹਾਰਾ ਨਾਮ ਕਹਿਆ ਜਪਿਆ ਪ੍ਰਵਾਨ ਨਹੀਂ ਹੁੰਦਾ। ਭਾਈ ਰਣਧੀਰ ਸਿੰਘ ਅਨੁਸਾਰ, "ਗੁਰਮਤਿ ਦੁਆਰਾ ਦ੍ਰਿੜ੍ਹ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ, ਆਪ ਹੁਦਰਾ ਨਾਮ ਕਿਸੇ ਦਾ ਕੁਛ ਨਹੀਂ ਸਵਾਰ ਸਕਦਾ। ਗੁਰੂ ਦਾ ਸਿਖ (ਸਿੰਘ ਖਾਲਸਾ ਬੀਰ) ਸਜ ਕੇ ਗੁਰੂ ਦੁਆਰਿਓਂ ਗੁਰਸਿਖ ਨੂੰ ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਏ ਨਾਮ ਦਾ ਜਾਪ ਮਕੈਨੀਕਲ ਰੈਪੀਟੀਸ਼ਨ ਵਾਲਾ ਨਾਮ ਜਾਪ ਕਦੇ ਨਹੀਂ ਕਹਾ ਸਕਦਾ। ਨਾਮ ਜਾਪ ਦਾ ਆਟੋਮੈਟਿਕ (ਆ-ਮੁਹਾਰਾ) ਤੋਰਾ ਤਦੇ ਹੀ ਤੁਰ ਸਕਦਾ ਹੈ ਜੇਕਰ ਪੂਰਨ ਗੁਰਮਤਿ ਜੁਗਤਿ ਬਿਧੀ ਅਨੁਸਾਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਨਾਮ ਦ੍ਰਿੜ ਹੋ ਚੁਕਾ ਹੋਵੇ।"[46] ਇਨ੍ਹਾਂ ਦਾ ਵਿਚਾਰ ਹੈ ਕਿ ਗੁਰਮਤਿ ਵਿਧੀ ਅਨੁਸਾਰ ਗੁਰਮਤਿ ਨਾਮ ਵਾਹਿਗੁਰੂ-ਗੁਰਮੰਤਰ ਦੀ ਪ੍ਰਾਪਤੀ ਹੁੰਦੀ ਹੈ।

ਭਾਈ ਵੀਰ ਸਿੰਘ ਨੂੰ ਰਹੱਸਵਾਦੀ ਸਾਹਿਤਕਾਰ ਕਿਹਾ ਜਾਂਦਾ ਹੈ ਉਨ੍ਹਾਂ ਦੇ ਅਨੁਸਾਰ ਵੀ, "ਜਿਹੜਾ ਨਾਮ ਗੁਰੂ ਤੋਂ ਪ੍ਰਾਪਤ ਹੋ ਕੇ ਜਪੀਦਾ ਹੈ ਉਹ ਅਭਿਆਸ ਵਿਚ ਲਗਾਤਾਰਤਾ ਹੋ ਜਾਣ ਤੇ ਅੰਦਰ ਵੱਸ ਰਹੇ ਨਾਮ ਨਾਲ ਮਿਲ ਜਾਂਦਾ ਹੈ।"[47] ਨਾਮ ਜਪਣ ਰੂਪੀ ਹੁਕਮ ਕਮਾਉਣਾ ਸਿੱਖ ਦਾ ਫਰਜ਼ ਹੈ। ਨਾਮ ਜਪਿਆ ਵਿਅਰਥ ਨਹੀਂ ਜਾਂਦਾ। ਨਾਮ ਜਪਣ ਸਦਕਾ ਸਰੀਰਕ ਤੇ ਮਾਨਸਿਕ ਰੋਗਾਂ ਤੋਂ ਨਿਵਰਤੀ ਹੁੰਦੀ ਹੈ। ਲੋੜ ਹੈ ਨਾਮ ਨੂੰ ਸ਼ਰਧਾ ਭਾਵਨਾ ਸਹਿਤ ਜਪਣ, ਧਿਆਉਣ ਦੀ। ਨਾਮ ਜਪਣ ਸਦਕਾ ਜਨਮਾਂ-ਜਨਮਾਂ ਦੀ ਮੈਲ ਕੱਟੀ ਜਾਂਦੀ ਹੈ। ਵਾਹਿਗੁਰੂ ਗੁਰਮੰਤਰ ਹੀ ਗੁਰਮਤਿ ਨਾਮ (ਸਤਿਨਾਮ) ਹੈ। ਵਾਹਿਗੁਰੂ ਵਾਹਿਗੁਰੂ ਕਰਨਾ ਹੀ ਗੁਰਮਤਿ ਨਾਮ ਜਪਣਾ ਹੈ:

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥

ਗੁਰੂ ਬਿਨਾ ਮੈ ਨਾਹੀ ਹੋਰ॥...1॥8॥

---

[46] ਭਾਈ ਰਣਧੀਰ ਸਿੰਘ, *ਗੁਰਮਤਿ ਨਾਮ ਅਭਿਆਸ ਕਮਾਈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004, ਪੰ. 108.

[47] ਭਾਈ ਵੀਰ ਸਿੰਘ, *ਗੁਰਮਤਿ ਨਾਮੁ,* ਨਰਿੰਦਰ ਸਿੰਘ ਐਮ. ਏ. (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 123.

(ਗੋਂਡ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 864)

ਗੁਰੂ ਗੁਰੂ ਕਰਨ ਤੋਂ ਭਾਵ ਵਾਹਿਗੁਰੂ ਗੁਰਮੰਤਰ ਦਾ ਲਗਾਤਾਰ ਜਾਪ ਜਪਣਾ ਹੈ। ਅਨੇਕਾਂ ਗੁਰਵਾਕ ਗੁਰਮੰਤਰ ਜਪਣ ਦੀ ਤਾਕੀਦ ਕਰਦੇ ਹਨ:

ਜੋ ਗੁਰੂ ਗੁਰੂ ਅਹਿਨਿਸ ਜਪੈ ਦਾਸੁ ਭਟੁ ਬੇਨਤਿ ਕਹੈ॥

ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥3॥7॥

(ਸਵਈਏ ਮਹਲੇ ਚਉਥੇ ਕੇ 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1399)

ਉਪਰੋਕਤ ਸ਼ਬਦ ਦੀ ਵਿਆਖਿਆ ਭਾਈ ਸਾਹਿਬ ਨੇ ਕੀਤੀ ਹੈ, "ਭਾਵ ਜੋ ਜਨ ਦਿਨ ਰਾਤ ਸਾਸਿ ਸਾਸਿ ਗੁਰੂ ਗੁਰੂ ਜਪਦਾ ਹੈ ਅਰਥਾਤ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦਾ ਹੈ ਅਤੇ ਇਸ ਗੁਰਮਤਿ ਨਾਮ ਨੂੰ ਜਪ ਜਪ ਕੇ ਹਿਰਦੇ ਅੰਦਰ ਵਸਾਉਂਦਾ ਹੈ, ਉਸਦਾ ਜੰਮਨਾ ਤੇ ਮਰਣਾ ਦੋਈ ਰਹਿ ਖੜੋਂਦੇ ਭਾਵ ਮੁਕ ਜਾਂਦੇ ਹਨ।"[48] 'ਗੁਰੂ ਗੁਰੂ' ਦੀ ਤਰ੍ਹਾਂ ਹੁਣ 'ਵਾਹੁ ਵਾਹੁ' ਦੇ ਕੁਝ ਪ੍ਰਮਾਣ ਲਏ ਜਾ ਸਕਦੇ ਹਨ ਜਿਸ ਨਾਲ ਵਾਹਿਗੁਰੂ ਗੁਰਮੰਤਰ ਦੀ ਪੁਸ਼ਟੀ ਹੁੰਦੀ ਹੈ ਜਿਵੇਂ :

ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥

ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥1॥

(ਗਉੜੀ ਕੀ ਵਾਰ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313)

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥

ਪੂਰੇ ਸਬਦਿ ਪ੍ਰਭੁ ਮਿਲਿਆ ਆਈ॥

ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥

ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ

ਤਿਨ੍ ਕਉ ਪਰਜਾ ਪੂਜਣ ਆਈ॥

ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥2॥

(ਗੂਜਰੀ ਕੀ ਵਾਰ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 514)

---

[48] ਭਾਈ ਰਣਧੀਰ ਸਿੰਘ, *ਉਹੀ,* ਪੰ. 94.

ਜਿਵੇਂ 'ਗੁਰੂ ਗੁਰੂ' ਵਾਲੇ ਪ੍ਰਮਾਣ ਪੂਰੇ ਸ਼ਬਦ ਵਾਹਿਗੁਰੂ ਦੇ ਲਖਾਇਕ ਹਨ ਇਸੇ ਤਰ੍ਹਾਂ 'ਵਾਹੁ ਵਾਹੁ' ਵਾਲੇ ਪ੍ਰਮਾਣ ਵੀ ਪੂਰੇ ਸ਼ਬਦ ਵਾਹਿਗੁਰੂ ਗੁਰਮੰਤਰ ਦੇ ਲਖਾਇਕ ਹਨ। ਭਾਈ ਰਣਧੀਰ ਸਿੰਘ ਜੀ ਅਨੁਸਾਰ, "ਵਾਹੁ-ਵਾਹੁ ਦੇ ਨਾਲ ਗੁਰੂ ਗੁਰੂ ਦਾ ਜਾਪ ਰਲਣ ਕਰ ਹੀ ਰਸਨਾ ਪੂਰੇ ਗੁਰਮੰਤਰ ਦਾ ਜਾਪ ਰਟ ਸਕਦੀ ਹੈ। ਗੁਰੂ ਸਬਦ ਬਿਨਾਂ ਰਸਨਾ ਜਾਪ ਕਰਦੀ ਸੁਹਾਉਂਦੀ ਹੀ ਨਹੀਂ। ਨਾ ਹੀ ਗੁਰੂ ਗੁਰੂ ਕਹਿਣ ਬਾਝੋਂ ਵਾਹੁ ਵਾਹੁ ਦਾ ਭਾਖਣਾ ਰਸਨਾ ਕਰਕੇ ਪੂਰੇ ਗੁਰ ਸ਼ਬਦ ਗੁਰਮੰਤਰ ਗੁਰਮਤਿ ਨਾਮ ਦਾ ਭਾਖਣਾ ਬਣਦਾ ਹੈ। ਪੂਰਨ ਗੁਰਮਤਿ ਨਾਮ ਗੁਰਮੰਤ੍ਰ ਨਾਮ ਦੇ ਦੋਈ ਅੰਗ ਮਿਲਾ ਕੇ ਹੀ ਪੂਰਾ ਸਬਦ ਬਣਦਾ ਹੈ। ਇਸ ਪੂਰੇ ਸ਼ਬਦ ਦੇ ਜਾਪ ਅਲਾਪ ਦੁਆਰਾ ਨਿਰ-ਸੰਦੇਹ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ। ਇਸ ਵਿਚ ਸੰਸਾ ਰਾਈ ਮਾਤ੍ਰ ਭੀ ਨਾ ਜਾਣੁਹ।"[49] ਵਾਹਿਗੁਰੂ ਗੁਰਮੰਤਰ ਦੀ ਨਾਮ ਰੂਪੀ ਪਾਰਸ-ਬੂਟੀ ਸੱਚੇ ਸਤਿਗੁਰੂ ਨਾਨਕ ਦੇਵ ਜੀ ਨੇ ਜਗਤ ਉਧਾਰਣ ਹਿਤ ਹੀ ਲਿਆਂਦੀ ਹੈ। ਇਹ ਗੁਰਮੰਤਰ ਰੂਪੀ ਗੁਰਦੀਖਿਆ ਲੈ ਕੇ, ਸੁਣ ਕੇ ਹੀ ਜਿਗਿਆਸੂ ਗੁਰਸਿੱਖ ਸਦਾਉਂਦਾ ਹੈ:

ਸਤਿਗੁਰੁ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।...
ਗੁਰ ਸਿਖ ਲੈ ਗੁਰਸਿਖੁ ਸਦਾਇਆ।।3।।

(ਭਾਈ ਗੁਰਦਾਸ, ਵਾਰ 11, ਪਉੜੀ 3)

ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।

(ਭਾਈ ਗੁਰਦਾਸ, ਵਾਰ 12, ਪਉੜੀ 17)

ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।
ਧਰਮਸਾਲ ਕਰਤਾਰ ਪੁਰੁ ਸਾਧਸੰਗਤਿ ਸਚ ਖੰਡ ਵਸਾਇਆ।
ਵਾਹਿਗੁਰੂ ਗੁਰ ਸਬਦੁ ਸੁਣਾਇਆ।।1।।

(ਭਾਈ ਗੁਰਦਾਸ, ਵਾਰ 24, ਪਉੜੀ 1)

---

[49] *ਉਹੀ,* ਪੰਨੇ 95-96.

ਭਾਈ ਵੀਰ ਸਿੰਘ ਲਿਖਦੇ ਹਨ, "ਗੁਰਮਤਿ ਵਿਚ 'ਮਹਾ ਮੰਤ੍ਰ' ਯਾ 'ਗੁਰ ਮੰਤ੍ਰ' ਉਹ ਹੈ ਜੋ ਸਾਰੇ ਦੱਸੇ ਨਾਵਾਂ ਵਿਚੋਂ ਜਪਣ ਵਾਸਤੇ ਸ੍ਰੇਸ਼ਟ ਤੇ ਸਭ ਤੋਂ ਵੱਡਾ ਹੈ। ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ। (ਵਾਰ 13-2) ਇਹ 'ਵਾਹਿਗੁਰੂ' ਮੰਤ੍ਰ ਗੁਰ ਨਾਨਕ ਦੇਵ ਜੀ ਨੇ ਬਖ਼ਸ਼ਿਆ ਹੈ।"[50] ਨਾਮ ਨੂੰ ਜਪਣਾ, ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਇਸ ਪਾਰਸ ਕਲਾ ਨੂੰ ਉਹੀ ਜਾਣਦੇ ਹਨ ਜਿਨ੍ਹਾਂ ਨੇ ਇਸ ਨੂੰ ਪਰਸਿਆ ਹੋਵੇ। ਭਾਈ ਸਾਹਿਬ ਲਿਖਦੇ ਹਨ, "ਅਸਲ ਗੱਲ ਇਹ ਹੈ ਕਿ ਆਮ ਜਗਿਆਸੂ ਇਸ ਜੀਵਨ ਬੂਟੀ ਦੀ ਅੰਮ੍ਰਿਤ-ਕਲਾ ਤੋਂ ਉਕੇ ਹੀ ਅਸ਼ਰਧਕ ਹਨ, ਉਹਨਾਂ ਨੂੰ ਇਹ ਪਤੀਜ ਨਹੀਂ ਆਉਂਦੀ ਕਿ ਨਾਮ ਵਿਚ ਪਾਰਸ ਕਲਾ ਹੈ। ਉਹ ਇਸ ਪਾਰਸ ਨੂੰ ਪਰਸਦੇ ਹੀ ਨਹੀਂ, ਪਰਸਣ ਤਾਂ ਜੇ ਉਨ੍ਹਾਂ ਨੂੰ ਨਾਮ ਦੇ ਪਾਰਸ ਰੂਪ ਹੋਣ ਵਿਚ ਸ਼ਰਧਾ ਅਤੇ ਸੱਚਾ ਯਕੀਨ ਭਰੋਸਾ ਹੋਵੇ।"[51] ਗੁਰਬਾਣੀ ਰੂਪੀ ਪਾਰਸ ਕਲਾ ਨੂੰ ਪਰਸਣਾ ਅਤਿ ਕਠਿਨ ਹੈ। ਗੁਰਬਾਣੀ ਦਾ ਅੰਮ੍ਰਿਤ ਨਾਮ ਗੁਰਮੰਤਰ ਰੂਪੀ ਪਾਰਸ ਤੱਤ ਹੀ ਪਲ ਪਲ ਪਰਸਿਆ ਜਾ ਸਕਦਾ ਹੈ। ਇਹ ਕੰਨਾਂ ਦੇ ਸੁਣਨ, ਰਸਨਾ ਦੇ ਜਪਣ ਅਤੇ ਹਿਰਦੇ ਦੇ ਧਿਆਉਣ ਰਾਹੀਂ ਹੀ ਪਰਸਿਆ ਜਾ ਸਕਦਾ ਹੈ ਕੇਵਲ ਖਿਆਲਾਂ ਜਾਂ ਅਰਥ ਵਿਆਖਿਆ ਆਦਿ ਨਾਲ ਇਸ ਨਾਮ ਦੀ ਪਾਰਸ ਕਲਾ ਨਹੀਂ ਵਰਤੇਗੀ ਭਾਵ:

ਸ੍ਰਵਣੀ ਸੁਣੀਐ ਰਸਨਾ ਗਾਈਐ॥
ਹਿਰਦੈ ਧਿਆਈਐ ਸੋਈ॥...3॥10॥

(ਸੋਰਠਿ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 611)

ਬਸ ਸ਼ਬਦ ਗੁਰਮੰਤਰ ਦੇ ਪਾਰਸ ਨੂੰ ਪਰਸਣ ਦੀ ਲੋੜ ਹੈ ਜਦੋਂ ਸ਼ਬਦ ਨੂੰ ਕੰਨਾਂ, ਰਸਨਾ ਅਤੇ ਹਿਰਦੇ ਰਾਹੀਂ ਮੁੱਖ (ਮੂੰਹ) ਰਾਹੀਂ ਪੜਿਆ, ਗਾਵਿਆ ਤੇ ਜਪਿਆ ਗਿਆ ਤਾਂ ਇਹ ਪਾਰਸ ਕਲਾ ਵਰਤੇਗੀ। ਭਾਈ ਰਣਧੀਰ ਸਿੰਘ ਅਨੁਸਾਰ, "ਗੁਰੂ ਸ਼ਬਦ, ਗੁਰ ਮੰਤਰ, ਗੁਰਮਤਿ ਨਾਮ ਨੂੰ ਜਪਣਾ, ਪੜ੍ਹਨਾ, ਸੁਣਨਾ, ਗਾਵਣਾ ਹੀ ਪਾਰਸ ਕਲਾ ਵਰਤਾਉਣ ਨੂੰ ਸਮਰੱਥ ਹੈ।"[52]

---

[50] ਭਾਈ ਵੀਰ ਸਿੰਘ, *ਉਹੀ,* ਪੰਨੇ 40-41.

[51] ਭਾਈ ਰਣਧੀਰ ਸਿੰਘ, *ਗੁਰਮਤਿ ਪ੍ਰਕਾਸ਼,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004. ਪੰ. 33.

[52] *ਉਹੀ, ਉਪਰੋਕਤ,* ਪੰ. 69.

ਗੁਰਮਤਿ ਨਾਮ ਗੁਰਮੰਤਰ ਹੀਣੇ (ਸੱਖਣੇ) ਜਿਤਨੇ ਵੀ ਮਨੁੱਖ ਇਸ ਸੰਸਾਰ ਅੰਦਰ ਹਨ ਉਹਨਾਂ ਦਾ ਜਨਮ ਧ੍ਰਿਗ ਧ੍ਰਿਗ ਤੇ ਭ੍ਰਿਸ਼ਟ ਹੈ। ਉਹ ਕੁੱਤਿਆਂ, ਸੂਰਾਂ, ਗਧਿਆਂ, ਕਾਵਾਂ ਤੇ ਸੱਪਾਂ ਵਾਂਗੂੰ ਭ੍ਰਿਸ਼ਟ ਹਨ। ਗੁਰਮੰਤਰ ਹੀਣੇ ਪ੍ਰਾਣੀਆਂ ਨੂੰ ਗੁਰੂ ਅਰਜਨ ਦੇਵ ਜੀ ਫਿਟਕਾਰ ਪਾਉਂਦੇ ਹਨ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥33॥

(ਸਲੋਕ ਸਹਸਕ੍ਰਿਤੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1356-1357)

**ਵਾਹਿਗੁਰੂ ਦੇ ਚਰਨ ਕੰਵਲ** : ਵਾਹਿਗੁਰੂ ਦੀ ਆਰਾਧਨਾ ਕਿਵੇਂ ਕਰਨੀ ਇਸ ਸੰਬੰਧ ਵਿਚ ਭਾਈ ਰਣਧੀਰ ਸਿੰਘ ਆਪਣਾ ਅਨੁਭਵ ਦੱਸਦੇ ਹਨ ਕਿ, "ਵਾਹਿਗੁਰੂ ਨਾਮ ਦਾ ਆਰਾਧਨਾ ਚਰਨ ਕੰਵਲਾਂ ਦਾ ਆਰਾਧਨਾ ਹੈ।"[53] ਜਦੋਂ ਅਭਿਆਸੀ ਜਨ ਵਾਹਿਗੁਰੂ ਦਾ ਸਿਮਰਨ ਸੁਆਸ-ਸੁਆਸ ਕਰਦਾ ਹੈ ਤਾਂ ਪਰਮਾਤਮਾ ਦੀ ਦਿਬ-ਜੋਤਿ ਰੂਪੀ ਜੋਤ-ਕਿਰਨ ਉਸ ਅਭਿਆਸੀ ਜਨ ਦੇ ਹਿਰਦੇ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਅਜਿਹੇ ਅਭਿਆਸੀ ਜਨਾਂ ਨੇ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਹਿਰਦੇ ਅੰਦਰ ਪੱਲੇ ਗੰਢ ਬੰਨ੍ਹ ਕੇ ਉਤਾਰ ਲਿਆ ਹੁੰਦਾ ਹੈ:

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥2॥7॥38॥

(ਧਨਾਸਰੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 680)

ਭਾਈ ਸਾਹਿਬ ਅਨੁਸਾਰ, "ਗੁਰਬਾਣੀ ਅੰਦਰ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਪ੍ਰਤੀਪਾਦਕ, ਗੁਰਮੰਤਰ, ਗੁਰਸ਼ਬਦ ਹੀ ਮੰਨਿਆ ਜਾਂਦਾ ਹੈ। ਗੁਰਸ਼ਬਦ (ਗੁਰਮੰਤਰ) ਨਾਮ ਦੀ ਅਗਾਧ ਅਭਿਆਸ ਕਮਾਈ ਦੁਆਰਾ ਜਦੋਂ ਹਿਰਦੇ ਅੰਦਰ ਜੋਤਿ ਪ੍ਰਗਟ ਹੁੰਦੀ ਹੈ ਤਾਂ ਇਹ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਪਹਿਲਾਂ ਅਨੂਪਮੀ ਦਰਸ਼ਨ ਘਟ ਦੇ ਅੰਤਰ ਹੀ ਪ੍ਰਾਪਤ ਹੁੰਦਾ ਹੈ।"[54]

**ਅਜਪਾ ਜਾਪ** : ਭਾਈ ਸਾਹਿਬ ਨੇ ਸਾਰੀ ਗੁਰਬਾਣੀ ਦਾ ਤੱਤ ਗੁਰਮੰਤਰ (ਵਾਹਿਗੁਰੂ) ਦੱਸਿਆ ਹੈ। ਇਸ ਗੁਰਮੰਤਰ ਦੇ ਅਜਪਾ ਜਾਪ ਜਪਣ ਦੇ ਅਰਥ ਭਾਈ ਸਾਹਿਬ ਇਹ ਕਰਦੇ ਹਨ, "ਗੁਰਮੰਤਰ ਦਾ ਅਜਪਾ ਜਾਪ ਹੋਣਾ ਸੰਭਵ ਹੈ।... ਅਮੁਕ ਜਪ ਗਿਣਤੀ ਤੋਂ ਅਣਗਿਣਤ, ਜਿਸਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ ਜਿਸ ਦੀ ਜਪ ਗਿਣਤੀ ਦਾ ਕੋਈ ਸ਼ੁਮਾਰ ਨਹੀਂ। ਅਥਾਹ ਜਪਣ ਸ਼ੁਮਾਰ ਵਾਲਾ ਜਾਪ ਸੋ ਕਹੀਐ ਅਜਪਾ

---

[53] *ਉਹੀ, ਚਰਨ ਕਮਲ ਕੀ ਮਉਜ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2006, ਪੰ. 58.

[54] *ਉਹੀ,* ਪੰ. 12.

ਜਾਪ। ਅਜਪ ਅਟਕ ਤੇ ਬਾਹਰਾ, ਜਪ, ਹਦ ਥਾਹ ਤੋਂ ਅਗੋਚਰਾ ਜਾਪ, ਸੋ ਹੈ ਅਜਪਾ ਜਾਪ, ਜਿਸ ਨੂੰ ਦਿਨ ਰਾਤ ਸੁਆਸਿ ਸੁਆਸਿ ਜਪੀ ਹੀ ਜਾਈਏ, ਜਿਸ ਜਾਪ ਤੋਂ ਕਦੇ ਭੀ ਅਜਪਾ ਨਾ ਹੋਈਏ, ਸੋ ਕਹੀਐ ਅਜਪਾ ਜਾਪ। ਜਾਪ ਕੀ? ਤੇ ਜਾਪ ਰਹਿਤ ਕੀ? ਅਜਪਾ ਦੇ ਅਰਥ ਜਪ ਰਹਿਤ ਯਾ ਜਾਪ ਰਹਿਤ ਹੋ ਹੀ ਨਹੀਂ ਸਕਦੇ, ਨਾਲੇ ਜਾਪ ਨਾਲੇ ਅਜਾਪ। ਜਾਪ ਜੋ ਜਪਿਆ ਨਾ ਜਾਏ ਏਹ ਅਰਥ ਅਜਪਾ ਜਾਪ ਦੇ ਫਬਦੇ ਹੀ ਨਹੀਂ। ਜਾਪ ਕੀ? ਤੇ ਅਜਪਾ ਕੀ? ਅਜਪਾ ਦੇ ਅਰਥ ਜੋ ਜਪ ਨਾ ਹੋਵੇ ਕਰਨੇ ਜਾਪ ਪਦ ਦੇ ਅਰਥਾਂ ਦੀ ਸ੍ਵੈ-ਵਿਰੋਧਤਾ(self-contradiction) ਹੈ।"[55]

**ਅਨਹਦ ਸ਼ਬਦ ਤੇ ਦਸਮ ਦੁਆਰ** : ਅਧਿਆਤਮਕ ਅਨੁਭਵ ਵਿਚ ਦਸਮ ਦੁਆਰ ਦਾ ਅਹਿਮ ਮਹੱਤਵ ਹੈ। ਦਰਸ਼ਨ ਸਿੰਘ ਅਨੁਸਾਰ, "ਯੋਗਮਤਿ ਵਿਚ ਸ਼ਬਦ ਨੂੰ ਹੀ ਕੁੰਜੀ ਅਤੇ ਸ਼ਬਦ ਨੂੰ ਹੀ ਤਾਲਾ ਕਿਹਾ ਗਿਆ ਹੈ।"[56] ਯੋਗਮਤਿ ਦਾ ਇਹ ਖਿਆਲ ਹੈ ਕਿ ਜੇ ਸਾਰੀਆਂ ਇੰਦਰੀਆਂ ਨੂੰ ਸਿਥਲ ਕਰ ਦਿੱਤਾ ਜਾਵੇ ਤਾਂ ਦਸਵਾਂ ਦੁਆਰ ਖੁੱਲ੍ਹਦਾ ਹੈ ਜਿਸ ਰਾਹੀਂ ਇਨਸਾਨ ਸੱਚ ਦਾ ਗਿਆਨ ਪ੍ਰਾਪਤ ਕਰਦਾ ਹੈ। ਉਸ ਨੂੰ ਇਕ ਗੈਬੀ ਆਵਾਜ਼ ਸੁਣਦੀ ਹੈ ਜੋ ਬੜਾ ਉਤਮ ਦਰਜ਼ੇ ਦਾ ਸੰਗੀਤ ਹੁੰਦਾ ਹੈ। ਇਸ ਨੂੰ ਅਨਹਦ ਸ਼ਬਦ ਕਹਿੰਦੇ ਹਨ। ਇਹ ਇਕ ਅਸੀਮਤ ਤੇ ਅਨਾਦੀ ਸੰਗੀਤ ਹੈ ਜੋ ਹਰ ਵੇਲੇ ਵੱਜ ਰਿਹਾ ਹੁੰਦਾ ਹੈ ਪਰ ਇਹ ਸੁਣਦਾ ਦਸਵੇਂ ਦੁਆਰ ਵਿਚ ਹੀ ਹੈ। ਇਸ ਸਰੀਰ ਵਿਚ ਨੌਂ ਦਰਵਾਜੇ ਹਨ ਜੋ ਸਭ ਨੂੰ ਦਿਸਦੇ ਹਨ। ਇਹ ਦਸਵਾਂ ਦੁਆਰ ਦਿਸਦਾ ਨਹੀਂ। ਇਸ ਰਾਹੀਂ ਪਰਾ-ਇੰਦਰਿਆਵੀਂ ਗਿਆਨ ਹੁੰਦਾ ਹੈ। ਇਹ ਗਿਆਨ ਦਾ ਪਰਾ-ਇੰਦਰਿਆਵੀ ਮਾਧਿਅਮ ਹੈ। ਯੋਗੀ ਇਸ ਸੰਗੀਤ ਨੂੰ ਸਮਾਧੀ ਦੀ ਹਾਲਤ ਵਿਚ ਸੁਣਦੇ ਹਨ। ਯੋਗੀਆਂ ਅਨੁਸਾਰ ਸ਼ਬਦ (ਬ੍ਰਹਮ) ਸਾਰੇ ਹੀ ਪ੍ਰਾਣੀਆਂ ਵਿਚ ਚੇਤਨ ਰੂਪ ਵਿਚ ਮੌਜੂਦ ਹੈ। ਦਰਸ਼ਨ ਸਿੰਘ ਅਨੁਸਾਰ, "ਇਹ ਸ਼ਬਦ ਮੂਲਾਧਾਰ ਚੱਕਰ ਤੋਂ ਉਪਰ ਵੱਲ ਉਠਦਾ ਹੈ ਪਰ ਸੁਣਾਈ ਉਦੋਂ ਦਿੰਦਾ ਹੈ ਜਦੋਂ ਮਨੁੱਖੀ ਇੰਦ੍ਰੀਆਂ ਅੰਤਰਮੁਖੀ ਹੋ ਜਾਂਦੀਆਂ ਹਨ। ਇਸ ਨੂੰ ਹੀ ਅਨਹਦ ਨਾਦ ਕਿਹਾ ਜਾਂਦਾ ਹੈ।"[57]

ਗੁਰਮਤਿ ਯੋਗਮਤਿ ਦੇ ਕਰੜੇ ਤਪ ਕਰਨ ਨੂੰ ਰੱਦ ਕਰਦੀ ਹੈ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ 'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ'(ਸੋਰਠਿ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 641) ਦੇ ਸ਼ਬਦ

[55] *ਉਹੀ, ਉਪਰੋਕਤ,* ਪੰਨੇ 69-70.

[56] ਦਰਸ਼ਨ ਸਿੰਘ, *ਉਹੀ,* ਪੰ. 76.

[57] *ਉਹੀ,* ਪੰ. 74.

ਰਾਹੀਂ ਦੱਸਦੇ ਹਨ ਕਿ ਅਜਿਹੇ ਯੋਗਮਤਿ ਦੇ ਤਰੀਕਿਆਂ ਰਾਹੀਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਾਈ ਕਾਨ੍ਹ ਸਿੰਘ ਨਾਭ੍ਹਾ ਅਨਹਦ ਸ਼ਬਦ ਬਾਰੇ ਲਿਖਦੇ ਹਨ, "ਗੁਰਮਤਿ ਅਨੁਸਾਰ ਆਤਮ ਮੰਡਲ ਦਾ ਸੰਗੀਤ, ਜੋ ਕੰਨਾਂ ਦਾ ਵਿਸ਼ਾ ਨਹੀਂ ਨਾਮ ਅਭਿਆਸੀ ਨੂੰ ਚਿੱਤ ਦੀ ਏਕਾਗ੍ਰਤਾ (ਸਮਾਧਿ) ਵਿਚ ਇਸ ਦਾ ਅਨੁਭਵ ਹੁੰਦਾ ਹੈ।"[58]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨਹਦ ਸ਼ਬਦ ਉਹ ਨਹੀਂ ਜੋ ਭੇਖੀ ਯੋਗੀ ਖਾਸ ਯੋਗਿਕ ਸਾਧਨਾਂ ਆਸਨਾਂ ਦੁਆਰਾ ਸੁਣਦੇ ਦੱਸੇ ਜਾਂਦੇ ਹਨ। ਇਹ ਸੂਫ਼ੀਆਂ ਦੇ ਇਸ਼ਕ ਨਾਲੋਂ ਵੀ ਵੱਖਰਾ ਹੈ। ਸਰਦੂਲ ਸਿੰਘ ਕਵੀਸ਼ਰ ਅਨੁਸਾਰ, "ਭੇਖੀ ਸੰਤ ਤੇ ਅਧਿਆਤਮਿਕ ਮੰਡਲ ਦੇ ਛਲੀ-ਕਪਟੀ ਲੋਕ ਅਕਸਰ ਸਾਧਾਰਨ ਜਨਤਾ ਨੂੰ ਇਉਂ ਧੋਖਾ ਦਿੰਦੇ ਹਨ ਕਿ ਉਨ੍ਹਾਂ ਦੇ ਕੰਨ ਉਂਗਲੀਆਂ ਦੇ ਪਪੋਟਿਆਂ ਨਾਲ ਬੰਦ ਕਰ ਕੇ ਜਾਂ ਕੰਨਾਂ ਵਿਚ ਬੁੱਠਾ ਦਿਵਾ ਕੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਆਪਣੇ ਅੰਦਰੇ ਨਾਦ ਸੁਣੋ। ਜੋ ਆਵਾਜ਼ ਇਵੇਂ ਸੁਣਾਈ ਦਿੰਦੀ ਹੈ, ਉਹ ਤਾਂ ਭਿਣ-ਭਿਣ ਹੈ ਜੋ ਨਾੜਾਂ ਵਿਚ ਖ਼ੂਨ ਦੇ ਦੌਰਾ ਕਾਰਨ ਨਾਲ ਪੈਦਾ ਹੁੰਦੀ ਹੈ। ਇਵੇਂ ਹੀ ਉਹ ਰਾਗ-ਨਾਦ ਜੋ ਅਣਜਾਣ-ਔਘੜ ਯੋਗੀ ਤੇ ਕੱਚੇ ਸੂਫ਼ੀ ਸੁਣਦੇ ਹਨ, ਅਕਸਰ ਉਨ੍ਹਾਂ ਦੇ ਮਨ ਦਾ ਭਰਮ ਹੁੰਦਾ ਹੈ। ਇਹ ਆਵਾਜ਼ ਉਨ੍ਹਾਂ ਆਵਾਜ਼ਾਂ ਵਾਂਗ ਹੁੰਦੀ ਹੈ, ਜੋ ਕੰਨਾਂ ਵਿਚ ਸੁਣਾਈ ਦਿੰਦੀਆਂ ਹਨ ਜਦ ਆਦਮੀ ਡੋਰੂ-ਭੋਰੂ ਹੋਵੇ। ਗੁਰੂ ਗ੍ਰੰਥ ਸਾਹਿਬ ਦਾ ਅਨਹਦ ਸ਼ਬਦ ਤਾਂ ਖਾਸ ਯੋਗਿਕ ਸਾਧਨਾਂ ਬਿਨਾਂ ਸੁਣਾਈ ਦਿੰਦਾ ਹੈ, ਅਤੇ ਇਹ ਤਾਂ ਪੈਦਾ ਹੁੰਦਾ ਹੈ ਜਦ ਨਿੱਜ-ਆਪਾ ਤੇ ਜਗਤ-ਆਤਮਾ ਇਕਸੁਰਤਾ (harmony) ਦੀ ਦਸ਼ਾ ਵਿਚ ਹੋਣ। ਜਦ ਸਾਡਾ ਅੰਤਰੀਵ-ਆਤਮਾ ਤੇ ਸਗਲ-ਸੰਸਾਰ ਇਕਸੁਰ ਹੋਣ, ਤੇ ਇਉਂ ਪ੍ਰਤੀਤ ਹੋਵੇ ਕਿ ਜ਼ਿੰਦਗੀ ਦੇ ਸਾਰੇ ਪ੍ਰਵਾਹ ਤੇ ਸਰਬ ਪ੍ਰਕਿਰਤੀ ਆਕਾਲ ਪੁਰਖ ਦੇ ਅੰਤਰ ਵੱਸ-ਰੱਸ ਰਹੇ ਹਨ, ਤਾਂ ਇਹ ਅਨਹਦ ਸ਼ਬਦ ਸੁਣਾਈ ਦਿੰਦਾ ਹੈ।"[59]

ਗੁਰਬਾਣੀ ਅੰਦਰ ਅਨੇਕਾਂ ਗੁਰਵਾਕਾਂ ਵਿਚ ਅਨਹਦ ਸ਼ਬਦ ਅਤੇ ਦਸਮ ਦੁਆਰ ਬਾਰੇ ਦੱਸਿਆ ਗਿਆ ਹੈ। ਪਰੰਤੂ ਆਮ ਲੋਕਾਂ ਦੇ ਨਾਲ-ਨਾਲ ਕਈ ਗੁਰਸਿੱਖਾਂ ਨੂੰ ਵੀ ਇਸ ਅਵਸਥਾ ਦੀ ਹੋਂਦ ਉਪਰ ਸੰਸਾ ਤੇ ਸ਼ੱਕ ਰਹਿੰਦਾ ਹੈ। ਭਾਈ ਸਾਹਿਬ ਨੇ ਅਨਹਦ ਸ਼ਬਦ ਤੇ ਦਸਮ ਦੁਆਰ ਖੁੱਲ੍ਹਣ ਬਾਰੇ ਆਪਣੇ ਅਨੁਭਵ

---

58 ਭਾਈ ਕਾਨ੍ਹ ਸਿੰਘ ਨਾਭ੍ਹਾ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981, ਪੰ. 57.

59 ਸਰਦੂਲ ਸਿੰਘ ਕਵੀਸ਼ਰ, *ਉਹੀ,* ਪੰ. 317.

ਅਤੇ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਇਹਨਾਂ ਸ਼ੰਕਿਆਂ ਦੀ ਨਵਿਰਤੀ ਕਰਾਉਣ ਦਾ ਸੁੰਦਰ ਉਪਰਾਲਾ ਕੀਤਾ ਹੈ।

ਭਾਈ ਸਾਹਿਬ ਅਨੁਸਾਰ, "ਗੁਰਮਤਿ ਦੇ ਇਸ ਗੰਭੀਰ ਸਿਧਾਂਤ ਉੱਤੇ ਕਿੰਤੂ ਕਰਨ ਵਾਲੇ ਸੰਸੇ ਤਿਨ੍ਹਾਂ ਨੂੰ ਹੀ ਉਪਜਦੇ ਹਨ, ਜਿਨ੍ਹਾਂ ਨੇ ਗੁਰਬਾਣੀ ਨੂੰ ਕੇਵਲ ਘੋਖਿਆ ਹੈ ਪਰ ਕਮਾਇਆ ਨਹੀਂ, ਸੁਣਿਆ ਪੜ੍ਹਿਆ ਹੈ ਪਰ ਅਜ਼ਮਾਇਆ ਨਹੀਂ, ਜਿਨ੍ਹਾਂ ਨੇ ਗੁਰਬਾਣੀ ਦੇ ਹੁਕਮਾਂ ਅਨੁਸਾਰ ਹੁਕਮਨ ਸਿਰ ਸੱਚੇ ਹੁਕਮ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਨਹੀਂ ਕੀਤੀ ਅਤੇ ਸਿਮਰਨ ਸਿਫਤ ਸਲਾਹ ਮਈ ਸੱਚੀ ਸੇਵਾ ਘਾਲਣਾ ਨਹੀਂ ਘਾਲੀ, ਓਹ ਸਿੱਖ ਜਗਿਆਸੂ ਇਸ ਉਚ ਗੁਰਮਤਿ ਸਿਧਾਂਤ ਦੀ ਸਚਾਈ ਨੂੰ ਕੀ ਜਾਂਚ ਸਕਦੇ ਹਨ? ਜਦ ਤਾਈਂ ਕੋਈ ਖਾਸ ਆਤਮ ਵਿਵਸਥਾ ਕਿਸੇ ਉਪਰ ਵਾਪਰ ਨਾ ਜਾਏ, ਤਦ ਤਾਈਂ ਉਸ ਨੂੰ ਸੁਣੀ ਸੁਣਾਈ, ਪੜ੍ਹੀ, ਪੜ੍ਹਾਈ ਵਿਵਸਥਾ ਉਤੇ ਅਮੰਨਾ ਹੀ ਨਹੀਂ ਆ ਸਕਦਾ।"[60]

ਸਿੱਖੀ ਦੇ ਮਾਰਗ ਤੇ ਚਲਣਹਾਰਿਆਂ ਉਪਰ ਦਸਮ ਦੁਆਰ ਦੀ ਅਨਹਦ ਸ਼ਬਦ ਦੀ ਖੇਡ ਵਾਪਰ ਸਕਦੀ ਹੈ। ਗੁਰਬਾਣੀ ਉਤੇ ਨਿਸ਼ਚਾ ਰੱਖ ਕੇ, ਸ਼ਬਦ ਵਿਚ ਸੁਰਤਿ ਜੋੜ ਕੇ ਮਨ ਵਸ ਵਿਚ ਆਉਂਦਾ ਹੈ। ਭਾਈ ਸਾਹਿਬ ਅਨੁਸਾਰ, "ਪਹਿਲਾਂ ਪੱਕੀ ਗੱਲ ਤਾਂ ਇਹ ਹੈ ਕਿ ਇਹ ਦਹਿਦਿਸ ਧਾਵਦਾ ਮਨੂਆ ਆਨ ਮਤਾਂ ਦੇ ਦਸੇ ਉਪਾਵਾਂ ਦੁਆਰਾ ਵਸ ਹੀ ਨਹੀਂ ਆਉਂਦਾ ਜੇ ਵਸ ਆਉਂਦਾ ਹੈ ਤਾਂ ਗੁਰਮਤਿ ਗ੍ਰਹਿਣ ਧਾਰਨ ਕੀਤਿਆਂ, ਪੂਰਨ ਗੁਰਮਤਿ ਆਸ਼ੇ ਅਨੁਸਾਰ ਗੁਰੂ ਧਾਰਨ ਕੀਤਿਆਂ ਅਤੇ ਸੱਚੇ ਸਤਿਗੁਰ ਦੀ ਸੱਚੀ ਪ੍ਰਾਪਤੀ ਹੋਇਆਂ ਹੀ ਵਸ ਆਉਂਦਾ ਹੈ, ਅਤੇ ਮਨ ਵਸ ਆਏ ਬਾਝੋਂ ਦਸਵਾਂ ਦੁਆਰ ਨਹੀਂ ਖੁੱਲ੍ਹਦਾ ਨਾ ਹੀ ਅਨਹਦ ਸ਼ਬਦ ਦੀ ਖੇਡ ਵਰਤਦੀ ਹੈ।"[61]

ਸਿੱਖ ਧਰਮ ਵਿਚ ਸੱਚੇ ਸਤਿਗੁਰੂ ਦੀ ਪਦਵੀ ਦਸ ਗੁਰੂ ਸਾਹਿਬਾਨ ਤੇ ਉਹਨਾਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਪ੍ਰਾਪਤ ਹੈ। ਅਜਿਹੇ ਸਤਿਗੁਰੂ ਦੀ ਸ਼ਰਨ ਪੈ ਕੇ ਮਨ ਵਸ ਵਿਚ ਆਉਂਦਾ ਹੈ। ਇਸ ਤਰੀਕੇ ਨਾਲ ਸਤਿਗੁਰੂ ਦੁਆਰਾ ਦਿੱਤੇ ਗੁਰਮਤਿ ਰੂਪੀ ਨਾਮ ਦੀ ਅਭਿਆਸ ਕਮਾਈ ਕਰਨ ਨਾਲ ਮਨ ਦਸਾਂ ਦਿਸ਼ਾਵਾਂ ਵਿਚ ਦੌੜ੍ਹਨ ਤੋਂ ਰੁੱਕ ਜਾਂਦਾ ਹੈ। ਇਸ ਉਪਰੰਤ ਦਸਮ ਦੁਆਰ ਖੁੱਲ੍ਹਣ ਵਾਲੀ ਅਲੌਕਿਕ ਖੇਡ

---

[60] ਭਾਈ ਰਣਧੀਰ ਸਿੰਘ, *ਅਨਹਦ ਸ਼ਬਦ ਦਸਮ ਦੁਆਰ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004. ਪੰ. 1.

[61] *ਉਹੀ,* ਪੰ. 5.

ਵਾਪਰਦੀ ਹੈ। ਉਥੇ ਪਹੁੰਚ ਕੇ ਅਮ੍ਰਿੰਤ ਰੂਪੀ ਭੋਜਨ ਪ੍ਰਾਪਤ ਹੁੰਦਾ ਹੈ ਤੇ ਸਹਿਜ ਧੁਨ ਵੱਜਦੀ ਸੁਣਦੀ ਹੈ ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰ ਪਾਇਆ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ
ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ॥
ਇਉ ਕਹੈ ਨਾਨਕੁ ਸਤਿਗੁਰ ਮਿਲਿਐ
ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥4॥

(ਆਸਾ, ਮ. 3, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 440-441)

**ਦਸਮ ਦੁਆਰ ਖੁੱਲ੍ਹਣ ਦੀਆਂ ਨਿਸ਼ਾਨੀਆਂ** : ਦਸਮ ਦੁਆਰ ਇਕ ਅਜਿਹੀ ਅਵਸਥਾ ਹੈ ਜਿਸ ਨੂੰ ਅਨੁਭਵ ਰਾਹੀਂ ਸਮਝਿਆ ਜਾ ਸਕਦਾ ਹੈ। ਇਹ ਅਨੁਭਵ ਆਮ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਤੋਂ ਵੱਖਰਾ ਹੁੰਦਾ ਹੈ।

**ਅੰਮ੍ਰਿਤ ਦੀ ਧਾਰ** : ਭਾਈ ਕਾਨ੍ਹ ਸਿੰਘ ਨਾਭ੍ਹਾ ਅਨੁਸਾਰ, "ਜੋਗੀਆਂ ਦੀ ਮੰਨੀ ਹੋਈ ਅੰਮ੍ਰਿਤ ਦੀ ਧਾਰਾ, ਹਠ ਯੋਗ ਦੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਤਾਲੂਏ ਦੇ ਉਪਰ ਜੋ ਛਿਦ੍ਰ ਹੈ ਉਸ ਵਿਚ ਜੀਭ ਦੀ ਨੋਕ ਯੋਗੀ ਫਸਾਉਂਦੇ ਹਨ ਅਤੇ ਉਸ ਥਾਂ ਪਹੁੰਚਾਣ ਲਈ ਖਾਸ ਅਭਿਆਸ ਕਰਕੇ ਜੀਭ ਲੰਮੀ ਕੀਤੀ ਜਾਂਦੀ ਹੈ, ਪ੍ਰਾਣਾਯਾਮ ਦੇ ਬਲ ਕਰਕੇ ਮਸਤਕ ਵਿਚ ਇਸਥਿਤਿ ਚੰਦ੍ਰਮਾਂ ਤੋਂ ਅੰਮ੍ਰਿਤ ਦੀ ਧਾਰ ਟਪਕਣ ਲੱਗਦੀ ਹੈ, ਜਿਸ ਨੂੰ ਯੋਗੀ ਪੀਂਦਾ ਹੈ ਇਸ ਦਾ ਨਾਉਂ ਅੰਮ੍ਰਿਤ ਵਾਰੁਣੀ ਭੀ ਹੈ।"[62]

ਦਸਮ ਦੁਆਰ ਤੋਂ ਅੰਮ੍ਰਿਤ ਦੀ ਧਾਰ ਚੋਣ ਦਾ ਨਜ਼ਾਰਾ ਅਤੇ ਅਨੁਭਵ ਭਾਈ ਸਾਹਿਬ ਲਿਖਦੇ ਹਨ ਕਿ, "ਮਨ ਅਰੂੜ ਹੋਣ ਦੀ ਡੇਰ ਹੈ ਕਿ ਅੰਮ੍ਰਿਤ ਨਾਮ ਦੀ ਫੁਹਾਰ ਅੰਤਰਿ-ਆਤਮੇ ਪੈਣ ਲੱਗ ਪੈਂਦੀ ਹੈ ਅਤੇ ਦਸਮੇ ਦੁਆਰ ਵਿਖੇ ਅਨਹਤ ਧੁਨੀਆਂ ਵਾਲੇ ਵਾਜੇ ਵੱਜਣ ਲੱਗ ਪੈਂਦੇ ਹਨ ਅਤੇ ਨਾਲ ਦੀ ਨਾਲ ਹੀ ਦਸਮ

---

[62] ਭਾਈ ਕਾਨ੍ਹ ਸਿੰਘ ਨਾਭ੍ਹਾ, *ਉਹੀ,* ਪੰ. 78.

ਦੁਆਰ ਤੋਂ ਅੰਮ੍ਰਿਤ ਦੀ ਧਾਰ ਚੋਣ ਲੱਗ ਪੈਂਦੀ ਹੈ, ਜਿਸ ਨੂੰ ਕਿ ਰਸੀਏ ਜਨ ਅਨਦਿਨ ਲੀੜ੍ਹਦੇ (ਰੱਜ ਕੇ ਪੀਂਦੇ) ਰਹਿੰਦੇ ਹਨ। ਇਹ ਸਭ ਕੁੱਝ ਗੁਰਮਤਿ ਨਾਮ ਦੇ ਅੰਖਡ ਜਾਪ ਦਾ ਪਰਤਾਪ ਹੈ। ਸਤਿਗੁਰ ਦੁਆਰਾ ਹੀ ਇਹ ਨਾਮ ਗੁਰਮੰਤ੍ਰ ਪ੍ਰਾਪਤ ਹੋ ਸਕਦਾ ਹੈ।"[63]

**ਅਨਹਦ ਧੁਨੀ** : ਨਾਮ ਅਭਿਆਸ ਕਰਦਾ ਜਿਗਿਆਸੂ ਜਦੋਂ ਦਸਮ ਦੁਆਰ ਪਹੁੰਚਦਾ ਹੈ ਤਾਂ ਉਹ ਅੰਮ੍ਰਿਤ ਮਈ ਭੋਜਨ ਰਸਨਾ ਦੁਆਰਾ ਚਖਦਾ ਹੈ ਅਤੇ ਕੰਨਾਂ ਦੁਆਰਾ ਅਸਚਰਜ ਸੁਆਦ ਵਾਲੀ ਸਹਿਜ ਧੁਨੀ ਸੁਣਦਾ ਹੈ। ਇਹ ਅਨਹਦ ਸ਼ਬਦ ਉਸਦੇ ਸਰੀਰ ਆਕਾਰ ਨੂੰ ਥੰਮ੍ਹੀ ਰੱਖਦਾ ਹੈ। ਇਸ ਸ਼ਬਦ ਵਿਚ ਕੇਵਲ ਪਿੰਡ ਰੂਪੀ ਸਰੀਰ ਨੂੰ ਥੰਮਣ (ਰੋਕਣ) ਦੀ ਬਲ-ਸ਼ਕਤੀ ਹੀ ਨਹੀਂ ਸਗੋਂ ਇਹ ਤਾਂ 'ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥' (ਆਸਾ, ਮ. 3, ਸ੍ਰੀ ਗੁਰੂ ਗ੍ਰੰਥ ਸਹਿਬ, ਪੰਨੇ 440-441) ਦੇ ਗੁਰਵਾਕ ਅਨੁਸਾਰ ਸਾਰੇ ਬ੍ਰਹਿਮੰਡਾਂ ਨੂੰ ਥੰਮੀ ਰੱਖਣ ਦੇ ਸਮਰੱਥ ਹੈ। ਜਿਸ ਸ਼ਬਦ ਨੇ ਖੰਡਾਂ ਬ੍ਰਹਿਮੰਡਾਂ ਨੂੰ ਥੰਮਿਆ ਹੋਇਆ ਹੈ ਉਹੀ ਮਨ ਨੂੰ ਵਸ ਵਿਚ ਲਿਆਉਂਦਾ ਹੈ ਤੇ ਦਸਮ ਦੁਆਰ ਖੁੱਲ੍ਹ ਜਾਂਦਾ ਹੈ।

ਦਸਮ ਦੁਆਰ ਦੇ ਖੁੱਲ੍ਹਣ ਦੀਆਂ ਨਿਸ਼ਾਨੀਆਂ ਬਾਰੇ ਭਾਈ ਸਾਹਿਬ ਲਿਖਦੇ ਹਨ, "ਦਸਮ ਦੁਆਰ ਖੁੱਲ੍ਹਣ ਦੀਆਂ ਦੋ ਪੱਕੀਆਂ ਨਿਸ਼ਾਨੀਆਂ ਹਨ: ਇਕ ਤਾਂ ਇਹ ਕਿ ਅੰਮ੍ਰਿਤ ਧਾਰ ਅਤਿ ਨਿਰਮਲ ਚੋਣ ਲਗ ਪੈਂਦੀ ਹੈ। ਦੂਜੇ ਅਤਿ ਅਚਰਜ਼ ਸੁਆਦ ਵਾਲੀ ਅਨਹਦ ਧੁਨੀ ਦਾ ਬਿਸਮਾਦ ਰੰਗਾਂ ਵਾਲਾ ਅਗੰਮੀ ਨਾਦ ਸੁਣਨ ਲਗ ਪੈਂਦਾ ਹੈ। ਇਹ ਦੋਈ ਆਤਮ-ਆਨੰਦੀ ਘਟਨਾਵਾਂ ਤੱਤ ਲਖਤਾਵੀ ਤੱਤ ਵਾਪਰਨੀਆਂ ਪ੍ਰਤੱਖ ਪੇਖਣ ਸੁਣਨ ਵਿਚ ਆਈਆਂ ਤੇ ਆਉਣ ਯੋਗ ਸਹਿਜ ਵਿਵਸਥਾਵਾਂ ਹਨ। ਕੋਈ ਖਿਆਲੀ ਤੇ ਕਿਆਸੀ ਕਿਆੜ੍ਹੇ ਨਹੀਂ। ਕਾਇਆ ਗੜ੍ਹ-ਕੋਟ-ਮਹਿਲ ਮੰਦਰ ਘਰ ਅੰਦਰ ਸਾਗੋ ਪਾਂਗ ਵਾਪਰੇ ਸੰਵਾਪਰੇ ਜਾਗ੍ਰਤੀ ਸਾਵਧਾਨਤਾ ਦੇ ਸਾਖਸ਼ਾਤ ਕੀਤੇ ਪ੍ਰਤੱਖ ਨਜ਼ਾਰੇ ਹਨ।"[64]

ਧਾਰਮਿਕ ਅਨੁਭਵ ਨੂੰ ਮਾਣਿਆ ਜਾ ਸਕਦਾ ਹੈ ਇਸ ਨੂੰ ਬਿਆਨਿਆ ਨਹੀਂ ਜਾ ਸਕਦਾ। ਭਾਈ ਸਾਹਿਬ ਇਸ ਦੀ ਪੁਸ਼ਟੀ ਇਵੇਂ ਕਰਦੇ ਹਨ, "ਸੁਰਤਿ ਸ਼ਬਦ ਦੀ ਗੋਝ ਕਥਾ ਇਸ ਕਰਕੇ ਗੋਝ ਨਹੀਂ ਕਿ ਇਸ

---

63 *ਉਪਰੋਕਤ,* ਪੰ. 26.

64 *ਉਹੀ,* ਪੰ. 8.

ਨੂੰ ਜਾਣ ਬੁੱਝ ਕੇ ਗੁਪਤ ਰੱਖਣਾ ਦਰਕਾਰ ਹੈ। ਅਸਲ ਗੱਲ ਇਹ ਹੈ ਕਿ ਇਹ ਦੱਸੀ ਨਹੀਂ ਜਾ ਸਕਦੀ ਕੇਵਲ ਲਖੀ ਹੀ ਜਾ ਸਕਦੀ ਹੈ। ਲਿਖੀ ਕਥੀ ਨਹੀਂ ਜਾ ਸਕਦੀ। ਪਰੇ ਤੇ ਪਰੇ ਹੈ।"[65]

ਦਸਮ ਦੁਆਰ ਵਿਖੇ ਜਿੱਥੇ ਅਨਹਦ ਸਬਦ ਧੁਨ ਸੁਣਾਈ ਦਿੰਦੇ ਹਨ ਐਵੇਂ ਸੌਖਾ ਹੀ ਗੱਲਾਂ ਕੀਤਿਆਂ ਨਹੀਂ ਪਹੁੰਚ ਸਕੀਦਾ। ਇਸਨੂੰ ਹਾਸਲ ਕਰਨ ਲਈ ਲੰਮੀ, ਅਥਾਹ ਨਾਮ ਅਭਿਆਸ ਕਮਾਈ ਕਰਨੀ ਪੈਂਦੀ ਹੈ। ਪਹਿਲਾਂ ਗੁਰੂ ਦਾ ਸੱਚਾ ਸਿੱਖ ਬਣ ਕੇ, ਗੁਰਦੀਖਿਆ ਪ੍ਰਾਪਤ ਕਰਨੀ ਪੈਂਦੀ ਹੈ ਫਿਰ ਪਰਮਾਤਮਾ ਦੇ ਦਰਸ਼ਨਾਂ ਦੀ ਤਾਂਘ ਵਿਚ ਨਾਮ ਜਪਿਆ ਜਾਂਦਾ ਹੈ। ਨਾਮ ਰੂਪੀ ਸੱਚਾ-ਸੁੱਚਾ ਰਤਨ ਪਦਾਰਥ, ਜਿਸ ਦੇ ਰਾਹੀਂ ਦਸਮ ਦੁਆਰ ਖੁੱਲ੍ਹਦਾ ਹੈ ਤੇ ਪਰਮਾਤਮਾ ਦੇ ਸਾਂਗੋਪਾਂਗ ਦਰਸ਼ਨ ਕਰੀਦੇ ਹਨ, ਉਨ੍ਹਾਂ ਨੂੰ ਮਿਲਦਾ ਹੈ ਜੋ ਗੁਰਬਾਣੀ ਨੂੰ ਸ਼ਰਧਾ ਸਿਦਕ ਭਾਵਨੀ ਸੇਤੀ ਵੀਚਾਰਦੇ ਤੇ ਮੰਨਦੇ ਹਨ। ਸਰੀਰ ਰੂਪੀ ਸਮੁੰਦਰ ਵਿਚ ਆ ਕੇ ਜਦੋਂ ਨਾਮ ਅਭਿਆਸ ਰੂਪੀ ਖੰਡਾ ਫੇਰ ਕੇ ਮੱਖਣ ਰੂਪੀ ਤੱਤ ਕੱਢਿਆ ਤਾਂ ਪਤਾ ਲੱਗਾ ਕਿ ਗੁਰੂ ਤੇ ਗੋਵਿੰਦੁ ਇਕੋ ਹਨ:

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨਾ ਭਾਈ॥4॥1॥8॥

(ਰਾਗੁ ਆਸਾ ਛੰਤ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 442)

ਅਭਿਆਸੀ ਗੁਰਮੁਖ ਜਨਾਂ ਲਈ ਅਨਹਦ ਸ਼ਬਦ ਨੂੰ ਸੁਣਨਾ ਅਤੇ ਦਸਮ ਦੁਆਰ ਦਾ ਖੁੱਲ੍ਹਣਾ ਬੜਾ ਸੌਖਾ ਹੈ।

**ਮਨ ਵਸ ਵਿਚ ਆਉਣਾ** : ਗੁਰੂ ਸ਼ਬਦ (ਨਾਮ ਗੁਰਮੰਤ੍ਰ) ਦੁਆਰਾ ਹੀ ਅਨਹਦ ਬਾਣੀ ਦਾ ਪਤਾ ਲੱਗਦਾ ਹੈ ਅਤੇ ਨਾਮ ਹਰਿ ਰਸ ਭੋਗੀਦਾ ਹੈ। ਜਿਸ ਉਪਰੰਤ ਕਰਣ ਕਾਰਣ ਪ੍ਰਭੂ ਆਪ ਆ ਕੇ ਮਿਲਦਾ ਹੈ। ਇਹ ਅਨਹਦ ਬਾਣੀ ਕਿਸੇ ਵਿਰਲੇ ਗੁਰਮੁਖ ਨੇ ਜਾਣੀ ਹੈ। ਵਿਰਲੇ ਗੁਰਮੁਖਾਂ ਨੇ ਹੀ ਅਰਥਾਈ ਭਾਵ ਇਸ ਦੀ ਵਿਆਖਿਆ ਕੀਤੀ ਹੈ, ਜਿਵੇਂ ਗੁਰਵਾਕ ਹੈ:

ਇਹੁ ਮਨੁ ਨਿਹਚੁਲ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥

[65] *ਉਹੀ,* ਪੰ. 13.

ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥

ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥65॥

(ਰਾਮਕਲੀ, ਮ. 1, ਸਿਧ ਗੋਸਟਿ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.945)

ਭਾਈ ਸਾਹਿਬ ਮਨ ਦੇ ਵਸ ਆਉਣ ਦਾ ਤਰੀਕੇ ਅਤੇ ਮਨ ਦਾ ਨਾਭੀ ਤੋਂ ਦਸਮ ਦੁਆਰ ਨੂੰ ਚੜ੍ਹਨ ਦਾ ਹਾਲ ਇਸ ਤਰ੍ਹਾਂ ਦੱਸਦੇ ਹਨ, "ਜਦ ਤਾਈਂ ਨਾਭੀ ਵਿਚ ਰਸ-ਰਸਨ ਗੁੱਰਾਟੀ ਪਵਨ ਸ਼ਬਦ ਸੁੱਰਾਟੀ ਹੋ ਕੇ ਰਸ ਰਤਨੱਬੀ ਰਹਿੰਦੀ ਹੈ, ਓਦੋਂ ਤਾਈਂ ਮਨ ਭੀ ਨਿਹਚਲੁ ਹੋ ਕੇ ਹਿਰਦੇ ਅੰਦਰ ਵਸਿਆ ਰਹਿੰਦਾ ਹੈ। 'ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ' ਵਾਲਾ ਵਾਪਰਾ ਇਉਂ ਵਾਪਰਦਾ ਹੈ। ਬਾਰੰਬਾਰ ਦੀ ਸ਼ਬਦ ਅਭਿਆਸ ਨਾਲ ਇਹ ਮਨ ਵਸ ਵਿਚ ਆ ਜਾਂਦਾ ਹੈ। ਹਿਰਦੇ-ਅਸਾਨ ਵਿਚ ਇਸ ਤਰ੍ਹਾਂ ਬੈਸਾਇਆ ਸ਼ਬਦ-ਰਸ ਰਸਾਇਆ ਨਿਹਚਲਾਇਆ ਮਨੁ ਬਹੁੜ ਖਿੰਡਾਉ ਵਿਚ ਜਾਂਦਾ ਹੀ ਨਹੀਂ। ਸ਼ਬਦ ਰਸ-ਰਸਾਉ ਵਿਚ ਲਪੇਟਿਆ ਰਸ ਗੀਧਾ ਰਹਿੰਦਾ ਹੈ ਅਤੇ ਸਬਦ ਰਸ-ਤਾਰ ਦੇ ਨਾਲ ਬਧਿਆ ਬਧਾਇਆ ਤੇ ਬੇਧਿਆ ਬੇਧਾਇਆ ਨਾਭਿ-ਘਰ ਆਸਨਿ ਬੈਸਿਆ ਬੈਸਾਇਆ ਹੀ ਅੰਤਰ-ਖੂਹਟਿਓਂ ਅਮਿਉ ਰਸ ਦੇ ਗਟਾਕ ਪੀਂਦਾ ਰਹਿੰਦਾ ਹੈ ਤੇ ਸੁਆਸ ਭੀ ਨਾਭੀ ਵਿਚ ਹੀ ਰਸ-ਰਮਨੜੇ ਹੋ ਕੇ ਦੱਬੇ ਰਹਿੰਦੇ ਹਨ। ਫੇਰ ਇਹੋ ਰਸ ਗੀਧਾ, ਰਸ ਪਵਨ ਬੀਧਾ ਮਨ ਸੁਰਤੇ ਪੁਰਖ ਦੀ ਸੁਰਤੀ ਦੇ ਨਾਲ-ਨਾਲ ਨਾਭੀ ਤੋਂ ਨਭ-ਗਗਨ (ਦਸਮ ਦੁਆਰ) ਨੂੰ ਚੜ੍ਹਨਾ ਅਰੰਭ ਹੋ ਜਾਂਦਾ ਹੈ, ਪਰ ਸੁਆਸ ਨਾਭੀ ਅੰਦਰ ਹੀ ਦੱਬੇ ਰਹਿੰਦੇ ਹਨ, ਰਸ ਰਸਾਲ ਹੋ ਕੇ ਗੁਰਮੁਖ ਅਭਿਆਸੀ ਜਨ ਦੀ ਸੁਰਤੀ ਇਸ ਬਿਧ ਉਪਰ ਗਗਨ ਮੰਡਲਾਂ ਨੂੰ ਸਹਿਜ ਜੋਗ ਦੇ ਜੁੜਾਉ ਵਿਚ ਜੁੜ ਕੇ ਸੁਹੇਲੀ (ਸੌਖੀ) ਹੀ ਜਾ ਚੜ੍ਹਦੀ ਹੈ ਅਤੇ ਪ੍ਰਮਾਤਮਾ ਸਰੂਪੀ ਪਰਮ ਤੱਤ ਦਾ ਖੋਜ਼ ਢੂੰਡ ਲੈਂਦੀ ਹੈ।"[66]

'ਨਾਭਿ ਪਵਨੁ ਘਰਿ ਆਸਣਿ ਬੈਸੇ ਗੁਰਮੁਖਿ ਖੋਜਤ ਤਤੁ ਲਹੈ' ਵਾਲੇ ਗੁਰਵਾਕ ਦਾ ਕੀਤਾ ਇਹ ਸੰਖੇਪ ਅਨੁਵਾਦ ਭਾਈ ਸਾਹਿਬ ਦੇ ਨਿੱਜੀ ਧਾਰਮਿਕ ਅਨੁਭਵ ਨੂੰ ਵੀ ਬਿਆਨ ਕਰਦਾ ਹੈ। ਗੁਰਮੰਤਰ ਦੇ ਨਾਮ ਦਾ ਅਭਿਆਸ (ਸਿਮਰਨ, ਜਾਪ) ਕਰਦਿਆਂ ਜਿਗਿਆਸੂ ਨੂੰ ਆਪਣੇ ਜੋਤਿ ਸਰੂਪ ਮਨ ਦਾ ਮੂਲ ਪਛਾਣਨ ਦੀ ਸੋਝੀ ਹਿਰਦੇ ਅੰਦਰੋਂ ਪੈਂਦੀ ਹੈ। ਇਸ ਸਮਝ ਪੈਣ ਪਿੱਛੋਂ ਹਿਰਦੇ ਅੰਦਰ ਦਾ ਦੀਪਕ ਜਗਦਾ ਹੈ

[66] *ਉਹੀ,* ਪੰਨੇ 24-25.

ਅਤੇ ਉਹ ਲਗਾਤਾਰ ਪਰਮਾਤਮਾ ਦੇ ਧਿਆਨ ਵਿਚ ਮਗਨ ਰਹਿੰਦਾ ਹੈ ਅਤੇ ਉਸ ਪਰਮ ਤੱਤ ਨੂੰ ਗੁਰਮੁਖ ਖੋਜ ਲੈਂਦਾ ਹੈ।

ਪ੍ਰਭੂ ਨੇ ਇਸ ਸਰੀਰ ਰੂਪੀ ਗੁਫਾ ਦੇ ਨੌ ਦਰਵਾਜ਼ੇ ਪ੍ਰਗਟ ਰੱਖੇ ਹਨ। ਇਸ ਕਾਇਆ ਕੋਟ ਦੇ ਦਸਵੇਂ ਗੁਪਤ ਰੱਖੇ ਦਰਵਾਜ਼ੇ ਦੇ ਅੱਗੇ ਜੋ ਬਜਰ ਕਪਾਟ ਜੜੇ ਹੋਏ ਹਨ ਖੁੱਲ੍ਹਦੇ ਨਹੀਂ। ਉਹ ਸਿਰਫ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਏ ਤੇ ਕਮਾਏ ਗੁਰ ਸ਼ਬਦ ਦੁਆਰਾ ਹੀ ਖੁੱਲ੍ਹਦੇ ਹਨ। ਇਹਨਾਂ ਬਜਰ ਕਪਾਟਾਂ ਦੇ ਖੁੱਲ੍ਹਣ ਸਾਰ ਹੀ ਅਨਹਦ ਵਾਜੇ ਸੁਣਨ ਲੱਗ ਪੈਂਦੇ ਹਨ। ਗੁਰ ਸ਼ਬਦ ਦੇ ਆਸਰੇ ਇਹ ਆਪੇ ਹੀ ਸੁਣੀਦੇ ਹਨ। ਅਜਿਹੀ ਅਵਸਥਾ ਤੇ ਪਹੁੰਚੇ ਗੁਰਮੁਖ ਦੇ ਸਰੀਰ ਅੰਦਰ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਭਗਤੀ ਦੁਆਰਾ ਵਾਹਿਗੁਰੂ ਜੋ ਸਭਨਾਂ ਵਿਚ ਵਸਦਾ ਹੈ ਮਿਲ ਪੈਂਦਾ ਹੈ ਜਿਵੇਂ ਇਹ ਗੁਰਵਾਕ ਹੈ:

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥15॥

(ਰਾਮਕਲੀ ਕੀ ਵਾਰ, ਮ. 3, ਪਉੜੀ 15, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 954)

**ਦਸਮ ਦੁਆਰ ਖੁੱਲ੍ਹਣ ਦਾ ਤਰੀਕਾ** : ਨਾਮ ਦੀ ਅਭਿਆਸ ਕਮਾਈ ਕੀਤਿਆਂ ਸੁਆਸਾਂ ਦੇ ਚੜ੍ਹਾਉਣ, ਰੋਕ ਕੇ ਰੱਖਣ ਅਤੇ ਵਾਪਸ ਹੇਠਾਂ ਉਤਾਰਨ ਦਾ ਤਰੀਕਾ ਆਪ ਹੀ ਪਤਾ ਲੱਗ ਜਾਂਦਾ ਹੈ। ਦਸਮ ਦੁਆਰ ਫਿਰ ਆਪੇ ਹੀ ਖੁੱਲ੍ਹ ਜਾਂਦਾ ਹੈ ਖੋਲਣ ਦਾ ਯਤਨ ਨਹੀਂ ਕਰਨਾ ਪੈਂਦਾ। ਦਸਮ ਦੁਆਰ ਖੁੱਲ੍ਹਣ ਦਾ ਤਰੀਕਾ ਦੱਸਦੇ ਭਾਈ ਸਾਹਿਬ ਲਿਖਦੇ ਹਨ, "ਇਹ ਦਸਮ ਦੁਆਰਾ ਪਰਮ ਪੁਰਖ ਕੀ ਘਾਟੀ ਹੈ। ਇਹ ਦਸਮ ਦੁਆਰਾ ਹੈ ਅਗਮ ਅਪਾਰਾ, ਇਸ ਨੂੰ ਗੁਰ-ਗੰਮ ਗਿਆਨ ਦੁਆਰਾ ਕੋਈ ਵਿਰਲਾ ਹੀ ਚੀਨਦਾ ਹੈ। ਦਸਮ ਦੁਆਰ ਵਿਚ ਦੀ ਹੋ ਕੇ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਪਰਮ ਪੁਰਖ ਦੀ ਘਾਟੀ ਇਹ ਦਸਮ ਦੁਆਰਾ ਇਸ ਕਰਕੇ ਹੈ ਕਿ ਇਸ ਥਾਣੀ ਹੀ ਅਕਾਲ ਪੁਰਖ ਦਾ ਦਰਸ਼ਨ ਉਘਾੜ ਹੁੰਦਾ ਹੈ। ਸਰੀਰ ਰੂਪੀ ਹਾਟ(ਹਟੜੀ) ਦੇ ਉਪਰ ਸਿਖਰ ਦਸਮ ਦੁਆਰ ਰੂਪੀ ਬੱਜਰ ਕਪਾਟੀ ਗੁਫ਼ਾ ਹੁਜਰਾ ਹੈ। ਬਜਰ ਕਪਾਟ ਦੇ ਖੁੱਲ੍ਹਣ ਪਰ ਦਸਮ ਦੁਆਰ ਦਾ ਉਘਾੜ ਜੋ ਹੋ ਜਾਂਦਾ ਹੈ, ਉਹ ਉਘਾੜ ਪਹਿਲਾਂ ਅੰਦਰੋਂ ਹੈ ਅਤੇ ਆਲੇ ਵਾਂਗੂੰ ਖੁੱਲ੍ਹ ਜਾਂਦਾ ਹੈ। ਕਿਵਾੜ ਕੋਈ

ਨਹੀਂ। ਅਪ੍ਰੰਪਰੀ ਸੂਖਮ ਪਰਦਾ, ਗਗਨ ਉਘਾੜ ਆਰ ਪਾਰ ਦਰਸਾਵਣ ਲਈ ਇਕ ਜੋਤਿ ਬਰਕੀ ਅਤੇ ਮਹੀਨ ਨਾਮ ਮਾਤ੍ਰ ਪਰਦਾ ਹੀ ਰਹਿ ਜਾਂਦਾ ਹੈ। ਜਿੱਥੇ ਆ ਕੇ ਅਭਿਆਸੀ ਜਨ ਦੇ ਸੁਆਸ ਅਸਥਿਤ ਹੋ ਕੇ ਅਟਕੇ ਰਹਿੰਦੇ ਹਨ ਅਤੇ ਜੋਤਿ ਪ੍ਰਕਾਸ਼ ਦੇ ਰੰਗਾਂ ਵਿਚ ਸਹਿਜ ਸਮਾਧੀਆਂ ਅਸਥਿਤਾਈ ਰੱਖਦੇ ਹਨ। ਏਥੇ ਹੀ ਆਰ ਪਾਰ ਸਾਕਸ਼ਾਤ ਪਰਮਾਤਮ ਝਲਕਾਰ ਨਿਖਰਵਾਂ ਹੋਈ ਜਾਂਦਾ ਹੈ।"[67]

ਭਾਈ ਸਾਹਿਬ ਗੁਰਬਾਣੀ ਦੇ ਪ੍ਰਮਾਣਾਂ ਦੇ ਆਧਾਰ 'ਤੇ ਦਸਮ ਦੁਆਰ ਖੁੱਲ੍ਹਣ ਅਤੇ ਅਨਹਦ ਸ਼ਬਦ ਸੁਣਨ ਦੀਆਂ ਨਿਸ਼ਾਨੀਆਂ ਦੱਸਦੇ ਹਨ ਫਿਰ ਵੀ ਇਹ ਉਹਨਾਂ ਦਾ ਨਿੱਜੀ ਧਾਰਮਿਕ ਅਨੁਭਵ ਹੈ ਜਿਸ ਕਾਰਨ ਉਹ ਇਹਨਾਂ ਗੁਪਤ ਗੋਝਾਂ ਨੂੰ ਜਿਗਿਆਸੂ ਜਨਾ ਤਕ ਪ੍ਰਗਟ ਕਰ ਸਕੇ ਹਨ। ਭਾਈ ਸਾਹਿਬ ਨੇ ਇਸ ਅੰਤ੍ਰੀਵੀ ਮਿਲਾਪ ਦੇ ਆਤਮ ਭੋਗ ਦੇ ਅਕਿਹ ਅਨੰਦ ਕੇਲ ਨੂੰ ਕਾਵਿ-ਰੂਪ ਵਿਚ ਵੀ ਬਿਆਨਣ ਦੀ ਕੋਸ਼ਿਸ਼ ਕੀਤੀ ਹੈ ਜਿਸ ਤੋਂ ਆਪ ਦੇ ਧਾਰਮਿਕ ਅਨੁਭਵ ਦੇ ਦਰਸ਼ਨ ਹੁੰਦੇ ਹਨ ਜਿਵੇਂ:

ਰਸਿ ਰਸਿ ਭੋਗੁ ਕਰੇ ਰੀਸਾਲੂ, ਆਤਮ ਭੋਗੁ ਰਸਾਇਆ ਹੈ।30।74।

ਹੁਇ ਰਸਿ ਲੀਣ, ਰਹਾਂ ਰਸ ਖੀਵੀ, ਆਸਣ ਅਚੱਲ ਜਮਾਇਆ ਹੈ।31।75।

ਹਿੱਲਾਂ ਕਿਵੇਂ ਹਿੱਲ ਨ ਹੋਵੇ, ਸੁਆਦੁ ਅਗਾਧ ਚਖਾਇਆ ਹੈ।32।76।

ਗਟਕ ਚਾਖਿ ਮੈਂ ਗੂੰਦੀ ਹੋਈ, ਕਟਕ ਖੁਮਾਰ ਚੜ੍ਹਾਇਆ ਹੈ।33।77।[68]

ਭਾਈ ਸਾਹਿਬ ਨੇ ਅਕਾਲੀ ਜੋਤਿ ਦੇ ਅਨੁਭਵਾਂ ਅਤੇ ਅਨਹਦ ਸ਼ਬਦ ਤੇ ਦਸਮ ਦੁਆਰ ਦੇ ਪੇਖੇ ਪਰਖੇ ਤਜ਼ਰਬਿਆਂ ਦਾ ਭਰਪੂਰ ਵਰਣਨ ਕੀਤਾ ਹੈ। ਤ੍ਰਿਲੋਚਨ ਸਿੰਘ ਅਨੁਸਾਰ, "ਹੁਣ ਤਕ ਕਿਸੇ ਲੇਖਕ ਨੇ ਇਨ੍ਹਾਂ ਕਮਾਏ ਅਤੇ ਅਜ਼ਮਾਏ ਅਨੁਭਵੀ-ਤਜਰਬਿਆਂ ਦਾ ਵਿਸਥਾਰ ਪੂਰਬਕ ਵਰਣਨ ਨਹੀਂ ਕੀਤਾ। ਸਾਡੇ ਸਾਹਿਤ-ਰਤਨ ਅਕਲੀ ਉਡਾਰੀਆਂ ਅਤੇ ਬੁੱਧੀ ਮੰਡਲਾਂ ਤੋਂ ਉਪਰ ਨਹੀਂ ਜਾ ਸਕੇ। ਕਲਪਨਿਕ ਉਡਾਰੀਆਂ (imaginative flights) ਨਾਲ ਕਈਆਂ ਨੇ ਅਨਹਦ-ਸ਼ਬਦ ਅਤੇ ਉਚ ਖੰਡਾਂ ਦਾ ਵਰਣਨ ਕਰਨਾ ਚਾਹਿਆ, ਪਰ ਨਿਰੇ ਵੇਦਾਂਤੀ ਲਿਖਤਾਂ ਦੇ ਆਧਾਰ ਉੱਤੇ।"[69]

---

67 ਪੰ. 100.

68 ਭਾਈ ਰਣਧੀਰ ਸਿੰਘ, *ਜੋਤਿ ਵਿਗਾਸ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2003, ਪੰ 35.

69 ਤ੍ਰਿਲੋਚਨ ਸਿੰਘ, ਪ੍ਰਦਰਸ਼ਨਿਕਾ (Introduction) *ਜੋਤਿ ਵਿਗਾਸ,* ਪੰ. 28.

ਨਾਮ ਅਭਿਆਸ ਕਮਾਈ ਕਰਨ ਪਿੱਛੋਂ ਦਸਮ ਦੁਆਰ ਦੇ ਬਜਰ ਕਪਾਟ ਖੁੱਲ੍ਹਦੇ ਹਨ ਤਾਂ ਨਾਲ ਦੀ ਨਾਲ ਅੰਦਰ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਸ ਅਕਿਹ ਮਸਤ ਅਵਸਥਾ ਵਿਚੋਂ ਹੋਸ਼ ਵਿਚ ਆਉਣਾ ਪਾਪ ਜਿਹਾ ਪ੍ਰਤੀਤ ਹੁੰਦਾ ਹੈ । ਇਸ ਅਵਸਥਾ ਵਿਚ ਉਪਜੇ ਆਨੰਦ ਦਾ ਕੋਈ ਪਾਰਾਵਾਰ ਨਹੀਂ। ਹਿਰਦੇ ਅੰਦਰ ਜੋਤਿ ਦਾ ਪ੍ਰਕਾਸ਼ ਗੁਰ ਪ੍ਰਸਾਦਿ ਨਾਲ ਪ੍ਰਾਪਤ ਹੋਏ ਵਾਹਿਗੁਰੂ ਗੁਰਮੰਤਰ ਦੁਆਰਾ ਹੀ ਪ੍ਰਕਾਸ਼ਤ ਹੁੰਦਾ ਹੈ।

**ਜਪੁ ਜੀ ਸਾਹਿਬ ਦੇ ਪੰਜ ਖੰਡ ਅਤੇ ਭਾਈ ਰਣਧੀਰ ਸਿੰਘ ਦਾ ਅਨੁਭਵ** : ਭਾਈ ਰਣਧੀਰ ਸਿੰਘ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ। ਉਹ ਆਪਣੇ ਧਾਰਮਿਕ ਅਨੁਭਵ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਬੜੀ ਸਰਲਤਾ ਨਾਲ ਇਹਨਾਂ ਵਿਸ਼ਿਆਂ ਦੀ ਵਿਆਖਿਆ ਕਰਦੇ ਹਨ।

ਸਿੱਖ ਚਿੰਤਕ ਵਜ਼ੀਰ ਸਿੰਘ ਅਨੁਸਾਰ, "ਧਰਮਰਾਜ, ਦਰਗਾਹ, ਦਰਬਾਰ ਦੇ ਪ੍ਰਤੀਕਾਂ ਤੋਂ ਸ਼ਾਬਦਿਕ ਭਾਵ ਲੈਣਾ, ਕਿ ਇਹ ਵਿਸ਼ੇਸ਼ ਸਥਾਨ ਜਾਂ ਲੇਖਾਕਾਰ ਦੇ ਸੰਕੇਤ ਹਨ, ਸਿੱਖ ਚਿੰਤਨ ਦੀ ਸਮੁੱਚੀ ਭਾਵਨਾ ਦੇ ਅਨੁਕੂਲ ਨਹੀਂ ਹੋਵੇਗਾ। ਪ੍ਰਚਲਿਤ ਸ਼ਬਦਾਵਲੀ ਅਤੇ ਲੋਕ-ਮਨਾਂ ਵਿਚ ਵੱਸੇ ਹੋਏ ਸੰਕਲਪਾਂ ਨੂੰ ਧਿਆਨ ਵਿਚ ਰੱਖਦਿਆਂ, ਸੰਤ-ਕਵੀਆਂ ਤੇ ਗੁਰੂ ਸਹਿਬਾਨ ਨੇ ਆਪਣੀ ਰਚਨਾ ਵਿਚ ਇਸ ਕਿਸਮ ਦੇ ਪ੍ਰਤੀਕਾਂ ਰਾਹੀਂ ਦ੍ਰਿੜ ਕਰਾਇਆ ਹੈ ਕਿ ਆਤਮਿਕ-ਨੈਤਿਕ ਉੱਤਮਤਾ ਮਨੁੱਖ ਨੂੰ ਆਦਰਸ਼ਕ ਜੀਵਨ ਦੀ ਸੇਧ ਵਿਚ ਤੋਰਦੀ ਹੈ।"[70]

ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਵਿਚ ਪੰਜ ਖੰਡਾਂ ਦੀ ਵੱਖਰੀ ਵਿਆਖਿਆ ਮਿਲਦੀ ਹੈ। ਵਜ਼ੀਰ ਸਿੰਘ ਨੇ ਧਰਮਰਾਇ, ਦਰਗਾਹ ਆਦਿ ਦੇ ਪ੍ਰਤੀਕਾਂ ਨੂੰ ਵਿਸ਼ੇਸ਼ ਸਥਾਨ ਮੰਨਣਾ ਸਿੱਖ ਚਿੰਤਨ ਦੀ ਸਮੁੱਚੀ ਭਾਵਨਾ ਦੇ ਅਨੁਕੂਲ ਨਹੀਂ ਮੰਨਿਆ। ਜਦ ਕਿ ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ *'ਅਣਡਿੱਠੀ ਦੁਨੀਆ'* ਅੰਦਰ ਇਹਨਾਂ ਸਾਰੇ ਪ੍ਰਤੀਕਾਂ ਧਰਮਰਾਇ, ਨਰਕ-ਸਵਰਗ, ਅਕਾਲਪੁਰਖ ਦੀ ਦਰਗਾਹ ਆਦਿ ਨੂੰ ਵਾਸਤਵਿਕ ਸਥਾਨ ਮੰਨਿਆ ਹੈ। ਇਸੇ ਤਰ੍ਹਾਂ ਪੰਜ ਖੰਡ ਅਸਲ ਵਿਚ ਮੌਜੂਦ ਹਨ। ਜੇ ਇਹ ਪੰਜ ਖੰਡ ਵਾਸਤਵਿਕ ਸਥਾਨ ਨਾ ਹੁੰਦੇ ਤਾਂ ਭਾਈ ਰਣਧੀਰ ਸਿੰਘ ਅਨੁਸਾਰ, "ਐਸੇ ਖੰਡਾਂ ਦੀ ਧੁਰ ਕੀ ਬਾਣੀ ਅੰਦਰ ਨਿਰਣਤ ਕਰਨ ਦੀ ਗੁਰੂ ਸਾਹਿਬਾਨ ਨੂੰ ਕੀ ਲੋੜ ਸੀ? ਜੇ ਕਹੇ ਕਿ ਇਹ ਖੰਡ ਗੁਰੂ ਸਾਹਿਬਾਨ ਦੀ ਅਨਭਵੀ ਅਵਸਥਾ ਦੀ ਰਚਨਾ ਹੈ ਤਦ ਤਾਂ

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥...4॥24॥36॥

---

[70] ਵਜ਼ੀਰ ਸਿੰਘ, *ਉਹੀ,* ਪੰ. 16.

(ਰਾਮਕਲੀ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 894)

ਦੇ ਗੁਰਵਾਕ ਅਨੁਸਾਰ ਮੁਇਆ ਆਪੇ ਹੀ ਹਲ ਹੋ ਗਿਆ ਅਤੇ ਸਾਫ ਸਿਧ ਹੋ ਗਿਆ ਕਿ ਇਹ ਖੰਡ ਕੋਈ ਅਨੁਭਵੀ ਰਚਨਾ ਨਹੀਂ, ਬਲਕਿ ਗੁਰੂ ਸਾਹਿਬਾਨ ਦੀ ਸਚੀ ਸਾਕਸ਼ਾਤਕਾਰਤਾ ਭਰੀ ਸਾਖਾ (ਸ਼ਹਾਦਤ) ਅਨੁਸਾਰ ਗੁਰੂ ਸਰੂਪ ਸੰਤਾਂ (ਸਤ ਪੁਰਖਾਂ) ਦੇ ਆਪਣੇ ਅਖੀਂ ਦੇਖੇ ਤੱਤ ਸੱਤਤਾ ਦੀ ਹੋਂਦ ਵਾਲੇ ਖੰਡ ਮੰਡਲ ਹਨ।"[71]

ਪ੍ਰੋ. ਗੰਗਾ ਸਿੰਘ ਨੇ ਇਕ ਵਾਰ ਸ਼ਿਮਲਾ ਵਿਖੇ ਸੰਤ ਅਤਰ ਸਿੰਘ ਜੀ ਦੀ ਮੋਜੂਦਗੀ ਵਿਚ ਸਚਖੰਡ ਦਾ ਨਕਸ਼ਾ ਬੜੇ ਅਲੰਕਾਰ ਵਰਤ ਕੇ ਕਥਾ ਵਿਚ ਬਿਆਨ ਕੀਤਾ। ਕਥਾ ਕਰਨ ਤੋਂ ਪਿੱਛੋਂ ਪ੍ਰੋ. ਗੰਗਾ ਸਿੰਘ ਨੇ ਸੰਤ ਜੀ ਨੂੰ ਬੇਨਤੀ ਕੀਤੀ ਕਿ ਮੈਂ ਤਾਂ ਕਿਤਾਬੀ ਗਿਆਨ ਤੇ ਅਲੰਕਾਰ ਵਰਤੇ ਹਨ, ਆਪ ਨੇ ਸਚਖੰਡ ਵਾਸਤਵ ਵਿਚ ਵੇਖਿਆ ਹੈ। ਕ੍ਰਿਪਾ ਕਰਕੇ ਮੈਨੂੰ ਸਚਖੰਡ ਦੇ ਦਰਸ਼ਨ ਕਰਾਉ। "ਇਹ ਗੱਲ ਸੁਣ ਕੇ ਸੰਤ ਜੀ ਸਮਾਧੀ ਅਸਥਿਤ ਹੋ ਗਏ। ਚਿਹਰੇ ਤੋਂ ਐਸਾ ਨੂਰ ਪ੍ਰਕਾਸ਼ ਹੋਇਆ ਕਿ ਸਾਰਾ ਕਮਰਾ ਇਸ ਨਾਲ ਭਰਭੂਰ ਹੋ ਗਿਆ। ਭਾਈ ਗੰਗਾ ਸਿੰਘ ਆਪਣੀ ਜਬਾਨੀ ਦੱਸਦੇ ਹਨ ਕਿ ਜੈਸਾ ਅਨੰਦ ਮੈਨੂੰ ਉਸ ਦਿਨ ਆਇਆ, ਸਾਰੀ ਉਮਰ ਕਦੀ ਨਹੀਂ ਸੀ ਆਇਆ। ਇਹ ਰਸ ਮੇਰੇ ਰੋਮ-ਰੋਮ ਵਿਚ ਭਾਸਿਆ, ਪਰ ਇਹਦਾ ਅੱਖਰਾਂ ਵਿਚ ਵਰਣਨ ਕਰਨਾ ਕਠਿਨ ਹੈ।"[72] ਸੋ ਇਕ ਵਿਦਵਾਨ ਅਤੇ ਉਚ ਆਤਮਕ ਨਜ਼ਾਰੇ ਅਨੁਭਵ ਪੇਖ ਚੁੱਕੇ ਸੰਤ ਮਹਾਂਪੁਰਸ਼ ਦੇ ਅਨੁਭਵ ਵਿਚ ਬੜਾ ਅੰਤਰ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਜਪੁ ਜੀ ਸਾਹਿਬ ਦੀਆਂ 38 ਪਉੜੀਆਂ ਵਿਚੋਂ ਪਉੜੀ ਨੰਬਰ 34 ਤੋਂ 37 ਵਿਚ ਪੰਜ ਖੰਡਾਂ ਦਾ ਵਰਣਨ ਹੈ। ਇਹ ਪੰਜ ਖੰਡ ਕ੍ਰਮਵਾਰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਅਤੇ ਸਚਖੰਡ ਵਜੋਂ ਜਾਣੇ ਜਾਂਦੇ ਹਨ। ਇਹਨਾਂ ਖੰਡਾਂ ਦੀ ਵਿਆਖਿਆ ਤੇ ਅਰਥ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ, ਵਿਭਿੰਨ ਪੱਖਾਂ ਤੋਂ ਹੁੰਦੇ ਆਏ ਹਨ। ਅਜੇ ਤਕ ਟੀਕਾਕਾਰ, ਵਿਦਵਾਨ ਤੇ ਖੋਜਕਾਰ ਇਹਨਾਂ ਖੰਡਾਂ ਦੇ ਅਰਥਾਂ ਸੰਬੰਧੀ ਸਹਿਮਤ ਨਹੀਂ ਹੋ ਸਕੇ।

---

[71] ਭਾਈ ਰਣਧੀਰ ਸਿੰਘ, *ਸਚਖੰਡਿ ਦਰਸ਼ਨ,* ਪੰ. 16

[72] ਸੰਤ ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ,* ਭਾਗ-1, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼, 2006, ਪੰਨੇ 308-309.

ਪਹਿਲੀ ਸਮੱਸਿਆ ਖੰਡ ਦੇ ਨਿਸ਼ਚਿਤ ਅਰਥ ਸੰਬੰਧੀ ਇਸ ਨੁਕਤੇ ਉਤੇ ਰਾਮ ਸਿੰਘ ਨੇ ਆਪਣੇ ਖੋਜ-ਪ੍ਰਬੰਧ ਵਿਚ ਵਿਆਪਕ ਵਿਚਾਰ ਕੀਤੀ ਹੈ। ਖੰਡ ਨੂੰ ਟੁਕੜਾ, ਭਾਗ, ਇਲਾਕਾ ਦੇ ਅਰਥਾਂ ਤੋਂ ਬਿਨਾਂ, ਸਥਾਨ, ਕਾਂਡ, ਭੂਮਿਕਾ, ਪੜਾਅ, ਪੱਧਰ, ਮੰਡਲ, ਦਰਜ਼ਾ, ਆਤਮ-ਅਵਸਥਾ, ਆਦਿਕ ਅਨੇਕ ਅਰਥ ਦਿੱਤੇ ਗਏ ਹਨ।[73]

ਵਜੀਰ ਸਿੰਘ ਅਨੁਸਾਰ, "ਜੇਕਰ ਭੂਗੋਲਿਕ ਅਰਥਾਂ ਵਿਚ ਖੰਡ ਦੀ ਵਿਆਖਿਆ ਕਰੀਏ ਤਾਂ ਇਹ ਸਥਾਨ-ਵਾਚੀ ਸ਼ਬਦ ਜਾਪਦੇ ਹਨ। ਸੱਚ ਖੰਡ ਸਭ ਤੋਂ ਉੱਚਾ ਵਾਸਤਵਿਕ ਮੰਡਲ ਹੈ, ਜਿਥੇ ਨਿਰੰਕਾਰ ਦਾ ਟਿਕਾਣਾ ਤੇ ਵਾਸਾ ਹੈ। ਬਾਕੀ ਦੇ ਚਾਰ ਮੰਡਲ ਨੀਵੇਂ ਦਰਜਿਆਂ ਉਤੇ ਹਨ। ਇਹ ਸਾਰੇ ਸਥਾਨ ਚੰਦਰ-ਲੋਕ, ਇੰਦਰ-ਲੋਕ, ਬ੍ਰਹਮ-ਲੋਕ ਆਦਿਕ, ਰਵਾਇਤੀ ਸਪਤ-ਲੋਕ ਜਾਂ ਅਸ਼ਟ ਲੋਕ ਵਾਂਗ ਕਿਧਰੇ-ਨਾ ਕਿਧਰੇ ਸਥਿਤ ਮੰਨਣੇ ਪੈਂਦੇ ਹਨ। ਇਨ੍ਹਾਂ ਨੂੰ ਵਾਸਤਵਿਕ ਟਿਕਾਣੇ ਜਾਂ ਭੌਤਿਕ ਸਥਾਨ ਨਾ ਮੰਨੀਏ, ਤਾਂ ਇਹ ਪਹੁੰਚੇ ਹੋਏ, ਦਿੱਬ ਦ੍ਰਿਸ਼ਟੀ ਵਾਲੇ ਵਿਅਕਤੀਆਂ ਦੇ ਅਨੁਭਵ ਵਿਚ ਆਉਣ ਵਾਲੇ ਸੂਖਮ ਮੰਡਲ ਸਵੀਕਾਰਨੇ ਪੈਂਦੇ ਹਨ।"[74]

ਜੇਕਰ ਇਹ ਖੰਡ ਵਾਸਤਵਿਕ ਟਿਕਾਣੇ ਜਾਂ ਭੌਤਿਕ ਸਥਾਨ ਨਾ ਮੰਨੀਏ ਤਾਂ ਇਹ ਅਨੁਭਵੀ ਪੁਰਸ਼ਾਂ ਦੀਆਂ ਅਨੁਭਵੀ ਅਵਸਥਾਵਾਂ ਹਨ। ਜਿਵੇਂ ਦੀ ਕਿਸੇ ਦੀ ਅਨੁਭਵ ਦੀ ਅਵਸਥਾ ਹੋਵੇਗੀ ਤਿਵੇਂ ਦੀ ਰਚਨਾ ਅਨੁਭਵੀ ਆਪੇ ਰਚ ਲਵੇਗਾ। ਜਿਵੇਂ ਦੀ ਕਿਸੇ ਗਿਆਨਵਾਨ ਦੀ ਗਿਆਨ ਅਵਸਥਾ ਹੋਵੇਗੀ ਉਵੇਂ ਦਾ ਅਨੁਭਵੀ ਗਿਆਨ ਉਹ ਖੰਡ ਮੰਡਲਾਂ ਦਾ ਰਚ ਲਵੇਗਾ। ਜਿੰਨੇ ਗਿਆਨੀ, ਉਤਨੇ ਹੀ ਅਨੁਭਵ ਹੋਣਗੇ। ਉਸੇ ਅਨੁਭਵ ਤੇ ਆਧਾਰਿਤ ਉਹਨਾਂ ਦੀਆਂ ਰਚਨਾਵਾਂ (ਖੰਡਾਂ-ਮੰਡਲਾਂ ਬਾਬਤ) ਹੋਣਗੀਆਂ। ਗਿਆਨੀ ਨਾਹਰ ਸਿੰਘ ਅਨੁਸਾਰ, "ਭਾਈ ਰਣਧੀਰ ਸਿੰਘ ਜੀ ਤੇ ਪੰਡਿਤ ਕਰਤਾਰ ਸਿੰਘ ਜੀ ਦਾਖਾ ਅਤੇ ਭਾਈ ਸਾਹਿਬ ਵੀਰ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਗੁਰਮੁਖ ਸਜਣ ਇਨ੍ਹਾਂ ਖੰਡਾਂ ਨੂੰ ਵਾਸਤਵੀ ਮੰਡਲ ਮੰਨਦੇ ਹਨ। ਅਰਥਾਤ ਇਹ ਪੰਜੇ ਖੰਡ ਵੱਖੋ ਵੱਖਰੇ ਮੰਡਲ ਹਨ।"[75]

---

[73] ਵਜ਼ੀਰ ਸਿੰਘ, *ਉਹੀ,* ਪੰ 27.

[74] *ਉਹੀ,* ਪੰ. *ਉਹੀ।*

[75] ਭਾਈ ਰਣਧੀਰ ਸਿੰਘ, *ਸਚਖੰਡਿ ਦਰਸ਼ਨ,* ਪੰ. 75. ਗਿਆਨੀ ਨਾਹਰ ਸਿੰਘ ਲਿਖਤ ਜਰੂਰੀ ਨੋਟ।

ਸੋ ਜਪੁ ਜੀ ਦੇ ਪੰਜ ਖੰਡ ਕੋਈ ਅਨੁਮਾਨੀ ਅਵਸਥਾ ਨਹੀਂ ਹਨ। ਗੁਰੂ ਸਾਹਿਬ ਨੇ ਜੋ ਪ੍ਰੱਤਖ ਵੇਖਿਆ ਹੈ ਉਹੀ ਬਿਆਨਿਆ ਹੈ। ਇਸ ਨੁਕਤੇ ਨੂੰ ਭਾਈ ਰਣਧੀਰ ਸਿੰਘ ਵਧੇਰੇ ਸਪੱਸ਼ਟ ਕਰਦੇ ਹਨ ਕਿ, "ਜਿਸ ਪ੍ਰਕਾਰ ਦੀ ਜਿਸ ਜਿਸ ਗਿਆਨ ਵਾਨ ਬੁੱਧੀਸਰ ਦੀ ਗਿਆਨ ਅਵਸਥਾ ਹੋਵੇਗੀ। ਤਿਸ ਪ੍ਰਕਾਰ ਦਾ ਅਨੁਭਵੀ ਗਿਆਨ ਉਹ ਖੰਡਾਂ ਮੰਡਲਾਂ ਦਾ ਰਚ ਲਵੇਗਾ। ਤਾਂ ਜਿਤਨੀ ਭਾਂਤ ਦੇ ਅਨੁਭਵ ਗਿਆਨ, ਤਿਤਨੀ ਭਾਂਤ ਦੇ ਹੀ ਖੰਡਾਂ ਦੇ ਅਨੁਭਵ। ਇਸ ਬਿਧਿ ਅਨੁਭਵਾਂ ਅੰਦਰ ਰਚੀਆਂ ਅਵਸਥਾਵਾਂ ਦਾ ਹੀ ਭੇੜ ਮਚ ਜਾਊ। ਬਸ, ਇਹ ਸੋ ਕਾਲਡ (so called, ਅਖਾਉਤੀ) ਗਿਆਨੀਆਂ ਵਿਦਵਾਨਾਂ ਦਾ ਮਹਿਜ਼ ਆਪੋ ਆਪਣਾ ਅਨੁਭਵੀ ਅਨਮਾਨ ਰਚੰਨਾ ਖਿਲੌਨਾ(creation of Fancy) ਹੀ ਬਣ ਜਾਊ। ਜਿਸ ਨੂੰ ਜਦ ਜੀਅ ਕਰੇ ਢਾਹ ਲਿਆ, ਜਦ ਜੀਅ ਕਰੇ ਉਸਾਰ ਲਿਆ।"[76] ਸੋ ਭਾਈ ਸਾਹਿਬ ਪੰਜਾਂ ਖੰਡਾਂ ਨੂੰ ਅਨੁਮਾਨੀ ਜਾਂ ਅਨੁਭਵੀ ਅਵਸਥਾਵਾਂ ਨਹੀਂ ਮੰਨਦੇ। ਇੱਥੇ ਅਸੀਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਵਿਚੋਂ ਉਪਜੀ, ਪੰਜ ਖੰਡਾਂ (ਦੇ ਵਾਸਤਵਿਕ ਮੰਡਲ ਹੋਣ) ਦੀ ਵਿਆਖਿਆ ਨੂੰ ਸਮਝਣ ਦਾ ਯਤਨ ਕਰਾਂਗੇ।

ਧਰਮ ਖੰਡ ਨੂੰ ਭਾਈ ਸਾਹਿਬ ਨੇ ਇਸ ਦਿਸਦੇ ਜਗਤ ਤੋਂ ਪਰ੍ਹੇ ਇਕ ਐਸਾ ਦਿੱਬ ਮੰਡਲ ਦੱਸਿਆ ਹੈ ਜੋ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਅਤੇ ਅਨੁਭਵ ਵਿਚ ਪ੍ਰਤੱਖ ਹੋਇਆ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਗੁਰਬਾਣੀ ਗੁਰੂ ਸਾਹਿਬ ਦਾ ਅਨੁਭਵੀ ਬਿਆਨ ਹੈ। ਗੁਰੂ ਸਾਹਿਬ ਨੇ ਜੋ ਵੇਖਿਆ ਹੈ ਉਹੀ ਬਿਆਨਿਆ ਹੈ। ਜਪੁ ਜੀ ਵਿਚ ਆਏ ਪੰਜ ਖੰਡਾਂ ਬਾਬਤ ਵਿਚਾਰ ਕਰਦਿਆਂ ਭਾਈ ਸਾਹਿਬ ਲਿਖਦੇ ਹਨ, "ਇਹ ਖੰਡ ਦਿੱਬ ਮੰਡਲ ਹੀ ਹਨ। ਬੜੀ ਦੂਰ ਹਨ, ਪਰ ਇਨ੍ਹਾਂ ਮੰਡਲਾਂ ਵਿਚ ਇਸ ਸਰੀਰ ਵਿਚ ਹੁੰਦਿਆਂ ਭੀ ਸੂਖਮ ਸਰੀਰ ਸੰਯੁਕਤ ਗੁਰਮਤਿ ਨਾਮ ਅਭਿਆਸ ਕਮਾਈ ਦੀ ਬਰਕਤ ਨਾਲ ਬੜੀ ਛੇਤੀ ਪਹੁੰਚ ਜਾਈਦਾ ਹੈ। ਸਰੀਰ ਤਿਆਗਣ ਪਿਛੋਂ ਤਾਂ ਪਹੁੰਚਣਾ ਹੀ ਹੋਇਆ।"[77]

ਪਰਮਾਤਮਾ ਦੇ ਦਰਬਾਰ ਵਿਚ ਸੱਚੋ-ਸੱਚ ਹੀ ਨਿਬੜਦਾ ਹੈ। ਉਸ ਸੱਚੇ ਦਰਬਾਰ ਵਿਚ ਪੁੱਗ ਖਲੋਤੇ ਗੁਰਮੁਖ ਪਰਵਾਨ ਜਨ ਲੇਖਾ ਦੇਣ ਤੋਂ ਛੁੱਟ ਜਾਂਦੇ ਹਨ। ਪਰਮਾਤਮਾ ਦੁਆਰਾ ਪਰਵਾਨ ਹੋਣ ਸਦਕਾ

---

[76] *ਉਹੀ,* ਪੰਨੇ 15-16.

[77] *ਉਹੀ,* ਪੰ. 16.

ਹੁਣ ਉਹ ਧਰਮਰਾਇ ਦੇ ਦੰਡ, ਨਿਆਂ ਅਤੇ ਲੇਖਾ ਆਦਿਕ ਦੇਣ ਤੋਂ ਨਿਰਲੇਪ ਤੇ ਪਰ੍ਹੇ ਰਹਿੰਦੇ ਹਨ। ਧਰਮ-ਰਾਇ ਤਿਨ੍ਹਾਂ ਪੁੱਗ ਖਲੋਤੇ ਗੁਰਮੁਖ ਜਨਾਂ ਦੇ ਕਰਮ ਧਰਮ ਦੀ ਵੀਚਾਰ ਨਹੀਂ ਕਰਦਾ। ਗੁਰਵਾਕ ਹੈ:

ਧਰਮਰਾਇ ਤਿਨਾ ਕਾ ਮਿਤੁ ਹੈ ਜਮ ਮਗਿ ਨਾ ਪਾਵੈ॥14॥

(ਮਾਰੂ ਵਾਰ, ਮ. 3, ਪਉੜੀ 14, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1091)

ਗੁਰਬਾਣੀ 'ਕੇਤੇ', 'ਅਨੇਕ' ਆਦਿ ਸ਼ਬਦਾਂ ਦੇ ਮੁਹਾਵਰੇ ਵਿਚ ਉਪਦੇਸ਼ ਕਰਦੀ ਹੈ। ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਪ੍ਰਭੂ ਸਭ ਦੀ ਪ੍ਰਤਿਪਾਲਨਾ ਕਰਦਾ ਹੈ। ਭਾਈ ਸਾਹਿਬ ਲਿਖਦੇ ਹਨ, "ਕੁਦਰਤਿ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ ਮੰਡਲ ਭੀ ਸਾਜਨਹਾਰੇ ਨੇ ਸਾਜ ਰੱਖਿਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ ਦਾ ਥਾਪਿਆ ਧਰਮ ਰਾਜ ਬੈਠ ਕੇ ਨਿਆਉਂ ਬੀਚਾਰਦਾ ਹੈ। ਇਸ ਧਰਮ ਧਰਤਿ ਮੰਡਲ ਨੂੰ ਆਪਣੀ ਇਸ ਦੁਨਿਆਵੀ ਧਰਤੀ ਦੀ ਸਥੂਲਤਾ ਦੀ ਤੁਲਤਾ ਦੇਣੀ ਆਗਿਆਨਤਾ ਹੈ। ਇਹ ਮੰਡਲ ਅਤਿ ਸੂਖਮ ਮੰਡਲ ਹੈ, ਜੋ ਧਰਮ ਨਿਆਉਂ ਵੀਚਾਰਨ ਹਿਤ ਧਰਮਸਾਲ ਹੈ। ਬਾਕੀ ਮਾਤ ਲੋਕ ਆਦਿ ਜੋ ਮੰਡਲ ਹਨ, ਉਹ ਸਭ ਕਰਮ ਭੂਮੀਆਂ ਅਰਥਾਤ ਕਰਮ ਛੇਤ੍ਰ ਹਨ, ਜਿਥੇ ਕਮਾਤੇ ਕਰਮਾਂ ਦਾ ਲੇਖਾ ਇਸ ਧਰਮਸਾਲ ਵਿਚ ਹੁੰਦਾ ਹੈ।"[78]

ਇਸ ਸੱਚੀ ਧਰਮਸਾਲ ਵਿਚ ਅਨੇਕ ਤਰ੍ਹਾਂ ਦੇ ਜੀਅ ਅਨੇਕਾਂ ਰੰਗਾਂ ਤੇ ਨਾਵਾਂ ਵਾਲੇ ਹੋਰ ਵੀ ਆਉਂਦੇ ਹਨ। ਜਿਨ੍ਹਾਂ ਦੇ ਇਕ ਇਕ ਕੀਤੇ ਕਰਮ ਦੀ ਵੀਚਾਰ ਤੇ ਨਿਆਂ ਨਿਬੇੜਾ ਧਰਮ ਰਾਇ ਕਰਦਾ ਹੈ। ਕੱਚੇ ਪੱਕੇ ਆਦਿ ਸਭ ਦੀ ਸੋਧ ਸੁਧਾਈ ਜਾਂਚ ਪਰਖ ਉਥੇ ਹੁੰਦੀ ਹੈ। ਉਸ ਦਰਬਾਰ ਵਿਖੇ ਹੀ ਉਤਮ-ਨੀਚ, ਚੰਗੇ ਮਾੜੇ ਦਾ ਭੇਦ ਖੁੱਲ੍ਹਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

---

[78] *ਉਹੀ,* ਪੰ. 20.

ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ॥

ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥34॥

(ਜਪੁ, ਪਉੜੀ 34, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 7)

'ਉਥੇ' ਆਦਿਕ ਪਦਾਂ ਦਾ ਉਪਰਲੇ ਗੁਰਵਾਕ ਵਿਖੇ ਆਉਣਾ ਸਿਧ ਕਰਦਾ ਹੈ ਕਿ ਕਾਦਰੀ ਕੁਦਰਤ ਦੀ ਅਗਾਧ ਦ੍ਰਿਸ਼ਟੀ ਰਚਨਾ ਅੰਦਰਿ ਧਰਮ ਖੰਡ ਇਕ ਅਜਿਹਾ ਅਸਥਾਨ ਹੈ, ਜਿਥੇ ਬਹਿ ਕੇ ਧਰਮ-ਰਾਇ ਸਚਾ ਨਿਆਉਂ ਨਿਬੇੜਦਾ ਹੈ, ਜਿਥੇ ਸੱਚੇ ਦਾ ਸੱਚਾ ਦਰਬਾਰ ਨਿਆਉਂ ਕਚਹਿਰੀ ਵਾਲਾ ਦਰਬਾਰ ਲਗਦਾ ਹੈ।"[79]

ਧਰਮ ਖੰਡ ਕਿਸ ਪ੍ਰਕਾਰ ਬਣਿਆ ਹੈ ਅਤੇ ਕਿਸ ਪ੍ਰਕਾਰ ਦਾ ਨਿਆਂ ਨਿਬੇੜਾ ਧਰਮਰਾਇ ਕਰਦਾ ਹੈ। ਇਹ ਭੇਦ ਕੇਵਲ ਉਸ ਧਰਮ ਖੰਡ ਰੂਪੀ ਅਸਥਾਨ ਵਿਖੇ ਗਇਆਂ (ਜਾ ਕੇ) ਹੀ ਖੁੱਲ੍ਹਦਾ ਹੈ। ਨਾਮ ਅਭਿਆਸ ਕਮਾਈ ਕਰਨ ਵਾਲੇ ਪੰਚ ਪਰਵਾਨ ਜਨਾਂ ਉਤੇ ਵਾਹਿਗੁਰੂ ਦੀ ਨਦਰ ਦਾ ਨੀਸਾਨ ਹੁੰਦਾ ਹੈ। ਭਾਈ ਸਾਹਿਬ ਦਾ ਮੰਨਣਾ ਹੈ, "ਇਸ ਮਾਤ ਲੋਕ ਵਿਖੇ ਹੁੰਦਿਆਂ ਭੀ ਤਿਨ੍ਹਾਂ ਪੰਚ ਪਰਵਾਨ ਜਨਾਂ ਦੀ ਧਰਮ ਖੰਡ ਵਿਖੇ ਸੁਰਤ ਸਮਾਈ ਹੁੰਦੀ ਹੈ। ਅਰਥਾਤ, ਉਹ ਇਥੇ ਬੈਠਿਆਂ ਹੀ ਧਰਮ ਖੰਡ ਦਾ ਨਜ਼ਾਰਾ ਦੇਖ ਸਕਦੇ ਹਨ, ਕਿਉਂਕਿ ਦਰ ਮਕਬੂਲ ਪੰਚ ਪਰਵਾਨ ਐਥੇ ਇਸ ਲੋਕ ਵਿਖੇ ਭੀ ਗੁਰ-ਸੰਗਤ ਅੰਦਰ ਕੀਰਤਨ ਅਤੇ ਸਿਫਤ ਸਲਾਹ ਕਰਦੇ ਹੋਏ, ਸੱਚੇ ਦਰਬਾਰ ਵਿਖੇ ਸਮਾਈ ਅਰਥਾਤ ਗੰਮਤਾ ਰੱਖਦੇ ਹਨ।"[80]

ਗਿਆਨ ਖੰਡ ਵਿਖੇ ਅਨੇਕ ਪ੍ਰਕਾਰ ਦੀਆਂ ਹਵਾਵਾਂ, ਪਾਣੀ ਤੇ ਅਗਨੀਆਂ ਹਨ। ਬੇਅੰਤ ਹੀ ਕ੍ਰਿਸ਼ਨ ਤੇ ਸ਼ਿਵ ਜੀ ਹਨ। ਬੇਅੰਤ ਬ੍ਰਹਮੇ ਹਨ ਜੋ ਬੇਅੰਤ ਰੂਪਾਂ ਰੰਗਾਂ ਦੀ ਰਚਨਾ ਕਰਨ ਵਾਸਤੇ ਲਾਏ ਗਏ ਹਨ। ਕਿੰਨ੍ਹੀਆਂ ਹੀ ਕਰਮ ਭੂਮੀਆਂ ਤੇ ਸੁਮੇਰ ਪਰਬਤ ਹਨ ਕਿੰਨ੍ਹੇ ਹੀ ਧ੍ਰੂਅ ਭਗਤ ਹਨ। ਕਿੰਨ੍ਹੇ ਤਰ੍ਹਾਂ ਦੇ ਧ੍ਰੂਆਂ ਸਹਿਤ ਉਪਦੇਸ਼ ਅਤੇ ਉਪਦੇਸ਼ ਦੇਣਹਾਰੇ ਹਨ। ਕਿੰਨ੍ਹੇ ਹੀ ਇੰਦਰ ਚੰਦ ਸੂਰਜ ਅਤੇ ਮੰਡਲਾਂ ਦੇ ਦੇਸ਼ ਹਨ। ਕਿਤਨੇ ਹੀ ਸਿਧ, ਬੁਧ, ਨਾਥ, ਦੇਵੀਆਂ, ਦੇਵਤੇ, ਦਾਨਵ, ਮੁਨੀ ਅਤੇ ਕਿਤਨੇ ਹੀ ਰਤਨ ਸਮੁੰਦਰ ਹਨ। ਕਿਤਨੀਆਂ ਹੀ ਤਰ੍ਹਾਂ ਤਰ੍ਹਾਂ ਦੀਆਂ ਖਾਣੀਆਂ ਬਾਣੀਆਂ ਆਤੇ ਪਾਤ ਨਰਿੰਦਾਈਆਂ ਹਨ। ਖਾਣੀਆਂ ਤੇ ਬਾਣੀਆਂ

---

[79] *ਉਹੀ,* ਪੰ. 22.

[80] *ਉਹੀ,* ਪੰ. *ਉਹੀ* ।

ਦੀ ਗਿਣਤੀ ਕੋਈ ਨਹੀਂ। ਇਹਨਾਂ ਖਾਣੀਆਂ ਤੇ ਬਾਣੀਆਂ ਵਰਣਨ ਕਰਨ ਵਾਲੀਆਂ ਸਰੁਤੀਆਂ ਸਿਮ੍ਰਤੀਆਂ ਵੀ ਬੇਅੰਤ ਹਨ:

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥35॥

(ਜਪੁ, ਪਉੜੀ 35, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 7)

ਗਿਆਨ ਖੰਡ ਦਾ ਉਪਰ ਦੱਸਿਆ ਤੱਤ ਨਿਰਣਾ ਕੇਵਲ ਕਿਆਸ ਜਾਂ ਅਨੁਭਵ ਅਨੁਮਾਨੀ ਅਵਸਥਾ ਨਹੀਂ ਹੈ ਬਲਕਿ ਗੁਰੂ ਨਾਨਕ ਸਾਹਿਬ ਦੇ ਪ੍ਰਤਖ ਵੇਖੇ ਤੇ ਤਜ਼ਰਬੇ ਵਿਚ ਆਏ ਨਜ਼ਾਰੇ ਦਾ ਵਰਣਨ ਹੈ। ਭਾਈ ਸਾਹਿਬ ਆਪਣੇ ਅਨੁਭਵ ਨਾਲ ਗਿਆਨ ਖੰਡ ਦੀ ਵਿਆਖਿਆ ਕਰਦੇ ਹਨ, "ਜੋਤਿ ਪ੍ਰਚੰਡ ਉਜਿਆਰੇ ਵਾਲਾ ਦਿੱਬ ਤੱਤ ਜੋਤਿ ਲਤੀਫ਼ੀ ਸਰਬ ਵਿਆਪਕ ਸਫ਼ੀਅਰ (ਤਬਕਾ) (sphere or region) ਜੋ ਹੈ ਉਸ ਸਰਬ ਖੰਡ ਬਹਿਮੰਡਾਂ ਦੇ ਉਤੋਂ ਦੀ ਛਾਇਆ ਹੋਇਆ ਪਰੀਪੂਰਨ ਅਗਾਧ ਮੰਡਲੀ ਵਿਲੱਖਣ ਖੰਡ ਹੈ, ਜੋ ਸਾਰੀ ਹੀ ਰਚਨਾ ਵਿਖੇ ਸਭ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੇ ਉਤੇ ਦੀ ਛਾਇਆ ਹੋਇਆ ਹੈ। ਪਰੰਤੂ ਇਸ ਪੰਚ ਭੂਤਕੀ ਦ੍ਰਿਸ਼ਟੀ ਨੂੰ ਇਹ ਅਤਿ ਸੂਖਮ ਮੰਡਲ ਗਿਆਨ ਮੰਡਲ ਦਿਸਦਾ ਨਹੀਂ, ਗਿਆਨ ਪ੍ਰਚੰਡ ਹੋਏ ਤੋਂ ਦਿਸਦਾ ਹੈ, ਅਤੇ ਦਿਸਣ ਸਾਰ ਹੀ ਇਹ ਗਿਆਨ ਖੰਡ ਜੋਤਿ ਪ੍ਰਚੰਡੀਆ ਲਾ-ਮੁਹੀਤ ਖੰਡ ਜਗਮਗਾਉਂਦਾ ਹੈ।"[81]

ਭਾਈ ਰਣਧੀਰ ਸਿੰਘ ਦੀ ਇਸ ਵਿਆਖਿਆ ਤੋਂ ਪਤਾ ਲੱਗਦਾ ਹੈ ਕਿ ਇਹ ਗੱਲੀਂ ਘੋਖਿਆ ਗਿਆਨ ਨਹੀਂ ਹੈ। ਇਥੇ ਸੱਚਾ ਅਨੁਭਵ ਪ੍ਰਗਟ ਹੁੰਦਾ ਹੈ। ਗੁਰਮਤਿ ਨਾਮ ਦੀਆਂ ਬੜੀਆਂ ਕਠਿਨ ਕਮਾਈਆਂ ਕਰਕੇ, ਅਰਥਾਤ ਗੁਰਮਤਿ ਨਾਮ ਅਭਿਆਸ ਦੀਆਂ ਅਤੁੱਟ  ਕਮਾਈਆਂ ਕਰਨ ਸਦਕਾ ਅਜਿਹੇ ਅਨੁਭਵੀ ਅਰਥ

81 *ਉਹੀ,* ਪੰ. 26.

ਭਾਈ ਸਾਹਿਬ ਨੇ ਕੀਤੇ ਹਨ। ਗਿਆਨੀ ਨਾਹਰ ਸਿੰਘ ਵੀ 'ਗਿਆਨ ਖੰਡ' ਬਾਰੇ ਲਿਖਦੇ ਹਨ, "ਇਹ ਖੰਡ ਵਾਹਿਗੁਰੂ ਦੀ ਨਾਨਾ ਪ੍ਰਕਾਰੀ ਬੇਅੰਤ ਰਚਨਾ ਦੇ ਉਪਰ ਚਾਦਰ ਨਿਆਈਂ ਫੈਲਿਆ ਹੋਇਆ ਹੈ। ਸਭ ਰਚਨਾ ਇਸ ਦੇ ਵਿਚ ਢਕੀ ਹੋਈ ਤੇ ਇਸ ਦੇ ਅੰਤਰਗਤਿ ਹੈ।"[82] ਗਿਆਨ ਖੰਡ ਤੋਂ ਅਗਲਾ ਵਿਸਮਾਦ-ਜਨਕ ਤੇ ਅਦਭੁਤ ਖੰਡ, ਸਰਮ ਖੰਡ ਹੈ। ਇਹ ਖੰਡ ਜਪੁ ਜੀ ਸਾਹਿਬ ਦੀ 36ਵੀਂ ਪਉੜੀ ਵਿਚ ਦਰਜ ਹੈ। ਇਸ ਸਰਮ ਖੰਡ ਵਿਖੇ ਤਿਨ੍ਹਾਂ ਪੁਗ ਖਲੋਤੇ ਗੁਰਮੁਖ ਜਨਾਂ ਦੀ ਸਮਾਈ (ਪਹੁੰਚ) ਹੁੰਦੀ ਹੈ ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਲੜ ਲਾ ਲਿਆ ਹੁੰਦਾ ਹੈ ਜਿਵੇਂ:

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥...11॥

(ਬਾਰਹ ਮਾਹਾ, ਮਾਂਝ, ਮ. 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 135)

ਭਾਈ ਰਣਧੀਰ ਸਿੰਘ ਅਨੁਸਾਰ, "ਦਰ ਪਰਵਾਨ ਹੋਏ ਤੇ ਅਪਣਾਏ ਹੋਏ ਵਾਹਿਗੁਰੂ ਦੇ ਸਰਮ ਪਾਤਰਾਂ ਦਾ ਖੰਡ ਹੋਣ ਕਰਕੇ ਹੀ ਇਸ ਖੰਡ ਦਾ ਨਾਉਂ ਸਰਮ ਖੰਡ ਹੈ। ਸਰਮ ਖੰਡ ਵਿਚ ਅਕਾਲੀ ਜਲਾਲ ਦਿਬ ਜਮਾਲ ਮਈ ਰੂਪ (ਸੁੰਦਰਤਾ) ਦੀ ਪ੍ਰਧਾਨਤਾ ਹੈ। ਬਾਣੀ ਦੇ ਅਰਥ ਪ੍ਰਧਾਨਤਾ ਹੈ। ਇਸੇ ਲਈ ਉਚਾਰਨ ਹੋਇਆ ਹੈ ਕਿ 'ਸਰਮ ਖੰਡ ਕੀ ਬਾਣੀ ਰੂਪੁ'।"[83]

ਸਰਮ ਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਸਰਮ ਖੰਡ ਵਿਚ ਪਰਵੇਸ਼ ਕਰਨਹਾਰੀਆਂ ਗੁਰਮੁਖ ਰੂਹਾਂ ਦੇ ਨੂਰ ਨੂੰ ਬਿਆਨਣਾ ਔਖਾ ਹੈ। ਜੇ ਕੋਈ ਇਸ ਅਨੂਪਮ ਘਾੜਤ ਵਾਲੇ ਖੰਡ ਨੂੰ ਕਥਨੀ ਰਾਹੀਂ ਦੱਸਣ ਦੀ ਕੋਸ਼ਿਸ ਕਰਦਾ ਹੈ ਤਾਂ ਸ਼ਰਮਿੰਦਗੀ ਹੀ ਉਠਾਉਂਦਾ ਹੈ ਭਾਵ ਇਹ ਨਕਸ਼ਾ ਅਤਿ ਕਠਿਨ ਹੈ ਵੇਖੋ:

ਸਰਮ ਖੰਡ ਕੀ ਬਾਣੀ ਰੂਪੁ॥

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥

ਤਾ ਕੀਆ ਗਲਾ ਕਥੀਆ ਨਾ ਜਾਹਿ॥

ਜੇ ਕੋ ਕਹੈ ਪਿਛੈ ਪਛੁਤਾਇ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

---

[82] ਗਿਆਨੀ ਨਾਹਰ ਸਿੰਘ, ਉਥਾਨਕਾ, *ਸਚਖੰਡਿ ਦਰਸਨ,* ਪੰ. 7.

[83] ਭਾਈ ਰਣਧੀਰ ਸਿੰਘ, *ਉਹੀ,* ਪੰ. 29.

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥36॥

(ਜਪੁ, ਪਉੜੀ 36, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 7-8)

ਭਾਈ ਸਾਹਿਬ ਅਨੁਸਾਰ, "ਤਿਥੈ ਪ੍ਰਗ ਖਲੋਏ ਗੁਰਮੁਖ ਜਨਾਂ ਦੇ ਜੋਤਿ ਰੂਹਾਨੀ ਜਾਮੇ ਅਤਿ ਅਨੂਪਮ ਸੁੰਦਰ ਸਰੂਪ ਸ਼ਾਲੇ ਹੋ ਜਾਂਦੇ ਹਨ, ਅਤੇ ਸਰਮ ਖੰਡ ਦੇ ਪਰਖਣ ਦੀ ਇਹੋ ਨਿਸ਼ਾਨੀ ਹੈ ਕਿ ਤਿਥੇ ਬਿਸਮ ਸੁੰਦਰਤਾ ਸਰੂਪੀ ਰੂਪ ਅਨੂਪੀ ਨੂਰ ਹੀ ਨੂਰ ਵਰਸਦਾ ਹੈ। ਤਿਥੇ (ਸਰਮ ਖੰਡ ਵਿਖੇ) ਰੂਹ ਜੋਤਿ ਜਾਮਿਆਂ ਦੀ ਰੂਪ ਬਿਚੱਖਣੀ ਕਾਇਆਂ ਪਲਟ ਹੋ ਜਾਂਦੀ ਹੈ। ਨਵ ਜੀਵਣੀ ਨਵ ਜੋਤਨੀ ਜੋਬਨਾਂ ਦੀਆਂ ਅਦਭੁਤ ਅਤੇ ਅਤਿ ਅਨੂਪਮ ਨਵਲ ਘਾੜਤਾਂ ਘੜੀਆਂ ਜਾਂਦੀਆਂ ਹਨ। ਤਾ ਕੀਆਂ ਗੱਲਾਂ ਕਥੀਆਂ ਹੀ ਨਹੀਂ ਜਾ ਸਕਦੀਆਂ।... ਤਿਥੇ (ਸਰਮ ਖੰਡ ਵਿਖੇ) ਅੰਤਸ਼ਕਰਣ ਦੀ ਸੁਰਤੀ, ਮਤਿ ਬੁਧ ਬਦਲ ਕੇ ਨਵ ਜੋਤਿ ਜਲਵਨ ਸਦ ਨਵ ਕਰਾਂਤਨੀ ਹੋ ਜਾਂਦੀ ਹੈ। ਮੁੜ ਕੇ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ।"[84] ਇਸ ਪ੍ਰਕਾਰ ਸਰਮ ਖੰਡ ਵਿਖੇ ਪੁੱਜੇ ਗੁਰਮੁਖਾਂ ਦੀਆਂ ਰੂਹਾਨੀ ਰੂਹਾਂ ਦੀ ਨਵੀਂ ਦਿੱਬ ਘਾੜਤ ਘੜੀ ਜਾਂਦੀ ਹੈ।

ਸਰਮ ਖੰਡ ਤੋਂ ਅਗਲਾ ਕਰਮ ਖੰਡ ਹੈ। ਕਰਮ ਖੰਡ ਨਦਰ, ਮਿਹਰ, ਕਿਰਪਾ, ਬਖਸ਼ਿਸ਼, ਫਜ਼ਲ, ਰਹਿਮਤ ਦਾ ਖੰਡ ਹੈ। ਗਿਆਨੀ ਨਾਹਰ ਸਿੰਘ ਲਿਖਦੇ ਹਨ, "ਏਸ ਖੰਡ ਵਿਚ ਭਗਤ ਜਨ ਅਕਾਲ ਪੁਰਖ ਦੀ ਮਹਿਮਾ ਵਿਚ ਸੀਤੇ ਪ੍ਰੋਤੇ ਹੋਏ ਰਹਿੰਦੇ ਹਨ। ਤੇ ਏਸ ਖੰਡ ਵਿਚ ਅਕਾਲ ਪੁਰਖ ਦੀ ਜੋਤ ਦਾ ਤੇਜ਼ (ਜੋਰ) ਪ੍ਰਧਾਨ ਹੈ। ਕਰਮ ਖੰਡ ਸਚਖੰਡ ਦੇ ਦਰਵਾਜ਼ੇ ਦੇ ਸਾਹਮਣੇ ਹੀ ਹੈ।"[85]

ਜਿਨਾਂ ਗੁਰਮੁਖ ਰੂਹਾਂ ਉਪਰ ਵਾਹਿਗੁਰੂ ਦੀ ਨਦਰ, ਮਿਹਰ ਤੋ ਜਾਵੇ ਉਹ ਕਰਮ ਖੰਡ ਵਾਸੀ ਬਣਦੇ ਹਨ। ਭਾਈ ਰਣਧੀਰ ਸਿੰਘ ਅਨੁਸਾਰ, "ਇਸ ਰਹਿਮਤ-ਨੀਸਾਨੀ ਪਰਲੋਕੀ-ਖੰਡ ਵਿਖੇ ਰਹਿਮਤ ਪਾਤਰਾਂ ਪਾਰਗ੍ਰਾਮੀ-ਗੁਰਮੁਖਾਂ ਦਾ ਹੀ ਵਾਸਾ ਹੁੰਦਾ ਹੈ। ਇਸੇ ਕਰਕੇ ਇਸ ਖੰਡ ਦਾ ਨਾਉਂ 'ਕਰਮ ਖੰਡ' ਅਰਥਾਤ, ਰਹਿਮਤ, ਫਜ਼ਲ ਦਰਿ ਦਾ ਖੰਡ ਹੈ।"

ਜਪੁ ਜੀ ਸਾਹਿਬ ਦੇ ਪੰਜਾਂ ਖੰਡਾਂ ਦੀ ਵਿਆਖਿਆ ਤੋਂ ਆਪ ਦੀ ਬਿਰਤੀ ਦੀ ਵਿਸਮਾਦੀ ਦਸ਼ਾ ਦਾ ਪਤਾ ਲੱਗਦਾ ਹੈ। ਭਾਈ ਸਾਹਿਬ ਨੇ ਕਰਮ ਖੰਡ ਦੀ ਪਉੜੀ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਤਿਥੈ ਜੋਧ

---

84 *ਉਹੀ,* ਪੰਨੇ 28-29.

85 ਗਿਆਨੀ ਨਾਹਰ ਸਿੰਘ, ਉਥਾਨਕਾ, *ਸਚਖੰਡਿ ਦਰਸਨ,* ਪੰ. 7.

ਮਹਾਂ ਬਲ ਸੂਰਿਆਂ, ਜੋਤਿ ਤੇਜ ਰੰਗ ਰਤੜੇ ਭਗਤ ਰਸਾਲਿਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੋ ਸਕਦਾ, ਤਿਨ੍ਹਾਂ ਜੋਧ ਮਹਾਂ ਬਲ ਸੂਰਿਆਂ ਅੰਦਰ ਸਰਬ ਸ਼ਕਤੀਮਾਨ (Almighty) ਰਮਤ ਰਾਮ ਅਕਾਲ ਪੁਰਖ ਵਾਹਿਗੁਰੂ ਹੀ ਨਕਾ-ਨਕ ਭਰਭੂਰ ਹੈ। ਜੋਤਿ ਤੇਜ਼ ਸ਼ਕਤੰਨਾਂ ਹੋ ਕੇ ਸਰਬ ਸ਼ਕਤ ਸੰਪੰਨਾ ਹੋ ਕੇ ਭਰਭੂਰ ਹੈ। ਤਾਂ ਹੀ ਤੇ ਤਿਥੇ (ਕਰਮ ਖੰਡ) ਦੇ ਵਾਸੀ ਜੋਧ ਮਹਾਂ ਬਲ ਸੂਰ ਹਨ। ਤਿਥੇ (ਕਰਮ ਖੰਡ ਵਿਖੇ) ਵਸਣਹਾਰੀਆਂ ਰੂਹਾਂ (ਸੀਤਾ ਅਰਥ ਰੂਹਾਂ ਹਨ) ਅਕਾਲ ਪੁਰਖ ਦੀ ਮਹਿਮਾ ਵਿਚ ਸੀਤੀਆਂ ਪ੍ਰੋਤੀਆਂ ਰਹਿੰਦੀਆਂ ਹਨ, ਜਿਨ੍ਹਾਂ ਦੇ ਦਿਬ ਮੂਰਤਿ ਮਹਾਂ ਅਨੂਪ ਅਰੂਪ ਰੂਪ ਕਥੇ  ਨਹੀਂ ਜਾਂਦੇ। ਤਿਨ੍ਹਾਂ ਨੂੰ ਕਾਲ ਨਹੀਂ ਪੋਹ ਸਕਦਾ, ਨਾ ਤਿਨ੍ਹਾਂ ਨੂੰ ਰਾਜ ਮਾਲ ਰੂਪ ਜਾਤ ਜ਼ੋਬਨ ਠਗਮੂਰੀਆਂ ਜਾਲ ਹੀ ਕੋਈ ਜੋਹ ਸਕਦਾ ਹੈ, ਕਿਉਕਿ ਉਹਨਾਂ ਦੇ ਅੰਤਰਿ ਆਤਮੇ ਸੁੰਦਰਤਾ ਦਾ ਜੋਤਿ  ਚਸ਼ਮਾ, ਸੁੰਦਰਾਂ ਦਾ ਸੁੰਦਰ ਤੇਜਵੰਤ ਵਾਹਿਗੁਰੂ ਪ੍ਰਕਾਸ਼ਮਾਨ ਹੁੰਦਾ ਹੈ।"[86]

ਕਰਮ ਖੰਡ ਵਿਚ ਵੱਸਣ ਵਾਲੀਆਂ ਰੂਹਾਨੀ ਰੂਹਾਂ ਸਚਖੰਡ ਦੇ ਬਿਲਕੁਲ ਨੇੜੇ ਅਤੇ ਸਾਹਮਣੇ ਰਹਿੰਦੀਆਂ ਹਨ। ਕਰਮਖੰਡ ਦੇ ਨਾਲ ਹੀ ਸਚਖੰਡ (ਨਿਰੰਕਾਰ ਦਾ ਦੇਸ) ਹੈ। ਅਸਲ ਵਿਚ ਕਰਮ ਖੰਡ ਤੇ ਸਚਖੰਡ ਆਪਸ ਵਿਚ ਅਭੇਦ ਰੂਪ ਹੀ ਹਨ। ਇਸ ਕਰਕੇ ਇੱਕਠੇ ਦਰਸਾਏ ਗਏ ਹਨ ਵੇਖੋ:

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥ ਤਿਨਿ ਮਹਿ ਰਾਮੁ ਰਹਿਆ ਭਰਪੂਰਿ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥
ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ॥37॥

(ਜਪੁ, ਪਉੜੀ 37, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 8)

---

86 ਭਾਈ ਰਣਧੀਰ ਸਿੰਘ, *ਉਹੀ,* ਪੰ. 31.

ਕਰਮ ਖੰਡ ਅਤੇ ਸਚਖੰਡ ਦੀ ਸਾਂਝ ਭਾਈ ਸਾਹਿਬ ਨੇ ਇਸ ਪ੍ਰਕਾਰ ਬਿਆਨੀ ਹੈ, "ਕਰਮ ਖੰਡ ਦਾ ਦਰਵਾਜ਼ਾ ਸਚਖੰਡ ਦੀ ਅਤੀ ਨਿਕਟ ਸਮੀਪਤਾ ਵਿਚ ਸੌਹੇਂ ਸਨਮੁਖ ਹੀ ਖੁੱਲ੍ਹਾ ਹੈ। ਕਰਮ ਖੰਡ ਵਾਸੀ ਭਗਤ ਜਨ ਸਚ ਖੰਡ ਸੌਹੇਂ ਹੁੰਦੇ ਹੋਏ ਇਕ ਪ੍ਰਕਾਰ ਸਚ ਖੰਡ ਦਾ ਹੀ ਰਸ ਮਾਣਦੇ ਹਨ, ਅਰਥਾਤ ਸੁਰਤੀ ਕਰਕੇ ਉਨ੍ਹਾਂ ਦੀ ਸਚ ਖੰਡ ਵਿਚ ਪਹੁੰਚ ਹੁੰਦੀ ਹੈ। ਸੋ 'ਤਿਥੈ ਭਗਤ ਵਸਹਿ ਕੇ ਲੋਅ' ਵਾਲੀ ਤੁਕ ਕਰਮ ਖੰਡ ਅਤੇ ਸਚ ਖੰਡ ਦੀ ਦੇਹੁਰੀ ਦੀਪਕ ਸਾਂਝੀ ਹੀ ਸਾਂਝਤਾ ਰਖਦੀ ਹੈ।"[87]

ਇਸ ਤਰ੍ਹਾਂ ਭਾਈ ਸਾਹਿਬ ਨੇ ਆਤਮ ਰੰਗਾਂ ਵਿਚ ਉੱਚ ਕੋਟੀ ਦੇ ਆਪ-ਬੀਤੇ ਅਨੁਭਵ ਆਪਣੀਆਂ ਲਿਖਤਾਂ ਵਿਚ ਬਿਆਨੇ ਹਨ। ਇਸ ਦੇ ਸੰਬੰਧ ਵਿਚ ਕੁਝ ਕਹਿਣਾ ਨਹੀਂ ਬਣਦਾ। ਸਰਮ ਖੰਡ ਅਤੇ ਸਚਖੰਡ ਦੇ ਨਜ਼ਾਰਿਆਂ ਜ਼ਿਕਰ ਕਰਦੀ ਵਿਆਖਿਆ ਦਾ ਜੋ ਵੇਗ ਚਲਿਆ ਹੈ, ਉਸ ਦਾ ਪੜ੍ਹਕੇ ਹੀ ਪਤਾ ਲੱਗਦਾ ਹੈ। ਸਚਖੰਡ ਆਦਿ ਮੰਡਲਾਂ ਦੇ ਪੇਖੇ-ਪਰਖੇ ਅਨੁਭਵਾਂ ਦੀ ਆਪ ਨੇ ਫੁਲਾਂ ਦੇ ਗੁਲਦਸਤੇ ਵਾਂਗ ਪ੍ਰੇਮ ਰੰਗ ਵਿਚ ਰੰਗ ਕੇ ਪੂਰੀ ਸ਼ਰਧਾ ਭਾਵਨਾ ਦੀ ਸੁਗੰਧੀ ਨਾਲ ਸੁਗੰਧਤ ਕਰਕੇ ਬੇਮਿਸਾਲ ਵਿਆਖਿਆ ਕੀਤੀ ਹੈ। ਸਚਖੰਡ ਪ੍ਰਤੀ ਭਾਈ ਸਾਹਿਬ ਨੇ ਇਉਂ ਅਨੁਭਵੀ ਤਜ਼ਰਬਾ ਸਾਂਝਾ ਕੀਤਾ ਹੈ, "ਨਿਰੰਕਾਰ ਸਚਖੰਡ ਵਿਚ ਵਸਦਾ ਹੈ ਅਤੇ ਨਦਰੀ ਨਦਰ ਨਿਹਾਲਨੀ ਦ੍ਰਿਸ਼ਟੀ ਕਰਿ ਕਰਿ ਆਪਣੇ ਭਗਤ ਜਨਾਂ ਨੂੰ ਵੇਖਿ ਵੇਖਿ ਵਿਗਸਦਾ ਹੈ। ਤਿਥੈ ਸਚ ਖੰਡ ਤੋਂ ਸਾਰੇ ਬੇਅੰਤ ਖੰਡ ਮੰਡਲ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਦਿਸਦਾ ਹੈ। ਸਮੂਹ ਖੰਡ ਮੰਡਲ ਬ੍ਰਹਿਮੰਡ ਅਕਾਲ ਪੁਰਖ ਦੇ ਬੈਰਾਟ ਸਰੂਪ ਵਜੂਦ ਵਿਚ ਹੀ ਸਮਾਏ ਹੋਏ ਹਨ। ਭਿੰਨ ਹੁੰਦੇ ਹੋਏ ਭੀ ਅਭਿੰਨ ਨਜ਼ਰੀਂ ਆਂਵਦੇ ਹਨ। ਇਤਨੇ ਅਨੇਕਾਂ ਖੰਡ ਮੰਡਲ ਬ੍ਰਹਿਮੰਡ ਦਿਸਦੇ ਹਨ ਕਿ ਜਿਨ੍ਹਾਂ ਨੂੰ ਕੋਈ ਕਥਨ ਲੱਗੇ ਤਾਂ ਅੰਤ ਨਹੀਂ ਆਉਂਦਾ। ਤਿਨ੍ਹਾਂ ਦੇ ਅੰਤ ਦਾ ਭੀ ਅੰਤ ਨਹੀਂ ਆਉਂਦਾ। ਨਿਰੰਕਾਰ ਦੀ ਰਚਨਾ ਅੰਦਰ ਬੇਅੰਤ ਲੋਆਂ ਦੀਪਾਂ ਮੰਡਲਾਂ ਦੀ ਸਾਕਾਰ ਅਤੇ ਨਿਰਾਕਾਰੀ ਰਚਨਾ ਪਰੇ ਤੋਂ ਪਰੇ ਹੈ। ਜਿਵੇਂ ਜਿਵੇਂ ਸਚੇ ਨਿਰੰਕਾਰ ਪਰੀਪੂਰਨ ਪਰਮਾਤਮਾ ਦਾ ਹੁਕਮ ਹੈ ਤਿਵੇਂ ਤਿਵੇਂ ਇਹ ਨਿਰਾਕਾਰੀ ਸਾਕਾਰੀ ਰਚਨਾ ਦੀ ਕਾਰ ਹੋਈ ਹੈ।"[88]

ਸਚਖੰਡ ਵਿਚ ਵਸਣ ਵਾਲਾ ਨਿਰੰਕਾਰ ਸਾਰਿਆਂ ਘਟਾਂ ਵਿਚ ਵੀ ਵਸਦਾ ਹੈ। ਉਹ ਘਟ-ਘਟ ਵਾਸੀ ਅਤੇ ਸਰਬ ਨਿਵਾਸੀ ਹੈ। ਉਹ ਇਕੋ ਸਮੇਂ ਸਚਖੰਡ ਵਿਚ ਵੀ ਵਸਦਾ ਹੈ ਅਤੇ ਸਾਰੀਆਂ ਜੋਤਾਂ (ਜੀਵਾਂ), ਕਣ-ਕਣ ਵਿਚ ਵੀ ਵੱਸਦਾ ਹੈ। ਗੁਰਬਾਣੀ ਵਿਚ ਇਸ ਦੇ ਉਦਾਹਰਣ ਮਿਲਦੇ ਜਿਵੇ:

---

87 *ਉਹੀ,* ਪੰ. *ਉਹੀ* ।

88 *ਉਹੀ,* ਪੰਨੇ 31-32.

ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ

ਸਭ ਘਟਿ ਘਟਿ ਰਾਮੁ ਰਵੀਜੈ॥...॥4॥

(ਕਲਿਆਨ, ਮ. 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1326)

ਨਿਰੰਕਾਰ ਅਕਾਲ ਪੁਰਖ ਦਾ ਇਕ-ਦੇਸੀ ਹੋਣਾ ਅਤੇ ਸਰਬ ਵਿਆਪਕ ਹੋਣਾ, ਸਚਖੰਡ ਵਾਸੀ ਹੁੰਦੇ ਹੋਏ ਪ੍ਰਾਰਬ੍ਰਹਮ ਨਿਰੰਕਾਰ ਦਾ ਸਰਬ ਨਿਵਾਸੀ ਹੋਣਾ, ਇਸ ਇਲਾਹੀ ਭੇਦ (ਰਮਜ਼) ਨੂੰ ਨਿਰੰਕਾਰੀ ਲੋਕ ਸਚਖੰਡ ਦੀ ਗੰਮਤਾ ਵਾਲੇ ਭਗਤ ਜਨ ਹੀ ਜਾਣ (ਲਖ) ਸਕਦੇ ਹਨ। ਭਾਈ ਸਾਹਿਬ ਅਨੁਸਾਰ ਸਚਖੰਡ ਨਿਵਾਸੀ ਗੁਰਮੁਖ ਜਨਾਂ ਦੀ ਜੋਤ ਅਕਾਲ ਪੁਰਖ ਦੀ ਜੋਤ ਵਿਚ ਲੀਨ ਹੋਣ ਪਿਛੋਂ ਵੀ ਅਕਾਲੀ ਜੋਤਿ ਨਾਲੋਂ ਵੱਖਰੀ ਭਾਹ ਮਾਰਦੀ ਹੈ ਜਿਵੇਂ:

ਜੋਤਿ-ਲੀਨ ਹੋ ਕੇ ਆਭਾ ਭਿੰਨ ਮਾਰੇ, ਭਿੰਨ ਮਾਰਿ ਆਭਾ ਰਸ-ਭੀਨ ਹੋਵੈ।...

ਜੋਤਿ ਮੂਰਤੀ ਸਚਖੰਡ-ਵਾਸੀਆਂ ਦੀ, ਘੁਲੀ ਪੁਰਖ ਅਕਾਲ ਦੇ ਸੰਗ ਦਿੱਸੈ।[89]

ਉਪਰੋਕਤ ਪੰਜ ਖੰਡਾਂ ਦੀ ਵਿਚਾਰ ਅਤੇ ਭਾਈ ਸਾਹਿਬ ਦੁਆਰਾ ਕੀਤੀ ਅਨੁਭਵੀ ਵਿਆਖਿਆ ਦੇ ਆਧਾਰ 'ਤੇ ਇਹ ਸਿੱਟਾ ਨਿਕਲਦਾ ਹੈ ਕਿ ਜਪੁ ਜੀ ਵਿਚ ਆਏ ਪੰਜ ਖੰਡ ਵਾਸਤਵਿਕ ਮੰਡਲ ਅਤੇ ਅਸਥਾਨ ਹਨ। ਭਾਈ ਸਾਹਿਬ ਨੇ ਧਰਮ ਖੰਡ, ਗਿਆਨ ਖੰਡ ਦੀ ਸੁੰਦਰ ਵਿਆਖਿਆ ਕੀਤੀ ਹੈ। ਸਰਮ ਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਕਰਮ ਖੰਡ ਬਖਸ਼ਿਸ ਭਾਵ ਨਦਰ ਦਾ ਖੰਡ ਹੈ। ਸਚਖੰਡ ਵਿਚ ਨਿਰੰਕਾਰ ਪ੍ਰਭੂ ਆਪ ਵਸਦਾ ਹੈ। ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੰਜ ਖੰਡ ਵਾਸਤਵਿਕ ਮੰਡਲ ਹਨ:

1. **ਧਰਮ ਖੰਡ:** ਇਹ ਇਕ ਦਿੱਬ ਮੰਡਲ ਹੈ ਜਿਥੇ ਅਨੇਕ ਤਰ੍ਹਾਂ ਦੇ ਜੀਵਾਂ ਜੰਤਾਂ ਦੇ ਇਕ ਇਕ ਕਰਮ ਦੀ ਵੀਚਾਰ ਹੁੰਦੀ ਹੈ। ਇਹ ਅਜਿਹੀ ਧਰਮਸਾਲ ਹੈ ਜਿਥੇ ਪ੍ਰਭੂ ਦੇ ਹੁਕਮ ਅੰਦਰ ਥਾਪਿਆ ਧਰਮ ਰਾਇ ਜੀਵਾਂ ਦਾ ਲੇਖਾ ਤੇ ਨਿਆਂ ਨਿਬੇੜਾ ਕਰਦਾ ਹੈ। ਪੰਚ ਪਰਵਾਨ ਗੁਰਮੁਖ ਜਨ ਇਸ ਮਾਤ ਲੋਕ ਵਿਖੇ ਕੀਰਤਨ ਸਿਫਤ ਸਾਲਾਹ ਕਰਦੇ ਹੋਏ ਵੀ ਧਰਮ ਖੰਡ ਵਿਖੇ ਸਮਾਈ (ਪਹੁੰਚ) ਰੱਖਦੇ ਹਨ।
2. **ਗਿਆਨ ਖੰਡ:** ਇਸ ਵਿਚ ਅਨੇਕ ਤਰ੍ਹਾਂ ਦੀਆਂ ਹਵਾਵਾਂ, ਪਾਣੀ, ਅਗਨੀਆਂ, ਕ੍ਰਿਸ਼ਨ ਤੇ ਸ਼ਿਵ ਹਨ। ਕਿੰਨ੍ਹੇ ਹੀ ਬ੍ਰਹਮੇ ਕਿੰਨ੍ਹੀਆਂ ਹੀ ਤਰ੍ਹਾਂ ਦੀਆਂ ਘਾੜਤਾਂ ਘੜ (ਰਚ) ਰਹੇ ਹਨ। ਇਸ ਵਿਚ ਕਿੰਨ੍ਹੇ ਹੀ

[89] *ਉਹੀ, ਜੋਤਿ ਵਿਗਾਸ,* ਪੰ. 42.

ਇੰਦਰ, ਚੰਦ, ਸੂਰਜ ਤੇ ਮੰਡਲਾਂ ਦੇ ਦੇਸ਼ ਹਨ। ਕਿੰਨ੍ਹੇ ਹੀ ਸਿਧ, ਬੁਧ ਨਾਥ, ਦੇਵੀ, ਦੇਵਤੇ, ਦਾਨਵ, ਮੁਨੀ ਤੇ ਰਤਨਾਂ ਦੇ ਸਮੁੰਦਰ ਆਦਿ ਹਨ। ਵਾਹਿਗੁਰੂ ਦੀ ਬੇਅੰਤ ਪ੍ਰਕਾਰੀ ਰਚਨਾ ਅਤੇ ਸਮੂਹ ਖੰਡਾਂ, ਬ੍ਰਹਿਮੰਡਾਂ ਦੇ ਉਪਰ (ਚਾਦਰ ਦੀ ਤਰ੍ਹਾਂ) ਛਾਇਆ ਹੋਇਆ ਹੈ। ਜੋ ਗਿਆਨ ਪ੍ਰਚੰਡ ਹੋਏ ਤੋਂ ਦਿਸਦਾ ਹੈ।

3. **ਸਰਮ ਖੰਡ**: ਸਰਮ ਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਇਥੇ ਵਸਦੀਆਂ ਗੁਰਮੁਖ ਰੂਹਾਨੀ ਰੂਹਾਂ ਅਕਾਲੀ ਜੋਤ (ਵਾਹਿਗੁਰੂ) ਦੇ ਅਨੂਪਮ ਰੂਪ ਨਾਲ ਨੂਰੋ-ਨੂਰ ਹੋਈਆਂ ਰਹਿੰਦੀਆਂ ਹਨ। ਗੁਰਮੁਖ ਰੂਹਾਂ ਦੀ ਅੰਤਿਸ਼ਕਰਣ ਦੀ ਸੁਰਤੀ ਮਤਿ ਬੁਧ ਮੁੜ ਤੋਂ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ।

4. **ਕਰਮ ਖੰਡ**: ਕਰਮ ਤੋਂ ਭਾਵ ਨਦਰ, ਮਿਹਰ, ਕਿਰਪਾ, ਫਜ਼ਲ, ਬਖਸ਼ਿਸ ਰਹਿਮਤ ਆਦਿ ਹੈ। ਵਾਹਿਗੁਰੂ ਦੀ ਨਦਰ ਪ੍ਰਾਪਤੀ ਵਾਲੇ ਗੁਰਮੁਖ ਜਨ ਕਰਮ ਖੰਡ ਵਾਸੀ ਬਣਦੇ ਹਨ। ਐਸੇ ਜੋਧੇ ਮਹਾਂ ਬਲੀ ਸੂਰੇ ਸਦਾ ਹੀ ਵਾਹਿਗੁਰੂ ਦੀ ਮਹਿਮਾ ਵਿਚ ਸੀਤੇ ਪ੍ਰੋਤੇ ਰਹਿੰਦੇ ਹਨ। ਕਰਮ ਖੰਡ ਦਾ ਦਰਵਾਜ਼ਾ ਸਚਖੰਡ ਦੇ ਅਤਿ ਸਪੀਪ ਤੇ ਸਾਹਮਣੇ ਹੈ।

5. **ਸਚਖੰਡ**: ਇਹ ਨਿਰੰਕਾਰ ਦਾ ਦੇਸ (ਖੰਡ) ਹੈ। ਕਰਮ ਖੰਡ ਅਤੇ ਸਚਖੰਡ ਆਪਸ ਵਿਚ ਅਭੇਦ ਰੂਪ ਹੀ ਹਨ। ਸਚਖੰਡ ਵਾਸੀ ਨਿਰੰਕਾਰ ਵਾਹਿਗੁਰੂ ਆਪ ਭਗਤ ਜਨਾਂ ਉਪਰ ਨਦਰ ਕਰਕੇ ਵੇਖ-ਵੇਖ ਕੇ ਵਿਗਸਦਾ ਭਾਵ ਖੁਸ਼ ਹੁੰਦਾ ਹੈ। ਸਚਖੰਡ ਤੋਂ ਸਾਰੇ ਬੇਅੰਤ ਖੰਡ ਮੰਡਲ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਦਿਸਦਾ ਹੈ। ਇਸ ਰਚਨਾ ਦਾ ਕੋਈ ਅੰਤ ਨਹੀਂ ਪਾ ਸਕਦਾ। ਜਿਵੇਂ-ਜਿਵੇਂ ਪਰਮਾਤਮਾ ਦਾ ਹੁਕਮ ਹੈ। ਤਿਵੇਂ-ਤਿਵੇਂ ਨਿਰਾਕਾਰੀ ਸਾਕਾਰੀ ਰਚਨਾ ਦੀ ਕਾਰ ਹੋਈ ਹੈ।

# ਅਧਿਆਇ- ਪੰਜਵਾਂ
# ਸਾਰ ਅਤੇ ਖੋਜ-ਲੱਭਤਾਂ

ਇਸ ਖੋਜ-ਕਾਰਜ ਵਿਚ ਭਾਈ ਰਣਧੀਰ ਸਿੰਘ ਦੇ ਧਾਰਮਿਕ ਅਨੁਭਵ ਦੇ ਦਾਰਸ਼ਨਿਕ ਅਤੇ ਵਿਹਾਰਿਕ ਪਹਿਲੂਆਂ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕੀਤਾ ਗਿਆ ਹੈ। ਖੋਜ ਦੇ ਮੁੱਢਲੇ ਪੜਾਅ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਧਾਰਮਿਕ ਅਨੁਭਵ ਦਾ ਅਰਥ, ਸੰਕਲਪ ਅਤੇ ਸਰੂਪ ਸਮਝਣ ਉਪਰੰਤ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੇ ਅਨੁਭਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁੱਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੋਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਤਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿਭਿੰਨ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਦੀ ਲੜੀ ਤਹਿਤ ਯਹੂਦੀਮਤਿ, ਈਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਤੇ ਬਹੁ-ਪੱਖੀ ਅਧਿਐਨ ਕੀਤਾ ਗਿਆ ਹੈ।

**1.** ਧਾਰਮਿਕ ਅਨੁਭਵ ਪਵਿੱਤਰ ਦਾ ਰਹੱਸਮਈ ਅਨੁਭਵ ਹੈ। ਇਹ ਆਮ ਜੀਵਨ ਅਨੁਭਵ ਨਾਲੋਂ ਵਿਲੱਖਣ ਹੁੰਦਾ ਹੈ। ਆਮ ਅਨੁਭਵ ਦੀ ਹਰ ਕੋਈ ਪਰਖ ਕਰ ਸਕਦਾ ਹੈ ਪਰ ਧਾਰਮਿਕ ਅਨੁਭਵ ਸਾਡੇ ਪਰਖੇ ਗਿਆਨ ਨਾਲੋਂ ਅਲੱਗ ਤਰ੍ਹਾਂ ਦਾ ਹੁੰਦਾ ਹੈ ਜਿਸ ਕਰਕੇ ਇਸ ਨੂੰ ਆਮ ਭਾਸ਼ਾ ਵਿਚ ਬਿਆਨ ਜਾਂ ਪੇਸ਼ ਕਰਨਾ ਮੁਸ਼ਕਿਲ ਹੁੰਦਾ ਹੈ। ਪਰੰਤੂ ਇਸ ਸਭ ਦੇ ਬਾਵਜੂਦ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮਹਿਜ ਕਪੋਲ-ਕਲਪਨਾ ਜਾਂ ਮਨੁੱਖੀ ਦਾਇਰੇ ਤੋਂ ਬਾਹਰੀ ਹੈ। ਇਸ ਵਿਸਮਾਦ ਦੀ ਅਵਸਥਾ ਦੌਰਾਨ ਪੈਦਾ ਹੋਏ ਪ੍ਰਭਾਵ ਨੂੰ ਮਗਰੋਂ ਵਿਅਕਤੀ ਸਿਮਰਤੀ ਵਿਚੋਂ ਉਜਾਗਰ ਕਰਕੇ ਪ੍ਰਗਟ ਕਰ ਸਕਦਾ ਹੈ ਪਰੰਤੂ ਫਿਰ ਵੀ ਇਸਦਾ ਹੂਬਹੂ ਨਕਸ਼ਾ ਬਿਆਨ ਕਰਨਾ ਕਠਿਨ ਕਾਰਜ ਹੈ। ਇਹ ਦੱਸਣਾ ਵੀ ਜਰੂਰੀ ਹੈ ਕਿ ਇਹ ਅਨੁਭਵ ਆਪਣੇ ਆਪ ਵਿਚ ਪੂਰਨ ਹੁੰਦਾ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਘਾਟ ਜਾਂ ਉਕਾਈ ਨਹੀਂ ਹੁੰਦੀ। ਇੱਥੇ ਪਹੁੰਚ ਕੇ ਸੁੱਖ ਦੁੱਖ, ਆਸ਼ਾ-ਨਿਰਾਸ਼ਾ ਦਾ ਅਭਾਵ ਹੋ ਜਾਂਦਾ ਹੈ।

ਧਾਰਮਿਕ ਅਨੁਭਵ ਦਾ ਇਹ ਵਿਸ਼ੇਸ ਲੱਛਣ ਹੈ ਕਿ ਇਹ ਸਮਝਣ ਵਾਲਾ ਵਰਤਾਰਾ ਨਹੀਂ ਹੈ ਇਸ ਲਈ ਗਿਆਨ ਹਾਸਲ ਕਰਨ ਦੀਆਂ ਦਿਮਾਗੀ ਕਸਰਤਾਂ ਛੋਟੀਆਂ ਰਹਿ ਜਾਂਦੀਆਂ ਹਨ। ਇਹ ਰੂਹਾਨੀ ਅਮਲ

ਹੁੰਦਾ ਹੈ ਜਿਸਨੂੰ ਸਮਝਣ ਲਈ ਸਾਧਕ ਨੂੰ ਇਸਦੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਸ਼ਾਇਦ ਇਸ ਕਰਕੇ ਦਾਰਸ਼ਨਿਕ ਕੇਵਲ ਇਸਦੇ ਬਾਹਰੀ ਤੱਤ ਨੂੰ ਹੀ ਸਮਝਣ ਤਕ ਸੀਮਤ ਰਹਿ ਜਾਂਦੇ ਹਨ।

ਵਿਗਿਆਨਿਕ ਅਧਿਐਨ ਵੱਲੋਂ ਖੜ੍ਹੇ ਕੀਤੇ ਸਵਾਲਾਂ ਅਤੇ ਸ਼ੰਕਿਆਂ ਦਾ ਜੁਆਬ ਦੇਣ ਲਈ ਧਰਮ ਸ਼ਾਸਤਰੀਆਂ ਨੇ ਧਾਰਮਿਕ ਅਨੁਭਵ ਦਾ ਅਧਿਐਨ ਸ਼ੁਰੂ ਕੀਤਾ ਜਿਸ ਵਿਚ ਧਾਰਮਿਕ ਅਨੁਭਵ ਦੇ ਵਿਭਿੰਨ ਸਿਧਾਂਤ ਵਿਕਸਿਤ ਹੋਏ ਹਨ।

ਵਿਲੀਅਮ ਜੇਮਜ਼ ਨੇ ਇਸ ਰਹੱਸਮਈ ਅਨੁਭਵ ਦੇ ਚਾਰ ਮੁੱਖ ਲੱਛਣ ਦਰਸਾਏ ਹਨ। ਇਸ ਨੂੰ ਬਿਆਨਕਰਨਾ ਜਾਂ ਪ੍ਰਗਟਾਉਣਾ ਔਖਾ ਹੈ ਅਤੇ ਇਸਦੇ ਤੱਤਾਂ ਦੀ ਸਹੀ ਪੇਸ਼ਕਾਰੀ ਦੀ ਰਿਪੋਰਟ ਸ਼ਬਦਾਂ ਵਿਚ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਹੀ ਭਾਵ ਨਿਕਲਦਾ ਹੈ ਕਿ ਇਸ ਨੂੰ ਸਿੱਧਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਇਕ ਤੋਂ ਦੂਜੇ ਨੂੰ ਨਹੀਂ ਦਿੱਤਾ ਜਾ ਸਕਦਾ। ਇਸ ਤਰ੍ਹਾਂ ਰਹੱਸਮਈ ਹਾਲਾਤ ਬੌਧਿਕ ਅਵਸਥਾ ਨਾਲੋਂ ਮਹਿਸੂਸ ਕਰਨ ਦੀ ਅਵਸਥਾ ਵਧੇਰੇ ਹੁੰਦੀ ਹੈ। ਕੋਈ ਵਿਅਕਤੀ ਕਿਸੇ ਅਜਿਹੇ ਵਿਅਕਤੀ ਨੂੰ ਇਹ ਅਨੁਭਵ ਸਮਝਾ ਨਹੀਂ ਸਕਦਾ ਜਿਸਨੂੰ ਕਿ ਅਜਿਹਾ ਅਨੁਭਵ ਕਦੇ ਹੋਇਆ ਹੀ ਨਾ ਹੋਵੇ। ਇਸ ਨੂੰ ਜਾਨਣ 'ਤੇ ਸਮਝਣ ਲਈ ਇਸਦਾ ਅਨੁਭਵ ਹੋਣਾ ਚਾਹੀਦਾ ਹੈ।

ਇਹ ਅਵਸਥਾ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ ਫਿਰ ਵੀ ਇਸ ਦਾ ਬੌਧਿਕ ਅਵਸਥਾ ਨਾਲ ਕੋਈ ਵਿਰੋਧ ਨਹੀਂ ਹੁੰਦਾ। ਅਸਲ ਵਿਚ ਇਹ ਅੰਤਰ-ਦ੍ਰਿਸ਼ਟੀ ਨਾਲ ਪ੍ਰਾਪਤ ਅਵਸਥਾ ਹੁੰਦੀ ਹੈ ਜਿਹੜੀ ਕਿ ਕੇਵਲ ਬੌਧਿਕ ਪ੍ਰਕ੍ਰਿਆ ਨਾਲ ਨਹੀਂ ਜਾਣੀ ਜਾ ਸਕਦੀ।

ਧਾਰਮਿਕ ਅਨੁਭਵ ਅਸਥਿਰ, ਅਸਥਾਈ ਅਨੁਭਵ ਥੋੜ-ਚਿਰਾ ਹੁੰਦਾ ਹੈ। ਇਹ ਕੁਝ ਪਲਾਂ ਤਕ ਵਾਪਰਦਾ ਹੈ। ਰਹੱਸਵਾਦੀਆਂ ਅਨੁਸਾਰ ਇਸ ਅਨੁਭਵ ਵਿਚ ਅਨੁਭਵਕਰਤਾ ਨਾ ਸਿਰਫ ਅਲੌਕਿਕ ਸ਼ਕਤੀ ਨਾਲ ਇਕਮਿਕ ਹੋ ਜਾਂਦਾ ਹੈ ਸਗੋਂ ਉਸਨੂੰ ਇਹ ਬਹੁਤ ਤੇਜ਼ ਅਤੇ ਚਕਾਚੌਂਧ ਕਰ ਦੇਣ ਵਾਲੇ ਵਾਤਾਵਰਨ ਨੂੰ ਮਹਿਸੂਸ ਕਰਦਾ ਹੈ, ਕਈਆਂ ਨੂੰ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ। ਉਹ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਹੈ। ਇਸ ਤਰ੍ਹਾਂ ਅਨੁਭਵਕਰਤਾ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ ਹੈ ਅਤੇ ਅਨੰਦਮਈ ਦਸ਼ਾ ਵਿਚ ਪਹੁੰਚ ਜਾਂਦਾ ਹੈ।

ਇਕ ਵਾਰ ਅਨੰਦਮਈ ਅਵਸਥਾ ਵਿਚ ਚਲੇ ਜਾਣ ਤੋਂ ਪਿੱਛੋਂ ਅਨੁਭਵਕਰਤਾ ਮੁੜ ਆਪਣੀ ਪਹਿਲੀ ਅਵਸਥਾ ਵਿਚ ਆ ਜਾਂਦਾ ਹੈ। ਭਾਵੇਂ ਇਹ ਅਵਸਥਾ ਆਉਂਦੀ ਤੇ ਚਲੀ ਜਾਂਦੀ ਹੈ ਪਰ ਇਸ ਦੀ ਤੀਬਰ

ਗਹਿਰਾਈ ਦੇ ਅਹਿਸਾਸ ਤੇ ਮਹੱਤਵ ਨੂੰ ਛੇਤੀ ਕੀਤੇ ਭੁਲਾਇਆ ਨਹੀਂ ਜਾ ਸਕਦਾ ਬਾਅਦ ਵਿਚ ਇਸ ਦੇ ਕੁਝ ਕੁ ਗੁਣ ਸਿਮਰਤੀ ਵਿਚ ਰਹਿੰਦੇ ਹਨ।

ਰਹੱਸਮਈ ਅਨੁਭਵ ਵਿਚੋਂ ਗੁਜ਼ਰਨ ਵਾਲਾ ਵਿਅਕਤੀ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਕੋਈ ਬਲਵਾਨ, ਉਚੇਰੀ ਸ਼ਕਤੀਸ਼ਾਲੀ ਤਾਕਤ ਉਸ 'ਤੇ ਭਾਰੂ ਹੋ ਗਈ ਹੋਵੇ। ਮਨੁੱਖੀ ਸ਼ਖ਼ਸੀਅਤ ਦੇ ਗਿਆਨ ਇੰਦਰੇ ਤੇ ਯਤਨ ਨਿੱਸਲ ਹੋ ਜਾਂਦੇ ਹਨ। ਉਸ ਦੀ ਆਪਣੀ ਇੱਛਾ-ਸ਼ਕਤੀ ਰੁੱਕ ਜਾਂਦੀ ਹੈ ਅਤੇ ਉਹ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਕਿਸੇ ਜ਼ੋਰਦਾਰ ਅਤੇ ਉਚੇਰੀ ਸ਼ਕਤੀਸ਼ਾਲੀ ਤਾਕਤ ਦੀ ਜਕੜਨ ਵਿਚ ਹੈ।

ਰੂਡੋਲਫ ਔਟੋ ਨੇ ਧਰਮ ਦੇ ਤਰਕ-ਅਤੀਤ (non-rational ਜਾਂ super-rational) ਪੱਖ ਨੂੰ ਉਭਾਰਿਆ। ਉਸ ਨੇ ਧਾਰਮਿਕ ਅਨੁਭਵ ਅਤੇ ਵਿਸ਼ਵਾਸ ਵਿਚ ਪਏ ਪਾੜੇ ਨੂੰ ਦੂਰ ਕੀਤਾ। ਤਰਕ-ਅਤੀਤ ਦਾ ਭਾਵ ਤਰਕਹੀਣ ਨਹੀਂ ਸਗੋਂ ਅਜਿਹਾ ਸੁਝਾਅ/ਵਿਚਾਰ ਹੈ ਜੋ ਤਰਕ ਭਾਵ logic ਦੇ ਖੇਤਰ ਤੋਂ ਉੱਪਰ ਹੈ। ਔਟੋ ਦਾ ਮੰਨਣਾ ਹੈ ਕਿ ਤਰਕ ਜਾਂ ਗਿਆਨ ਦੀ ਇਕ ਸੀਮਾ ਹੈ ਜਦ ਕਿ ਪਰਮਸੱਤਾ, ਪਵਿੱਤਰ (Holy) ਦਾ ਅਨੁਭਵ ਤਾਂ ਉਸ ਤੋਂ ਵੀ ਪਰ੍ਹੇ ਦੀ ਅਵਸਥਾ ਦਾ ਨਾਮ ਹੈ। ਇਸ ਨੂੰ ਤਰਕ ਦੇ ਆਧਾਰ ਤੇ ਸਮਝਣਾ ਠੀਕ ਨਹੀਂ। ਅਜਿਹਾ ਕਰਦਿਆਂ ਉਹ ਘਟਾਓਵਾਦ ਨੂੰ ਪਵਿੱਤਰ ਦੇ ਅਰਥਾਂ ਦਾ ਅਨਰਥ ਮੰਨਦਾ ਹੈ। ਸਗੋਂ ਇਹ ਉਹ ਅਨੁਭਵ ਹੈ ਜਿਹੜਾ ਅਤਿ ਵਿਸ਼ੇਸ ਨਿਵੇਕਲਾ ਤੇ ਆਪਣੇ ਵਰਗਾ ਆਪ ਹੀ (unique) ਹੈ। ਤਾਰਕਿਰਤਾ (rationality) ਤੋਂ ਅੱਗੇ ਲੰਘਦਿਆਂ ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਇਸ ਨਿਵੇਕਲੇ ਤਰਕ-ਅਤੀਤ ਅਨੁਭਵ ਲਈ ਜ਼ਰੂਰੀ ਨਹੀਂ ਕਿ ਇਸ ਨੂੰ ਸ਼ਬਦਾਂ, ਸੰਦਰਭਾਂ ਵਿਚ ਪ੍ਰਗਟ ਕੀਤਾ ਜਾ ਸਕੇ।

ਇਹ ਅਨੁਭਵ ਤਰਕ-ਅਤੀਤ ਭਾਵ ਤਰਕ ਦੀ ਪਹੁੰਚ ਤੋਂ ਪਰ੍ਹੇ ਹੁੰਦਾ ਹੈ। ਸਾਧਕ ਦੀਆਂ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰ ਹੁੰਦਾ ਹੈ। ਇਸ ਨੂੰ ਤਰਕ ਜਾਂ ਬੁੱਧੀ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਵਿਚ ਅਨੁਭਵਕਰਤਾ ਅਤੇ ਪਰਮਸੱਤਾ ਦੋਹਾਂ ਦਾ ਮੇਲ ਹੋਣਾ ਜਰੂਰੀ ਹੈ। ਇਸ ਅਨੁਭਵ ਵਿਚ ਪਰਮਸੱਤਾ ਪ੍ਰਤੀ ਆਤਮ ਸਮਰਪਣ ਦੀ ਭਾਵਨਾ ਬੜੀ ਪ੍ਰਬਲ ਹੁੰਦੀ ਹੈ। ਪਰਮਸੱਤਾ ਦੇ ਸਨਮੁਖ, ਅਨੁਭਵ ਕਰਤਾ ਕਮਜ਼ੋਰ, ਲਾਚਾਰ, ਬਲਹੀਨ ਅਤੇ ਘਬਰਾਹਟ ਮਹਿਸੂਸ ਕਰਦਾ ਹੈ। ਇਸ ਅਨੁਭਵ ਦੌਰਾਨ ਪਰਮਸੱਤਾ ਪ੍ਰਤੀ ਡਰ ਅਤੇ ਸਤਿਕਾਰ ਦੀ ਭਾਵਨਾ, ਦੋਵੇਂ ਇਕੋ ਵੇਲੇ ਇੱਕਠੀਆਂ ਹੀ ਮੌਜੂਦ ਰਹਿੰਦੀਆਂ ਹਨ।

ਪਰੰਤੂ ਡਰ ਦੀ ਭਾਵਨਾ ਦੇ ਬਾਵਜੂਦ ਪਰਮਸੱਤਾ ਪ੍ਰਤੀ ਇਕ ਆਕਰਸ਼ਣ ਵੀ ਲਗਾਤਾਰ ਬਣਿਆ ਰਹਿੰਦਾ ਹੈ। ਇਸ ਅਨੁਭਵ ਦੌਰਾਨ ਅਨੁਭਵਕਰਤਾ ਵਿਸਮਾਦ ਵਿਚ ਹੁੰਦਾ ਹੈ। ਇਹ ਅਨੁਭਵ ਅਤਿ ਰਹੱਸਮਈ ਹੁੰਦਾ ਹੈ। ਔਟੋ ਇਸ ਅਨੁਭਵ ਨੂੰ Numinous Experience ਦਾ ਨਾਮ ਦਿੰਦਾ ਹੈ।

ਜੋਕਿਮ ਵਾਕ ਪ੍ਰਸਿੱਧ ਜਰਮਨ ਚਿੰਤਕ ਹੋਇਆ ਹੈ। ਔਟੋ ਵਾਂਗ ਉਸ ਨੇ ਵੀ ਅਨੁਭਵ ਨੂੰ ਧਰਮ ਦਾ ਬਹੁਤ ਜਰੂਰੀ ਤੱਤ ਕਿਹਾ ਹੈ। ਉਸਦੀ ਧਾਰਨਾ ਹੈ ਕਿ ਧਰਮਾਂ ਪਿੱਛੇ ਇਕੋ ਰੱਬ ਹੈ ਜਿਸਦਾ ਅਨੁਭਵ ਕੀਤਾ ਜਾਂਦਾ ਹੈ। ਇਹੀ ਨਹੀਂ ਉਹ ਅਨੁਭਵ ਦੇ ਨਾਲ ਪ੍ਰਗਟਾਵੇ ਨੂੰ ਵੱਖ-ਵੱਖ ਧਰਮਾਂ ਦੀ ਤੁਲਨਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਧਾਰਨਾ ਹੈ ਕਿ ਅਨੁਭਵੀ ਸਚਾਈ ਇਤਿਹਾਸ ਰਾਹੀਂ ਪ੍ਰਗਟ ਹੁੰਦੀ ਹੈ।

ਜੋਕਿਮ ਵਾਕ ਧਰਮਾਂ ਦੇ ਤੁਲਨਾਤਮਿਕ ਅਧਿਐਨ ਲਈ ਸਿਧਾਂਤ ਪੇਸ਼ ਕਰਦਾ ਹੈ। ਜਿਸ ਵਿਚ ਉਸ ਨੇ ਇਤਿਹਾਸਿਕ ਗਿਆਨ ਨੂੰ ਕਾਫ਼ੀ ਮਹੱਤਵ ਦਿੱਤਾ ਹੈ। ਆਪਣੇ ਉਸਤਾਦ ਰੂਡੋਲਫ਼ ਔਟੋ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਇਹ ਗੱਲ ਮਨ ਵਿਚ ਵਸਾਈ ਕਿ 'ਧਾਰਮਿਕ ਅਨੁਭਵ ਪਵਿੱਤਰ (Holy) ਦਾ ਅਨੁਭਵ ਹੈ' ਅਤੇ ਸਾਰੀ ਉਮਰ ਇਸ ਗੱਲ ਦਾ ਪੱਲਾ ਨਹੀਂ ਛੱਡਿਆ। ਵਾਕ ਦੀ ਧਾਰਨਾ ਹੈ ਕਿ ਧਾਰਮਿਕ ਅਨੁਭਵ ਇਹ ਦੱਸਦਾ ਹੈ ਕਿ ਅੰਤਿਮ ਸੱਚ ਵਜੋਂ ਕੀ ਅਨੁਭਵ ਕੀਤਾ ਗਿਆ ਹੈ। ਧਾਰਮਿਕ ਅਨੁਭਵ ਇਕ ਸੰਪੂਰਨ ਸਬੂਤ (response) ਹੁੰਦਾ ਹੈ ਜਿਸ ਵਿਚ ਕਿ ਅੰਤਿਮ ਸੱਚ ਦੀ ਸੰਪੂਰਨ ਹੋਂਦ ਸ਼ਾਮਿਲ ਹੁੰਦੀ ਹੈ। ਧਾਰਮਿਕ ਅਨੁਭਵ ਬੜਾ ਤੇਜ ਅਤੇ ਸ਼ਕਤੀਸ਼ਾਲੀ ਅਨੁਭਵ ਹੈ। ਧਾਰਮਿਕ ਅਨੁਭਵ ਪ੍ਰੇਰਨਾ ਅਤੇ ਕਿਰਿਆ ਦਾ ਇਕ ਸੋਮਾ ਹੈ।

ਮਰਸੀ ਇਲਾਡੇ ਪਵਿੱਤਰ (Sacred) ਨੂੰ ਅਪਵਿੱਤਰ (Profane) ਨਾਲ ਤੁਲਨਾਤਮਿਕ ਅਧਿਐਨ ਰਾਹੀਂ ਪ੍ਰਗਟ ਕਰਦਾ ਹੈ ਉਹ ਦੁਰਖਾਇਮ ਦੀ ਤਰ੍ਹਾਂ ਪਵਿੱਤਰ ਅਤੇ ਅਪਵਿੱਤਰ ਵਿਚ ਵੰਡ ਨਹੀਂ ਕਰਦਾ ਬਲਕਿ ਪਵਿੱਤਰਤਾ ਨੂੰ ਵਿਸ਼ਾਲ ਅਰਥਾਂ ਵਿਚ ਸਮਝਦਾ ਹੈ। ਇਸ ਲਈ ਉਹ ਦੁਨਿਆਵੀ ਸੰਸਾਰ ਵਿਚਲੇ ਚਿੰਨ੍ਹਾਂ ਜਿਵੇਂ- ਪੱਥਰ, ਦਰਖ਼ਤ ਆਦਿ ਰਾਹੀਂ ਉਸ ਪਵਿੱਤਰ ਨੂੰ ਸਮਝਣ ਦਾ ਯਤਨ ਕਰਦਾ ਹੈ। ਇਨ੍ਹਾਂ ਚਿੰਨ੍ਹਾਂ ਉਹ ਨੂੰ Hierophany ਆਖਦਾ ਹੈ। ਮਰਸੀ ਇਲਾਡੇ ਅਨੁਸਾਰ ਜਿਨ੍ਹਾਂ ਕੋਲ ਧਾਰਮਿਕ ਅਨੁਭਵ ਹੈ ਉਨ੍ਹਾਂ ਦਾ ਮੰਨਣਾ ਹੈ ਕਿ ਪੂਰੀ ਕੁਦਰਤ ਜੋ ਨਿਯਮਬੱਧ ਢੰਗ ਨਾਲ ਚੱਲ ਰਹੀ ਹੈ, ਪਵਿੱਤਰ (Sacred) ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਇਲਾਡੇ ਨੇ ਪਵਿੱਤਰਤਾ ਦੇ ਸਿਧਾਂਤ ਨੂੰ ਸਮਝਣ ਲਈ ਪਵਿੱਤਰ ਜਗ੍ਹਾ, ਪਵਿੱਤਰ

ਸਮਾਂ, ਮਿਥ, ਸੰਸਕਾਰ ਅਤੇ ਇਹਨਾਂ ਸਭ ਨਾਲ ਜੁੜੇ ਪ੍ਰਤੀਕਾਂ ਦੇ ਮਹੱਤਵ ਉੱਤੇ ਵਿਸ਼ੇਸ਼ ਜੋਰ ਦਿੱਤਾ ਹੈ। ਉਹ ਪਵਿੱਤਰ ਅਤੇ ਅਪਵਿੱਤਰ ਜਗ੍ਹਾ ਵਾਂਗ ਪਵਿੱਤਰ ਅਤੇ ਅਪਵਿੱਤਰ ਸਮੇਂ ਵਿਚਕਾਰ ਵੀ ਅੰਤਰ ਕਰਦਾ ਹੈ। ਉਸ ਅਨੁਸਾਰ ਪਵਿੱਤਰ ਸਮਾਂ ਦੁਹਰਾਇਆ ਜਾ ਸਕਦਾ ਹੈ।

**2.** ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਯਹੂਦੀਮਤਿ, ਈਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਸੰਬੰਧੀ ਪ੍ਰਚਲਿਤ ਵਿਚਾਰਾਂ ਦਾ ਅਧਿਐਨ ਵੀ ਜ਼ਰੂਰੀ ਹੈ।

ਯਹੂਦੀਮਤਿ ਦਾ ਅਨੁਭਵ ਪਵਿੱਤਰ *ਬਾਈਬਲ* ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਦੇ ਪੁਰਾਣੇ ਨੇਮ ਜਾਂ ਹੈਬਰੂ ਗ੍ਰੰਥ ਵਿਚ ਕੂਚ ਦੀ ਤੀਜੀ ਪੁਸਤਕ ਵਿਚ ਦਰਜ਼ ਹੈ ਕਿ ਜਦੋਂ ਮੂਸਾ ਹੈਰੋਬ ਪਹਾੜ ਉਪਰ ਭੇਡਾਂ ਦਾ ਇੱਜੜ ਚਾਰ ਰਿਹਾ ਸੀ ਤਾਂ ਉਸ ਨੂੰ ਬਲਦੀ ਹੋਈ ਝਾੜੀ ਵਿਚੋਂ ਪ੍ਰਭੂ ਨੇ ਦਰਸ਼ਨ ਦਿੱਤੇ।

ਇਸ ਤਰ੍ਹਾਂ ਹੀ ਈਸਾ ਦਾ ਈਸ਼ਵਰੀ ਅਨੁਭਵ ਈਸਾਈਮਤਿ ਦਾ ਬੁਨਿਆਦੀ ਆਧਾਰ ਜਾਂ ਤੱਥ ਹੈ। ਜਦੋਂ ਸਾਰੇ ਲੋਕ *ਬਪਤਿਸਮਾ* ਲੈ ਚੁੱਕੇ ਸਨ ਅਤੇ ਈਸੂ ਵੀ *ਬਪਤਿਸਮਾ* ਲੈ ਕੇ ਪ੍ਰਾਰਥਨਾ ਕਰ ਰਹੇ ਸਨ, ਤਾਂ ਉਸ ਵੇਲੇ ਆਕਾਸ਼ ਖੁੱਲ ਗਿਆ, ਅਤੇ ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿਚ ਉਨ੍ਹਾਂ ਉਤੇ ਉਤਰ ਆਈ। ਉਸ ਵੇਲੇ ਇਕ ਆਵਾਜ਼ ਵੀ ਆਕਾਸ਼ ਤੋਂ ਆਈ, 'ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੇਰੇ ਤੋਂ ਮੈਂ ਖੁਸ਼ ਹਾਂ।' ਈਸਾ ਨੇ ਇਸ ਆਤਮਿਕ ਅਨੁਭਵ ਦੀ ਆਨੰਦ ਅਵਸਥਾ ਦਾ 40 ਦਿਨ ਇਕਾਂਤ ਵਿਚ ਆਨੰਦ ਮਾਣਿਆ ਅਤੇ ਫਿਰ ਬਾਕੀ ਜ਼ਿੰਦਗੀ ਪਰਮੇਸ਼ਰ ਦੇ ਹੁਕਮਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਬਾਈਬਲ ਰਾਹੀਂ ਸਾਡੇ ਤਕ ਪਹੁੰਚੀਆਂ ਹਨ।

ਇਸਲਾਮੀ ਪਰੰਪਰਾ ਵਿਚ ਇਲਹਾਮ ਅਤੇ ਵਹੀ ਦੁਆਰਾ ਖੁਦਾ ਨਾਲ ਸੰਪਰਕ, ਉਸਦਾ ਅਨੁਭਵ ਅਤੇ ਪ੍ਰਗਟਾਵਾ ਹੁੰਦਾ ਮੰਨਿਆ ਜਾਂਦਾ ਹੈ। ਇਸਲਾਮ ਅਨੁਸਾਰ ਵਹੀ ਦੀ ਵਿਧੀ ਰਾਹੀਂ ਖੁਦਾ ਆਪਣਾ ਸੰਦੇਸ਼ ਨਬੀ ਨੂੰ ਪਹੁੰਚਾਉਂਦਾ ਹੈ। ਅਜਿਹੀ ਵਹੀ ਦੋ ਪ੍ਰਕਾਰ ਦੀ ਮੰਨੀ ਜਾਂਦੀ ਹੈ ਭਾਵ (1) ਵਹੀ ਖ਼ਫੀ ਅਤੇ (2)ਵਹੀ ਮਤੱਲੂ।

ਵਹੀ ਖ਼ਫੀ ਤੋਂ ਭਾਵ ਹੈ ਤੁਰੰਤ ਪ੍ਰੇਰਣਾ ਦੇਣਾ। ਨਬੀਆਂ ਨੂੰ ਵਹੀ ਖ਼ਫੀ ਦਾ ਅਨੁਭਵ ਹਮੇਸ਼ਾ ਫਰਿਸ਼ਤੇ ਰਾਹੀਂ ਹੀ ਹੁੰਦਾ ਹੈ। ਇਹ ਅਨੁਭਵ ਮਨੁੱਖ ਅਤੇ ਖ਼ੁਦਾ ਵਿਚਕਾਰ ਅਜਿਹੇ ਵਾਰਤਾਲਾਪ ਦੀ ਸੂਰਤ ਵਿਚ ਹੁੰਦਾ ਹੈ ਜਿਸ ਵਿਚ ਖ਼ੁਦਾ ਦਾ ਨੂਰੀ ਜਲਵਾ ਪ੍ਰਤੱਖ ਰੂਪ ਵਿਚ ਤਾਂ ਨਹੀਂ ਦਿਸਦਾ ਪਰੰਤੂ ਅਨੁਭਵਕਰਤਾ ਦੇ ਮਨ

ਅੰਦਰ ਕੋਈ ਖਿਆਲ ਜਾਂ ਵਿਚਾਰ ਕਿਸੇ ਰੂਪ ਵਿਚ ਪ੍ਰਗਟ ਕਰ ਦਿੱਤਾ ਜਾਂਦਾ ਹੈ। ਅਜਿਹਾ ਅਨੁਭਵ ਨਬੀਆਂ ਨੂੰ ਅਤੇ ਉਹਨਾਂ ਲੋਕਾਂ ਨੂੰ ਵੀ ਪ੍ਰਾਪਤ ਹੋ ਸਕਦਾ ਹੈ ਜੋ ਭਾਵੇਂ ਨਬੀ ਨਾ ਵੀ ਹੋਣ।

ਵਹੀ ਮੱਤਲੂ ਵਿਚ ਜ਼ਿਬਰਾਇਲ ਫਰਿਸ਼ਤਾ ਖ਼ੁਦਾ ਦਾ ਸੰਦੇਸ਼ ਸ਼ਬਦੀ ਰੂਪ ਵਿਚ ਦਿੰਦਾ ਹੈ। ਅਜਿਹਾ ਅਨੁਭਵ ਪ੍ਰਤੱਖ ਅਤੇ ਪ੍ਰਮਾਣਿਕ ਹੁੰਦਾ ਹੈ। ਮੁਹੰਮਦ ਸਾਹਿਬ ਨੂੰ ਜ਼ਿਬਰਾਇਲ ਫਰਿਸ਼ਤੇ ਰਾਹੀਂ ਅਜਿਹਾ ਅਨੁਭਵ ਕਈ ਵਾਰੀ ਹੋਇਆ ਸੀ ਜੋ ਕਿ 'ਕੁਰਾਨ' ਦੇ ਰੂਪ ਵਿਚ ਮੌਜੂਦ ਹੈ। ਵਹੀ ਮਤੱਲੂ ਰਾਹੀਂ ਫਰਿਸ਼ਤੇ ਤੋਂ ਮਿਲਿਆ ਸੰਦੇਸ਼ ਸਾਰੀ ਲੋਕਾਈ ਦੇ ਵਾਸਤੇ ਸਾਂਝਾ ਹੁੰਦਾ ਹੈ।

ਦੱਖਣੀ ਏਸ਼ੀਆ ਦੇ ਧਰਮਾਂ ਵਿਚੋਂ ਜੈਨਮਤਿ ਸਭ ਤੋਂ ਪੁਰਾਣਾ ਹੈ। 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਦਾ ਜਨਮ 599 ਈ. ਪੂ. ਵੈਸ਼ਾਲੀ (ਬਿਹਾਰ) ਦੇ ਨੇੜੇ ਕੁੰਡਗਰਾਮ ਵਿਖੇ ਹੋਇਆ। ਆਪਣੇ ਮਾਤਾ ਪਿਤਾ ਦੀ ਮੌਤ ਪਿੱਛੋਂ ਰਾਜ ਕੁਮਾਰ ਮਹਾਂਵੀਰ ਆਪਣੇ ਭਰਾ ਨੰਦੀਵਰਗ ਤੋਂ ਇਜ਼ਾਜ਼ਤ ਲੈ ਕੇ ਘਰ ਬਾਰ ਤਿਆਗ ਕੇ 30 ਵਰ੍ਹਿਆਂ ਦੀ ਉਮਰ ਵਿਚ ਜੰਗਲਾਂ ਵੱਲ ਗਿਆਨ ਦੀ ਖੋਜ ਲਈ ਚਲੇ ਗਏ। ਉਨ੍ਹਾਂ ਨੇ 12 ਵਰ੍ਹਿਆਂ ਤਕ ਬੜਾ ਕਠੋਰ ਤਪ ਕੀਤਾ। ਅੰਤ ਉਨ੍ਹਾਂ ਨੂੰ ਰਿਜੁਪਾਲਿਕਾ ਨਦੀ ਦੇ ਨੇੜੇ ਜਰਿਮਥਿਕ ਗ੍ਰਾਮ ਵਿਖੇ ਕੈਵਲਯ ਗਿਆਨ (ਸਰਵਉੱਚ ਗਿਆਨ) ਪ੍ਰਾਪਤ ਹੋਇਆ। ਇਸ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ ਅਤੇ ਫਿਰ 30 ਵਰ੍ਹਿਆਂ ਤਕ ਆਪ ਨੇ ਗਿਆਨ ਦਾ ਸੱਚਾ ਮਾਰਗ ਪ੍ਰਚਾਰਿਆ। ਉਹ ਚੌਂਕੜੀ ਮਾਰ ਕੇ ਇਸ ਤਰ੍ਹਾਂ ਬੈਠੇ ਕਿ ਪੈਰਾਂ ਦੀਆਂ ਅੱਡੀਆਂ ਜੁੜ ਗਈਆਂ ਅਤੇ ਸੂਰਜ ਦੀ ਧੁੱਪ ਸਿੱਧੀ ਉਨ੍ਹਾਂ ਉੱਤੇ ਪੈਣ ਲੱਗ ਪਈ। ਢਾਈ ਦਿਨਾਂ ਤਕ ਬਿਨਾਂ ਕੁਝ ਖਾਧੇ ਪੀਤੇ ਡੂੰਘੀ ਭਗਤੀ ਵਿਚ ਲੀਨ ਰਹੇ ਤੇ ਇਸ ਤਰ੍ਹਾਂ ਪ੍ਰਮੁੱਖ ਗਿਆਨ ਅਤੇ ਅੰਤਰ ਦ੍ਰਿਸ਼ਟੀ ਨੂੰ, ਜਿਸਨੂੰ 'ਕੈਵਲਯ' ਕਹਿੰਦੇ ਹਨ, ਪਾਪਤ ਕੀਤਾ। ਕੈਵਲਯ ਇਕ ਅਜਿਹੀ ਅਵਸਥਾ ਹੈ ਜਿਹੜੀ ਅਪਾਰ ਅਤੇ ਸਰਵਉਚ ਹੈ। ਇਸ ਅਵਸਥਾ ਦੇ ਰਾਹ ਵਿਚ ਕੋਈ ਰੁਕਾਵਟ ਜਾਂ ਅੜਿੱਕਾ ਨਹੀਂ। ਇੱਥੇ ਪੁੱਜ ਕੇ ਗਿਆਨ ਸੰਪੂਰਨ ਅਤੇ ਮੁਕੰਮਲ ਹੋ ਜਾਂਦਾ ਹੈ।

ਮਹਾਤਮਾ ਗੌਤਮ ਬੁੱਧ (567 ਈ. ਪੂ. ਤੋਂ 487 ਈ. ਪੂ.) ਨੇ ਛੇ ਸਾਲ ਤਪੱਸਿਆ ਕੀਤੀ, ਪਰ ਗਿਆਨ ਪ੍ਰਾਪਤ ਨਾ ਹੋਇਆ। ਇਸ ਕਾਰਨ ਉਨ੍ਹਾਂ ਦੇ ਪੰਜ ਸਾਥੀ ਉਨ੍ਹਾਂ ਨੂੰ ਛੱਡ ਗਏ। ਫਿਰ ਆਪ ਗਯਾ (ਬੋਧ ਗਯਾ) ਵਿਖੇ ਗਏ। ਜਿੱਥੇ 48 ਦਿਨਾਂ ਦੀ ਸਮਾਧੀ ਮਗਰੋਂ ਵੈਸਾਖ ਦੀ ਪੂਰਨਮਾਸੀ ਵਾਲੇ ਦਿਨ ਆਪ ਨੂੰ ਗਿਆਨ ਦੀ ਪ੍ਰਾਪਤੀ ਹੋਈ। ਜਿਸ ਕਾਰਨ ਉਹ ਬੁੱਧ ਅਖਵਾਏ। ਇਸ ਸਮੇਂ ਆਪ ਦੀ ਉਮਰ 35 ਸਾਲ ਦੀ

ਸੀ। ਮਹਾਤਮਾ ਬੁੱਧ ਨੇ ਅਨੁਭਵ ਅਤੇ ਸੰਪੂਰਨਤਾ ਦੀ ਇਸ ਅਵਸਥਾ ਵਿਚ ਹੀ ਉਹ ਸਚਾਈਆਂ ਦੇਖੀਆਂ ਜਿਨ੍ਹਾਂ ਨੇ ਉਹਨਾਂ ਅੰਦਰ ਜਾਗ੍ਰਤੀ ਅਤੇ ਗਿਆਨ ਪੈਦਾ ਕੀਤਾ। ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਸਭ ਤੋਂ ਪਹਿਲਾਂ ਬਨਾਰਸ ਕੋਲ ਸਾਰਨਾਥ ਵਿਖੇ ਪਹੁੰਚੇ। ਇਥੇ ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਆਪਣੇ ਪੁਰਾਣੇ ਪੰਜਾਂ ਸਾਥੀਆਂ ਨੂੰ ਦਿੱਤਾ। ਇਸ ਘਟਨਾ ਨੂੰ ਧਰਮ ਚੱਕਰ ਪਰਿਵਰਤਨ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਜੀ ਨੇ ਇਸ ਤਰ੍ਹਾਂ ਲਗਾਤਾਰ ਆਪਣੇ ਅਨੁਭਵ ਤੇ ਗਿਆਨ ਦਾ ਪ੍ਰਚਾਰ 45 ਸਾਲਾਂ ਤਕ ਥਾਂ-ਥਾਂ ਜਾ ਕੇ ਕੀਤਾ ਅਤੇ 80 ਸਾਲ ਦੀ ਉਮਰ ਵਿਚ ਕੁਸ਼ੀਨਗਰ ਵਿਖੇ ਆਪ ਨੇ ਮਹਾਂ ਪਰਿ ਨਿਰਵਾਣ ਪ੍ਰਾਪਤ ਕੀਤਾ।

ਹਿੰਦੂਮਤਿ ਵਿਚ ਪਰਮਸੱਤਾ ਲਈ ਬ੍ਰਹਮ, ਪਰਮਾਤਮਾ, ਈਸ਼ਵਰ, ਭਗਵਾਨ ਆਦਿ ਅਨੇਕਾਂ ਨਾਮ ਵਰਤੇ ਜਾਂਦੇ ਹਨ। ਇਸ ਤਰ੍ਹਾਂ ਪਰਮਾਤਮਾ ਦੇ ਗੁਣਾਂ ਨੂੰ ਯਾਦ ਕਰਾਉਣ ਵਾਲੇ ਈਸ਼ਵਰੀ ਗੁਣਾਂ ਦੇ ਨਾਮ ਜਿਵੇਂ ਗੋਪਾਲ, ਕ੍ਰਿਸ਼ਨ, ਹਰੀ, ਰਾਮ ਆਦਿ ਹਨ। ਹਿੰਦੂਮਤਿ ਦੇ ਮੁੱਖ ਸ੍ਰੋਤਾਂ ਵਜੋਂ ਵੇਦਾਂ, ਪੁਰਾਣਾਂ, ਛੇ ਦਰਸ਼ਨਾਂ ਅਤੇ ਸਿਮਰਤੀਆਂ ਆਦਿ ਸਾਹਿਤ ਨੂੰ ਮੰਨਿਆ ਜਾਂਦਾ ਹੈ। ਵੇਦਾਂ ਨੂੰ ਉਤਮ ਮੰਨਿਆ ਜਾਂਦਾ ਹੈ ਪਰੰਤੂ ਵੈਦਿਕ ਸਾਹਿਤ ਵਿਚ ਦੋ ਵਿਚਾਰਧਾਰਾਵਾਂ ਵੇਖਣ ਨੂੰ ਮਿਲਦੀਆਂ ਹਨ। ਪਹਿਲੀ ਅਨੁਸਾਰ ਵੇਦ ਸਦੀਵੀ ਅਤੇ ਰੱਬੀ ਰਚਨਾ ਹਨ। ਦੂਜੀ ਅਨੁਸਾਰ ਵੇਦ ਅਸਦੀਵੀ ਅਤੇ ਮਨੁੱਖੀ ਰਚਨਾ ਹਨ। ਇਹੋ ਮਤਭੇਦ ਛੇ ਦਰਸ਼ਨਾਂ ਵਿਚੋਂ ਵੀ ਵਿਦਮਾਨ ਹੁੰਦਾ ਹੈ। ਮੀਮਾਂਸਾ ਅਨੁਸਾਰ ਵੇਦਾਂ ਦਾ ਕੋਈ ਸੰਕਲਨ ਕਰਤਾ ਨਹੀਂ ਹੈ। ਨਿਆਇ ਇਨ੍ਹਾਂ ਦਾ ਸੰਕਲਨ ਕਰਤਾ ਪ੍ਰਾਕ੍ਰਿਤਕ ਉਪਜ ਮੰਨਦਾ ਹੈ। ਵੈਸ਼ੇਸ਼ਿਕ ਸਪੱਸ਼ਟ ਤੌਰ ਤੇ ਵੇਦਾਂ ਨੂੰ ਮਨੁੱਖੀ ਕਿਰਤ ਸਵੀਕਾਰ ਕਰਦਾ ਹੈ। ਯੋਗ ਸ਼ਾਸਤਰ ਅਨੁਸਾਰ ਵੇਦ ਈਸ਼ਵਰ ਦੇ ਸੰਪੂਰਨ ਵਿਚਾਰ ਤੇ ਆਧਾਰਿਤ ਹਨ। ਸਾਰੀ ਵਿਚਾਰ ਤੇ ਵਿਵੇਚਨ ਤੋਂ ਬਆਦ ਇਹ ਕਿਹਾ ਜਾ ਸਕਦਾ ਹੈ ਕਿ ਵੇਦਾਂ ਦੀ ਰਚਨਾ ਰਿਸ਼ੀਆਂ ਨੇ ਹੀ ਕੀਤੀ ਸੀ ਭਾਵੇਂ ਈਸ਼ਵਰ ਹੀ ਉਹਨਾਂ ਨੂੰ ਇਹ ਪ੍ਰੇਰਨਾ ਤੇ ਗਿਆਨ ਦਾ ਅਨੁਭਵ ਬਖਸ਼ਣ ਵਾਲਾ ਸੀ। ਸੋ ਰਿਸ਼ੀਆਂ ਦਾ ਦਿੱਬ ਗਿਆਨ ਮੂਲਕ ਅਨੁਭਵ ਹੀ ਵੇਦ ਕਹੇ ਜਾ ਸਕਦੇ ਹਨ।

**3.** ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਈਂ ਪ੍ਰਵੇਸ਼ ਸਮੇਂ ਹੋਏ ਪਰਮਾਤਮਾ ਦੇ ਮਿਲਾਪ ਦਾ ਅਨੁਭਵ ਪੁਰਾਤਨ ਜਨਮਸਾਖੀ ਵਿਚ ਦਰਜ਼ ਹੈ। ਇਸਦੇ ਸੰਕੇਤ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਵਿਚ ਮਿਲਦੇ ਹਨ। ਗੁਰੂ ਜੀ ਨੂੰ ਸਤਿ ਦਾ ਸਿੱਧਾ ਅਨੁਭਵ ਹੋਇਆ ਅਤੇ ਇਸੇ ਨੂੰ ਉਨ੍ਹਾਂ ਗੁਰਬਾਣੀ ਵਿਚ ਪ੍ਰਗਟ ਕੀਤਾ। ਜਦੋਂ ਜੋਤਿ ਸਰੂਪੀ ਮਨ ਆਪਣਾ ਮੂਲ ਪਛਾਣਦਾ ਹੈ ਤਾਂ ਉਸ ਨੂੰ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ।

ਆਤਮਾ ਤੇ ਪਰਮ-ਆਤਮਾ ਦੀ ਇਕਸੁਰਤਾ ਜਾਂ ਸੁਮੇਲ ਕੇਵਲ ਅਨੁਮਾਨ ਦਾ ਵਿਸ਼ਾ ਨਹੀਂ ਹੈ। ਧਾਰਮਿਕ ਅਨੁਭਵ ਵੇਲੇ ਆਤਮਾ ਤੇ ਪਰਮਾਤਮਾ ਵਿਚਲੀ ਕੰਧ ਟੁੱਟ ਜਾਂਦੀ ਹੈ। ਇਸ ਉੱਚ ਆਤਮਿਕ ਅਵਸਥਾ ਦੇ ਪਲਾਂ ਵਿਚ ਆਤਮਾ ਨੂੰ ਸਿਰਫ਼ ਆਪਣੀ ਸੱਤਾ ਜਾਂ ਹੋਂਦ ਦਾ ਹੀ ਨਹੀਂ, ਸਗੋਂ ਇਕ ਸਰਵ-ਵਿਆਪਕ ਪਰਮ-ਆਤਮਾ ਦਾ ਵੀ ਗਿਆਨ ਹੁੰਦਾ ਹੈ, ਜਿਸਦਾ ਕਿ ਉਹ ਪ੍ਰਤਿਬਿੰਬ ਹੈ।

ਧਾਰਮਿਕ ਅਨੁਭਵ ਦਾ ਅਰਥ ਆਤਮਾ ਦੀ ਪਰਮਾਤਮਾ ਵਿਚ ਲੀਨਤਾ ਹੈ। ਦੂਜਾ ਅਧਿਆਇ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਬਾਰੇ ਹੈ। ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਸ਼ੁੱਧ, ਨਿਰੋਲ ਨਿੱਜੀ ਅਤੇ ਵਿਲੱਖਣ ਹੈ। ਇਸ ਨੂੰ ਕਿਸੇ ਧਰਮ ਪਰੰਪਰਾ ਦੀ ਨਕਲ, ਨਿਰੰਤਰਤਾ ਜਾਂ ਮੇਲ ਖਾਂਦਾ ਨਹੀਂ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬ ਤਾਂ ਕੁਦਰਤ ਅਤੇ ਬ੍ਰਹਿਮੰਡ ਦੇ ਅਣਗਿਣਤ ਪਸਾਰਾਂ, ਪਰਪੰਚਾਂ, ਪ੍ਰਗਟਾਵਿਆਂ ਅਤੇ ਵਰਤਾਰਿਆਂ ਨੂੰ ਵਿਸਮਾਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਸਿੱਖ ਧਰਮ ਵਿਚ ਅਜਿਹੇ ਪਰਮਾਤਮਾ ਦੇ ਅਨੁਭਵ ਅਤੇ ਪ੍ਰਾਪਤੀ ਦਾ ਮੁੱਖ ਸਾਧਨ ਗੁਰੂ ਨੂੰ ਦੱਸਿਆ ਗਿਆ ਹੈ। ਗੁਰੂ ਦੀ ਕ੍ਰਿਪਾ ਬਿਨਾ ਪਰਮਾਤਮਾ ਦਾ ਪਾ ਸਕਣਾ ਅਸੰਭਵ ਹੈ। ਇਸ ਦੇ ਨਾਲ ਹੀ ਗੁਰੂ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ, ਨਾਮ ਸਿਮਰਨ, ਭਾਣਾ ਮੰਨਣਾ, ਸੰਸਾਰ ਵਿਚ ਵਿਚਰਦਿਆਂ ਹੋਇਆ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿਣਾ ਆਦਿ ਜਰੂਰੀ ਗੱਲਾਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਸਰੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਤਾਂ ਉਨ੍ਹਾਂ ਦੇ ਮਨ ਵਿਚ ਇਕ ਨਵੀਂ ਧਰਮ ਪਰੰਪਰਾ ਨੂੰ ਸਥਾਪਿਤ ਕਰਨ ਦਾ ਮੰਤਵ ਨਜ਼ਰ ਆਉਂਦਾ ਹੈ। ਜਿਸ ਸਪੱਸ਼ਟਤਾ ਨਾਲ ਪਹਿਲੇ ਤੋਂ ਲੈ ਕੇ ਦਸਵੇਂ ਗੁਰੂ ਤਕ ਇਹ ਪਰੰਪਰਾ ਚੱਲੀ, ਉਸ ਨੇ ਸਿੱਖ ਧਰਮ ਨੂੰ ਕਿਸੇ ਗੁਰੂ ਚੇਲੇ ਦੇ ਵਿਅਕਤੀਗਤ ਤੇ ਸੰਕੀਰਣ ਸੰਬੰਧ ਦੇ ਘੇਰੇ ਚੋਂ ਕੱਢ ਕੇ ਇਕ ਸੁਤੰਤਰ ਤੇ ਵਿਲੱਖਣ ਧਰਮ ਦਾ ਰੂਪ ਧਾਰਨ ਕਰ ਲਿਆ ਹੈ। ਸਿੱਖ ਧਾਰਮਿਕ ਅਨੁਭਵ ਗੁਰੂ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਨਿਰੋਲ ਆਪਣਾ ਅਨੁਭਵ ਹੈ। ਗੁਰੂ ਸਾਹਿਬ ਨੇ ਉਹੀ ਬੋਲਿਆ ਹੈ ਜੋ ਪਰਮਾਤਮਾ ਨੇ ਆਪ ਤੋਂ ਬੁਲਵਾਇਆ ਹੈ। ਇਹ ਖਸਮ ਕੀ ਬਾਣੀ ਤਾਂ ਧੁਰੋਂ ਪ੍ਰਮੇਸ਼ਰ ਦੀ ਦਰਗਾਹ ਤੋਂ ਉਤਰੀ ਹੈ। ਇਸ ਨੂੰ ਕਿਸੇ ਵੀ ਆਧਾਰ ’ਤੇ ਪੂਰਵੀ ਜਾਂ ਪੱਛਮੀ ਧਰਮ, ਹਿੰਦੂ ਮਤਿ ਜਾਂ ਇਸਲਾਮ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਨਹੀਂ ਮੰਨਿਆ ਜਾ ਸਕਦਾ।

ਜੇਕਰ 'ਸੁੰਨ' ਦੀ ਵਿਚਾਰ ਕਰਨੀ ਹੋਵੇ ਤਾਂ ਸਭ ਤੋਂ ਪਹਿਲਾਂ ਭਾਰਤੀ ਵੈਦਿਕ ਚਿੰਤਨ ਵਿਚ 'ਸੁੰਨ' ਦਾ ਸੰਕੇਤ ਪੁਰਾਣਾ ਹੈ। ਇਹ ਵੇਦਾਂ ਤਕ ਜਾਂਦਾ ਹੈ। ਰਿਗਵੇਦ ਦੇ ਨਾਸਦੀਯ ਸੂਕਤ ਵਿਚ ਬ੍ਰਹਿਮੰਡ ਦੇ ਜਨਮ ਤੋਂ ਪਹਿਲਾਂ ਇਕ ਵਿਸ਼ੇਸ ਕਿਸਮ ਦੀ ਸੁੰਨ ਦਾ ਵਿਸਥਾਰਪੂਰਵਕ ਜ਼ਿਕਰ ਹੈ। ਉਸ ਸਮੇਂ ਨਾ ਸਤਿ ਸੀ, ਨਾ ਅਸਤਿ, ਨਾ ਅੰਤਰਿਕਸ਼, ਨਾ ਆਕਾਸ਼, ਨਾ ਰਾਤ ਸੀ, ਨਾ ਦਿਨ। ਹਨੇਰੇ ਨੂੰ ਹਨੇਰੇ ਨੇ ਢੱਕ ਰੱਖਿਆ ਸੀ। ਰਿਗਵੇਦ ਦਾ ਨਾਸਦੀਯ ਸੂਕਤ ਇਸ ਬ੍ਰਹਿਮੰਡ ਦੀ ਸਿਰਜਣਾ ਦੀ ਪ੍ਰਕਿਰਿਆ ਦੀ ਜਾਣਕਾਰੀ ਪਰਮਾਤਮਾ ਨੂੰ ਵੀ ਨਾ ਹੋਣ ਦੀ ਕਲਪਨਾ ਕਰਦਾ ਹੈ। ਇਸਦਾ ਸਿਰਜਕ ਪਰਮਾਤਮਾ ਹੈ ਜਾ ਕੋਈ ਹੋਰ, ਇਸ ਬਾਰੇ ਵੀ ਇਹ ਸੂਕਤ ਸੰਦੇਹ ਪ੍ਰਗਟ ਕਰਦਾ ਹੈ। ਪਰਮਾਤਮਾ ਦੇ ਇਸ ਸਿਰਜਣਾ ਤੋਂ ਵੱਖ ਕਿਸੇ ਵੱਖਰੇ ਉਚ ਸਥਾਨ ਤੇ ਬੈਠਣ ਦੀ ਕਲਪਨਾ ਕਰਦਾ ਹੈ ਇਹ ਸੂਕਤ। ਸੁੰਨ ਸੰਬੰਧੀ ਨਾਸਦੀਯ ਸੂਕਤ ਅਤੇ ਗੁਰਬਾਣੀ ਦੀ ਮੂਲ ਧਾਰਨਾ ਵਿਚ ਮੁਢੱਲਾ ਸਿਧਾਂਕਤ ਵੱਖਰਾਪਣ ਧਿਆਨ ਦੀ ਮੰਗ ਕਰਦਾ ਹੈ। ਗੁਰਬਾਣੀ ਦੀ ਧਾਰਨਾ ਤਾਂ ਸਾਫ ਤੇ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਦੀ ਅਫੁਰ ਅਵਸਥਾ ਵਿਚ ਹੀ ਇਹ ਸੁੰਨ ਮੋਜੂਦ ਸੀ। ਉਸ ਨਿਰਗੁਣ ਨੇ ਹੀ ਸਰਗੁਣ ਪਸਾਰਾ ਖੁਦ ਕੀਤਾ ਹੈ। ਇਹ ਸਾਰਾ ਪਸਾਰਾ ਕਰਤੇ ਪੁਰਖ ਦੀ ਲੀਲਾ ਹੈ। ਇਥੇ ਨਾਸਦੀਯ ਸੂਕਤ ਜਿਹੀ ਅਸਪੱਸ਼ਟਤਾ ਨਹੀਂ। ਗੁਰਬਾਣੀ ਅਨੁਸਾਰ ਪਰਮਾਤਮਾ ਦੇ ਸਿਰਜਣ ਪ੍ਰਕਿਰਿਆ ਤੋਂ ਬੇਖ਼ਬਰ ਜਾਂ ਅਣਜਾਣ ਹੋਣ ਦੀ ਗੱਲ ਹੀ ਨਹੀਂ ਬਣਦੀ। ਉਹੀ ਬ੍ਰਹਮ ਗੁਪਤ ਤੋਂ ਪ੍ਰਗਟ, ਅਫੁਰ ਤੋਂ ਸਫੁਰ ਹੋਇਆ ਹੈ।

ਭਾਰਤੀ ਧਰਮ ਗ੍ਰੰਥਾਂ ਵਿਚ ਯੋਗ ਸ਼ਬਦ ਵਰਤਿਆ ਮਿਲਦਾ ਹੈ। ਯੋਗ ਤੋਂ ਭਾਵ ਸੰਬੰਧ ਹੁੰਦਾ ਹੈ। ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਯੋਗ ਕਰਕੇ ਵੀ ਜਾਣਿਆ ਜਾਂਦਾ ਹੈ। ਯੋਗ ਸ਼ਬਦ ਨੂੰ ਮਾਰਗ ਜਾਂ ਰਸਤਾ ਵੀ ਕਿਹਾ ਜਾਂਦਾ ਹੈ। ਜਿਵੇਂ ਭਗਤੀ ਯੋਗ, ਗਿਆਨ ਯੋਗ, ਕਰਮ ਯੋਗ, ਹਠ ਯੋਗ, ਆਦਿ। ਅਜਿਹੇ ਕਈ ਹੋਰ ਅਰਥ ਵੀ ਯੋਗ ਦੇ ਕੀਤੇ ਜਾਂਦੇ ਹਨ। ਭਾਰਤ ਦੇ ਛੇ ਦਰਸ਼ਨਾਂ ਵਿਚੋਂ ਇਕ ਯੋਗ ਸਾਸ਼ਤਰ ਹੈ। ਇੱਥੇ ਯੋਗਮਤਿ ਅਤੇ ਸਿੱਖਮਤਿ ਦੇ ਪਰਸਪਰ ਵਖਰੇਵੇਂ ਬਾਰੇ ਵਿਸਲੇਸ਼ਣ ਗੁਰਬਾਣੀ ਦੇ ਆਧਾਰ ਤੇ ਕੀਤਾ ਗਿਆ ਹੈ। ਯੋਗ ਦੀ ਮੂਲ ਭਾਵਨਾ ਤਾਂ ਮਨ ਅਤੇ ਇੰਦਰੀਆਂ ਨੂੰ ਬੁਰਾਈਆਂ ਵੱਲੋਂ ਹੋੜ (ਰੋਕ) ਕੇ ਨਿਰੰਜਨ ਪ੍ਰਭੂ ਨਾਲ ਜੋੜਨਾ ਮੰਨਿਆ ਜਾਂਦਾ ਹੈ ਪਰੰਤੂ ਗੁਰੂ ਸਾਹਿਬ ਦੇ ਸਮਕਾਲੀ ਯੋਗੀ ਇਸ ਉੱਚਤਮ ਲਕਸ਼ ਤੋਂ ਭਟਕੇ ਤੇ ਗਿਆਨ ਵਿਹੂਣੇ ਸਨ। ਯੋਗੀ ਸਿਰਫ ਸੁਆਹ ਮਲਣ, ਸਰੀਰਕ ਅਭਿਆਸ, ਬਾਹਰੀ ਚਿੰਨ੍ਹਾਂ, ਭਿੱਖਿਆ ਮੰਗਣ, ਇਸਤਰੀ ਨਿੰਦਾ ਅਤੇ ਭੇਖ ਨੂੰ ਹੀ ਯੋਗ ਮਾਰਗ ਸਮਝ ਰਹੇ ਸਨ। ਗੁਰਬਾਣੀ ਵਿਚ ਯੋਗ ਮਾਰਗ ਬਾਰੇ

ਉਹਨਾਂ ਦੀ ਸ਼ਬਦਾਵਲੀ ਵਿਚ ਚਰਚਾ ਤੇ ਅਸਲ ਮਾਰਗ ਦਾ ਉਪਦੇਸ਼ ਕਈ ਵਾਰ ਕੀਤਾ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਉਹਨਾਂ ਦੀ ਸ਼ਬਦਾਵਲੀ ਵਿਚ ਸ਼ਬਦ ਵਰਤੇ ਜਿਵੇਂ ਮੁੰਦਾ, ਸੰਤੋਖ, ਝੋਲੀ, ਖਿੰਥਾ, ਕਾਇਆ, ਸਿੰਙੀ, ਖੈਪਰ (ਪਾਤਰ), ਬਿਭੂਤ (ਸੁਆਹ), ਨਿਰੰਜਨ, ਅੰਜਨ, ਅਲਖ, ਗੋਰਖ, ਧੁਨ, ਅਨਾਹਤ, ਅਨਹਦ, ਦਸਮ ਦੁਆਰ, ਬਾਰਾਂ ਪੰਥ, ਆਈ ਪੰਥ ਆਦਿ ਸਬਦਾਂ ਦਾ ਪ੍ਰਯੋਗ ਕਰਦਿਆਂ ਯੋਗੀਆਂ ਨੂੰ ਆਤਮ ਉਪਦੇਸ਼ ਦਿੱਤਾ।

ਗੁਰਬਾਣੀ ਭੇਖ ਅਤੇ ਕਰਮ-ਕਾਂਡਾਂ ਦਾ ਸਦਾ ਖੰਡਨ ਕਰਦੀ ਹੈ। ਯੋਗੀ, ਯੋਗਮਤਿ ਅਤੇ ਇਸ ਦੀ ਕਿਰਿਆਵਾਂ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ। ਇਸ ਨੂੰ ਫੋਕਟ ਕਰਮ ਸਮਝ ਕੇ ਇਸ ਦਾ ਖੰਡਨ ਕਾਫੀ ਜਗ੍ਹਾ ਤੇ ਕੀਤਾ ਮਿਲਦਾ ਹੈ ਕਿਉਂ ਕਿ ਗੁਰਮਤਿ ਅਨੁਸਾਰ ਸਤਿਗੁਰੂ ਨੂੰ ਭੇਟੇ ਬਾਝੋਂ ਪਰਮਪਦ, ਵਿਸਮਾਦ ਜਾਂ ਸਹਿਜ ਪਦ ਦੀ ਅਵਸਥਾ/ਪਦਵੀ ਗੱਲੀਂ-ਬਾਤੀਂ ਕਦੇ ਵੀ ਭੇਖੀ ਬਣ ਕੇ ਹਾਸਲ ਨਹੀਂ ਹੋ ਸਕਦੀ, ਜਦੋਂ ਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਦੁਆਰਾ ਦਿੱਤੇ ਸ਼ਬਦ ਤੇ ਨਾਮ ਦੇ ਅਭਿਆਸ ਕਰਨ ਪਿੱਛੋਂ ਮਨ ਦੇ ਵਸ ਵਿਚ ਆ ਜਾਣ ਸਦਕਾ, ਹਉਮੈ ਮਿਟ ਜਾਣ ਪਿੱਛੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੀ ਅਵਸਥਾ ਹਾਸਲ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਸਪੱਸ਼ਟ ਉੱਤਰ ਦਿੱਤਾ ਸੀ ਕਿ ਉਹਨਾਂ ਦਾ ਗੁਰੂ ਸ਼ਬਦ ਹੈ। ਇਹ ਹਕੀਕਤ ਵਿਚ ਨਿਰਾਕਾਰ ਪ੍ਰਭੂ ਦੀ ਹੋਂਦ ਦਾ ਗੁਪਤ ਅਤੇ ਪ੍ਰਗਟ ਰੂਪ ਹੈ। ਗੁਪਤ ਰੂਪ ਵਿਚ ਤਾਂ ਉਹ ਕਣ-ਕਣ ਵਿਚ ਵਸਿਆ ਹੈ, ਹਰ ਸਰੀਰ ਵਿਚ ਵਸਿਆ ਹੈ ਪਰੰਤੂ ਗੁਰਮੁਖਾਂ ਵਿਚ ਉਹ ਪ੍ਰਗਟ ਹੁੰਦਾ ਹੈ। ਮਨੁੱਖਾ ਦੇਹੀ ਰਾਹੀਂ ਉਸ ਨੂੰ ਪਾਉਣ ਦਾ ਅਵਸਰ ਮਿਲਦਾ ਹੈ। ਇਸ ਤਰ੍ਹਾਂ ਗੁਰਮਖਾਂ ਦੇ ਅੰਦਰ-ਬਾਹਰ ਸ਼ਬਦ (ਪ੍ਰਭੂ) ਵਸਦਾ ਹੈ। ਮਨਮੁਖਾਂ ਨੂੰ ਗੁਰੂ ਨਾ ਮਿਲ ਸਕਣ ਕਾਰਨ ਸ਼ਬਦ ਨਹੀਂ ਮਿਲਿਆ, ਉਹ ਆਵਾਗਵਣ ਵਿਚ ਉਲਝੇ ਰਹਿੰਦੇ ਹਨ।

ਬੁੱਧਮਤਿ ਵੀ ਸੁੰਨ ਨੂੰ ਮੰਨਦਾ ਹੈ ਅਤੇ ਯੋਗੀ ਵੀ ਸੁੰਨ ਦੀ ਗੱਲ ਕਰਦੇ ਹਨ। ਬੁੱਧਮਤਿ ਸੁੰਨ ਤੋਂ ਅੱਗੇ ਨਹੀਂ ਜਾਂਦਾ ਇਸ ਉਪਰ ਮੋਨ ਧਾਰ ਲੈਂਦਾ ਹੈ, ਚੁੱਪ ਹੋ ਜਾਂਦਾ ਹੈ। ਉਹਨਾਂ ਅਨੁਸਾਰ ਸੁੰਨ ਕੁੱਝ ਵੀ ਨਹੀਂ ਹੈ। ਪਰੰਤੂ ਗੁਰਬਾਣੀ ਇਸ ਕੁੱਝ ਵੀ ਨਹੀਂ ਦੀ ਅਵਸਥਾ ਵੇਲੇ ਵੀ ਅਕਾਲ ਪੁਰਖ ਨੂੰ ਹਾਜ਼ਰ ਮੰਨਦੀ ਹੈ। ਸੁੰਨ ਤੋਂ ਅੱਗੇ ਰੱਬ ਮੰਨਦੀ ਹੈ। ਇਸੇ ਪ੍ਰਕਾਰ ਸ੍ਰਿਸ਼ਟੀ ਰਚਨਾ ਪ੍ਰਤੀ ਵੀ ਗੁਰਬਾਣੀ ਦੀ ਧਾਰਨਾ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਸੁੰਨ-ਸਮਾਧੀ ਵਿਚ ਗੁਪਤ ਬੈਠਾ ਸੀ, ਫਿਰ ਪ੍ਰਗਟ ਹੋਇਆ। ਉਸ ਪ੍ਰਭੂ ਨੇ ਹੀ ਬਹੁ ਬਿਧ

ਅਨਿਕ ਪ੍ਰਕਾਰ ਦੀ ਰਚਨਾ ਰਚੀ ਹੈ। ਉਹ ਕਿੰਨੇ ਹੀ ਜੁਗਾਂ ਤਕ ਤਾੜੀ ਲਾਈ ਬੈਠਾ ਸੀ। ਉਸਨੇ ਹੀ ਪਉਣ, ਪਾਣੀ, ਧਰਤੀ, ਆਕਾਸ਼, ਲੱਖਾਂ ਦਰੀਆਉ ਪੈਦਾ ਕੀਤੇ ਹਨ। ਗੁਰਬਾਣੀ ਤਾਂ ਸਪੱਸ਼ਟ ਦੱਸਦੀ ਹੈ ਕਿ ਆਦਿ ਵਿਚ ਸੁੰਨ ਦਾ ਪਸਾਰਾ ਸੀ। ਕਿੰਨੇ ਹੀ ਜੁਗ ਭਾਵ ਅਨੰਤ ਲੰਮਾ ਸਮਾਂ ਸਿਰਜਣਹਾਰੇ ਨੇ ਆਪਣੀ ਸਮਾਧੀ ਲਾਈ ਹੋਈ ਸੀ। ਫਿਰ ਖੰਡ, ਬ੍ਰਹਿਮੰਡ, ਪਾਤਾਲ ਆਰੰਭੇ ਅਤੇ ਗੁਪਤ ਤੋਂ ਪ੍ਰਗਟ ਹੋਇਆ ਨਿਰਾਕਾਰ ਪ੍ਰਭੂ। ਉਸ ਓਅੰਕਾਰ ਪ੍ਰਭੂ ਨੇ ਹੀ ਸ੍ਰਿਸ਼ਟੀ ਸਾਜੀ ਹੈ। ਉਹੀ ਅਨਿਕ ਭਾਂਤ ਹੋ ਕੇ ਪਸਰਿਆ ਹੈ। ਅਰਬਦ ਨਰਬਦ ਧੁੰਧੂਕਾਰੇ ਦੀ ਅਵਸਥਾ ਵਿਚ ਨਾ ਧਰਤੀ ਸੀ ਨਾ ਆਕਾਸ਼, ਨਾ ਹੀ ਪ੍ਰਭੂ ਦਾ ਹੁਕਮ ਅਪਾਰ ਵਰਤਿਆ ਸੀ ਅਜੇ। ਨਾ ਦਿਨ ਨਾ, ਰਾਤ, ਨਾ ਚੰਦ, ਨਾ ਸੂਰਜ ਸੀ। ਸੁੰਨ ਸਮਾਧਿ ਲੱਗੀ ਸੀ, ਪ੍ਰਭੂ ਦੀ। ਨਾ ਕੋਈ ਖੰਡ, ਨਾ ਪਾਤਾਲ, ਨਾ ਸੱਤ ਸਮੁੰਦਰ, ਨਾ ਨਦੀ ਤੇ ਨਾ ਹੀ ਪਾਣੀ ਵਹਿਣਾ ਸ਼ੁਰੂ ਹੋਇਆ ਸੀ। ਦੋਜ਼ਕ-ਜ਼ੰਨਤ, ਨਰਕ-ਸੁਰਗ, ਆਵਾਗਵਣ ਆਦਿ ਵਿਚ ਕੁਝ ਵੀ ਨਹੀਂ ਸੀ। ਅਜਿਹੀ ਸੁੰਨ ਵਿਚ ਸਿਰਫ ਨਿਰਗੁਣ ਪ੍ਰਭੂ ਆਪ ਹੀ ਸੁੰਨ ਸਮਾਧੀ ਲਾ ਕੇ ਬੈਠਾ ਸੀ। ਫਿਰ ਉਸਨੇ ਸਾਰਾ ਪਸਾਰਾ ਕੀਤਾ। ਗੁਰਬਾਣੀ ਵਿਚ ਦਰਜ਼ 'ਮਾਰੂ ਸੋਹਲੇ' ਕਈ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰਦੇ ਹਨ। ਸਿੱਖ ਚਿੰਤਨ ਵਿਚ ਗੁਰੂ ਸਾਹਿਬ ਨੇ ਉਸ ਪਰਮ ਸੱਤਾ ਦਾ ਅਨੁਭਵ ਮਾਣਿਆ ਵੀ ਹੈ ਅਤੇ ਬਿਆਨਿਆ ਵੀ ਹੈ। ਸੁੰਨ ਦੀ ਅਵਸਥਾ ਵਿਚ ਨਿਰੰਕਾਰ ਆਪ ਹੀ ਸੀ। ਸੁੰਨ ਤੋਂ ਪਹਿਲਾਂ ਵੀ ਤੇ ਸੁੰਨ ਤੋਂ ਬਾਅਦ ਸਰਗੁਨ ਸਰੂਪ ਵਿਚ ਵੀ ਉਹੀ ਹੈ। ਉਸ ਤੋਂ ਹੀ ਸੁੰਨ ਉਪਜੀ, ਫਿਰ ਦ੍ਰਿਸ਼ਟਮਾਨ ਪਸਾਰਾ ਹੋਇਆ। ਉਹ ਜਦੋਂ ਚਾਹੇ ਸਾਰਾ ਪਸਾਰਾ ਸਮੇਟ ਸਕਦਾ ਹੈ। ਇਸ ਤੋਂ ਪਹਿਲਾਂ ਵੀ ਉਸ ਨੇ ਕਈ ਵਾਰ ਅਜਿਹਾ ਪਸਾਰਾ ਪਸਾਰਿਆ ਅਤੇ ਕਈ ਵਾਰ ਸਮੇਟਿਆ ਹੈ। ਇਹ ਸਭ ਉਸ ਦੀ ਲੀਲਾ ਹੈ, ਹੁਕਮ ਹੈ। ਅਕਾਲ ਪੁਰਖ ਦੁਆਰਾ ਕਿੰਨੇ ਹੀ ਖੰਡ, ਬ੍ਰਹਿਮੰਡ, ਧਰਤੀਆਂ, ਦੀਪ ਲੋਅ, ਆਕਾਰ, ਸੂਰਜ, ਚੰਦ ਅਤੇ ਹੋਰ ਸੂਖਮ ਜਗਤ ਰਚਿਆ ਗਿਆ ਹੈ। ਗੁਰਬਾਣੀ ਨੇ ਇਸ ਨੂੰ ਪ੍ਰਗਟ ਕਰਨ ਲਈ ਕੇਤੇ, ਅਸੰਖ, ਕਈ ਕੋਟਿ ਆਦਿ ਸਮਾਨਅਰਥੀ ਸ਼ਬਦ ਵਰਤੇ ਹਨ। ਕਾਲ (ਸਮਾਂ) ਉਸ ਅਕਾਲ ਪੁਰਖ ਦਾ ਸਿਰਜਿਆ ਹੋਇਆ ਹੈ। ਉਹ ਆਪ ਕਾਲ ਤੋਂ ਰਹਿਤ ਹੈ। ਸਮੇਂ ਦੇ ਆਦਿ ਵੇਲੇ ਉਹੀ ਸੀ, ਸਮੇਂ ਤੋਂ ਪਹਿਲਾਂ ਵੀ ਉਹੀ ਸੀ। ਜੁਗਾਂ ਦੇ ਮੁੱਢ ਵੇਲੇ ਉਹੀ ਸੀ, ਹੁਣ ਵੀ ਉਹੀ ਹੈ ਅਤੇ ਭਵਿੱਖ ਵਿਚ ਵੀ ਉਹ ਸੱਚ (ਅਕਾਲ ਪੁਰਖ) ਰਹੇਗਾ। ਅਫੁਰ ਤੋਂ ਸਫੁਰ ਅਵਸਥਾ ਹੋਈ ਅਤੇ ਨਿਰਾਕਾਰ ਪ੍ਰਭੂ ਅਕਾਰ ਸਹਿਤ ਹੋਇਆ। ਨਿਰਗੁਣ, ਨਿਰਕਾਰ, ਤੋਂ ਸਰਗੁਣ ਤੇ ਸਾਕਾਰ ਹੋਇਆ। ਜਿਸ ਦੇ ਏਕੋ ਕਵਾਉ (ਹੁਕਮ) ਤੋਂ ਸਾਰਾ ਪਸਾਰਾ, ਜਲ, ਧਰਤੀ, ਸੂਰਜ ਚੰਦ

ਅਤੇ ਬ੍ਰਹਿਮੰਡ ਆਦਿ ਹੋਂਦ ਵਿਚ ਆਏ। ਗੁਰਬਾਣੀ ਨੇ ਇਕ ਨਹੀਂ ਅਨੇਕਾਂ, ਕਰੋੜਾਂ ਬ੍ਰਹਿਮੰਡਾਂ ਦੀ ਗੱਲ ਕਹੀ ਹੈ। ਅਸੀਂ ਸਾਡੇ ਇਸ ਇਕ ਬ੍ਰਹਿਮੰਡ ਨੂੰ ਅਤੇ ਇਸਦੇ ਨਿਯਮਾਂ/ਨੇਮਾਂ ਨੂੰ ਸਮਝਣ ਲਈ ਤਰਲੋ ਮੱਛੀ ਹੋ ਰਹੇ ਹਾਂ।

ਬਾਈਬਲ ਅਨੁਸਾਰ ਪਰਮੇਸ਼ਰ ਨੇ ਲੜੀਵਾਰ ਛੇ ਦਿਨ ਰਚਨਾ ਕੀਤੀ। ਪਹਿਲੇ ਦਿਨ ਚਾਨਣ ਤੇ ਹਨੇਰਾ ਦੂਜੇ ਦਿਨ ਆਕਾਸ਼ ਰਚਿਆ। ਤੀਜੇ ਦਿਨ ਧਰਤੀ, ਸਮੁੰਦਰ, ਘਾਹ, ਸਾਗ ਪੱਤੇ ਅਤੇ ਫਲਦਾਰ ਦਰਖਤ ਉਗਾਏ। ਚੌਥੇ ਦਿਨ ਸੂਰਜ, ਚੰਨ ਅਤੇ ਤਾਰੇ ਬਣਾ ਕੇ ਆਕਾਸ਼ ਵਿਚ ਸਜਾਏ। ਪੰਜਵੇਂ ਦਿਨ ਪਾਣੀ ਵਿਚ ਰਹਿਣ ਵਾਲੇ ਪ੍ਰਾਣੀ ਤੇ ਪੰਛੀ ਬਣਾਏ। ਛੇਵੇਂ ਦਿਨ ਉਸ ਨੇ ਡੰਗਰ ਪਸ਼ੂਆਂ ਨੂੰ ਅਤੇ ਘਿਸਰਨ ਵਾਲੇ ਪ੍ਰਾਣੀਆਂ ਨੂੰ ਬਣਾਇਆ। ਇਸ ਦਿਨ ਪਰਮੇਸ਼ਰ ਨੇ ਨਰ ਤੇ ਨਾਰੀ ਨੂੰ ਪੈਦਾ ਕੀਤਾ। ਸਤਵੇਂ ਦਿਨ ਅਰਾਮ ਕੀਤਾ। ਗੁਰਬਾਣੀ ਛੇ ਦਿਨਾਂ ਵਿਚ ਕੀਤੇ ਪਸਾਰੇ ਨੂੰ ਨਹੀਂ ਮੰਨਦੀ ਨਾ ਹੀ ਕਿਸੇ ਖਾਸ ਦਿਨ, ਮੁਹਰਤ, ਵਾਰ ਨੂੰ ਪਵਿੱਤਰ ਮੰਨਦੀ ਹੈ। ਮੂਰਖ ਲੋਕ ਥਿਤ ਵਾਰ ਦੀ ਵੀਚਾਰ ਕਰਦੇ ਹਨ। ਅਜਿਹੇ ਰਚਨਹਾਰ ਅਕਾਲ ਪੁਰਖ ਦਾ ਕੋਈ ਵੇਦ, ਕਤੇਬ (ਬਾਈਬਲ, ਕੁਰਾਨ) ਜੋਗੀ ਆਦਿ ਕੋਈ ਧਰਮ ਗ੍ਰੰਥ ਲੇਖਾ ਲਿਖ ਹੀ ਨਹੀਂ ਸਕਦਾ।

ਇਸਲਾਮ ਈਸਾ ਮਸੀਹ ਨੂੰ ਨਾ ਤਾਂ ਖ਼ੁਦਾ ਮੰਨਦਾ ਹੈ ਨਾ ਹੀ ਖ਼ੁਦਾ ਦਾ ਪੁੱਤਰ। ਕਿਉਂ ਕਿ ਖ਼ੁਦਾ ਸਿਰਫ ਇਕ ਹੈ। ਈਸਾ ਨੂੰ ਨਬੀ ਨਹੀਂ ਕਿਹਾ ਜਾ ਸਕਦਾ ਹੈ। ਨਾ ਹੀ ਇਸਲਾਮ ਈਸਾ ਦਾ ਸਲੀਬ ਤੇ ਟੰਗੇ ਜਾਣਾ ਮੰਨਦਾ ਹੈ ਬਲਕਿ ਈਸਾ ਉੱਪਰ ਵੱਲ ਉਠਾਏ ਗਏ ਸਨ। ਈਸਾਈ ਮਤ ਵਾਲੇ ਈਸਾ ਨੂੰ ਖ਼ੁਦਾ ਦਾ ਪੁੱਤਰ ਮੰਨਦੇ ਹਨ ਕਿਉਂਕਿ ਉਹ ਕੁਆਰੀ ਮਰੀਅਮ ਦੀ ਕੁੱਖੋ ਪਵਿੱਤਰ ਆਤਮਾ ਰਾਹੀਂ ਗਰਭਵਤੀ ਹੋਈ ਸੀ। ਜੇਕਰ ਈਸਾ ਦਾ ਕੋਈ ਪਿਤਾ ਨਹੀਂ ਹੈ ਤਾਂ ਇਸ ਹਿਸਾਬ ਨਾਲ ਤਾਂ ਬਾਬਾ ਆਦਮ ਦੀ ਵੀ ਨਾ ਮਾਤਾ ਸੀ ਨਾ ਪਿਤਾ ਕਿਉਂ ਕਿ ਪਰਮੇਸ਼ਰ ਨੇ ਆਦਮ ਨੂੰ ਸਿਰਜਿਆ ਸੀ। ਸੋ ਫਿਰ ਤਾਂ ਬਾਬਾ ਆਦਮ ਵੱਡੇ ਖ਼ੁਦਾ ਹੋਏ। ਆਦਮ ਦਾ ਕੋਈ ਵੱਡਾ ਪਿਤਾ ਨਹੀਂ ਸੀ ਇਹ ਬਾਈਬਲ ਵੀ ਮੰਨਦੀ ਹੈ। ਈਸਾਈ ਲੋਕ ਈਸਾ ਦੇ ਦੁਬਾਰਾ ਆਉਣ ਦੇ ਕਿਆਸ ਤੇ ਬੈਠੇ ਹਨ।

ਇਸਲਾਮ ਵਿਚ ਖ਼ੁਦਾ ਦਾ ਸਰੂਪ ਅਜਿਹਾ ਬਿਆਨਿਆ ਗਿਆ ਹੈ, ਜਿਸਦੀ ਕੋਈ ਸੰਤਾਨ ਨਹੀਂ, ਨਾ ਹੀ ਉਹ ਕਿਸੇ ਦਾ ਪਿਤਾ ਹੈ। ਨਾ ਉਹ ਕਣ-ਕਣ ਦੇ ਅੰਦਰ ਹੈ। ਕੁਰਾਨ ਦੀਆਂ ਆਇਤਾਂ ਦੱਸਦੀਆਂ ਹਨ ਕਿ

ਅੱਲ੍ਹਾ ਸਾਰੀ ਰਚਨਾ ਕਰ ਸਕਦਾ ਹੈ। ਉਸ ਨੇ ਇਨਸਾਨ ਨੂੰ ਬਣਾਇਆ ਹੈ। ਉਸਨੇ ਮਾਤਾ ਤੇ ਪਿਤਾ ਦੇ ਸੰਜੋਗ ਰਾਹੀਂ ਬੱਚੇ ਨੂੰ ਪੈਦਾ ਕੀਤਾ ਹੈ। ਫਿਰ ਵੀ ਇਨਸਾਨ, ਇਨਸਾਨ ਦੀ ਹੀ ਸੰਤਾਨ ਹੈ ਅੱਲ੍ਹਾ ਦੀ ਨਹੀਂ। ਸਿੱਖਮਤਿ ਦਾ ਸਿਧਾਂਤ ਇਸਦੇ ਐਨ ਵਿਪਰੀਤ ਹੈ। ਗੁਰਮਤਿ ਅਨੁਸਾਰ ਪਰਮਾਤਮਾ ਹਰ ਘਟਿ ਅੰਦਰ ਹੈ। ਉਹੀ ਮਾਤਾ-ਪਿਤਾ ਹੈ, ਸਾਰੇ ਉਸ ਦੇ ਬਾਰਿਕ (ਬੱਚੇ) ਹਨ। ਇਸਲਾਮ ਅਨੁਸਾਰ ਅੱਲਾਹ ਨੂੰ ਭੁੱਖ ਪਿਆਸ ਨਹੀਂ ਲੱਗਦੀ ਪਰੰਤੂ ਗੁਰਮਤਿ ਅਨੁਸਾਰ ਪਰਮੇਸ਼ਰ ਭਾਉ ਅਤੇ ਭਗਤ ਦਾ ਭੁੱਖਾ ਹੈ। ਉਹ ਭਗਤਾਂ ਦੇ ਅੰਗ ਸੰਗ ਰਹਿੰਦਾ ਹੈ। ਜਿਸਨੇ ਵੀ ਪ੍ਰੇਮ ਕੀਤਾ ਉਸ ਨੇ ਹੀ ਪ੍ਰਭੂ ਪਾ ਲਿਆ।

ਇਤਿਹਾਸਿਕ ਕਾਲਕ੍ਰਮ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਚਨਾ ਕਾਲ 1173 ਈ. ਤੋਂ 1266 ਈ. ਤਕ ਹੋਏ ਬਾਬਾ ਫਰੀਦ ਜੀ ਤੋਂ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1469 ਈ. ਤੋਂ 1539 ਈ. ਤਕ ਹੀ ਬ੍ਰਹਿਮੰਡ ਦੇ ਪਸਾਰੇ, ਅਕਾਲ ਪੁਰਖ ਦੇ ਰਚਨਾ ਕਰਨ ਦੇ ਢੰਗ ਨਿਯਮ ਕੁਦਰਤ ਦੇ ਪਸਾਰੇ ਤੇ ਵਰਤਾਰੇ ਸੰਬੰਧੀ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰ ਦਿੱਤੀਆਂ ਹਨ। ਉਸ ਸਮੇਂ ਅਜੇ ਨਾ ਕੋਈ ਦੂਰਬੀਨ, ਨਾ ਮਾਈਕਰੋ ਸਕੋਪ, ਨਾ ਸੈਟੇਲਾਈਟ, ਨਾ ਕੈਮਰੇ, ਨਾ ਹੋਰ ਅਜਿਹੇ ਵਿਗਿਆਨਕ ਸੰਦ ਈਜ਼ਾਦ ਕੀਤੇ ਗਏ ਸਨ। ਗੁਰੂ ਸਾਹਿਬ ਤਾਂ ਭਾਵੇਂ ਅੰਦਰ ਵੇਖਦੇ ਭਾਵੇਂ ਬਾਹਰ ਵੇਖਦੇ ਹੋਣ ਸਹਿਜ ਸੁਭਾ ਹੀ ਬ੍ਰਹਿਮੰਡੀ ਪਸਾਰੇ ਦੀ ਸੋਝੀ ਬਿਆਨ ਕਰ ਜਾਂਦੇ ਹਨ। ਉਸ ਸਮੇਂ ਅਜੇ ਆਧੁਨਿਕ ਵਿਗਿਆਨ ਵੀ ਨਹੀਂ ਸੀ, ਅੰਧਾ ਯੁੱਗ ਹੀ ਸੀ।

ਗੁਰੂ ਸਾਹਿਬ ਨੇ ਅਨੇਕਾਂ ਸ਼ਬਦਾਂ ਅਤੇ ਜਪੁ ਜੀ ਵਿਚ ਵੀ ਇਸ ਧਰਤੀ ਤੋਂ ਪਰ੍ਹੇ ਕਈ ਹੋਰ ਧਰਤੀਆਂ ਹੋਣ ਅਤੇ ਲੱਖਾਂ ਪਾਤਾਲਾਂ ਤੇ ਲੱਖਾਂ ਆਕਾਸ਼ਾਂ ਦੀ ਹੋਂਦ ਬਾਰੇ ਦੱਸ ਕੇ ਗੱਲ ਨਿਬੇੜ ਦਿੱਤੀ ਹੈ। ਗੁਰੂ ਸਾਹਿਬ ਨੇ ਕਿੰਨੇ ਹੀ ਇੰਦ, ਚੰਦ ਅਤੇ ਸੂਰ (ਸੂਰਜ) ਹੋਣ ਦੀ ਪੁਸ਼ਟੀ ਵੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਭਾਰਤੀ ਪਰੰਪਰਾ ਵਿਚ ਸਦੀਆਂ ਤੋਂ ਵਰਤੇ ਜਾਂਦੇ ਚੁਰਾਸੀ ਲੱਖ ਜੂਨਾਂ ਦੇ ਜੀਵਾਂ ਦੇ ਸੰਕਲਪ ਅਤੇ ਧਰਤੀ ਦੇ ਕਿਸੇ ਧੌਲ (ਬਲਦ) ਦੇ ਸਿੰਗਾਂ ਉਤੇ ਖੜ੍ਹੇ ਹੋਣ ਦੀ ਗੱਲ ਦਾ ਵੀ ਖੰਡਨ ਕੀਤਾ ਹੈ। ਧੌਲ (ਬਲਦ) ਦੀ ਥਾਂ ਉਹਨਾਂ ਨੇ ਧਰਮ (ਜਾਂ ਨਿਯਮ) ਦੇ ਆਸਰੇ ਧਰਤੀ ਨੂੰ ਖੜ੍ਹੀ ਕਿਹਾ। ਗੁਰੂ ਸਾਹਿਬ ਸਦਾ ਗਿਣਤੀਆਂ, ਮਿਣਤੀਆਂ, ਵਿਚ ਪੈਣ ਤੋਂ ਸੰਕੋਚ ਕਰਦੇ ਹਨ। ਆਪ ਨੇ ਕੇਤੇ, ਅਸੰਖ, ਲਖ, ਕੋਟਿ, ਆਦਿ ਸ਼ਬਦ ਵਰਤੇ। ਚਾਰ ਯੁੱਗਾਂ ਦੇ ਨਾਲ-ਨਾਲ ਕੇਤੜਿਆ ਯੁੱਗ, ਛਤੀਹ ਯੁੱਗ ਆਦਿ ਸ਼ਬਦ ਸਮੇਂ ਦੀ ਅਸੀਮਤਾ ਨੂੰ ਪ੍ਰਗਟ ਕਰਨ ਲਈ ਵਰਤੇ।

ਵਿਗਿਆਨ ਨੇ ਅਜੇ ਕੁਝ ਨਾਮ ਮਾਤਰ ਝਲਕਾਂ ਹੀ ਬ੍ਰਹਿਮੰਡੀ ਪਸਾਰੇ ਦੀਆਂ ਵੇਖੀਆਂ ਅਤੇ ਤਸਦੀਕ ਕੀਤੀਆਂ ਹਨ। ਅਜੇ ਇਸ ਦੀਆਂ ਖੋਜਾਂ ਲਗਾਤਾਰ ਜਾਰੀ ਹਨ। ਕਦੀ ਚੰਨ ਉਪਰ ਕਦੀ ਮੰਗਲ ਗ੍ਰਹਿ ਉਪਰ ਨਵੇਂ-ਨਵੇਂ ਤਜ਼ਰਬੇ ਤੇ ਪ੍ਰਯੋਗ ਅਜੋਕੀ ਵਿਗਿਆਨ ਕਰ ਰਹੀ ਹੈ। ਇਸਲਾਮ ਵਿਚ ਸਤਵੇਂ ਆਸਮਾਨ ਉੱਪਰ ਖ਼ੁਦਾ ਦਾ ਬਿਰਾਜ਼ਮਾਨ ਹੋਣਾ ਤਸੱਵਰ ਕੀਤਾ ਜਾਂਦਾ ਹੈ। ਪਰੰਤੂ ਜਾਹਰ ਪੀਰ ਜਗਤ ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਅੱਖ ਦੇ ਇਕ ਫੋਰ (ਫਰਕਣ) ਵਿਚ ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਸਭ ਕੁਝ ਵਿਖਾ ਦਿੱਤਾ ਸੀ। ਗੁਰੂ ਸਾਹਿਬ ਨੇ ਲੱਖਾਂ ਖੰਡਾਂ-ਬਹਿਮੰਡਾ ਦੀ ਸੈਰ ਅੱਖ ਦੇ ਇਕ ਫੋਰ ਵਿਚ ਉਸਨੂੰ ਕਰਵਾ ਦਿੱਤੀ। ਗੁਰੂ ਸਾਹਿਬ ਨੇ ਇਹ ਚੋਜ਼ ਉਸ ਪੀਰ ਦਸਤਗੀਰ ਦੇ 'ਸਤ ਆਕਾਸ਼ ਸਤ ਪਾਤਾਲ' ਦੀ ਸੀਮਤ ਮਨੌਤ ਅਤੇ ਗਿਆਨ ਦੀ ਤਸੱਲੀ ਕਰਾਉਣ ਲਈ ਰਚਿਆ ਸੀ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਪੂਰਵੀ ਜਾਂ ਪੱਛਮੀ ਧਰਮ, ਇਤਿਹਾਸ ਜਾਂ ਮਿਥਿਹਾਸ ਦੀ ਕਿਸੇ ਕਪੋਲ ਕਲਪਨਾ ਨੂੰ ਬ੍ਰਹਿਮੰਡ ਦੀ ਰਚਨਾ ਦਾ ਕੇਂਦਰ ਬਿੰਦੂ ਨਹੀਂ ਮੰਨਿਆ। ਨਾ ਛੇ ਦਿਨਾਂ ਵਿਚ ਸ੍ਰਿਸ਼ਟੀ ਦਾ ਵਿਚਾਰ, ਨਾ ਆਦਮ ਤੇ ਹਵਾ ਦੀ ਕਹਾਣੀ, ਨਾ ਅਸਲੀ ਮੂਲ ਪਾਪ (Original sin) ਦੀ ਕਥਾ, ਨਾ 'ਤ੍ਰਿ-ਏਕਤਾ', ਨਾ 'ਤ੍ਰਿ-ਮੂਰਤੀ' ਦਾ ਸਿਧਾਂਤ ਅਤੇ ਨਾ ਹੀ 'ਤ੍ਰਿ-ਦੇਵ' ਦੀ ਸਮਰੱਥਾ ਇਸ ਕਾਬਲ ਹੈ ਕਿ ਉਹ ਸ੍ਰਿਸ਼ਟੀ ਰਚਨਾ ਕਰ ਸਕੇ। ਗੁਰਬਾਣੀ ਅਜਿਹੇ ਸਾਰੇ ਵਿਸ਼ਵਾਸਾਂ ਧਾਰਨਾਵਾਂ ਅਤੇ ਮਾਨਿਅਤਾਵਾਂ ਤੇ ਦਾਵਿਆਂ ਨੂੰ ਮੁੱਢੋਂ ਹੀ ਰੱਦ ਕਰਦੀ ਹੈ।

**4.** ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਦਾ ਅਧਿਐਨ ਕਰਨਾ ਹੈ। ਭਾਈ ਰਣਧੀਰ ਸਿੰਘ ਦੇ ਧਾਰਮਿਕ ਅਨੁਭਵ ਨੂੰ ਸਮਝਣ ਲਈ ਕੁਝ ਵਿਸ਼ੇਸ਼ ਕੇਸ ਲਈ ਮਹੱਤਵਪੂਰਨ ਹਨ। ਭਾਈ ਸਾਹਿਬ ਨੂੰ ਵੱਖ-ਵੱਖ ਜੇਲ੍ਹਾਂ ਵਿਚ ਬੈਠਿਆਂ ਨੂੰ ਗੁਰਮੁਖ ਵਡਭਾਗੀਆਂ ਰੂਹਾਂ ਆਪਣੇ ਅਕਾਲ ਚਲਾਣੇ ਸਮੇਂ ਦਰਸ-ਦੀਦਾਰ ਦੇ ਕੇ ਗਈਆਂ। ਇਹ ਅਨੁਭਵ ਵੀ ਭਾਈ ਸਾਹਿਬ ਨੇ ਸਪੱਸ਼ਟ ਬਿਆਨੇ ਹਨ। 16 ਅਪ੍ਰੈਲ 1961 ਈ. ਨੂੰ ਆਪ ਨੇ ਸਭ ਨੂੰ ਆਖਰੀ ਫਤਿਹ ਬੁਲਾਈ ਅਤੇ ਵੇਖਦਿਆਂ ਹੀ ਤਿੰਨ ਵਾਰ ਵਾਹਿਗੁਰੂ ਸ਼ਬਦ ਉਚਾਰ ਕੇ ਸਾਢੇ ਸੱਤ ਵਜੇ ਆਪ 83 ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਭਾਈ ਰਣਧੀਰ ਸਿੰਘ ਜੀ ਨਾਮ ਰੰਗ ਵਿਚ ਰੰਗੀ ਹੋਈ ਅਨੁਭਵੀ ਸ਼ਖਸੀਅਤ

ਸਨ। ਆਪ ਦਾ ਆਦਰਸ਼ਕ ਗੁਰਮਤਿ-ਜੀਵਨ ਗੁਰਸਿੱਖਾਂ ਲਈ ਚਾਨਣ-ਮੁਨਾਰੇ ਵਾਂਗ ਰੌਸ਼ਨੀ ਅਤੇ ਅਗਵਾਈ ਹਮੇਸ਼ਾ ਕਰਦਾ ਰਹੇਗਾ।

**5.** ਅਸੀਂ ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ ਉਹਨਾਂ ਦੀਆਂ ਰਚਨਾਵਾਂ ਦੇ ਆਧਾਰ ਉਪਰ ਘੋਖਿਆ ਹੈ। ਇਸ ਉਦੇਸ਼ ਤਹਿਤ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦੇ ਨਾਲ ਹੀ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ ਸੁਰਗ, ਧਰਮ ਰਾਇ, ਧਰਮ ਰਾਇ ਦੀ ਦਰਗਾਹ, ਜਮਦੂਤਾਂ ਅਤੇ ਜਮਪੁਰੀ ਦੀ ਹੋਂਦ ਬਾਰੇ ਅਧਿਐਨ ਕੀਤਾ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਰਾਹੀਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣ ਦੇ ਪ੍ਰਮਾਣਾਂ ਦੇ ਨਾਲ-ਨਾਲ ਜਮ ਅਤੇ ਮੌਤ ਵਿਚ ਅੰਤਰ ਵੀ ਸਮਝਿਆ ਹੈ। ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਗੁਰਮਤਿ ਦੇ ਵਿਸ਼ਿਆਂ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਅਨੁਭਵੀ ਵਿਆਖਿਆ ਕੀਤੀ ਹੈ। ਦਸਮ ਦੁਆਰ ਖੁੱਲ੍ਹਣ ਦੀਆਂ ਨਿਸ਼ਾਨੀਆਂ ਤੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਅਨੁਭਵ ਅਤੇ ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਰਾਹੀਂ ਭਾਈ ਸਾਹਿਬ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ।

**5.1. ਅਗਲਾ ਜਹਾਨ :** ਅਗਲੇ ਜਹਾਨ ਵਿਚ ਅਕਾਲ ਪੁਰਖ ਦੀ ਦਰਗਾਹ ਹੈ। ਨਾਸਤਕ ਲੋਕ ਜੋ ਵਾਹਿਗੁਰੂ ਨੂੰ ਹੀ ਨਹੀਂ ਮੰਨਦੇ ਉਹਨਾਂ ਨਾ ਮੰਨਣ ਵਾਲੇ ਲੋਕਾਂ ਪ੍ਰਤੀ ਟਿੱਪਣੀ ਕਰਦਿਆਂ ਭਾਈ ਸਾਹਿਬ ਨੇ ਦੱਸਿਆ ਹੈ ਕਿ ਵਾਹਿਗੁਰੂ, ਅਕਾਲ ਪੁਰਖ ਦੀ ਹਸਤੀ ਨੂੰ ਜੇ ਉਹ ਬੱਧੇਰੁੱਧੇ ਮੰਨ ਵੀ ਜਾਣ ਤਾਂ ਵੀ ਉਹ ਅਕਾਲ ਪੁਰਖ ਦੀ ਦਰਗਾਹ ਨੂੰ ਉਕਾ ਹੀ ਨਹੀਂ ਮੰਨਦੇ। ਅੱਗੇ ਨੂੰ ਜਾਂ ਅਗਲੀ ਅਗੰਮ ਵੱਸਦੀ ਦੁਨੀਆ ਨੂੰ ਤਾਂ ਉਹ ਅਜੇ ਵੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨ ਕੋਈ ਅੱਗਾ ਹੈ, ਨ ਅਗਲੀ ਦੁਨੀਆ ਹੈ, ਨ ਕੋਈ ਕਰਮਾਂ ਦਾ ਵੀਚਾਰ ਹੈ ਤੇ ਨ ਕੋਈ ਲੇਖਾ ਲੈਣਹਾਰ ਹੈ, ਨ ਧਰਮਰਾਇ ਹੈ, ਨ ਕੋਈ ਜਮ-ਜੰਦਾਰਾ ਹੈ, ਨਾ ਕੋਈ ਨਰਕ ਹੈ ਨਾ ਸੁਰਗ ਹੈ, ਐਵੇਂ ਸਭ ਖਾਮ ਖਿਆਲੀਆਂ ਹੀ ਹਨ। ਪਰ ਗੁਰਸਿੱਖਾਂ ਨੂੰ ਇਨ੍ਹਾਂ ਗੱਲਾਂ ਦੇ ਮੰਨਣੋਂ ਨਾਹ ਕਰਨ ਲਈ ਕੋਈ ਥਾਉਂ ਨਹੀਂ, ਜੇਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ।

ਗੁਰਬਾਣੀ ਅਨੁਸਾਰ ਅੱਗਾ ਹੈ, ਪਰ ਅੱਗੇ ਜਾ ਕੇ ਵੱਸਣਾ ਉਹਨਾਂ ਗੁਰਮੁਖਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਇਸ ਦੁਨੀਆ ਵਿਚ ਰਹਿ ਕੇ ਗੁਰਮਤਿ ਨਾਮ ਅਭਿਆਸ ਕਮਾਈ ਕੀਤੀ ਹੈ। ਕੇਵਲ 'ਅੱਗਾ' ਹੈ ਹੀ ਨਹੀਂ, ਸਗੋਂ 'ਅੱਗਾ' ਉਹ ਸੱਚਾ ਅਸਥਾਨ ਹੈ, ਜਿੱਥੇ ਜਾ ਕੇ ਅਸੀਂ ਵਸਣਾ ਹੈ, ਇਹ ਦੁਨੀਆ ਛੱਡ ਕੇ ਜਾ ਕੇ ਵਸਣਾ ਹੈ। ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿੱਜ ਘਰ, ਆਪਣੀ ਨਿੱਜ ਕਾਇਆ (ਸਰੀਰ) ਅੰਦਰ ਹੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਅਤੇ ਫਿਰ ਉਹਨਾਂ ਦਾ ਇਸ ਸੰਸਾਰ ਵਿਚ ਫੇਰਾ ਅਰਥਾਤ ਆਉਣਾ ਜਾਣਾ ਨਹੀਂ ਹੁੰਦਾ। ਭਾਈ ਸਾਹਿਬ ਨੇ ਗੁਰਬਾਣੀ ਦੇ ਆਧਾਰ ਤੇ ਹੇਠ ਲਿਖੀਆਂ ਸਚਾਈਆਂ ਦੱਸੀਆਂ ਹਨ ਜੋ ਅਵੱਸ਼ ਮਨਮੁਖ ਬੰਦੇ ਦੇ ਸਿਰ ਤੇ ਖੜੀਆਂ ਹਨ ਤੇ ਹੋ ਕੇ ਰਹਿਣਗੀਆਂ:

(ੳ) ਅੱਗੇ ਅਕਾਲ ਪੁਰਖ ਦੀ ਦਰਗਾਹ ਹੈ।

(ਅ) ਉਥੇ ਜਾਣਾ ਪੈਣਾ ਹੈ ਅਤੇ ਮਨਮੁਖਤਾ ਦਾ ਲੇਖਾ ਦੇਣਾ ਪੈਣਾ ਹੈ।

(ੲ) ਉਥੇ ਮਿਲੀ ਸਜਾ ਜਰੂਰ ਭੁਗਤਣੀ ਪੈਂਦੀ ਹੈ।

(ਸ) ਸਜਾ ਮਿਲੇਗੀ, ਟਲਣੀ ਨਹੀਂ।

(ਹ) ਹਉਮੈ ਅਤੇ ਮਨਮੁਖਤਾ ਦੇ ਕਾਰਣ ਬਿਨਸਦੇ ਜਗਤ ਨੂੰ ਆਵਾਗਵਨ ਵਿਚ ਪੈਣਾ ਪੈਂਦਾ ਹੈ।

(ਕ) ਆਵਾਗਵਨ ਗੁਰਮਤਿ ਦਾ ਮੰਨਿਆ ਹੋਇਆ ਸਿਧਾਂਤ ਹੈ। ਇਸ ਸਿਧਾਂਤ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ।

ਜਿਹੜੇ ਅਗਲੇ ਜਹਾਨ ਅਤੇ ਅਕਾਲ ਪੁਰਖ ਦੀ ਦਰਗਾਹ ਨੂੰ ਨਹੀਂ ਮੰਨਦੇ ਉਹਨਾਂ ਦੀ ਸੋਚਣੀ ਹੁੰਦੀ ਹੈ ਜਦੋਂ ਵਿਅਕਤੀ ਮਰ ਜਾਂਦਾ ਹੈ ਤਾਂ ਪੰਜਾਂ ਤੱਤਾਂ ਦੀ ਬਣੀ ਇਹ ਦੇਹੀ ਇੱਥੇ ਹੀ ਰਹਿ ਜਾਂਦੀ ਹੈ, ਤਾਂ ਫਿਰ ਅੱਗੇ ਜਾ ਕੇ ਸੱਚੇ ਦਰਬਾਰ ਅੰਦਰ ਮਾਰ ਕਿਹਨੂੰ ਪੈਂਦੀ ਹੈ? ਇਹ ਸਭ ਮਹਿਜ਼ ਦ੍ਰਿਸ਼ਟਾਂਤ ਹਨ ਪਰੰਤੂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਮੁਤਾਬਕ ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁੱਟ ਇਕ ਹੋਰ ਸੂਖਮ ਸਰੀਰ ਵੀ ਹੈ, ਜੋ ਇਹ ਸਰੀਰ (ਅਸਥੂਲ) ਛੱਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ। ਦੁਖ ਸੁਖ ਤਾਂ ਸਾਡਾ ਆਤਮੀ ਸੂਖਮ ਸਰੀਰ ਹੀ ਮਹਿਸੂਸ ਕਰਦਾ ਹੈ। ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ-ਆਤਮਾ ਤੋਂ ਵਿਛੜਿਆ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ। ਉਸ ਨੂੰ

ਚਾਹੇ ਚੀਰੋ ਫਾੜੋ ਅਤੇ ਅਗਨੀ ਵਿਚ ਦਾਹ ਕਰੋ। ਤਾਂ ਤੇ ਸਿਧ ਹੋਇਆ ਕਿ ਮਰਨ ਸਾਰ ਸਰੀਰ ਵਿਚੋਂ ਨਿਰੀ ਫੋਕੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ ਤੇ ਉਹ ਜਨਮ ਜਨਮਾਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਉਹੀ ਜਮਦਰ ਬੱਧੀ ਚੋਟਾਂ ਖਾਂਦੀ ਹੈ।

ਪੁੰਨ-ਪਾਪ ਸਿਰਫ ਕਹਿਣ ਮਾਤਰ ਹੀ ਨਹੀਂ ਹਨ ਮਤ ਕੋਈ ਸਮਝੇ ਕਿ ਇਹ ਮਹਿਜ਼ ਡਰਾਵੇ ਹਨ ਲੋਕਾਂ ਨੂੰ ਸਹੀ ਰਸਤੇ ਲਿਆਉਣ ਲਈ, ਨਹੀਂ ਸਗੋਂ ਉਸ ਸੱਚੇ ਦਰਬਾਰ ਵਿਖੇ ਤਾਂ ਇਕ ਇਕ ਕਰਮ ਦੀ ਵਿਚਾਰ ਕੀਤੀ ਜਾਂਦੀ ਹੈ। ਜਿਨ੍ਹਾਂ ਗੁਰਮੁਖਾਂ ਨੇ ਹੁਕਮ ਪਛਾਣਿਆ ਅਤੇ ਸਭ ਸੱਚ ਕਰ ਮੰਨਿਆ ਹੈ ਸੋਈ ਹੁਕਮ ਕਮਾਉਣ ਵਾਲੇ, ਨਾਮ ਧਿਆਉਣੇ ਅਗਲੀ ਦਰਗਾਹ ਵਿਖੇ ਲੇਖਾ ਦੇਣ ਤੋਂ ਛੁੱਟ ਜਾਂਦੇ ਹਨ।

**5.2. ਨਰਕ ਸੁਰਗ** : ਭਾਈ ਰਣਧੀਰ ਸਿੰਘ ਅਨੁਸਾਰ ਨਰਕ ਸੁਰਗ ਵੱਖੋ ਵੱਖਰੇ ਤਬਕੇ ਅਣਦਿਸਦੀ ਦੁਨੀਆ ਵਿਚ ਮੌਜੂਦ ਹਨ। ਜੋ ਤਸਦੀਕ ਇਸ ਪ੍ਰਤ੍ਰੋਤਾ ਲਈ ਗੁਰਬਾਣੀ ਦਿੰਦੀ ਹੈ, ਉਹ ਸਾਡੇ ਤ੍ਰਿਕਾਲ ਦਰਸੀ ਗੁਰੂ ਸਾਹਿਬਾਨ ਨੇ ਆਪਣੇ ਅੱਖੀਂ ਪੇਖੀ ਪਰਖੀ ਹੈ। ਕਈ ਲੋਕ ਇੱਥੇ ਮਾੜੇ ਕੰਮ ਕਰਦੇ ਹਨ ਤਾਂ ਵੀ ਸੁੱਖ ਭਗਦੇ ਹਨ ਪਰੰਤੂ ਇਹ ਸੁੱਖ ਉਹਨਾਂ ਦੇ ਪਿਛਲੇ ਕਰਮਾਂ ਕਾਰਨ ਉਹਨਾਂ ਨੂੰ ਨਸੀਬ ਹੁੰਦੇ ਹਨ। ਇਸ ਜਨਮ ਵਿਚ ਕੀਤੇ ਮਾੜੇ ਕਰਮਾਂ ਦਾ ਲੇਖਾ ਅੱਗੇ ਜਾ ਕੇ ਦੇਣਾ ਪਵੇਗਾ। ਮਾੜੇ ਕਰਮ ਕਰਣਹਾਰੇ ਪਾਪੀ ਦੁਸ਼ਟ ਹੀ ਅਜਿਹੇ ਨਰਕਾਂ ਵਿਚ ਪੈਣਗੇ। ਅਸਲ ਵਿਚ ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ ਸਭ ਖੋਟੇ ਖਰੇ ਪਰਖੇ ਜਾਂਦੇ ਹਨ। ਉਥੇ ਨਿਆਂ ਪੂਰਨ ਨਿਬੇੜਾ ਹੁੰਦਾ ਹੈ। ਖੋਟਿਆਂ (ਮਨਮੁਖਾਂ) ਨੂੰ ਖੁਆਰ ਕਰਕੇ ਦਰਗਾਹ ਤੋਂ ਬਾਹਰ ਸੁੱਟਿਆ ਜਾਂਦਾ ਹੈ ਅਤੇ ਉਲਟੇ ਭਾਰ ਨਰਕਾਂ ਵਿਚ ਲਟਕਾਇਆਂ ਜਾਂਦਾ ਹੈ ਜਿਸ ਕਰਕੇ ਉਹ ਉਚੀ ਉਚੀ ਕੂਕ ਪੁਕਾਰਾਂ ਕਰਦੇ ਹਨ, ਪਰ ਕੋਈ ਨਹੀਂ ਸੁਣਦਾ। ਜਿਸ ਜੀਵ ਨੇ ਹਰਿ ਨਾਮ ਨਾਲ ਪ੍ਰੀਤ ਨਹੀਂ ਪਾਈ ਉਹ ਭਾਵੇਂ ਅਨੇਕਾਂ ਕਰਮ ਕਰ ਲਵੇ ਅੰਤ ਨੂੰ ਨਰਕਾਂ ਵਿਚ ਜਾਵੇਗਾ। ਜਿਸ ਨੇ ਵੀ ਪਰਮਾਤਮਾ ਦਾ ਨਾਮ ਨਹੀਂ ਧਿਆਇਆ ਉਹ ਚੋਰਾਂ ਵਾਂਗ ਜਮਪੁਰੀ ਨੂੰ ਲਿਜਾਇਆ ਜਾਂਦਾ ਹੈ।

**5.3. ਧਰਮ ਰਾਇ ਦੀ ਦਰਗਾਹ** : ਭਾਈ ਸਾਹਿਬ ਨੇ ਆਪਣੇ ਧਾਰਮਿਕ ਅਨੁਭਵ ਦੇ ਆਧਾਰ ਤੇ ਦੱਸਿਆ ਹੈ ਕਿ ਧਰਮ ਰਾਇ ਦੀ ਦਰਗਾਹ ਵੀ ਅਗਲੇ ਜਹਾਨ ਅੰਦਰ ਮੌਜੂਦ ਹੈ। ਭਾਈ ਸਾਹਿਬ ਅਨੁਸਾਰ ਕੁਦਰਤ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ ਮੰਡਲ ਵੀ ਸਾਜਨਹਾਰੇ ਨੇ ਸਾਜਿਆ ਹੋਇਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ-ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ

ਦਾ ਥਾਪਿਆ ਧਰਮ ਰਾਇ ਬੈਠ ਕੇ ਨਿਆਂ ਕਰਦਾ ਹੈ। ਇਸ ਸਚੀ ਧਰਮਸਾਲ ਵਿਚ ਧਰਮ ਰਾਇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਕਰਦਾ ਹੈ। ਇਥੇ ਸੱਚਾ ਤੇ ਪੂਰਾ ਨਿਆਂ-ਨਿਬੇੜਾ (ਫੈਸਲਾ) ਹੁੰਦਾ ਹੈ। ਗੁਰਮੁਖਾਂ ਨੂੰ ਵਡਿਆਈ ਤੇ ਆਦਰ-ਮਾਨ ਮਿਲਦਾ ਹੈ ਪਰੰਤੂ ਮਨਮੁਖਾਂ ਨੂੰ ਦੰਡ ਤੇ ਸਜਾਵਾਂ ਮਿਲਦੀਆਂ ਹਨ। ਧਰਮ ਰਾਇ ਦੀ ਦਰਗਾਹ ਵਾਂਗ ਧਰਮ ਰਾਇ ਦੀ ਹਸਤੀ ਦਾ ਵੇਰਵਾ ਵੀ ਭਾਈ ਸਾਹਿਬ ਨੇ ਬਿਆਨਿਆ ਹੈ ਕਿ ਨਿਆਂ ਕਰਨ ਵਾਲਾ ਸੱਚਾ ਮੁਨਸਫ਼ ਧਰਮ-ਰਾਇ ਆਪ ਅਕਾਲ ਪੁਰਖ ਦਾ ਹੀ ਧਰਮ ਨਿਆਉਂ-ਕਲਾ ਸੰਪੰਨ ਥਾਪਿਆ ਹੋਇਆ ਡਿਪਟੀ ਹੁੰਦਾ ਹੈ। ਅਗਲੀ ਦਰਗਾਹ ਵਿਚ ਅਕਾਲ ਪੁਰਖ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮ ਰਾਇ ਦੇ ਪਾਸ ਵਹੀ ਰੱਖੀ ਹੋਈ ਹੈ, ਜਿਸ ਉੱਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਗੁਰਮਤਿ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮ ਰਾਇ ਦੀ ਦਰਗਾਹ ਵਿਚ ਤਲਬਾਂ ਜਰੂਰ ਪੈਣਗੀਆਂ। ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮ ਰਾਇ ਦੀ ਵਹੀ ਵਿਚ ਦਰਜ਼ ਹੈ, ਜਮਦੂਤ ਉਨ੍ਹਾਂ ਨੂੰ ਫੜ ਕੇ ਧਰਮ ਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਹਨਾਂ ਨੂੰ ਉਸ ਭੀੜੀ ਗਲੀ ਵਿਚੋਂ ਨੱਸਣ ਭੱਜਣ ਦਾ ਰਾਹ ਵੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਸਭ ਕੂੜਿਆਰ ਨਿਖੁਟ ਜਾਣਗੇ। ਗੁਰਬਾਣੀ ਵਿਚ ਜੋ ਕੁਝ ਵੀ ਉਚਾਰਣ ਹੋਇਆ ਹੈ, ਸੋ ਸਭ ਸੱਚ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਗੁਰਬਾਣੀ ਪ੍ਰਮਾਣਾਂ ਦੀ ਅਨੁਭਵੀ ਵਿਆਖਿਆ ਦੇ ਆਧਾਰ ਉੱਤੇ ਨਰਕ-ਸੁਰਗ ਵਾਂਗ ਧਰਮ ਰਾਇ ਦੀ ਦਰਗਾਹ ਅਤੇ ਧਰਮ ਰਾਇ ਦੀ ਹਸਤੀ ਵੀ ਦ੍ਰਿੜ ਵਿਸ਼ਵਾਸ ਨਾਲ ਸਿੱਧ ਕਰ ਵਿਖਾਈ ਹੈ।

**5.4. ਜਮਦੂਤ ਅਤੇ ਜਮਪੁਰੀ ਦੀ ਹੋਂਦ :** ਭਾਈ ਸਾਹਿਬ ਨੇ ਆਪਣੇ ਦ੍ਰਿੜ ਵਿਸ਼ਵਾਸ ਤੇ ਧਾਰਮਿਕ ਅਨੁਭਵ ਸਦਕਾ ਗੁਰਬਾਣੀ ਵਿਚੋਂ ਹੀ ਅਨੇਕਾਂ ਪ੍ਰਮਾਣਾਂ ਰਾਹੀਂ ਇਹ ਸਿੱਧ ਕੀਤਾ ਹੈ ਕਿ ਧਰਮ ਰਾਇ ਵਾਂਗ ਜਮਦੂਤ ਤੇ ਜਮਪੁਰੀ ਵੀ ਅਸਲ ਵਿਚ ਹਨ। ਇਹ ਕੋਈ ਮਹਿਜ਼ ਦ੍ਰਿਸ਼ਟਾਂਤ ਵਜੋਂ ਵਰਤੇ ਪ੍ਰਤੀਕ ਨਹੀਂ। ਜਿਨ੍ਹਾਂ ਗੁਰੂ ਪਿਆਰਿਆਂ ਨੂੰ ਇਹ ਦਿੱਬ-ਦ੍ਰਿਸ਼ਟੀ ਗੁਰੂ ਦੀ ਮਿਹਰ ਸਦਕਾ ਮਿਲੀ ਤਿਨ੍ਹਾਂ ਨੇ ਸਾਖਾਸ਼ਾਤ ਆਪਣੀ ਅੱਖੀਂ ਇਹ ਅਸਥਾਨ ਵੇਖੇ ਹਨ। ਭਾਈ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ ਵਿਚ ਨਾਮ ਦੇ ਪ੍ਰਤਾਪ ਨਾਲ ਜਮਾਂ ਤੋਂ ਦੁਖੀ ਦੋ-ਤਿੰਨ ਵਿਅਕਤੀਆਂ ਦੀ ਖਲਾਸੀ ਕਰਵਾਈ ਸੀ। ਭਾਈ ਸਾਹਿਬ ਨੇ ਇਸ ਬਾਰੇ ਨਿੱਜੀ ਅਨੁਭਵ ਵੀ ਪ੍ਰਗਟ ਕੀਤਾ ਹੈ ਜਿਸ ਵਿਚ ਉਹਨਾਂ ਨੇ ਜਮਾਂ ਨੂੰ ਦੇਖ ਕੇ ਦੁਹਾਈਆਂ ਦਿੰਦੇ ਅਤੇ ਥਰ-ਥਰ ਕੰਬਦੇ ਕੁਝ ਪ੍ਰਾਣੀ ਦੇਖੇ ਸਨ। ਭਾਈ ਸਾਹਿਬ ਦੇ ਤਾਏ ਦਾ ਇਕ ਲੜਕਾ ਟੇਕ ਸਿੰਘ ਸੀ। ਉਸ ਨੂੰ ਜਮ ਡਰਾਉਂਦੇ ਸਨ।

ਇਸੇ ਪ੍ਰਕਾਰ ਕੇਹਰ ਸਿੰਘ ਦੀ ਅੱਖੀਂ ਦੇਖੀ ਵਾਰਤਾ ਹੈ ਜਿਸਨੂੰ ਪ੍ਰੇਤ ਡਰਾਉਂਦਾ ਸੀ। ਇਕ ਹੋਰ ਪ੍ਰੇਤ-ਉਧਾਰ ਦੀ ਸਾਖੀ ਦਾ ਹਵਾਲਾ ਭਾਈ ਸਾਹਿਬ ਨੇ ਪੇਸ਼ ਕੀਤਾ ਹੈ ਜਿਸ ਵਿਚ ਉਹਨਾਂ ਦੇ ਕੀਰਤਨੀ ਜੱਥੇ ਦੁਆਰਾ ਅਖੰਡ ਪਾਠ ਕਰਨ ਉਪਰੰਤ ਇਕ ਪ੍ਰੇਤ ਨੂੰ ਮੁਕਤੀ ਮਿਲੀ ਸੀ। ਇਹਨਾਂ ਸਾਰੇ ਦੁਖੀ ਪ੍ਰਾਣੀਆਂ ਨੂੰ ਗੁਰਬਾਣੀ ਦੇ ਪਾਠ ਸੁਣਨ ਸਦਕਾ ਜਮ-ਤ੍ਰਾਸ ਤੋਂ ਰਾਹਤ ਮਿਲੀ ਸੀ। ਸੋ ਜਮਾਂ ਤੋਂ ਅਤੇ ਜਮ-ਤ੍ਰਾਸ ਤੋਂ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਬਚਾ ਸਕਦਾ ਹੈ। ਭਾਈ ਸਾਹਿਬ ਦੇ ਜੀਵਨ ਵਿਚ ਵਾਪਰੀਆਂ ਉਪਰੋਕਤ ਘਟਨਾਵਾਂ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਆਪ ਨੇ ਜਮਾਂ ਅਤੇ ਜਮ-ਤ੍ਰਾਸ ਤੋਂ ਦੁਖੀ ਟੇਕ ਸਿੰਘ ਤੇ ਕੇਹਰ ਸਿੰਘ ਨੂੰ ਛੁਟਕਾਰਾ ਦਿਵਾਉਣ ਲਈ ਗੁਰਬਾਣੀ ਦੇ ਵੱਧ ਤੋਂ ਵੱਧ ਪਾਠ ਆਪ ਕੀਤੇ ਅਤੇ ਹੋਰਾਂ ਤੋਂ ਵੀ ਕਰਵਾਏ।

**5.5. 'ਜਮ' ਅਤੇ 'ਮੌਤ' ਵਿਚ ਅੰਤਰ** : ਆਮ ਤੌਰ ਤੇ ਜਮ ਨੂੰ ਹੀ ਮੌਤ ਸਮਝ ਲਿਆ ਜਾਂਦਾ ਹੈ। ਭਾਈ ਸਾਹਿਬ ਇਹ ਅੰਤਰ ਸਪੱਸ਼ਟ ਕਰਦੇ ਹਨ ਕਿ ਗੁਰਬਾਣੀ ਅੰਦਰ 'ਜਮ' ਦੀ ਹੋਂਦ ਵੱਖਰੀ ਹੈ, ਜੋ ਅਗਲੇ ਲੋਕ ਵਿਚ ਸਾਡੀਆਂ ਨਜ਼ਰਾਂ ਤੋਂ ਓਹਲੇ ਅਦ੍ਰਿਸ਼ਟ ਹੀ ਰਹਿੰਦੀ ਹੈ। ਮਰਨ ਸਮੇਂ ਮਰਨਹਾਰੇ ਪ੍ਰਾਣੀ ਨੂੰ ਧਰਮ ਰਾਇ ਪਾਸ ਲੈ ਜਾਣ ਲਈ ਜਮ ਆਉਂਦੇ ਹਨ। ਮਰਨ ਵਾਲੇ ਪ੍ਰਾਣੀ ਨੂੰ ਜਮ ਦੀ ਹੋਂਦ ਨਜ਼ਰ ਆਉਂਦੀ ਹੈ, ਦੂਜਿਆਂ ਨੂੰ ਨਹੀਂ ਦੀਂਹਦੀ। ਕੇਵਲ ਮੌਤ ਨੂੰ ਜਮ ਸਮਝ ਲੈਣਾ ਗੁਰਮਤਿ ਅਗਿਆਨੀ ਦਾ ਕੰਮ ਹੈ। ਮੌਤ ਆਈ ਪਿਛੋਂ, ਅਰਥਾਤ ਮਰਨ ਪਿਛੋਂ ਜਿਸ ਮਾਰਗ ਵਿਚ ਦੀ ਪਾਂਧੀ ਜੀਵ ਨੂੰ ਲੰਘਣਾ ਪਵੇਗਾ, ਉਹ ਮਾਰਗ ਜਮ-ਮਾਰਗ ਜਾਂ ਜਮ-ਪੰਥ ਹੈ, ਜੋ ਬੜਾ ਹੀ ਔਖਾ ਹੈ, ਜਿਥੇ ਕਾਲੀ ਬੋਲੀ ਰਾਤ ਵਰਗਾ ਅੰਧੇਰਾ ਹੈ। ਇਸ ਪ੍ਰਕਾਰ ਜਮ ਅਤੇ ਮੌਤ ਵਿਚਲਾ ਅੰਤਰ ਸਪੱਸ਼ਟ ਵੇਖਿਆ ਜਾ ਸਕਦਾ ਹੈ। ਭਾਈ ਸਾਹਿਬ ਇਸ ਪਦ ਦਾ ਅਰਥ ਸਮਝਾਉਂਦੇ ਹਨ ਕਿ ਜਮ ਹੋਰ ਹੈ ਤੇ ਮੌਤ ਹੋਰ ਹੈ। ਮੌਤ ਨੂੰ ਹੀ ਜਮ ਆਖਣਾ ਬੜੀ ਅਗਿਆਨਤਾ ਹੈ।

ਸਰੀਰਕ ਮੌਤ ਤਾਂ ਗੁਰਮੁਖਾਂ ਨੂੰ ਵੀ ਆਉਂਦੀ ਹੈ ਪਰੰਤੂ ਜਮ ਉਹਨਾਂ ਦੇ ਨੇੜੇ ਵੀ ਨਹੀਂ ਆਉਂਦਾ। ਜਮ ਅਤੇ ਮੌਤ ਵਿਚਲਾ ਅੰਤਰ ਇਥੇ ਹੋਰ ਵਧੇਰੇ ਸਪੱਸ਼ਟ ਹੋ ਜਾਂਦਾ ਹੈ। ਭਾਈ ਸਾਹਿਬ ਦਾ ਅਨੁਭਵ ਹੈ ਕਿ ਸਰੀਰ ਕਰਕੇ ਚਲਾਣਾ ਤਾਂ ਨਾਮ ਧਿਆਵਣਹਾਰਿਆਂ ਦਾ ਵੀ ਹੋਵੇਗਾ, ਮੌਤ ਤਾਂ ਸਭ ਦੇ ਸਿਰ ਤੇ ਹੈ ਪਰੰਤੂ ਨਾਮ ਧਿਆਉਣ-ਹਾਰਿਆਂ ਨੂੰ ਜਮ ਨਹੀਂ ਸਤਾਉਂਦਾ, ਨੇੜੇ ਹੀ ਨਹੀਂ ਆਉਂਦਾ। ਸੋ ਭਾਈ ਸਾਹਿਬ ਨੇ 'ਜਮ' ਪਦ ਦੇ ਅਰਥ ਧਰਮ ਰਾਇ ਦੇ ਦੂਤ ਭਾਵ ਜਮਦੂਤ ਵਜੋਂ ਕੀਤੇ ਹਨ। ਇਸ ਦੇ ਨਾਲ ਹੀ 'ਜਮ' ਅਤੇ 'ਮੌਤ' ਵਿਚਲਾ ਅੰਤਰ ਵੀ ਸਪਸ਼ੱਟਤਾ ਸਹਿਤ ਸਿਧ ਕਰ ਵਿਖਾਇਆ ਹੈ।

**6. ਗੁਰਮਤਿ ਦੇ ਵਿਸ਼ੇ:** ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਦੇ ਵਿਸ਼ਿਆਂ ਸੰਬੰਧੀ ਅਨੁਭਵੀ ਵਿਆਖਿਆ ਕੀਤੀ ਹੈ। ਆਪਣੀਆਂ ਰਚਨਾਵਾਂ ਵਿਚ ਗੁਰਮੰਤਰ ਕੀ ਹੈ? ਗੁਰਮੰਤਰ ਦੇ ਸਿਮਰਨ ਦੀ ਲੋੜ, ਗੁਰਮੰਤਰ ਸਿਮਰਨ ਦੇ ਗੁੱਝੇ ਭੇਦ, ਗੁਰਮੰਤਰ ਦੀ ਪਾਰਸ ਕਲਾ, ਅਜਪਾ ਜਾਪ, ਰਿਧੀਆਂ ਸਿਧੀਆਂ, ਮੰਨ ਦੀਆਂ ਮੁਰਾਦਾਂ ਤੇ ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ?, ਦੁਨਿਆਵੀ ਗਿਆਨ ਅਤੇ ਤੱਤ ਗਿਆਨ ਆਦਿ ਵਿਸ਼ਿਆਂ ਉਤੇ ਗੁਰਬਾਣੀ ਦੇ ਹਵਾਲੇ ਨਾਲ ਚਾਨਣਾ ਪਾਇਆ ਹੈ। ਵੱਡਾ ਨੁਕਤਾ ਇਹ ਹੈ ਕਿ ਗੁਰਬਾਣੀ ਦੇ ਫੁਰਮਾਨਾਂ ਦੇ ਜੋ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਕੇਵਲ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ। ਅਭਿਆਸ ਦਾ ਭਾਵ ਸਿਮਰਨ ਅਤੇ ਜਾਪ ਤੋਂ ਹੈ।

ਭਾਈ ਸਾਹਿਬ ਨੇ ਗੁਰਬਾਣੀ ਵਿਚੋਂ ਹੀ ਗੁਰਮੰਤਰ ਨੂੰ ਪ੍ਰਗਟ ਕਰਕੇ ਇਹ ਸਿਧ ਕੀਤਾ ਹੈ ਕਿ ਗੁਰਮੰਤਰ ਹੀ ਗੁਰਬਾਣੀ ਦਾ ਸਾਰ ਹੈ। ਗੁਰਮਤਿ ਦੁਆਰਾ ਦ੍ਰਿੜ੍ਹ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ, ਆਪ ਹੁਦਰਾ ਨਾਮ ਕਿਸੇ ਦਾ ਕੁਛ ਨਹੀਂ ਸਵਾਰ ਸਕਦਾ। ਗੁਰਸਿੱਖ ਨੂੰ ਗੁਰਮਤਿ ਵਿਧੀ ਅਨੁਸਾਰ ਪ੍ਰਾਪਤ ਹੋਏ ਨਾਮ ਦਾ ਜਾਪ ਮਕੈਨੀਕਲ ਰੈਪੀਟੀਸ਼ਨ ਵਾਲਾ ਨਾਮ ਜਾਪ ਕਦੇ ਨਹੀਂ ਕਹਾ ਸਕਦਾ। ਨਾਮ ਜਾਪ ਦਾ ਆਟੋਮੈਟਿਕ (ਆ-ਮੁਹਾਰਾ) ਤੋਰਾ ਤਦੇ ਹੀ ਤੁਰ ਸਕਦਾ ਹੈ ਜੇਕਰ ਪੂਰਨ ਗੁਰਮਤਿ ਜੁਗਤਿ ਵਿਧੀ ਮੁਤਾਬਕ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਨਾਮ ਦ੍ਰਿੜ ਹੋ ਚੁੱਕਾ ਹੋਵੇ। ਭਾਈ ਸਾਹਿਬ ਨੇ ਗੁਰਮਤਿ ਵਿਧੀ ਅਨੁਸਾਰ ਇਸ ਵਾਹਿਗੁਰੂ-ਗੁਰਮੰਤਰ ਦੀ ਪ੍ਰਾਪਤੀ ਹੁੰਦੀ ਦੱਸੀ ਹੈ।

ਭਾਈ ਰਣਧੀਰ ਸਿੰਘ ਜੀ ਅਨੁਸਾਰ 'ਵਾਹੁ ਵਾਹੁ' ਦੇ ਨਾਲ 'ਗੁਰੂ ਗੁਰੂ' ਦਾ ਜਾਪ ਰਲਣ ਨਾਲ ਹੀ ਰਸਨਾ ਪੂਰੇ ਗੁਰਮੰਤਰ ਦਾ ਜਾਪ ਕਰ ਸਕਦੀ ਹੈ। ਗੁਰੂ ਸ਼ਬਦ ਬਿਨਾਂ ਰਸਨਾ ਜਾਪ ਕਰਦੀ ਸੁਹਾਉਂਦੀ ਹੀ ਨਹੀਂ। ਨਾ ਹੀ 'ਗੁਰੂ ਗੁਰੂ' ਕਹਿਣ ਬਾਝੋਂ 'ਵਾਹੁ ਵਾਹੁ' ਦਾ ਭਾਖਣਾ ਰਸਨਾ ਕਰਕੇ ਪੂਰੇ ਗੁਰ ਸ਼ਬਦ ਗੁਰਮੰਤਰ ਗੁਰਮਤਿ ਨਾਮ ਦਾ ਭਾਖਣਾ ਬਣਦਾ ਹੈ। ਪੂਰਨ ਗੁਰਮਤਿ ਨਾਮ ਗੁਰਮੰਤ੍ਰ ਨਾਮ ਦੇ ਦੋਵੇਂ ਅੰਗ ਮਿਲਾ ਕੇ ਹੀ ਪੂਰਾ ਸ਼ਬਦ ਬਣਦਾ ਹੈ। ਇਸ ਪੂਰੇ ਸ਼ਬਦ ਦੇ ਜਾਪ ਦੁਆਰਾ ਨਿਰ-ਸੰਦੇਹ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ।

ਭਾਈ ਸਾਹਿਬ ਨੇ ਗੁਰਮਤਿ ਦੇ ਅਜਪਾ ਜਾਪ ਪਦ ਦਾ ਅਰਥ ਆ-ਮੁਹਾਰਾ ਜਾਪ ਕੀਤਾ ਹੈ। ਇਕੋ ਸਾਹ ਜਪਿਆ ਜਾਪ, ਆ-ਮੁਹਾਰਾ ਅਤੁੱਟ ਜਾਪ ਕਰਕੇ ਜਪਿਆ ਜਾਪ ਸੋ ਅਜਪਾ ਜਾਪ ਹੈ। ਅਮੁਕ ਜਪ ਗਿਣਤੀ ਤੋਂ ਅਣਗਿਣਤ, ਜਿਸਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ ਜਿਸ ਦੀ ਜਪ ਗਿਣਤੀ ਦਾ ਕੋਈ ਸ਼ੁਮਾਰ ਨਹੀਂ ਉਸ ਨੂੰ ਅਜਪਾ ਜਾਪ ਕਿਹਾ ਜਾਂਦਾ ਹੈ।

ਪਰਮਾਤਮਾ ਨੇ ਇਸ ਸਰੀਰ ਰੂਪੀ ਗੁਫਾ ਦੇ ਨੌ ਦਰਵਾਜ਼ੇ ਪ੍ਰਗਟ ਕਰਕੇ ਦਸਵਾਂ ਗੁਪਤ ਰਖਾਇਆ ਹੈ। ਦਸਵੇਂ ਗੁਪਤ ਰੱਖੇ ਦਰਵਾਜ਼ੇ ਦੇ ਅੱਗੇ ਜੋ ਬਜ਼ਰ ਕਪਾਟ ਜੜੇ ਹੋਏ ਹਨ ਖੁੱਲ੍ਹਦੇ ਨਹੀਂ। ਉਹ ਸਿਰਫ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਏ ਅਤੇ ਕਮਾਏ ਗੁਰ ਸ਼ਬਦ ਦੁਆਰਾ ਹੀ ਖੁੱਲ੍ਹਦੇ ਹਨ। ਇਹਨਾਂ ਬਜ਼ਰ ਕਪਾਟਾਂ ਦੇ ਖੁੱਲ੍ਹਣ ਸਾਰ ਹੀ ਅਨਹਦ ਵਾਜੇ ਸੁਣਨ ਲੱਗ ਪੈਂਦੇ ਹਨ। ਗੁਰ ਸ਼ਬਦ ਦੇ ਆਸਰੇ ਇਹ ਆਪੇ ਹੀ ਸੁਣੀਦੇ ਹਨ। ਅਜਿਹੀ ਅਵਸਥਾ ਤੇ ਪਹੁੰਚੇ ਗੁਰਮੁਖ ਦੇ ਸਰੀਰ ਅੰਦਰ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਭਗਤੀ ਦੁਆਰਾ ਵਾਹਿਗੁਰੂ ਜੋ ਸਭਨਾਂ ਵਿਚ ਵਸਦਾ ਹੈ, ਮਿਲ ਜਾਂਦਾ ਹੈ।

ਭਾਈ ਸਾਹਿਬ ਦੱਸਦੇ ਹਨ ਕਿ ਦਸਮ ਦੁਆਰ ਪਰਮ ਪੁਰਖ ਦੀ ਘਾਟੀ ਹੈ। ਇਹ ਦਸਮ ਦੁਆਰ ਅਗਮ ਅਪਾਰ ਹੈ, ਇਸ ਨੂੰ ਗੁਰ-ਗੰਮ ਗਿਆਨ ਦੁਆਰਾ ਕੋਈ ਵਿਰਲਾ ਹੀ ਚੀਨਦਾ ਹੈ। ਦਸਮ ਦੁਆਰ ਵਿਚ ਦੀ ਹੋ ਕੇ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਪਰਮ ਪੁਰਖ ਦੀ ਘਾਟੀ ਇਹ ਦਸਮ ਦੁਆਰ ਇਸ ਕਰਕੇ ਹੈ ਕਿ ਇਸ ਰਾਹੀਂ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਸਰੀਰ ਰੂਪੀ ਹਾਟ(ਹਟੜੀ) ਦੇ ਉਪਰ ਸਿਖਰ ਦਸਮ ਦੁਆਰ ਰੂਪੀ ਬੱਜ਼ਰ ਕਪਾਟੀ ਗੁਫ਼ਾ ਹੁਜਰਾ ਹੈ। ਬਜ਼ਰ ਕਪਾਟ ਦੇ ਖੁੱਲ੍ਹਣ ਨਾਲ ਦਸਮ ਦੁਆਰ ਦਾ ਉਘਾੜ ਹੋ ਜਾਂਦਾ ਹੈ।

ਭਾਈ ਸਾਹਿਬ ਅਨੁਸਾਰ ਮਨ ਇਕਾਗਰ ਹੋਣ ਸਾਰ ਅੰਮ੍ਰਿਤ ਨਾਮ ਦੀ ਫੁਹਾਰ ਅੰਤਰਿ-ਆਤਮੇ ਪੈਣ ਲੱਗ ਪੈਂਦੀ ਹੈ ਅਤੇ ਦਸਮ ਦੁਆਰ ਵਿਖੇ ਅਨਹਤ ਧੁਨੀਆਂ ਵਾਲੇ ਵਾਜੇ ਵੱਜਣ ਲੱਗ ਪੈਂਦੇ ਹਨ। ਇਸ ਦੇ ਨਾਲ ਹੀ ਦਸਮ ਦੁਆਰ ਤੋਂ ਅੰਮ੍ਰਿਤ ਦੀ ਧਾਰ ਚੋਣ ਲੱਗ ਪੈਂਦੀ ਹੈ, ਜਿਸ ਨੂੰ ਕਿ ਰਸੀਏ ਜਨ ਪੀਂਦੇ ਰਹਿੰਦੇ ਹਨ। ਇਹ ਸਭ ਕੁੱਝ ਗੁਰਮਤਿ ਨਾਮ ਦੇ ਅਖੰਡ ਜਾਪ ਦਾ ਪਰਤਾਪ ਹੈ। ਸਤਿਗੁਰੂ ਦੁਆਰਾ ਹੀ ਇਹ ਨਾਮ ਗੁਰਮੰਤ੍ਰ ਪ੍ਰਾਪਤ ਹੋ ਸਕਦਾ ਹੈ।

**7. ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦਾ ਅਨੁਭਵ** : ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ। ਧਰਮ ਖੰਡ ਨੂੰ ਭਾਈ ਸਾਹਿਬ ਨੇ ਇਸ ਦਿਸਦੇ ਜਗਤ ਤੋਂ ਪਰ੍ਹੇ ਇਕ ਐਸਾ

ਦਿੱਬ ਮੰਡਲ ਦੱਸਿਆ ਹੈ ਜੋ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਅਤੇ ਅਨੁਭਵ ਵਿਚ ਸਾਖਸ਼ਾਤਕਾਰ ਹੋਇਆ ਹੈ। ਭਾਈ ਸਾਹਿਬ ਦ੍ਰਿੜ ਸੰਕਲਪ ਰਾਹੀਂ ਕਹਿੰਦੇ ਹਨ ਕਿ ਧਰਮ ਖੰਡ ਅਜਿਹੀ ਧਰਮਸਾਲ ਹੈ ਜਿਥੇ ਪ੍ਰਭੂ ਦੇ ਹੁਕਮ ਅੰਦਰ ਥਾਪਿਆ ਧਰਮ ਰਾਇ ਜੀਵਾਂ ਦੇ ਕਰਮਾਂ ਦਾ ਲੇਖਾ ਤੇ ਨਿਆਂ ਨਿਬੇੜਾ ਕਰਦਾ ਹੈ। ਪੰਚ ਪਰਵਾਨ ਗੁਰਮੁਖ ਜਨ ਇਸ ਮਾਤ ਲੋਕ ਵਿਖੇ ਸਿਫਤ ਸਾਲਾਹ ਕਰਦੇ ਹੋਏ ਵੀ ਧਰਮ ਖੰਡ ਵਿਖੇ ਸਮਾਈ (ਪਹੁੰਚ) ਰੱਖਦੇ ਹਨ।

ਗਿਆਨ ਖੰਡ ਵਿਚ ਅਨੇਕ ਤਰ੍ਹਾਂ ਦੀਆਂ ਹਵਾਵਾਂ, ਪਾਣੀ, ਅਗਨੀਆਂ, ਕ੍ਰਿਸ਼ਨ ਤੇ ਸ਼ਿਵ ਹਨ। ਕਿੰਨ੍ਹੇ ਹੀ ਬ੍ਰਹਮੇ ਹਨ। ਇਸ ਵਿਚ ਕਿੰਨ੍ਹੇ ਹੀ ਇੰਦਰ, ਚੰਦ, ਸੂਰਜ ਤੇ ਮੰਡਲਾਂ ਦੇ ਦੇਸ਼ ਹਨ। ਕਿੰਨ੍ਹੇ ਹੀ ਸਿਧ, ਬੁਧ, ਨਾਥ, ਦੇਵੀ, ਦੇਵਤੇ, ਦਾਨਵ, ਮੁਨੀ ਤੇ ਰਤਨਾਂ ਦੇ ਸਮੁੰਦਰ ਆਦਿ ਹਨ। ਗਿਆਨ ਖੰਡ ਵਾਹਿਗੁਰੂ ਦੀ ਬੇਅੰਤ ਪ੍ਰਕਾਰੀ ਰਚਨਾ ਅਤੇ ਸਮੂਹ ਖੰਡਾਂ, ਬ੍ਰਹਿਮੰਡਾਂ ਦੇ ਉਪਰ (ਚਾਦਰ ਦੀ ਤਰ੍ਹਾਂ) ਛਾਇਆ ਹੋਇਆ ਹੈ। ਜੋ ਗਿਆਨ ਪ੍ਰਚੰਡ ਹੋਏ ਤੋਂ ਦਿਸਦਾ ਹੈ।

ਸਰਮ ਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਇਥੇ ਵੱਸਦੀਆਂ ਗੁਰਮੁਖ ਰੂਹਾਨੀ ਰੂਹਾਂ ਅਕਾਲੀ ਜੋਤਿ (ਵਾਹਿਗੁਰੂ) ਦੇ ਅਨੂਪਮ ਰੂਪ ਨਾਲ ਨੂਰੋ-ਨੂਰ ਹੋਈਆਂ ਰਹਿੰਦੀਆਂ ਹਨ। ਗੁਰਮੁਖ ਰੂਹਾਂ ਦੀ ਅੰਤਿਸ਼ਕਰਣ ਦੀ ਸੁਰਤੀ, ਮਤਿ, ਬੁਧ ਮੁੜ ਤੋਂ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ।

ਕਰਮ ਤੋਂ ਭਾਵ ਨਦਰ, ਮਿਹਰ, ਕਿਰਪਾ, ਫਜ਼ਲ, ਬਖਸ਼ਿਸ ਰਹਿਮਤ ਆਦਿ ਹੈ। ਵਾਹਿਗੁਰੂ ਦੀ ਨਦਰ ਪ੍ਰਾਪਤੀ ਵਾਲੇ ਗੁਰਮੁਖ ਜਨ ਕਰਮ ਖੰਡ ਵਾਸੀ ਬਣਦੇ ਹਨ। ਐਸੇ ਜੋਧੇ ਮਹਾਂ ਬਲੀ ਸੂਰੇ ਸਦਾ ਹੀ ਵਾਹਿਗੁਰੂ ਦੀ ਮਹਿਮਾ ਵਿਚ ਸੀਤੇ ਪ੍ਰੋਤੇ ਰਹਿੰਦੇ ਹਨ। ਕਰਮ ਖੰਡ ਦਾ ਦਰਵਾਜ਼ਾ ਸਚਖੰਡ ਦੇ ਅਤਿ ਸਪੀਪ ਤੇ ਸਾਹਮਣੇ ਹੈ। ਸਚਖੰਡ ਨਿਰੰਕਾਰ ਦਾ ਦੇਸ (ਖੰਡ) ਹੈ। ਕਰਮ ਖੰਡ ਅਤੇ ਸਚਖੰਡ ਆਪਸ ਵਿਚ ਅਭੇਦ ਰੂਪ ਹੀ ਹਨ। ਸਚਖੰਡ ਵਾਸੀ ਨਿਰੰਕਾਰ ਵਾਹਿਗੁਰੂ ਆਪ ਭਗਤ ਜਨਾਂ ਉਪਰ ਨਦਰ ਕਰਕੇ ਵੇਖ-ਵੇਖ ਕੇ ਵਿਗਸਦਾ ਭਾਵ ਖੁਸ਼ ਹੁੰਦਾ ਹੈ। ਸਚਖੰਡ ਤੋਂ ਸਾਰੇ ਬੇਅੰਤ ਖੰਡ ਮੰਡਲ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਦਿਸਦਾ ਹੈ। ਇਸ ਰਚਨਾ ਦਾ ਕੋਈ ਅੰਤ ਨਹੀਂ ਪਾ ਸਕਦਾ। ਪਰਮਾਤਮਾ ਦੇ ਹੁਕਮ ਵਿਚ ਹੀ ਸਾਰੀ ਰਚਨਾ ਦੀ ਕਾਰ ਹੋਈ ਹੈ।

ਭਾਈ ਰਣਧੀਰ ਸਿੰਘ ਜੀ ਨੇ ਆਪਣੇ ਧਾਰਮਿਕ ਅਨੁਭਵ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ ਸੁਰਗ, ਧਰਮ ਰਾਇ, ਜਮਦੂਤਾਂ ਅਤੇ ਜਮਪੁਰੀ ਦੀ ਹੋਂਦ ਦ੍ਰਿੜਤਾ ਸਹਿਤ ਸਿਧ ਕੀਤੀ ਹੈ। ਆਪ ਨੇ ਜਮ ਅਤੇ ਮੌਤ ਵਿਚਲਾ ਅੰਤਰ ਵੀ ਸਪੱਸ਼ਟ ਕੀਤਾ ਹੈ। ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ। ਪੰਜ ਖੰਡਾਂ ਦੇ ਵਾਸਤਵਿਕ ਸਥਾਨ ਹੋਣ ਦੇ ਪ੍ਰਸ਼ਨ ਬਾਰੇ ਉਹ ਕੋਈ ਭਰਮ, ਭੁਲੇਖਾ ਜਾਂ ਦੁਬਿਧਾ ਨਹੀਂ ਰੱਖਦੇ। ਭਾਈ ਸਾਹਿਬ ਆਪਣੇ ਧਾਰਮਿਕ ਅਨੁਭਵ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਬੜੀ ਸਰਲਤਾ ਅਤੇ ਸਪੱਸ਼ਟਤਾ ਸਹਿਤ ਗੁਰਮਤਿ ਦੇ ਇਹਨਾਂ ਵਿਸ਼ਿਆਂ ਦੀ ਅਨੁਭਵ ਭਰਪੂਰ ਵਿਆਖਿਆ ਕਰਦੇ ਹਨ। ਜੋ ਢੁਕਵੇਂ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਅਨੁਭਵ ਕੇਵਲ ਗੁਰਮਤਿ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ। ਇਹ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦੀ ਵਿਲੱਖਣਤਾ ਹੈ।

## ਖੋਜ ਲੱਭਤਾਂ

1. ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੋਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਂਤਾਂ ਅਤੇ ਖੋਜ ਕਾਰਜਾਂ ਦਾ ਵਿਸ਼ਲੇਸ਼ਣ ਕਰਨ ਸਦਕਾ ਧਾਰਮਿਕ ਅਨੁਭਵ ਦੇ ਇਹ ਮੁੱਖ ਲੱਛਣ ਅਤੇ ਤੱਥ ਲਗਭਗ ਸਾਰੇ ਚਿੰਤਕਾਂ ਦੇ ਅਧਿਐਨ ਤੋਂ ਸਾਹਮਣੇ ਆਏ ਹਨ ਜਿਵੇਂ ਕਿ 1. ਅਕੱਥਤਾ 2. ਗਿਆਨਭਾਵੀ ਜਾਂ ਬੌਧਿਕ ਗੁਣ 3. ਅਸਥਾਈਪੁਣਾ ਜਾਂ ਛਿਨਭੰਗੁਰਤਾ 4. ਉਦਾਸੀਨਤਾ ਜਾਂ ਅਕਰਮਤਾ 5. ਡਰ ਅਤੇ ਭੈਅ ਦੀ ਭਾਵਨਾ 6. ਸਤਿਕਾਰ ਅਤੇ ਪ੍ਰੇਮ ਦੀ ਭਾਵਨਾ 7. ਰਹੱਸਭਰਪੂਰ 8. ਅਚੰਭਾਪੂਰਤ 9. ਵਿਵਹਾਰਕ ਪ੍ਰਗਟਾਵਾ 10. ਪ੍ਰੇਰਣਾਦਾਇਕ ਆਦਿ ।
2. ਧਾਰਮਿਕ ਅਨੁਭਵ ਵਿਚ ਸਭ ਤੋਂ ਪਹਿਲਾਂ ਇਕ ਭੈਅ ਹੁੰਦਾ ਹੈ। ਅਨੁਭਵ ਕਰਤਾ ਇਸ ਸੰਸਾਰ ਤੋਂ ਪਰ੍ਹੇ ਕਿਸੇ ਪਰਾ-ਭੌਤਿਕ ਸੰਸਾਰ ਅਤੇ ਪਰਾ-ਭੌਤਿਕ ਸ਼ੈਅ ਦੀ ਹੋਂਦ ਮਹਿਸੂਸ ਕਰਦਾ ਹੈ। ਇਹ ਅਲੌਕਿਕ ਹੋਂਦ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਅਨੁਭਵਕਰਤਾ ਨੂੰ ਇਹ ਪੱਕਾ ਯਕੀਨ ਹੁੰਦਾ ਹੈ ਕਿ ਉਸ ਦਾ ਸਾਹਮਣਾ ਇਕ ਅਤਿ ਸ਼ਕਤੀਸ਼ਾਲੀ ਅਤੇ ਕ੍ਰਿਆਸ਼ੀਲ ਹੋਂਦ ਨਾਲ ਹੁੰਦਾ ਹੈ। ਉਹ ਇਕ ਰਹੱਸ, ਇਕ ਅਚੰਭਾ ਮਹਿਸੂਸ ਕਰਦਾ ਹੈ। ਅਖੀਰ ਉਹ ਉਸ ਸ਼ਕਤੀਸ਼ਾਲੀ ਹੋਂਦ ਪ੍ਰਤੀ ਖਿੱਚਿਆ ਜਾਂਦਾ ਹੈ ਅਤੇ ਉਸ ਅੱਗੇ ਬਲਹੀਣ ਮਹਿਸੂਸ ਕਰਦਾ ਹੈ।

3. ਇਸ ਖੋਜ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਤਹਿਤ ਵਿਭਿੰਨ ਧਰਮਾਂ-ਯਹੂਦੀਮਤਿ, ਇਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ।
4. ਹੱਥਲੇ ਖੋਜ-ਕਾਰਜ ਵਿਚ ਭਾਰਤੀ ਵੈਦਿਕ ਚਿੰਤਨ ਅਤੇ ਗੁਰਮਤਿ ਵਿਚ ਅੰਤਰ, ਯੋਗਮਤਿ ਅਤੇ ਗੁਰਮਤਿ ਵਿਚ ਅੰਤਰ ਵਾਚਿਆ ਗਿਆ ਹੈ। ਉਪਰੰਤ ਸ੍ਰਿਸ਼ਟੀ ਰਚਨਾ ਸੰਬੰਧੀ ਗੁਰਬਾਣੀ ਦਾ ਸਿਧਾਂਤ ਅਤੇ ਵਿਗਿਆਨ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਅੰਤ ਵਿਚ ਬ੍ਰਹਿਮੰਡ, ਸ੍ਰਿਸ਼ਟੀ ਰਚਨਾ, ਮਨੁੱਖੀ ਰਚਨਾ ਅਤੇ ਇਹਨਾਂ ਵਿਸ਼ਿਆਂ ਪ੍ਰਤੀ ਬਾਈਬਲ, ਕੁਰਾਨ, ਗੁਰਬਾਣੀ ਅਤੇ ਵਿਗਿਆਨ ਵਿਚ ਵਿਵਹਾਰਕ ਅੰਤਰ ਅਤੇ ਸੁਮੇਲ ਨਿਰਪੱਖ ਤੌਰ ਤੇ ਪੇਸ਼ ਕੀਤਾ ਗਿਆ ਹੈ।
5. ਹੱਥਲੇ ਖੋਜ-ਕਾਰਜ ਵਿਚ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਰਾਹੀਂ ਉਨ੍ਹਾਂ ਦੇ ਧਾਰਮਿਕ ਅਨੁਭਵ ਨੂੰ ਸਮਝਿਆ ਗਿਆ ਹੈ। ਗ਼ਦਰ ਲਹਿਰ ਦੌਰਾਨ ਆਪ ਨੂੰ ਉਮਰ-ਕੈਦ ਦੀ ਸਜਾ ਹੋਈ। ਜੇਲ੍ਹ-ਜੀਵਨ ਦੌਰਾਨ ਆਪ ਨੇ ਅਣਗਿਣਤ ਤਸੀਹੇ ਅਕਾਲ ਪੁਰਖ ਦਾ ਭਾਣਾ ਮੰਨਦਿਆਂ ਸਹਾਰਨ ਕੀਤੇ। ਆਪ ਨੇ ਗੁਰਮਤਿ ਸਿਧਾਂਤਾਂ ’ਤੇ ਪੂਰੀ ਸ਼ਰਧਾ ਨਾਲ ਅਮਲ ਕੀਤਾ ਅਤੇ ਨਾਮ ਦੀ ਪ੍ਰਾਪਤੀ ਦਾ ਅਨੁਭਵ ਕੀਤਾ।
6. ਹੱਥਲੇ ਖੋਜ-ਕਾਰਜ ਰਾਹੀਂ ਭਾਈ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਧਾਰਮਿਕ ਅਨੁਭਵ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕੀਤਾ ਗਿਆ ਹੈ।
7. ਇਸਦੇ ਨਾਲ ਹੀ ਭਾਈ ਸਾਹਿਬ ਦੁਆਰਾ ਉਸ ਵੇਲੇ ਦੀਆਂ ਧਾਰਮਿਕ ਸੰਸਥਾਵਾਂ ਅਤੇ ਗ਼ਦਰ ਲਹਿਰ ਵਿਚ ਪਾਏ ਯੋਗਦਾਨ ਨੂੰ ਵੀ ਨਵੇਂ ਸਿਰੇ ਤੋਂ ਵਾਚਿਆ ਗਿਆ ਹੈ। ਇਸੇ ਪ੍ਰਕਾਰ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਰਾਹੀਂ ਸਿੱਖ ਅਨੁਭਵ ਦੇ ਸਰੂਪ ਨੂੰ ਸਮਝਣ ਦਾ ਸਾਰਥਕ ਯਤਨ ਕੀਤਾ ਗਿਆ ਹੈ।
8. ਇਸ ਖੋਜ-ਕਾਰਜ ਵਿਚ ਅਸੀਂ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਉਹਨਾਂ ਦੇ ਧਾਰਮਿਕ ਅਨੁਭਵ ਦੇ ਆਧਾਰ ਉਪਰ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ- ਸੁਰਗ, ਧਰਮਰਾਇ, ਜਮਦੂਤਾਂ ਅਤੇ ਜਮਪੁਰੀ ਬਾਰੇ ਸਥਿਤੀ ਸਪੱਸ਼ਟ ਕੀਤੀ ਹੈ।

9. ਇਸੇ ਤਰ੍ਹਾਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣਾ, ਜਮ ਅਤੇ ਮੌਤ ਵਿਚ ਅੰਤਰ, ਗੁਰਮਤਿ ਦੇ ਵਿਸ਼ੇ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ, ਦਸਮ ਦੁਆਰ ਅਤੇ ਦਸਮ ਦੁਆਰ ਖੁੱਲ੍ਹਣ ਦੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਵਿਚਾਰਾਂ ਰਾਹੀਂ ਉਹਨਾਂ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ।
10. ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਵਿਚ ਭਾਈ ਸਾਹਿਬ ਨੇ ਇਹ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ।

## ਖੋਜ ਸੰਭਾਵਨਾਵਾਂ

ਹੱਥਲੇ ਖੋਜ-ਕਾਰਜ ਨੇ ਭਵਿੱਖ ਵਿਚ ਕੀਤੇ ਜਾਣ ਵਾਲੇ ਖੋਜ-ਕਾਰਜਾਂ ਤਹਿਤ ਅਨੇਕਾਂ ਨਵੀਨ ਪਰਤਾਂ ਅਤੇ ਖੋਜ ਪ੍ਰਸ਼ਨਾਂ ਨੂੰ ਪੈਦਾ ਕੀਤਾ ਹੈ। ਇਹਨਾਂ ਵਿਸ਼ਿਆਂ ਉਪਰ ਹੋਰ ਖੋਜ-ਕਾਰਜ ਹੋ ਸਕਦੇ ਹਨ ਜਿਵੇਂ 'ਭਾਈ ਰਣਧੀਰ ਸਿੰਘ ਜੀ ਦੀ ਧਾਰਮਿਕ ਸੰਸਥਾਵਾਂ ਪ੍ਰਤੀ ਦੇਣ', 'ਭਾਈ ਸਾਹਿਬ ਦਾ ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ', 'ਭਾਈ ਰਣਧੀਰ ਸਿੰਘ ਜੀ ਦੀ ਗ਼ਦਰ ਲਹਿਰ ਵਿਚ ਭੂਮਿਕਾ', 'ਭਾਈ ਰਣਧੀਰ ਸਿੰਘ ਜੀ ਅਤੇ ਗੁਰਮਤਿ ਬਿਬੇਕ (ਸਿਮਰਨ ਵਿਵੇਕ ਅਤੇ ਰਹਿਤ ਵਿਵੇਕ)', 'ਭਾਈ ਰਣਧੀਰ ਸਿੰਘ ਜੀ ਤੇ ਸ਼ਹੀਦ ਭਗਤ ਸਿੰਘ', 'ਭਾਈ ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨ' ਆਦਿ ਖੋਜ-ਵਿਸ਼ਿਆਂ ਦੇ ਨਾਲ ਹੀ, 'ਭਾਈ ਰਣਧੀਰ ਸਿੰਘ ਜੀ ਦੀਆਂ ਰਚਨਾਵਾਂ ਵਿਚਲੇ ਵਿਸ਼ੇ' ਦੇ ਉਪਰ ਵੀ ਧਰਮ ਅਧਿਐਨ ਦੇ ਖੋਜਾਰਥੀਆਂ ਲਈ ਖੋਜ ਕਰ ਸਕਣ ਦੀਆਂ ਕਾਫੀ ਸੰਭਾਵਨਾਵਾਂ ਮੌਜੂਦ ਹਨ। ਅਖੀਰ ਅਸੀਂ ਆਸ ਕਰਦੇ ਹਾਂ ਕਿ ਇਹ ਅਧਿਐਨ ਨਿਕਟ ਭਵਿੱਖ ਵਿਚ ਸਿੱਖ ਅਧਿਐਨ ਨਾਲ ਜੁੜੇ ਵਿਦਵਾਨਾਂ ਅਤੇ ਖੋਜਾਰਥੀਆਂ ਦਾ ਧਿਆਨ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਤੇ ਰਚਨਾਵਾਂ ਵੱਲ ਖਿੱਚੇਗਾ ਅਤੇ ਉਹਨਾਂ ਦੀ ਜੀਵਨੀ, ਰਚਨਾਵਾਂ ਅਤੇ ਧਾਰਮਿਕ ਅਨੁਭਵ ਦਾ ਹੋਰ ਡੂੰਘਾਈ ਅਤੇ ਵਿਸਥਾਰ ਵਿਚ ਅਧਿਐਨ ਹੋਵੇਗਾ।

# ਸਹਾਇਕ ਪੁਸਤਕ ਸੂਚੀ


ਅਜਮੇਰ ਸਿੰਘ, *ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਹਵਿਆਂ ਦਾ ਖੰਡਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.

ਅਨੰਤ, ਜੈਤੇਗ ਸਿੰਘ, *ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ,* ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟ੍ਰੱਸਟ, ਚੰਡੀਗੜ੍ਹ, 2012.

ਅੰਮ੍ਰਿਤਪਾਲ ਕੌਰ, *ਗੁਰਬਾਣੀ: ਸੰਚਾਰ ਵਿਗਿਆਨ,* ਹਰ ਆਨੰਦ ਪਬਲਿਕੇਸ਼ਨਜ਼, ਦਿੱਲੀ, 1995.

ਅਵਤਾਰ ਸਿੰਘ, *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* ਬਲਕਾਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਅਲੱਗ, ਸਰੂਪ ਸਿੰਘ, *ਹਰਮਿੰਦਰ ਦਰਸ਼ਨ,* ਅਲੱਗ ਸ਼ਬਦ ਯੁੱਗ ਇੰਟਰਨੈਸ਼ਨਲ ਚੈਰੀਟੇਬਲ ਟ੍ਰਸਟ (ਰਜਿ.) ਲੁਧਿਆਣਾ, 2014.

ਸੰਤ ਸਿੰਘ ਮਸਕੀਨ, *ਤੀਜਾ ਨੇਤ੍ਰ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2014.

__________,*ਪ੍ਰਭੂ ਸਿਮਰਨ (ਭਾਗ ਤੀਜਾ),* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2014.

ਸੰਤ ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ,* ਭਾਗ-1, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼, 2006.

ਸਤਿੰਦਰ ਸਿੰਘ, *ਭਾਈ ਵੀਰ ਸਿੰਘ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਪੋਥੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ, 2002.

ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, 32ਵੀਂ ਵਾਰ, 2015.

__________, *ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਚੌਧਵੀਂ ਵਾਰ, 2018.

*ਸਿੱਖ ਰਹਿਤ ਮਰਯਾਦਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2018.

ਸਿੱਧੂ, ਗੁਰਮੀਤ ਸਿੰਘ, *ਧਰਮ: ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, 2014.

_______, *ਸਿੱਖੀ ਅਤੇ ਸਿੱਖਾਂ ਦਾ ਭਵਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015.

ਕੰਗ, ਗੁਲਜ਼ਾਰ ਸਿੰਘ, *ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

__________, *ਸ਼ਬਦ ਅਨੁਭਵ ਤੇ ਦਰਸ਼ਨ,* ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ, 2014.

ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ,* ਵਜ਼ੀਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1969.

ਖੁਸ਼ਵੰਤ ਸਿੰਘ, *ਸਿੱਖ ਹਿਸਟਰੀ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2003.

ਗਿਆਨੀ, ਪ੍ਰਤਾਪ ਸਿੰਘ, *ਗੁਰਮਤਿ ਲੈਕਚਰ*, ਗਿਆਨ ਅੰਮ੍ਰਿਤ ਪੁਸਤਕਮਾਲਾ, ਅੰਮ੍ਰਿਤਸਰ, ਛੇਵੀਂ ਵਾਰ, 1949.

ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਜਾਕਿਰ ਨਾਇਕ, *ਕੀ ਕੁਰਾਨ ਅੱਲਾਹ ਦਾ ਕਲਾਮ ਹੈ? (ਭਾਸ਼ਨ ਅਤੇ ਪ੍ਰਸ਼ਨ ਉੱਤਰ),* ਮੁਹੰਮਦ ਉਮਰ ਫਾਰੂਕ (ਅਨੁ.), ਸਾਲਿਕ ਜਮੀਲ ਬਰਾੜ, ਰਸ਼ੀਦ ਅੱਬਾਸ (ਸੰਪਾ.), ਬਰਾੜ ਸੰਨਜ਼, ਮਲੇਰਕੋਟਲਾ, 2012.

ਜੋਧ ਸਿੰਘ ਅਤੇ ਸਹਿਯੋਗੀ (ਸੰਪਾ.), *ਧਰਮ ਅਧਿਐਨ: ਅਕਾਦਮਿਕ ਪਰਿਪੇਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਜੋਧ ਸਿੰਘ, ਭਾਈ, *ਗੁਰਮਤਿ ਨਿਰਣਯ*, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2007.

__________, *ਭਗਤ ਕਬੀਰ ਜੀ ਜੀਵਨੀ ਅਤੇ ਸਿੱਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਤੇਜਾ ਸਿੰਘ, ਸੋਢੀ, *ਕਥਾ ਸਾਗਰ (ਸ੍ਰੀ ਜਪੁਜੀ ਸਾਹਿਬ ਸਟੀਕ)*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010.

ਦਰਸ਼ਨ ਸਿੰਘ, *ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1997.

__________, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

__________, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਦਿਲ, ਬਲਬੀਰ ਸਿੰਘ, *ਅਣਪਰਖੇ ਹੀਰੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲੀ ਵਾਰ, 1964.

ਦੀਵਾਨ ਸਿੰਘ, *ਗੁਰਮਤਿ ਅਨੁਭਵ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1992.

__________, *ਗੁਰਮਤਿ ਵਿਚਾਰ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998.

ਧਾਲੀਵਾਲ, ਤੇਜਿੰਦਰ ਕੌਰ, *ਯਹੂਦੀ ਅਤੇ ਈਸਾਈ ਧਰਮ,* ਗ੍ਰੇਸ਼ਿਅਸ ਬੁੱਕਸ, ਪਟਿਆਲਾ, 2008.

ਧੀਰ, ਕੁਲਦੀਪ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਗਿਆਨ ਅੰਤਰ-ਦ੍ਰਿਸ਼ਟੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

ਨਰਾਇਣ ਸਿੰਘ, *ਕਿਉ ਕੀਤੋ ਵੇਸਾਹੁ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਨਾਹਰ ਸਿੰਘ, ਗਿਆਨੀ, *ਆਜ਼ਾਦੀ ਦੀਆਂ ਲਹਿਰਾਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2010.

ਨਾਭ੍ਹਾ, ਭਾਈ ਕਾਨ੍ਹ ਸਿੰਘ, *ਗੁਰਮਤ ਮਾਰਤੰਡ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1978.

__________, *ਗੁਰਸ਼ਬਦ ਰਤਾਨਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 1981.

__________, *ਹਮ ਹਿੰਦੂ ਨਹੀਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2006.

ਨੇਕੀ, ਜਸਵੰਤ ਸਿੰਘ, *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

__________, *ਅਰਦਾਸ: ਦਰਸ਼ਨ ਰੂਪ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016

ਪਦਮ, ਪਿਆਰਾ ਸਿੰਘ (ਸੰਪਾ.), *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨੌਵੀਂ ਵਾਰ, 2010.

ਪੰਨੂ, ਹਰਪਾਲ ਸਿੰਘ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਪ੍ਰੋ. ਹਰਬੰਸ ਸਿੰਘ ਤੇ ਡਾ. ਐਲ. ਐਮ. ਜੋਸ਼ੀ, *ਸੰਸਾਰ ਦੇ ਧਰਮ* (ਭਾਗ-ਪਹਿਲਾ), ਡਾ. ਭਗਤ ਸਿੰਘ (ਅਨੁ.), ਡਾ. ਪਿਆਰ ਸਿੰਘ (ਸੋਧਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

*ਪਵਿੱਤਰ ਬਾਈਬਲ,* ਦਿ ਬਾਈਬਲ ਸੁਸਾਇਟੀ ਆਫ਼ ਇੰਡੀਆ, ਬਗਲੋਰ, 1997.

ਪਿਆਰ ਸਿੰਘ, *ਖੋਜ: ਸਿਧਾਂਤ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਬਲਕਾਰ ਸਿੰਘ, *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

__________, *ਸ਼ਬਦ ਗੁਰੂ ਦਾ ਸਿੱਖ ਸਿਧਾਂਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਬਾਬਾ, ਇਕਬਾਲ ਸਿੰਘ, *ਸਿੱਖ ਸਿਧਾਂਤ,* ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼, 2006.

ਬੀ. ਐਸ. ਰਾਏ ਭੱਲਾ ਅਤੇ ਜੀ. ਐਸ. ਸੰਧੂ, *ਵਿਗਿਆਨ ਦਾ ਫ਼ਲਸਫਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਭੱਟੀ, ਕਰਤਾਰ ਚੰਦ, *ਈਸਾਈ ਧਰਮ ਇਕ ਜਾਣ-ਪਛਾਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਭਾਈ ਗੁਰਦਾਸ, *ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2007.

ਮਨਜੀਤ ਸਿੰਘ, *ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਮਲਵਿੰਦਰਜੀਤ ਸਿੰਘ ਵੜੈਚ ਸੀਤਾ ਰਾਮ ਬਾਂਸਲ (ਸੰਪਾ.), *ਆਤਮ ਕਥਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਗਿਆਂ (ਕਪੂਰਥਲਾ),* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.

__________, *ਆਤਮ ਕਥਾ ਬਾਬਾ ਸੱਜਣ ਸਿੰਘ ਨਾਰੰਗਵਾਲ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011,

__________, *ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਤੇ ਸਵੈ ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.

ਮੁਹੰਮਦ ਅਬਦੁਲ ਹਈ, *ਹਜ਼ਰਤ ਮੁਹੰਮਦ: ਜੀਵਨ ਤੇ ਸੰਦੇਸ਼,* ਡਾ. ਤਾਰਿਕ ਕਿਫ਼ਾਇਤ (ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 2010.

ਮੁਹੰਮਦ ਖ਼ੁਬੈਬ ਨਦਵੀ, *ਸਭ ਤੋਂ ਵੱਡਾ ਪਾਪ ਕਿਹੜਾ ਹੈ?,* ਤੌਹੀਦ ਦਾਵਤ ਅਤੇ ਦਬਲੀਗ ਸੈਂਟਰ, ਮਲੇਰਕੋਟਲਾ, 2015.

ਰਸ, ਨਿਹਾਲ ਸਿੰਘ, *ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010.

ਰਣਧੀਰ ਸਿੰਘ, ਭਾਈ, *ਗੁਰਮਤਿ ਸੱਚ ਨਿਰਣੈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਦੂਜੀ ਵਾਰ, 1974.

__________, *ਦਰਸ਼ਨ ਝਲਕਾਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਚੌਥੀ ਵਾਰ, 1994.

__________, *ਗੁਰਮਤਿ ਲੇਖ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਤੀਜੀ ਵਾਰ, 1994.

__________, *ਕਥਾ ਕੀਰਤਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਤੀਜੀ ਵਾਰ, 1995.

__________, *ਗੁਰਮਤਿ ਗੌਰਵਤਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਤੀਜੀ ਵਾਰ, 1996.

__________, *ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਤੀਜੀ ਵਾਰ, 1997.

__________, *ਗੁਰਮਤਿ ਅਧਿਆਤਮ ਕਰਮ ਫਿਲਾਸਫੀ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਤੀਜੀ ਵਾਰ, ਅਕਤੂਬਰ, 2003.

__________, *ਅਨਹਦ ਸ਼ਬਦ ਦਸਮ ਦੁਆਰ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਨੌਵੀਂ ਵਾਰ, ਮਾਰਚ, 2004.

__________, *ਸਚਖੰਡਿ ਦਰਸ਼ਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2004.

__________, *ਗੁਰਮਤਿ ਨਾਮ ਅਭਿਆਸ ਕਮਾਈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਬਾਰਵੀਂ ਵਾਰ, ਮਾਰਚ, 2004.

__________, *ਗੁਰਮਤਿ ਪ੍ਰਕਾਸ਼,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2004.

__________, *ਰੰਗਲੇ ਸੱਜਣ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2004.

__________, *ਸੰਤ ਪਦ ਨਿਰਣੈ,* ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ, ਪੰਜਵੀਂ ਵਾਰ, ਅਪ੍ਰੈਲ, 2006.

__________, *ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ,* ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ, 2006.

__________, *ਚਰਨ ਕਮਲ ਕੀ ਮਉਜ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2006.

__________, *ਜੇਲ੍ਹ ਚਿੱਠੀਆਂ,* ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ, ਚੌਧਵੀਂ ਵਾਰ, 2010.

__________,*ਅਣਡਿੱਠੀ ਦੁਨੀਆ,* ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ, ਨੌਵੀਂ ਵਾਰ, 2010.

__________, *ਜੋਤਿ ਵਿਗਾਸ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2010.

__________, *ਉਮਰ ਕੈਦੀ ਦਾ ਸੁਪਨਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2010.

__________, *ਆਸਤਕ ਤੇ ਨਾਸਤਕ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2010.

__________, *ਅੰਮ੍ਰਿਤ ਕੀ ਹੈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2010.

__________, *ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2010.

__________, *ਅੰਮ੍ਰਿਤ ਕਲਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2011.

__________, *ਸਿੱਖੀ ਸਿਦਕ ਤੇ ਧਰਮ ਰੱਖਿਆ (ਕਵਿਤਾ),* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2011.

__________, *ਸਿੱਖ ਕੌਣ ਹੈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2012.

__________, *ਸਿੰਘਾਂ ਦਾ ਪੰਥ ਨਿਰਾਲਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2012.

__________, *ਸ਼ੰਕਿਆਂ ਦੇ ਉੱਤਰ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2013.

__________, *ਸੱਚੀਆਂ ਦਾੜ੍ਹੀਆਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2013.

__________, *ਸਚਿਖੰਡ ਦਰਸ਼ਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2014.

__________, *ਹਉਮੈ ਨਾਵੈ ਨਾਲ ਵਿਰੋਧ ਹੈ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2014.

__________, *ਗੁਰਮਤਿ ਰਮਜ਼ਾਂ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2014.

__________, *ਕੋ ਵਿਰਲਾ ਗੁਰਮਤਿ ਚਲੈ ਜੀਉ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2015.

__________, *ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2015.

__________, *ਤਿਮਰ ਅਗਿਆਨ ਤੋਂ ਉਜਿਆਰਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2015.

__________, *ਨਾਮ ਸੰਬੰਧੀ ਵਿਚਾਰ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2016.

__________, *ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2016.

__________, *ਵਾਹਿਗੁਰੂ ਸਿਮਰਨ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2017.

__________, *ਬਾਬਾ ਵੈਦ ਰੋਗੀਆਂ ਦਾ,* ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, 2017.

__________, *ਝਟਕਾ ਮਾਸ ਪ੍ਰਥਾਇ: ਤਤ ਗੁਰਮਤਿ ਨਿਰਣਯ,* ਮੋਹਨ ਸਿੰਘ ਗਾਰਡ, ਮੋਹਾਲੀ, ਮਿਤੀਹੀਨ.

ਰਾਹੀ, ਰਾਜਵਿੰਦਰ ਸਿੰਘ (ਸੰਪਾ.), *ਗ਼ਦਰ ਲਹਿਰ ਦੀ ਅਸਲੀ ਗਾਥਾ-1,* ਸੰਗਮ ਪਬਲਿਕੇਸ਼ਨਜ਼, ਸਮਾਣਾ, 2013.

__________, *ਕਾਮਾਗਾਟਾ ਮਾਰੂ ਦਾ ਅਸਲੀ ਸੱਚ,* ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮ., ਚੰਡੀਗੜ੍ਹ, 2017.

ਰੋਹੀ, ਰਾਜਿੰਦਰ ਕੌਰ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਰਾਮ ਸਿੰਘ, *ਜਪੁਜੀ ਦੇ ਪੰਜ ਖੰਡ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

__________, *ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999.

__________, *ਸਿੱਖ ਦਰਸ਼ਨਧਾਰਾ (ਭਾਗ ਦੂਜਾ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਵੀਰ ਸਿੰਘ, ਭਾਈ, *ਕੰਬਦੀ ਕਲਾਈ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1963.

__________, *ਅਰਸ਼ੀ ਛੁਹ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 1999.

__________, *ਜਪੁ ਜੀ ਸਟੀਕ*, ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ, 2010.

__________, *ਮੇਰੇ ਸਾਈਆਂ ਜੀਓ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2010.

__________, *ਮਟਕ ਹੁਲਾਰੇ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2012.

__________, *ਗੁਰਮਤਿ ਨਾਮੁ,* ਨਰਿੰਦਰ ਸਿੰਘ ਐਮ. ਏ. (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2015.

__________ (ਸੰਪਾ.), *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016.

**English Books:**

Avtar Singh, *Ethics of the Sikhs,* Punjabi University, Patiala, December, 1970.

Eliade, Mircea (ed.), *The Encyclopedia of Religion,* Vol.12, Macmillan Publishing Company, New York, 1987.

_____________, *Patterns in Comparative Religion,* World Publishing Company, New York. 1963.

_____________, *The Sacred And Profane: The Nature of Religion,* A Harvest Harcourt, Inc, New York, 1987.

Gopal Singh, *A History of the Sikh People (1469-1978),* World Sikh University Press, New Delhi, 1978.

Iqbal, Sir Mohammad, *The Reconstuction of Religious Thought in Islam*, Oriental Publishers and Distributors, Delhi, 1975.

James, William, *The Varieties of Religious Experience,* The Modern Library, New York, 1902.

Otto, Rudollf, *The Idea of the Holy,* John W. Harvey (Trans.), Oxford University Press, New York, 1958.

Pals, Daniel L. (ed.), *Seven Theories of Religion*, Oxford University Press, New York, 1996,

Sidhu, Gurmeet Singh, Beyond Otherness, Notion Press Com, Chennai, 2015.

Spencer, Anand, *Understanding Religion, Vision and Venture*, Patiala, First Edition, 1997.

Talib, Gurbachan Singh (ed.), *An Advanced Book of Religious Studies*, Punjabi University, Patiala, 2001.

Taran Singh (ed.), *Guru Nanak and Indian Religious Thoughts,* Punjabi University, Patiala, Second Edition, 1990.

Trilochan Singh, (Trans.) *Autobiography Of Bhai Sahib Randhir Singh*, Bhai Sahib Randhir Singh Trust, Ludhiana, 2011

Wach, Joachim, *The Comparative Study of Religions,* Joseph M. Kitgawa (ed.), Columbia University Press, New York, 1958.

Wensink, A. J., *Encyclopaedia of Islam,* Vol. II, London, 1936.

**ਜਰਨਲ ਅਤੇ ਪੱਤ੍ਰਿਕਾਵਾਂ :**

*ਸਿੰਘ ਸਭਾ ਪੱਤ੍ਰਿਕਾ* (ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ)

*ਖੋਜ ਨਿਧਾਨ* (ਗੁਰਗਿਆਨ ਬੁਕਸ, ਪਟਿਆਲਾ)

*ਗੁਰਦੁਆਰਾ ਗਜ਼ਟ* (ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)

*ਗੁਰਮਤਿ ਪ੍ਰਕਾਸ਼* (ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)

*ਨਾਨਕ ਪ੍ਰਕਾਸ਼ ਪੱਤ੍ਰਿਕਾ* (ਪੰਜਾਬੀ ਯੂਨੀਵਰਸਿਟੀ, ਪਟਿਆਲਾ)

# ਅੰਤਿਕਾ ਨੰ. 1

# ਦੂਜਾ ਮੁਕੱਦਮਾ ਸਾਜ਼ਿਸ ਲਾਹੌਰ ਦੀ ਸੂਚੀ

ਲਾਹੌਰ ਸੈਂਟਰਲ ਜੇਲ੍ਹ ਵਿਚ ਇਹ ਮੁਕੱਦਮਾ 29 ਅਕਤੂਬਰ 1915 ਈ. ਨੂੰ ਸ਼ੁਰੂ ਹੋਇਆ ਤੇ ਇਸਦਾ ਫੈਸਲਾ 30 ਮਾਰਚ 1916 ਈ. ਨੂੰ ਸੁਣਾਇਆ ਗਿਆ। ਸਜਾ ਹੋਏ ਸੱਜਣਾਂ ਦੇ ਨਾਂ ਤੇ ਥਾਂ ਇਸ ਤਰ੍ਹਾਂ ਹਨ:-

**ਫ਼ਾਸੀ ਲੱਗੇ:-**

1. ਭਾ. ਉਤਮ ਸਿੰਘ ਪਿੰਡ ਹਾਂਸ, ਤਹਿ: ਜਗਰਾਉਂ (ਲੁਧਿਆਣਾ)
2. ਭਾ. ਈਸ਼ਰ ਸਿੰਘ ਢੁਡੀਕੇ, ਜ਼ਿਲ੍ਹਾ ਫਿਰੋਜ਼ਪੁਰ।
3. ਭਾ. ਬੀਰ ਸਿੰਘ ਬਾਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ।
4. ਭਾ. ਰੰਗਾ ਸਿੰਘ ਖੁਰਦਪੁਰ, ਜ਼ਿਲ੍ਹਾ ਜਲੰਧਰ।
5. ਭਾ. ਰੂੜ ਸਿੰਘ ਤਲਵੰਡੀ ਦੁਸਾਂਝ, ਜ਼ਿਲ੍ਹਾ ਫਿਰੋਜ਼ਪੁਰ।

**ਕੈਦ ਹੋਏ:-**

1. ਭਾ. ਹੀਰਾ ਸਿੰਘ ਚਰੜ, ਜ਼ਿਲ੍ਹਾ ਲਾਹੌਰ, ਫ਼ਾਂਸੀ ਦੀ ਸਜਾ ਉਮਰ ਕੈਦ ਵਿਚ ਬਦਲ ਗਈ ਸੀ (ਬਲਗਾਮ ਜੇਲ੍ਹ ਵਿਚ ਚਲਾਣਾ ਕਰ ਗਏ)।
2. ਭਾਈ ਸਾਹਿਬ ਰਣਧੀਰ ਸਿੰਘ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ।
3. ਭਾ. ਲਾਲ ਸਿੰਘ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ।
4. ਭਾ. ਮਸਤਾਨ ਸਿੰਘ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ।
5. ਗਿਆਨੀ ਸੱਜਣ ਸਿੰਘ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ।
6. ਗਿਆਨੀ ਹਰਿਭਜਨ ਸਿੰਘ ਪਿੰਡ ਚਮਿੰਡਾ, ਜ਼ਿਲ੍ਹਾ ਲੁਧਿਆਣਾ।
7. ਗਿਆਨੀ ਦਲੀਪ ਸਿੰਘ ਪਿੰਡ ਫੁਲਾਂਵਾਲ, ਜ਼ਿਲ੍ਹਾ ਲੁਧਿਆਣਾ।
8. ਬਾਬਾ ਰਾਮ ਸਿੰਘ, ਪਿੰਡ ਫਲੇਵਾਲ, ਜ਼ਿਲ੍ਹਾ ਲੁਧਿਆਣਾ।

9. ਭਾ. ਜਗਤ ਸਿੰਘ, ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ।

10. ਭਾ. ਸੁਰਜਣ ਸਿੰਘ, ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ।

11. ਭਾ. ਹਰਨਾਮ ਸਿੰਘ, ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ।

12. ਗਿਆਨੀ ਨਾਹਰ ਸਿੰਘ, ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ।

13. ਭਾ. ਇੰਦਰ ਸਿੰਘ, ਪਿੰਡ ਸ਼ੇਖ ਦੌਲਤ।

14. ਭਾ. ਪਾਖਰ ਸਿੰਘ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ।

15. ਭਾ. ਮਹਿੰਦਰ ਸਿੰਘ ਢੁਡੀਕੇ, ਜ਼ਿਲ੍ਹਾ ਫਿਰੋਜ਼ਪੁਰ।

16. ਭਾ. ਪਾਲਾ ਸਿੰਘ ਸਪੁੱਤਰ ਕਾਲਾ ਸਿੰਘ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ।

17. ਭਾ. ਮਹਿੰਦਰ ਸਿੰਘ ਮਾਜਰੀ ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ।

18. ਭਾ. ਨਰਾਇਣ ਸਿੰਘ ਸ਼ਹਿਰ ਪਟਿਆਲਾ।

19. ਭਾ. ਫੇਰਾ ਸਿੰਘ ਕੋਟ ਝੰਡਾ ਸਿੰਘ, ਜ਼ਿਲ੍ਹਾ ਸਿਆਲਕੋਟ।

20. ਭਾ. ਲਾਭ ਸਿੰਘ ਪਿੰਡ ਵਲਟੋਹਾ, ਜ਼ਿਲ੍ਹਾ ਲਾਹੌਰ।

21. ਭਾ. ਅਰਜਨ ਸਿੰਘ ਜਗਰਾਉਂ, ਜ਼ਿਲ੍ਹਾ ਲੁਧਿਆਣਾ।

22. ਭਾ. ਅਤਰ ਸਿੰਘ ਚੱਕਵਾਲ, ਜ਼ਿਲ੍ਹਾ ਜਿਹਲਮ।

23. ਭਾ. ਬੋਘ ਸਿੰਘ ਮਹੰਤ, ਝਾੜ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

24. ਭਾ. ਬਿਸ਼ਨ ਸਿੰਘ ਵਰਪਾਲ, ਜ਼ਿਲ੍ਹਾ ਅੰਮ੍ਰਿਤਸਰ।

25. ਭਾ. ਬੁੱਢਾ ਸਿੰਘ, ਪਿੰਡ ਸੁਰ ਸਿੰਘ, ਜ਼ਿਲ੍ਹਾ ਲਾਹੌਰ (ਜੇਲ੍ਹ ਵਿਚ ਚਲਾਣਾ ਕਰ ਗਏ)।

26. ਭਾ. ਦਾਨ ਸਿੰਘ, ਪਿੰਡ ਧਲੇਕੇ, ਜ਼ਿਲ੍ਹਾ ਫਿਰੋਜ਼ਪੁਰ।

27. ਭਾ. ਗੰਡਾ ਸਿੰਘ ਖਾਪੜਖੇੜੀ।

28. ਭਾ. ਗੰਡਾ ਸਿੰਘ, ਪਿੰਡ ਸੁਰ ਸਿੰਘ, ਜ਼ਿਲ੍ਹਾ ਲਾਹੌਰ।

29. ਭਾ. ਗੰਡਾ ਸਿੰਘ, ਪਿੰਡ ਸੁਰ ਸਿੰਘ, ਜ਼ਿਲ੍ਹਾ ਲਾਹੌਰ।

30. ਭਾ. ਗੁਜਰ ਸਿੰਘ, ਪਿੰਡ ਭਕਨਾ, ਜ਼ਿਲ੍ਹਾ ਅੰਮ੍ਰਿਤਸਰ।

31. ਭਾ. ਹਰੀ ਸਿੰਘ ਕੱਕੜ, ਜ਼ਿਲ੍ਹਾ ਅੰਮ੍ਰਿਤਸਰ।

32. ਭਾ. ਹਰਨਾਮ ਸਿੰਘ ਰਸੂਲਪੁਰ, ਜ਼ਿਲ੍ਹਾ ਅੰਮ੍ਰਿਤਸਰ।

33. ਭਾ. ਹਰਨਾਮ ਸਿੰਘ, ਕਾਲਾ ਸੰਘਾ, ਰਿਆਸਤ ਕਪੂਰਥਲਾ।

34. ਭਾ. ਜਾਮੂ ਵਲਟੋਹਾ, ਜ਼ਿਲ੍ਹਾ ਲਾਹੌਰ।

35. ਭਾ. ਜਸਾ ਸਿੰਘ ਝਾੜ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

36. ਭਾ. ਰਜਿੰਦਰ ਸਿੰਘ ਚੌਧਰੀ ਵਾਲਾ, ਜ਼ਿਲ੍ਹਾ ਅੰਮ੍ਰਿਤਸਰ। (ਜੇਲ੍ਹ ਵਿਚ ਚਲਾਣਾ ਕਰ ਗਏ)।

37. ਭਾ. ਕਾਹਨ ਸਿੰਘ ਹਸਨਪੁਰ, ਜ਼ਿਲ੍ਹਾ ਲੁਧਿਆਣਾ।

38. ਭਾ. ਕਰਮ ਸਿੰਘ ਕੋਟਲਾ ਅਜਨੇਰ, ਜ਼ਿਲ੍ਹਾ ਲੁਧਿਆਣਾ।

39. ਭਾ. ਕੇਸਰ ਸਿੰਘ ਸੁਰ ਸਿੰਘ, ਜ਼ਿਲ੍ਹਾ ਲਾਹੌਰ।

40. ਭਾ. ਕਿਰਪਾ ਸਿੰਘ ਲੰਗਮਜਾਰੀ, ਜ਼ਿਲ੍ਹਾ ਹੁਸ਼ਿਆਰਪੁਰ।

41. ਭਾ. ਲਾਭ ਸਿੰਘ ਚੱਕਵਲੀਆਂ ਦਾਖਲੀ, ਲਾਹੌਰ।

42. ਭਾ. ਮਹਾਰਾਜ ਸਿੰਘ ਰਸਾਲਾ ਨੰਬਰ 23 ਛਾਉਣੀ, ਲਾਹੌਰ।

43. ਭਾ. ਮੰਗਲ ਸਿੰਘ ਵਲਟੋਹਾ, ਜ਼ਿਲ੍ਹਾ ਲਾਹੌਰ।

44. ਭਾ. ਨੱਥਾ ਸਿੰਘ ਧੁੰਨ, ਜ਼ਿਲ੍ਹਾ ਲਾਹੌਰ

45. ਭਾ. ਪਾਲਾ ਸਿੰਘ ਢੁੱਡੀਕੇ ਸਪੁੱਤਰ ਬੱਗਾ ਸਿੰਘ, ਜ਼ਿਲ੍ਹਾ ਫਿਰੋਜ਼ਪੁਰ।

46. ਭਾ. ਸੰਤਾ ਸਿੰਘ ਨੰਦਪੁਰ ਕਲੌੜ, ਰਿਆਸਤ ਪਟਿਆਲਾ।

47. ਭਾ. ਸ਼ਾਮ ਸਿੰਘ ਢੁੱਡੀਕੇ, ਫਿਰੋਜ਼ਪੁਰ।

48. ਭਾ. ਸ਼ੇਰ ਸਿੰਘ ਠੀਕਰੀਵਾਲਾ, ਜ਼ਿਲ੍ਹਾ ਗੁਰਦਾਸਪੁਰ।

49. ਭਾ. ਸੁੱਚਾ ਸਿੰਘ ਪਿੰਡ ਚੋਹਲਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ।

50. ਭਾ. ਸੁਲਤਾਨ ਸਿੰਘ ਭਿਖੀਵਿੰਡ, ਜ਼ਿਲ੍ਹਾ ਲਾਹੌਰ।

51. ਭਾ. ਸੁੰਦਰ ਸਿੰਘ ਦੋਲੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ।

52. ਭਾ. ਸੂਜਾ ਸਿੰਘ ਵਲਟੋਹਾ, ਜ਼ਿਲ੍ਹਾ ਲਾਹੌਰ।

53. ਭਾ. ਤੇਜਾ ਸਿੰਘ ਭਿੱਖੀਵੰਡ, ਜ਼ਿਲ੍ਹਾ ਲਾਹੌਰ।

54. ਭਾ. ਠਾਕਰ ਸਿੰਘ ਠੱਠੀਆਂ, ਜ਼ਿਲ੍ਹਾ ਅੰਮ੍ਰਿਤਸਰ।

55. ਭਾ. ਊਧਮ ਸਿੰਘ ਲਾਡਪੁਰਾ, ਜ਼ਿਲ੍ਹਾ ਗੁਰਦਾਸਪੁਰ।

56. ਭਾ. ਵਸਾਖਾ ਸਿੰਘ ਦਦੇਹਰ, ਜ਼ਿਲ੍ਹਾ ਅੰਮ੍ਰਿਤਸਰ।

# ਅੰਤਿਕਾ ਨੰ. 2

## ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਦਾ ਵੇਰਵਾ

1 ਅਣਡਿੱਠੀ ਦੁਨੀਆ

2 ਅਨਹਦ ਸ਼ਬਦ ਦਸਮ ਦੁਆਰ

3 ਸੰਤ ਪਦ ਨਿਰਣੈ

4 ਸਚਖੰਡਿ ਦਰਸ਼ਨ

5 ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ?

6 ਕਥਾ ਕੀਰਤਨ

7 ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ

8 ਗੁਰਮਤਿ ਗੌਰਵਤਾ

9 ਗੁਰਮਤਿ ਅਧਿਆਤਮ ਕਰਮ ਫਿਲਾਸਫੀ

10 ਗੁਰਮਤਿ ਪ੍ਰਕਾਸ਼

11 ਗੁਰਮਤਿ ਨਾਮ ਅਭਿਆਸ ਕਮਾਈ

12 ਗੁਰਮਤਿ ਬਿਬੇਕ

13 ਗੁਰਮਤਿ ਸਚ ਨਿਰਣੈ

14 ਗੁਰਮਤਿ ਲੇਖ

15 ਚਰਨ ਕਮਲ ਕੀ ਮਉਜ

16 ਗੁਰਮਤਿ ਵਿਚਾਰ

17 ਜੋਤਿ ਵਿਗਾਸ (ਮਹਾਂ ਕਾਵਿ)

18 ਜੇਲ੍ਹ ਚਿੱਠੀਆਂ

19 ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ

20 ਦਰਸ਼ਨ ਝਲਕਾਂ

21 ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

22 ਰੰਗਲੇ ਸੱਜਣ

23 Autobiography of Bhai Sahib Randhir Singh (ਜੇਲ੍ਹ ਚਿੱਠੀਆਂ ਦਾ ਅੰਗ੍ਰੇਜ਼ੀ ਅਨੁਵਾਦ)

24 Meaning of Sikh Baptism (ਅੰਮ੍ਰਿਤ ਕੀ ਹੈ ਅੰਗ੍ਰੇਜ਼ੀ ਅਨੁਵਾਦ)

### ਟ੍ਰੈਕਟ:

1. ਉਮਰ ਕੈਦੀ ਦਾ ਸੁਪਨਾ
2. ਆਸਤਕ ਤੇ ਨਾਸਤਕ
3. ਅੰਮ੍ਰਿਤ ਕੀ ਹੈ

11. ਸਚਿਖੰਡ ਦਰਸ਼ਨ
12. ਹਉਮੈ ਨਾਵੈ ਨਾਲ ਵਿਰੋਧ ਹੈ
13. ਗੁਰਮਤਿ ਰਮਜ਼ਾਂ

4. ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ

5. ਅੰਮ੍ਰਿਤ ਕਲਾ

6. ਸਿੱਖੀ ਸਿਦਕ ਤੇ ਧਰਮ ਰੱਖਿਆ (ਕਵਿਤਾ)

7. ਸਿੱਖ ਕੌਣ ਹੈ

8. ਸਿੰਘਾਂ ਦਾ ਪੰਥ ਨਿਰਾਲਾ

9. ਸ਼ੰਕਿਆਂ ਦੇ ਉੱਤਰ

10. ਸੱਚੀਆਂ ਦਾੜ੍ਹੀਆਂ

14. ਕੋ ਵਿਰਲਾ ਗੁਰਮਤਿ ਚਲੈ ਜੀਉ

15. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ

16. ਤਿਮਰ ਅਗਿਆਨ ਤੋਂ ਉਜਿਆਰਾ

17. ਨਾਮ ਸੰਬੰਧੀ ਵਿਚਾਰ


18. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ

19. ਵਾਹਿਗੁਰੂ ਸਿਮਰਨ

20. ਬਾਬਾ ਵੈਦ ਰੋਗੀਆਂ ਦਾ

# ਅੰਤਿਕਾ ਨੰ. 3

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪ੍ਰਾਪਤ ਹੋਇਆ ਹੁਕਮਨਾਮਾ ਸਾਹਿਬ



ੴ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹਾਜ਼ਰ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋਗ ਉਨ੍ਹਾਂ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਰ ਗੁਰੂ ਪੰਥ ਦੀ ਉਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪਰਗਟ ਕੀਤੀ ਜਾਂਦੀ ਹੈ। ਅਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਉਤੇ ਗੁਰੂ ਦੀਆਂ ਖੁਸ਼ੀਆਂ ਹੋਣ । ਉਨ੍ਹਾਂ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।

੩੦ ਭਾਦੋਂ ਸੰ: ਨਾਨਕ ਸ਼ਾਹੀ ੪੬੧

ਮੋਹਰ " " " ਬਿਕਰਮੀ ੧੯੮੮

੧੫ ਸਤੰਬਰ ਸੰਨ ਈਸਵੀ ੧੯੩੧

ੴ ਸ੍ਰੀ ਅਕਾਲ ਜੀ ਸਹਾਇ — ਗੁਰਮੁਖ ਸਿੰਘ ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ — ਸ੍ਰੀ ਅਕਾਲ ਤਖ਼ਤ ਸਾਹਿਬ॥

# ਅੰਤਿਕਾ ਨੰ. 4

# ਭਾਈ ਰਣਧੀਰ ਸਿੰਘ ਜੀ ਦੀਆਂ ਚਾਰ ਤਸਵੀਰਾਂ



**ਭਾਈ ਰਣਧੀਰ ਸਿੰਘ ਜੀ ਦੀ ਇਕ ਪੁਰਾਣੀ ਤਸਵੀਰ**



**ਭਾਈ ਸਾਹਿਬ ਜੀ, ਕੀਰਤਨ ਕਰਦੇ ਹੋਏ...**



ਭਾਈ ਸਾਹਿਬ ਜੀ, ਬੇਬੇ ਕਰਤਾਰ ਕੌਰ ਜੀ ਅਤੇ ਬੀਬੀ ਦਲੇਰ ਕੌਰ ਜੀ ਨਾਲ



੧੬ ਸਾਲ ਦੀ ਅਤਿ ਕਠਿਨ ਜੇਲ੍ਹ ਯਾਤਰਾ ਤੋਂ ਬਾਅਦ ਭਾਈ ਸਾਹਿਬ ਰਣਧੀਰ ਸਿੰਘ ਜੀ

# ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ: ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ, ਪੀਐਚ.ਡੀ.

ਦੀ ਡਿਗਰੀ ਲਈ ਅਧਿਨਿਯਮਾਂ ਦੀ ਪੂਰਤੀ ਹਿਤ ਪ੍ਰਸਤੁਤ

**ਖੋਜ-ਪ੍ਰਬੰਧ**

**2020**


**ਨਿਗਰਾਨ:**

ਡਾ. ਗੁਰਮੀਤ ਸਿੰਘ ਸਿੱਧੂ

ਪ੍ਰੋਫ਼ੈਸਰ,

ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ:**

ਜਤਿੰਦਰ ਪਾਲ ਸਿੰਘ


(Established Under Punjab Act No. 35 of 1961)


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਅਧਿਆਇ- ਪੰਜਵਾਂ
# ਸਾਰ ਅਤੇ ਖੋਜ-ਲੱਭਤਾਂ

ਇਸ ਖੋਜ-ਕਾਰਜ ਵਿਚ ਭਾਈ ਰਣਧੀਰ ਸਿੰਘ ਦੇ ਧਾਰਮਿਕ ਅਨੁਭਵ ਦੇ ਦਾਰਸ਼ਨਿਕ ਅਤੇ ਵਿਹਾਰਿਕ ਪਹਿਲੂਆਂ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕੀਤਾ ਗਿਆ ਹੈ। ਖੋਜ ਦੇ ਮੁੱਢਲੇ ਪੜਾਅ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਧਾਰਮਿਕ ਅਨੁਭਵ ਦਾ ਅਰਥ, ਸੰਕਲਪ ਅਤੇ ਸਰੂਪ ਸਮਝਣ ਉਪਰੰਤ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੇ ਅਨੁਭਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁੱਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੌਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਤਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿਭਿੰਨ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਦੀ ਲੜੀ ਤਹਿਤ ਯਹੂਦੀਮਤਿ, ਈਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਤੇ ਬਹੁ-ਪੱਖੀ ਅਧਿਐਨ ਕੀਤਾ ਗਿਆ ਹੈ।

1. ਧਾਰਮਿਕ ਅਨੁਭਵ ਪਵਿੱਤਰ ਦਾ ਰਹੱਸਮਈ ਅਨੁਭਵ ਹੈ। ਇਹ ਆਮ ਜੀਵਨ ਅਨੁਭਵ ਨਾਲੋਂ ਵਿਲੱਖਣ ਹੁੰਦਾ ਹੈ। ਆਮ ਅਨੁਭਵ ਦੀ ਹਰ ਕੋਈ ਪਰਖ ਕਰ ਸਕਦਾ ਹੈ ਪਰ ਧਾਰਮਿਕ ਅਨੁਭਵ ਸਾਡੇ ਪਰਖੇ ਗਿਆਨ ਨਾਲੋਂ ਅਲੱਗ ਤਰ੍ਹਾਂ ਦਾ ਹੁੰਦਾ ਹੈ ਜਿਸ ਕਰਕੇ ਇਸ ਨੂੰ ਆਮ ਭਾਸ਼ਾ ਵਿਚ ਬਿਆਨ ਜਾਂ ਪੇਸ਼ ਕਰਨਾ ਮੁਸ਼ਕਿਲ ਹੁੰਦਾ ਹੈ। ਪਰੰਤੂ ਇਸ ਸਭ ਦੇ ਬਾਵਜੂਦ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮਹਿਜ ਕਪੋਲ-ਕਲਪਨਾ ਜਾਂ ਮਨੁੱਖੀ ਦਾਇਰੇ ਤੋਂ ਬਾਹਰੀ ਹੈ। ਇਸ ਵਿਸਮਾਦ ਦੀ ਅਵਸਥਾ ਦੌਰਾਨ ਪੈਦਾ ਹੋਏ ਪ੍ਰਭਾਵ ਨੂੰ ਮਗਰੋਂ ਵਿਅਕਤੀ ਸਿਮਰਤੀ ਵਿਚੋਂ ਉਜਾਗਰ ਕਰਕੇ ਪ੍ਰਗਟ ਕਰ ਸਕਦਾ ਹੈ ਪਰੰਤੂ ਫਿਰ ਵੀ ਇਸਦਾ ਹੂਬਹੂ ਨਕਸ਼ਾ ਬਿਆਨ ਕਰਨਾ ਕਠਿਨ ਕਾਰਜ ਹੈ। ਇਹ ਦੱਸਣਾ ਵੀ ਜਰੂਰੀ ਹੈ ਕਿ ਇਹ ਅਨੁਭਵ ਆਪਣੇ ਆਪ ਵਿਚ ਪੂਰਨ ਹੁੰਦਾ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਘਾਟ ਜਾਂ ਉਕਾਈ ਨਹੀਂ ਹੁੰਦੀ। ਇੱਥੇ ਪਹੁੰਚ ਕੇ ਸੁੱਖ ਦੁੱਖ, ਆਸ਼ਾ-ਨਿਰਾਸ਼ਾ ਦਾ ਅਭਾਵ ਹੋ ਜਾਂਦਾ ਹੈ।

ਧਾਰਮਿਕ ਅਨੁਭਵ ਦਾ ਇਹ ਵਿਸ਼ੇਸ ਲੱਛਣ ਹੈ ਕਿ ਇਹ ਸਮਝਣ ਵਾਲਾ ਵਰਤਾਰਾ ਨਹੀਂ ਹੈ ਇਸ ਲਈ ਗਿਆਨ ਹਾਸਲ ਕਰਨ ਦੀਆਂ ਦਿਮਾਗੀ ਕਸਰਤਾਂ ਛੋਟੀਆਂ ਰਹਿ ਜਾਂਦੀਆਂ ਹਨ। ਇਹ ਰੂਹਾਨੀ ਅਮਲ

ਹੁੰਦਾ ਹੈ ਜਿਸਨੂੰ ਸਮਝਣ ਲਈ ਸਾਧਕ ਨੂੰ ਇਸਦੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਸ਼ਾਇਦ ਇਸ ਕਰਕੇ ਦਾਰਸ਼ਨਿਕ ਕੇਵਲ ਇਸਦੇ ਬਾਹਰੀ ਤੱਤ ਨੂੰ ਹੀ ਸਮਝਣ ਤਕ ਸੀਮਤ ਰਹਿ ਜਾਂਦੇ ਹਨ।

ਵਿਗਿਆਨਿਕ ਅਧਿਐਨ ਵੱਲੋਂ ਖੜ੍ਹੇ ਕੀਤੇ ਸਵਾਲਾਂ ਅਤੇ ਸ਼ੰਕਿਆਂ ਦਾ ਜੁਆਬ ਦੇਣ ਲਈ ਧਰਮ ਸ਼ਾਸਤਰੀਆਂ ਨੇ ਧਾਰਮਿਕ ਅਨੁਭਵ ਦਾ ਅਧਿਐਨ ਸ਼ੁਰੂ ਕੀਤਾ ਜਿਸ ਵਿਚ ਧਾਰਮਿਕ ਅਨੁਭਵ ਦੇ ਵਿਭਿੰਨ ਸਿਧਾਂਤ ਵਿਕਸਿਤ ਹੋਏ ਹਨ।

ਵਿਲੀਅਮ ਜੇਮਜ਼ ਨੇ ਇਸ ਰਹੱਸਮਈ ਅਨੁਭਵ ਦੇ ਚਾਰ ਮੁੱਖ ਲੱਛਣ ਦਰਸਾਏ ਹਨ। ਇਸ ਨੂੰ ਬਿਆਨਕਰਨਾ ਜਾਂ ਪ੍ਰਗਟਾਉਣਾ ਔਖਾ ਹੈ ਅਤੇ ਇਸਦੇ ਤੱਤਾਂ ਦੀ ਸਹੀ ਪੇਸ਼ਕਾਰੀ ਦੀ ਰਿਪੋਰਟ ਸ਼ਬਦਾਂ ਵਿਚ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਹੀ ਭਾਵ ਨਿਕਲਦਾ ਹੈ ਕਿ ਇਸ ਨੂੰ ਸਿੱਧਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਇਕ ਤੋਂ ਦੂਜੇ ਨੂੰ ਨਹੀਂ ਦਿੱਤਾ ਜਾ ਸਕਦਾ। ਇਸ ਤਰ੍ਹਾਂ ਰਹੱਸਮਈ ਹਾਲਾਤ ਬੌਧਿਕ ਅਵਸਥਾ ਨਾਲੋਂ ਮਹਿਸੂਸ ਕਰਨ ਦੀ ਅਵਸਥਾ ਵਧੇਰੇ ਹੁੰਦੀ ਹੈ। ਕੋਈ ਵਿਅਕਤੀ ਕਿਸੇ ਅਜਿਹੇ ਵਿਅਕਤੀ ਨੂੰ ਇਹ ਅਨੁਭਵ ਸਮਝਾ ਨਹੀਂ ਸਕਦਾ ਜਿਸਨੂੰ ਕਿ ਅਜਿਹਾ ਅਨੁਭਵ ਕਦੇ ਹੋਇਆ ਹੀ ਨਾ ਹੋਵੇ। ਇਸ ਨੂੰ ਜਾਨਣ 'ਤੇ ਸਮਝਣ ਲਈ ਇਸਦਾ ਅਨੁਭਵ ਹੋਣਾ ਚਾਹੀਦਾ ਹੈ।

ਇਹ ਅਵਸਥਾ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ ਫਿਰ ਵੀ ਇਸ ਦਾ ਬੌਧਿਕ ਅਵਸਥਾ ਨਾਲ ਕੋਈ ਵਿਰੋਧ ਨਹੀਂ ਹੁੰਦਾ। ਅਸਲ ਵਿਚ ਇਹ ਅੰਤਰ-ਦ੍ਰਿਸ਼ਟੀ ਨਾਲ ਪ੍ਰਾਪਤ ਅਵਸਥਾ ਹੁੰਦੀ ਹੈ ਜਿਹੜੀ ਕਿ ਕੇਵਲ ਬੌਧਿਕ ਪ੍ਰਕ੍ਰਿਆ ਨਾਲ ਨਹੀਂ ਜਾਣੀ ਜਾ ਸਕਦੀ।

ਧਾਰਮਿਕ ਅਨੁਭਵ ਅਸਥਿਰ, ਅਸਥਾਈ ਅਨੁਭਵ ਥੋੜ-ਚਿਰਾ ਹੁੰਦਾ ਹੈ। ਇਹ ਕੁਝ ਪਲਾਂ ਤਕ ਵਾਪਰਦਾ ਹੈ। ਰਹੱਸਵਾਦੀਆਂ ਅਨੁਸਾਰ ਇਸ ਅਨੁਭਵ ਵਿਚ ਅਨੁਭਵਕਰਤਾ ਨਾ ਸਿਰਫ ਅਲੌਕਿਕ ਸ਼ਕਤੀ ਨਾਲ ਇਕਮਿਕ ਹੋ ਜਾਂਦਾ ਹੈ ਸਗੋਂ ਉਸਨੂੰ ਇਹ ਬਹੁਤ ਤੇਜ਼ ਅਤੇ ਚਕਾਚੌਂਧ ਕਰ ਦੇਣ ਵਾਲੇ ਵਾਤਾਵਰਨ ਨੂੰ ਮਹਿਸੂਸ ਕਰਦਾ ਹੈ, ਕਈਆਂ ਨੂੰ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ। ਉਹ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਹੈ। ਇਸ ਤਰ੍ਹਾਂ ਅਨੁਭਵਕਰਤਾ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ ਹੈ ਅਤੇ ਅਨੰਦਮਈ ਦਸ਼ਾ ਵਿਚ ਪਹੁੰਚ ਜਾਂਦਾ ਹੈ।

ਇਕ ਵਾਰ ਅਨੰਦਮਈ ਅਵਸਥਾ ਵਿਚ ਚਲੇ ਜਾਣ ਤੋਂ ਪਿੱਛੋਂ ਅਨੁਭਵਕਰਤਾ ਮੁੜ ਆਪਣੀ ਪਹਿਲੀ ਅਵਸਥਾ ਵਿਚ ਆ ਜਾਂਦਾ ਹੈ। ਭਾਵੇਂ ਇਹ ਅਵਸਥਾ ਆਉਂਦੀ ਤੇ ਚਲੀ ਜਾਂਦੀ ਹੈ ਪਰ ਇਸ ਦੀ ਤੀਬਰ

ਗਹਿਰਾਈ ਦੇ ਅਹਿਸਾਸ ਤੇ ਮਹੱਤਵ ਨੂੰ ਛੇਤੀ ਕੀਤੇ ਭੁਲਾਇਆ ਨਹੀਂ ਜਾ ਸਕਦਾ ਬਾਅਦ ਵਿਚ ਇਸ ਦੇ ਕੁਝ ਕੁ ਗੁਣ ਸਿਮਰਤੀ ਵਿਚ ਰਹਿੰਦੇ ਹਨ।

ਰਹੱਸਮਈ ਅਨੁਭਵ ਵਿਚੋਂ ਗੁਜ਼ਰਨ ਵਾਲਾ ਵਿਅਕਤੀ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਕੋਈ ਬਲਵਾਨ, ਉਚੇਰੀ ਸ਼ਕਤੀਸ਼ਾਲੀ ਤਾਕਤ ਉਸ ’ਤੇ ਭਾਰੂ ਹੋ ਗਈ ਹੋਵੇ। ਮਨੁੱਖੀ ਸ਼ਖ਼ਸੀਅਤ ਦੇ ਗਿਆਨ ਇੰਦਰੇ ਤੇ ਯਤਨ ਨਿੱਸਲ ਹੋ ਜਾਂਦੇ ਹਨ। ਉਸ ਦੀ ਆਪਣੀ ਇੱਛਾ-ਸ਼ਕਤੀ ਰੁੱਕ ਜਾਂਦੀ ਹੈ ਅਤੇ ਉਹ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਕਿਸੇ ਜ਼ੋਰਦਾਰ ਅਤੇ ਉਚੇਰੀ ਸ਼ਕਤੀਸ਼ਾਲੀ ਤਾਕਤ ਦੀ ਜਕੜਨ ਵਿਚ ਹੈ।

ਰੂਡੋਲਫ ਔਟੋ ਨੇ ਧਰਮ ਦੇ ਤਰਕ-ਅਤੀਤ (non-rational ਜਾਂ super-rational) ਪੱਖ ਨੂੰ ਉਭਾਰਿਆ। ਉਸ ਨੇ ਧਾਰਮਿਕ ਅਨੁਭਵ ਅਤੇ ਵਿਸ਼ਵਾਸ ਵਿਚ ਪਏ ਪਾੜੇ ਨੂੰ ਦੂਰ ਕੀਤਾ। ਤਰਕ-ਅਤੀਤ ਦਾ ਭਾਵ ਤਰਕਹੀਣ ਨਹੀਂ ਸਗੋਂ ਅਜਿਹਾ ਸੁਝਾਅ/ਵਿਚਾਰ ਹੈ ਜੋ ਤਰਕ ਭਾਵ logic ਦੇ ਖੇਤਰ ਤੋਂ ਉੱਪਰ ਹੈ। ਔਟੋ ਦਾ ਮੰਨਣਾ ਹੈ ਕਿ ਤਰਕ ਜਾਂ ਗਿਆਨ ਦੀ ਇਕ ਸੀਮਾ ਹੈ ਜਦ ਕਿ ਪਰਮਸੱਤਾ, ਪਵਿੱਤਰ (Holy) ਦਾ ਅਨੁਭਵ ਤਾਂ ਉਸ ਤੋਂ ਵੀ ਪਰ੍ਹੇ ਦੀ ਅਵਸਥਾ ਦਾ ਨਾਮ ਹੈ। ਇਸ ਨੂੰ ਤਰਕ ਦੇ ਆਧਾਰ ਤੇ ਸਮਝਣਾ ਠੀਕ ਨਹੀਂ। ਅਜਿਹਾ ਕਰਦਿਆਂ ਉਹ ਘਟਾਓਵਾਦ ਨੂੰ ਪਵਿੱਤਰ ਦੇ ਅਰਥਾਂ ਦਾ ਅਨਰਥ ਮੰਨਦਾ ਹੈ। ਸਗੋਂ ਇਹ ਉਹ ਅਨੁਭਵ ਹੈ ਜਿਹੜਾ ਅਤਿ ਵਿਸ਼ੇਸ ਨਿਵੇਕਲਾ ਤੇ ਆਪਣੇ ਵਰਗਾ ਆਪ ਹੀ (unique) ਹੈ। ਤਾਰਕਿਰਤਾ (rationality) ਤੋਂ ਅੱਗੇ ਲੰਘਦਿਆਂ ਉਹ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਇਸ ਨਿਵੇਕਲੇ ਤਰਕ-ਅਤੀਤ ਅਨੁਭਵ ਲਈ ਜ਼ਰੂਰੀ ਨਹੀਂ ਕਿ ਇਸ ਨੂੰ ਸ਼ਬਦਾਂ, ਸੰਦਰਭਾਂ ਵਿਚ ਪ੍ਰਗਟ ਕੀਤਾ ਜਾ ਸਕੇ।

ਇਹ ਅਨੁਭਵ ਤਰਕ-ਅਤੀਤ ਭਾਵ ਤਰਕ ਦੀ ਪਹੁੰਚ ਤੋਂ ਪਰ੍ਹੇ ਹੁੰਦਾ ਹੈ। ਸਾਧਕ ਦੀਆਂ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰ ਹੁੰਦਾ ਹੈ। ਇਸ ਨੂੰ ਤਰਕ ਜਾਂ ਬੁੱਧੀ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਵਿਚ ਅਨੁਭਵਕਰਤਾ ਅਤੇ ਪਰਮਸੱਤਾ ਦੋਹਾਂ ਦਾ ਮੇਲ ਹੋਣਾ ਜਰੂਰੀ ਹੈ। ਇਸ ਅਨੁਭਵ ਵਿਚ ਪਰਮਸੱਤਾ ਪ੍ਰਤੀ ਆਤਮ ਸਮਰਪਣ ਦੀ ਭਾਵਨਾ ਬੜੀ ਪ੍ਰਬਲ ਹੁੰਦੀ ਹੈ। ਪਰਮਸੱਤਾ ਦੇ ਸਨਮੁਖ, ਅਨੁਭਵ ਕਰਤਾ ਕਮਜ਼ੋਰ, ਲਾਚਾਰ, ਬਲਹੀਨ ਅਤੇ ਘਬਰਾਹਟ ਮਹਿਸੂਸ ਕਰਦਾ ਹੈ। ਇਸ ਅਨੁਭਵ ਦੌਰਾਨ ਪਰਮਸੱਤਾ ਪ੍ਰਤੀ ਡਰ ਅਤੇ ਸਤਿਕਾਰ ਦੀ ਭਾਵਨਾ, ਦੋਵੇਂ ਇਕੋ ਵੇਲੇ ਇੱਕਠੀਆਂ ਹੀ ਮੌਜੂਦ ਰਹਿੰਦੀਆਂ ਹਨ।

ਪਰੰਤੂ ਡਰ ਦੀ ਭਾਵਨਾ ਦੇ ਬਾਵਜੂਦ ਪਰਮਸੱਤਾ ਪ੍ਰਤੀ ਇਕ ਆਕਰਸ਼ਣ ਵੀ ਲਗਾਤਾਰ ਬਣਿਆ ਰਹਿੰਦਾ ਹੈ। ਇਸ ਅਨੁਭਵ ਦੌਰਾਨ ਅਨੁਭਵਕਰਤਾ ਵਿਸਮਾਦ ਵਿਚ ਹੁੰਦਾ ਹੈ। ਇਹ ਅਨੁਭਵ ਅਤਿ ਰਹੱਸਮਈ ਹੁੰਦਾ ਹੈ। ਔਟੋ ਇਸ ਅਨੁਭਵ ਨੂੰ Numinous Experience ਦਾ ਨਾਮ ਦਿੰਦਾ ਹੈ।

ਜੋਕਿਮ ਵਾਕ ਪ੍ਰਸਿੱਧ ਜਰਮਨ ਚਿੰਤਕ ਹੋਇਆ ਹੈ। ਔਟੋ ਵਾਂਗ ਉਸ ਨੇ ਵੀ ਅਨੁਭਵ ਨੂੰ ਧਰਮ ਦਾ ਬਹੁਤ ਜਰੂਰੀ ਤੱਤ ਕਿਹਾ ਹੈ। ਉਸਦੀ ਧਾਰਨਾ ਹੈ ਕਿ ਧਰਮਾਂ ਪਿੱਛੇ ਇਕੋ ਰੱਬ ਹੈ ਜਿਸਦਾ ਅਨੁਭਵ ਕੀਤਾ ਜਾਂਦਾ ਹੈ। ਇਹੀ ਨਹੀਂ ਉਹ ਅਨੁਭਵ ਦੇ ਨਾਲ ਪ੍ਰਗਟਾਵੇ ਨੂੰ ਵੱਖ-ਵੱਖ ਧਰਮਾਂ ਦੀ ਤੁਲਨਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਧਾਰਨਾ ਹੈ ਕਿ ਅਨੁਭਵੀ ਸਚਾਈ ਇਤਿਹਾਸ ਰਾਹੀਂ ਪ੍ਰਗਟ ਹੁੰਦੀ ਹੈ।

ਜੋਕਿਮ ਵਾਕ ਧਰਮਾਂ ਦੇ ਤੁਲਨਾਤਮਿਕ ਅਧਿਐਨ ਲਈ ਸਿਧਾਂਤ ਪੇਸ਼ ਕਰਦਾ ਹੈ। ਜਿਸ ਵਿਚ ਉਸ ਨੇ ਇਤਿਹਾਸਿਕ ਗਿਆਨ ਨੂੰ ਕਾਫ਼ੀ ਮਹੱਤਵ ਦਿੱਤਾ ਹੈ। ਆਪਣੇ ਉਸਤਾਦ ਰੂਡੋਲਫ਼ ਔਟੋ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਇਹ ਗੱਲ ਮਨ ਵਿਚ ਵਸਾਈ ਕਿ 'ਧਾਰਮਿਕ ਅਨੁਭਵ ਪਵਿੱਤਰ (Holy) ਦਾ ਅਨੁਭਵ ਹੈ' ਅਤੇ ਸਾਰੀ ਉਮਰ ਇਸ ਗੱਲ ਦਾ ਪੱਲਾ ਨਹੀਂ ਛੱਡਿਆ। ਵਾਕ ਦੀ ਧਾਰਨਾ ਹੈ ਕਿ ਧਾਰਮਿਕ ਅਨੁਭਵ ਇਹ ਦੱਸਦਾ ਹੈ ਕਿ ਅੰਤਿਮ ਸੱਚ ਵਜੋਂ ਕੀ ਅਨੁਭਵ ਕੀਤਾ ਗਿਆ ਹੈ। ਧਾਰਮਿਕ ਅਨੁਭਵ ਇਕ ਸੰਪੂਰਨ ਸਬੂਤ (response) ਹੁੰਦਾ ਹੈ ਜਿਸ ਵਿਚ ਕਿ ਅੰਤਿਮ ਸੱਚ ਦੀ ਸੰਪੂਰਨ ਹੋਂਦ ਸ਼ਾਮਿਲ ਹੁੰਦੀ ਹੈ। ਧਾਰਮਿਕ ਅਨੁਭਵ ਬੜਾ ਤੇਜ ਅਤੇ ਸ਼ਕਤੀਸ਼ਾਲੀ ਅਨੁਭਵ ਹੈ। ਧਾਰਮਿਕ ਅਨੁਭਵ ਪ੍ਰੇਰਨਾ ਅਤੇ ਕਿਰਿਆ ਦਾ ਇਕ ਸੋਮਾ ਹੈ।

ਮਰਸੀ ਇਲਾਡੇ ਪਵਿੱਤਰ (Sacred) ਨੂੰ ਅਪਵਿੱਤਰ (Profane) ਨਾਲ ਤੁਲਨਾਤਮਿਕ ਅਧਿਐਨ ਰਾਹੀਂ ਪ੍ਰਗਟ ਕਰਦਾ ਹੈ ਉਹ ਦੁਰਖਾਇਮ ਦੀ ਤਰ੍ਹਾਂ ਪਵਿੱਤਰ ਅਤੇ ਅਪਵਿੱਤਰ ਵਿਚ ਵੰਡ ਨਹੀਂ ਕਰਦਾ ਬਲਕਿ ਪਵਿੱਤਰਤਾ ਨੂੰ ਵਿਸ਼ਾਲ ਅਰਥਾਂ ਵਿਚ ਸਮਝਦਾ ਹੈ। ਇਸ ਲਈ ਉਹ ਦੁਨਿਆਵੀ ਸੰਸਾਰ ਵਿਚਲੇ ਚਿੰਨ੍ਹਾਂ ਜਿਵੇਂ- ਪੱਥਰ, ਦਰਖ਼ਤ ਆਦਿ ਰਾਹੀਂ ਉਸ ਪਵਿੱਤਰ ਨੂੰ ਸਮਝਣ ਦਾ ਯਤਨ ਕਰਦਾ ਹੈ। ਇਨ੍ਹਾਂ ਚਿੰਨ੍ਹਾਂ ਉਹ ਨੂੰ Hierophany ਆਖਦਾ ਹੈ। ਮਰਸੀ ਇਲਾਡੇ ਅਨੁਸਾਰ ਜਿਨ੍ਹਾਂ ਕੋਲ ਧਾਰਮਿਕ ਅਨੁਭਵ ਹੈ ਉਨ੍ਹਾਂ ਦਾ ਮੰਨਣਾ ਹੈ ਕਿ ਪੂਰੀ ਕੁਦਰਤ ਜੋ ਨਿਯਮਬੱਧ ਢੰਗ ਨਾਲ ਚੱਲ ਰਹੀ ਹੈ, ਪਵਿੱਤਰ (Sacred) ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਇਲਾਡੇ ਨੇ ਪਵਿੱਤਰਤਾ ਦੇ ਸਿਧਾਂਤ ਨੂੰ ਸਮਝਣ ਲਈ ਪਵਿੱਤਰ ਜਗ੍ਹਾ, ਪਵਿੱਤਰ

ਸਮਾਂ, ਮਿਥ, ਸੰਸਕਾਰ ਅਤੇ ਇਹਨਾਂ ਸਭ ਨਾਲ ਜੁੜੇ ਪ੍ਰਤੀਕਾਂ ਦੇ ਮਹੱਤਵ ਉੱਤੇ ਵਿਸ਼ੇਸ਼ ਜੋਰ ਦਿੱਤਾ ਹੈ। ਉਹ ਪਵਿੱਤਰ ਅਤੇ ਅਪਵਿੱਤਰ ਜਗ੍ਹਾ ਵਾਂਗ ਪਵਿੱਤਰ ਅਤੇ ਅਪਵਿੱਤਰ ਸਮੇਂ ਵਿਚਕਾਰ ਵੀ ਅੰਤਰ ਕਰਦਾ ਹੈ। ਉਸ ਅਨੁਸਾਰ ਪਵਿੱਤਰ ਸਮਾਂ ਦੁਹਰਾਇਆ ਜਾ ਸਕਦਾ ਹੈ।

**2.** ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਯਹੂਦੀਮਤਿ, ਈਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਸੰਬੰਧੀ ਪ੍ਰਚਲਿਤ ਵਿਚਾਰਾਂ ਦਾ ਅਧਿਐਨ ਵੀ ਜ਼ਰੂਰੀ ਹੈ।

ਯਹੂਦੀਮਤਿ ਦਾ ਅਨੁਭਵ ਪਵਿੱਤਰ *ਬਾਈਬਲ* ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਦੇ ਪੁਰਾਣੇ ਨੇਮ ਜਾਂ ਹੈਬਰੂ ਗ੍ਰੰਥ ਵਿਚ ਕੂਚ ਦੀ ਤੀਜੀ ਪੁਸਤਕ ਵਿਚ ਦਰਜ਼ ਹੈ ਕਿ ਜਦੋਂ ਮੂਸਾ ਹੈਰੋਬ ਪਹਾੜ ਉਪਰ ਭੇਡਾਂ ਦਾ ਇੱਜੜ ਚਾਰ ਰਿਹਾ ਸੀ ਤਾਂ ਉਸ ਨੂੰ ਬਲਦੀ ਹੋਈ ਝਾੜੀ ਵਿਚੋਂ ਪ੍ਰਭੂ ਨੇ ਦਰਸ਼ਨ ਦਿੱਤੇ।

ਇਸ ਤਰ੍ਹਾਂ ਹੀ ਈਸਾ ਦਾ ਈਸ਼ਵਰੀ ਅਨੁਭਵ ਈਸਾਈਮਤਿ ਦਾ ਬੁਨਿਆਦੀ ਆਧਾਰ ਜਾਂ ਤੱਥ ਹੈ। ਜਦੋਂ ਸਾਰੇ ਲੋਕ *ਬਪਤਿਸਮਾ* ਲੈ ਚੁੱਕੇ ਸਨ ਅਤੇ ਈਸੂ ਵੀ *ਬਪਤਿਸਮਾ* ਲੈ ਕੇ ਪ੍ਰਾਰਥਨਾ ਕਰ ਰਹੇ ਸਨ, ਤਾਂ ਉਸ ਵੇਲੇ ਆਕਾਸ਼ ਖੁੱਲ ਗਿਆ, ਅਤੇ ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿਚ ਉਨ੍ਹਾਂ ਉਤੇ ਉਤਰ ਆਈ। ਉਸ ਵੇਲੇ ਇਕ ਆਵਾਜ਼ ਵੀ ਆਕਾਸ਼ ਤੋਂ ਆਈ, 'ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੇਰੇ ਤੋਂ ਮੈਂ ਖੁਸ਼ ਹਾਂ।' ਈਸਾ ਨੇ ਇਸ ਆਤਮਿਕ ਅਨੁਭਵ ਦੀ ਆਨੰਦ ਅਵਸਥਾ ਦਾ 40 ਦਿਨ ਇਕਾਂਤ ਵਿਚ ਆਨੰਦ ਮਾਣਿਆ ਅਤੇ ਫਿਰ ਬਾਕੀ ਜ਼ਿੰਦਗੀ ਪਰਮੇਸ਼ਰ ਦੇ ਹੁਕਮਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਬਾਈਬਲ ਰਾਹੀਂ ਸਾਡੇ ਤਕ ਪਹੁੰਚੀਆਂ ਹਨ।

ਇਸਲਾਮੀ ਪਰੰਪਰਾ ਵਿਚ ਇਲਹਾਮ ਅਤੇ ਵਹੀ ਦੁਆਰਾ ਖੁਦਾ ਨਾਲ ਸੰਪਰਕ, ਉਸਦਾ ਅਨੁਭਵ ਅਤੇ ਪ੍ਰਗਟਾਵਾ ਹੁੰਦਾ ਮੰਨਿਆ ਜਾਂਦਾ ਹੈ। ਇਸਲਾਮ ਅਨੁਸਾਰ ਵਹੀ ਦੀ ਵਿਧੀ ਰਾਹੀਂ ਖੁਦਾ ਆਪਣਾ ਸੰਦੇਸ਼ ਨਬੀ ਨੂੰ ਪਹੁੰਚਾਉਂਦਾ ਹੈ। ਅਜਿਹੀ ਵਹੀ ਦੋ ਪ੍ਰਕਾਰ ਦੀ ਮੰਨੀ ਜਾਂਦੀ ਹੈ ਭਾਵ (1) ਵਹੀ ਖ਼ਫੀ ਅਤੇ (2)ਵਹੀ ਮਤੱਲੂ।

ਵਹੀ ਖ਼ਫੀ ਤੋਂ ਭਾਵ ਹੈ ਤੁਰੰਤ ਪ੍ਰੇਰਣਾ ਦੇਣਾ। ਨਬੀਆਂ ਨੂੰ ਵਹੀ ਖ਼ਫੀ ਦਾ ਅਨੁਭਵ ਹਮੇਸ਼ਾ ਫਰਿਸ਼ਤੇ ਰਾਹੀਂ ਹੀ ਹੁੰਦਾ ਹੈ। ਇਹ ਅਨੁਭਵ ਮਨੁੱਖ ਅਤੇ ਖ਼ੁਦਾ ਵਿਚਕਾਰ ਅਜਿਹੇ ਵਾਰਤਾਲਾਪ ਦੀ ਸੂਰਤ ਵਿਚ ਹੁੰਦਾ ਹੈ ਜਿਸ ਵਿਚ ਖ਼ੁਦਾ ਦਾ ਨੂਰੀ ਜਲਵਾ ਪ੍ਰਤੱਖ ਰੂਪ ਵਿਚ ਤਾਂ ਨਹੀਂ ਦਿਸਦਾ ਪਰੰਤੂ ਅਨੁਭਵਕਰਤਾ ਦੇ ਮਨ

ਅੰਦਰ ਕੋਈ ਖਿਆਲ ਜਾਂ ਵਿਚਾਰ ਕਿਸੇ ਰੂਪ ਵਿਚ ਪ੍ਰਗਟ ਕਰ ਦਿੱਤਾ ਜਾਂਦਾ ਹੈ। ਅਜਿਹਾ ਅਨੁਭਵ ਨਬੀਆਂ ਨੂੰ ਅਤੇ ਉਹਨਾਂ ਲੋਕਾਂ ਨੂੰ ਵੀ ਪ੍ਰਾਪਤ ਹੋ ਸਕਦਾ ਹੈ ਜੋ ਭਾਵੇਂ ਨਬੀ ਨਾ ਵੀ ਹੋਣ।

ਵਹੀ ਮੱਤਲੂ ਵਿਚ ਜ਼ਿਬਰਾਇਲ ਫਰਿਸ਼ਤਾ ਖ਼ੁਦਾ ਦਾ ਸੰਦੇਸ਼ ਸ਼ਬਦੀ ਰੂਪ ਵਿਚ ਦਿੰਦਾ ਹੈ। ਅਜਿਹਾ ਅਨੁਭਵ ਪ੍ਰਤੱਖ ਅਤੇ ਪ੍ਰਮਾਣਿਕ ਹੁੰਦਾ ਹੈ। ਮੁਹੰਮਦ ਸਾਹਿਬ ਨੂੰ ਜ਼ਿਬਰਾਇਲ ਫਰਿਸ਼ਤੇ ਰਾਹੀਂ ਅਜਿਹਾ ਅਨੁਭਵ ਕਈ ਵਾਰੀ ਹੋਇਆ ਸੀ ਜੋ ਕਿ 'ਕੁਰਾਨ' ਦੇ ਰੂਪ ਵਿਚ ਮੌਜੂਦ ਹੈ। ਵਹੀ ਮਤੱਲੂ ਰਾਹੀਂ ਫਰਿਸ਼ਤੇ ਤੋਂ ਮਿਲਿਆ ਸੰਦੇਸ਼ ਸਾਰੀ ਲੋਕਾਈ ਦੇ ਵਾਸਤੇ ਸਾਂਝਾ ਹੁੰਦਾ ਹੈ।

ਦੱਖਣੀ ਏਸ਼ੀਆ ਦੇ ਧਰਮਾਂ ਵਿਚੋਂ ਜੈਨਮਤਿ ਸਭ ਤੋਂ ਪੁਰਾਣਾ ਹੈ। 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਦਾ ਜਨਮ 599 ਈ. ਪੂ. ਵੈਸ਼ਾਲੀ (ਬਿਹਾਰ) ਦੇ ਨੇੜੇ ਕੁੰਡਗਰਾਮ ਵਿਖੇ ਹੋਇਆ। ਆਪਣੇ ਮਾਤਾ ਪਿਤਾ ਦੀ ਮੌਤ ਪਿੱਛੋਂ ਰਾਜ ਕੁਮਾਰ ਮਹਾਂਵੀਰ ਆਪਣੇ ਭਰਾ ਨੰਦੀਵਰਗ ਤੋਂ ਇਜ਼ਾਜ਼ਤ ਲੈ ਕੇ ਘਰ ਬਾਰ ਤਿਆਗ ਕੇ 30 ਵਰ੍ਹਿਆਂ ਦੀ ਉਮਰ ਵਿਚ ਜੰਗਲਾਂ ਵੱਲ ਗਿਆਨ ਦੀ ਖੋਜ ਲਈ ਚਲੇ ਗਏ। ਉਨ੍ਹਾਂ ਨੇ 12 ਵਰ੍ਹਿਆਂ ਤਕ ਬੜਾ ਕਠੋਰ ਤਪ ਕੀਤਾ। ਅੰਤ ਉਨ੍ਹਾਂ ਨੂੰ ਰਿਜੁਪਾਲਿਕਾ ਨਦੀ ਦੇ ਨੇੜੇ ਜਰਿਮਥਿਕ ਗ੍ਰਾਮ ਵਿਖੇ ਕੈਵਲਯ ਗਿਆਨ (ਸਰਵਉੱਚ ਗਿਆਨ) ਪ੍ਰਾਪਤ ਹੋਇਆ। ਇਸ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ ਅਤੇ ਫਿਰ 30 ਵਰ੍ਹਿਆਂ ਤਕ ਆਪ ਨੇ ਗਿਆਨ ਦਾ ਸੱਚਾ ਮਾਰਗ ਪ੍ਰਚਾਰਿਆ। ਉਹ ਚੌਂਕੜੀ ਮਾਰ ਕੇ ਇਸ ਤਰ੍ਹਾਂ ਬੈਠੇ ਕਿ ਪੈਰਾਂ ਦੀਆਂ ਅੱਡੀਆਂ ਜੁੜ ਗਈਆਂ ਅਤੇ ਸੂਰਜ ਦੀ ਧੁੱਪ ਸਿੱਧੀ ਉਨ੍ਹਾਂ ਉੱਤੇ ਪੈਣ ਲੱਗ ਪਈ। ਢਾਈ ਦਿਨਾਂ ਤਕ ਬਿਨਾਂ ਕੁਝ ਖਾਧੇ ਪੀਤੇ ਡੂੰਘੀ ਭਗਤੀ ਵਿਚ ਲੀਨ ਰਹੇ ਤੇ ਇਸ ਤਰ੍ਹਾਂ ਪ੍ਰਮੁੱਖ ਗਿਆਨ ਅਤੇ ਅੰਤਰ ਦ੍ਰਿਸ਼ਟੀ ਨੂੰ, ਜਿਸਨੂੰ 'ਕੈਵਲਯ' ਕਹਿੰਦੇ ਹਨ, ਪਾਪਤ ਕੀਤਾ। ਕੈਵਲਯ ਇਕ ਅਜਿਹੀ ਅਵਸਥਾ ਹੈ ਜਿਹੜੀ ਅਪਾਰ ਅਤੇ ਸਰਵਉਚ ਹੈ। ਇਸ ਅਵਸਥਾ ਦੇ ਰਾਹ ਵਿਚ ਕੋਈ ਰੁਕਾਵਟ ਜਾਂ ਅੜਿੱਕਾ ਨਹੀਂ। ਇੱਥੇ ਪੁੱਜ ਕੇ ਗਿਆਨ ਸੰਪੂਰਨ ਅਤੇ ਮੁਕੰਮਲ ਹੋ ਜਾਂਦਾ ਹੈ।

ਮਹਾਤਮਾ ਗੌਤਮ ਬੁੱਧ (567 ਈ. ਪੂ. ਤੋਂ 487 ਈ. ਪੂ.) ਨੇ ਛੇ ਸਾਲ ਤਪੱਸਿਆ ਕੀਤੀ, ਪਰ ਗਿਆਨ ਪ੍ਰਾਪਤ ਨਾ ਹੋਇਆ। ਇਸ ਕਾਰਨ ਉਨ੍ਹਾਂ ਦੇ ਪੰਜ ਸਾਥੀ ਉਨ੍ਹਾਂ ਨੂੰ ਛੱਡ ਗਏ। ਫਿਰ ਆਪ ਗਯਾ (ਬੋਧ ਗਯਾ) ਵਿਖੇ ਗਏ। ਜਿੱਥੇ 48 ਦਿਨਾਂ ਦੀ ਸਮਾਧੀ ਮਗਰੋਂ ਵੈਸਾਖ ਦੀ ਪੂਰਨਮਾਸੀ ਵਾਲੇ ਦਿਨ ਆਪ ਨੂੰ ਗਿਆਨ ਦੀ ਪ੍ਰਾਪਤੀ ਹੋਈ। ਜਿਸ ਕਾਰਨ ਉਹ ਬੁੱਧ ਅਖਵਾਏ। ਇਸ ਸਮੇਂ ਆਪ ਦੀ ਉਮਰ 35 ਸਾਲ ਦੀ

ਸੀ। ਮਹਾਤਮਾ ਬੁੱਧ ਨੇ ਅਨੁਭਵ ਅਤੇ ਸੰਪੂਰਨਤਾ ਦੀ ਇਸ ਅਵਸਥਾ ਵਿਚ ਹੀ ਉਹ ਸਚਾਈਆਂ ਦੇਖੀਆਂ ਜਿਨ੍ਹਾਂ ਨੇ ਉਹਨਾਂ ਅੰਦਰ ਜਾਗ੍ਰਤੀ ਅਤੇ ਗਿਆਨ ਪੈਦਾ ਕੀਤਾ। ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਸਭ ਤੋਂ ਪਹਿਲਾਂ ਬਨਾਰਸ ਕੋਲ ਸਾਰਨਾਥ ਵਿਖੇ ਪਹੁੰਚੇ। ਇਥੇ ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਆਪਣੇ ਪੁਰਾਣੇ ਪੰਜਾਂ ਸਾਥੀਆਂ ਨੂੰ ਦਿੱਤਾ। ਇਸ ਘਟਨਾ ਨੂੰ ਧਰਮ ਚੱਕਰ ਪਰਿਵਰਤਨ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਜੀ ਨੇ ਇਸ ਤਰ੍ਹਾਂ ਲਗਾਤਾਰ ਆਪਣੇ ਅਨੁਭਵ ਤੇ ਗਿਆਨ ਦਾ ਪ੍ਰਚਾਰ 45 ਸਾਲਾਂ ਤਕ ਥਾਂ-ਥਾਂ ਜਾ ਕੇ ਕੀਤਾ ਅਤੇ 80 ਸਾਲ ਦੀ ਉਮਰ ਵਿਚ ਕੁਸ਼ੀਨਗਰ ਵਿਖੇ ਆਪ ਨੇ ਮਹਾਂ ਪਰਿ ਨਿਰਵਾਣ ਪ੍ਰਾਪਤ ਕੀਤਾ।

ਹਿੰਦੂਮਤਿ ਵਿਚ ਪਰਮਸੱਤਾ ਲਈ ਬ੍ਰਹਮ, ਪਰਮਾਤਮਾ, ਈਸ਼ਵਰ, ਭਗਵਾਨ ਆਦਿ ਅਨੇਕਾਂ ਨਾਮ ਵਰਤੇ ਜਾਂਦੇ ਹਨ। ਇਸ ਤਰ੍ਹਾਂ ਪਰਮਾਤਮਾ ਦੇ ਗੁਣਾਂ ਨੂੰ ਯਾਦ ਕਰਾਉਣ ਵਾਲੇ ਈਸ਼ਵਰੀ ਗੁਣਾਂ ਦੇ ਨਾਮ ਜਿਵੇਂ ਗੋਪਾਲ, ਕ੍ਰਿਸ਼ਨ, ਹਰੀ, ਰਾਮ ਆਦਿ ਹਨ। ਹਿੰਦੂਮਤਿ ਦੇ ਮੁੱਖ ਸ੍ਰੋਤਾਂ ਵਜੋਂ ਵੇਦਾਂ, ਪੁਰਾਣਾਂ, ਛੇ ਦਰਸ਼ਨਾਂ ਅਤੇ ਸਿਮਰਤੀਆਂ ਆਦਿ ਸਾਹਿਤ ਨੂੰ ਮੰਨਿਆ ਜਾਂਦਾ ਹੈ। ਵੇਦਾਂ ਨੂੰ ਉਤਮ ਮੰਨਿਆ ਜਾਂਦਾ ਹੈ ਪਰੰਤੂ ਵੈਦਿਕ ਸਾਹਿਤ ਵਿਚ ਦੋ ਵਿਚਾਰਧਾਰਾਵਾਂ ਵੇਖਣ ਨੂੰ ਮਿਲਦੀਆਂ ਹਨ। ਪਹਿਲੀ ਅਨੁਸਾਰ ਵੇਦ ਸਦੀਵੀ ਅਤੇ ਰੱਬੀ ਰਚਨਾ ਹਨ। ਦੂਜੀ ਅਨੁਸਾਰ ਵੇਦ ਅਸਦੀਵੀ ਅਤੇ ਮਨੁੱਖੀ ਰਚਨਾ ਹਨ। ਇਹੋ ਮਤਭੇਦ ਛੇ ਦਰਸ਼ਨਾਂ ਵਿਚੋਂ ਵੀ ਵਿਦਮਾਨ ਹੁੰਦਾ ਹੈ। ਮੀਮਾਂਸਾ ਅਨੁਸਾਰ ਵੇਦਾਂ ਦਾ ਕੋਈ ਸੰਕਲਨ ਕਰਤਾ ਨਹੀਂ ਹੈ। ਨਿਆਇ ਇਨ੍ਹਾਂ ਦਾ ਸੰਕਲਨ ਕਰਤਾ ਪ੍ਰਾਕ੍ਰਿਤਕ ਉਪਜ ਮੰਨਦਾ ਹੈ। ਵੈਸ਼ੇਸ਼ਿਕ ਸਪੱਸ਼ਟ ਤੌਰ ਤੇ ਵੇਦਾਂ ਨੂੰ ਮਨੁੱਖੀ ਕਿਰਤ ਸਵੀਕਾਰ ਕਰਦਾ ਹੈ। ਯੋਗ ਸ਼ਾਸਤਰ ਅਨੁਸਾਰ ਵੇਦ ਈਸ਼ਵਰ ਦੇ ਸੰਪੂਰਨ ਵਿਚਾਰ ਤੇ ਆਧਾਰਿਤ ਹਨ। ਸਾਰੀ ਵਿਚਾਰ ਤੇ ਵਿਵੇਚਨ ਤੋਂ ਬਆਦ ਇਹ ਕਿਹਾ ਜਾ ਸਕਦਾ ਹੈ ਕਿ ਵੇਦਾਂ ਦੀ ਰਚਨਾ ਰਿਸ਼ੀਆਂ ਨੇ ਹੀ ਕੀਤੀ ਸੀ ਭਾਵੇਂ ਈਸ਼ਵਰ ਹੀ ਉਹਨਾਂ ਨੂੰ ਇਹ ਪ੍ਰੇਰਨਾ ਤੇ ਗਿਆਨ ਦਾ ਅਨੁਭਵ ਬਖਸ਼ਣ ਵਾਲਾ ਸੀ। ਸੋ ਰਿਸ਼ੀਆਂ ਦਾ ਦਿੱਬ ਗਿਆਨ ਮੂਲਕ ਅਨੁਭਵ ਹੀ ਵੇਦ ਕਹੇ ਜਾ ਸਕਦੇ ਹਨ।

**3.** ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਈਂ ਪ੍ਰਵੇਸ਼ ਸਮੇਂ ਹੋਏ ਪਰਮਾਤਮਾ ਦੇ ਮਿਲਾਪ ਦਾ ਅਨੁਭਵ ਪੁਰਾਤਨ ਜਨਮਸਾਖੀ ਵਿਚ ਦਰਜ਼ ਹੈ। ਇਸਦੇ ਸੰਕੇਤ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਵਿਚ ਮਿਲਦੇ ਹਨ। ਗੁਰੂ ਜੀ ਨੂੰ ਸਤਿ ਦਾ ਸਿੱਧਾ ਅਨੁਭਵ ਹੋਇਆ ਅਤੇ ਇਸੇ ਨੂੰ ਉਨ੍ਹਾਂ ਗੁਰਬਾਣੀ ਵਿਚ ਪ੍ਰਗਟ ਕੀਤਾ। ਜਦੋਂ ਜੋਤਿ ਸਰੂਪੀ ਮਨ ਆਪਣਾ ਮੂਲ ਪਛਾਣਦਾ ਹੈ ਤਾਂ ਉਸ ਨੂੰ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ।

ਆਤਮਾ ਤੇ ਪਰਮ-ਆਤਮਾ ਦੀ ਇਕਸੁਰਤਾ ਜਾਂ ਸੁਮੇਲ ਕੇਵਲ ਅਨੁਮਾਨ ਦਾ ਵਿਸ਼ਾ ਨਹੀਂ ਹੈ। ਧਾਰਮਿਕ ਅਨੁਭਵ ਵੇਲੇ ਆਤਮਾ ਤੇ ਪਰਮਾਤਮਾ ਵਿਚਲੀ ਕੰਧ ਟੁੱਟ ਜਾਂਦੀ ਹੈ। ਇਸ ਉੱਚ ਆਤਮਿਕ ਅਵਸਥਾ ਦੇ ਪਲਾਂ ਵਿਚ ਆਤਮਾ ਨੂੰ ਸਿਰਫ਼ ਆਪਣੀ ਸੱਤਾ ਜਾਂ ਹੋਂਦ ਦਾ ਹੀ ਨਹੀਂ, ਸਗੋਂ ਇਕ ਸਰਵ-ਵਿਆਪਕ ਪਰਮ-ਆਤਮਾ ਦਾ ਵੀ ਗਿਆਨ ਹੁੰਦਾ ਹੈ, ਜਿਸਦਾ ਕਿ ਉਹ ਪ੍ਰਤਿਬਿੰਬ ਹੈ।

ਧਾਰਮਿਕ ਅਨੁਭਵ ਦਾ ਅਰਥ ਆਤਮਾ ਦੀ ਪਰਮਾਤਮਾ ਵਿਚ ਲੀਨਤਾ ਹੈ। ਦੂਜਾ ਅਧਿਆਇ ਗੁਰੂ ਸਾਹਿਬ ਦੇ ਧਾਰਮਿਕ ਅਨੁਭਵ ਬਾਰੇ ਹੈ। ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਸ਼ੁੱਧ, ਨਿਰੋਲ ਨਿੱਜੀ ਅਤੇ ਵਿਲੱਖਣ ਹੈ। ਇਸ ਨੂੰ ਕਿਸੇ ਧਰਮ ਪਰੰਪਰਾ ਦੀ ਨਕਲ, ਨਿਰੰਤਰਤਾ ਜਾਂ ਮੇਲ ਖਾਂਦਾ ਨਹੀਂ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬ ਤਾਂ ਕੁਦਰਤ ਅਤੇ ਬ੍ਰਹਿਮੰਡ ਦੇ ਅਣਗਿਣਤ ਪਸਾਰਾਂ, ਪਰਪੰਚਾਂ, ਪ੍ਰਗਟਾਵਿਆਂ ਅਤੇ ਵਰਤਾਰਿਆਂ ਨੂੰ ਵਿਸਮਾਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਸਿੱਖ ਧਰਮ ਵਿਚ ਅਜਿਹੇ ਪਰਮਾਤਮਾ ਦੇ ਅਨੁਭਵ ਅਤੇ ਪ੍ਰਾਪਤੀ ਦਾ ਮੁੱਖ ਸਾਧਨ ਗੁਰੂ ਨੂੰ ਦੱਸਿਆ ਗਿਆ ਹੈ। ਗੁਰੂ ਦੀ ਕ੍ਰਿਪਾ ਬਿਨਾ ਪਰਮਾਤਮਾ ਦਾ ਪਾ ਸਕਣਾ ਅਸੰਭਵ ਹੈ। ਇਸ ਦੇ ਨਾਲ ਹੀ ਗੁਰੂ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ, ਨਾਮ ਸਿਮਰਨ, ਭਾਣਾ ਮੰਨਣਾ, ਸੰਸਾਰ ਵਿਚ ਵਿਚਰਦਿਆਂ ਹੋਇਆ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿਣਾ ਆਦਿ ਜਰੂਰੀ ਗੱਲਾਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਸਰੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਤਾਂ ਉਨ੍ਹਾਂ ਦੇ ਮਨ ਵਿਚ ਇਕ ਨਵੀਂ ਧਰਮ ਪਰੰਪਰਾ ਨੂੰ ਸਥਾਪਿਤ ਕਰਨ ਦਾ ਮੰਤਵ ਨਜ਼ਰ ਆਉਂਦਾ ਹੈ। ਜਿਸ ਸਪੱਸ਼ਟਤਾ ਨਾਲ ਪਹਿਲੇ ਤੋਂ ਲੈ ਕੇ ਦਸਵੇਂ ਗੁਰੂ ਤਕ ਇਹ ਪਰੰਪਰਾ ਚੱਲੀ, ਉਸ ਨੇ ਸਿੱਖ ਧਰਮ ਨੂੰ ਕਿਸੇ ਗੁਰੂ ਚੇਲੇ ਦੇ ਵਿਅਕਤੀਗਤ ਤੇ ਸੰਕੀਰਣ ਸੰਬੰਧ ਦੇ ਘੇਰੇ ਚੋਂ ਕੱਢ ਕੇ ਇਕ ਸੁਤੰਤਰ ਤੇ ਵਿਲੱਖਣ ਧਰਮ ਦਾ ਰੂਪ ਧਾਰਨ ਕਰ ਲਿਆ ਹੈ। ਸਿੱਖ ਧਾਰਮਿਕ ਅਨੁਭਵ ਗੁਰੂ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਨਿਰੋਲ ਆਪਣਾ ਅਨੁਭਵ ਹੈ। ਗੁਰੂ ਸਾਹਿਬ ਨੇ ਉਹੀ ਬੋਲਿਆ ਹੈ ਜੋ ਪਰਮਾਤਮਾ ਨੇ ਆਪ ਤੋਂ ਬੁਲਵਾਇਆ ਹੈ। ਇਹ ਖਸਮ ਕੀ ਬਾਣੀ ਤਾਂ ਧੁਰੋਂ ਪ੍ਰਮੇਸ਼ਰ ਦੀ ਦਰਗਾਹ ਤੋਂ ਉਤਰੀ ਹੈ। ਇਸ ਨੂੰ ਕਿਸੇ ਵੀ ਆਧਾਰ 'ਤੇ ਪੂਰਵੀ ਜਾਂ ਪੱਛਮੀ ਧਰਮ, ਹਿੰਦੂ ਮਤਿ ਜਾਂ ਇਸਲਾਮ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਨਹੀਂ ਮੰਨਿਆ ਜਾ ਸਕਦਾ।

ਜੇਕਰ 'ਸੁੰਨ' ਦੀ ਵਿਚਾਰ ਕਰਨੀ ਹੋਵੇ ਤਾਂ ਸਭ ਤੋਂ ਪਹਿਲਾਂ ਭਾਰਤੀ ਵੈਦਿਕ ਚਿੰਤਨ ਵਿਚ 'ਸੁੰਨ' ਦਾ ਸੰਕੇਤ ਪੁਰਾਣਾ ਹੈ। ਇਹ ਵੇਦਾਂ ਤਕ ਜਾਂਦਾ ਹੈ। ਰਿਗਵੇਦ ਦੇ ਨਾਸਦੀਯ ਸੂਕਤ ਵਿਚ ਬ੍ਰਹਿਮੰਡ ਦੇ ਜਨਮ ਤੋਂ ਪਹਿਲਾਂ ਇਕ ਵਿਸ਼ੇਸ ਕਿਸਮ ਦੀ ਸੁੰਨ ਦਾ ਵਿਸਥਾਰਪੂਰਵਕ ਜ਼ਿਕਰ ਹੈ। ਉਸ ਸਮੇਂ ਨਾ ਸਤਿ ਸੀ, ਨਾ ਅਸਤਿ, ਨਾ ਅੰਤਰਿਕਸ਼, ਨਾ ਆਕਾਸ਼, ਨਾ ਰਾਤ ਸੀ, ਨਾ ਦਿਨ। ਹਨੇਰੇ ਨੂੰ ਹਨੇਰੇ ਨੇ ਢੱਕ ਰੱਖਿਆ ਸੀ। ਰਿਗਵੇਦ ਦਾ ਨਾਸਦੀਯ ਸੂਕਤ ਇਸ ਬ੍ਰਹਿਮੰਡ ਦੀ ਸਿਰਜਣਾ ਦੀ ਪ੍ਰਕਿਰਿਆ ਦੀ ਜਾਣਕਾਰੀ ਪਰਮਾਤਮਾ ਨੂੰ ਵੀ ਨਾ ਹੋਣ ਦੀ ਕਲਪਨਾ ਕਰਦਾ ਹੈ। ਇਸਦਾ ਸਿਰਜਕ ਪਰਮਾਤਮਾ ਹੈ ਜਾ ਕੋਈ ਹੋਰ, ਇਸ ਬਾਰੇ ਵੀ ਇਹ ਸੂਕਤ ਸੰਦੇਹ ਪ੍ਰਗਟ ਕਰਦਾ ਹੈ। ਪਰਮਾਤਮਾ ਦੇ ਇਸ ਸਿਰਜਣਾ ਤੋਂ ਵੱਖ ਕਿਸੇ ਵੱਖਰੇ ਉਚ ਸਥਾਨ ਤੇ ਬੈਠਣ ਦੀ ਕਲਪਨਾ ਕਰਦਾ ਹੈ ਇਹ ਸੂਕਤ। ਸੁੰਨ ਸੰਬੰਧੀ ਨਾਸਦੀਯ ਸੂਕਤ ਅਤੇ ਗੁਰਬਾਣੀ ਦੀ ਮੂਲ ਧਾਰਨਾ ਵਿਚ ਮੁਢੱਲਾ ਸਿਧਾਂਕਤ ਵੱਖਰਾਪਣ ਧਿਆਨ ਦੀ ਮੰਗ ਕਰਦਾ ਹੈ। ਗੁਰਬਾਣੀ ਦੀ ਧਾਰਨਾ ਤਾਂ ਸਾਫ ਤੇ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਦੀ ਅਫੁਰ ਅਵਸਥਾ ਵਿਚ ਹੀ ਇਹ ਸੁੰਨ ਮੋਜੂਦ ਸੀ। ਉਸ ਨਿਰਗੁਣ ਨੇ ਹੀ ਸਰਗੁਣ ਪਸਾਰਾ ਖੁਦ ਕੀਤਾ ਹੈ। ਇਹ ਸਾਰਾ ਪਸਾਰਾ ਕਰਤੇ ਪੁਰਖ ਦੀ ਲੀਲਾ ਹੈ। ਇਥੇ ਨਾਸਦੀਯ ਸੂਕਤ ਜਿਹੀ ਅਸਪੱਸ਼ਟਤਾ ਨਹੀਂ। ਗੁਰਬਾਣੀ ਅਨੁਸਾਰ ਪਰਮਾਤਮਾ ਦੇ ਸਿਰਜਣ ਪ੍ਰਕਿਰਿਆ ਤੋਂ ਬੇਖ਼ਬਰ ਜਾਂ ਅਣਜਾਣ ਹੋਣ ਦੀ ਗੱਲ ਹੀ ਨਹੀਂ ਬਣਦੀ। ਉਹੀ ਬ੍ਰਹਮ ਗੁਪਤ ਤੋਂ ਪ੍ਰਗਟ, ਅਫੁਰ ਤੋਂ ਸਫੁਰ ਹੋਇਆ ਹੈ।

ਭਾਰਤੀ ਧਰਮ ਗ੍ਰੰਥਾਂ ਵਿਚ ਯੋਗ ਸ਼ਬਦ ਵਰਤਿਆ ਮਿਲਦਾ ਹੈ। ਯੋਗ ਤੋਂ ਭਾਵ ਸੰਬੰਧ ਹੁੰਦਾ ਹੈ। ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਯੋਗ ਕਰਕੇ ਵੀ ਜਾਇਆ ਜਾਂਦਾ ਹੈ। ਯੋਗ ਸ਼ਬਦ ਨੂੰ ਮਾਰਗ ਜਾਂ ਰਸਤਾ ਵੀ ਕਿਹਾ ਜਾਂਦਾ ਹੈ। ਜਿਵੇਂ ਭਗਤੀ ਯੋਗ, ਗਿਆਨ ਯੋਗ, ਕਰਮ ਯੋਗ, ਹਠ ਯੋਗ, ਆਦਿ। ਅਜਿਹੇ ਕਈ ਹੋਰ ਅਰਥ ਵੀ ਯੋਗ ਦੇ ਕੀਤੇ ਜਾਂਦੇ ਹਨ। ਭਾਰਤ ਦੇ ਛੇ ਦਰਸ਼ਨਾਂ ਵਿਚੋਂ ਇਕ ਯੋਗ ਸਾਸ਼ਤਰ ਹੈ। ਇੱਥੇ ਯੋਗਮਤਿ ਅਤੇ ਸਿੱਖਮਤਿ ਦੇ ਪਰਸਪਰ ਵਖਰੇਵੇਂ ਬਾਰੇ ਵਿਸਲੇਸ਼ਣ ਗੁਰਬਾਣੀ ਦੇ ਆਧਾਰ ਤੇ ਕੀਤਾ ਗਿਆ ਹੈ। ਯੋਗ ਦੀ ਮੂਲ ਭਾਵਨਾ ਤਾਂ ਮਨ ਅਤੇ ਇੰਦਰੀਆਂ ਨੂੰ ਬੁਰਾਈਆਂ ਵੱਲੋਂ ਹੋੜ (ਰੋਕ) ਕੇ ਨਿਰੰਜਨ ਪ੍ਰਭੂ ਨਾਲ ਜੋੜਨਾ ਮੰਨਿਆ ਜਾਂਦਾ ਹੈ ਪਰੰਤੂ ਗੁਰੂ ਸਾਹਿਬ ਦੇ ਸਮਕਾਲੀ ਯੋਗੀ ਇਸ ਉੱਚਤਮ ਲਕਸ਼ ਤੋਂ ਭਟਕੇ ਤੇ ਗਿਆਨ ਵਿਹੂਣੇ ਸਨ। ਯੋਗੀ ਸਿਰਫ ਸੁਆਹ ਮਲਣ, ਸਰੀਰਕ ਅਭਿਆਸ, ਬਾਹਰੀ ਚਿੰਨ੍ਹਾਂ, ਭਿੱਖਿਆ ਮੰਗਣ, ਇਸਤਰੀ ਨਿੰਦਾ ਅਤੇ ਭੇਖ ਨੂੰ ਹੀ ਯੋਗ ਮਾਰਗ ਸਮਝ ਰਹੇ ਸਨ। ਗੁਰਬਾਣੀ ਵਿਚ ਯੋਗ ਮਾਰਗ ਬਾਰੇ

ਉਹਨਾਂ ਦੀ ਸ਼ਬਦਾਵਲੀ ਵਿਚ ਚਰਚਾ ਤੇ ਅਸਲ ਮਾਰਗ ਦਾ ਉਪਦੇਸ਼ ਕਈ ਵਾਰ ਕੀਤਾ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਉਹਨਾਂ ਦੀ ਸ਼ਬਦਾਵਲੀ ਵਿਚ ਸ਼ਬਦ ਵਰਤੇ ਜਿਵੇਂ ਮੁੰਦਾ, ਸੰਤੋਖ, ਝੋਲੀ, ਖਿੰਥਾ, ਕਾਇਆ, ਸਿੰਙੀ, ਖੈਪਰ (ਪਾਤਰ), ਬਿਭੂਤ (ਸੁਆਹ), ਨਿਰੰਜਨ, ਅੰਜਨ, ਅਲਖ, ਗੋਰਖ, ਧੁਨ, ਅਨਾਹਤ, ਅਨਹਦ, ਦਸਮ ਦੁਆਰ, ਬਾਰਾਂ ਪੰਥ, ਆਈ ਪੰਥ ਆਦਿ ਸਬਦਾਂ ਦਾ ਪ੍ਰਯੋਗ ਕਰਦਿਆਂ ਯੋਗੀਆਂ ਨੂੰ ਆਤਮ ਉਪਦੇਸ਼ ਦਿੱਤਾ।

ਗੁਰਬਾਣੀ ਭੇਖ ਅਤੇ ਕਰਮ-ਕਾਂਡਾਂ ਦਾ ਸਦਾ ਖੰਡਨ ਕਰਦੀ ਹੈ। ਯੋਗੀ, ਯੋਗਮਤਿ ਅਤੇ ਇਸ ਦੀ ਕਿਰਿਆਵਾਂ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ। ਇਸ ਨੂੰ ਫੋਕਟ ਕਰਮ ਸਮਝ ਕੇ ਇਸ ਦਾ ਖੰਡਨ ਕਾਫੀ ਜਗ੍ਹਾ ਤੇ ਕੀਤਾ ਮਿਲਦਾ ਹੈ ਕਿਉਂ ਕਿ ਗੁਰਮਤਿ ਅਨੁਸਾਰ ਸਤਿਗੁਰੂ ਨੂੰ ਭੇਟੇ ਬਾਝੋਂ ਪਰਮਪਦ, ਵਿਸਮਾਦ ਜਾਂ ਸਹਿਜ ਪਦ ਦੀ ਅਵਸਥਾ/ਪਦਵੀ ਗੱਲੀਂ-ਬਾਤੀਂ ਕਦੇ ਵੀ ਭੇਖੀ ਬਣ ਕੇ ਹਾਸਲ ਨਹੀਂ ਹੋ ਸਕਦੀ, ਜਦੋਂ ਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਦੁਆਰਾ ਦਿੱਤੇ ਸ਼ਬਦ ਤੇ ਨਾਮ ਦੇ ਅਭਿਆਸ ਕਰਨ ਪਿੱਛੋਂ ਮਨ ਦੇ ਵਸ ਵਿਚ ਆ ਜਾਣ ਸਦਕਾ, ਹਉਮੈ ਮਿਟ ਜਾਣ ਪਿੱਛੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੀ ਅਵਸਥਾ ਹਾਸਲ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਸਪੱਸ਼ਟ ਉੱਤਰ ਦਿੱਤਾ ਸੀ ਕਿ ਉਹਨਾਂ ਦਾ ਗੁਰੂ ਸ਼ਬਦ ਹੈ। ਇਹ ਹਕੀਕਤ ਵਿਚ ਨਿਰਾਕਾਰ ਪ੍ਰਭੂ ਦੀ ਹੋਂਦ ਦਾ ਗੁਪਤ ਅਤੇ ਪ੍ਰਗਟ ਰੂਪ ਹੈ। ਗੁਪਤ ਰੂਪ ਵਿਚ ਤਾਂ ਉਹ ਕਣ-ਕਣ ਵਿਚ ਵਸਿਆ ਹੈ, ਹਰ ਸਰੀਰ ਵਿਚ ਵਸਿਆ ਹੈ ਪਰੰਤੂ ਗੁਰਮੁਖਾਂ ਵਿਚ ਉਹ ਪ੍ਰਗਟ ਹੁੰਦਾ ਹੈ। ਮਨੁੱਖਾ ਦੇਹੀ ਰਾਹੀਂ ਉਸ ਨੂੰ ਪਾਉਣ ਦਾ ਅਵਸਰ ਮਿਲਦਾ ਹੈ। ਇਸ ਤਰ੍ਹਾਂ ਗੁਰਮਖਾਂ ਦੇ ਅੰਦਰ-ਬਾਹਰ ਸ਼ਬਦ (ਪ੍ਰਭੂ) ਵਸਦਾ ਹੈ। ਮਨਮੁਖਾਂ ਨੂੰ ਗੁਰੂ ਨਾ ਮਿਲ ਸਕਣ ਕਾਰਨ ਸ਼ਬਦ ਨਹੀਂ ਮਿਲਿਆ, ਉਹ ਆਵਾਗਵਣ ਵਿਚ ਉਲਝੇ ਰਹਿੰਦੇ ਹਨ।

ਬੁੱਧਮਤਿ ਵੀ ਸੁੰਨ ਨੂੰ ਮੰਨਦਾ ਹੈ ਅਤੇ ਯੋਗੀ ਵੀ ਸੁੰਨ ਦੀ ਗੱਲ ਕਰਦੇ ਹਨ। ਬੁੱਧਮਤਿ ਸੁੰਨ ਤੋਂ ਅੱਗੇ ਨਹੀਂ ਜਾਂਦਾ ਇਸ ਉਪਰ ਮੋਨ ਧਾਰ ਲੈਂਦਾ ਹੈ, ਚੁੱਪ ਹੋ ਜਾਂਦਾ ਹੈ। ਉਹਨਾਂ ਅਨੁਸਾਰ ਸੁੰਨ ਕੁੱਝ ਵੀ ਨਹੀਂ ਹੈ। ਪਰੰਤੂ ਗੁਰਬਾਣੀ ਇਸ ਕੁੱਝ ਵੀ ਨਹੀਂ ਦੀ ਅਵਸਥਾ ਵੇਲੇ ਵੀ ਅਕਾਲ ਪੁਰਖ ਨੂੰ ਹਾਜ਼ਰ ਮੰਨਦੀ ਹੈ। ਸੁੰਨ ਤੋਂ ਅੱਗੇ ਰੱਬ ਮੰਨਦੀ ਹੈ। ਇਸੇ ਪ੍ਰਕਾਰ ਸ੍ਰਿਸ਼ਟੀ ਰਚਨਾ ਪ੍ਰਤੀ ਵੀ ਗੁਰਬਾਣੀ ਦੀ ਧਾਰਨਾ ਸਪੱਸ਼ਟ ਹੈ ਕਿ ਨਿਰਗੁਣ ਬ੍ਰਹਮ ਸੁੰਨ-ਸਮਾਧੀ ਵਿਚ ਗੁਪਤ ਬੈਠਾ ਸੀ, ਫਿਰ ਪ੍ਰਗਟ ਹੋਇਆ। ਉਸ ਪ੍ਰਭੂ ਨੇ ਹੀ ਬਹੁ ਬਿਧ

ਅਨਿਕ ਪ੍ਰਕਾਰ ਦੀ ਰਚਨਾ ਰਚੀ ਹੈ। ਉਹ ਕਿੰਨੇ ਹੀ ਜੁਗਾਂ ਤਕ ਤਾੜੀ ਲਾਈ ਬੈਠਾ ਸੀ। ਉਸਨੇ ਹੀ ਪਉਣ, ਪਾਣੀ, ਧਰਤੀ, ਆਕਾਸ਼, ਲੱਖਾਂ ਦਰੀਆਉ ਪੈਦਾ ਕੀਤੇ ਹਨ। ਗੁਰਬਾਣੀ ਤਾਂ ਸਪੱਸ਼ਟ ਦੱਸਦੀ ਹੈ ਕਿ ਆਦਿ ਵਿਚ ਸੁੰਨ ਦਾ ਪਸਾਰਾ ਸੀ। ਕਿੰਨੇ ਹੀ ਜੁਗ ਭਾਵ ਅਨੰਤ ਲੰਮਾ ਸਮਾਂ ਸਿਰਜਣਹਾਰੇ ਨੇ ਆਪਣੀ ਸਮਾਧੀ ਲਾਈ ਹੋਈ ਸੀ। ਫਿਰ ਖੰਡ, ਬ੍ਰਹਿਮੰਡ, ਪਾਤਾਲ ਆਰੰਭੇ ਅਤੇ ਗੁਪਤ ਤੋਂ ਪ੍ਰਗਟ ਹੋਇਆ ਨਿਰਾਕਾਰ ਪ੍ਰਭੂ। ਉਸ ਓਅੰਕਾਰ ਪ੍ਰਭੂ ਨੇ ਹੀ ਸ੍ਰਿਸ਼ਟੀ ਸਾਜੀ ਹੈ। ਉਹੀ ਅਨਿਕ ਭਾਂਤ ਹੋ ਕੇ ਪਸਰਿਆ ਹੈ। ਅਰਬਦ ਨਰਬਦ ਧੰਧੂਕਾਰੇ ਦੀ ਅਵਸਥਾ ਵਿਚ ਨਾ ਧਰਤੀ ਸੀ ਨਾ ਆਕਾਸ਼, ਨਾ ਹੀ ਪ੍ਰਭੂ ਦਾ ਹੁਕਮ ਅਪਾਰ ਵਰਤਿਆ ਸੀ ਅਜੇ। ਨਾ ਦਿਨ ਨਾ, ਰਾਤ, ਨਾ ਚੰਦ, ਨਾ ਸੂਰਜ ਸੀ। ਸੁੰਨ ਸਮਾਧਿ ਲੱਗੀ ਸੀ, ਪ੍ਰਭੂ ਦੀ। ਨਾ ਕੋਈ ਖੰਡ, ਨਾ ਪਾਤਾਲ, ਨਾ ਸੱਤ ਸਮੁੰਦਰ, ਨਾ ਨਦੀ ਤੇ ਨਾ ਹੀ ਪਾਣੀ ਵਹਿਣਾ ਸ਼ੁਰੂ ਹੋਇਆ ਸੀ। ਦੋਜ਼ਕ-ਜ਼ੰਨਤ, ਨਰਕ-ਸੁਰਗ, ਆਵਾਗਵਣ ਆਦਿ ਵਿਚ ਕੁਝ ਵੀ ਨਹੀਂ ਸੀ। ਅਜਿਹੀ ਸੁੰਨ ਵਿਚ ਸਿਰਫ ਨਿਰਗੁਣ ਪ੍ਰਭੂ ਆਪ ਹੀ ਸੁੰਨ ਸਮਾਧੀ ਲਾ ਕੇ ਬੈਠਾ ਸੀ। ਫਿਰ ਉਸਨੇ ਸਾਰਾ ਪਸਾਰਾ ਕੀਤਾ। ਗੁਰਬਾਣੀ ਵਿਚ ਦਰਜ਼ 'ਮਾਰੂ ਸੋਹਲੇ' ਕਈ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰਦੇ ਹਨ। ਸਿੱਖ ਚਿੰਤਨ ਵਿਚ ਗੁਰੂ ਸਾਹਿਬ ਨੇ ਉਸ ਪਰਮ ਸੱਤਾ ਦਾ ਅਨੁਭਵ ਮਾਣਿਆ ਵੀ ਹੈ ਅਤੇ ਬਿਆਨਿਆ ਵੀ ਹੈ। ਸੁੰਨ ਦੀ ਅਵਸਥਾ ਵਿਚ ਨਿਰੰਕਾਰ ਆਪ ਹੀ ਸੀ। ਸੁੰਨ ਤੋਂ ਪਹਿਲਾਂ ਵੀ ਤੇ ਸੁੰਨ ਤੋਂ ਬਾਅਦ ਸਰਗੁਨ ਸਰੂਪ ਵਿਚ ਵੀ ਉਹੀ ਹੈ। ਉਸ ਤੋਂ ਹੀ ਸੁੰਨ ਉਪਜੀ, ਫਿਰ ਦ੍ਰਿਸ਼ਟਮਾਨ ਪਸਾਰਾ ਹੋਇਆ। ਉਹ ਜਦੋਂ ਚਾਹੇ ਸਾਰਾ ਪਸਾਰਾ ਸਮੇਟ ਸਕਦਾ ਹੈ। ਇਸ ਤੋਂ ਪਹਿਲਾਂ ਵੀ ਉਸ ਨੇ ਕਈ ਵਾਰ ਅਜਿਹਾ ਪਸਾਰਾ ਪਸਾਰਿਆ ਅਤੇ ਕਈ ਵਾਰ ਸਮੇਟਿਆ ਹੈ। ਇਹ ਸਭ ਉਸ ਦੀ ਲੀਲਾ ਹੈ, ਹੁਕਮ ਹੈ। ਅਕਾਲ ਪੁਰਖ ਦੁਆਰਾ ਕਿੰਨੇ ਹੀ ਖੰਡ, ਬ੍ਰਹਿਮੰਡ, ਧਰਤੀਆਂ, ਦੀਪ ਲੋਅ, ਆਕਾਰ, ਸੂਰਜ, ਚੰਦ ਅਤੇ ਹੋਰ ਸੂਖਮ ਜਗਤ ਰਚਿਆ ਗਿਆ ਹੈ। ਗੁਰਬਾਣੀ ਨੇ ਇਸ ਨੂੰ ਪ੍ਰਗਟ ਕਰਨ ਲਈ ਕੇਤੇ, ਅਸੰਖ, ਕਈ ਕੋਟਿ ਆਦਿ ਸਮਾਨਅਰਥੀ ਸ਼ਬਦ ਵਰਤੇ ਹਨ। ਕਾਲ (ਸਮਾਂ) ਉਸ ਅਕਾਲ ਪੁਰਖ ਦਾ ਸਿਰਜਿਆ ਹੋਇਆ ਹੈ। ਉਹ ਆਪ ਕਾਲ ਤੋਂ ਰਹਿਤ ਹੈ। ਸਮੇਂ ਦੇ ਆਦਿ ਵੇਲੇ ਉਹੀ ਸੀ, ਸਮੇਂ ਤੋਂ ਪਹਿਲਾਂ ਵੀ ਉਹੀ ਸੀ। ਜੁਗਾਂ ਦੇ ਮੁੱਢ ਵੇਲੇ ਉਹੀ ਸੀ, ਹੁਣ ਵੀ ਉਹੀ ਹੈ ਅਤੇ ਭਵਿੱਖ ਵਿਚ ਵੀ ਉਹ ਸੱਚ (ਅਕਾਲ ਪੁਰਖ) ਰਹੇਗਾ। ਅਫੁਰ ਤੋਂ ਸਫੁਰ ਅਵਸਥਾ ਹੋਈ ਅਤੇ ਨਿਰਾਕਾਰ ਪ੍ਰਭੂ ਅਕਾਰ ਸਹਿਤ ਹੋਇਆ। ਨਿਰਗੁਣ, ਨਿਰਕਾਰ, ਤੋਂ ਸਰਗੁਣ ਤੇ ਸਾਕਾਰ ਹੋਇਆ। ਜਿਸ ਦੇ ਏਕੋ ਕਵਾਉ (ਹੁਕਮ) ਤੋਂ ਸਾਰਾ ਪਸਾਰਾ, ਜਲ, ਧਰਤੀ, ਸੂਰਜ ਚੰਦ

ਅਤੇ ਬ੍ਰਹਿਮੰਡ ਆਦਿ ਹੋਂਦ ਵਿਚ ਆਏ। ਗੁਰਬਾਣੀ ਨੇ ਇਕ ਨਹੀਂ ਅਨੇਕਾਂ, ਕਰੋੜਾਂ ਬ੍ਰਹਿਮੰਡਾਂ ਦੀ ਗੱਲ ਕਹੀ ਹੈ। ਅਸੀਂ ਸਾਡੇ ਇਸ ਇਕ ਬ੍ਰਹਿਮੰਡ ਨੂੰ ਅਤੇ ਇਸਦੇ ਨਿਯਮਾਂ/ਨੇਮਾਂ ਨੂੰ ਸਮਝਣ ਲਈ ਤਰਲੋ ਮੱਛੀ ਹੋ ਰਹੇ ਹਾਂ।

ਬਾਈਬਲ ਅਨੁਸਾਰ ਪਰਮੇਸ਼ਰ ਨੇ ਲੜੀਵਾਰ ਛੇ ਦਿਨ ਰਚਨਾ ਕੀਤੀ। ਪਹਿਲੇ ਦਿਨ ਚਾਨਣ ਤੇ ਹਨੇਰਾ ਦੂਜੇ ਦਿਨ ਆਕਾਸ਼ ਰਚਿਆ। ਤੀਜੇ ਦਿਨ ਧਰਤੀ, ਸਮੁੰਦਰ, ਘਾਹ, ਸਾਗ ਪੱਤੇ ਅਤੇ ਫਲਦਾਰ ਦਰਖਤ ਉਗਾਏ। ਚੌਥੇ ਦਿਨ ਸੂਰਜ, ਚੰਨ ਅਤੇ ਤਾਰੇ ਬਣਾ ਕੇ ਆਕਾਸ਼ ਵਿਚ ਸਜਾਏ। ਪੰਜਵੇਂ ਦਿਨ ਪਾਣੀ ਵਿਚ ਰਹਿਣ ਵਾਲੇ ਪ੍ਰਾਣੀ ਤੇ ਪੰਛੀ ਬਣਾਏ। ਛੇਵੇਂ ਦਿਨ ਉਸ ਨੇ ਡੰਗਰ ਪਸ਼ੂਆਂ ਨੂੰ ਅਤੇ ਘਿਸਰਨ ਵਾਲੇ ਪ੍ਰਾਣੀਆਂ ਨੂੰ ਬਣਾਇਆ। ਇਸ ਦਿਨ ਪਰਮੇਸ਼ਰ ਨੇ ਨਰ ਤੇ ਨਾਰੀ ਨੂੰ ਪੈਦਾ ਕੀਤਾ। ਸਤਵੇਂ ਦਿਨ ਅਰਾਮ ਕੀਤਾ। ਗੁਰਬਾਣੀ ਛੇ ਦਿਨਾਂ ਵਿਚ ਕੀਤੇ ਪਸਾਰੇ ਨੂੰ ਨਹੀਂ ਮੰਨਦੀ ਨਾ ਹੀ ਕਿਸੇ ਖਾਸ ਦਿਨ, ਮੁਹਰਤ, ਵਾਰ ਨੂੰ ਪਵਿੱਤਰ ਮੰਨਦੀ ਹੈ। ਮੂਰਖ ਲੋਕ ਥਿਤ ਵਾਰ ਦੀ ਵੀਚਾਰ ਕਰਦੇ ਹਨ। ਅਜਿਹੇ ਰਚਨਹਾਰ ਅਕਾਲ ਪੁਰਖ ਦਾ ਕੋਈ ਵੇਦ, ਕਤੇਬ (ਬਾਈਬਲ, ਕੁਰਾਨ) ਜੋਗੀ ਆਦਿ ਕੋਈ ਧਰਮ ਗ੍ਰੰਥ ਲੇਖਾ ਲਿਖ ਹੀ ਨਹੀਂ ਸਕਦਾ।

ਇਸਲਾਮ ਈਸਾ ਮਸੀਹ ਨੂੰ ਨਾ ਤਾਂ ਖ਼ੁਦਾ ਮੰਨਦਾ ਹੈ ਨਾ ਹੀ ਖ਼ੁਦਾ ਦਾ ਪੁੱਤਰ। ਕਿਉਂ ਕਿ ਖ਼ੁਦਾ ਸਿਰਫ ਇਕ ਹੈ। ਈਸਾ ਨੂੰ ਨਬੀ ਨਹੀਂ ਕਿਹਾ ਜਾ ਸਕਦਾ ਹੈ। ਨਾ ਹੀ ਇਸਲਾਮ ਈਸਾ ਦਾ ਸਲੀਬ ਤੇ ਟੰਗੇ ਜਾਣਾ ਮੰਨਦਾ ਹੈ ਬਲਕਿ ਈਸਾ ਉੱਪਰ ਵੱਲ ਉਠਾਏ ਗਏ ਸਨ। ਈਸਾਈ ਮਤ ਵਾਲੇ ਈਸਾ ਨੂੰ ਖ਼ੁਦਾ ਦਾ ਪੁੱਤਰ ਮੰਨਦੇ ਹਨ ਕਿਉਂਕਿ ਉਹ ਕੁਆਰੀ ਮਰੀਅਮ ਦੀ ਕੁੱਖੋ ਪਵਿੱਤਰ ਆਤਮਾ ਰਾਹੀਂ ਗਰਭਵਤੀ ਹੋਈ ਸੀ। ਜੇਕਰ ਈਸਾ ਦਾ ਕੋਈ ਪਿਤਾ ਨਹੀਂ ਹੈ ਤਾਂ ਇਸ ਹਿਸਾਬ ਨਾਲ ਤਾਂ ਬਾਬਾ ਆਦਮ ਦੀ ਵੀ ਨਾ ਮਾਤਾ ਸੀ ਨਾ ਪਿਤਾ ਕਿਉਂ ਕਿ ਪਰਮੇਸ਼ਰ ਨੇ ਆਦਮ ਨੂੰ ਸਿਰਜਿਆ ਸੀ। ਸੋ ਫਿਰ ਤਾਂ ਬਾਬਾ ਆਦਮ ਵੱਡੇ ਖ਼ੁਦਾ ਹੋਏ। ਆਦਮ ਦਾ ਕੋਈ ਵੱਡਾ ਪਿਤਾ ਨਹੀਂ ਸੀ ਇਹ ਬਾਈਬਲ ਵੀ ਮੰਨਦੀ ਹੈ। ਈਸਾਈ ਲੋਕ ਈਸਾ ਦੇ ਦੁਬਾਰਾ ਆਉਣ ਦੇ ਕਿਆਸ ਤੇ ਬੈਠੇ ਹਨ।

ਇਸਲਾਮ ਵਿਚ ਖ਼ੁਦਾ ਦਾ ਸਰੂਪ ਅਜਿਹਾ ਬਿਆਨਿਆ ਗਿਆ ਹੈ, ਜਿਸਦੀ ਕੋਈ ਸੰਤਾਨ ਨਹੀਂ, ਨਾ ਹੀ ਉਹ ਕਿਸੇ ਦਾ ਪਿਤਾ ਹੈ। ਨਾ ਉਹ ਕਣ-ਕਣ ਦੇ ਅੰਦਰ ਹੈ। ਕੁਰਾਨ ਦੀਆਂ ਆਇਤਾਂ ਦੱਸਦੀਆਂ ਹਨ ਕਿ

ਅੱਲ੍ਹਾ ਸਾਰੀ ਰਚਨਾ ਕਰ ਸਕਦਾ ਹੈ। ਉਸ ਨੇ ਇਨਸਾਨ ਨੂੰ ਬਣਾਇਆ ਹੈ। ਉਸਨੇ ਮਾਤਾ ਤੇ ਪਿਤਾ ਦੇ ਸੰਜੋਗ ਰਾਹੀਂ ਬੱਚੇ ਨੂੰ ਪੈਦਾ ਕੀਤਾ ਹੈ। ਫਿਰ ਵੀ ਇਨਸਾਨ, ਇਨਸਾਨ ਦੀ ਹੀ ਸੰਤਾਨ ਹੈ ਅੱਲ੍ਹਾ ਦੀ ਨਹੀਂ। ਸਿੱਖਮਤਿ ਦਾ ਸਿਧਾਂਤ ਇਸਦੇ ਐਨ ਵਿਪਰੀਤ ਹੈ। ਗੁਰਮਤਿ ਅਨੁਸਾਰ ਪਰਮਾਤਮਾ ਹਰ ਘਟਿ ਅੰਦਰ ਹੈ। ਉਹੀ ਮਾਤਾ-ਪਿਤਾ ਹੈ, ਸਾਰੇ ਉਸ ਦੇ ਬਾਰਿਕ (ਬੱਚੇ) ਹਨ। ਇਸਲਾਮ ਅਨੁਸਾਰ ਅੱਲਾਹ ਨੂੰ ਭੁੱਖ ਪਿਆਸ ਨਹੀਂ ਲੱਗਦੀ ਪਰੰਤੂ ਗੁਰਮਤਿ ਅਨੁਸਾਰ ਪਰਮੇਸ਼ਰ ਭਾਉ ਅਤੇ ਭਗਤ ਦਾ ਭੁੱਖਾ ਹੈ। ਉਹ ਭਗਤਾਂ ਦੇ ਅੰਗ ਸੰਗ ਰਹਿੰਦਾ ਹੈ। ਜਿਸਨੇ ਵੀ ਪ੍ਰੇਮ ਕੀਤਾ ਉਸ ਨੇ ਹੀ ਪ੍ਰਭੂ ਪਾ ਲਿਆ।

ਇਤਿਹਾਸਿਕ ਕਾਲਕ੍ਰਮ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਚਨਾ ਕਾਲ 1173 ਈ. ਤੋਂ 1266 ਈ. ਤਕ ਹੋਏ ਬਾਬਾ ਫਰੀਦ ਜੀ ਤੋਂ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1469 ਈ. ਤੋਂ 1539 ਈ. ਤਕ ਹੀ ਬ੍ਰਹਿਮੰਡ ਦੇ ਪਸਾਰੇ, ਅਕਾਲ ਪੁਰਖ ਦੇ ਰਚਨਾ ਕਰਨ ਦੇ ਢੰਗ ਨਿਯਮ ਕੁਦਰਤ ਦੇ ਪਸਾਰੇ ਤੇ ਵਰਤਾਰੇ ਸੰਬੰਧੀ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰ ਦਿੱਤੀਆਂ ਹਨ। ਉਸ ਸਮੇਂ ਅਜੇ ਨਾ ਕੋਈ ਦੂਰਬੀਨ, ਨਾ ਮਾਈਕਰੋ ਸਕੋਪ, ਨਾ ਸੈਟੇਲਾਈਟ, ਨਾ ਕੈਮਰੇ, ਨਾ ਹੋਰ ਅਜਿਹੇ ਵਿਗਿਆਨਕ ਸੰਦ ਈਜ਼ਾਦ ਕੀਤੇ ਗਏ ਸਨ। ਗੁਰੂ ਸਾਹਿਬ ਤਾਂ ਭਾਵੇਂ ਅੰਦਰ ਵੇਖਦੇ ਭਾਵੇਂ ਬਾਹਰ ਵੇਖਦੇ ਹੋਣ ਸਹਿਜ ਸੁਭਾ ਹੀ ਬ੍ਰਹਿਮੰਡੀ ਪਸਾਰੇ ਦੀ ਸੋਝੀ ਬਿਆਨ ਕਰ ਜਾਂਦੇ ਹਨ। ਉਸ ਸਮੇਂ ਅਜੇ ਆਧੁਨਿਕ ਵਿਗਿਆਨ ਵੀ ਨਹੀਂ ਸੀ, ਅੰਧਾ ਯੁੱਗ ਹੀ ਸੀ।

ਗੁਰੂ ਸਾਹਿਬ ਨੇ ਅਨੇਕਾਂ ਸ਼ਬਦਾਂ ਅਤੇ ਜਪੁ ਜੀ ਵਿਚ ਵੀ ਇਸ ਧਰਤੀ ਤੋਂ ਪਰ੍ਹੇ ਕਈ ਹੋਰ ਧਰਤੀਆਂ ਹੋਣ ਅਤੇ ਲੱਖਾਂ ਪਾਤਾਲਾਂ ਤੇ ਲੱਖਾਂ ਆਕਾਸ਼ਾਂ ਦੀ ਹੋਂਦ ਬਾਰੇ ਦੱਸ ਕੇ ਗੱਲ ਨਿਬੇੜ ਦਿੱਤੀ ਹੈ। ਗੁਰੂ ਸਾਹਿਬ ਨੇ ਕਿੰਨੇ ਹੀ ਇੰਦ, ਚੰਦ ਅਤੇ ਸੂਰ (ਸੂਰਜ) ਹੋਣ ਦੀ ਪੁਸ਼ਟੀ ਵੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਭਾਰਤੀ ਪਰੰਪਰਾ ਵਿਚ ਸਦੀਆਂ ਤੋਂ ਵਰਤੇ ਜਾਂਦੇ ਚੁਰਾਸੀ ਲੱਖ ਜੂਨਾਂ ਦੇ ਜੀਵਾਂ ਦੇ ਸੰਕਲਪ ਅਤੇ ਧਰਤੀ ਦੇ ਕਿਸੇ ਧੌਲ (ਬਲਦ) ਦੇ ਸਿੰਗਾਂ ਉਤੇ ਖੜ੍ਹੇ ਹੋਣ ਦੀ ਗੱਲ ਦਾ ਵੀ ਖੰਡਨ ਕੀਤਾ ਹੈ। ਧੌਲ (ਬਲਦ) ਦੀ ਥਾਂ ਉਹਨਾਂ ਨੇ ਧਰਮ (ਜਾਂ ਨਿਯਮ) ਦੇ ਆਸਰੇ ਧਰਤੀ ਨੂੰ ਖੜ੍ਹੀ ਕਿਹਾ। ਗੁਰੂ ਸਾਹਿਬ ਸਦਾ ਗਿਣਤੀਆਂ, ਮਿਣਤੀਆਂ, ਵਿਚ ਪੈਣ ਤੋਂ ਸੰਕੋਚ ਕਰਦੇ ਹਨ। ਆਪ ਨੇ ਕੇਤੇ, ਅਸੰਖ, ਲਖ, ਕੋਟਿ, ਆਦਿ ਸ਼ਬਦ ਵਰਤੇ। ਚਾਰ ਯੁੱਗਾਂ ਦੇ ਨਾਲ-ਨਾਲ ਕੇਤੜਿਆ ਯੁੱਗ, ਛਤੀਹ ਯੁੱਗ ਆਦਿ ਸ਼ਬਦ ਸਮੇਂ ਦੀ ਅਸੀਮਤਾ ਨੂੰ ਪ੍ਰਗਟ ਕਰਨ ਲਈ ਵਰਤੇ।

ਵਿਗਿਆਨ ਨੇ ਅਜੇ ਕੁਝ ਨਾਮ ਮਾਤਰ ਝਲਕਾਂ ਹੀ ਬ੍ਰਹਿਮੰਡੀ ਪਸਾਰੇ ਦੀਆਂ ਵੇਖੀਆਂ ਅਤੇ ਤਸਦੀਕ ਕੀਤੀਆਂ ਹਨ। ਅਜੇ ਇਸ ਦੀਆਂ ਖੋਜਾਂ ਲਗਾਤਾਰ ਜਾਰੀ ਹਨ। ਕਦੀ ਚੰਨ ਉਪਰ ਕਦੀ ਮੰਗਲ ਗ੍ਰਹਿ ਉਪਰ ਨਵੇਂ-ਨਵੇਂ ਤਜ਼ਰਬੇ ਤੇ ਪ੍ਰਯੋਗ ਅਜੋਕੀ ਵਿਗਿਆਨ ਕਰ ਰਹੀ ਹੈ। ਇਸਲਾਮ ਵਿਚ ਸਤਵੇਂ ਆਸਮਾਨ ਉੱਪਰ ਖ਼ੁਦਾ ਦਾ ਬਿਰਾਜ਼ਮਾਨ ਹੋਣਾ ਤਸੱਵਰ ਕੀਤਾ ਜਾਂਦਾ ਹੈ। ਪਰੰਤੂ ਜਾਹਰ ਪੀਰ ਜਗਤ ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਅੱਖ ਦੇ ਇਕ ਫੋਰ (ਫਰਕਣ) ਵਿਚ ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਸਭ ਕੁਝ ਵਿਖਾ ਦਿੱਤਾ ਸੀ। ਗੁਰੂ ਸਾਹਿਬ ਨੇ ਲੱਖਾਂ ਖੰਡਾਂ-ਬਹਿਮੰਡਾ ਦੀ ਸੈਰ ਅੱਖ ਦੇ ਇਕ ਫੋਰ ਵਿਚ ਉਸਨੂੰ ਕਰਵਾ ਦਿੱਤੀ। ਗੁਰੂ ਸਾਹਿਬ ਨੇ ਇਹ ਚੋਜ਼ ਉਸ ਪੀਰ ਦਸਤਗੀਰ ਦੇ 'ਸਤ ਆਕਾਸ਼ ਸਤ ਪਾਤਾਲ' ਦੀ ਸੀਮਤ ਮਨੌਤ ਅਤੇ ਗਿਆਨ ਦੀ ਤਸੱਲੀ ਕਰਾਉਣ ਲਈ ਰਚਿਆ ਸੀ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਪੂਰਵੀ ਜਾਂ ਪੱਛਮੀ ਧਰਮ, ਇਤਿਹਾਸ ਜਾਂ ਮਿਥਿਹਾਸ ਦੀ ਕਿਸੇ ਕਪੋਲ ਕਲਪਨਾ ਨੂੰ ਬ੍ਰਹਿਮੰਡ ਦੀ ਰਚਨਾ ਦਾ ਕੇਂਦਰ ਬਿੰਦੂ ਨਹੀਂ ਮੰਨਿਆ। ਨਾ ਛੇ ਦਿਨਾਂ ਵਿਚ ਸ੍ਰਿਸ਼ਟੀ ਦਾ ਵਿਚਾਰ, ਨਾ ਆਦਮ ਤੇ ਹਵਾ ਦੀ ਕਹਾਣੀ, ਨਾ ਅਸਲੀ ਮੂਲ ਪਾਪ (Original sin) ਦੀ ਕਥਾ, ਨਾ 'ਤ੍ਰਿ-ਏਕਤਾ', ਨਾ 'ਤ੍ਰਿ-ਮੂਰਤੀ' ਦਾ ਸਿਧਾਂਤ ਅਤੇ ਨਾ ਹੀ 'ਤ੍ਰਿ-ਦੇਵ' ਦੀ ਸਮਰੱਥਾ ਇਸ ਕਾਬਲ ਹੈ ਕਿ ਉਹ ਸ੍ਰਿਸ਼ਟੀ ਰਚਨਾ ਕਰ ਸਕੇ। ਗੁਰਬਾਣੀ ਅਜਿਹੇ ਸਾਰੇ ਵਿਸ਼ਵਾਸਾਂ ਧਾਰਨਾਵਾਂ ਅਤੇ ਮਾਨਿਅਤਾਵਾਂ ਤੇ ਦਾਵਿਆਂ ਨੂੰ ਮੁੱਢੋਂ ਹੀ ਰੱਦ ਕਰਦੀ ਹੈ।

**4.** ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਦਾ ਅਧਿਐਨ ਕਰਨਾ ਹੈ। ਭਾਈ ਰਣਧੀਰ ਸਿੰਘ ਦੇ ਧਾਰਮਿਕ ਅਨੁਭਵ ਨੂੰ ਸਮਝਣ ਲਈ ਕੁਝ ਵਿਸ਼ੇਸ਼ ਕੇਸ ਲਈ ਮਹੱਤਵਪੂਰਨ ਹਨ। ਭਾਈ ਸਾਹਿਬ ਨੂੰ ਵੱਖ-ਵੱਖ ਜੇਲ੍ਹਾਂ ਵਿਚ ਬੈਠਿਆਂ ਨੂੰ ਗੁਰਮੁਖ ਵਡਭਾਗੀਆਂ ਰੂਹਾਂ ਆਪਣੇ ਅਕਾਲ ਚਲਾਣੇ ਸਮੇਂ ਦਰਸ-ਦੀਦਾਰ ਦੇ ਕੇ ਗਈਆਂ। ਇਹ ਅਨੁਭਵ ਵੀ ਭਾਈ ਸਾਹਿਬ ਨੇ ਸਪੱਸ਼ਟ ਬਿਆਨੇ ਹਨ। 16 ਅਪ੍ਰੈਲ 1961 ਈ. ਨੂੰ ਆਪ ਨੇ ਸਭ ਨੂੰ ਆਖਰੀ ਫਤਿਹ ਬੁਲਾਈ ਅਤੇ ਵੇਖਦਿਆਂ ਹੀ ਤਿੰਨ ਵਾਰ ਵਾਹਿਗੁਰੂ ਸ਼ਬਦ ਉਚਾਰ ਕੇ ਸਾਢੇ ਸੱਤ ਵਜੇ ਆਪ 83 ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਭਾਈ ਰਣਧੀਰ ਸਿੰਘ ਜੀ ਨਾਮ ਰੰਗ ਵਿਚ ਰੰਗੀ ਹੋਈ ਅਨੁਭਵੀ ਸ਼ਖਸੀਅਤ

ਸਨ। ਆਪ ਦਾ ਆਦਰਸ਼ਕ ਗੁਰਮਤਿ-ਜੀਵਨ ਗੁਰਸਿੱਖਾਂ ਲਈ ਚਾਨਣ-ਮੁਨਾਰੇ ਵਾਂਗ ਰੌਸ਼ਨੀ ਅਤੇ ਅਗਵਾਈ ਹਮੇਸ਼ਾ ਕਰਦਾ ਰਹੇਗਾ।

**5.** ਅਸੀਂ ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ ਉਹਨਾਂ ਦੀਆਂ ਰਚਨਾਵਾਂ ਦੇ ਆਧਾਰ ਉਪਰ ਘੋਖਿਆ ਹੈ। ਇਸ ਉਦੇਸ਼ ਤਹਿਤ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦੇ ਨਾਲ ਹੀ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ ਸੁਰਗ, ਧਰਮ ਰਾਇ, ਧਰਮ ਰਾਇ ਦੀ ਦਰਗਾਹ, ਜਮਦੂਤਾਂ ਅਤੇ ਜਮਪੁਰੀ ਦੀ ਹੋਂਦ ਬਾਰੇ ਅਧਿਐਨ ਕੀਤਾ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਰਾਹੀਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣ ਦੇ ਪ੍ਰਮਾਣਾਂ ਦੇ ਨਾਲ-ਨਾਲ ਜਮ ਅਤੇ ਮੌਤ ਵਿਚ ਅੰਤਰ ਵੀ ਸਮਝਿਆ ਹੈ। ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਗੁਰਮਤਿ ਦੇ ਵਿਸ਼ਿਆਂ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਅਨੁਭਵੀ ਵਿਆਖਿਆ ਕੀਤੀ ਹੈ। ਦਸਮ ਦੁਆਰ ਖੁੱਲ੍ਹਣ ਦੀਆਂ ਨਿਸ਼ਾਨੀਆਂ ਤੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਅਨੁਭਵ ਅਤੇ ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਰਾਹੀਂ ਭਾਈ ਸਾਹਿਬ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ।

**5.1. ਅਗਲਾ ਜਹਾਨ :** ਅਗਲੇ ਜਹਾਨ ਵਿਚ ਅਕਾਲ ਪੁਰਖ ਦੀ ਦਰਗਾਹ ਹੈ। ਨਾਸਤਕ ਲੋਕ ਜੋ ਵਾਹਿਗੁਰੂ ਨੂੰ ਹੀ ਨਹੀਂ ਮੰਨਦੇ ਉਹਨਾਂ ਨਾ ਮੰਨਣ ਵਾਲੇ ਲੋਕਾਂ ਪ੍ਰਤੀ ਟਿੱਪਣੀ ਕਰਦਿਆਂ ਭਾਈ ਸਾਹਿਬ ਨੇ ਦੱਸਿਆ ਹੈ ਕਿ ਵਾਹਿਗੁਰੂ, ਅਕਾਲ ਪੁਰਖ ਦੀ ਹਸਤੀ ਨੂੰ ਜੇ ਉਹ ਬੱਧੇਰੁੱਧੇ ਮੰਨ ਵੀ ਜਾਣ ਤਾਂ ਵੀ ਉਹ ਅਕਾਲ ਪੁਰਖ ਦੀ ਦਰਗਾਹ ਨੂੰ ਉਕਾ ਹੀ ਨਹੀਂ ਮੰਨਦੇ। ਅੱਗੇ ਨੂੰ ਜਾਂ ਅਗਲੀ ਅਗੰਮ ਵੱਸਦੀ ਦੁਨੀਆ ਨੂੰ ਤਾਂ ਉਹ ਅਜੇ ਵੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨ ਕੋਈ ਅੱਗਾ ਹੈ, ਨ ਅਗਲੀ ਦੁਨੀਆ ਹੈ, ਨ ਕੋਈ ਕਰਮਾਂ ਦਾ ਵੀਚਾਰ ਹੈ ਤੇ ਨ ਕੋਈ ਲੇਖਾ ਲੈਣਹਾਰ ਹੈ, ਨ ਧਰਮਰਾਇ ਹੈ, ਨ ਕੋਈ ਜਮ-ਜੰਦਾਰਾ ਹੈ, ਨਾ ਕੋਈ ਨਰਕ ਹੈ ਨਾ ਸੁਰਗ ਹੈ, ਐਵੇਂ ਸਭ ਖਾਮ ਖਿਆਲੀਆਂ ਹੀ ਹਨ। ਪਰ ਗੁਰਸਿੱਖਾਂ ਨੂੰ ਇਨ੍ਹਾਂ ਗੱਲਾਂ ਦੇ ਮੰਨਣੋਂ ਨਾਹ ਕਰਨ ਲਈ ਕੋਈ ਥਾਉਂ ਨਹੀਂ, ਜੇਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ।

ਗੁਰਬਾਣੀ ਅਨੁਸਾਰ ਅੱਗਾ ਹੈ, ਪਰ ਅੱਗੇ ਜਾ ਕੇ ਵੱਸਣਾ ਉਹਨਾਂ ਗੁਰਮੁਖਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਇਸ ਦੁਨੀਆ ਵਿਚ ਰਹਿ ਕੇ ਗੁਰਮਤਿ ਨਾਮ ਅਭਿਆਸ ਕਮਾਈ ਕੀਤੀ ਹੈ। ਕੇਵਲ 'ਅੱਗਾ' ਹੈ ਹੀ ਨਹੀਂ, ਸਗੋਂ 'ਅੱਗਾ' ਉਹ ਸੱਚਾ ਅਸਥਾਨ ਹੈ, ਜਿੱਥੇ ਜਾ ਕੇ ਅਸੀਂ ਵਸਣਾ ਹੈ, ਇਹ ਦੁਨੀਆ ਛੱਡ ਕੇ ਜਾ ਕੇ ਵਸਣਾ ਹੈ। ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿੱਜ ਘਰ, ਆਪਣੀ ਨਿੱਜ ਕਾਇਆ (ਸਰੀਰ) ਅੰਦਰ ਹੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਅਤੇ ਫਿਰ ਉਹਨਾਂ ਦਾ ਇਸ ਸੰਸਾਰ ਵਿਚ ਫੇਰਾ ਅਰਥਾਤ ਆਉਣਾ ਜਾਣਾ ਨਹੀਂ ਹੁੰਦਾ। ਭਾਈ ਸਾਹਿਬ ਨੇ ਗੁਰਬਾਣੀ ਦੇ ਆਧਾਰ ਤੇ ਹੇਠ ਲਿਖੀਆਂ ਸਚਾਈਆਂ ਦੱਸੀਆਂ ਹਨ ਜੋ ਅਵੱਸ਼ ਮਨਮੁਖ ਬੰਦੇ ਦੇ ਸਿਰ ਤੇ ਖੜੀਆਂ ਹਨ ਤੇ ਹੋ ਕੇ ਰਹਿਣਗੀਆਂ:

(ੳ) ਅੱਗੇ ਅਕਾਲ ਪੁਰਖ ਦੀ ਦਰਗਾਹ ਹੈ।

(ਅ) ਉਥੇ ਜਾਣਾ ਪੈਣਾ ਹੈ ਅਤੇ ਮਨਮੁਖਤਾ ਦਾ ਲੇਖਾ ਦੇਣਾ ਪੈਣਾ ਹੈ।

(ੲ) ਉਥੇ ਮਿਲੀ ਸਜਾ ਜਰੂਰ ਭੁਗਤਣੀ ਪੈਂਦੀ ਹੈ।

(ਸ) ਸਜਾ ਮਿਲੇਗੀ, ਟਲਣੀ ਨਹੀਂ।

(ਹ) ਹਉਮੈ ਅਤੇ ਮਨਮੁਖਤਾ ਦੇ ਕਾਰਣ ਬਿਨਸਦੇ ਜਗਤ ਨੂੰ ਆਵਾਗਵਨ ਵਿਚ ਪੈਣਾ ਪੈਂਦਾ ਹੈ।

(ਕ) ਆਵਾਗਵਨ ਗੁਰਮਤਿ ਦਾ ਮੰਨਿਆ ਹੋਇਆ ਸਿਧਾਂਤ ਹੈ। ਇਸ ਸਿਧਾਂਤ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ।

ਜਿਹੜੇ ਅਗਲੇ ਜਹਾਨ ਅਤੇ ਅਕਾਲ ਪੁਰਖ ਦੀ ਦਰਗਾਹ ਨੂੰ ਨਹੀਂ ਮੰਨਦੇ ਉਹਨਾਂ ਦੀ ਸੋਚਣੀ ਹੁੰਦੀ ਹੈ ਜਦੋਂ ਵਿਅਕਤੀ ਮਰ ਜਾਂਦਾ ਹੈ ਤਾਂ ਪੰਜਾਂ ਤੱਤਾਂ ਦੀ ਬਣੀ ਇਹ ਦੇਹੀ ਇੱਥੇ ਹੀ ਰਹਿ ਜਾਂਦੀ ਹੈ, ਤਾਂ ਫਿਰ ਅੱਗੇ ਜਾ ਕੇ ਸੱਚੇ ਦਰਬਾਰ ਅੰਦਰ ਮਾਰ ਕਿਹਨੂੰ ਪੈਂਦੀ ਹੈ? ਇਹ ਸਭ ਮਹਿਜ਼ ਦ੍ਰਿਸ਼ਟਾਂਤ ਹਨ ਪਰੰਤੂ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਮੁਤਾਬਕ ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁੱਟ ਇਕ ਹੋਰ ਸੂਖਮ ਸਰੀਰ ਵੀ ਹੈ, ਜੋ ਇਹ ਸਰੀਰ (ਅਸਥੂਲ) ਛੱਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ। ਦੁਖ ਸੁਖ ਤਾਂ ਸਾਡਾ ਆਤਮੀ ਸੂਖਮ ਸਰੀਰ ਹੀ ਮਹਿਸੂਸ ਕਰਦਾ ਹੈ। ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ-ਆਤਮਾ ਤੋਂ ਵਿਛੜਿਆ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ। ਉਸ ਨੂੰ

ਚਾਹੇ ਚੀਰੋ ਫਾੜੋ ਅਤੇ ਅਗਨੀ ਵਿਚ ਦਾਹ ਕਰੋ। ਤਾਂ ਤੇ ਸਿਧ ਹੋਇਆ ਕਿ ਮਰਨ ਸਾਰ ਸਰੀਰ ਵਿਚੋਂ ਨਿਰੀ ਫੋਕੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ ਤੇ ਉਹ ਜਨਮ ਜਨਮਾਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਉਹੀ ਜਮਦਰ ਬੱਧੀ ਚੋਟਾਂ ਖਾਂਦੀ ਹੈ।

ਪੁੰਨ-ਪਾਪ ਸਿਰਫ ਕਹਿਣ ਮਾਤਰ ਹੀ ਨਹੀਂ ਹਨ ਮਤ ਕੋਈ ਸਮਝੇ ਕਿ ਇਹ ਮਹਿਜ਼ ਡਰਾਵੇ ਹਨ ਲੋਕਾਂ ਨੂੰ ਸਹੀ ਰਸਤੇ ਲਿਆਉਣ ਲਈ, ਨਹੀਂ ਸਗੋਂ ਉਸ ਸੱਚੇ ਦਰਬਾਰ ਵਿਖੇ ਤਾਂ ਇਕ ਇਕ ਕਰਮ ਦੀ ਵਿਚਾਰ ਕੀਤੀ ਜਾਂਦੀ ਹੈ। ਜਿਨ੍ਹਾਂ ਗੁਰਮੁਖਾਂ ਨੇ ਹੁਕਮ ਪਛਾਣਿਆ ਅਤੇ ਸਭ ਸੱਚ ਕਰ ਮੰਨਿਆ ਹੈ ਸੇਈ ਹੁਕਮ ਕਮਾਉਣ ਵਾਲੇ, ਨਾਮ ਧਿਆਉਣੇ ਅਗਲੀ ਦਰਗਾਹ ਵਿਖੇ ਲੇਖਾ ਦੇਣ ਤੋਂ ਛੁੱਟ ਜਾਂਦੇ ਹਨ।

**5.2. ਨਰਕ ਸੁਰਗ** : ਭਾਈ ਰਣਧੀਰ ਸਿੰਘ ਅਨੁਸਾਰ ਨਰਕ ਸੁਰਗ ਵੱਖੋ ਵੱਖਰੇ ਤਬਕੇ ਅਣਦਿਸਦੀ ਦੁਨੀਆ ਵਿਚ ਮੌਜੂਦ ਹਨ। ਜੋ ਤਸਦੀਕ ਇਸ ਪ੍ਰੜ੍ਹੋਤਾ ਲਈ ਗੁਰਬਾਣੀ ਦਿੰਦੀ ਹੈ, ਉਹ ਸਾਡੇ ਤ੍ਰਿਕਾਲ ਦਰਸੀ ਗੁਰੂ ਸਾਹਿਬਾਨ ਨੇ ਆਪਣੇ ਅੱਖੀਂ ਪੇਖੀ ਪਰਖੀ ਹੈ। ਕਈ ਲੋਕ ਇੱਥੇ ਮਾੜੇ ਕੰਮ ਕਰਦੇ ਹਨ ਤਾਂ ਵੀ ਸੁੱਖ ਭਗਦੇ ਹਨ ਪਰੰਤੂ ਇਹ ਸੁੱਖ ਉਹਨਾਂ ਦੇ ਪਿਛਲੇ ਕਰਮਾਂ ਕਾਰਨ ਉਹਨਾਂ ਨੂੰ ਨਸੀਬ ਹੁੰਦੇ ਹਨ। ਇਸ ਜਨਮ ਵਿਚ ਕੀਤੇ ਮਾੜੇ ਕਰਮਾਂ ਦਾ ਲੇਖਾ ਅੱਗੇ ਜਾ ਕੇ ਦੇਣਾ ਪਵੇਗਾ। ਮਾੜੇ ਕਰਮ ਕਰਣਹਾਰੇ ਪਾਪੀ ਦੁਸ਼ਟ ਹੀ ਅਜਿਹੇ ਨਰਕਾਂ ਵਿਚ ਪੈਣਗੇ। ਅਸਲ ਵਿਚ ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ ਸਭ ਖੋਟੇ ਖਰੇ ਪਰਖੇ ਜਾਂਦੇ ਹਨ। ਉਥੇ ਨਿਆਂ ਪੂਰਨ ਨਿਬੇੜਾ ਹੁੰਦਾ ਹੈ। ਖੋਟਿਆਂ (ਮਨਮੁਖਾਂ) ਨੂੰ ਖੁਆਰ ਕਰਕੇ ਦਰਗਾਹ ਤੋਂ ਬਾਹਰ ਸੁੱਟਿਆ ਜਾਂਦਾ ਹੈ ਅਤੇ ਉਲਟੇ ਭਾਰ ਨਰਕਾਂ ਵਿਚ ਲਟਕਾਇਆਂ ਜਾਂਦਾ ਹੈ ਜਿਸ ਕਰਕੇ ਉਹ ਉਚੀ ਉਚੀ ਕੂਕ ਪੁਕਾਰਾਂ ਕਰਦੇ ਹਨ, ਪਰ ਕੋਈ ਨਹੀਂ ਸੁਣਦਾ। ਜਿਸ ਜੀਵ ਨੇ ਹਰਿ ਨਾਮ ਨਾਲ ਪ੍ਰੀਤ ਨਹੀਂ ਪਾਈ ਉਹ ਭਾਵੇਂ ਅਨੇਕਾਂ ਕਰਮ ਕਰ ਲਵੇ ਅੰਤ ਨੂੰ ਨਰਕਾਂ ਵਿਚ ਜਾਵੇਗਾ। ਜਿਸ ਨੇ ਵੀ ਪਰਮਾਤਮਾ ਦਾ ਨਾਮ ਨਹੀਂ ਧਿਆਇਆ ਉਹ ਚੋਰਾਂ ਵਾਂਗ ਜਮਪੁਰੀ ਨੂੰ ਲਿਜਾਇਆ ਜਾਂਦਾ ਹੈ।

**5.3. ਧਰਮ ਰਾਇ ਦੀ ਦਰਗਾਹ** : ਭਾਈ ਸਾਹਿਬ ਨੇ ਆਪਣੇ ਧਾਰਮਿਕ ਅਨੁਭਵ ਦੇ ਆਧਾਰ ਤੇ ਦੱਸਿਆ ਹੈ ਕਿ ਧਰਮ ਰਾਇ ਦੀ ਦਰਗਾਹ ਵੀ ਅਗਲੇ ਜਹਾਨ ਅੰਦਰ ਮੌਜੂਦ ਹੈ। ਭਾਈ ਸਾਹਿਬ ਅਨੁਸਾਰ ਕੁਦਰਤ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ ਮੰਡਲ ਵੀ ਸਾਜਨਹਾਰੇ ਨੇ ਸਾਜਿਆ ਹੋਇਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ-ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ

ਦਾ ਥਾਪਿਆ ਧਰਮ ਰਾਇ ਬੈਠ ਕੇ ਨਿਆਂ ਕਰਦਾ ਹੈ। ਇਸ ਸਚੀ ਧਰਮਸਾਲ ਵਿਚ ਧਰਮ ਰਾਇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਕਰਦਾ ਹੈ। ਇਥੇ ਸੱਚਾ ਤੇ ਪੂਰਾ ਨਿਆਂ-ਨਿਬੇੜਾ (ਫੈਸਲਾ) ਹੁੰਦਾ ਹੈ। ਗੁਰਮੁਖਾਂ ਨੂੰ ਵਡਿਆਈ ਤੇ ਆਦਰ-ਮਾਨ ਮਿਲਦਾ ਹੈ ਪਰੰਤੂ ਮਨਮੁਖਾਂ ਨੂੰ ਦੰਡ ਤੇ ਸਜਾਵਾਂ ਮਿਲਦੀਆਂ ਹਨ। ਧਰਮ ਰਾਇ ਦੀ ਦਰਗਾਹ ਵਾਂਗ ਧਰਮ ਰਾਇ ਦੀ ਹਸਤੀ ਦਾ ਵੇਰਵਾ ਵੀ ਭਾਈ ਸਾਹਿਬ ਨੇ ਬਿਆਨਿਆ ਹੈ ਕਿ ਨਿਆਂ ਕਰਨ ਵਾਲਾ ਸੱਚਾ ਮੁਨਸਫ਼ ਧਰਮ-ਰਾਇ ਆਪ ਅਕਾਲ ਪੁਰਖ ਦਾ ਹੀ ਧਰਮ ਨਿਆਉਂ-ਕਲਾ ਸੰਪੰਨ ਥਾਪਿਆ ਹੋਇਆ ਡਿਪਟੀ ਹੁੰਦਾ ਹੈ। ਅਗਲੀ ਦਰਗਾਹ ਵਿਚ ਅਕਾਲ ਪੁਰਖ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮ ਰਾਇ ਦੇ ਪਾਸ ਵਹੀ ਰੱਖੀ ਹੋਈ ਹੈ, ਜਿਸ ਉੱਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਗੁਰਮਤਿ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮ ਰਾਇ ਦੀ ਦਰਗਾਹ ਵਿਚ ਤਲਬਾਂ ਜਰੂਰ ਪੈਣਗੀਆਂ। ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮ ਰਾਇ ਦੀ ਵਹੀ ਵਿਚ ਦਰਜ਼ ਹੈ, ਜਮਦੂਤ ਉਨ੍ਹਾਂ ਨੂੰ ਫੜ ਕੇ ਧਰਮ ਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਹਨਾਂ ਨੂੰ ਉਸ ਭੀੜੀ ਗਲੀ ਵਿਚੋਂ ਨੱਸਣ ਭੱਜਣ ਦਾ ਰਾਹ ਵੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਸਭ ਕੂੜਿਆਰ ਨਿਖੁਟ ਜਾਣਗੇ। ਗੁਰਬਾਣੀ ਵਿਚ ਜੋ ਕੁਝ ਵੀ ਉਚਾਰਣ ਹੋਇਆ ਹੈ, ਸੋ ਸਭ ਸੱਚ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਗੁਰਬਾਣੀ ਪ੍ਰਮਾਣਾਂ ਦੀ ਅਨੁਭਵੀ ਵਿਆਖਿਆ ਦੇ ਆਧਾਰ ਉੱਤੇ ਨਰਕ-ਸੁਰਗ ਵਾਂਗ ਧਰਮ ਰਾਇ ਦੀ ਦਰਗਾਹ ਅਤੇ ਧਰਮ ਰਾਇ ਦੀ ਹਸਤੀ ਵੀ ਦ੍ਰਿੜ ਵਿਸ਼ਵਾਸ ਨਾਲ ਸਿੱਧ ਕਰ ਵਿਖਾਈ ਹੈ।

**5.4. ਜਮਦੂਤ ਅਤੇ ਜਮਪੁਰੀ ਦੀ ਹੋਂਦ** : ਭਾਈ ਸਾਹਿਬ ਨੇ ਆਪਣੇ ਦ੍ਰਿੜ ਵਿਸ਼ਵਾਸ ਤੇ ਧਾਰਮਿਕ ਅਨੁਭਵ ਸਦਕਾ ਗੁਰਬਾਣੀ ਵਿਚੋਂ ਹੀ ਅਨੇਕਾਂ ਪ੍ਰਮਾਣਾਂ ਰਾਹੀਂ ਇਹ ਸਿੱਧ ਕੀਤਾ ਹੈ ਕਿ ਧਰਮ ਰਾਇ ਵਾਂਗ ਜਮਦੂਤ ਤੇ ਜਮਪੁਰੀ ਵੀ ਅਸਲ ਵਿਚ ਹਨ। ਇਹ ਕੋਈ ਮਹਿਜ਼ ਦ੍ਰਿਸ਼ਟਾਂਤ ਵਜੋਂ ਵਰਤੇ ਪ੍ਰਤੀਕ ਨਹੀਂ। ਜਿਨ੍ਹਾਂ ਗੁਰੂ ਪਿਆਰਿਆਂ ਨੂੰ ਇਹ ਦਿੱਬ-ਦ੍ਰਿਸ਼ਟੀ ਗੁਰੂ ਦੀ ਮਿਹਰ ਸਦਕਾ ਮਿਲੀ ਤਿਨ੍ਹਾਂ ਨੇ ਸਾਖਾਸ਼ਾਤ ਆਪਣੀ ਅੱਖੀਂ ਇਹ ਅਸਥਾਨ ਵੇਖੇ ਹਨ। ਭਾਈ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ ਵਿਚ ਨਾਮ ਦੇ ਪ੍ਰਤਾਪ ਨਾਲ ਜਮਾਂ ਤੋਂ ਦੁਖੀ ਦੋ-ਤਿੰਨ ਵਿਅਕਤੀਆਂ ਦੀ ਖਲਾਸੀ ਕਰਵਾਈ ਸੀ। ਭਾਈ ਸਾਹਿਬ ਨੇ ਇਸ ਬਾਰੇ ਨਿੱਜੀ ਅਨੁਭਵ ਵੀ ਪ੍ਰਗਟ ਕੀਤਾ ਹੈ ਜਿਸ ਵਿਚ ਉਹਨਾਂ ਨੇ ਜਮਾਂ ਨੂੰ ਦੇਖ ਕੇ ਦੁਹਾਈਆਂ ਦਿੰਦੇ ਅਤੇ ਥਰ-ਥਰ ਕੰਬਦੇ ਕੁਝ ਪ੍ਰਾਣੀ ਦੇਖੇ ਸਨ। ਭਾਈ ਸਾਹਿਬ ਦੇ ਤਾਏ ਦਾ ਇਕ ਲੜਕਾ ਟੇਕ ਸਿੰਘ ਸੀ। ਉਸ ਨੂੰ ਜਮ ਡਰਾਉਂਦੇ ਸਨ।

ਇਸੇ ਪ੍ਰਕਾਰ ਕੇਹਰ ਸਿੰਘ ਦੀ ਅੱਖੀਂ ਦੇਖੀ ਵਾਰਤਾ ਹੈ ਜਿਸਨੂੰ ਪ੍ਰੇਤ ਡਰਾਉਂਦਾ ਸੀ। ਇਕ ਹੋਰ ਪ੍ਰੇਤ-ਉਧਾਰ ਦੀ ਸਾਖੀ ਦਾ ਹਵਾਲਾ ਭਾਈ ਸਾਹਿਬ ਨੇ ਪੇਸ਼ ਕੀਤਾ ਹੈ ਜਿਸ ਵਿਚ ਉਹਨਾਂ ਦੇ ਕੀਰਤਨੀ ਜੱਥੇ ਦੁਆਰਾ ਅਖੰਡ ਪਾਠ ਕਰਨ ਉਪਰੰਤ ਇਕ ਪ੍ਰੇਤ ਨੂੰ ਮੁਕਤੀ ਮਿਲੀ ਸੀ। ਇਹਨਾਂ ਸਾਰੇ ਦੁਖੀ ਪ੍ਰਾਣੀਆਂ ਨੂੰ ਗੁਰਬਾਣੀ ਦੇ ਪਾਠ ਸੁਣਨ ਸਦਕਾ ਜਮ-ਤ੍ਰਾਸ ਤੋਂ ਰਾਹਤ ਮਿਲੀ ਸੀ। ਸੋ ਜਮਾਂ ਤੋਂ ਅਤੇ ਜਮ-ਤ੍ਰਾਸ ਤੋਂ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਬਚਾ ਸਕਦਾ ਹੈ। ਭਾਈ ਸਾਹਿਬ ਦੇ ਜੀਵਨ ਵਿਚ ਵਾਪਰੀਆਂ ਉਪਰੋਕਤ ਘਟਨਾਵਾਂ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਆਪ ਨੇ ਜਮਾਂ ਅਤੇ ਜਮ-ਤ੍ਰਾਸ ਤੋਂ ਦੁਖੀ ਟੇਕ ਸਿੰਘ ਤੇ ਕੇਹਰ ਸਿੰਘ ਨੂੰ ਛੁਟਕਾਰਾ ਦਿਵਾਉਣ ਲਈ ਗੁਰਬਾਣੀ ਦੇ ਵੱਧ ਤੋਂ ਵੱਧ ਪਾਠ ਆਪ ਕੀਤੇ ਅਤੇ ਹੋਰਾਂ ਤੋਂ ਵੀ ਕਰਵਾਏ।

**5.5. 'ਜਮ' ਅਤੇ 'ਮੌਤ' ਵਿਚ ਅੰਤਰ** : ਆਮ ਤੌਰ ਤੇ ਜਮ ਨੂੰ ਹੀ ਮੌਤ ਸਮਝ ਲਿਆ ਜਾਂਦਾ ਹੈ। ਭਾਈ ਸਾਹਿਬ ਇਹ ਅੰਤਰ ਸਪੱਸ਼ਟ ਕਰਦੇ ਹਨ ਕਿ ਗੁਰਬਾਣੀ ਅੰਦਰ 'ਜਮ' ਦੀ ਹੋਂਦ ਵੱਖਰੀ ਹੈ, ਜੋ ਅਗਲੇ ਲੋਕ ਵਿਚ ਸਾਡੀਆਂ ਨਜ਼ਰਾਂ ਤੋਂ ਓਹਲੇ ਅਦ੍ਰਿਸ਼ਟ ਹੀ ਰਹਿੰਦੀ ਹੈ। ਮਰਨ ਸਮੇਂ ਮਰਨਹਾਰੇ ਪ੍ਰਾਣੀ ਨੂੰ ਧਰਮ ਰਾਇ ਪਾਸ ਲੈ ਜਾਣ ਲਈ ਜਮ ਆਉਂਦੇ ਹਨ। ਮਰਨ ਵਾਲੇ ਪ੍ਰਾਣੀ ਨੂੰ ਜਮ ਦੀ ਹੋਂਦ ਨਜ਼ਰ ਆਉਂਦੀ ਹੈ, ਦੂਜਿਆਂ ਨੂੰ ਨਹੀਂ ਦੀਂਹਦੀ। ਕੇਵਲ ਮੌਤ ਨੂੰ ਜਮ ਸਮਝ ਲੈਣਾ ਗੁਰਮਤਿ ਅਗਿਆਨੀ ਦਾ ਕੰਮ ਹੈ। ਮੌਤ ਆਈ ਪਿਛੋਂ, ਅਰਥਾਤ ਮਰਨ ਪਿਛੋਂ ਜਿਸ ਮਾਰਗ ਵਿਚ ਦੀ ਪਾਂਧੀ ਜੀਵ ਨੂੰ ਲੰਘਣਾ ਪਵੇਗਾ, ਉਹ ਮਾਰਗ ਜਮ-ਮਾਰਗ ਜਾਂ ਜਮ-ਪੰਥ ਹੈ, ਜੋ ਬੜਾ ਹੀ ਔਖਾ ਹੈ, ਜਿਥੇ ਕਾਲੀ ਬੋਲੀ ਰਾਤ ਵਰਗਾ ਅੰਧੇਰਾ ਹੈ। ਇਸ ਪ੍ਰਕਾਰ ਜਮ ਅਤੇ ਮੌਤ ਵਿਚਲਾ ਅੰਤਰ ਸਪੱਸ਼ਟ ਵੇਖਿਆ ਜਾ ਸਕਦਾ ਹੈ। ਭਾਈ ਸਾਹਿਬ ਇਸ ਪਦ ਦਾ ਅਰਥ ਸਮਝਾਉਂਦੇ ਹਨ ਕਿ ਜਮ ਹੋਰ ਹੈ ਤੇ ਮੌਤ ਹੋਰ ਹੈ। ਮੌਤ ਨੂੰ ਹੀ ਜਮ ਆਖਣਾ ਬੜੀ ਅਗਿਆਨਤਾ ਹੈ।

ਸਰੀਰਕ ਮੌਤ ਤਾਂ ਗੁਰਮੁਖਾਂ ਨੂੰ ਵੀ ਆਉਂਦੀ ਹੈ ਪਰੰਤੂ ਜਮ ਉਹਨਾਂ ਦੇ ਨੇੜੇ ਵੀ ਨਹੀਂ ਆਉਂਦਾ। ਜਮ ਅਤੇ ਮੌਤ ਵਿਚਲਾ ਅੰਤਰ ਇਥੇ ਹੋਰ ਵਧੇਰੇ ਸਪੱਸ਼ਟ ਹੋ ਜਾਂਦਾ ਹੈ। ਭਾਈ ਸਾਹਿਬ ਦਾ ਅਨੁਭਵ ਹੈ ਕਿ ਸਰੀਰ ਕਰਕੇ ਚਲਾਣਾ ਤਾਂ ਨਾਮ ਧਿਆਵਣਹਾਰਿਆਂ ਦਾ ਵੀ ਹੋਵੇਗਾ, ਮੌਤ ਤਾਂ ਸਭ ਦੇ ਸਿਰ ਤੇ ਹੈ ਪਰੰਤੂ ਨਾਮ ਧਿਆਉਣ-ਹਾਰਿਆਂ ਨੂੰ ਜਮ ਨਹੀਂ ਸਤਾਉਂਦਾ, ਨੇੜੇ ਹੀ ਨਹੀਂ ਆਉਂਦਾ। ਸੋ ਭਾਈ ਸਾਹਿਬ ਨੇ 'ਜਮ' ਪਦ ਦੇ ਅਰਥ ਧਰਮ ਰਾਇ ਦੇ ਦੂਤ ਭਾਵ ਜਮਦੂਤ ਵਜੋਂ ਕੀਤੇ ਹਨ। ਇਸ ਦੇ ਨਾਲ ਹੀ 'ਜਮ' ਅਤੇ 'ਮੌਤ' ਵਿਚਲਾ ਅੰਤਰ ਵੀ ਸਪਸ਼ੱਟਤਾ ਸਹਿਤ ਸਿਧ ਕਰ ਵਿਖਾਇਆ ਹੈ।

**6. ਗੁਰਮਤਿ ਦੇ ਵਿਸ਼ੇ:** ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਦੇ ਵਿਸ਼ਿਆਂ ਸੰਬੰਧੀ ਅਨੁਭਵੀ ਵਿਆਖਿਆ ਕੀਤੀ ਹੈ। ਆਪਣੀਆਂ ਰਚਨਾਵਾਂ ਵਿਚ ਗੁਰਮੰਤਰ ਕੀ ਹੈ? ਗੁਰਮੰਤਰ ਦੇ ਸਿਮਰਨ ਦੀ ਲੋੜ, ਗੁਰਮੰਤਰ ਸਿਮਰਨ ਦੇ ਗੁੱਝੇ ਭੇਦ, ਗੁਰਮੰਤਰ ਦੀ ਪਾਰਸ ਕਲਾ, ਅਜਪਾ ਜਾਪ, ਰਿਧੀਆਂ ਸਿਧੀਆਂ, ਮੰਨ ਦੀਆਂ ਮੁਰਾਦਾਂ ਤੇ ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ?, ਦੁਨਿਆਵੀ ਗਿਆਨ ਅਤੇ ਤੱਤ ਗਿਆਨ ਆਦਿ ਵਿਸ਼ਿਆਂ ਉਤੇ ਗੁਰਬਾਣੀ ਦੇ ਹਵਾਲੇ ਨਾਲ ਚਾਨਣਾ ਪਾਇਆ ਹੈ। ਵੱਡਾ ਨੁਕਤਾ ਇਹ ਹੈ ਕਿ ਗੁਰਬਾਣੀ ਦੇ ਫੁਰਮਾਨਾਂ ਦੇ ਜੋ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਕੇਵਲ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ। ਅਭਿਆਸ ਦਾ ਭਾਵ ਸਿਮਰਨ ਅਤੇ ਜਾਪ ਤੋਂ ਹੈ।

ਭਾਈ ਸਾਹਿਬ ਨੇ ਗੁਰਬਾਣੀ ਵਿਚੋਂ ਹੀ ਗੁਰਮੰਤਰ ਨੂੰ ਪ੍ਰਗਟ ਕਰਕੇ ਇਹ ਸਿਧ ਕੀਤਾ ਹੈ ਕਿ ਗੁਰਮੰਤਰ ਹੀ ਗੁਰਬਾਣੀ ਦਾ ਸਾਰ ਹੈ। ਗੁਰਮਤਿ ਦੁਆਰਾ ਦ੍ਰਿੜ੍ਹ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ, ਆਪ ਹੁਦਰਾ ਨਾਮ ਕਿਸੇ ਦਾ ਕੁਛ ਨਹੀਂ ਸਵਾਰ ਸਕਦਾ। ਗੁਰਸਿੱਖ ਨੂੰ ਗੁਰਮਤਿ ਵਿਧੀ ਅਨੁਸਾਰ ਪ੍ਰਾਪਤ ਹੋਏ ਨਾਮ ਦਾ ਜਾਪ ਮਕੈਨੀਕਲ ਰੈਪੀਟੀਸ਼ਨ ਵਾਲਾ ਨਾਮ ਜਾਪ ਕਦੇ ਨਹੀਂ ਕਹਾ ਸਕਦਾ। ਨਾਮ ਜਾਪ ਦਾ ਆਟੋਮੈਟਿਕ (ਆ-ਮੁਹਾਰਾ) ਤੋਰਾ ਤਦੇ ਹੀ ਤੁਰ ਸਕਦਾ ਹੈ ਜੇਕਰ ਪੂਰਨ ਗੁਰਮਤਿ ਜੁਗਤਿ ਵਿਧੀ ਮੁਤਾਬਕ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਨਾਮ ਦ੍ਰਿੜ ਹੋ ਚੁੱਕਾ ਹੋਵੇ। ਭਾਈ ਸਾਹਿਬ ਨੇ ਗੁਰਮਤਿ ਵਿਧੀ ਅਨੁਸਾਰ ਇਸ ਵਾਹਿਗੁਰੂ-ਗੁਰਮੰਤਰ ਦੀ ਪ੍ਰਾਪਤੀ ਹੁੰਦੀ ਦੱਸੀ ਹੈ।

ਭਾਈ ਰਣਧੀਰ ਸਿੰਘ ਜੀ ਅਨੁਸਾਰ 'ਵਾਹੁ ਵਾਹੁ' ਦੇ ਨਾਲ 'ਗੁਰੂ ਗੁਰੂ' ਦਾ ਜਾਪ ਰਲਣ ਨਾਲ ਹੀ ਰਸਨਾ ਪੂਰੇ ਗੁਰਮੰਤਰ ਦਾ ਜਾਪ ਕਰ ਸਕਦੀ ਹੈ। ਗੁਰੂ ਸ਼ਬਦ ਬਿਨਾਂ ਰਸਨਾ ਜਾਪ ਕਰਦੀ ਸੁਹਾਉਂਦੀ ਹੀ ਨਹੀਂ। ਨਾ ਹੀ 'ਗੁਰੂ ਗੁਰੂ' ਕਹਿਣ ਬਾਝੋਂ 'ਵਾਹੁ ਵਾਹੁ' ਦਾ ਭਾਖਣਾ ਰਸਨਾ ਕਰਕੇ ਪੂਰੇ ਗੁਰ ਸ਼ਬਦ ਗੁਰਮੰਤਰ ਗੁਰਮਤਿ ਨਾਮ ਦਾ ਭਾਖਣਾ ਬਣਦਾ ਹੈ। ਪੂਰਨ ਗੁਰਮਤਿ ਨਾਮ ਗੁਰਮੰਤ੍ਰ ਨਾਮ ਦੇ ਦੋਵੇਂ ਅੰਗ ਮਿਲਾ ਕੇ ਹੀ ਪੂਰਾ ਸ਼ਬਦ ਬਣਦਾ ਹੈ। ਇਸ ਪੂਰੇ ਸ਼ਬਦ ਦੇ ਜਾਪ ਦੁਆਰਾ ਨਿਰ-ਸੰਦੇਹ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ।

ਭਾਈ ਸਾਹਿਬ ਨੇ ਗੁਰਮਤਿ ਦੇ ਅਜਪਾ ਜਾਪ ਪਦ ਦਾ ਅਰਥ ਆ-ਮੁਹਾਰਾ ਜਾਪ ਕੀਤਾ ਹੈ। ਇਕੋ ਸਾਹ ਜਪਿਆ ਜਾਪ, ਆ-ਮੁਹਾਰਾ ਅਤੁੱਟ ਜਾਪ ਕਰਕੇ ਜਪਿਆ ਜਾਪ ਸੋ ਅਜਪਾ ਜਾਪ ਹੈ। ਅਮੁਕ ਜਪ ਗਿਣਤੀ ਤੋਂ ਅਣਗਿਣਤ, ਜਿਸਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ ਜਿਸ ਦੀ ਜਪ ਗਿਣਤੀ ਦਾ ਕੋਈ ਸ਼ੁਮਾਰ ਨਹੀਂ ਉਸ ਨੂੰ ਅਜਪਾ ਜਾਪ ਕਿਹਾ ਜਾਂਦਾ ਹੈ।

ਪਰਮਾਤਮਾ ਨੇ ਇਸ ਸਰੀਰ ਰੂਪੀ ਗੁਫਾ ਦੇ ਨੌ ਦਰਵਾਜ਼ੇ ਪ੍ਰਗਟ ਕਰਕੇ ਦਸਵਾਂ ਗੁਪਤ ਰਖਾਇਆ ਹੈ। ਦਸਵੇਂ ਗੁਪਤ ਰੱਖੇ ਦਰਵਾਜ਼ੇ ਦੇ ਅੱਗੇ ਜੋ ਬਜ਼ਰ ਕਪਾਟ ਜੜੇ ਹੋਏ ਹਨ ਖੁੱਲ੍ਹਦੇ ਨਹੀਂ। ਉਹ ਸਿਰਫ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਏ ਅਤੇ ਕਮਾਏ ਗੁਰ ਸ਼ਬਦ ਦੁਆਰਾ ਹੀ ਖੁੱਲ੍ਹਦੇ ਹਨ। ਇਹਨਾਂ ਬਜ਼ਰ ਕਪਾਟਾਂ ਦੇ ਖੁੱਲ੍ਹਣ ਸਾਰ ਹੀ ਅਨਹਦ ਵਾਜੇ ਸੁਣਨ ਲੱਗ ਪੈਂਦੇ ਹਨ। ਗੁਰ ਸ਼ਬਦ ਦੇ ਆਸਰੇ ਇਹ ਆਪੇ ਹੀ ਸੁਣੀਦੇ ਹਨ। ਅਜਿਹੀ ਅਵਸਥਾ ਤੇ ਪਹੁੰਚੇ ਗੁਰਮੁਖ ਦੇ ਸਰੀਰ ਅੰਦਰ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਭਗਤੀ ਦੁਆਰਾ ਵਾਹਿਗੁਰੂ ਜੋ ਸਭਨਾਂ ਵਿਚ ਵਸਦਾ ਹੈ, ਮਿਲ ਜਾਂਦਾ ਹੈ।

ਭਾਈ ਸਾਹਿਬ ਦੱਸਦੇ ਹਨ ਕਿ ਦਸਮ ਦੁਆਰ ਪਰਮ ਪੁਰਖ ਦੀ ਘਾਟੀ ਹੈ। ਇਹ ਦਸਮ ਦੁਆਰ ਅਗਮ ਅਪਾਰ ਹੈ, ਇਸ ਨੂੰ ਗੁਰ-ਗੰਮ ਗਿਆਨ ਦੁਆਰਾ ਕੋਈ ਵਿਰਲਾ ਹੀ ਚੀਨਦਾ ਹੈ। ਦਸਮ ਦੁਆਰ ਵਿਚ ਦੀ ਹੋ ਕੇ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਪਰਮ ਪੁਰਖ ਦੀ ਘਾਟੀ ਇਹ ਦਸਮ ਦੁਆਰ ਇਸ ਕਰਕੇ ਹੈ ਕਿ ਇਸ ਰਾਹੀਂ ਹੀ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ। ਸਰੀਰ ਰੂਪੀ ਹਾਟ(ਹਟੜੀ) ਦੇ ਉਪਰ ਸਿਖਰ ਦਸਮ ਦੁਆਰ ਰੂਪੀ ਬੱਜ਼ਰ ਕਪਾਟੀ ਗੁਫ਼ਾ ਹੁਜਰਾ ਹੈ। ਬਜ਼ਰ ਕਪਾਟ ਦੇ ਖੁੱਲ੍ਹਣ ਨਾਲ ਦਸਮ ਦੁਆਰ ਦਾ ਉਘਾੜ ਹੋ ਜਾਂਦਾ ਹੈ।

ਭਾਈ ਸਾਹਿਬ ਅਨੁਸਾਰ ਮਨ ਇਕਾਗਰ ਹੋਣ ਸਾਰ ਅੰਮ੍ਰਿਤ ਨਾਮ ਦੀ ਫੁਹਾਰ ਅੰਤਰਿ-ਆਤਮੇ ਪੈਣ ਲੱਗ ਪੈਂਦੀ ਹੈ ਅਤੇ ਦਸਮ ਦੁਆਰ ਵਿਖੇ ਅਨਹਤ ਧੁਨੀਆਂ ਵਾਲੇ ਵਾਜੇ ਵੱਜਣ ਲੱਗ ਪੈਂਦੇ ਹਨ। ਇਸ ਦੇ ਨਾਲ ਹੀ ਦਸਮ ਦੁਆਰ ਤੋਂ ਅੰਮ੍ਰਿਤ ਦੀ ਧਾਰ ਚੋਣ ਲੱਗ ਪੈਂਦੀ ਹੈ, ਜਿਸ ਨੂੰ ਕਿ ਰਸੀਏ ਜਨ ਪੀਂਦੇ ਰਹਿੰਦੇ ਹਨ। ਇਹ ਸਭ ਕੁੱਝ ਗੁਰਮਤਿ ਨਾਮ ਦੇ ਅਖੰਡ ਜਾਪ ਦਾ ਪਰਤਾਪ ਹੈ। ਸਤਿਗੁਰੂ ਦੁਆਰਾ ਹੀ ਇਹ ਨਾਮ ਗੁਰਮੰਤ੍ਰ ਪ੍ਰਾਪਤ ਹੋ ਸਕਦਾ ਹੈ।

**7. ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦਾ ਅਨੁਭਵ** : ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ। ਧਰਮ ਖੰਡ ਨੂੰ ਭਾਈ ਸਾਹਿਬ ਨੇ ਇਸ ਦਿਸਦੇ ਜਗਤ ਤੋਂ ਪਰ੍ਹੇ ਇਕ ਐਸਾ

ਦਿੱਬ ਮੰਡਲ ਦੱਸਿਆ ਹੈ ਜੋ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਅਤੇ ਅਨੁਭਵ ਵਿਚ ਸਾਖਸ਼ਾਤਕਾਰ ਹੋਇਆ ਹੈ। ਭਾਈ ਸਾਹਿਬ ਦ੍ਰਿੜ ਸੰਕਲਪ ਰਾਹੀਂ ਕਹਿੰਦੇ ਹਨ ਕਿ ਧਰਮ ਖੰਡ ਅਜਿਹੀ ਧਰਮਸਾਲ ਹੈ ਜਿਥੇ ਪ੍ਰਭੂ ਦੇ ਹੁਕਮ ਅੰਦਰ ਥਾਪਿਆ ਧਰਮ ਰਾਇ ਜੀਵਾਂ ਦੇ ਕਰਮਾਂ ਦਾ ਲੇਖਾ ਤੇ ਨਿਆਂ ਨਿਬੇੜਾ ਕਰਦਾ ਹੈ। ਪੰਚ ਪਰਵਾਨ ਗੁਰਮੁਖ ਜਨ ਇਸ ਮਾਤ ਲੋਕ ਵਿਖੇ ਸਿਫਤ ਸਾਲਾਹ ਕਰਦੇ ਹੋਏ ਵੀ ਧਰਮ ਖੰਡ ਵਿਖੇ ਸਮਾਈ (ਪਹੁੰਚ) ਰੱਖਦੇ ਹਨ।

ਗਿਆਨ ਖੰਡ ਵਿਚ ਅਨੇਕ ਤਰ੍ਹਾਂ ਦੀਆਂ ਹਵਾਵਾਂ, ਪਾਣੀ, ਅਗਨੀਆਂ, ਕ੍ਰਿਸ਼ਨ ਤੇ ਸ਼ਿਵ ਹਨ। ਕਿੰਨ੍ਹੇ ਹੀ ਬ੍ਰਹਮੇ ਹਨ। ਇਸ ਵਿਚ ਕਿੰਨ੍ਹੇ ਹੀ ਇੰਦਰ, ਚੰਦ, ਸੂਰਜ ਤੇ ਮੰਡਲਾਂ ਦੇ ਦੇਸ਼ ਹਨ। ਕਿੰਨ੍ਹੇ ਹੀ ਸਿਧ, ਬੁਧ, ਨਾਥ, ਦੇਵੀ, ਦੇਵਤੇ, ਦਾਨਵ, ਮੁਨੀ ਤੇ ਰਤਨਾਂ ਦੇ ਸਮੁੰਦਰ ਆਦਿ ਹਨ। ਗਿਆਨ ਖੰਡ ਵਾਹਿਗੁਰੂ ਦੀ ਬੇਅੰਤ ਪ੍ਰਕਾਰੀ ਰਚਨਾ ਅਤੇ ਸਮੂਹ ਖੰਡਾਂ, ਬ੍ਰਹਿਮੰਡਾਂ ਦੇ ਉਪਰ (ਚਾਦਰ ਦੀ ਤਰ੍ਹਾਂ) ਛਾਇਆ ਹੋਇਆ ਹੈ। ਜੋ ਗਿਆਨ ਪ੍ਰਚੰਡ ਹੋਏ ਤੋਂ ਦਿਸਦਾ ਹੈ।

ਸਰਮ ਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਇਥੇ ਵੱਸਦੀਆਂ ਗੁਰਮੁਖ ਰੂਹਾਨੀ ਰੂਹਾਂ ਅਕਾਲੀ ਜੋਤਿ (ਵਾਹਿਗੁਰੂ) ਦੇ ਅਨੂਪਮ ਰੂਪ ਨਾਲ ਨੂਰੋ-ਨੂਰ ਹੋਈਆਂ ਰਹਿੰਦੀਆਂ ਹਨ। ਗੁਰਮੁਖ ਰੂਹਾਂ ਦੀ ਅੰਤਿਸ਼ਕਰਣ ਦੀ ਸੁਰਤੀ, ਮਤਿ, ਬੁਧ ਮੁੜ ਤੋਂ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ।

ਕਰਮ ਤੋਂ ਭਾਵ ਨਦਰ, ਮਿਹਰ, ਕਿਰਪਾ, ਫਜ਼ਲ, ਬਖਸ਼ਿਸ ਰਹਿਮਤ ਆਦਿ ਹੈ। ਵਾਹਿਗੁਰੂ ਦੀ ਨਦਰ ਪ੍ਰਾਪਤੀ ਵਾਲੇ ਗੁਰਮੁਖ ਜਨ ਕਰਮ ਖੰਡ ਵਾਸੀ ਬਣਦੇ ਹਨ। ਐਸੇ ਜੋਧੇ ਮਹਾਂ ਬਲੀ ਸੂਰੇ ਸਦਾ ਹੀ ਵਾਹਿਗੁਰੂ ਦੀ ਮਹਿਮਾ ਵਿਚ ਸੀਤੇ ਪ੍ਰੋਤੇ ਰਹਿੰਦੇ ਹਨ। ਕਰਮ ਖੰਡ ਦਾ ਦਰਵਾਜ਼ਾ ਸਚਖੰਡ ਦੇ ਅਤਿ ਸਪੀਪ ਤੇ ਸਾਹਮਣੇ ਹੈ। ਸਚਖੰਡ ਨਿਰੰਕਾਰ ਦਾ ਦੇਸ (ਖੰਡ) ਹੈ। ਕਰਮ ਖੰਡ ਅਤੇ ਸਚਖੰਡ ਆਪਸ ਵਿਚ ਅਭੇਦ ਰੂਪ ਹੀ ਹਨ। ਸਚਖੰਡ ਵਾਸੀ ਨਿਰੰਕਾਰ ਵਾਹਿਗੁਰੂ ਆਪ ਭਗਤ ਜਨਾਂ ਉਪਰ ਨਦਰ ਕਰਕੇ ਵੇਖ-ਵੇਖ ਕੇ ਵਿਗਸਦਾ ਭਾਵ ਖੁਸ਼ ਹੁੰਦਾ ਹੈ। ਸਚਖੰਡ ਤੋਂ ਸਾਰੇ ਬੇਅੰਤ ਖੰਡ ਮੰਡਲ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਦਿਸਦਾ ਹੈ। ਇਸ ਰਚਨਾ ਦਾ ਕੋਈ ਅੰਤ ਨਹੀਂ ਪਾ ਸਕਦਾ। ਪਰਮਾਤਮਾ ਦੇ ਹੁਕਮ ਵਿਚ ਹੀ ਸਾਰੀ ਰਚਨਾ ਦੀ ਕਾਰ ਹੋਈ ਹੈ।

ਭਾਈ ਰਣਧੀਰ ਸਿੰਘ ਜੀ ਨੇ ਆਪਣੇ ਧਾਰਮਿਕ ਅਨੁਭਵ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ ਸੁਰਗ, ਧਰਮ ਰਾਇ, ਜਮਦੂਤਾਂ ਅਤੇ ਜਮਪੁਰੀ ਦੀ ਹੋਂਦ ਦ੍ਰਿੜਤਾ ਸਹਿਤ ਸਿਧ ਕੀਤੀ ਹੈ। ਆਪ ਨੇ ਜਮ ਅਤੇ ਮੌਤ ਵਿਚਲਾ ਅੰਤਰ ਵੀ ਸਪੱਸ਼ਟ ਕੀਤਾ ਹੈ। ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦੇ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ। ਪੰਜ ਖੰਡਾਂ ਦੇ ਵਾਸਤਵਿਕ ਸਥਾਨ ਹੋਣ ਦੇ ਪ੍ਰਸ਼ਨ ਬਾਰੇ ਉਹ ਕੋਈ ਭਰਮ, ਭੁਲੇਖਾ ਜਾਂ ਦੁਬਿਧਾ ਨਹੀਂ ਰੱਖਦੇ। ਭਾਈ ਸਾਹਿਬ ਆਪਣੇ ਧਾਰਮਿਕ ਅਨੁਭਵ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਬੜੀ ਸਰਲਤਾ ਅਤੇ ਸਪੱਸ਼ਟਤਾ ਸਹਿਤ ਗੁਰਮਤਿ ਦੇ ਇਹਨਾਂ ਵਿਸ਼ਿਆਂ ਦੀ ਅਨੁਭਵ ਭਰਪੂਰ ਵਿਆਖਿਆ ਕਰਦੇ ਹਨ। ਜੋ ਢੁਕਵੇਂ ਅਰਥ ਭਾਈ ਸਾਹਿਬ ਨੇ ਕੀਤੇ ਹਨ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਅਰਥ ਅਨੁਭਵ ਕੇਵਲ ਗੁਰਮਤਿ ਨਾਮ ਅਭਿਆਸ ਦੀ ਕਮਾਈ ਸਦਕਾ ਹੀ ਸਫੁਰ ਹੋ ਸਕਦੇ ਹਨ। ਇਹ ਭਾਈ ਸਾਹਿਬ ਦੇ ਧਾਰਮਿਕ ਅਨੁਭਵ ਦੀ ਵਿਲੱਖਣਤਾ ਹੈ।

## ਖੋਜ ਲੱਭਤਾਂ

1. ਧਾਰਮਿਕ ਅਨੁਭਵ ਦੇ ਸਿਧਾਂਤਕਾਰਾਂ ਵਿਚ ਮੁਖ ਤੌਰ ਤੇ ਵਿਲੀਅਮ ਜੇਮਜ਼, ਰੂਡੋਲਫ ਔਟੋ, ਜੋਕਿਮ ਵਾਕ ਅਤੇ ਮਰਸੀ ਇਲਾਡੇ ਦੇ ਸਿਧਾਂਤਾਂ ਅਤੇ ਖੋਜ ਕਾਰਜਾਂ ਦਾ ਵਿਸ਼ਲੇਸ਼ਣ ਕਰਨ ਸਦਕਾ ਧਾਰਮਿਕ ਅਨੁਭਵ ਦੇ ਇਹ ਮੁੱਖ ਲੱਛਣ ਅਤੇ ਤੱਥ ਲਗਭਗ ਸਾਰੇ ਚਿੰਤਕਾਂ ਦੇ ਅਧਿਐਨ ਤੋਂ ਸਾਹਮਣੇ ਆਏ ਹਨ ਜਿਵੇਂ ਕਿ 1. ਅਕੱਥਤਾ 2. ਗਿਆਨਭਾਵੀ ਜਾਂ ਬੌਧਿਕ ਗੁਣ 3. ਅਸਥਾਈਪੁਣਾ ਜਾਂ ਛਿਨਭੰਗੁਰਤਾ 4. ਉਦਾਸੀਨਤਾ ਜਾਂ ਅਕਰਮਤਾ 5. ਡਰ ਅਤੇ ਭੈਅ ਦੀ ਭਾਵਨਾ 6. ਸਤਿਕਾਰ ਅਤੇ ਪ੍ਰੇਮ ਦੀ ਭਾਵਨਾ 7. ਰਹੱਸਭਰਪੂਰ 8. ਅਚੰਭਾਪੂਰਤ 9. ਵਿਵਹਾਰਕ ਪ੍ਰਗਟਾਵਾ 10. ਪ੍ਰੇਰਣਾਦਾਇਕ ਆਦਿ ।
2. ਧਾਰਮਿਕ ਅਨੁਭਵ ਵਿਚ ਸਭ ਤੋਂ ਪਹਿਲਾਂ ਇਕ ਭੈਅ ਹੁੰਦਾ ਹੈ। ਅਨੁਭਵ ਕਰਤਾ ਇਸ ਸੰਸਾਰ ਤੋਂ ਪਰ੍ਹੇ ਕਿਸੇ ਪਰਾ-ਭੌਤਿਕ ਸੰਸਾਰ ਅਤੇ ਪਰਾ-ਭੌਤਿਕ ਸ਼ੈਅ ਦੀ ਹੋਂਦ ਮਹਿਸੂਸ ਕਰਦਾ ਹੈ। ਇਹ ਅਲੌਕਿਕ ਹੋਂਦ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਅਨੁਭਵਕਰਤਾ ਨੂੰ ਇਹ ਪੱਕਾ ਯਕੀਨ ਹੁੰਦਾ ਹੈ ਕਿ ਉਸ ਦਾ ਸਾਹਮਣਾ ਇਕ ਅਤਿ ਸ਼ਕਤੀਸ਼ਾਲੀ ਅਤੇ ਕ੍ਰਿਆਸ਼ੀਲ ਹੋਂਦ ਨਾਲ ਹੁੰਦਾ ਹੈ। ਉਹ ਇਕ ਰਹੱਸ, ਇਕ ਅਚੰਭਾ ਮਹਿਸੂਸ ਕਰਦਾ ਹੈ। ਅਖੀਰ ਉਹ ਉਸ ਸ਼ਕਤੀਸ਼ਾਲੀ ਹੋਂਦ ਪ੍ਰਤੀ ਖਿੱਚਿਆ ਜਾਂਦਾ ਹੈ ਅਤੇ ਉਸ ਅੱਗੇ ਬਲਹੀਣ ਮਹਿਸੂਸ ਕਰਦਾ ਹੈ।

3. ਇਸ ਖੋਜ ਵਿਚ ਧਾਰਮਿਕ ਅਨੁਭਵ ਨੂੰ ਸਮਝਣ ਤਹਿਤ ਵਿਭਿੰਨ ਧਰਮਾਂ-ਯਹੂਦੀਮਤਿ, ਇਸਾਈਮਤਿ, ਇਸਲਾਮ, ਜੈਨਮਤਿ, ਬੁੱਧਮਤਿ, ਹਿੰਦੂਮਤਿ ਅਤੇ ਸਿੱਖਮਤਿ ਵਿਚ ਧਾਰਮਿਕ ਅਨੁਭਵ ਦੇ ਸਰੂਪ ਨੂੰ ਸਮਝਣ ਲਈ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ।
4. ਹੱਥਲੇ ਖੋਜ-ਕਾਰਜ ਵਿਚ ਭਾਰਤੀ ਵੈਦਿਕ ਚਿੰਤਨ ਅਤੇ ਗੁਰਮਤਿ ਵਿਚ ਅੰਤਰ, ਯੋਗਮਤਿ ਅਤੇ ਗੁਰਮਤਿ ਵਿਚ ਅੰਤਰ ਵਾਚਿਆ ਗਿਆ ਹੈ। ਉਪਰੰਤ ਸ੍ਰਿਸ਼ਟੀ ਰਚਨਾ ਸੰਬੰਧੀ ਗੁਰਬਾਣੀ ਦਾ ਸਿਧਾਂਤ ਅਤੇ ਵਿਗਿਆਨ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਅੰਤ ਵਿਚ ਬ੍ਰਹਿਮੰਡ, ਸ੍ਰਿਸ਼ਟੀ ਰਚਨਾ, ਮਨੁੱਖੀ ਰਚਨਾ ਅਤੇ ਇਹਨਾਂ ਵਿਸ਼ਿਆਂ ਪ੍ਰਤੀ ਬਾਈਬਲ, ਕੁਰਾਨ, ਗੁਰਬਾਣੀ ਅਤੇ ਵਿਗਿਆਨ ਵਿਚ ਵਿਵਹਾਰਕ ਅੰਤਰ ਅਤੇ ਸੁਮੇਲ ਨਿਰਪੱਖ ਤੌਰ ਤੇ ਪੇਸ਼ ਕੀਤਾ ਗਿਆ ਹੈ।
5. ਹੱਥਲੇ ਖੋਜ-ਕਾਰਜ ਵਿਚ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਰਾਹੀਂ ਉਨ੍ਹਾਂ ਦੇ ਧਾਰਮਿਕ ਅਨੁਭਵ ਨੂੰ ਸਮਝਿਆ ਗਿਆ ਹੈ। ਗ਼ਦਰ ਲਹਿਰ ਦੌਰਾਨ ਆਪ ਨੂੰ ਉਮਰ-ਕੈਦ ਦੀ ਸਜਾ ਹੋਈ। ਜੇਲ੍ਹ-ਜੀਵਨ ਦੌਰਾਨ ਆਪ ਨੇ ਅਣਗਿਣਤ ਤਸੀਹੇ ਅਕਾਲ ਪੁਰਖ ਦਾ ਭਾਣਾ ਮੰਨਦਿਆਂ ਸਹਾਰਨ ਕੀਤੇ। ਆਪ ਨੇ ਗੁਰਮਤਿ ਸਿਧਾਂਤਾਂ 'ਤੇ ਪੂਰੀ ਸ਼ਰਧਾ ਨਾਲ ਅਮਲ ਕੀਤਾ ਅਤੇ ਨਾਮ ਦੀ ਪ੍ਰਾਪਤੀ ਦਾ ਅਨੁਭਵ ਕੀਤਾ।
6. ਹੱਥਲੇ ਖੋਜ-ਕਾਰਜ ਰਾਹੀਂ ਭਾਈ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਧਾਰਮਿਕ ਅਨੁਭਵ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕੀਤਾ ਗਿਆ ਹੈ।
7. ਇਸਦੇ ਨਾਲ ਹੀ ਭਾਈ ਸਾਹਿਬ ਦੁਆਰਾ ਉਸ ਵੇਲੇ ਦੀਆਂ ਧਾਰਮਿਕ ਸੰਸਥਾਵਾਂ ਅਤੇ ਗ਼ਦਰ ਲਹਿਰ ਵਿਚ ਪਾਏ ਯੋਗਦਾਨ ਨੂੰ ਵੀ ਨਵੇਂ ਸਿਰੇ ਤੋਂ ਵਾਚਿਆ ਗਿਆ ਹੈ। ਇਸੇ ਪ੍ਰਕਾਰ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਰਾਹੀਂ ਸਿੱਖ ਅਨੁਭਵ ਦੇ ਸਰੂਪ ਨੂੰ ਸਮਝਣ ਦਾ ਸਾਰਥਕ ਯਤਨ ਕੀਤਾ ਗਿਆ ਹੈ।
8. ਇਸ ਖੋਜ-ਕਾਰਜ ਵਿਚ ਅਸੀਂ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਉਹਨਾਂ ਦੇ ਧਾਰਮਿਕ ਅਨੁਭਵ ਦੇ ਆਧਾਰ ਉਪਰ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਅਗਲੇ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਕ- ਸੁਰਗ, ਧਰਮਰਾਇ, ਜਮਦੂਤਾਂ ਅਤੇ ਜਮਪੁਰੀ ਬਾਰੇ ਸਥਿਤੀ ਸਪੱਸ਼ਟ ਕੀਤੀ ਹੈ।

9. ਇਸੇ ਤਰ੍ਹਾਂ ਹੀ ਅੰਤਿਮ ਸਮੇਂ ਜਮਾਂ ਦਾ ਦਿਸਣਾ ਤੇ ਡਰਾਉਣਾ, ਜਮ ਅਤੇ ਮੌਤ ਵਿਚ ਅੰਤਰ, ਗੁਰਮਤਿ ਦੇ ਵਿਸ਼ੇ, ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ, ਦਸਮ ਦੁਆਰ ਅਤੇ ਦਸਮ ਦੁਆਰ ਖੁੱਲ੍ਹਣ ਦੇ ਤਰੀਕੇ ਆਦਿ ਸੰਬੰਧੀ ਭਾਈ ਸਾਹਿਬ ਦੇ ਵਿਚਾਰਾਂ ਰਾਹੀਂ ਉਹਨਾਂ ਦਾ ਧਾਰਮਿਕ ਅਨੁਭਵ ਸਮਝਿਆ ਗਿਆ ਹੈ।
10. ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਗਈ ਵਿਆਖਿਆ ਵਿਚ ਭਾਈ ਸਾਹਿਬ ਨੇ ਇਹ ਪੰਜ ਖੰਡ ਵੀ ਵਾਸਤਵਿਕ ਸਥਾਨ ਮੰਨੇ ਹਨ।

## ਖੋਜ ਸੰਭਾਵਨਾਵਾਂ

ਹੱਥਲੇ ਖੋਜ-ਕਾਰਜ ਨੇ ਭਵਿੱਖ ਵਿਚ ਕੀਤੇ ਜਾਣ ਵਾਲੇ ਖੋਜ-ਕਾਰਜਾਂ ਤਹਿਤ ਅਨੇਕਾਂ ਨਵੀਨ ਪਰਤਾਂ ਅਤੇ ਖੋਜ ਪ੍ਰਸ਼ਨਾਂ ਨੂੰ ਪੈਦਾ ਕੀਤਾ ਹੈ। ਇਹਨਾਂ ਵਿਸ਼ਿਆਂ ਉਪਰ ਹੋਰ ਖੋਜ-ਕਾਰਜ ਹੋ ਸਕਦੇ ਹਨ ਜਿਵੇਂ 'ਭਾਈ ਰਣਧੀਰ ਸਿੰਘ ਜੀ ਦੀ ਧਾਰਮਿਕ ਸੰਸਥਾਵਾਂ ਪ੍ਰਤੀ ਦੇਣ', 'ਭਾਈ ਸਾਹਿਬ ਦਾ ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ', 'ਭਾਈ ਰਣਧੀਰ ਸਿੰਘ ਜੀ ਦੀ ਗ਼ਦਰ ਲਹਿਰ ਵਿਚ ਭੂਮਿਕਾ', 'ਭਾਈ ਰਣਧੀਰ ਸਿੰਘ ਜੀ ਅਤੇ ਗੁਰਮਤਿ ਬਿਬੇਕ (ਸਿਮਰਨ ਵਿਵੇਕ ਅਤੇ ਰਹਿਤ ਵਿਵੇਕ)', 'ਭਾਈ ਰਣਧੀਰ ਸਿੰਘ ਜੀ ਤੇ ਸ਼ਹੀਦ ਭਗਤ ਸਿੰਘ', 'ਭਾਈ ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨ' ਆਦਿ ਖੋਜ-ਵਿਸ਼ਿਆਂ ਦੇ ਨਾਲ ਹੀ, 'ਭਾਈ ਰਣਧੀਰ ਸਿੰਘ ਜੀ ਦੀਆਂ ਰਚਨਾਵਾਂ ਵਿਚਲੇ ਵਿਸ਼ੇ' ਦੇ ਉਪਰ ਵੀ ਧਰਮ ਅਧਿਐਨ ਦੇ ਖੋਜਾਰਥੀਆਂ ਲਈ ਖੋਜ ਕਰ ਸਕਣ ਦੀਆਂ ਕਾਫੀ ਸੰਭਾਵਨਾਵਾਂ ਮੌਜੂਦ ਹਨ। ਅਖੀਰ ਅਸੀਂ ਆਸ ਕਰਦੇ ਹਾਂ ਕਿ ਇਹ ਅਧਿਐਨ ਨਿਕਟ ਭਵਿੱਖ ਵਿਚ ਸਿੱਖ ਅਧਿਐਨ ਨਾਲ ਜੁੜੇ ਵਿਦਵਾਨਾਂ ਅਤੇ ਖੋਜਾਰਥੀਆਂ ਦਾ ਧਿਆਨ ਭਾਈ ਰਣਧੀਰ ਸਿੰਘ ਜੀ ਦੇ ਧਾਰਮਿਕ ਅਨੁਭਵ ਤੇ ਰਚਨਾਵਾਂ ਵੱਲ ਖਿੱਚੇਗਾ ਅਤੇ ਉਹਨਾਂ ਦੀ ਜੀਵਨੀ, ਰਚਨਾਵਾਂ ਅਤੇ ਧਾਰਮਿਕ ਅਨੁਭਵ ਦਾ ਹੋਰ ਡੂੰਘਾਈ ਅਤੇ ਵਿਸਥਾਰ ਵਿਚ ਅਧਿਐਨ ਹੋਵੇਗਾ।

# RELIGIOUS EXPERIENCE OF BHAI RANDHIR SINGH: A STUDY

## ABSTRACT

The religious experience is experience of the Holy (God). The starting time of religious experience is difficult to ascertain. During this the experiencing person encounters with the God or the Ultimate Reality. The religious experience of everybody is different from each other and during the process of religious experience the person discloses the experience of God, the creator from the inside or from within his soul.

The religious experience is totally contrary (different) and mysterious from all other experiences in human's life. The person who deals this spiritual ultimate truth can never express the feelings to someone who had never experienced the same and to experience the religious feeling one must be spiritually in enlighted.

During this research work Bhai Sahib's religious experience has been understood from his own life's incidents. He was awarded Life imprisonment for his involvement in the Gadar movement and it was during his jail period that he spent where he was exposed to several physical and mental tortures which were given by the jail authorities that he happily accepted as God's own wish. He was very introvert while discussing about his religious experience during his life and whenever he talked about his religious experience it was just to the person (people) who were in the search of the ultimate truth. He always talked about the next world or the after world in his writings. In this research work we have trial to understand the different aspects like the existence of God and the next world, the God's court, Hell and Heaven, Dharam Rai, Jamdoot (Courier of death) and Jampuri from Bhai Randhir Singh's religious experience that he had experienced in the light of Gurbani. He had also differentiate between Jamdoot (Courier of death) and death itself. While talking about Five Khand's of Jap Ji he believed that these Five Khands actually exist in the next world. In his writings Bhai Sahib has talked about and explained the different concept of Sikhism mainly Waheguru Gurumantr, Ajapa Jaap, Anhad Shabad and the Dasam Dawaar.

# ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ: ਇਕ ਅਧਿਐਨ

## ਸਾਰ

ਧਾਰਮਿਕ ਅਨੁਭਵ ਪਰਮਾਤਮਾ ਦਾ ਅਨੁਭਵ ਹੁੰਦਾ ਹੈ। ਇਸ ਅਨੁਭਵ ਦੌਰਾਨ ਅਨੁਭਵਕਰਤਾ ਪਰਮਾਤਮਾ ਭਾਵ ਅੰਤਿਮ ਸਚਾਈ ਨਾਲ ਸਾਹਮਣਾ ਕਰਦਾ ਹੈ। ਧਾਰਮਿਕ ਅਨੁਭਵ ਦੀ ਸ਼ੁਰੂਆਤ ਦਾ ਸਮਾਂ ਨਿਸ਼ਚਿਤ ਕਰਨਾ ਔਖਾ ਹੈ। ਇਹ ਅਨੁਭਵ ਹਰੇਕ ਅਨੁਭਵੀ ਦਾ ਵੱਖੋ ਵੱਖਰਾ ਹੁੰਦਾ ਹੈ। ਇਸ ਅਨੁਭਵ ਰਾਹੀਂ ਪਰਮਾਤਮਾ ਨੂੰ ਆਪਣੇ ਅੰਦਰੋਂ ਮਹਿਸੂਸ ਕੀਤਾ ਜਾਂਦਾ ਹੈ। ਧਾਰਮਿਕ ਅਨੁਭਵ ਆਮ ਜੀਵਨ ਦੇ ਅਨੁਭਵਾਂ ਨਾਲੋਂ ਰਹੱਸਮਈ ਹੁੰਦਾ ਹੈ। ਅਨੁਭਵਕਤਾ ਇਸ ਧਾਰਮਿਕ ਅਨੁਭਵ ਨੂੰ ਮਾਣ ਤਾਂ ਸਕਦਾ ਹੈ ਪਰੰਤੂ ਅੱਗੇ ਕਿਸੇ ਅਜਿਹੇ ਵਿਅਕਤੀ ਨੂੰ ਸਮਝਾ ਨਹੀਂ ਸਕਦਾ ਜਿਸ ਨੇ ਇਹ ਅਨੁਭਵ ਖ਼ੁਦ ਕਦੇ ਮਹਿਸੂਸ ਨਾ ਕੀਤਾ ਹੋਵੇ।

ਇਸ ਖੋਜ ਕਾਰਜ ਵਿਚ ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਦੀਆਂ ਘਟਨਾਵਾਂ ਅਤੇ ਲਿਖਤਾਂ ਵਿਚੋਂ ਸਮਝਿਆ ਗਿਆ ਹੈ। ਭਾਈ ਸਾਹਿਬ ਨੂੰ ਗ਼ਦਰ ਲਹਿਰ ਵਿਚ ਹਿੱਸਾ ਲੈਣ ਕਾਰਨ ਉਮਰ ਕੈਦ ਦੀ ਸਜਾ ਹੋਈ। ਇਸ ਕੈਦ ਦੌਰਾਨ ਭਾਈ ਸਾਹਿਬ ਉੱਤੇ ਅਨੇਕ ਸਰੀਰਕ ਤੇ ਮਾਨਸਿਕ ਤਸ਼ੱਦਦ ਢਾਹੇ ਗਏ ਜਿਹੜੇ ਭਾਈ ਸਾਹਿਬ ਨੇ ਅਕਾਲ ਪੁਰਖ ਦਾ ਭਾਣਾ ਮੰਨ ਕੇ ਸਵੀਕਾਰ ਕੀਤੇ। ਆਮ ਤੌਰ ਤੇ ਭਾਈ ਸਾਹਿਬ ਨੇ ਆਪਣੇ ਜੀਵਨ ਦੌਰਾਨ ਮਾਣੇ ਧਾਰਮਿਕ ਅਨੁਭਵਾਂ ਨੂੰ ਪ੍ਰਗਟ ਕਰਨ ਤੋਂ ਸੰਕੋਚ ਕੀਤਾ ਹੈ ਪਰੰਤੂ ਜਦੋਂ ਵੀ ਇਹ ਅਨੁਭਵ ਬਿਆਨੇ ਹਨ, ਤਾਂ ਕੇਵਲ ਜਗਿਆਸੂ ਜਨਾ ਅੱਗੇ ਬਿਆਨੇ ਕੀਤੇ ਹਨ।

ਭਾਈ ਸਾਹਿਬ ਨੇ ਹਮੇਸ਼ਾ ਅਗਲੇ ਜਹਾਨ ਬਾਰੇ ਆਪਣੀਆਂ ਲਿਖਤਾਂ ਵਿਚ ਗੱਲ ਕੀਤੀ ਹੈ। ਇਸ ਖੋਜ ਦੌਰਾਨ ਭਾਈ ਸਾਹਿਬ ਦੇ ਧਾਰਮਿਕ ਅਨੁਭਵਾਂ ਨੂੰ ਵੱਖ-ਵੱਖ ਪਹਿਲੂਆਂ ਤੋਂ ਸਮਝਣ ਦਾ ਯਤਨ ਕੀਤਾ ਗਿਆ ਹੈ ਜਿਵੇਂ ਅਕਾਲ ਪੁਰਖ, ਅਗਲਾ ਜਹਾਨ, ਅਕਾਲ ਪੁਰਖ ਦੀ ਦਰਗਾਹ, ਨਰਗ ਅਤੇ ਸੁਰਗ, ਧਰਮਰਾਇ ਜਮਦੂਤ ਅਤੇ ਜਮਪੁਰੀ। ਜਪੁ ਜੀ ਸਾਹਿਬ ਦੇ ਪੰਜ ਖੰਡਾਂ ਦੀ ਕੀਤੀ ਵਿਆਖਿਆ ਦੌਰਾਨ ਭਾਈ ਸਾਹਿਬ ਨੇ ਇਹ ਖੰਡ ਵਾਸਤਵਿਕ ਸਥਾਨ ਮੰਨੇ ਹਨ। ਭਾਈ ਸਾਹਿਬ ਨੇ ਆਪਣੀਆਂ ਲਿਖਤਾਂ ਵਿਚ ਸਿੱਖਮਤਿ ਦੇ ਵੱਖ ਵੱਖ ਗੁਰਮਤਿ ਸਿਧਾਤਾਂ ਦੀ ਗੱਲ ਕੀਤੀ ਹੈ ਜਿਵੇਂ ਵਾਹਿਗੁਰੂ ਗੁਰਮੰਤਰ, ਅਜਪਾ ਜਾਪ, ਅਨਹਦ ਸ਼ਬਦ ਅਤੇ ਦਸਮ ਦੁਆਰ ਭਾਈ ਸਾਹਿਬ ਨੇ ਉਪਰੋਕਤ ਵਿਸ਼ੇ ਗੁਰਬਾਣੀ ਦੀ ਰੌਸ਼ਨੀ ਵਿਚ ਸਿਧ ਕੀਤੇ ਹਨ।

# ਤਤਕਰਾ


| ਅਧਿਆਇ | | ਪੰਨੇ |
|---|---|---|
| | **ਜਾਣ-ਪਛਾਣ** | **1-24** |
| **1** | **ਧਾਰਮਿਕ ਅਨੁਭਵ: ਅਰਥ ਅਤੇ ਸਿਧਾਂਤ** | **25-76** |
| | ਧਾਰਮਿਕ ਅਨੁਭਵ ਦਾ ਸਰੂਪ | |
| | ਧਾਰਮਿਕ ਅਨੁਭਵ ਦੇ ਸਿਧਾਂਤ | |
| | ਵਿਲੀਅਮ ਜੇਮਜ਼ (William James, 1842-1910) | |
| | ਰੂਡੋਲਫ ਔਟੋ (Rudolf Otto, 1869-1937) | |
| | ਜੋਕਿਮ ਵਾਕ (Joachim Wach, 1898-1955) | |
| | ਮਰਸੀ ਇਲਾਡੇ (Mircea Eliade 1907-1986) | |
| | ਦੁਨੀਆ ਦੇ ਧਰਮਾਂ ਵਿਚ ਧਾਰਮਿਕ ਅਨੁਭਵ | |
| | ਸਿੱਖਮਤਿ ਵਿਚ ਧਾਰਮਿਕ ਅਨੁਭਵ ਦਾ ਸਰੂਪ | |
| | ਧਾਰਮਿਕ ਅਨੁਭਵ ਦਾ ਪ੍ਰਗਟਾਅ | |
| **2** | **ਗੁਰੂ ਸਾਹਿਬ ਦਾ ਧਾਰਮਿਕ ਅਨੁਭਵ** | **77-129** |
| | ਭਾਰਤੀ ਵੈਦਿਕ ਚਿੰਤਨ ਅਤੇ ਗੁਰਮਤਿ | |
| | ਯੋਗਮਤਿ ਅਤੇ ਗੁਰਮਤਿ ਵਿਚ ਅੰਤਰ | |
| | ਸ੍ਰਿਸ਼ਟੀ ਰਚਨਾ ਅਤੇ ਧਰਮ | |
| | ਬ੍ਰਹਿਮੰਡ ਅਤੇ ਧਰਮ | |
| **3.** | **ਭਾਈ ਰਣਧੀਰ ਸਿੰਘ ਜੀ ਦਾ ਜੀਵਨ-ਬ੍ਰਿਤਾਂਤ ਅਤੇ ਧਾਰਮਿਕ ਅਨੁਭਵ** | **130-180** |
| | ਜੀਵਨ : ਜਨਮ ਅਤੇ ਬਚਪਨ | |
| | ਭਾਈ ਰਣਧੀਰ ਸਿੰਘ ਜੀ ਦੇ ਜੀਵਨ ਦੀਆਂ ਰਹੱਸਮਈ ਘਟਨਾਵਾਂ | |

ਨਾਇਬ ਤਹਿਸੀਲਦਾਰ ਵਜੋਂ ਨਿਯੁਕਤੀ

ਅੰਮ੍ਰਿਤ ਛਕਣ ਦੌਰਾਨ ਹੋਇਆ ਅਨੁਭਵ

ਐਬਟਾਬਾਦ ਜਾਣਾ

ਧਾਰਮਿਕ ਸੰਸਥਾਵਾਂ ਲਈ ਯੋਗਦਾਨ

ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ

ਭਾਈ ਸਾਹਿਬ ਦਾ ਗ਼ਦਰ ਲਹਿਰ ਵਿਚ ਯੋਗਦਾਨ

ਜੇਲ੍ਹਾਂ ਵਿਚ ਕੈਦ ਅਤੇ ਤਸ਼ੱਦਦ

ਸੈਂਟਰਲ ਜੇਲ੍ਹ ਲਾਹੌਰ

ਮੁਲਤਾਨ ਜੇਲ੍ਹ ਵਿਚ ਤਸੀਹੇ

ਹਜ਼ਾਰੀ ਬਾਗ ਜੇਲ੍ਹ ਵਿਚ

ਰਾਜਮੰਦਰੀ ਜੇਲ੍ਹ ਵਿਚ

ਨਾਗਪੁਰ ਜੇਲ੍ਹ ਦੀਆਂ ਤਕਲੀਫਾਂ/ਤਸ਼ੱਦਦ

ਲਾਹੌਰ ਜੇਲ੍ਹ ਅੰਦਰ ਭਗਤ ਸਿੰਘ ਨਾਲ ਮੁਲਾਕਾਤ ਅਤੇ ਰਿਹਾਈ

ਜੇਲ੍ਹ ਯਾਤਰਾ ਪਿੱਛੋਂ ਦਾ ਜੀਵਨ

ਭਾਈ ਸਾਹਿਬ ਦੇ ਜਥੇ ਦੇ ਸਾਥੀ ਸਿੰਘਾਂ ਨਾਲ ਮਾਣੇ ਅਨੁਭਵ

ਭਾਈ ਸਾਹਿਬ ਨੂੰ ਵੱਖ-ਵੱਖ ਜੇਲ੍ਹਾਂ ਵਿਚ ਹੀ ਗੁਰਮੁਖ ਰੂਹਾਂ ਦੇ ਆਖਰੀ ਸਮੇਂ ਦੇ ਦਰਸ-ਦੀਦਾਰੇ ਹੋਣ ਦਾ ਅਨੁਭਵ

ਭਾਈ ਸਾਹਿਬ ਜੀ ਦਾ ਅਕਾਲ ਚਲਾਣਾ

**4. ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ 181-239**

ਅਗਲਾ ਜਹਾਨ ਹੈ

ਨਰਕ ਸੁਰਗ

ਧਰਮ ਰਾਇ ਦੀ ਦਰਗਾਹ

ਜਮਦੂਤਾਂ ਅਤੇ ਜਮਪੁਰੀ ਦੀ ਹੋਂਦ

ਅੰਤਿਮ ਸਮੇਂ ਜਮਾਂ ਦੇ ਡਰ ਬਾਰੇ ਭਾਈ ਸਾਹਿਬ ਦੇ ਅਨੁਭਵ

ਜਮ ਤ੍ਰਾਸ ਦੀ ਅੱਖੀਂ ਦੇਖੀ ਇਕ ਹੋਰ ਵਾਰਤਾ

ਜਮ ਅਤੇ ਮੌਤ ਵਿਚ ਅੰਤਰ

ਵਾਹਿਗੁਰੂ ਗੁਰਮੰਤਰ

ਵਾਹਿਗੁਰੂ ਦੇ ਚਰਨ ਕੰਵਲ

ਅਜਪਾ ਜਾਪ

ਅਨਹਦ ਸ਼ਬਦ ਤੇ ਦਸਮ ਦੁਆਰ

ਦਸਮ ਦੁਆਰ ਖੁੱਲ੍ਹਣ ਦੀਆਂ ਨਿਸ਼ਾਨੀਆਂ

ਦਸਮ ਦੁਆਰ ਖੁੱਲ੍ਹਣ ਦਾ ਤਰੀਕਾ

ਜਪੁ ਜੀ ਸਾਹਿਬ ਦੇ ਪੰਜ ਖੰਡ ਅਤੇ ਭਾਈ ਰਣਧੀਰ ਸਿੰਘ ਦਾ ਅਨੁਭਵ

5. **ਸਾਰ ਅਤੇ ਖੋਜ-ਲੱਭਤਾਂ** 240-264

**ਸਹਾਇਕ ਪੁਸਤਕ ਸੂਚੀ** 265-274

**ਅੰਤਿਕਾਵਾਂ**

ਅੰਤਿਕਾ-1 (ਦੂਜਾ ਮੁਕੱਦਮਾ ਲਾਹੌਰ ਦੀ ਸੂਚੀ)

ਅੰਤਿਕਾ-2 (ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਦਾ ਵੇਰਵਾ)

ਅੰਤਿਕਾ-3 (ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪ੍ਰਾਪਤ ਹੋਇਆ ਹੁਕਮਨਾਮਾ ਸਾਹਿਬ)

ਅੰਤਿਕਾ-4 (ਭਾਈ ਰਣਧੀਰ ਸਿੰਘ ਜੀ ਦੀਆਂ ਚਾਰ ਤਸਵੀਰਾਂ)

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ '**ਭਾਈ ਰਣਧੀਰ ਸਿੰਘ ਜੀ ਦਾ ਧਾਰਮਿਕ ਅਨੁਭਵ: ਇਕ ਅਧਿਐਨ**' ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ ਪੀਐਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ ਜਾ ਰਿਹਾ ਖੋਜ-ਪ੍ਰਬੰਧ ਨਿਰੋਲ ਰੂਪ ਵਿਚ ਮੇਰੀ ਮੌਲਿਕ ਖੋਜ ਹੈ।

ਇਸ ਖੋਜ-ਪ੍ਰਬੰਧ ਨੂੰ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਲੈਣ ਲਈ ਪੇਸ਼ ਨਹੀਂ ਕੀਤਾ ਗਿਆ।

**ਨਿਗਰਾਨ:**

**ਡਾ. ਗੁਰਮੀਤ ਸਿੰਘ ਸਿੱਧੂ** 31.12.2020
ਪ੍ਰੋਫ਼ੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ:**

Jatinder Pal Singh
**ਜਤਿੰਦਰ ਪਾਲ ਸਿੰਘ**

## PUBLICATIONS

1. ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ, ਪਬਲਿਸ਼ਰ ਗੁਰਗਿਆਨ ਇੰਸਟੀਚਿਊਟ ਫਾਰ ਹਿਊਮਨ ਕੰਨਸਰਨਜ਼ ਖੋਜ ਨਿਧਾਨ, ਛਿਮਾਹੀ ਕੋਸ਼ ਜਨਰਲ, Nov. 2019- April, 2020.

# ਧੰਨਵਾਦੀ ਸ਼ਬਦ

## ੧ਓ ਸਤਿਗੁਰ ਪ੍ਰਸਾਦਿ॥


ਇਸ ਖੋਜ ਕਾਰਜ ਦੇ ਆਰੰਭ ਤੋਂ ਨੇਪਰੇ ਚੜ੍ਹਨ ਵਿਚ ਸਭ ਤੋਂ ਅਹਿਮ ਤੇ ਅਪਾਰ ਸ਼ੁਕਰਾਨਾ ਪਰਮਾਤਮਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਜਾਗਤ ਜੋਤਿ) ਦਾ ਹੈ। ਗੁਰੂ ਸਾਹਿਬ ਦੀ ਮਿਹਰ ਅਤੇ ਗੁਰ ਉਪਦੇਸ਼ਾਂ ਦੀ ਲੋਅ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਸਦਕਾ ਹੀ ਭਾਈ ਰਣਧੀਰ ਸਿੰਘ ਦਾ ਧਾਰਮਿਕ ਅਨੁਭਵ ਖੋਜਣ ਦਾ ਨਿਰਮੂਲ ਜਿਹਾ ਯਤਨ ਸਿਰੇ ਲੱਗਿਆ ਹੈ। ਇਸ ਦੇ ਨਾਲ ਹੀ ਮੈਂ ਆਪਣੇ ਨਿਗਰਾਨ ਡਾ. ਗੁਰਮੀਤ ਸਿੰਘ ਸਿੱਧੂ ਜੀ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਵਿਸ਼ੇ ਦੀ ਚੋਣ ਕਰਨ ਤੋਂ ਲੈ ਕੇ ਖੋਜ ਕਾਰਜ ਦੌਰਾਨ ਸ਼ੁਰੂ ਤੋਂ ਅਖੀਰ ਤਕ ਕਦਮ ਕਦਮ ਤੇ ਯੋਗ ਨਿਗਰਾਨੀ, ਅਗਵਾਈ ਤੇ ਪ੍ਰੇਰਣਾ ਦਿੱਤੀ। ਮਨੋਬਲ ਕਦੇ ਵੀ ਡਿੱਗਣ ਨਹੀਂ ਦਿੱਤਾ। ਹਰ ਕਦਮ ਹਰਦਮ ਨਾਲ ਖੜ੍ਹੇ ਰਹੇ ਹਨ। ਵਾਰ-ਵਾਰ ਪੁੱਛਣ ਤੇ ਢੁੱਕਵੀਂ ਤਸੱਲੀ ਕਰਵਾਈ ਤਾਂ ਜੋ ਸ਼ੁੱਧ ਰੂਪ ਨਿਰਧਾਰਿਤ ਕੀਤਾ ਜਾ ਸਕੇ।

ਮੈਂ ਉਹਨਾਂ ਸਭ ਵਿਦਵਾਨਾਂ ਦਾ ਧੰਨਵਾਦ ਕਰਨਾ ਵੀ ਆਪਣਾ ਪਹਿਲਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਤੋਂ ਇਸ ਅਧਿਐਨ ਲਈ ਸਮੱਗਰੀ ਲਈ ਗਈ ਹੈ। ਭਾਈ ਕਾਨ੍ਹ ਸਿੰਘ ਨਾਭ੍ਹਾ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਈ ਸਾਹਿਬ ਰਣਧੀਰ ਸਿੰਘ ਐਕਡਮੀ, ਲੁਧਿਆਣਾ ਦਾ ਮੈਂ ਧੰਨਵਾਦੀ ਹਾਂ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੇ ਸਮੂਹ ਅਧਿਆਪਕਾਂ ਅਤੇ ਮੁਖੀ ਡਾ. ਮੁਹੰਮਦ ਹਬੀਬ ਜੀ ਅਤੇ ਸਮੁੱਚੇ ਵਿਭਾਗ ਦਾ ਧੰਨਵਾਦੀ ਹਾਂ। ਮੇਰੇ ਸਹਿਯੋਗੀ ਸਾਥੀਆਂ ਦਾ ਡਾ. ਪ੍ਰਦੀਪ ਕੌਰ, ਡਾ. ਰੁਪਿੰਦਰ ਕੌਰ ਦਾ ਧੰਨਵਾਦ ਹੈ, ਜਿਨ੍ਹਾਂ ਤੋਂ ਸਮੇਂ ਸਮੇਂ ਉੱਤੇ ਖੋਜ ਲਈ ਸਹਿਯੋਗ ਤੇ ਸੇਧ ਮਿਲਦੀ ਰਹੀ ਹੈ।

ਮੈਂ ਆਪਣੇ ਪਿਤਾ ਸ. ਇੰਦਰਜੀਤ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦਾ ਵੀ ਰਿਣੀ ਹਾਂ ਜਿੰਨ੍ਹਾ ਨੇ LL.B. ਅਤੇ M.Phil. ਕਰਨ ਤੋਂ ਪਿੱਛੋਂ ਉਚੇਰੀ ਪੜ੍ਹਾਈ ਵਾਸਤੇ ਖਰਚ ਤੇ ਲੰਮੇਂ ਸਮੇਂ ਦੀ ਪ੍ਰਵਾਨਗੀ ਦਿੱਤੀ। ਆਪਣੇ ਸਤਿਕਾਰਯੋਗ ਮਾਮਾ ਜੀ ਡਾ. ਖੁਸ਼ਹਾਲ ਸਿੰਘ, ਨੌਨਿਹਾਲ ਸਿੰਘ ਅਤੇ ਮੇਰੇ ਦੋਹਾਂ ਭਰਾਵਾਂ ਸ. ਰੂਪਵੰਤ ਸਿੰਘ ਅਤੇ ਡਾ. ਭੁਪਿੰਦਰ ਸਿੰਘ ਬਾਠ ਦਾ ਵੀ ਮੈਂ ਧੰਨਵਾਦੀ ਹਾਂ। ਮੇਰੀ ਧਰਮ ਪਤਨੀ ਕਰਮਜੀਤ ਕੌਰ, ਪੁੱਤਰ ਚੰਨਮੀਤ ਸਿੰਘ, ਜੁਗਾਦ ਸਿੰਘ ਦਾ ਵੀ ਵਿਸ਼ੇਸ ਧੰਨਵਾਦ ਹੈ।

Jatinder Pal Singh

(ਜਤਿੰਦਰ ਪਾਲ ਸਿੰਘ)